61 ਅਪ੍ਰੈਲ-ਜੂਨ,2021

# ਕਹਾਣੀ ਧਾਰਾ



50/-

61 ਅਪ੍ਰੈਲ-ਜੂਨ,2021

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :

Editor *KAHANI DHARA*
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 50 ਰੁਪਏ, 10 ਅੰਕ: 500 ਰੁਪਏ ,
10 ਅੰਕ: ਡਾਲਰ 100 ਤੇ ਪੌਂਡ 80,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**



Title Painting: Savi Savarkar

The aesthetics and the politics of his art make Savindra "Savi" Sawakar quite possibly the most challenging dalit artist today. His representations track the interplay between meaning and power within hierarchical regimes of religion, caste, gender, and politics, while drawing upon distinctive artistic and ideological influences. Critical explorations of Savi's representations cannot shy away from the contexts they evoke, pointing rather toward a historical anthropology of a distinctive art and, what we might call, a critical ethnography of a dalit imagination.

I first met Savi in the late autumn of 1999. It was an entirely unexpected encounter, at a party celebrating deepawali (festival of lights) held in the bright premises of the Indian Embassy in Mexico City. As well-dressed women and smartly-spruced men came and went, speaking of friends and family, a dark man in casual clothes walked up to the quiet corner where I was fleeing from the fiesta. He introduced himself as Savi, an artist, who had recently arrived with three other sculptors and painters from India, on an exchange programme between the Mexican and Indian governments.

- Saurabh Dube

| Account Name | Account Name |
| --- | --- |
| **Kahani Dhara** | **Bhagwant Rasulpuri** |
| Current Account: 30111525066 | Account No.: 65089711724 |
| IFS Code: SBIN0002394 | IFS Code: SBIN0050485 |
| State Bank of India | State Bank of India |
| Khurla Kingra, Jalandhar | G.T.B. Nagar, Jalandhar |

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਪ੍ਰੈਲ, 2021)'

*ਅਪ੍ਰੈਲ-ਜੂਨ,2021 ਅੰਕ :61*

**KAHANI DHARA (Punjabi Quarterly) R.N.I.Regd No.PUN PUN/2006/19971**
**ISSN: 2321- 4449**

**e-mail:**
kahanidhara@gmail.com
**ਸੰਪਾਦਕ :**
**ਭਗਵੰਤ ਰਸੂਲਪੁਰੀ**

**ਸੰਪਾਦਕੀ**

ਕਰੋਨਾ ਮਹਾਂਮਾਰੀ ਅਤੇ ਸਾਹਿਤਕ ਪੱਤਰਕਾਰੀ -2

**ਕਹਾਣੀਆਂ**



1. ਮੋਢੇ ਦਾ ਮੁਰਦਾ / - ਪ੍ਰੇਮ ਪ੍ਰਕਾਸ਼- 3
2. ਮਜਬੂਰੀ/ ਕੁਲਬੀਰ ਬਡੇਸਰੋਂ -11
3. ਹੋੜ/ - ਬਿੰਦਰ ਬਸਰਾ- 17
4. ਖਸਮ ਨਹੀਂ/ ਇੱਛੂਪਾਲ-24
5. ਮਰੀਜ਼ / ਡਾ. ਕਰਮਜੀਤ ਸਿੰਘ ਨਡਾਲਾ -31
6. ਸੱਸ ਦਾ ਬੁਆਏ ਫਰੈਂਡ/ - ਜਸਵਿੰਦਰ ‘ਛਿੰਦਾ ਰੱਤੀਆਂ -43
7. ਰਾਣੀ/ - ਮਨਦੀਪ ਕੌਰ -50

**ਆਲੋਚਨਾ**

1. ਪੰਜਾਬੀ ਕਹਾਣੀ : ਨਿਵੇਕਲੇ ਕਦਮਾਂ ਦੇ ਰਾਹਦਾਰ ਨਾਰੀ ਪਾਤਰ/ ਡਾ. ਬਿੰਦਰਾ -56
2. ਪੰਜਾਬੀ ਕਹਾਣੀ ਦੀ ਨਵੀਨ ਧਾਰਾ / - ਡਾ. ਮਿਨਾਕਸ਼ੀ ਰਾਠੌਰ -72
3. ਚੋਣਵੀਆਂ ਪੰਜਾਬੀ ਕਹਾਣੀਆਂ ਦੇ ਸਮਾਜਿਕ ਸਰੋਕਾਰ-ਡਾ. ਭੁਪਿੰਦਰ ਕੌਰ -79
4. ਭਗਵੰਤ ਰਸੂਲਪੁਰੀ ਦਾ ਰਚਨਾ ਸ਼ਿਲਪ /- ਸ਼ਰਨਜੀਤ ਕੌਰ -85
5. ਪੂਰਨ ਅਪੂਰਨ /- ਡਾ. ਸੁਖਪਾਲ ਕੌਰ ਸਮਰਾਲਾ -91
6. ਉਰਫ ਰੋਸ਼ੀ ਜੱਲਾਦ /-ਡਾ. ਸੁਖਪਾਲ ਕੌਰ ਸਮਰਾਲਾ -94
7. ਮੈਲ਼ੀ ਮਿੱਟੀ /-ਡਾ. ਪਰਗਟ ਸਿੰਘ ਟਿਵਾਣਾ -98
8. ਅਜੋਕੇ ਸਮੇਂ ਦੀ ਕਹਾਣੀ :ਸਿਰਜਣ ਪ੍ਰਕਿਰਿਆ ਅਤੇ ਰੂਪ ਰੇਖਾ/ - ਨਵਜੋਤ ਕੋਰ -101
9. ਪੰਜਾਬੀ ਲੇਖਕ ਦੇ ਅੰਤਰ ਮਨ ਨੂੰ ਫਰੋਲਦੀਆਂ ਸਾਹਿਤਕ ਚਿੱਠੀਆਂ/- ਬੋਹਾ -106

**ਜਨ ਬੋਧ**

1. ਗਲਪ ਦਾ ਅਨੁਵਾਦ / - ਡਾ. ਗੁਰਬਖ਼ਸ ਸਿੰਘ ‘ਫਰੈਂਕ’ 113
2. ਗਲਪ ਸਾਹਿਤ ਦੇ ਅਨੁਵਾਦ ਦੀਆਂ ਸਮੱਸਿਆਵਾਂ/- ਗੁਰਮੁਖ ਸਿੰਘ ਜੀਤ 119

**ਜਗਜੀਤ ਸਿੰਘ ਆਨੰਦ ਜਨਮ ਸ਼ਤਾਬਦੀ ’ਤੇ ਵਿਸ਼ੇਸ਼**

1. ਲੋੜ ਡਾ. ਅੰਬੇਡਕਰ ਦੀ ਸੋਚ ਤੇ ਪਹੁੰਚ ਨੂੰ ਪਛਾਨਣ ਦੀ/ - ਜਗਜੀਤ ਆਨੰਦ 123
2. ਮੇਰਾ ਬੌਸ, ਮੇਰਾ ਸਾਥੀ, ਮੇਰਾ ਯਾਰ/ - ਬਲਬੀਰ ਪਰਵਾਨਾ 128

**ਮੇਰਾ ਸਟੱਡੀ ਟੇਬਲ**/ -ਭਗਵੰਤ ਰਸੂਲਪੁਰੀ 135

**ਹੱਥਲੇ ਅੰਕ ਦੇ ਰੇਖਾ ਚਿੱਤਰ ਜਲੰਧਰ ਦੇ ਪ੍ਰਸਿੱਧ ਚਿੱਤਰਕਾਰ ਪਵਨ ਕੁਮਾਰ (88476-76529) ਨੇ ਬਣਾਏ ਹਨ। ਕਰੋਨਾ ਸੰਕਟ ਦਾ ਮਨੁੱਖ ’ਤੇ ਕਿਹੋ ਜਿਹਾ ਪ੍ਰਭਾਵ ਪੈ ਰਿਹਾ ਹੈ, ਉਨ੍ਹਾਂ ਦੀਆਂ ਕਿਸ ਤਰ੍ਹਾਂ ਦੀਆਂ ਭਾਵਨਾਵਾਂ ਹਨ। ਇਸ ਸਾਰੇ ਵਰਤਾਰੇ ਨੂੰ ਪਵਨ ਨੇ ਆਪਣੇ ਰੇਖਾ ਚਿੱਤਰਾਂ ਵਿਚ ਪੇਸ਼ ਕੀਤਾ ਹੈ।**



**ਸੰਪਾਦਕੀ**

# ਕਰੋਨਾ ਮਹਾਮਾਰੀ ਅਤੇ ਸਾਹਿਤਕ ਪੱਤਰਕਾਰੀ

ਕਰੋਨਾ ਦੀ ਮਹਾਂਮਾਰੀ ਨੇ ਹਰ ਫਰੰਟ ’ਤੇ ਸੱਟ ਮਾਰੀ ਏ। ਉਦਯੋਗਿਕ ਧੰਦੇ, ਹੋਟਲ ਸਨਅਤ, ਢਾਬੇ, ਰੇਹੜੀ-ਫੜੀ, ਤਿਆਰ ਫੂਡ ਦੇ ਕਾਰਨਰ, ਸੈਰ ਸਪਾਟਾ, ਸਾਹਿਤ, ਸਭਿਆਚਾਰ, ਥੀਏਟਰ-ਫਿਲਮਾਂ ਨਾਲ ਜੁੜੇ ਕੰਮਾਂ ਨੂੰ ਕਰੋਨਾ ਮਾਹਾਮਾਰੀ ਨੇ ਲੀਹੋ ਲਾਹ ਕੇ ਰੱਖ ਦਿੱਤਾ ਏ। ਸਾਹਿਤਕ ਪੱਤਰਕਾਰੀ ਵੀ ਇਸ ਤੋਂ ਬਚ ਨਹੀਂ ਸਕੀ। ਪੰਜਾਬੀ ਦੇ ਸਾਹਿਤਕ ਰਸਾਲਿਆ ਦੀ ਨਿਰੰਤਰਤਾ ਦੇ ਰਾਹ ’ਚ ਵੀ ਏਸ ਸਮੇਂ ਨੇ ਰੁਕਾਵਟਾਂ ਪਾਈਆਂ ਨੇ। ਪੰਜਾਬੀ ਦੇ ਪ੍ਰਕਾਸ਼ਕਾਂ ਦੀ ਰੋਜ਼ਾਨਾ ਹੁੰਦੀ ਵਿਕਰੀ ’ਤੇ ਵੀ ਸੱਟ ਵੱਜੀ ਏ। ਮਾਰਕੀਟ ਵਿਚ ਧੰਨ ਇਕ ਹੱਥ ’ਚੋਂ ਨਿਕਲ ਕੇ ਦੂਜੇ ਦੇ ਹੱਥ ’ਚ ਜਾਣਾ ਬਹੁਤ ਘੱਟ ਗਿਆ ਏ।

ਅਸੀਂ ਸਾਹਿਤ ਦੀ ਗੱਲ ਕਰੀਏ ਤਾਂ ਕਰੋਨਾ ਕਾਲ ਦੇ ਸੰਕਟ ਨਾਲ ਸੰਬੰਧਤ ਸਭ ਤੋਂ ਪਹਿਲਾਂ ਪੰਜਾਬੀ ਕਵੀਆਂ ਨੇ ਪ੍ਰਭਾਵ ਕਬੂਲਿਆ ਦਿਸਦਾ ਏ। ਕਰੋਨਾ ਕਾਲ ਦੇ ਸੰਕਟ ਤੋਂ ਉਪਜੀ ਪੰਜਾਬੀ ਕਵਿਤਾ ਦੀ ਮਾਤਰਾ ਕਾਫੀ ਵੱਧ ਰਹੀ ਏ। ਕਈ ਕਿਤਾਬਾਂ ਸੰਪਾਦਤ ਹੋ ਗਈਆਂ ਨੇ। ਸ਼ੋਸ਼ਲ ਮੀਡੀਆ ’ਤੇ ਕਰੋਨ ਦੀ ਲਾਗ ਵਾਲੀ ਹਲਕੇ ਪੱਧਰ ਦੀ ਕਵਿਤਾ ਦੇ ਢੇਰ ਲੱਗ ਗਏ ਨੇ। ਵਕਤੀ ਸ਼ੋਰ ਵਿਚ ਏਸ ਕਵਿਤਾ ਦੀ ਬੱਲੇ ਬੱਲੇ ਹੋ ਰਹੀ ਏ। ਕਵੀ ਖੁਸ਼ ਨੇ। ਸ਼ੋਸ਼ਲ ਮੀਡੀਏ ’ਤੇ ਟਿੱਪਣੀਆਂ ਪੜ੍ਹ-ਸੁਣ ਕੇ ਲੇਖਕ ਸਵਾਦ ਲੈ ਰਹੇ ਨੇ।

ਕਰੋਨਾ ਕਾਲ ਨਾਲ ਸੰਬੰਧਤ ਪੰਜਾਬੀ ਵਿਚ ਕਹਾਣੀ ਵੀ ਲਿਖੀ ਜਾ ਰਹੀ ਏ। ‘ਕਹਾਣੀ ਧਾਰਾ’ ਨੇ ਵੀ ਕਰੋਨਾ ਸੰਕਟ ’ਤੇ ਲਿਖੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਨੇ। ਗੁਰਮੀਤ ਕੜਿਆਲਵੀ ਦਾ ਇਕ ਨਾਵਲ ‘ਉਹ ਇੱਕੀ ਦਿਨ’ ਅਤੇ ਡਾ. ਰਵਿੰਦਰ ਦਾ ਇਕ ਨਾਟਕ ‘ਕਿਸ ਦਰ ਦਸਤਕ ਦੇਈਏ’ ਵੀ ਛਪਿਆ ਏ। ਅਜੇ ਹੋਰ ਵੀ ਕਰੋਨਾ ਸੰਕਟ ’ਤੇ ਲਿਖਿਆ ਜਾਵੇਗਾ। ਕਰੋਨਾ ਸੰਕਟ ’ਤੇ ਜਿਹੜਾ ਸਾਹਿਤ ਸੂਚਨਾਤਮਿਕ ਵੇਰਵਿਆਂ ਦੀ ਪੱਧਰ ’ਤੇ ਜਾਂ ਵਾਰਤਕ ਲੇਖਾਂ ਦੀ ਪੱਧਰ ’ਤੇ ਚਲੇ ਜਾਵੇਗਾ, ਉਹ ਖਾਦ ਦਾ ਕੰਮ ਕਰੇਗਾ। ਪਾਠਕ ਉਹਨੂੰ ਭੁੱਲ ਜਾਣਗੇ। ਇਸ ਕਰੋਨਾ ਕਾਲ ਦਾ ਸਾਹਿਤ ਪੜ੍ਹ ਕੇ ਮੈਨੂੰ ਇੰਜ ਲੱਗਣ ਲੱਗਾ ਜਿਵੇਂ ਮੈਂ ਰਵੀਸ਼ ਕੁਮਾਰ ਦੇ ਵਿਸ਼ੇਸ਼ ਪ੍ਰੋਗਰਾਮ ‘ਪ੍ਰਾਇਮ ਟਾਇਮ’ ਦੀ ਸਕ੍ਰਿਪਟ ਜਾਂ ਅਖ਼ਬਾਰੀ ਸੂਚਨਾਵਾਂ ਵਾਲੇ ਲੇਖ ਪੜ੍ਹ ਰਿਹਾ ਹੋਵਾ। ਐਨੀ ਭਾਰੀ ਮਾਤਰਾ ਵਿਚ ਸੂਚਨਾ/ ਵੇਰਵੇ ਪਾਠਕ ਨੂੰ ਦਾਲ ’ਚ ਕੋਕੜੂ ਵਾਂਗ ਰੜਕਣ ਲੱਗਦੇ ਨੇ। ਸਮਕਾਲੀ ਵਰਤਾਰੇ/ਸੰਕਟ ਨੂੰ ਸਮਝਣਾ ਤੇ ਹਜ਼ਮ ਕਰਨ ਉਪਰੰਤ ਹੀ ਇਕ ਚੰਗੀ ਟਿਕਾਊ ਕਲਾ ਕ੍ਰਿਤ ਬਣਦੀ ਏ। ਕਰੋਨਾ ਕਾਲ ਦੌਰਾਨ ਉਪਜੇ ਸੰਕਟ ਨੇ ਸਾਹਿਤਕ ਸਮਾਗਮਾਂ ਦੀ ਸਕਲ ਵੀ ਬਦਲ ਕੇ ਰੱਖ ਦਿੱਤੀ ਏ। ਹੁਣ ਯੂਮ ਐਪ ਅਤੇ ਫੇਸ ਬੁੱਕ ਲਾਈਵ ਤੇ ਕਵੀ/ ਕਹਾਣੀ/ ਰੂ ਬ ਰੂ ਵਰਗੇ ਸਮਾਗਮ ਹੋਣ ਲੱਗ ਪਏ ਨੇ। ਲੇਖਕ ਆਪਣੀ ਰਚਨਾਵਾਂ ਫੇਸ ਬੁੱਕ ਅਤੇ ਵੱਟਸ ਐਪ ’ਤੇ ਧੱਕੇ ਨਾਲ ਭੇਜਣ ਲੱਗ ਪਏ ਨੇ। ਸਾਹਿਤਕ ਖਬਰਾਂ ਦੀਆਂ ਸੂਚਨਾਵਾਂ, ਸਾਹਿਤ ਦੇ ਵੈਬ ਪੇਜ਼ ਸ਼ੋਸ਼ਲ ਮੀਡੀਏ ਤੇ ਬੜੀ ਤੇਜ਼ੀ ਨਾਲ ਵਾਇਰਲ ਹੋ ਰਹੇ ਨੇ। ਭਵਿੱਖ ਵਿਚ ਸਾਹਿਤਕ ਮੈਗਜ਼ੀਨਾਂ/ ਕਿਤਾਬਾਂ ਪੀਡੀਐੱਫ ਫਾਰਮੈਟ ’ਚ ਆਣ ਲੱਗ ਜਾਣਗੇ। ਸ਼ੋਸ਼ਲ ਮੀਡੀਏ ਦੇ ਇਹ ਕੁਝ ਚੰਗੇ ਪੱਖ ਵੀ ਨੇ। ਕਰੋਨਾ ਮਹਾਮਾਰੀ ਨੇ ਜਿੱਥੇ ਸਾਡੇ ਜੀਵਨ ਨੂੰ ਉਥਲ ਪੁੱਥਲ ਕਰ ਦਿੱਤਾ ਏ ਉੱਥੇ ਏਸ ਨੇ ਸਾਨੂੰ ਇਸ ਦਾ ਬਦਲ ਵੀ ਦਿੱਤਾ ਏ।

ਸਾਹਿਤਕ ਰਸਾਲੇ ਵੀ ਕਰੋਨਾ ਦੀ ਮਾਰ ਤੋਂ ਬਚ ਨਹੀਂ ਸਕੇ। ਸੰਪਾਦਕ ਵਿੱਤੀ ਘਾਟਾ ਖਾ ਕੇ ਸਾਹਿਤਕ ਰਸਾਲੇ ਛਾਪ ਕੇ ਪਾਠਕਾਂ ਤੱਕ ਪਹੁੰਚਾ ਰਹੇ ਨੇ। ਕੁਝ ਰਸਾਲਿਆਂ ਦੀ ਨਿਰੰਤਰਤਾ ’ਤੇ ਵੀ ਵਕਤੀ ਰੋਕ ਲੱਗ ਗਈ ਏ। ਏਸ ਸੰਕਟ ’ਚ ‘ਕਹਾਣੀ ਧਾਰਾ’ ਆਰਥਿਕ ਘਾਟਾ ਖਾ ਕੇ ਤੁਹਾਡੇ ਤੱਕ ਪਹੁੰਚ ਰਿਹਾ ਏ। ਅਸੀਂ ਪਾਠਕਾਂ ਦਾ ਵਿਸ਼ਵਾਸ ਕਾਇਮ ਰੱਖਣ ਲਈ ਇਹਨੂੰ ਨਿਰੰਤਰ ਛਾਪਣ ਦਾ ਉਪਰਾਲਾ ਕਰ ਰਹੇ ਹਾਂ। ਸਾਡੇ ਪ੍ਰਸਿੱਧ ਚਿੱਤਰਕਾਰ ਪਵਨ ਕੁਮਾਰ ਨੇ ਕਰੋਨਾ ਕਾਲ ਨਾਲ ਜੁੜੇ ਕੁਝ ਰੇਖਾ ਚਿੱਤਰ ਬਣਾ ਕੇ ਸਾਨੂੰ ਭੇਜੇ ਨੇ ਜੋ ਅਸੀਂ ਇਸ ਅੰਕ ’ਚ ਛਾਪ ਰਹੇ ਹਾਂ।

**- ਭਗਵੰਤ ਰਸੂਲਪੁਰੀ**



## ਕਹਾਣੀ / ਮੋਢੇ ਦਾ ਮੁਰਦਾ / - ਪ੍ਰੇਮ ਪ੍ਰਕਾਸ਼

ਮੈਨੂੰ ਰਿਟਾਇਰ ਹੋਏ ਨੂੰ ਹਾਲੇ ਤਿੰਨ ਚਾਰ ਮਹੀਨੇ ਈ ਹੋਏ ਸਨ ਕਿ ਮੇਰੇ ’ਤੇ ਉਦਾਸੀ ਦਾ ਭਾਰ ਪੈਣਾ ਸ਼ੁਰੂ ਹੋ ਗਿਆ ਸੀ। ਕਦੇ-ਕਦੇ ਐਵੇਂ ਦਿਲ ਘਬਰਾ ਜਾਂਦਾ। ਦਿਲ ’ਤੇ ਕੋਈ ਬੋਝ ਜਿਹਾ ਪਿਆ ਲੱਗਦਾ, ਜਿਵੇਂ ਮੇਰੇ ਮੋਢੇ ’ਤੇ ਓਸ ਔਰਤ ਦੀ ਲੋਥ ਦਾ ਇਕ ਟੋਟਾ ਹਾਲੇ ਵੀ ਪਿਆ ਹੋਵੇ, ਜੀਹਨੂੰ ਮੈਂ ਆਪਣੇ ਵੱਲੋਂ ਆਪਣੇ ਆਪ ਤੋਂ ਤੋੜ ਕੇ ਸੁੱਟ ਚੁੱਕਾ ਸੀ। ਜੀਹਨੂੰ ਲਾਹੁਣ ਲਈ ਮੈਂ ਉਹਦੇ ਕਿੰਨੇ ਈ ਟੋਟੇ ਕੀਤੇ ਸੀ। ਉਹ ਹੇਠਾਂ ਡਿਗਦੇ ਵੀ ਦਿਸੇ ਸਨ। ਪਰ ਮੇਰੇ ਮੋਢੇ ’ਤੇ ਭਾਰ ਓਨੇ ਦਾ ਓਨਾਂ ਈ ਸੀ। ਇਹ ਸੋਚਦਿਆਂ ਦਿਲ ਵਾਲੇ ਪਾਸੇ ਕੋਈ ਚੀਸ ਜਿਹੀ ਪੈਂਦੀ। ਮੇਰਾ ਡਾਕਟਰ ਦਰਸ਼ਨ ਸਿੰਘ ਬਲੱਡ-ਪ੍ਰੈਸ਼ਰ ਚੈੱਕ ਕਰਦਾ ਤੇ ਕਹਿ ਦੇਂਦਾ, “ਹੁਣ ਤਾਂ ਸਭ ਕੁਝ ਠੀਕੈ। ਫੇਰ ਤੁਸੀਂ ਕਾਹਤੋਂ ਘਰਾਂਦੇ ਹੋਂ?” ਮੈਂ ਓਸ ਤੋਂ ਏਸ ਗੱਲ ਦਾ ਲੁਕਾਅ ਰੱਖਦਾ ਕਿ ਮੈਨੂੰ ਬਸ ’ਚ ਸਫ਼ਰ ਕਰਦਿਆਂ ਆਪਣੇ ਮੋਢਿਆਂ ’ਤੇ ਕੋਈ ਭਾਰ ਜਿਹਾ ਮਹਿਸੂਸ ਹੁੰਦਾ ਏ। ਤੇ ਦੱਸ ਇਹ ਦੇਂਦਾ ਕਿ ਦਿਲ ਐਵੇਂ ਘਾਊਂ ਮਾਊਂ ਹੋਣ ਲੱਗਦਾ ਏ ਤੇ ਮੈਂ ਕਲ੍ਹ ਪਟਿਆਲੇ ਜਾਣਾ ਏ। ...



ਉਹਨੇ ਹੋਰ ਦਵਾਈਆਂ ਦੇ ਨਾਲ ਕੋਈ ਟਾਨਿਕ ਲਿਖ ਦੇਣੀ ਤੇ ਨਸੀਹਤ ਕਰ ਦੇਣੀ ਕਿ ਕੋਈ ਨਾ ਕੋਈ ਕੰਮ ਕਰਦੇ ਰਿਹਾ ਕਰੋ। ਆਪਣੇ ਕੰਪਊਟਰ ਨੂੰ ਚੱਲਦਾ ਰੱਖੋ। ਇਹ ਵਿਹਲਿਆਂ ਦੀ ਆਪੇ ਸੱਦੀ ਐਂਗਜ਼ਾਈਟੀ ਹੁੰਦੀ ਏ। ਇਹ ਦਵਾਈ ਲੈ ਕੇ ਭਾਵੇਂ ਤੁਸੀ ਦਿੱਲੀ ਚਲੇ ਜਾਓ।

ਮੈਂ ਅਗਲੀ ਸਵੇਰ ਨੂੰ ਖੰਨੇ ਜਾਂ ਪਟਿਆਲੇ ਚਲਿਆ ਜਾਂਦਾ। ਉਹਨਾਂ ਦਿਨਾਂ ’ਚ ਆਪਣੇ ਮੋਢੇ ’ਤੇ ਪਈ ਲੋਥ ਦੇ ਟੋਟੇ ਦੇ ਭਾਰ ਤੋਂ ਡਰਦਿਆਂ ਤੇ ਡਾਕਟਰ ਦੇ ਕਹਿਣ ’ਤੇ ਈ ਮੈਂ ਇਕ ਸਾਹਿਤਕ ਪਰਚਾ ਕੱਢਿਆ ਸੀ। ਜਿਸ ਦੇ ਪਹਿਲੇ ਅੰਕ ਦੀ ਸੰਪਾਦਕੀ ’ਚ ਈ ਮੈਂ ਸਾਹਿਤਕਾਰ ਦੇ ਲਿਖਣ ਦਾ ਕਾਰਣ ‘ਮੋਢੇ ਦਾ ਭਾਰ’ ਦੱਸਿਆ ਸੀ। ਜਿਸ ਵਿਚ ਮੈਂ ਮਹਾਦੇਵ ਦੀ ਕਹਾਣੀ ਦਾ ਹਵਾਲਾ ਵੀ ਦਿੱਤਾ ਸੀ ਕਿ ਕਿਵੇਂ ਮਹਾਦੇਵ ਨੇ ਆਪਣੇ ਮੋਢਿਆਂ ’ਤੇ ਮਰੀ ਹੋਈ ਆਪਣੀ ਦੂਜੀ ਪਤਨੀ ਸਤੀ ਦੀ ਲੋਥ ਚੁੱਕ ਕੇ ਤਰਲੋਕੀ ਗਾਹ ਮਾਰੀ ਸੀ। ਫੇਰ ਜਿਵੇਂ ਵਿਸ਼ਨੂ ਦੇ ਸੁਦਰਸ਼ਨ ਚੱਕਰ ਨੇ ਲੋਥ ਨੂੰ ਲਾਹੁਣ ਲਈ ਉਹਦੇ 51 ਟੋਟੇ ਕਰ ਦਿੱਤੇ ਸੀ, ਪਰ ਇਕ ਉਹ ਟੋਟਾ ਮੋਢੇ ’ਤੇ ਈ ਰਹਿ ਗਿਆ ਸੀ, ਜਿਹੜਾ ਮਹਾਂਦੇਵ ਦੀ ਬਾਂਹ ਹੇਠਾਂ ਸੀ।

ਉਦੋਂ ਪਰਚੇ ਕਰ ਕੇ ਪੱਕੇ ਕੱਚੇ ਸਾਹਿਤਕਾਰ, ਜਿਨ੍ਹਾਂ ਵਿਚ ਨਵੀਂ ਪੀੜ੍ਹੀ ਦੀਆਂ ਕੁੜੀਆਂ ਮੁੰਡੇ ਵੀ ਸ਼ਾਮਲ ਸਨ, ਮੈਨੂੰ ਮਿਲਣ ਆਉਂਦੇ ਈ ਰਹਿੰਦੇ ਸੀ। ਫੇਰ ਵੀ ਕਦੇ-ਕਦੇ ਮੇਰਾ ਮਨ ਪੂਰਾ ਨਾ ਟਿਕਦਾ। ਮੈਂ ਰਾਤ ਨੂੰ ਨਸ਼ੇ ਵਾਲੀ ਗੋਲੀ ਖਾ ਕੇ ਸੌਂ ਜਾਂਦਾ ਸੀ, ਪਰ ਏਡੇ ਲੰਮੇ ਦਿਨਾਂ ਦਾ ਕੱਟਣਾ, ਮੇਰੀ ਤੋਬਾ!

ਇਕ ਛੁੱਟੀ ਵਾਲੇ ਦਿਨ ਇੱਕ ਨਵੀਂ ਕਹਾਣੀਕਾਰ ਕੁੜੀ, ਜਿਹੜੀ ਕਿਸੇ ਅਖ਼ਬਾਰ ’ਚ ਕੰਮ ਕਰਦੀ ਸੀ, ਦਾ ਮੈਨੂੰ ਫੋਨ ਆਇਆ। ਉਹ ਮੈਨੂੰ ਮਿਲਣ ਤੇ ਮੇਰੇ ਘਰ ਆਉਂਦੀ ਇਕ ਹੋਰ ਕੁੜੀ ਨੂੰ ਮਿਲਾਓਣਾ ਚਾਹੁੰਦੀ ਸੀ। ਮੈਂ ਕਿਹਾ, “ਮੈਂ ਤਾਂ ਵਿਹਲਾ ਈ ਆਂ, ਜਦ ਮਰਜ਼ੀ ਆ ਜਾਓ।”

ਉਹ ਕੁੜੀ ਗਈ ਤੇ ਪੰਜਾਂ ਮਿੰਟਾਂ ’ਚ ਉਹ ਦੋਵੇਂ ਆ ਗਈਆਂ, ਜਿਵੇਂ ਗਲੀ ਦੇ ਮੋੜ ’ਤੇ ਖੜ੍ਹੀਆਂ ਹੋਣ। ਨਵੀਂ ਕੁੜੀ ਸਾਂਵਲੇ ਰੰਗ ਦੀ, ਪਰ ਭਰਵੇਂ ਜਿਸਮ ਵਾਲੀ ਕੱਦਾਵਰ ਸੀ। ਜੀਨ ਪਾ ਕੇ ਉਹਦਾ ਕੱਦ ਹੋਰ ਵੱਧ ਲੱਗਦਾ ਸੀ। ਉਹਦੇ ਮੋਢੇ ’ਤੇ ਚਮੜੇ ਦਾ ਬੈਗ ਟੰਗਿਆ ਹੋਇਆ ਸੀ। ਉਹ ਮੇਰੇ ਸਾਹਮਣੇ ਕੁਰਸੀਆਂ ’ਤੇ ਬਹਿ ਗਈਆਂ। ...“ਚਾਹ ਜਾਂ ਕੌਫੀ?” ਮੈਂ ਦੋਹਾਂ ਨੂੰ ਧਿਆਨ ਨਾਲ ਦੇਖਦਿਆਂ ਪੁੱਛਿਆ।

“ਚਾਹ ਈ ਚੱਲੇ। ਖਾਣਾ ਕੁਝ ਨਹੀਂ। ਅਸੀਂ ਹੈਵੀ ਬ੍ਰੇਕਫਾਸਟ ਕਰ ਕੇ ਆਈਆਂ।”

ਨਵੀਂ ਕਹਾਣੀਕਾਰ ਆਪਣੇ ਨਾਲ ਆਈ ਕੁੜੀ ਬਾਰੇ ਦੱਸਦੀ ਰਹੀ, “ਇਹ ਅਮੀਂ ਏ, ਜੇ. ਐਨ. ਯੂ. ਦੀ ਰਿਸਰਚ ਸਕੌਲਰ। ਇਹ “ਹਿਊਮਨ ਬੀਹੇਵੀਅਰ ਇਨ ਕਰਾਈਸਿਸ” ਵਿਸ਼ੇ ’ਤੇ ਰਿਸਰਚ ਕਰ ਰਹੀ ਏ। ਮੈਂਖਿਆ, ਚੱਲੋ ਤੁਹਾਡੇ ਨਾਲ ਈ ਦੋ ਗੱਲਾਂ ਕਰ ਚੱਲੀਏ।”

ਅਸੀਂ ਚਾਹ ਪੀਂਦੇ ਗੱਲਾਂ ਕਰਦੇ ਰਹੇ। ਅਮੀਂ ਅੱਧੀ ਪੰਜਾਬਣ ਸੀ। ਉਹ ਪੰਜਾਬੀ ਬੋਲਦੀ ਹੋਈ ਹਿੰਦੀ ਤੇ ਅੰਗਰੇਜ਼ੀ ਦਾ ਸਹਾਰਾ ਲੈਂਦੀ ਸੀ। ਜਿਨ੍ਹਾਂ ਤੋਂ ਮੈਨੂੰ ਪਤਾ ਲੱਗਿਆ ਕਿ ਅਮੀਂ ਦੀ ਜ਼ਬਾਨ ’ਤੇ ਮੱਧ ਪ੍ਰਦੇਸ਼ ਅਤੇ ਦਿੱਲੀ ਸਵਾਰ ਏ। ਉਹਦੇ ਪਿਤਾ ਉਥੇ ਜੰਗਲਾਤ ਦੇ ਮਹਿਕਮੇ ’ਚ ਅਫਸਰ ਸਨ। ਇਹ ਉਥੋਂ ਦੀ ਯੂਨੀਵਰਸਿਟੀ ਛੱਡ ਕੇ ਜੇ. ਐਨ. ਯੂ. ’ਚ ਆ ਗਈ ਏ। ਇਹਨੂੰ ਕਲਾਕਾਰਾਂ ਤੇ ਸਾਹਿਤਕਾਰਾਂ ਦੇ ਐਬਨਾਰਮਲ ਬੀਹੇਵੀਅਰ ’ਚ ਦਿਲਚਸਪੀ ਏ। ਹੁਣ ਮੇਰਾ ਇੰਟਰਵਿਊ ਲਵੇਗੀ। ਪੱਤਰਕਾਰ ਕੁੜੀ ਮੇਰੇ ਬਾਰੇ ਜੋ ਕੁਝ ਜਾਣਦੀ ਸੀ, ਸਭ ਕੁਝ ਇਹਨੂੰ ਦੱਸ ਦਿੱਤਾ ਹੋਵੇਗਾ। ਅਮੀਂ ’ਚ ਵੀ ਆਤਮ-ਵਿਸ਼ਵਾਸ ਦਿਸਦਾ ਸੀ। ਚਾਹ ਪੀਂਦਿਆਂ ਮੇਰੀ ਕਿਸੇ ਖੁਲ੍ਹੀ ਗੱਲ ’ਤੇ ਉਹਦੀਆਂ ਗੱਲ੍ਹਾਂ ’ਤੇ ਲਾਲੀ ਦੀ ਭਾਅ ਆ ਜਾਂਦੀ ਸੀ।

ਚਾਹ ਮੁੱਕਣ ’ਤੇ ਕਹਾਣੀਕਾਰ ਇਹ ਕਹਿ ਕੇ ਟੁਰ ਗਈ ਕਿ ਹੁਣ ਤੁਸੀਂ ਜਾਣੋਂ ਤੇ ਤੁਹਾਡਾ ਕੰਮ, ਮੇਰੀ ਐਡੀਟੋਰੀਅਲ ਪੇਜ ’ਤੇ ਡਿਊਟੀ ਏ। ਤਦੇ ਅਮੀਂ ਨੇ ਪੁੱਛਿਆ, “ਆਪਾਂ ਆਪਣਾ ਕੰਮ ਸ਼ੁਰੂ ਕਰੀਏ?” ਆਖ ਕੇ ਉਹਨੇ ਆਪਣਾ ਬੈਗ ਖੋਲ੍ਹ ਕੇ ਟੇਪ ਰੀਕਾਰਡਰ ਕੱਢਿਆ ਤੇ ਸਟੈਂਡ ’ਤੇ ਟੰਗ ਲਿਆ। ਉਹਨੂੰ ਹੈੱਡਫੋਨ ਤੇ ਮਾਈਕ ਅਟੈਚ ਕੀਤਾ ਹੋਇਆ ਸੀ। ਉਹਨੇ ਮੈਨੂੰ ਕਿਹਾ ਕਿ ਮੈਂ ਉਹਦੇ ਬੈੱਡ ਦੇ ਨੇੜੇ ਹੋ

ਜਾਵਾਂ, ਤਾਂ ਜੋ ਹੌਲੀ ਕੀਤੀ ਗੱਲ ਵੀ ਸੋਹਣੀ ਸੁਣੀ ਤੇ ਰੀਕਾਰਡ ਕੀਤੀ ਜਾ ਸਕੇ। ਮੈਂ ਕੁਰਸੀ ਬੈੱਡ ਦੇ ਬਿਲਕੁਲ ਨੇੜੇ ਕਰ ਲਈ ਤੇ ਉਹਨੇ ਮੇਰੇ ਹੈੱਡਫੋਨ ਲਾ ਦਿੱਤਾ। ਮੈਨੂੰ ਇੰਜ ਲੱਗੇ, ਜਿਵੇਂ ਰੇਡਿਓ ਸਟੇਸ਼ਨ 'ਤੇ ਇੰਟਰਵਿਊ ਦੇਣ ਲੱਗਿਆ ਹੋਵਾਂ। ਉਹਨੇ ਇਕ ਵਾਰ ਆਪਣੇ ਜ਼ਰਾ ਕੰਬਦੇ ਹੱਥ 'ਚ ਫੜੇ ਵਰਕੇ ਨੂੰ ਪੜ੍ਹਿਆ ਤੇ ਮੈਥੋਂ ਨਿੱਕੀਆਂ-ਨਿੱਕੀਆਂ ਗੱਲਾਂ ਪੁੱਛਣੀਆਂ ਸ਼ੁਰੂ ਕੀਤੀਆਂ, ਮੇਰੇ ਲੜਕਪਣ ਦੇ ਜੀਵਨ ਦੇ ਬਾਰੇ 'ਚ। ਉਹ ਸੁਣਦੀ ਤੇ ਕਈ ਵਾਰ ਹੈਰਾਨੀ ਜ਼ਾਹਰ ਕਰਦੀ, ਤੇ ਫੇਰ ਕਿਸੇ ਗੱਲ ਦੇ ਅੰਦਰਲੀ ਲੁਕਵੀਂ ਗੱਲ ਵੀ ਪੁੱਛਦੀ। ਕਦੇ ਬੇਵਸਾਹੀ ਜਿਹੀ ਨਜ਼ਰ ਨਾਲ ਮੈਨੂੰ ਦੇਖਦੀ। ਉਹਨੂੰ ਮੇਰੀਆਂ ਕਈ ਗੱਲਾਂ 'ਤੇ ਪੂਰਾ ਵਿਸ਼ਵਾਸ ਨਹੀਂ ਸੀ ਆਉਂਦਾ। ਖਾਸ ਕਰ ਕੇ ਮੇਰੇ ਦੁੱਖਾਂ ਦੇ ਕਾਰਨਾਂ ਅਤੇ ਐਬਨਾਰਮਲ ਹਰਕਤਾਂ ਬਾਰੇ। ਉਹਨੂੰ ਮੇਰਾ ਖੇਤੀ ਕਰਨਾ, ਡੰਗਰ ਪਾਲ਼ਣਾ, ਘਰੋਂ ਭੱਜਣਾ ਤੇ ਨੌਂ ਸਾਲਾਂ ਦੀ ਸਰਕਾਰੀ ਨੌਕਰੀ ਤੋਂ ਅਸਤੀਫਾ ਦੇਣਾ ਮੂਰਖਾਂ ਵਰਗੀਆਂ ਗੱਲਾਂ ਲੱਗਦੀਆਂ ਸਨ ਸ਼ਾਇਦ।

ਜਦ ਉਹ ਮੇਰੀ ਮਾਨਸਿਕ ਅਵਸਥਾ ਬਾਰੇ ਗੱਲਾਂ ਕਰਦੀ ਮੇਰੀਆਂ ਕਹਾਣੀਆਂ ਵਿਚ ਆਉਂਦੀਆਂ ਦੋਸਤ ਔਰਤਾਂ ਨਾਲ ਸਬੰਧਾਂ ਬਾਰੇ ਸਵਾਲ ਕਰਨ ਲੱਗੀ ਤਾਂ ਮੈਨੂੰ ਤੰਗੀ ਹੋਣ ਲੱਗ ਪਈ। ਕੋਈ ਸਭ ਕੁਝ ਥੋੜ੍ਹਾ ਦੱਸ ਸਕਦਾ ਏ ਕਿਸੇ ਓਪਰੀ ਜਨਾਨੀ ਨੂੰ। ਇਕ ਵਾਰ ਤਾਂ ਮੈਂ ਹੈੱਡਫੋਨ ਲਾਹ ਲਿਆ ਤੇ ਦੱਸਿਆ ਕਿ ਮੈਨੂੰ ਘਬਰਾਹਟ ਹੋਣ ਲੱਗ ਪਈ ਏ। ਉਹਨੇ ਬੜੀ ਸਿਆਣੀ ਜਨਾਨੀ ਵਾਂਗ ਮੈਨੂੰ ਰੀਲੈਕਸ ਹੋਣ ਦਾ ਮੌਕਾ ਦਿੱਤਾ। ਉਹ ਮੈਨੂੰ ਆਪਣੀਆਂ ਕਈ ਗੱਲਾਂ ਦੱਸਦੀ ਰਹੀ, ਜਿਵੇਂ ਆਪਣੀ ਚੜ੍ਹਦੀ ਜਵਾਨੀ ਵੇਲੇ ਦੀਆਂ ਘਬਰਾਹਟਾਂ ਬਾਰੇ। ਇਕੱਲਿਆਂ ਹੋਣ ਅਤੇ ਓਪਰੇ ਮਰਦਾਂ ਤੋਂ ਡਰਨ ਬਾਰੇ। ਮੈਨੂੰ ਲੱਗਿਆ ਕਿ ਇਹਨੂੰ ਮੇਰੀ ਅਵਸਥਾ ਦੀ ਸਮਝ ਆ ਰਹੀ ਏ। ਫੇਰ ਉਹ ਮੈਥੋਂ ਆਪਣੇ ਪ੍ਰੇਮ ਦੇ ਟੁੱਟਣ ਦੀਆਂ ਗੱਲਾਂ ਪੁੱਛਣ ਲੱਗ ਪਈ। ਮੈਨੂੰ ਲੱਗਿਆ ਕਿ ਹੁਣ ਇਹ ਤੰਦਾਂ ਦੇ ਸਿਰੇ ਲੱਭੇਗੀ ਤੇ ਫੇਰ ਉਹਨਾਂ ਨੂੰ ਜੋੜ ਕੇ ਕਹਾਣੀ ਜਿਹੀ ਤਿਆਰ ਕਰੇਗੀ। ਇਹ ਮਨੋਚਕਿਤਿਸਕਾਂ ਦਾ ਫਾਰਮੂਲਾ ਏ। ... ਮੈਂ ਉਹਨੂੰ ਕਾਫੀ ਗੱਲਾਂ ਸੱਚ ਦੱਸੀਆਂ, ਪਰ ਬਹੁਤੀਆਂ ਨਿੱਜੀ ਗੱਲਾਂ ਆਪਣੀਆਂ ਕਹਾਣੀਆਂ ਦੇ ਪ੍ਰਸੰਗਾਂ ਵਿਚ ਜੋੜ-ਜੋੜ ਕੇ ਦੱਸਦਾ ਰਿਹਾ।

ਮੈਨੂੰ ਲੱਗਿਆ ਕਿ ਉਹ ਖੁਸ਼ ਹੋਈ ਏ। ਉਹਨੂੰ ਜਿਵੇਂ ਇਕ ਬੁੱਢੇ ਲੇਖਕ ਦੀ ਕੇਸ-ਹਿਸਟਰੀ ਲੱਭ ਪਈ ਹੋਵੇ। ਉਹ ਸਿਆਣੀ ਸੀ। ਉਹ ਮੈਨੂੰ ਖੁਰਚਵੇਂ ਸਵਾਲ ਨਹੀਂ ਸੀ ਪੁੱਛਦੀ, ਸਿਰਫ ਅੱਧਾ ਕੁ ਸਵਾਲ ਕਰ ਕੇ ਛੱਡ ਦੇਂਦੀ ਸੀ। ਮੈਂ ਉਹਦਾ ਲੁਕਿਆ ਮਤਲਬ ਸਮਝ ਕੇ ਜਵਾਬ ਦੇ ਦੇਂਦਾ ਸੀ। ਉਹਦੀ ਤਸੱਲੀ ਹੋ ਜਾਂਦੀ ਸੀ। ਫੇਰ ਮੈਂ ਉਹਨੂੰ ਆਪਣੀ ਹੁਣ ਦੀ ਮਾਨਸਿਕਤਾ ਦੇ ਸਰੀਰ 'ਤੇ ਪਏ ਮਾੜੇ ਪ੍ਰਭਾਵਾਂ ਦੀਆਂ ਗੱਲਾਂ ਦੱਸਦਾ ਰਿਹਾ। ਉਹਨੇ ਮੇਰੇ ਬਲੱਡ ਪ੍ਰੈੱਸ਼ਰ ਦੇ ਵਧਨ ਘਟਨ ਜਾਂ ਸਫ਼ਰ ਕਰਨ ਵੇਲੇ ਦੀ ਘਬਰਾਹਟ ਦੀਆਂ ਗੱਲਾਂ ਸੁਣਦਿਆਂ ਸਵਾਲ ਕੀਤਾ ਕਿ ਓਸ ਵੇਲੇ ਮਨ ਦੇ ਅੰਦਰ ਲੁਕਿਆ ਡਰ ਦਾ ਅਸਲੀ ਭਾਵ ਕੀ ਹੁੰਦਾ ਏ? ਮਤਲਬ, ਕੀ ਸੋਚ ਹੁੰਦੀ ਏ?

ਮੈਂ ਹੱਸਦਿਆਂ ਕਿਹਾ ਕਿ ਮੈਨੂੰ ਤਾਂ ਹੁਣ ਵੀ ਮੁਹੱਬਤ ਦੀ ਡੈਫੀਸ਼ੈਂਸੀ ਮਹਿਸੂਸ ਹੁੰਦੀ ਏ! ... ਏਸ ਗੱਲ 'ਤੇ ਮੈਂ ਹੱਸ ਪਿਆ ਤੇ ਉਹ ਵੀ ਨਾਲ ਈ ਹੱਸੀ। ਉਹਨੇ ਪਤਾ ਨਹੀਂ ਕੀ ਮਹਿਸੂਸ ਕੀਤਾ, ਪਰ ਮੇਰੀ ਗੱਲ ਸੱਚੀ ਸੀ। ਜਦ ਤੋਂ ਮੈਂ ਆਪਣੀ ਦੋਸਤ ਤੋਂ ਵੱਖ ਹੋਇਆ ਸੀ, ਤਦ ਤੋਂ ਮੇਰੀ ਵਿਗੜਦੀ ਹਾਲਤ ਦੇ ਇਸ਼ਾਰੇ ਮਿਲਣ ਲੱਗ ਪਏ ਸਨ। ਪਰ ਮੈਂ ਉਹਨੂੰ ਆਪਣੀ ਕਮਜ਼ੋਰੀ ਕਿਉਂ ਦੱਸਦਾ? ਮੈਂ ਉਹਨੂੰ ਉਲਝਾਣ ਲਈ ਬੜੇ ਚਿਰਾਂ ਤੋਂ ਲੁਕਾਈ ਸੋਚ ਦੀ ਇਕ ਸੱਚੀ, ਪਰ ਖਤਰਨਾਕ ਗੱਲ ਦੱਸ ਦਿੱਤੀ ਕਿ ਮੈਨੂੰ ਇਹ ਗੱਲ ਆਪਣੇ ਆਪ ਨੂੰ ਵੀ ਅਜੀਬ ਲੱਗਦੀ ਏ ਕਿ ਮੈਂ ਇਕ ਵਾਰ ਆਪਣੀ ਪ੍ਰੇਮਿਕਾ ਨਾਲ ਪਹਾੜੀ ਇਲਾਕੇ 'ਚ ਸਫ਼ਰ ਕਰ ਰਿਹਾ ਸੀ। ਰਾਹ ਵਿਚ ਬਸ ਇਕ ਕੂਹਣੀ ਮੋੜ 'ਤੇ ਚਾਹ ਦੀ ਕੁੱਲੀ ਕੋਲ ਕੁਝ ਚਿਰ ਲਈ ਰੁਕੀ। ਅਸੀਂ ਪੱਥਰਾਂ 'ਤੇ ਬੈਠੇ ਚਾਹ ਪੀ ਰਹੇ ਸੀ ਤਾਂ ਮੇਰਾ ਦਿਲ ਕੀਤਾ ਕਿ ਮੈਂ ਇਹਨੂੰ ਇਕ ਪਹਾੜੀ ਮੋੜ ਦੇ ਉਹਲੇ 'ਚ ਕਰ ਕੇ ਕਿਸੇ ਖੱਡ 'ਚ ਧੱਕਾ ਦੇ ਕੇ ਮਾਰ ਦਿਆਂ। ਫੇਰ ਮੈਂ ਆਪ ਡਰ ਗਿਆ ਸੀ ਕਿ ਫੇਰ ਮੈਂ ਕਿਵੇਂ



ਜੀਵਾਂਗਾ? ਮੈਂ ਆਪ ਡਰਨ ਲੱਗ ਪਿਆ ਸੀ ਆਪਣੀ ਏਸ ਸੋਚ ਤੋਂ ਕਿ ਮੈਂ ਇਹਨੂੰ ਏਨਾ ਪਿਆਰ ਕਰਦਾ ਹਾਂ ਤੇ ਨਾਲੇ ਉਹਨੂੰ ਮਾਰਨ ਦੀ ਸੋਚ ਰਿਹਾ ਹਾਂ। ਅਸਲ 'ਚ ਇਹ ਗੁੱਝੀ ਸੋਚ ਮੇਰੇ 'ਤੇ ਪਹਿਲਾਂ ਵੀ ਕਈ ਵਾਰ ਹਾਵੀ ਹੋਈ ਸੀ, ਜਦ ਮੈਂ ਉਹਨੂੰ ਕਿਹਾ ਸੀ ਕਿ ਤੂੰ ਮੈਨੂੰ ਮਾਰ ਦੇ, ਨਹੀਂ ਤਾਂ ਮੈਂ ਤੈਨੂੰ ਮਾਰ ਦੇਣਾ ਏ।

ਇਹ ਗੱਲ ਤਾਂ ਉਦੋਂ ਉਹਦੇ ਘਰ 'ਚ ਉਦੋਂ ਹੋਦੀ ਸੀ ਜਦ ਅਸੀਂ ਇਕੱਲੇ ਹੁੰਦੇ ਸੀ। ਪਰ ਹੁਣ ਤਾਂ ਮਸਲਾ ਇਹ ਸੀ ਕਿ ਉਹ ਮੈਨੂੰ ਸੈਰ ਬਹਾਨੇ ਮਿਲਾਪ ਦਾ ਲਾਰਾ ਲਾ ਕੇ ਲਿਆਈ ਸੀ, ਪਰ ਮੈਨੂੰ ਅਹਿਸਾਸ ਹੋ ਗਿਆ ਸੀ ਕਿ ਉਥੇ ਉਹਦਾ ਕੋਈ ਵਲੈਤੀ ਦੋਸਤ ਆ ਕੇ ਠਹਿਰਿਆ ਹੋਇਆ ਸੀ। ਇਹ ਉਹਨੂੰ ਮਿਲਣ ਆਈ ਏ, ਮੇਰੇ ਬਹਾਨੇ!

ਮੇਰੀ ਗੱਲ ਸੁਣ ਕੇ ਅਮੀਂ ਵੀ ਤ੍ਰਭਕ ਗਈ। ਉਹ ਕੁਝ ਚਿਰ ਚੁੱਪ ਈ ਰਹੀ। ਫੇਰ ਉਹਨੇ ਸਵਾਲ ਕੀਤਾ, "ਕੀ ਤੁਸੀਂ ਸੱਚੀਂ ਮੁੱਚੀਂ ਉਹਨੂੰ ਮਾਰਨਾ ਚਾਹੁੰਦੇ ਸੀ?"

"ਹਾਂ, ਮੈਨੂੰ ਉਹਦੀ ਮੁਹੱਬਤ ਨੇ ਏਨਾ ਅਧਮਰਿਆ ਜਿਹਾ ਜਾਂ ਸਨਕੀ ਜਿਹਾ ਬਣਾ ਕੇ ਛੱਡ ਦਿੱਤਾ ਸੀ ਕਿ ਕਈ ਵਾਰ ਮੈਨੂੰ ਆਪਣੇ ਆਪ 'ਤੇ ਕਾਬੂ ਨਹੀਂ ਸੀ ਰਹਿੰਦਾ। ਮੈਂ ਬੇਅਖ਼ਤਿਆਰ ਹੋ ਕੇ ਅਜਿਹੀਆਂ ਗੱਲਾਂ ਸੋਚੀ ਜਾਂਦਾ ਸੀ। ... ਮੈਨੂੰ ਆਪ ਨੂੰ ਸਮਝ ਨਹੀਂ ਸੀ ਪੈਂਦੀ ਕਿ ਮੈਂ ਅਜਿਹਾ ਕਿਉਂ ਹੋ ਗਿਆ ਹਾਂ?... ਮੈਂ ਮੌਤ ਦੇ ਏਸ ਘੇਰੇ ਵਿਚੋਂ ਕਿਵੇਂ ਨਿੱਕਲ ਸਕਦਾ ਹਾਂ?"

"ਇਹ ਵਿਚਾਰ, ਮਾਰਨ ਦਾ ਇੱਕੋ ਵਾਰੀ ਪੈਦਾ ਹੋਇਆ ਕਿ ...?"

"ਨਹੀਂ, ਕਈ ਵਾਰੀ। ... ਖਾਸ ਕਰ ਕੇ ਉਦੋਂ ਜਦ ਮੈਂ ਉਹਨੂੰ ਕਈ ਦਿਨਾਂ ਬਾਅਦ ਮਿਲਦਾ। ਜਾਂ ਕਿਸੇ ਲੰਮੇ ਰੋਸੇ ਬਾਅਦ ਸਾਡਾ ਮੇਲ਼ ਹੁੰਦਾ। ... ਬਸ, ਚੰਗਾ ਭਲਾ ਗੱਲਾਂ ਕਰਦਾ ਹੋਇਆ ਉਹਦੇ ਚਿਹਰੇ ਵੱਲ ਦੇਖਦਾ ਰਹਿੰਦਾ। ਕੁਝ ਚਿਰ ਲਗਾਤਾਰ ਦੇਖਦਿਆਂ ਅਚਾਨਕ ਇਹ ਵਿਚਾਰ ਮੇਰੇ ਮਨ 'ਚ ਪੈਦਾ ਹੋਣ ਲੱਗ ਪੈਂਦਾ। ... ਇਕ ਵਾਰ ਤਾਂ ਮੈਂ ਬਿਲਕੁਲ ਪਾਗਲ ਏ ਹੋ ਗਿਆ ਸੀ। ਮੈਂ ਉਹਨੂੰ ਕਹਿਣ ਲੱਗ ਪਿਆ ਸੀ ਕਿ ਤੂੰ ਹੁਣੇ ਮੈਨੂੰ ਮਾਰ ਦੇ, ਨਹੀਂ ਤਾਂ ਮੈਂ ਤੈਨੂੰ ਮਾਰ ਦੇਣਾ ਏ। ... ਪਹਿਲੀ ਵਾਰ ਤਾਂ ਉਹ ਮੇਰੀ ਏਸ ਗੱਲ 'ਤੇ ਹੱਸੀ ਤੇ ਫੇਰ ਮੈਨੂੰ ਜੱਫੀ 'ਚ ਲੈ ਕੇ ਬੈਠੀ ਰਹੀ। ਫੇਰ ਦੂਜੇ ਤੀਜੇ ਦਿਨ ਉਹ ਵੀ ਮੈਨੂੰ ਇਵੇਂ ਇਹ ਗੱਲ ਪੁੱਛਦੀ ਰਹੀ, ਜਿਹੜੀ ਤੂੰ ਪੁੱਛੀ ਏ। ... ਉਹ ਮੈਨੂੰ ਹੱਸ ਕੇ ਪਾਗਲ ਕਹਿ ਛੱਡਦੀ, ਤੇ ਗੱਲ ਨੂੰ ਗੁਆ ਦੇਂਦੀ। ... ਪਰ ਜਦ ਅਸੀਂ ਓਸ ਪਹਾੜੀ ਇਲਾਕੇ 'ਚ ਗਏ ਤਾਂ ਮੈਨੂੰ ਇਹ ਜਨੂਨ ਫੇਰ ਮਹਿਸੂਸ ਹੋਣ ਲੱਗ ਪਿਆ ਸੀ। ਸੱਚ, ਮੈਂ ਬਹੁਤ ਗੰਭੀਰ ਸੀ। ਕਦੇ-ਕਦੇ ਰਾਤ ਨੂੰ ਸੌਣ ਤੋਂ ਪਹਿਲਾਂ ਵੀ ਮੈਂ ਆਪਣੇ ਇਰਾਦੇ ਨੂੰ ਸਫ਼ਲ ਬਨਾਓਣ ਬਾਰੇ ਸਕੀਮਾਂ ਘੜਦਾ ਰਹਿੰਦਾ ਸੀ। ਮੇਰਾ ਸੌਣ ਦਾ ਤਰੀਕਾ ਇਹੋ ਸੀ।"

"ਤੁਸੀਂ ਇਹ ਗੱਲ ਕਿਸੇ ਕਹਾਣੀ 'ਚ ਜਾਂ ਆਤਮਕਥਾ 'ਚ ਵੀ ਲਿਖੀ ਏ?"

"ਨਹੀਂ, ਮੈਨੂੰ ਇਹ ਸਭ ਕੁਝ ਪਾਗਲਾਂ ਵਾਲਾ ਲੱਗਦਾ ਏ। ਨਾਲੇ ਏਨੀ ਮਾੜੀ ਗੱਲ ਮੈਨੂੰ ਲਿਖ ਕੇ ਦੱਸਣੀ ਵੀ ਔਖੀ ਲੱਗਦੀ ਸੀ।"

ਅਮੀਂ ਨੇ ਆਪਣਾ ਟੇਪ ਰੀਕਾਰਡਰ ਸਮੇਟ ਕੇ ਆਪਣੇ ਬੈਗ 'ਚ ਪਾ ਲਿਆ। ਸ਼ਾਇਦ ਉਹਦੀ ਲੋੜ ਦੀਆਂ ਗੱਲਾਂ ਹੋ ਚੁੱਕੀਆਂ ਸਨ। ਉਹਨੇ ਸੋਚਦੀ ਨੇ ਆਪਣੇ ਬੈਗ 'ਚੋਂ ਸਿਗਰਟਾਂ ਦਾ ਪੈਕਟ ਕੱਢਿਆ। ਪੁੱਛਿਆ, "ਮੈਂ ਪੀ ਸਕਦੀ ਹਾਂ?"

"ਸ਼ੌਕ ਨਾਲ। ਮੈਂ ਚਾਲੀ ਵਰ੍ਹੇ ਪੀ ਕੇ ਛੱਡੀ ਏ, ਡਾਕਟਰ ਦੇ ਕਹਿਣ 'ਤੇ।" ਆਖ ਕੇ ਮੈਂ ਉਹਦੇ ਅੱਗੇ ਐਸ਼ ਟਰੇ ਰੱਖ ਦਿੱਤੀ। ਉਹਦੇ ਲਾਈਟਰ ਬਾਲ ਕੇ ਦੋ ਕਸ਼ ਲੈਣ 'ਤੋਂ ਈ ਪਤਾ ਲੱਗਦਾ ਸੀ ਕਿ ਉਹ ਸਿਰਗਟ ਪੀਣ ਦੀ ਆਦੀ ਏ।

ਮੈਂ ਆਪਣੀ ਰੋਜ਼ ਦੀ ਦਵਾਈ ਲੈ ਲਈ। ਉਹ ਕਹਿੰਦੀ, "ਮੈਂ ਤੁਹਾਡੀ ਏਸ ਦਵਾਈ ਦੀ ਐਡਿਕਸ਼ਨ ਛੁਡਵਾ ਤਾਂ ਸ਼ਾਇਦ ਨਹੀਂ ਸਕਦੀ, ਪਰ ਘਟਾ ਸਕਦੀ ਹਾਂ। ਇਕ ਨਿੱਕਾ ਜਿਹਾ ਕੰਮ ਕਰਨਾ ਪੈਂਦਾ ਏ। ਦੋ ਦਿਨ ਤਾਂ ਉਹ ਮੈਂ ਕਰਾ ਸਕਦੀ ਹਾਂ, ਫੇਰ ਤੁਸੀਂ ਆਪ ਵੀ...।"

"ਕਰ ਦਿਓ, ਮੈਂ ਆਪ ਤੰਗ ਹਾਂ ਇਹਨਾਂ ਨਸ਼ੇ ਵਾਲੀਆਂ ਦਵਾਈਆਂ ਤੋਂ।"

ਉਹਨੇ ਸਿਗਰਟ ਐਸ਼ ਟਰੇ 'ਚ ਬੁਝਾ ਦਿੱਤੀ ਤੇ ਉੱਠ ਕੇ ਖਲੋ ਗਈ। ਹੁਣ ਉਹਦਾ ਕੱਦ ਕਾਠ ਮੈਨੂੰ ਹੋਰ ਵੀ ਮਜ਼ਬੂਤ ਤੇ ਸੋਹਣਾ ਲੱਗਿਆ। ਉਹਦਾ ਚਿਹਰਾ ਜਾਣਿਆ ਪਛਾਣਿਆ ਲੱਗਿਆ। ਹੁਣ ਸਾਡੇ ਵਿਚਕਾਰ ਓਪਰਿਆਂ ਵਾਲੀ ਸੰਗ ਨਹੀਂ, ਅਪਣੱਤ ਆ ਗਈ ਲੱਗਦੀ ਸੀ। ਉਹਨੇ ਆਪਣੀਆਂ ਅੱਖਾਂ ਮੀਚ ਕੇ ਦੋਵੇਂ ਹੱਥ ਜੋੜ ਕੇ ਕੁਝ ਬੋਲਿਆ। ਫੇਰ ਕਹਿੰਦੀ, "ਤੁਸੀਂ ਵੱਡਾ ਸਰਾਹਣਾ ਸਿਰ ਹੇਠੋਂ ਕੱਢ ਦਿਓ, ਪਤਲਾ ਲੈ ਲਓ। ਆਰਾਮ ਨਾਲ ਲੇਟ ਕੇ ਰੀਲੈਕਸ ਕਰੋ। ... ਅੱਖਾਂ ਮੀਟ ਲਓ। ਜਿਸਮ ਨੂੰ ਢਿੱਲਾ ਛੱਡ ਦਿਓ। ਹੱਥ ਸਿੱਧੇ ਜਿਸਮ ਦੇ ਬਰਾਬਰ ਕਰ ਕੇ ਤਲੀਆਂ ਉੱਤੇ ਵੱਲ ਕਰ ਲਓ, ਜਿਵੇਂ ਮੁਸਲਮਾਨ ਦੁਆ ਕਰਨ ਵੇਲੇ ਕਰਦੇ ਨੇ।" ਆਖ ਕੇ ਉਹ ਵਾਸ਼ਰੂਮ ਚਲੀ ਗਈ। ਮੈਂ ਆਪਣੀ ਪੁਜ਼ੀਸ਼ਨ ਬਣਾਉਂਦਾ ਰਿਹਾ। ਉਹ ਆਈ ਤਾਂ ਉਹਦਾ ਚਿਹਰਾ ਤਾਜ਼ਾ ਚਮਕਦਾਰ ਪਰ ਗੰਭੀਰ ਸੀ।

ਫੇਰ ਉਹ ਜਿਵੇਂ ਕਹਿੰਦੀ ਰਹੀ, ਮੈਂ ਉਵੇਂ ਕਰਦਾ ਰਿਹਾ। ਮੈਂ ਅੱਖਾਂ ਮੀਚ ਕੇ ਰੀਲੈਕਸ ਦੀ ਪੁਜ਼ੀਸ਼ਨ 'ਚ ਆ ਗਿਆ ਸੀ। ਤਦੇ ਮੈਨੂੰ ਉਹਦੇ ਹੱਥਾਂ ਦੀਆਂ ਉਂਗਲਾਂ ਆਪਣੇ ਮੱਥੇ 'ਤੇ ਮਹਿਸੂਸ ਹੋਈਆਂ। ਉਹ ਮੇਰੀਆਂ ਪੁੜਪੁੜੀਆਂ ਤੋਂ ਹੋ ਕੇ ਮੱਥੇ ਦੇ ਵਿਚਕਾਰ ਤ੍ਰਿਕੁਟੀ, ਜਿਥੇ ਮੇਰੇ ਦੋ ਵੱਟ ਜਿਹੇ ਪੈਂਦੇ ਨੇ, ਤਕ ਫਿਰ ਰਹੀਆਂ ਸਨ।... ਫੇਰ ਉਹ ਉਂਗਲਾਂ ਮੇਰੇ ਪੈਰਾਂ ਨੂੰ ਪਲੋਸਦੀਆਂ, ਗਿੱਟਿਆਂ ਦੇ ਦੁਆਲੇ ਘੁੰਮ ਕੇ ਪੈਰਾਂ ਦੇ ਹੇਠਾਂ ਪਾਤਲੀਆਂ ਤਕ ਆ ਜਾ ਰਹੀਆਂ ਸਨ। ਫੇਰ ਉਹ ਪੈਰਾਂ ਦੇ ਗੂਠਿਆਂ ਦੇ ਦੁਆਲੇ ਘੁੰਮਦੀਆਂ ਤੇ ਕਦੇ ਹਲਕਾ ਜਿਹਾਂ ਖਿੱਚਦੀਆਂ। ਫੇਰ ਪੈਰਾਂ ਨੂੰ ਪਲੋਸਦੀਆਂ ਮਲ਼ਦੀਆਂ। ... ਕਈ ਵਾਰ ਤਾਂ ਮੈਨੂੰ ਪਤਾ ਈ ਨਾ ਚੱਲਦਾ ਕਿ ਉਹ ਕੀ ਕਰ ਰਹੀ ਏ।

ਪੈਰਾਂ ਤੋਂ ਹਟ ਕੇ ਉਹ ਫੇਰ ਮੇਰੇ ਸਿਰ ਵੱਲ ਆ ਗਈ। ਉਹਦੇ ਹੱਥ ਮੇਰੀਆਂ ਪੁੜਪੁੜੀਆਂ 'ਤੇ ਫਿਰ ਰਹੇ ਸੀ ਤੇ ਉਹਦਾ ਸਾਹ ਮੈਨੂੰ ਆਪਣੇ ਚਿਹਰੇ 'ਤੇ ਮਹਿਸੂਸ ਹੋ ਰਿਹਾ ਸੀ। ਮੈਨੂੰ ਲੱਗਿਆ ਕਿ ਉਹਨੇ ਵਾਸ਼ਰੂਮ 'ਚ ਕੋਈ ਖੁਸ਼ਬੂ ਜਿਹੀ ਵੀ ਲਾਈ ਹੋਣੀ ਏ। ਉਹਦਾ ਸਾਹ ਖ਼ੁਸ਼ਬੂਦਾਰ ਸੀ। ਕਦੇ ਲੱਗਦਾ ਕਿ ਉਹਦੇ ਮਲ਼ਣ ਨਾਲ ਮੇਰੇ ਸਿਰ ਵਿਚ ਵਧਿਆ ਲਹੂ ਦਾ ਦਬਾਓ ਹੌਲੀ-ਹੌਲੀ ਤੁਰਦਾ ਹੇਠਾਂ ਨੂੰ ਆ ਰਿਹਾ ਏ। ਫੇਰ ਪੈਰਾਂ ਦੀਆਂ ਪਾਤਲੀਆਂ ਰਾਹੀਂ ਨਿੱਕਲ ਰਿਹਾ ਏ। ਮੈਂ ਸੌਖਾ ਹੋ ਰਿਹਾ ਹਾਂ।... ਮੈਂ ਸੋਚਦਾ ਕਿ ਇਹਨੇ ਕੋਈ ਦਵਾਈ ਜ਼ਰੂਰ ਮਲ਼ੀ ਹੋਵੇਗੀ ਆਪਣੇ ਹੱਥਾਂ 'ਤੇ। ਕੋਈ ਬਾਮ ਲਾਈ ਹੋਣੀ ਏ। ਪਰ ਉਹਦੀਆਂ ਉਂਗਲਾਂ ਅਤੇ ਮੇਰੇ ਜਿਸਮ ਦੇ ਵਿਚਕਾਰ ਕੁਝ ਨਹੀਂ ਸੀ ਮਹਿਸੂਸ ਹੁੰਦਾ। ਕੋਈ ਅਜੀਬ ਜਿਹੀ ਖੁਸ਼ਬੂ ਉਹਦੇ ਸਾਹ ਵਿੱਚੋਂ ਮੈਨੂੰ ਲਗਾਤਾਰ ਆ ਰਹੀ ਸੀ।

ਇਹ ਕੋਈ ਦਸਾਂ ਬਾਰਾਂ ਕੁ ਮਿੰਟਾ ਤਕ ਇਹ ਕੰਮ ਚੱਲਿਆ ਹੋਵੇਗਾ। ਮੈਨੂੰ ਲੱਗਦਾ ਰਿਹਾ ਕਿ ਮੇਰੇ ਅੰਦਰ ਸੁਖ ਸ਼ਾਂਤੀ ਦਾ ਸੰਚਾਰ ਹੋ ਰਿਹਾ ਏ। ਮੈਂ ਸੌਖਾ ਹੋ ਰਿਹਾ ਹਾਂ। ... ਜਦ ਉਹਨੇ ਕਿਹਾ ਕਿ 'ਹੁਣ ਅੱਖਾਂ ਖੋਲ੍ਹ ਲਓ' ਤਾਂ ਉਹ ਆਪਣੀ ਕੁਰਸੀ 'ਤੇ ਬੈਠੀ ਸੀ। ਉਹਨੇ ਬਹੁਤ ਗੰਭੀਰਤਾ ਨਾਲ ਪੁੱਛਿਆ, "ਹੁਣ ਤੁਹਾਨੂੰ ਕੋਈ ਫਰਕ ਮਹਿਸੂਸ ਹੁੰਦਾ ਏ?"

ਮੈਂ ਉਹਨੂੰ ਧਿਆਨ ਨਾਲ ਦੇਖਿਆ। ਮੈਨੂੰ ਲੱਗਿਆ ਕਿ ਉਹਦੀ ਜੀਨ, ਸ਼ਰਟ ਤੇ ਹੋਰ ਚੀਜ਼ਾਂ ਦੇ ਰੰਗ ਗੂੜ੍ਹੇ ਹੋ ਗਏ ਨੇ। ਕਮਰੇ 'ਚ ਆ ਰਹੀ ਧੁੱਪ ਦੀ ਕਿਰਨ ਵੀ ਪਹਿਲਾਂ ਨਾਲੋਂ ਵੱਧ ਰੋਸ਼ਨ ਸੀ। ਉਹ ਕੁੜੀ ਮੈਨੂੰ ਖੁਸ਼ ਤੇ ਸੋਹਣੀ ਜਿਹੀ ਦਿਸ ਰਹੀ ਸੀ। ਮੈਂ ਝੱਕਦਾ ਜਿਹਾ ਬੋਲਣ ਲੱਗਿਆ ਤਾਂ ਮੇਰੀ ਅਵਾਜ਼ 'ਚ ਕੋਮਲਤਾ ਸੀ। ਮੈਂ ਹੌਲੀ-ਹੌਲੀ ਦੱਸਿਆ ਕਿ ਮੈਨੂੰ ਕਮਰੇ ਦੇ ਸਾਰੇ ਪਰਦਿਆਂ ਤੇ ਕੱਪੜਿਆਂ ਦਾ ਰੰਗ ਗੂੜ੍ਹਾ ਲੱਗਦਾ ਏ, ਪਹਿਲਾਂ ਨਾਲੋਂ। ... ਮੈਂ ਆਪਣੇ ਆਪ ਨੂੰ ਜ਼ਰਾ ਸੌਖਾ ਤੇ ਹੌਲਾ ਮਹਿਸੂਸ ਕਰਦਾ ਹਾਂ। ... ਮੇਰੇ ਅੰਦਰ ਕੋਈ ਮਿੱਠੀ ਤੇ ਨਰਮ ਜਿਹੀ ਭਾਵਨਾ ਜਾਗੀ ਏ। ਮਨ ਤੇ ਜਿਸਮ ਢਿੱਲੇ ਜਿਹੇ ਹੋ ਗਏ ਨੇ।

ਜਦੇ ਉਹਨੂੰ ਅਮੀਂ ਦੀ ਦੋਸਤ ਕਹਾਣੀਕਾਰ ਦਾ ਫੋਨ ਆ ਗਿਆ। ਮੈਨੂੰ ਉਹਦੀ ਅਵਾਜ਼ ਸੁਣ ਰਹੀ ਸੀ। ਉਹ ਉਹਨੂੰ ਅਖ਼ਬਾਰ ਦੇ ਦਫ਼ਤਰ 'ਚ ਬੁਲਾ ਰਹੀ ਸੀ। ਉਹਨੇ ਹੱਸਦਿਆਂ ਕਿਹਾ ਸੀ, "ਇਹ ਠਰਕੀ ਬੁੱਢਾ ਬੜਾ ਜਾਦੂਗਰ ਏ। ਤੂੰ ਫਸ ਨਾ ਜਾਈਂ ਇਹਦੇ ਚੱਕਰ 'ਚ! ... ਮੈਂ ਮਸਾਂ ਬਚੀ ਸੀ!"



ਉਹ ਹੌਲੀ ਦੇਣੀ ਹੱਸੀ ਤੇ ਮੈਨੂੰ ਕਹਿੰਦੀ, "ਹੁਣ ਕਲ੍ਹ ਨੂੰ, ਇਕ ਵਾਰ ਫੇਰ ਏਸੇ ਤਰ੍ਹਾਂ ਈ ... ਪਰਸੋਂ ਮੈਂ ਚਲੀ ਜਾਣਾ ਏ।"

ਆਖ ਕੇ ਉਹਨੇ ਤੁਰਦੀ ਨੇ ਆਪਣਾ ਸੱਜਾ ਹੱਥ ਮੇਰੇ ਵੱਲ ਵਧਾਇਆ ਤਾਂ ਮੈਂ ਪੋਲਾ ਜਿਹਾ ਫੜ ਕੇ ਹੱਸਦਿਆਂ ਕਿਹਾ ਸੀ, "ਹੁਣ ਪਤਾ ਨਹੀਂ ਕਦ ਮੌਕਾ ਮਿਲੇ! ... ਇਹ ਕਾਰਾ ਜਿਹਾ ਬਸ ਇੱਕੋ ਵਾਰ ਹੁੰਦਾ ਏ। ਫੇਰ ਗੱਲ ਗੁੱਗਲ ਹੋ ਜਾਂਦੀ ਏ।"

ਉਹ ਮੁਸਕਰਾਈ ਤੇ ਬੂਹੇ 'ਤੇ ਆਖਰੀ ਵਾਰ ਮੈਨੂੰ ਚਿਹਰਾ ਵਿਖਾ ਕੇ ਹੱਥ ਲਹਿਰਾਂ ਵਾਂਗ ਝੁਮਦੀ ਗੇਟ ਟੱਪ ਕੇ ਆਟੋ 'ਚ ਬਹਿ ਕੇ ਗਾਇਬ ਹੋ ਗਈ।

ਫੇਰ ਉਹੀ ਗੱਲ ਹੋਈ ਨਾ। ਉਹ ਨਾ ਆਪ ਮੁੜ ਕੇ ਆਈ ਤੇ ਨਾ ਈ ਉਹਦਾ ਫੋਨ ਆਇਆ। ਹਾਲਾਂਕਿ ਮੈਂ ਉਹਨੂੰ ਦੇਣ ਲਈ ਆਪਣੇ ਬਾਇਓਡਾਟਾ ਦਾ ਪ੍ਰਿੰਟ ਆਊਟ ਕੱਢ ਕੇ ਰੱਖਿਆ ਹੋਇਆ ਸੀ। ਜਿਹੜਾ ਉਹਨੂੰ ਮੇਰੇ ਬਾਰੇ ਹੋਰ ਕਈ ਗੱਲਾਂ ਜਾਨਣ ਲਈ ਚਾਹੀਦਾ ਸੀ।

ਉਹ ਨਾ ਆਈ, ਤਾਂ ਨਾ ਸਹੀ। ਪਰ ਮੈਨੂੰ ਉਹਦੇ ਆਓਣ ਦਾ ਇਕ ਫਾਇਦਾ ਜ਼ਰੂਰ ਹੋਇਆ। ਮੇਰਾ ਦਿਲ ਪਹਿਲਾਂ ਨਾਲੋਂ ਤਕੜਾ ਹੋ ਗਿਆ। ਮੈਂ ਪ੍ਰਾਣਾਯਾਮ ਤੇ ਯੋਗ ਆਸਨ ਕਰਨ ਲੱਗ ਪਿਆ। ਮੈਨੂੰ ਜਦ ਵੀ ਘਬਰਾਹਟ ਹੁੰਦੀ, ਮੈਂ ਚੌਕੜੀ ਮਾਰ ਕੇ ਸਾਰੇ ਅੰਗਾਂ ਤੇ ਮਨ ਨੂੰ ਸਾਧਨਾ ਦੀ ਮੁਦ੍ਰਾ 'ਚ ਲੈ ਆਉਂਦਾ। ਫੇਰ ਪ੍ਰਾਣਾਯਾਮ ਸ਼ੁਰੂ ਕਰ ਦੇਂਦਾ। ਲੰਮੇ ਸਾਹਾਂ ਦੇ ਆਓਣ ਜਾਣ ਨਾਲ ਮੈਨੂੰ ਰਾਹਤ ਮਿਲਦੀ। ਤੇ ਦਸਾਂ ਕੁ ਮਿੰਟਾਂ ਬਾਅਦ ਠੀਕ ਹੋ ਕੇ ਕਿਤਾਬ ਦਾ ਅਨੁਵਾਦ ਕਰਨ ਲੱਗ ਪੈਂਦਾ।

ਹੌਲੀ-ਹੌਲੀ ਮੈਨੂੰ ਏਸ ਗੱਲ ਦੀ ਲੋੜ ਈ ਮੁੱਕ ਗਈ। ਬਲੱਡ-ਪ੍ਰੈਸ਼ਰ ਦਾ ਵਧਣਾ ਘਟਨਾ ਮੌਸਮ ਨਾਲ ਜੁੜ ਗਿਆ। ਕੰਮ ਚੱਲ ਰਿਹਾ ਸੀ। ... ਪਰ ਕਦੇ ਕਦੇ ਰਾਤ ਨੂੰ ਨੀਂਦ ਉੱਖੜ ਜਾਂਦੀ। ਘਬਰਾਹਟ ਹੋਣ ਲੱਗਦੀ। ... ਅਸਲ 'ਚ ਉਹਦਾ ਕਾਰਨ ਵੀ ਮੇਰੀ ਸੋਚ ਈ ਸੀ। ... ਮੈਂ ਸੌਣ ਵੇਲ਼ੇ ਆਪਣੀ ਸੋਚ ਨੂੰ ਇਕਾਗਰ ਕਰਨ ਲਈ ਪੁਰਾਣਾਂ ਦੀਆਂ ਕਥਾਵਾਂ ਵਿੱਚੋਂ ਕੋਈ ਘਟਨਾ ਚਿਤਵਦਾ ਤੇ ਉਹਦੇ ਵਿਚ ਨਾਇਕ ਬਣ ਕੇ ਨਾਇਕਾਵਾਂ ਨਾਲ ਵਿਚਰਦਾ। ਫੇਰ ਏਸ ਖੇਡ ਦੇ ਸੁਖਾਂ ਵਿੱਚੋਂ ਸੁਆਦ ਮਹਿਸੂਸ ਕਰਦਿਆਂ ਮੈਨੂੰ ਨੀਂਦ ਆ ਜਾਂਦੀ।

ਇਕ ਵਾਰ ਮੈਂ ਵੱਧ ਤੰਗ ਸੀ। ਮੈਨੂੰ ਉਹ ਦੋਸਤ ਯਾਦ ਆ ਰਹੀ ਸੀ, ਜੀਹਨੂੰ ਮੈਂ ਕਦੇ ਮਾਰਨਾ ਚਾਹੁੰਦਾ ਸੀ। ਸੋਚਦਿਆਂ ਮੇਰਾ ਇਹੋ ਦੁੱਖ ਵਧਣ ਲੱਗ ਪਿਆ। ਮੇਰਾ ਆਪਣਾ ਦੁੱਖ ਮਹਾਦੇਵ ਦੇ ਓਸ ਦੁੱਖ ਜਿੱਡਾ ਹੋ ਗਿਆ, ਜਿਹੜਾ ਉਹਨੂੰ ਆਪਣੀ ਦੂਜੀ ਪਤਨੀ ਸਤੀ ਦੇ ਆਪਣੇ ਬਾਪ ਦੇ ਯੱਗ-ਕੁੰਡ 'ਚ ਮਰਨ ਬਾਦ ਉਹਦੀ ਲੋਥ ਚੁੱਕ ਕੇ ਲੈ ਜਾਣ ਵੇਲੇ ਹੋਇਆ ਸੀ। ਮੈਨੂੰ ਵੀ ਮਹਿਸੂਸ ਹੋਣ ਲੱਗ ਪਿਆ ਕਿ ਮੈਂ ਵੀ ਕਿਸੇ ਦੀ ਲੋਥ ਆਪਣੇ ਮੋਢਿਆਂ 'ਤੇ ਚੁੱਕ ਕੇ ਤਿਰਲੋਕੀ ਗਾਹ ਰਿਹਾ ਹਾਂ। ਕੋਈ ਵਿਸ਼ਨੂ ਓਸ ਮੁਰਦੇ ਨੂੰ ਮੇਰੇ ਮੋਢਿਆਂ ਤੋਂ ਲਾਹੁਣ ਲਈ ਆਪਣੇ ਚੱਕਰ ਨਾਲ ਉਹਦੇ ਟੋਟੇ ਕਰੀ ਜਾ ਰਿਹਾ ਏ। ਜਦ ਮੇਰੇ ਮੋਢਿਆਂ 'ਤੇ ਉਹਦੇ ਮੁਰਦੇ ਦਾ ਸਿਰਫ ਮੇਰੇ ਹੱਥ ਦੀ ਪਕੜ ਜਿੰਨਾ ਟੋਟਾ ਰਹਿ ਜਾਂਦਾ ਏ ਤਾਂ ਇਹ ਮੈਥੋਂ ਸਹਿ ਨਹੀਂ ਹੁੰਦਾ। ... ਮੇਰਾ ਦਿਲ ਡੁੱਬਣ ਲੱਗਦਾ ਏ। ਮੈਂ ਇਕਦਮ ਉੱਠ ਕੇ ਬਹਿ ਜਾਂਦਾ ਹਾਂ। ਮੈਨੂੰ ਲੱਗਿਆ ਕਿ ਮੈਂ ਚੱਲਿਆ ਹਾਂ। ... ਮੈਂ ਕਿਹੜਾ ਨੀਲਕੰਠ ਮਹਾਦੇਵ ਸੀ ਕਿ ਏਨੇ ਦੁੱਖ ਨੂੰ ਜਰ ਲੈਂਦਾ। ਫੇਰ ਮੇਰੀ ਨੀਂਦ ਅਕਸਰ ਟੁੱਟਣ ਲੱਗ ਪਈ ਸੀ। ਇਹ ਪੁਰਾਣੀ ਗੱਲ ਮੇਰੀ ਜ਼ਿੰਦਗੀ ਦੇ ਬਚਦੇ ਹਿੱਸੇ 'ਤੇ ਭਾਰ ਪਾ ਗਈ ਸੀ।

ਅਮੀਂ ਦੇ ਜਾਣ ਦੇ ਛੇ ਕੁ ਮਹੀਨਿਆਂ ਬਾਅਦ ਇਕ ਵਾਰ ਮੈਂ ਸਾਹਿਤਯ ਅਕਾਦਮੀ ਦੇ ਦੋ ਤਿੰਨ ਦਿਨਾਂ ਦੀ 'ਫਿਕਸ਼ਨ ਵਰਕਸ਼ਾਪ 'ਚ ਹਿੱਸਾ ਲੈਣ ਲਈ ਦਿੱਲੀ ਗਿਆ। ਇੰਡੀਆ ਇੰਟਰਨੈਸ਼ਨਲ ਸੈਂਟਰ 'ਚ ਮੇਰਾ ਕਮਰਾ ਬੁੱਕ ਸੀ। ਮੈਂ ਇਕ ਦਿਨ ਪਹਿਲਾਂ ਜਾਣਾ ਸੀ, ਤਾਂ ਜੋ ਸਵੇਰ ਦੀ ਉਦਘਾਟਨੀ ਮੀਟਿੰਗ 'ਚ ਸ਼ਾਮਲ ਹੋ ਸਕਾਂ। ਮੈਨੂੰ ਜਿਹੜਾ ਕਮਰਾ ਮਿਲਿਆ, ਉਹ ਇਕ ਨਿੱਕੀ ਜਿਹੀ ਪੌੜੀ ਚੜ੍ਹ ਕੇ ਆਉਂਦਾ ਸੀ।

ਉਥੇ ਹੇਠਾਂ ਤੋਂ ਕੋਈ ਅਵਾਜ਼ ਨਹੀਂ ਸੀ ਆਉਂਦੀ।

ਦੁਪਹਿਰ ਦਾ ਖਾਣਾ ਖਾ ਕੇ ਮੈਂ ਅੱਧੇ ਕੁ ਘੰਟੇ ਦਾ ਢੌਂਕਾ ਲਾ ਲਿਆ। ਸ਼ਾਮ ਨੂੰ ਮੈਂ ਬਾਹਰ ਨਿੱਕਲ ਕੇ ਸੈਂਟਰ ਦੇਖਦਾ ਘੁੰਮਦਾ ਰਿਹਾ। ਪੇਂਟਿੰਗਜ਼ ਦੀ ਨੁਮਾਇਸ਼ ਦੇਖੀ। ਫੇਰ ਮੈਂ ਕਮਰੇ 'ਚ ਆ ਕੇ ਲੇਟ ਗਿਆ। ਅੱਕੇ ਦਿਲ ਨਾਲ ਟੀ. ਵੀ. ਲਾ ਕੇ ਖਬਰਾਂ ਸੁਣਦਾ ਤੇ ਜੂਸ ਮੰਗਾ ਕੇ ਪੀਂਦਾ ਰਿਹਾ। ... ਫੇਰ ਮੈਂ ਵੱਡੀ ਬੱਤੀ ਬੁਝਾ ਕੇ ਸ਼ੇਡ ਵਾਲੀ ਛੋਟੀ ਬਾਲ ਲਈ। ਕਲ੍ਹ ਦੀ ਮੀਟਿੰਗ ਬਾਰੇ ਸੋਚਦਾ ਰਿਹਾ ਕਿ ਗਲਪ ਦੀਆਂ ਕਿਹੋ ਜਿਹੀਆਂ ਗੱਲਾਂ ਹੋ ਸਕਦੀਆਂ ਨੇ, ਸਮਕਾਲੀ ਜਾਂ ਸਿਰਫ ਆਪਣੀਆਂ?

ਨੌਂ ਕੁ ਵਜੇ ਕਿਸੇ ਨੇ ਬੂਹਾ ਦੀ ਬੈੱਲ ਕੀਤੀ। ਮੈਂ 'ਕਮ ਇਨ' ਕਹਿ ਕੇ ਸੋਚਿਆ ਕਿ ਬੈਰਾ ਹੋਵੇਗਾ। ਜਦੋ ਹੋਟਲ ਦਾ ਮੁੰਡਾ ਆਪਣੇ ਸਿਰ 'ਤੇ ਬੈਗ ਰੱਖੀ ਅੰਦਰ ਵੜਿਆ। ਉਹਦੇ ਪਿੱਛੇ ਕੋਈ ਜੀਨ ਤੇ ਜੈਕਟ ਵਾਲੀ ਵਾਲ-ਕਟੀ ਜ਼ਨਾਨੀ ਅੰਦਰ ਆਈ। ਕਹਿੰਦੀ, "ਮੈਨੂੰ ਪਛਾਣਿਆ? ... ਮੈਂ ਅਮੀਂ ਆਂ।"

ਮੈਂ ਏਸ ਅਚਾਨਕ ਹੋਏ ਹਮਲੇ ਤੋਂ ਘਬਰਾ ਗਿਆ। ਜਦ ਸੈਂਟਰ ਦਾ ਮੁੰਡਾ ਉਹਦਾ ਬੈਗ ਰੱਖ ਕੇ ਚਲਿਆ ਗਿਆ ਤਾਂ ਮੈਨੂੰ ਸੁਰਤ ਆਈ। ਅਮੀਂ ਨੇ ਹੱਸਦਿਆਂ ਦੱਸਿਆ ਕਿ ਉਹਨੂੰ ਅਕੈਡੇਮੀ ਦੇ ਦਫ਼ਤਰ ਤੋਂ ਮੇਰੇ ਏਸ ਕਮਰੇ 'ਚ ਹੋਣ ਦਾ ਪਤਾ ਲੱਗ ਗਿਆ ਸੀ। ਉਹਨੇ ਕਿਹਾ, "ਹੋਰ ਕੋਈ ਕਮਰਾ ਖਾਲੀ ਨਹੀਂ ਸੀ। ਮੈਂਖਿਆ ਮੈਂ ਉਹਨਾਂ ਨਾਲ ਐਡਜਸਟ ਕਰ ਲਵਾਂਗੀ। ... ਮੈਂ ਹੁਣ ਦਿੱਲੀ ਤੋਂ ਥੋੜ੍ਹਾ ਕੁ ਹਟਵੇਂ ਇਕ ਨਿੱਕੇ ਜਿਹੇ ਕਾਲਜ 'ਚ ਟੀਚਰ ਹਾਂ।"

ਮੇਰਾ ਅੱਕਿਆ ਦਿਲ ਖੁਸ਼ ਹੋ ਗਿਆ। ਲੱਗਿਆ ਕਿ ਕਮਰਾ ਭਰ ਗਿਆ ਏ। ਉਹ ਮੈਨੂੰ ਹਿੰਦੀ ਦਾ ਇਕ ਪਰਚਾ ਦੇ ਕੇ ਫ੍ਰੈਸ਼ ਹੋਣ ਲਈ ਵਾਸ਼-ਰੂਮ 'ਚ ਚਲੀ ਗਈ। ਮੈਂ ਪਰਚਾ ਦੇਖਦਾ ਰਿਹਾ। ਇਹਦੇ 'ਚ ਮੱਧ ਪ੍ਰਦੇਸ਼ ਦੇ ਆਦਿ ਵਾਸੀਆਂ ਬਾਰੇ ਉਹਦਾ ਲੇਖ ਛਪਿਆ ਹੋਇਆ ਸੀ। ਬਸ, ਆਮ ਜਿਹਾ ਪ੍ਰਗਤੀਵਾਦੀ ਲੇਖਕਾਂ ਵਰਗਾ ਈ ਸੀ। ਫੇਰ ਵੀ ਜਦ ਉਹ ਬਾਹਰ ਆਈ ਤਾਂ ਉਹਦੇ ਚਿਹਰੇ ਦੁਆਲੇ ਖਿਲਰੇ ਵਾਲ਼ ਦੇਖ ਕੇ ਮੈਂ ਉਹਦੀ ਲੇਖ ਦੀ ਤਾਰੀਫ ਕੀਤੀ। ਫੇਰ ਉਹਨੂੰ ਆਪਣੇ ਕੋਲ ਆਓਣ ਦਾ ਇਸ਼ਾਰਾ ਕੀਤਾ। ਉਹ ਮੇਰੇ ਨੇੜੇ ਹੋਈ ਤਾਂ ਮੈਂ ਉਹਦਾ ਮੂੰਹ ਦੋਹਾਂ ਹੱਥਾਂ 'ਚ ਫੜ ਕੇ ਚੁੱਮ ਲਿਆ। ਉਹ ਪਹਿਲਾਂ ਤਾਂ ਹੈਰਾਨ ਜਿਹੀ ਹੋਈ, ਫੇਰ ਮੁਸਕਰਾਂਦੀ 'ਥੈਂਕ ਯੂ' ਕਹਿ ਕੇ ਪਿੱਛੇ ਹੋ ਕੇ ਆਪਣੇ ਵਾਲ ਸੁਆਰਨ ਲੱਗ ਪਈ।

ਮੈਂ ਉੱਠ ਕੇ ਇਲੈਕਟ੍ਰਿਕ ਕੇਟਲ 'ਤੇ ਕੌਫੀ ਬਣਾਓਣ ਲੱਗ ਪਿਆ। ਪੀਂਦਿਆਂ ਉਹਨੇ ਮੇਰੀ ਮਾਨਸਿਕ ਹਾਲਤ ਬਾਰੇ ਪੁੱਛਿਆ। ਮੈਂ ਦੱਸਿਆ ਕਿ ਹੁਣ ਮੈਂ ਬਹੁਤ ਠੀਕ ਹਾਂ। ਤੇਰੇ ਦੱਸੇ ਓਸ ਪ੍ਰਾਣਾਯਾਮ ਨੇ ਮੈਨੂੰ ਕਾਫੀ ਫਾਇਦਾ ਕੀਤਾ। ਹੁਣ ਮੈਂ ਬਲੱਡ-ਪ੍ਰੈਸ਼ਰ ਤੇ ਐਂਗਜ਼ਾਈਟੀ ਦੀ ਦਵਾਈ ਤਾਂ ਖਾਂਦਾ ਹਾਂ, ਪਰ ਬਹੁਤਾ ਤੰਗ ਨਹੀਂ। ਮਨ 'ਚ ਪੁੱਠੇ ਸਿੱਧੇ ਉਬਾਲੇ ਤਾਂ ਆਉਂਦੇ ਈ ਰਹਿੰਦੇ ਨੇ, ਪਰ ਨੀਂਦ ਆ ਈ ਜਾਂਦੀ ਏ।

ਰਾਤ ਨੂੰ ਅਮੀਂ ਨੇ ਹੋਟਲਾਂ ਦੇ ਪੁਰਾਣੇ ਵਾਕਫਾਂ ਵਾਂਗ ਫੋਨ 'ਤੇ ਖਾਣੇ ਦਾ ਆਰਡਰ ਦੇ ਦਿੱਤਾ। ਜੋ ਕੁਝ ਵੀ ਆਇਆ, ਅਸੀਂ ਕਾਮਰੇਡਾਂ ਵਾਂਗ ਪਲੇਟਾਂ ਸਾਫ ਕਰਨ ਤਕ ਖਾਧਾ। ਫੇਰ ਉਹ ਸਿਗਰਟ ਪੀਣ ਲਈ ਬਾਹਰ ਚਲੀ ਗਈ ਤੇ ਮੈਂ ਸ਼ਾਮ ਦੀਆਂ ਆਪਣੀਆਂ ਦਵਾਈਆਂ ਖਾਂਦਾ ਸੋਚਦਾ ਰਿਹਾ ਕਿ ਰਾਤ ਨੂੰ ਕਿਵੇਂ ਗੱਲਾਂ ਕਰਦੇ ਸੁਖ ਦੀ ਨੀਂਦ ਸੌਂਵਾਂਗੇ?

ਰਾਤ ਦੇ ਨੌਂ ਕੁ ਵਜੇ ਅਸੀਂ ਗਲਪ ਤੇ ਭਾਸ਼ਾ ਦੀਆਂ ਵੰਨਗੀਆਂ ਬਾਰੇ ਗੱਲਾਂ ਕਰਦੇ ਆਪਣੀਆਂ ਨਿੱਜੀ ਗੱਲਾਂ ਕਰਨ ਲੱਗ ਪਏ। ਉਹ ਜੋਸ਼ 'ਚ ਬੋਲਦੀ ਮੇਰੇ ਬੈੱਡ 'ਤੇ ਆ ਬੈਠੀ। ਮੈਂ ਆਪਣੀਆਂ ਆਪੋ ਵਿਚ ਭਿੜਦੀਆਂ ਸੋਚਾਂ ਨੂੰ ਸਾਂਭਦਿਆਂ ਉਹਨੂੰ ਪੁੱਛਿਆ, "ਮੇਰੇ ਜਿਹੜੇ ਰੋਗ ਦਾ ਉਪਚਾਰ ਤੂੰ ਕੀਤਾ ਸੀ, ਉਹ ਤੂੰ ਕਿਥੋਂ ਸਿੱਖਿਆ? ... ਮੈਨੂੰ ਲੱਗਦੈ ਕਿ ਓਸ ਰੋਗ ਦਾ ਅਸਰ ਕਦੇ ਤੇਰੇ 'ਤੇ ਵੀ ਹੋਇਆ ਹੋਵੇਗਾ!"

ਉਹਨੇ ਕਬੂਲਦਿਆਂ 'ਹਾਂ' ਆਖੀ, ਪਰ ਉਹਦੇ ਕਾਰਨ ਕੁਝ ਚੜ੍ਹਦੀ ਜਵਾਨੀ ਵੇਲੇ ਦੀਆਂ ਔਰਤਾਂ ਵਾਲੇ ਤੇ ਕੁਝ ਸਮਾਜਕ ਦੱਸੇ। ਜਦ ਮੈਂ ਉਹਦੀ ਓਸ ਵੇਲੇ ਦੀ ਹਾਲਤ ਬਾਰੇ ਸਭ ਕੁਝ ਜਾਨਣਾ ਚਾਹਿਆ ਤਾਂ ਉਹਨੇ ਸਿਰਫ ਏਨਾ ਈ ਦੱਸਿਆ ਕਿ ਉਹ ਡੀਪ੍ਰੈਸ਼ਨ 'ਚ ਚਲੀ ਗਈ ਸੀ, ਡੀਪ ਡੀਪ੍ਰੈਸ਼ਨ 'ਚ। ਮਹੀਨਾ



ਭਰ ਹਸਪਤਾਲ 'ਚ ਦਾਖਲ ਰਹਿ ਕੇ ਉਹਦਾ ਇਲਾਜ ਹੋਇਆ ਸੀ। ਓਸੇ ਸਮੇਂ 'ਚ ਯੋਗ ਦੇ ਇਹ ਸਾਰੇ ਤਰੀਕੇ ਉਹਨੇ ਆਪ ਈ ਏਧਰੋਂ ਓਧਰੋਂ ਸੁਣ ਸੁਣਾ ਕੇ ਸਿੱਖੇ ਸੀ।

ਜਦ ਮੇਰਾ ਗੋਲੀ ਖਾ ਕੇ ਸੌਣ ਦਾ ਵੇਲਾ ਆਇਆ ਤਾਂ ਮੈਂ ਉਹਨੂੰ ਪੁੱਛਿਆ, "ਇਹ ਸਭ ਕੁਝ ਦਿੱਲੀ ਆ ਕੇ ਹੋਇਆ ਸੀ?"

"ਹਾਂ!"

"ਕਿਸੇ ਪੰਜਾਬੀ ਮੁੰਡੇ ਕਰ ਕੇ?"

"ਹਾਂ, ... ਪਰ ਤੁਹਾਨੂੰ ਕਿਵੇਂ ਪਤਾ ਲੱਗਿਆ?"

"ਕਮਲੀ, ਤੂੰ ਆਪ ਈ ਤਾਂ ਮੈਨੂੰ ਉਦੋਂ ਦੱਸਿਆ ਸੀ, ਜਦ ਮੈਨੂੰ ਯੋਗ ਸਿਖਾ ਰਹੀ ਸੀ।"

"ਅੱਛਿਆ???" ਆਖ ਕੇ ਉਹ ਗੁੰਮ ਸੁੰਮ ਜਿਹੀ ਹੋ ਗਈ।

"ਜਦ ਮੈਂ ਦੱਸਿਆ ਕਿ ਮੈਂ ਤੈਨੂੰ ਆਪਣੀ ਪ੍ਰੇਮਿਕਾ ਨੂੰ ਜਾਨੋਂ ਮਾਰ ਦੇਣ ਦੀ ਸੋਚ ਦੱਸ ਰਿਹਾ ਤਾਂ ਤੈਂ ਵੀ ਮੈਨੂੰ ਇਹ ਦੱਸਿਆ ਸੀ ਕਿ ਤੂੰ ਵੀ ਏਨਾ ਈ ਮਰ ਕੇ ਪਿਆਰ ਕੀਤਾ ਸੀ। ਪਰ ਮੈਂ ਉਹਨੂੰ ਮਾਰਨ ਬਾਰੇ ਕਦੇ ਨਹੀਂ ਸੀ ਸੋਚਿਆ। ਤੇ ਜਦ ਮੈਂ ਪੁੱਛਿਆ ਕਿ ਕੀ ਉਹ ਤੈਨੂੰ ਮਾਰਨਾ ਚਾਹੁੰਦਾ ਸੀ? ... ਤਦ ਤੂੰ ਕਿਹਾ ਸੀ ਕਿ ਹਾਂ ਸ਼ਾਇਦ, ... ਕੁਝ ਮੈਂ ਆਪ ਈ ਉਹਦੇ ਹੱਥੋਂ ਮਰਨਾ ਚਾਹੁੰਦੀ ਸੀ। ... ਯਾਦ ਏ ਨਾ ਤੈਨੂੰ?"

"ਹਾਂ, ਪਰ ਦੱਸਣ ਵਾਲਾ ਸਮਾਂ ਮੈਨੂੰ ਯਾਦ ਨਹੀਂ।"

ਮੈਂ ਮਨ 'ਚ ਹੱਸਿਆ ਕਿ ਬੇਵਕੂਫ ਕੁੜੀ ਮੇਰੀਆਂ ਝੂਠੀਆਂ ਗੱਲ ਮੰਨ ਗਈ ਏ। ... ਇਹਦਾ ਟੀਚਰ ਬਨਣਾ ਈ ਠੀਕ ਏ। ਮੈਂ ਗੋਲੀ ਖਾਣ ਲਈ ਪਾਣੀ ਦੀ ਬੋਤਲ ਚੁੱਕੀ ਈ ਸੀ ਕਿ ਉਹਨੇ ਪੁੱਛਿਆ, "ਹੁਣ ਤਾਂ ਤੁਸੀਂ ਬਿਲਕੁਲ, ਪੂਰੇ ਤੌਰ 'ਤੇ ਠੀਕ ਹੋ ਨਾ?"

"ਨਹੀਂ, ਪੂਰਾ ਨਹੀਂ।"

"ਕਿਉਂ, ਹੁਣ ਕੀ ਹੋ ਗਿਆ?"

ਮੇਰਾ ਦਿਲ ਕੀਤਾ ਕਿ ਉਹਨੂੰ ਮੈਂ ਦੱਸ ਦਿਆਂ ਕਿ ਜੀਹਨੂੰ ਮੈਂ ਮਾਰ ਦੇਣਾ ਚਾਹੁੰਦਾ ਸੀ, ਉਹ ਬੜੇ ਚਿਰ ਦੇ ਵਿਛੋੜੇ ਬਾਅਦ ਕਿਵੇਂ ਉਹਦੀ ਯਾਦ ਲੋਥ ਬਣ ਕੇ ਮੇਰੇ ਮੋਢਿਆਂ 'ਤੇ ਉਵੇਂ ਸਵਾਰ ਹੋ ਗਈ ਸੀ, ਜਿਵੇਂ ਮਹਾਦੇਵ ਦੇ ਮੋਢਿਆਂ 'ਤੇ ਸਤੀ ਦੀ ਲੋਥ। ਜੀਹਨੂੰ ਲੈ ਕੇ ਮਹਾਦੇਵ ਨੇ ਤਰਲੋਕੀ ਗਾਹ ਮਾਰੀ ਸੀ। ਤੇ ਵਿਸ਼ਣੂ ਨੇ ਲੋਥ ਨੂੰ ਲਾਹੁਣ ਲਈ ਉਹਦੇ 51 ਟੋਟੇ ਕਰ ਦਿੱਤੇ ਸੀ, ਪਰ ਇਕ ਉਹ ਟੋਟਾ ਮੋਢੇ 'ਤੇ ਈ ਰਹਿ ਗਿਆ ਸੀ, ਜਿਹੜਾ ਮਹਾਂਦੇਵ ਦੀ ਬਾਂਹ ਹੇਠ ਸੀ। ... ਫੇਰ ਇਕ ਵਾਰ ਤਾਂ ਮੈਂ ਮਹਾਦੇਵ ਨਾਲੋਂ ਸੌਖਾ ਵੀ ਹੋ ਗਿਆ ਸੀ ਕਿ ਮਹਾਦੇਵ ਨੇ ਐਵੇਂ ਅਨ੍ਹੇ ਆਕ੍ਰੋਸ਼ 'ਚ ਤਰਲੋਕੀ ਗਾਹੀ। ਪਰ ਫੇਰ ਕੁਝ ਸਮੇਂ ਬਾਅਦ ਮਨ ਕਰਨ ਲੱਗ ਗਿਆ ਸੀ ਕਿ ਮੋਢੇ 'ਤੇ ਕੋਈ ਭਾਰ ਹੋਣਾ ਚਾਹੀਦਾ ਏ, ਭਾਵੇਂ ਲੋਥ ਦਾ ਈ ਕਿਉਂ ਨਾ ਹੋਵੇ। ...

ਪਰ ਮੈਂ ਇਹ ਗੱਲ ਅਮੀਂ ਨੂੰ ਉਹਦੇ ਰੈਸ਼ਨਲ ਸੁਭਾ ਤੋਂ ਡਰਦੇ ਨੇ ਦੱਸੀ ਨਹੀਂ, ਚੁੱਪ ਈ ਰਿਹਾ। ਸਿਰਫ ਏਨਾ ਕਿਹਾ, "ਹੁਣ ਤਕਲੀਫ ਤਾਂ ਹੈਗੀ, ਪਰ ਪਹਿਲਾਂ ਵਰਗੀ ਨਹੀਂ। ਨਾਲੇ ਕੋਈ ਬਹੁਤੀ ਵੀ ਨਹੀਂ। ਏਨੀ ਕੁ ਤਾਂ ਹੋਣੀ ਈ ਚਾਹੀਦੀ ਏ।"

"ਕੀ ਮੈਨੂੰ ਮਾਰਨ ਨੂੰ ਦਿਲ ਨਹੀਂ ਕੀਤਾ ਕਦੇ ਤੁਹਾਡਾ?" ਉਹਨੇ ਹੱਸਦੀ ਨੇ ਪੁੱਛਿਆ।

ਮੇਰਾ ਦਿਲ ਕੀਤਾ ਕਿ ਅਮੀਂ ਨੂੰ ਸੱਚੀ ਗੱਲ ਕਹਿ ਦਿਆਂ ਕਿ ਤੈਨੂੰ ਤਾਂ ਆਪਣੇ ਬੈੱਡ ਤੋਂ ਧੱਕਾ ਦੇਣ ਨੂੰ ਵੀ ਦਿਲ ਨਹੀ ਸੀਂ ਕੀਤਾ, ਪਹਾੜ ਤੋਂ ਤਾਂ ਕੀ ਦੇਣਾ ਏ। ਪਰ ਮੈਂ ਰੁਕ ਗਿਆ। ਤੇ ਸਿਰਫ ਏਨਾ ਈ ਕਿਹਾ, "... ਹੁਣ ਤਾਂ ਮੇਰੇ ਮੋਢੇ 'ਤੇ ਭਾਰ ਏਸੇ ਗੱਲ ਦਾ ਏ ਕਿ ... ਹੁਣ ਕਿਸੇ ਨੂੰ ਮਾਰਨ ਜਾਂ ਮਰਨ ਨੂੰ ਦਿਲ ਈ ਨਹੀਂ ਕਰਦਾ।"

(**ਸੰਪਰਕ**-62842-64983)

## ਕਹਾਣੀ/ ਮਜਬੂਰੀ/-ਕੁਲਬੀਰ ਬਡੇਸਰੋਂ



ਕੋਈ ਗੱਲ ਨਹੀਂ ਜੇ ਮੈਂ ਸਟਾਰ ਨਹੀਂ ਬਣੀ ਪਰ ਮੇਰੀ ਇੱਕ ਪਹਿਚਾਣ ਤਾਂ ਬਣੀ ਹੈ! ਹਜ਼ਾਰਾਂ ਦੀ ਭੀੜ 'ਚ ਵੀ ਖੜੀ ਹੋਵਾਂ ਤਾਂ ਵੀ ਲੋਕੀਂ ਪਹਿਚਾਣਦੇ ਹਨ, ਡਬਲ ਲੁੱਕ ਦਿੰਦੇ ਹਨ, ਕੋਲ ਆ ਕੇ ਗੱਲ ਕਰਨਾ ਚਾਹੁੰਦੇ ਹਨ, ਨਾਲ ਫੋਟੋ ਖਿਚਵਾਉਣਾ ਚਾਹੁੰਦੇ ਹਨ, ਐਪਰੀਸਿਏਟ ਕਰਦੇ ਹਨ ਮੇਰੇ ਕੰਮ ਨੂੰ...। ਕਿੰਨੇ ਲੋਕ ਹੋਣਗੇ ਦੁਨੀਆ 'ਚ ਜੋ ਆਪਣੇ ਕੰਮ ਨੂੰ ਇੰਨਜੁਆਏ ਕਰਦੇ ਹੋਣਗੇ? ਪਰ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਜੋ ਕੰਮ ਮੈਂ ਕਰਦੀ ਹਾਂ ਉਹ ਮੈਨੂੰ ਪਸੰਦ ਹੈ! ਉਸਨੂੰ ਕਰਦਿਆਂ ਮੈਂ ਇੰਨਜੁਆਏ ਕਰਦੀ ਹਾਂ! ਤੁਹਾਡਾ ਪਰੋਫੈਸ਼ਨ ਤੁਹਾਨੂੰ ਪਸੰਦ ਹੋਵੇ ਤਾਂ ਉਹ ਬੋਝ ਨਹੀਂ ਲੱਗਦਾ ਸਗੋਂ ਇੱਕ ਗੇਮ ਲੱਗਦਾ ਹੈ, ਪਿਆਰਾ ਜਿਹਾ ਕੋਈ ਗੇਮ! ਨਾਲੇ ਘੱਟੋ-ਘਟ ਮੈਂ ਉਹ ਤਾਂ ਕਰ ਰਹੀ ਹਾਂ ਜੋ ਮੈਂ ਕਰਨਾ ਚਾਹੁੰਦੀ ਸਾਂ... ਉਹ ਤਾਂ ਬਣੀ ਜੋ ਮੈਂ ਬਣਨਾ ਚਾਹੁੰਦੀ ਸਾਂ, ਭਾਵ ਇੱਕ ਆਰਟਿਸਟ! ਹਾਂ! ਮੈਂ ਇੱਕ ਆਰਟਿਸਟ ਬਣਨ ਲਈ ਫੇਰ ਮੇਰਾ ਇਹ ਪੈਸ਼ਨ ਮੈਨੂੰ ਰੋਟੀ ਵੀ ਦਿੰਦਾ ਹੈ, ਇੱਜ਼ਤ ਵੀ ਦਿੰਦਾ ਹੈ ਤੇ ਜੌਬ ਸੈਟਿਸਫੈਕਸ਼ਨ ਵੀ, ਹੋਰ ਕੀ ਚਾਹੀਦਾ ਹੈ?"

ਨੀਤੀ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕਰ ਰਹੀ ਸੀ ਆਪਣੀ ਮੇਕਅੱਪ ਰੂਮ ਮੇਟ ਨਾਲ! ਇੱਕ ਅਜਿਹੀ ਗੰਭੀਰ ਸੁਭਾਅ ਦੀ ਆਰਟਿਸਟ ਜਿਸ ਨਾਲ ਉਸਦੇ ਵਿਚਾਰ ਮਿਲਦੇ ਸਨ, ਤੇ ਜਿਸ ਨਾਲ ਵਿਚਾਰ ਮਿਲਦੇ ਹੋਣ ਉਸ ਨਾਲ ਦਿਲ ਵੀ ਸਾਂਝਾ ਕੀਤਾ ਜਾ ਸਕਦਾ ਹੈ। ਵਰਨਾ ਇਸ ਵਰਕਿੰਗ ਹੋਸਟਲ ਦੇ ਵਿਸ਼ੇ ਤੇ ਬਣ ਰਹੇ ਸੀਰੀਅਲ ਵਿੱਚ ਜਿੱਥੇ ਲੜਕੀਆਂ ਹੀ ਲੜਕੀਆਂ, ਔਰਤਾਂ ਹੀ ਔਰਤਾਂ ਭਰੀਆਂ ਹੋਈਆਂ ਸਨ, ਸਭ ਦੇ ਸੁਭਾਅ ਤੇ ਤੌਰ-ਤਰੀਕੇ ਵੱਖੋ-ਵੱਖਰੇ ਸਨ। ਉਂਝ ਵੀ ਨੀਤੀ ਆਪਣੇ ਸੁਭਾਅ ਨਾਲ ਮੇਲ ਖਾਂਦੀ ਇਸ ਆਰਟਿਸਟ ਨਾਲ ਕੋਈ ਵੀ ਗੰਭੀਰ ਗੱਲ ਕਰ ਸਕਦੀ ਸੀ, ਚਾਹੇ ਉਹ ਗੱਲ ਆਪਣੇ ਬਾਰੇ ਹੋਵੇ ਜਾਂ ਦੁਨੀਆ 'ਚ ਵਾਪਰ ਰਹੀ ਕਿਸੇ ਵੀ ਘਟਨਾ ਜਾਂ ਮਸਲੇ ਬਾਰੇ ਹੋਵੇ... ਮਨ ਪਸੰਦ ਸਾਥ ਹੋਵੇ ਤਾਂ ਗੱਲਾਂ ਕਰਨਾ ਵੀ ਚੰਗਾ ਲੱਗਦਾ ਸੀ, ਨਾਲੇ ਅੱਜ ਤਾਂ ਉਸਦਾ ਮਨ ਜਿਹਾ ਵੀ ਭਾਰੀ ਸੀ, ਅੱਜ ਸਵੇਰ ਤੋਂ ਇਸ ਸੀਰੀਅਲ ਦੀ ਪ੍ਰੋਡਿਊਸਰ ਕਰੁਣਾ ਨਿਹਲਾਨੀ ਦੇ ਬਿਹੇਵਿਆਰ ਤੋਂ...।

"ਕੁੱਝ ਆਰਟਿਸਟ ਹੁੰਦੇ ਹਨ ਜੋ ਆਪਣੇ ਇੱਕ ਅੱਧੇ ਕੰਮ ਕਾਰਨ ਹੀ ਸਟਾਰ ਬਣ ਜਾਂਦੇ ਹਨ ਭਾਵ ਪਹਿਲਾ ਹੀ ਸੀਰੀਅਲ ਹਿੱਟ ਹੋ ਗਿਆ ਜਾਂ ਪਹਿਲੀ ਹੀ ਫਿਲਮ ਹਿੱਟ ਹੋ ਗਈ ਤਾਂ ਸਟਾਰ ਬਣ ਗਏ... ਪਰ ਕੁੱਝ ਹੁੰਦੇ ਹਨ ਮੇਰੇ ਵਰਗੇ ਜੋ ਲਗਾਤਾਰ ਸਾਲਾਂ ਬੱਧੀ ਕੰਮ ਕਰਦੇ ਰਹਿੰਦੇ ਹਨ, ਕੰਮ ਦੀ ਕਦੀ ਕਮੀ ਨਹੀਂ ਰਹਿੰਦੀ ਉਨ੍ਹਾਂ ਨੂੰ, ਕਿੰਨੀਆਂ ਫਿਲਮਾਂ, ਸੀਰੀਅਲ, ਸ਼ੋਰਟ ਫਿਲਮਾਂ, ਐਡ ਫਿਲਮਾਂ, ਐਲਬਮਾਂ, ਸਕੈਚਾਂ, ਡਾਕੂਮੈਂਟਰੀਆਂ... ਪਤਾ ਨਹੀਂ ਕਿੰਨਾ ਕੰਮ ਕੀਤਾ ਹੁੰਦਾ ਹੈ ਉਨ੍ਹਾਂ ਨੇ ਪਰ ਉਹ ਅੰਡਰਰੇਟਡ ਰਹਿੰਦੇ ਨੇ, ਮੇਨ ਸਟਰੀਮ 'ਚ ਨਹੀਂ ਆਉਂਦੇ ਪਰ ਲੱਗੇ ਰਹਿੰਦੇ ਨੇ ਕੰਮ ਕਰਨ...।"

"ਪਰ ਕਿਉਂ ਨਹੀਂ ਆਉਂਦੇ ਮੇਨ ਸਟਰੀਮ 'ਚ? ਕਿਉਂ ਨਹੀਂ ਬਣਦੇ ਸਟਾਰ?"

ਉਸਦੀ ਆਰਟਿਸਟ ਸਾਥਣ ਨੂੰ ਵੀ ਕਿਹੜਾ ਨਹੀਂ ਸੀ ਪਤਾ ਹੋਣਾ, ਪਰ ਡਿਸਕਸ਼ਨ ਨੂੰ ਅੱਗੇ ਤੋਰਨ ਲਈ ਸ਼ਾਇਦ ਉਸ ਟੋਕਿਆ ਸੀ।



"ਬੱਸ ਇਸ ਲਈ ਕਿ ਹਿੱਟ ਹਿੱਸੇ ਨਹੀਂ ਆਉਂਦਾ... ਹਾਂ ਇਹ ਜ਼ਰੂਰ ਹੁੰਦਾ ਹੈ ਕਿ ਅਜਿਹੇ ਲੋਅ ਪ੍ਰੋਫਾਇਲ ਨਾਲ ਕੰਮ ਕਰਦੇ ਰਹਿਣ ਨਾਲ ਕੰਮ ਤਾਂ ਮਿਲਦਾ ਰਹਿੰਦਾ ਹੈ ਪਰ ਉਹ ਜਿਹੜੀ ਗੱਲ ਬਣਦੀ ਹੈ ਨਾ ਰਾਤੋ-ਰਾਤ ਸਟਾਰ ਬਣਨ ਵਾਲੀ ਉਹ ਉਦੋਂ ਤੱਕ ਨਹੀਂ ਬਣਦੀ ਜਦ ਤੱਕ ਕੋਈ ਵੱਡਾ ਹਿੱਟ ਹਿੱਸੇ ਨਹੀਂ ਆਉਂਦਾ...।" ਨੀਤੀ ਦੀ ਸੁਰ ਉਦਾਸ ਸੀ।

"ਹਾਂ ਮੈਂ ਜਦ ਤੇਰਾ ਇੱਕ ਦਿਨ ਬਾਇਓ ਡਾਟਾ ਵੇਖਿਆ ਸੀ ਮੈਂ ਤਾਂ ਹੈਰਾਨ ਰਹਿ ਗਈ ਸਾਂ ਵੇਖ ਕੇ ਕਿ ਤੂੰ ਕਿੰਨਾ ਕੰਮ ਕੀਤਾ ਹੈ ਹੁਣ ਤੱਕ ਪੰਜਾਹ ਤੋਂ ਵੱਧ ਤਾਂ ਐਡ ਫਿਲਮਾਂ ਕੀਤੀਆਂ ਹਨ ਤੂੰ ਉਹ ਵੀ ਵੱਡੇ ਵੱਡੇ ਪ੍ਰੋਡੈਕਟਾਂ ਦੀਆਂ, ਤੇ ਵੱਡੇ ਵੱਡੇ ਫਿਲਮੀ ਸਿਤਾਰਿਆਂ ਨਾਲ, ਉਸਦੀ ਸਾਥਣ ਅੱਖਾਂ ਤੇ ਹੱਥ ਫੈਲਾ ਕੇ ਹੈਰਾਨੀ ਨਾਲ ਕਹਿ ਰਹੀ ਸੀ।

"ਉਨ੍ਹਾਂ ਵਿੱਚ ਵਨ ਫੋਰਥ ਵੀ ਹਿੱਟ ਹੋ ਜਾਂਦੀਆਂ ਤਾਂ ਗੱਲ ਕੁੱਝ ਹੋਰ ਹੀ ਹੋਣੀ ਸੀ।" ਨੀਤੀ ਪਲ ਕੁ ਚੁੱਪ ਹੋ ਗਈ ਸੀ।

"ਪਰ ਇੱਕ ਗੱਲ ਦੀ ਤਸੱਲੀ ਹੈ ਕਿ ਚਲੋ ਕਦੀ ਕਿਸੇ ਅੱਗੇ ਹੱਥ ਤਾਂ ਨਹੀਂ ਅੱਡਣਾ ਪਿਆ... ਨਾ ਕੰਮ ਲਈ ਨਾ ਪੈਸੇ ਲਈ...।" ਇਹ ਕਹਿ ਕੇ ਨੀਤੀ ਨੇ ਸ਼ਾਇਦ ਆਪ ਹੀ ਇਸ ਹਿੱਟ ਫਲਾਪ ਦੀ ਕਸ਼ਮਕਸ਼ 'ਚੋਂ ਨਿਕਲਣ ਦਾ ਰਾਹ ਲੱਭ ਲਿਆ।

"ਪਰ ਤੇਰਾ ਕੰਮ ਕਿਤੇ ਨਾ ਕਿਤੇ ਅਕਨੌਲਜ ਜ਼ਰੂਰ ਹੁੰਦਾ ਹੈ, ਇਹੀ ਵਜ੍ਹਾ ਹੈ ਤੈਨੂੰ ਲਗਾਤਾਰ ਕੰਮ ਦਾ ਮਿਲਦੇ ਰਹਿਣਾ...।"

ਸਾਥਣ ਆਰਟਿਸਟ ਨੇ ਸ਼ਾਇਦ ਨੀਤੀ ਨੂੰ ਹੌਸਲਾਂ ਦੇਣਾ ਚਾਹਿਆ। ਪਰ ਅੱਜ ਉਸਨੂੰ ਇਹ ਵੀ ਲੱਗ ਰਿਹਾ ਸੀ ਕਿ ਸ਼ਾਇਦ ਉਹ ਨੀਤੀ ਦੇ ਮਨ ਦੀ ਥਾਹ ਪਾਉਣ ਤੋਂ ਅਸਮਰਥ ਸਾਬਿਤ ਹੋ ਰਹੀ ਹੈ।

ਨੀਤੀ ਤਾਂ ਆਪਣੀਆਂ ਹੀ ਸੋਚਾਂ 'ਚ ਗੁੰਮ ਹੋ ਚੁੱਕੀ ਸੀ, ਉਹ ਫੇਰ ਸੋਚਣ ਲੱਗ ਪਈ ਸੀ, ਕਰੁਣਾ ਨਿਹਲਾਨੀ ਬਾਰੇ ਹੀ...। ਕਈ ਵੇਰ ਨਹੀਂ ਬਹੁਤ ਵਾਰ ਉਹ ਮਹਿਸੂਸ ਕਰਦੀ ਸੀ ਕਿ ਮੈਡਮ ਆਪਣੇ ਇਸ ਸੀਰੀਅਲ ਦੇ ਉਨ੍ਹਾਂ ਆਰਟਿਸਟਾਂ ਨੂੰ ਜੋ ਐਕਸੈਂਟ 'ਚ ਇੰਗਲਿਸ਼ ਬੋਲਦੀਆਂ ਨੇ ਜਾਂ ਇਹ ਸ਼ੋਅ ਕਰਦੀਆਂ ਨੇ ਕਿ ਉਹ ਬਹੁਤ ਬਿਜ਼ੀ ਹਨ, ਉਨ੍ਹਾਂ ਕੋਲ ਡੇਟਸ ਨਹੀਂ ਹਨ, ਉਨ੍ਹਾਂ ਨੇ ਦੋ ਦੋ ਤਿੰਨ-ਤਿੰਨ ਸੀਰੀਅਲ ਫੜ ਰੱਖੇ ਹਨ, ਫੇਰ ਉੱਤੋਂ ਐਡ ਫਿਲਮਾਂ ਸ਼ੌਰਟ ਫਿਲਮਾਂ, ਫੀਚਰ ਫਿਲਮਾਂ ਤੇ ਹੋਰ ਪਤਾ ਨਹੀਂ ਕੀ ਕੀ... ਹੁੰਦਾ ਘੱਟ ਹੈ ਪਰ ਸੌਅ ਓਫ ਜ਼ਿਆਦਾ ਕਰਦੀਆਂ ਹਨ, ਅਜਿਹੀਆਂ ਆਰਟਿਸਟਾਂ ਨੂੰ ਬੜਾ ਮਹੱਤਵ ਦਿੰਦੀ ਹੈ, ਜਿਵੇਂ ਉਨ੍ਹਾਂ ਅੱਗੇ ਦੱਬੀ ਦੱਬੀ ਜਿਹੀ ਰਹਿੰਦੀ ਹੈ...।"

ਇੱਕ ਤਾਂ ਪ੍ਰੋਬਲਮ ਇਹ ਹੈ ਕਿ ਕਰੁਣਾ ਮੈਡਮ ਇਸ ਸੀਰੀਅਲ ਦੀ ਪ੍ਰੋਡਿਊਸਰ ਹੀ ਨਹੀਂ ਡਾਇਰੈਕਟਰ ਵੀ ਹੈ... ਹੁਣ ਉਸਨੇ ਤਾਂ ਕੰਮ ਕਢਾਉਣਾ ਹੈ ਇਨ੍ਹਾਂ ਸ਼ੋਅ ਓਫ ਕਰਨ ਵਾਲੀਆਂ ਆਰਟਿਸਟਾਂ ਤੋਂ, ਡੇਟਸ ਲੈਣੀਆਂ ਹਨ... ਤਾਂ ਕਿ ਉਸਦਾ ਸੀਰੀਅਲ ਸਫ਼ਰ ਨਾ ਕਰੇ...।

ਵੈਸੇ ਉਸਨੇ ਇਹ ਵੀ ਨੋਟਿਸ ਕੀਤਾ ਹੈ ਕਿ ਜਦ ਉਹ ਇਕੱਲੀ ਮੈਡਮ ਦੇ ਸਾਹਮਣੇ ਹੁੰਦੀ ਹੈ ਤਾਂ ਮੈਡਮ ਉਸ ਨਾਲ ਬੜਾ ਲਾਡ ਜਿਹਾ ਵਿਖਾਉਂਦੀ ਹੈ, ਨੀਤੀ ਨੀਤੀ ਕਰਦੀ ਹੈ ਪਰ ਜੇ ਉਨ੍ਹਾਂ ਸ਼ੋਅ ਓਫ ਕਰਨ ਵਾਲੀਆਂ ਆਰਟਿਸਟਾਂ ਦੇ ਨਾਲ ਹੋਵੇ ਤਾਂ ਉਸਨੂੰ ਲੁੱਕ ਵੀ ਨਹੀਂ ਦਿੰਦੀ, ਫੇਰ ਤਾਂ ਉਸਨੂੰ ਸੀਰੀਅਲ ਦੀ ਉਹ ਇੱਕ ਮੇਨ ਲੀਡ ਗਰਲ ਤੇ ਉਸ ਨਾਲ ਤਿੰਨ ਹੋਰ ਆਰਟਿਸਟ ਕੁੜੀਆਂ ਜੋ ਇੱਕ ਲੀਡ ਦੀ ਪੇਰੇਲਰ ਰੋਲ ਤੇ ਹੈ ਤੇ ਇੱਕ ਹੋਰ ਜੋ ਵਾਰਡਨ ਦਾ ਰੋਲ ਕਰ ਰਹੀ ਹੈ, ਉਨ੍ਹਾਂ ਨਾਲ ਹੀ ਹੱਸ ਹੱਸ ਕੇ ਗੱਲਾਂ ਕਰੀ ਜਾਵੇਗੀ... ਉਦੋਂ ਉਹ ਸਾਇਦ ਇਹ ਸੋਚਦੀ ਹੈ ਕਿ ਨੀਤੀ ਦਾ ਕੀ ਹੈ? ਉਹ ਤਾਂ ਕਿਤੇ ਭੱਜੀ ਨਹੀਂ ਜਾਂਦੀ, ਸਿੱਧੀ ਸਾਦੀ ਹੈ, ਦੇਸੀ ਇੰਗਲਸ਼ ਬੋਲਣ ਵਾਲੀ, ਟਾਇਮ ਸਿਰ ਆਉਣ ਵਾਲੀ, ਦਿਲ ਲਗਾ ਕੇ ਕੰਮ ਕਰਨ ਵਾਲੀ, ਅੱਛੀ ਆਰਟਿਸਟ! ਉਹ ਤਾਂ ਮੁੱਠ ਵਿੱਚ ਰਹੇਗੀ... ਗੱਲ ਤਾਂ ਇਨ੍ਹਾਂ ਤਿੰਨ ਕੁੜੀਆਂ ਦੀ ਹੈ... ਇਹ ਤਾਂ ਬੜੀਆਂ ਤੇਜ਼ ਹਨ, ਬੜੀਆਂ ਬਿਜ਼ੀ ਹਨ, ਥੋੜ੍ਹੀਆਂ ਸਟਾਰ ਟਾਇਪ ਵੀ ਹਨ, ਮਾਡਰਨ, ਦੁਨੀਆ ਨੂੰ ਉਂਗਲਾਂ ਤੇ ਨਚਾਉਣ ਵਾਲੀਆਂ... ਕਿਤੇ ਇਹ ਹੱਥੋਂ ਨਾ ਨਿਕਲ ਜਾਣ, ਫੇਰ

ਸੀਰੀਅਲ ਦਾ ਕੀ ਹੋਏਗਾ? ਚੈਨਲ ਵੀ ਨਹੀਂ ਮੰਨੇਗਾ ਇਕਦਮ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਇਕ ਦਮ ਰਿਪਲੇਸ ਕਰਨ ਲਈ... ਚੈਨਲ? ਚੈਨਲ ਦੇ ਤਾਂ ਪੁੱਛੋ ਹੀ ਨਾ ਬਾਬਾ ਕਿੰਨੇ ਨਖ਼ਰੇ ਹੁੰਦੇ ਹਨ, ਖਾਸ ਕਰ ਕੇ ਪ੍ਰਾਇਵੇਟ ਚੈਨਲ ਜੋ ਨੰਬਰ ਵਨ 'ਤੇ ਚਲ ਰਿਹਾ ਹੋਵੇ, ਟੀ. ਆਰ. ਪੀ. 'ਚ...। ਟੀ. ਆਰ. ਪੀ. ਹਾਂ ਬਈ ਟੀ. ਆਰ. ਪੀ. ਮਤਲਬ ਜਿਸ ਚੈਨਲ ਨੂੰ ਸੱਭ ਤੋਂ ਵੱਧ ਦਰਸ਼ਕ ਵੇਖਦੇ ਹੋਣ, ਜਿਸਦੇ ਚਾਰ ਪੰਜ ਜਾਂ ਤਿੰਨ ਚਾਰ ਪ੍ਰੋਗਰਾਮ ਚਾਹੇ ਉਹ ਰਿਅਲਟੀ ਸ਼ੋਅ ਹੋਣ ਜਾਂ ਸੀਰੀਅਲ, ਹਿੱਟ ਹੋਣ ! ਭਾਵ ਸਭ ਤੋਂ ਵੱਧ ਵੇਖੇ ਜਾ ਵਾਲੇ। ਇਹੋ ਜਿਹੇ ਚੈਨਲਾਂ ਦੇ ਸੀਰੀਅਲਾਂ ਵਾਲਿਆਂ ਨੂੰ ਚੈਨਲ ਦੇ ਸਭ ਨਖ਼ਰੇ ਸਹਿਣੇ ਪੈਂਦੇ ਹਨ, ਫੇਰ ਤਾਂ ਚੈਨਲ ਇਹ ਵੀ ਮੀਨ ਮੇਖ ਕੱਢਦਾ ਹੈ ਕਿ ਵਿਆਹ ਵਾਲੇ ਸੀਨ 'ਚ ਗੇਂਦੇ ਦੇ ਫੁੱਲਾਂ ਦੀਆਂ ਲੜੀਆਂ ਕਿਉਂ ਲਾਈਆਂ? ਗੁਲਾਬ ਦੇ ਫੁੱਲਾਂ ਦੀਆਂ ਕਿਓਂ ਨਹੀਂ ਲਾਈਆਂ? ਪਾਰਟੀ ਦੇ ਸੀਨ 'ਚ ਤਾਮਝਾਮ ਘੱਟ ਕਿਉਂ ਸੀ? ਹੀਰੋਇਨ ਦਾ ਬਲਾਉਜ਼ ਸਾਦਾ ਕਿਉਂ ਸੀ? ਲੰਮੀਆਂ ਲੜੀਆਂ ਵਾਲਾ ਕਿਉਂ ਨਹੀਂ ਸੀ? ਪਤਾ ਨਹੀਂ ਕਿੰਨੇ ਸੀਨ ਰੀਸ਼ੂਟ ਕਰਨ ਲਈ ਵਾਪਿਸ ਆ ਜਾਂਦੇ ਹਨ... ਫੇਰ ਪ੍ਰੋਡਿਊਸਰ ਵਿਚਾਰਾ ਵੀ ਕੀ ਕਰੇ? ਉਸਨੇ ਤਾਂ ਸਭ ਆਰਟਿਸਟਾਂ ਨੂੰ ਕਾਬੂ 'ਚ ਰੱਖਣ ਲਈ ਉਨ੍ਹਾਂ ਦੇ ਟੈਂਟਰੇਮ ਸਹਿਣੇ ਹੀ ਹੋਏ ਨਾ। ਫੇਰ ਇਸ ਕਰੁਣਾ ਨਿਹਲਾਨੀ ਦੀ ਤਾਂ ਅੱਖ ਹੀ ਬੜੀ ਤੇਜ਼ ਸੀ। ਉਹ ਸਭ ਜਾਣਦੀ ਸੀ ਕਿ ਕਿਵੇਂ ਤੇ ਕਿਉਂ ਤੇ ਕਿਹੜੇ ਵੇਲੇ ਕਿਹੜਾ ਦਾਅ-ਪੇਚ ਖੇਡਣਾ ਹੈ। ਅੱਜ ਸਵੇਰੇ ਵੀ ਤਾਂ ਇਹੀ ਹੋਇਆ ਸੀ, ਅੱਜ ਸਵੇਰੇ ਜਦ ਉਹ ਹਮੇਸ਼ਾ ਹੀ ਤਰ੍ਹਾਂ ਸਭ ਤੋਂ ਪਹਿਲਾਂ ਤਿਆਰ ਹੋ ਕੇ ਸੈੱਟ 'ਤੇ ਪਹੁੰਚ ਗਈ ਤਾਂ ਉਦੋਂ ਤੱਕ ਮੈਡਮ ਕਰੁਣਾ ਨਿਹਲਾਨੀ ਦਾ ਮੂਡ ਔਫ ਹੋ ਚੁੱਕਾ ਸੀ ਕਿਉਂਕਿ ਉਸਨੂੰ ਪਤਾ ਲੱਗ ਚੁੱਕਾ ਸੀ ਕਿ ਸੀਰੀਅਲ ਦੀਆਂ ਬਾਕੀ ਦੋ ਮੇਨ ਲੀਡ ਦਾ ਰੋਲ ਕਰਨ ਵਾਲੀਆਂ ਕੁੜੀਆਂ ਅਜੇ ਮੇਕਅੱਪ ਰੂਮਾਂ ਤੱਕ ਹੀ ਨਹੀਂ ਪਹੁੰਚੀਆਂ ਸਨ, ਤਿਆਰ ਹੋ ਕੇ ਸੈੱਟ ਤੇ ਆਉਣਾ ਤਾਂ ਦੂਰ ਦੀ ਗੱਲ ਹੈ... ਮੈਡਮ ਬੇਚੈਨੀ 'ਚ ਅਵਾ ਤਵਾ ਬੋਲ ਰਹੀ ਸੀ, ਅਸਿਸਟੈਂਟ, ਈ. ਪੀ., ਕੈਮਰਾਮੈਨ, ਲਾਇਟ ਮੈਨ, ਫਲੋਰ ਮੈਨੇਜ਼ਰ, ਸੈਟਿੰਗ ਦਾਦਾ, ਸਾਊਂਡ ਰਿਕੌਰਡਿਸਟ, ਸਪਾਟ ਬੁਆਏਜ਼, ਸਭ ਸੈੱਟ 'ਤੇ ਖੜੇ ਮੈਡਮ ਦੀ ਬੌਖਲਾਹਟ ਵੇਖ ਰਹੇ ਹਨ, ਹੁਣ ਇਸ ਵਿੱਚ ਵਿਚਾਰੀ ਨੀਤੀ ਦਾ ਕੀ ਕਸੂਰ? ਉਹ ਤਾਂ ਸਦਾ ਭੱਜ ਭੱਜ ਕੇ ਸਾਹੋ ਸਾਹ ਟਾਇਮ ਤੇ ਪਹੁੰਚਦੀ ਹੈ ਚਾਹੇ ਉਹ ਸ਼ਹਿਰ ਦੇ ਕਿਸੇ ਵੀ ਕੋਨੇ 'ਚ, ਕਿਸੀ ਵੀ ਸਮੇਂ ਕਿਓ ਨਾ ਹੋ ਰਹੀ ਹੋਵੇ, ਨੀਤੀ ਸੈੱਟ ਤੇ ਪਹੁੰਚੀ, ਮੈਡਮ ਨੂੰ ਹੈਲੋ ਬੋਲੀ ਤਾਂ ਮੈਡਮ ਚੂੰ ਕਿ ਤੈਸ਼ ਵਿੱਚ ਸੀ, ਠੀਕ ਤਰ੍ਹਾਂ ਬੋਲੀ ਹੀ ਨਹੀਂ, ਹੈਲੋ ਦਾ ਕੋਈ ਜੁਆਬ ਹੀ ਨਹੀਂ ਦਿੱਤਾ, ਨੀਤੀ ਵਿਚਾਰੀ ਨੂੰ ਸੁੱਝ ਨਹੀਂ ਸੀ ਰਿਹਾ ਕਿ ਉਹ ਕੀ ਕਰੇ?

ਬਾਕੀ ਲੋਕਾਂ ਵਾਂਗ ਖੜੀ ਰਹੇ... ਜਾਂ ਇੱਕ ਪਾਸੇ ਜਾ ਕੇ ਕੁਰਸੀ ਤੇ ਜਾਂ ਸੈੱਟ ਤੇ ਰੱਖੇ ਸੋਫਿਆਂ ਵਿਚੋਂ ਕਿਸੇ ਇੱਕ 'ਤੇ ਬੈਠ ਜਾਵੇ... ਜਾਂ ਮੇਕਅੱਪ ਰੂਮ 'ਚ ਮੁੜ ਜਾਵੇ... ਪਰ ਉਸਦਾ ਮਨ ਜਿਹਾ ਖਰਾਬ ਹੋ ਗਿਆ।

"ਸਾਲੀ ਰਾਤ ਕੋ ਠੁਕਵਾਤੀ ਹੈਂ ਫਿਰ ਅਗਲੇ ਦਿਨ ਸੈੱਟ ਪੇ ਲੇਟ ਆਤੀ ਹੈਂ।" ਮੈਡਮ ਗੁੱਸੇ 'ਚ ਉਹ ਉਹ ਬੋਲ ਰਹੀ ਸੀ ਕਿ ਉਸਨੂੰ ਸੁਣ ਸੁਣ ਕੇ ਸ਼ਰਮ ਆ ਰਹੀ ਸੀ, ਏਨੇਂ ਲੋਕ ਸੁਣ ਰਹੇ ਸਨ... ਕੀ ਸੋਚਦੇ ਹੋਣਗੇ ਮੈਡਮ ਬਾਰੇ... ਕੁੱਝ ਤਾਂ ਜ਼ੁਬਾਨ ਤੇ ਕੰਟਰੋਲ ਹੋਣਾ ਹੀ ਚਾਹੀਦਾ ਹੈ ਨਾ... ਕੌਣ ਕਹਿ ਸਕਦਾ ਹੈ ਇਹ ਉਹੀ ਕਰੁਣਾ ਨਿਹਲਾਨੀ ਮੈਡਮ ਹੈ ਜੋ ਜਵਾਨੀ ਵੇਲੇ ਫਿਲਮ ਇੰਡਸਟਰੀ 'ਚ ਛਾਈ ਹੋਈ ਸੀ, ਹੀਰੋਇਨ, ਕਰੈਕਟਰ ਆਰਟਿਸਟ ਤੇ ਉਮਦਾ ਡਾਂਸਰ...

ਕਿਸੀ ਇੱਕ ਕਮੇਡੀਅਨ ਆਰਟਿਸਟ ਨਾਲ ਬੜੇ ਸਾਲਾਂ ਤੱਕ ਇਸ਼ਕ ਚੱਲਦਾ ਰਿਹਾ ਪਰ ਅਖ਼ੀਰ ਉਸਨੇ ਧੋਖਾ ਦਿੱਤਾ ਤੇ ਛੱਡ ਗਿਆ, ਫਿਰ ਜਦ ਚਾਲੀਆਂ ਤੋਂ ਵੀ ਵੱਧ ਸਾਲਾਂ ਦੀ ਹੋਈ ਤਾਂ ਇੱਕ ਵਿਆਹੇ ਹੋਏ ਦੋ ਬੇਟੀਆਂ ਦੇ ਬਾਪ ਪ੍ਰੋਡਿਊਸਰ ਡਾਇਰੈਕਟਰ ਨਾਲ ਵਿਆਹ ਕਰਾ ਲਿਆ ਤੇ ਉਸ ਨਾਲ ਮਿਲ ਕੇ ਇੱਕ ਪ੍ਰੋਡਕਸ਼ਨ ਹਾਊਸ ਖੋਲ੍ਹ ਲਿਆ ਤੇ ਹਿੰਦੀ ਸੀਰੀਅਲ ਬਣਾਉਣ ਲੱਗ ਪਈ। ਇਹ ਸੀਰੀਅਲ ਉਸਦਾ ਦੂਜਾ ਸੀਰੀਅਲ ਸੀ ਤੇ ਇਸਦੀ ਡਾਇਰੈਕਟਰ ਵੀ ਉਹ ਆਪ ਹੀ ਬਣ ਗਈ। ਵਿਆਹ ਹੋਏ ਨੂੰ ਉਸਦੇ ਪੰਦਰਾਂ ਕੁ ਸਾਲ ਹੋ ਚੁੱਕੇ ਸਨ, ਔਲਾਦ ਕੋਈ ਹੋਈ ਨਹੀਂ, ਪਰ ਕੰਜੂਸ ਏਨ੍ਹੀਂ ਕਿ ਲੱਗਦਾ ਸੀ ਬਹੁਤ



ਸਾਰੇ ਨਿਆਨਿਆਂ ਨਿੱਕਿਆਂ ਦੀ ਜ਼ਿੰਮੇਵਾਰੀ ਹੈ ਉਸਤੇ...।

ਬਾਰਾਂ ਘੰਟੇ ਦੀ ਇੱਕ ਸ਼ਿਫਟ ਹੁੰਦੀ ਹੈ। ਤੇ ਹਰ ਥਾਂ ਤੇ ਹਰ ਸੂਟਿੰਗ ਤੇ ਸ਼ਿਫਟ ਦੇ ਅੱਧਾ ਘੰਟਾ ਪਹਿਲਾਂ ਸਭ ਨੂੰ ਬੁਲਾਇਆ ਜਾਂਦਾ ਹੈ, ਆਰਟਿਸਟਾਂ ਨੂੰ ਤੇ ਟੈਕਨੀਸ਼ੀਅਨਾਂ ਨੂੰ। ਪਰ ਇਸ ਮੈਡਮ ਦੀ ਸ਼ੂਟਿੰਗ ਤੇ ਸਭ ਨੂੰ ਇੱਕ ਘੰਟਾ ਪਹਿਲਾਂ ਬੁਲਾਇਆ ਜਾਂਦਾ ਹੈ ਤੇ ਗਰੇਸ ਪੀਰੀਅਡ ਹਰ ਸ਼ੂਟਿੰਗ ਤੇ ਇੱਕ ਘੰਟਾ ਹੀ ਵੱਧ ਲਿਆ ਜਾਂਦਾ ਹੈ, ਵਾਧੂ ਭਾਵ ਕਿ ਜੇ ਨੌਂ ਵਜੇ ਤੋਂ ਨੌਂ ਵਜੇ ਦੀ ਸ਼ਿਫਟ ਹੈ ਤਾਂ ਬੁਲਾਇਆ ਜਾਵੇਗਾ ਸਾਢੇ ਅੱਠ ਵਜੇ ਸਵੇਰੇ ਤੇ ਛੱਡਿਆ ਜਾਵੇਗਾ ਦੱਸ ਵਜੇ ਰਾਤ ਨੂੰ। ਪਰ ਮੈਡਮ ਦੀ ਸੂਟਿੰਗ ਤੇ ਬੁਲਾਇਆ ਜਾਵੇਗਾ ਨੌਂ ਦੀ ਸ਼ਿਫਟ ਤੇ ਸਵੇਰੇ ਅੱਠ ਵਜੇ ਤੇ ਛੱਡਿਆ ਜਾਵੇਗਾ ਰਾਤ ਸਾਢੇ ਦੱਸ ਵਜੇ ਤੇ ਸਵੇਰੇ ਸੱਤ ਵਜੇ ਤੋਂ ਸ਼ਾਮ ਸੱਤ ਵਜੇ ਦੀ ਸ਼ਿਫਟ ਵਿੱਚ ਬੁਲਾਇਆ ਜਾਵੇਗਾ ਸਵੇਰੇ ਛੇ ਵਜੇ ਤੇ ਛੱਡਿਆ ਜਾਵੇਗਾ ਸ਼ਾਮ ਨੂੰ ਸਾਢੇ ਅੱਠ ਵਜੇ... ਭਾਵ ਕਿ ਹਰ ਪਾਸਿਓਂ ਚਪਤ ਲਗਾਈ ਜਾਂਦੀ ਸੀ। ਸਭ ਆਰਟਿਸਟ ਤੇ ਟੈਕਨੀਸੀਅਨ ਆਪਸ ਵਿੱਚ ਘੁਸਰ ਮੁਸ਼ਰ ਤਾਂ ਕਰਦੇ ਸਨ, ਪਰ ਸਾਹਮਣੇ ਹੋ ਕੇ ਬਗਾਵਤ ਕੋਈ ਨਹੀਂ ਸੀ ਕਰਦਾ। ਤੇ ਨਾ ਹੀ ਕੋਈ ਆਪਣੀ ਆਪਣੀ ਬਣੀ ਐਸੋਸੀਏਸ਼ਨ ਤੱਕ ਕੰਮਪਲੇਟ ਹੀ ਪਹੁੰਚਾਉਂਦਾ ਸੀ... ਬਸ ਚੁੱਪ ਚਾਪ ਸਭ ਸਹੀ ਜਾਂਦੇ ਸਨ ਸਾਰੇ, ਹਾਂ ਕਦੀ ਕਿਸੀ ਨੂੰ ਕਿਸੇ ਹੋਰ ਪਾਸੇ ਚੰਗਾ ਕੰਮ ਮਿਲ ਜਾਂਦਾ ਸੀ ਤਾਂ ਛੱਡ ਕੇ ਚਲਾ ਜਾਂਦਾ ਸੀ, ਪਰ ਆਰਟਿਸਟਾਂ ਲਈ ਤਾਂ ਇਹ ਵੀ ਔਖਾ ਹੁੰਦਾ ਹੈ, ਲਿਖਤੀ ਕਾਨਟਰੈਕਟ ਬਣਾਏ ਜਾਂਦੇ ਹਨ ਤੇ ਜੇ ਉਸ 'ਚੋਂ ਨਿਕਲਣਾ ਹੋਵੇ ਤਾਂ ਬਹੁਤ ਚਿੱਕ ਚਿੱਕ ਹੁੰਦੀ ਹੈ ਭਾਵ ਐਸੋਸੀਏਸ਼ਨ ਨੂੰ ਲਿਖ ਕੇ ਦੇਵੋ, ਪ੍ਰੋਡਿਊਸਰ ਨੂੰ ਲਿਖ ਕੇ ਦੇਵੋ, ਚੈਨਲ ਨੂੰ ਵੀ ਕਈ ਵੇਰ ਲਿਖ ਕੇ ਭੇਜਣਾ ਪੈਂਦਾ ਹੈ, ਤਾਂ ਕਿਤੇ ਜਾ ਕੇ ਇੱਕ ਕਾਨਟਰੈਕਟ 'ਚੋਂ ਨਿਕਲ ਸਕਦੇ ਹਾਂ...।

ਮੈਡਮ ਦੀ ਸਵੇਰ ਦੀ ਬੇਰੁਖੀ ਦਾ ਉਸਨੇ ਬੁਰਾ ਤਾਂ ਨਹੀਂ ਮਨਾਇਆ, ਹਾਂ ਮਨ ਚਾਹੇ ਭਾਰੀ ਜਿਹਾ ਜ਼ਰੂਰ ਹੋ ਗਿਆ ਸੀ ਪਰ ਉਸਨੂੰ ਮੈਡਮ ਤੇ ਤਰਸ ਜਿਹਾ ਵੀ ਆਇਆ ਸੀ... ਵਿਚਾਰੀ ਕਿਵੇਂ ਤੜਫ ਰਹੀ ਹੈ... ਪਰ ਉਹ ਹੈਰਾਨ ਜਿਹੀ ਵੀ ਹੋਈ ਕਿ ਜਦ ਉਹ ਦੋਵੇਂ ਲੀਡ ਰੋਲ ਕਰਨ ਵਾਲੀਆਂ ਲੜਕੀਆਂ ਤਿਆਰ ਹੋ ਕੇ ਸੈੱਟ ਤੇ ਆਈਆਂ ਤਾਂ ਮੈਡਮ ਨੇ ਬੜਾ ਝੂਠਾ ਝੂਠਾ ਜਿਹਾ ਗੁੱਸਾ ਹੀ ਵਿਖਾਇਆ ਉਹ ਵੀ ਬੇਬੀ ਬੇਬੀ ਕਹਿ ਕੇ ... ਕਿਉਂਕਿ ਉਸਨੂੰ ਲੱਗਦਾ ਸੀ ਇਹ ਕੁੜੀਆਂ ਤਾਂ ਸਟਾਰ ਹਨ...। ਅਸਲ 'ਚ ਉਹ ਆਰਟਿਸਟਾਂ ਨੂੰ ਖੁੱਲ੍ਹ ਕੇ ਕੁੱਝ ਕਹਿੰਦੀ ਵੀ ਨਹੀਂ ਸੀ, ਬੱਸ ਪਿੱਠ ਪਿੱਛੇ ਹੀ ਗੰਦਾ ਬੋਲਦੀ ਸੀ ਪਰ ਟੈਕਨੀਸ਼ੀਅਨਾਂ ਨੂੰ ਮੂੰਹ ਤੇ ਵੀ ਗਾਹਲਾਂ ਕੱਢ ਦਿੰਦੀ ਸੀ, ਕਿਉਂਕਿ ਉਹ ਜਾਣਦੀ ਸੀ ਟੈਕਨੀਸ਼ੀਅਨ ਛੱਡ ਕੇ ਚਲਾ ਜਾਵੇ ਤਾਂ ਜ਼ਿਆਦਾ ਪ੍ਰਾਬਲਮ ਨਹੀਂ ਆਵੇਗੀ। ਉਸ ਦੀ ਥਾਂ ਹੋਰ ਟੈਕਨੀਸ਼ੀਅਨ ਝੱਟ ਮਿਲ ਜਾਵੇਗਾ ਪਰ ਆਰਟਿਸਟ ਨਾਲ ਪੰਗਾ ਲਵੇਗੀ ਤਾਂ ਗੱਲ ਐਸੋਸੀਏਸ਼ਨਾਂ ਤੱਕ ਪਹੁੰਚੇਗੀ... ਤੇ ਮਸਲਾ ਲੰਬਾ ਹੋ ਜਾਏਗਾ... ਪਰ ਇਨਡਾਇਰੈਕਟਲੀ ਉਹ ਆਰਟਿਸਟਾਂ ਸਾਹਮਣੇ ਵੀ ਉਹ , ਉਹ ਕੁੱਝ ਬੋਲ ਦਿੰਦੀ ਸੀ ਕਿ ਸਭ ਉਸ ਤੋਂ ਜਕਦੇ ਜਿਹੇ ਹੀ ਸਨ... ਪਰ ਮੇਕਅੱਪ ਰੂਮਾਂ 'ਚ ਬੈਠ ਕੇ ਉਸਨੂੰ ਖੂਬ ਕ੍ਰਿਟੀਸਾਇਜ਼ ਕਰਦੇ ਸਨ। ਹੋਰ ਤਾਂ ਹੋਰ ਬਾਕੀ ਪ੍ਰੋਡਕਸ਼ਨ ਹਾਊਸਾਂ ਤੇ ਉਨ੍ਹਾਂ ਆਰਟਿਸਟਾਂ ਤੱਕ ਵੀ ਉਸਦੀ ਇਮੇਜ ਦੀ ਬੜੀ ਥੂਹ ਥੂਹ ਹੋ ਰਹੀ ਸੀ ਜਿਹਨਾਂ ਨੂੰ ਉਸ ਨਾਲ ਕੰਮ ਕਰਨ ਦਾ ਇਕਸਪੀਰੀਐਂਸ ਨਹੀਂ ਵੀ ਸੀ...।

"ਅਰੇ ਆਪ ਕਰੁਣਾ ਨਿਹਲਾਨੀ ਕੀ ਪ੍ਰੋਡਕਸ਼ਨ ਮੇਂ ਕਾਮ ਕਰ ਰਹੇ ਹੋ? ਸੁਨਾ ਹੈ ਵੋ ਬਹੁਤ ਗਾਲੀ ਦੇਤੀ ਹੈਂ?"

"ਨਹੀਂ ਆਰਟਿਸਟੋਂ ਕੋ ਨਹੀਂ ਦੇਤੀਂ ਸਿਰਫ ਟੈਕਨੀਸੀਅਨ ਲੋਗੋਂ ਕੋ ਹੀ ਦੇਤੀਂ ਹੈਂ, ਵੋ ਭੀ ਕਭੀ ਕਭੀ...।" ਨੀਤੀ ਕੱਚੀ ਜਿਹੀ ਹੋ ਕੇ ਜੁਆਬ ਦਿੰਦੀ ਸੀ। ਉਸਨੂੰ ਬੜਾ ਬੁਰਾ ਲੱਗਦਾ ਸੀ ਜਦ ਲੋਕ ਮੈਡਮ ਬਾਰੇ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਦੇ ਸਨ...। ਪਤਾ ਨਹੀਂ ਕਿਉਂ ਨੀਤੀ ਨੂੰ ਮੈਡਮ ਚੰਗੀ ਲੱਗਦੀ ਸੀ, ਏਦਾ ਲੱਗਦਾ ਸੀ ਉਹ ਮੈਡਮ ਦਾ ਦੁੱਖ ਸਮਝਦੀ ਹੈ... ਵਿਚਾਰੀ ਕਿੰਨੀ ਮਿਹਨਤੀ ਹੈ, ਖ਼ੁਦ ਵੀ ਤਾਂ ਸਭ ਤੋਂ ਪਹਿਲਾਂ ਸੈੱਟ ਤੇ ਪਹੁੰਚ ਜਾਂਦੀ ਹੈ, ਸਕਰਿਪਟ ਵੇਖਦੀ ਹੈ, ਸਗੋਂ ਘਰੋਂ ਹੀ ਹੋਮਵਰਕ ਕਰ ਕੇ ਆਉਂਦੀ ਹੈ ਫਿਰ ਸੈੱਟ ਤੇ ਹਰ ਚੀਜ਼ ਦਾ ਨਿਰੀਖਣ ਕਰਨਾ, ਹਰ ਇੱਕ ਦਾ ਕਾਲ ਟਾਇਮ ਵੇਖਣਾ, ਹਰ ਡਿਪਾਰਟਮੈਂਟ ਚਾਹੇ ਉਹ ਸੈਟਿੰਗ ਹੋਵੇ, ਪ੍ਰੋਡਕਸ਼ਨ ਹੋਵੇ, ਮੇਕਅੱਪ, ਹੇਅਰ, ਡਰੈਸਜ਼, ਹਰ ਨਿੱਕੀ ਤੋਂ ਵੱਡੀ ਚੀਜ਼ ਦਾ ਖਿਆਲ

ਰੱਖਣਾ, ਕੰਟਰੋਲ ਰੱਖਣਾ, ਫੇਰ ਵੀ ਚੀਜ਼ਾਂ ਠੀਕ ਨਾ ਹੋਣ ਤਾਂ ਖਿੱਝ ਤਾਂ ਆ ਹੀ ਜਾਂਦੀ ਹੈ ਨਾ... ਨੀਤੀ ਮਨ ਹੀ ਮਨ ਮੈਡਮ ਦੀ ਸ਼ਲਾਘਾ ਕਰਦੀ, ਵਿਚਾਰੀ ਪੜ੍ਹੀ ਲਿਖੀ ਵੀ ਨਹੀਂ ਹੈ, ਸੁਣਿਆ ਹੈ ਉਸਨੇ ਸਕੂਲ ਦਾ ਮੂੰਹ ਵੀ ਨਹੀਂ ਵੇਖਿਆ...। ਛੋਟੀ ਜਿਹੀ ਸੀ ਤਾਂ ਪਿਓ ਜੋ ਕਿ ਥੀਏਟਰ ਆਰਟਿਸਟ ਸੀ, ਚੱਲ ਵੱਸਿਆ, ਮਾਂ ਵੀ ਜੋ ਕਿ ਥੀਏਟਰ ਆਰਟਿਸਟ ਹੀ ਸੀ, ਇਸਨੂੰ ਨਿੱਕੀ ਜਿਹੀ ਨੂੰ ਹੀ ਚਾਈਲਡ ਆਰਟਿਸਟ ਬਣਾ ਦਿੱਤਾ, ਇਸਦੇ ਪੰਜ ਛੇ ਹੋਰ ਭੈਣ ਭਰਾ ਸਨ ਜੋ ਕਿ ਪੜ੍ਹ ਰਹੇ ਸਨ, ਇਹ ਵਿਚਾਰੀ ਆਪਣੇ ਵੱਡੇ ਭੈਣ ਭਰਾਵਾਂ ਨੂੰ ਪੜ੍ਹਾਉਣ ਲਈ ਤੇ ਘਰ ਦੇ ਖਰਚੇ ਪੂਰੇ ਕਰਨ ਲਈ ਚਾਈਲਡ ਆਰਟਿਸਟ ਤੋਂ ਲੈ ਕੇ ਹੀਰੋਇਨ ਤੱਕ ਬਣ ਗਈ ਪਰ ਕੰਮ ਕਰਦੀ ਰਹੀ ਲਗਾਤਾਰ। ਫਿਰ ਪਿਆਰ 'ਚ ਅਸਫ਼ਲਤਾ ਤੇ ਫੇਰ ਵੱਡੀ ਉਮਰੇ ਵਿਆਹ ਤੇ ਔਲਾਦ ਤੋਂ ਵਾਂਝੀ... ਆਪਣੀ ਅੰਦਰਲੀ ਖਿੱਝ ਆਲੇ ਦੁਆਲੇ ਨਹੀਂ ਕੱਢੇਗੀ ਤਾਂ ਕੀ ਕਰੇਗੀ? ਪੜ੍ਹੀ ਲਿਖੀ ਨਾ ਹੋਣ ਕਰਕੇ ਗਾਹਲਾਂ ਵੀ ਉਹੋ ਜਿਹੀਆਂ ਹੀ ਕੱਢੇਗੀ ਜਿਹੋ ਜਿਹੀਆਂ ਗੰਵਾਰ ਲੋਕ ਕੱਢਦੇ ਨੇ... ਆਪਣੇ ਸੀਰੀਅਲ ਦੀਆਂ ਹੀਰੋਇਨਾਂ ਵਾਂਗ 'ਓ ਸ਼ਿਟ!" 'ਓ ਫੱਕ' ਥੋੜ੍ਹੇ ਨਾ ਕਰੇਗੀ... ਨੀਤੀ ਮਨ ਹੀ ਮਨ ਮੈਡਮ ਬਾਰੇ ਸੋਚ ਸੋਚ ਕੇ ਉਸਨੂੰ ਬਰੀ ਕਰ ਦਿੰਦੀ... ਜੇ ਕੋਈ ਹੋਰ ਵੀ ਉਸਦੇ ਸਾਹਮਣੇ ਮੈਡਮ ਦੀ ਬੁਰਾਈ ਕਰਦਾ ਤਾਂ ਵੀ ਨੀਤੀ ਨੂੰ ਚੰਗਾ ਨਾ ਲੱਗਦਾ... ਖ਼ਾਸ ਕਰ ਕੇ ਇਹ ਐਕਸੇਂਟ 'ਚ ਇੰਗਲਿਸ਼ ਬੋਲਣ ਵਾਲੀਆਂ, ਨਵੀਂ ਹਵਾ ਦੀਆਂ, ਯੰਗ ਲੀਡ ਰੋਲ ਕਰਨ ਵਾਲੀਆਂ ਆਰਟਿਸਟ ਕੁੜੀਆਂ... ਜੇ ਉਹ ਨੀਤੀ ਨਾਲ ਮੇਕਅੱਪ ਰੂਮ ਸੇਅਰ ਨਹੀਂ ਸੀ ਕਰਨਾ ਚਾਹੁੰਦੀਆਂ ਤਾਂ ਨੀਤੀ ਵੀ ਨਹੀਂ ਸੀ ਚਾਹੁੰਦੀ ਕਿ ਉਨ੍ਹਾਂ ਨਾਲ ਮੇਕਅੱਪ ਰੂਮ 'ਚ ਬੈਠਿਆ ਜਾਵੇ। ਜਦ ਕੋਈ ਵਿਚਾਰ ਹੀ ਨਹੀਂ ਮਿਲਦਾ, ਸੋਚ ਹੀ ਨਹੀਂ ਮਿਲਦੀ ਤਾਂ ਪੂਰਾ ਪੂਰਾ ਦਿਨ ਤੁਸੀਂ ਕਿਵੇਂ ਕਿਸੇ ਨੂੰ ਝੇਲ ਸਕਦੇ ਹੋ? ਨੀਤੀ ਨੂੰ ਯਾਦ ਆਇਆ ਬਚਪਨ 'ਚ ਕਦੇ ਮੂੰਹੋਂ 'ਹਾਏ' ਨਿਕਲ ਜਾਂਦੀ ਸੀ ਤਾਂ ਉਸਦੀ ਮਾਂ ਤੇ ਉਸਦੀ ਦਾਦੀ, ਉਸਨੂੰ ਝਿੜਕਦੀਆਂ ਸਨ ਕਿ 'ਹਾਏ' ਨਹੀਂ ਕਹੀਦਾ...। ਪਰ ਹੁਣ ਵੇਖੋ ਇਹ ਮਾਡਰਨ ਕੁੜੀਆਂ ਮੁੰਡੇ ਇਕ ਦੂਜੇ ਨੂੰ ਮਿਲਦੇ ਹੀ 'ਹਾਏ' ਕਹਿ ਦੇ ਨੇ... ਫੇਰ ਸਾਰਾ ਦਿਨ ਇੰਗਲਿਸ਼ 'ਚ ਗਾਹਲਾਂ... ਨੌਨਵੈਜ ਜੋਕਸ ... ਨੀਤੀ ਨਾਲ ਉਨ੍ਹਾਂ ਦੀ ਸੋਚ ਕਿਵੇਂ ਮਿਲ ਸਕਦੀ ਹੈ ਭਲਾ? ਉਸਨੂੰ ਤਾਂ ਕਿਤਾਬਾਂ ਪੜ੍ਹਨੀਆਂ ਚੰਗੀਆਂ ਲੱਗਦੀਆਂ ਨੇ, ਕਿਤਾਬਾਂ ਤੇ ਗੱਲਾਂ ਕਰਨਾ ਚੰਗਾ ਲੱਗਦਾ ਹੈ, ਨੰਗੀਆਂ ਗੱਲਾਂ, ਸਿਗਰੇਟ, ਡਰੱਗਸ, ਬਿਚਿੰਗ ਤੋਂ ਪਰਹੇਜ਼ ਸੀ ਉਸਨੂੰ। ਫੇਰ ਦੱਸੋ ਉਸਨੂੰ ਲੇਫ਼ਟ ਆਊਟ ਨਹੀਂ ਕੀਤਾ ਜਾਵੇਗਾ ਤਾਂ ਹੋਰ ਕੀ ਹੋਵੇਗਾ?

ਇਸੀ ਲਈ ਸ਼ਾਇਦ ਕਿਤੇ ਨਾ ਕਿਤੇ ਧੁਰ ਆਪਣੇ ਮਨ ਦੇ ਅੰਦਰੋਂ ਉਹ ਮੈਡਮ ਦੀ ਤਿਲਮਿਲਾਹਟ ਨਾਲ ਹਮਦਰਦੀ ਰੱਖਦੀ ਸੀ... ਵਿਚਾਰੀ ਬਚਪਨ ਤੋਂ ਲੈ ਕੇ ਜਵਾਨੀ ਤੱਕ ਮਿਹਨਤ ਕਰਦੀ ਰਹੀ, ਵਕਤ ਦੇ ਥਪੇੜੇ ਤੇ ਧੋਖੇ ਸਹਿੰਦੀ ਰਹੀ, ਹੁਣ ਬੁਢਾਪੇ 'ਚ ਆ ਕੇ ਇਸ ਨਵੀਂ ਜਨਰੇਸ਼ਨ ਤੋਂ ਮਾਤ ਖਾ ਰਹੀ ਸੀ। ਕਿਉਂਕਿ ਮੈਡਮ ਦੇ ਏਨ੍ਹੇ ਕੌੜੇ ਸੁਭਾਅ ਦੇ ਬਾਵਜੂਦ ਏਨੀ ਸਖ਼ਤੀ ਦੇ ਬਾਅਦ ਵੀ ਇਹ ਨਵੀਂ ਜਨਰੇਸ਼ਨ ਦੀਆਂ ਕੁੜੀਆਂ ਆਪਣੀ ਆਵਾਜ਼ ਉਠਾ ਹੀ ਦਿੰਦੀਆਂ ਸਨ, ਕਦੀ ਡਰੈਸ਼ਜ਼ ਨੂੰ ਲੈ ਕੇ ਕਦੇ ਖਾਣ ਪੀਣ ਦੇ ਮਾੜੇ ਸਿਸਟਮ ਨੂੰ ਲੈ ਕੇ...। ਉਦੋਂ ਮੈਡਮ ਦਾ ਚਿਹਰਾ ਵੇਖਣ ਯੋਗ ਹੁੰਦਾ ਸੀ...।

"ਬੇਸ ਬੇਬੀ, ਮੈਂ ਕਰਤੀ ਹੂੰ ਇਨ ਹਰਾਮਖੋਰੋਂ ਕੋ ਠੀਕ, ਯੇ ਮੇਰੇ ਪਰ ਤੋਂ ਪੂਰਾ ਬਿਲ ਫੜਾਤੇ ਹੈ, ਪਰ ਖਾਨਾ ਥਰਡ ਕਲਾਸ ਲਾਤੇ ਹੈਂ, ਚੂਤੀਏ ਸਾਲੇ... ਮੈਂ ਬਜਾਤੀ ਹੂੰ ਅਬ ਇਨਕੀ ਬੈਂਡ...।" ਮੈਡਮ ਕੁੜੀਆਂ ਦੀ ਹਾਂ 'ਚ ਹਾਂ ਮਿਲਾਉਂਦੀ।

ਪਰ ਅਸਲ 'ਚ ਗੱਲ ਇਹ ਸੀ ਕਿ ਮੈਡਮ ਹਰ ਚੀਜ਼ 'ਚ ਪੈਸਾ ਬਚਾਉਂਦੀ ਸੀ...।

"ਜਿਸਕਾ ਲੁਬਾਨ ਜਲਤਾ ਹੈ ਨਾ ਓਸੇ ਪਤਾ ਹੋਤਾ ਹੈ ਕਿ ਗਾਂਡ ਕੈਸੇ ਜਲਤੀ ਹੈ...।" ਮੈਡਮ ਅਕਸਰ ਕਹਿੰਦੀ ਸੀ...।

"ਇਸਕੇ ਘਰ ਵਾਲੇ ਕੇ ਜਮਾਈ ਖਾਏਂਗੇ ਇਸ ਕਾ ਪੈਸਾ ਜੋ ਬੇ ਬਚਾ ਕੇ ਜੋੜ ਰਹੀ ਹੈ।" ਆਰਟਿਸਟ ਅਕਸਰ ਉਸਨੂੰ ਕ੍ਰਿਟੀਸਾਇਜ਼ ਕਰਦੇ ਕਹਿੰਦੇ ਸਨ...। ਪਰ ਨੀਤੀ ਚੁੱਪ ਰਹਿੰਦੀ ਸੀ।

ਉਸਨੂੰ ਇਹ ਸਭ ਸੁਣਨਾ ਚੰਗਾ ਨਹੀਂ ਲੱਗਦਾ ਸੀ, ਉਹ ਚੁੱਪਚਾਪ ਉਥੋਂ ਉੱਠ ਕੇ ਪਰਾਂਹ ਹੋ ਜਾਂਦੀ ਸੀ।



ਪਰ ਜਿੱਦਣ ਉਸਨੂੰ ਆਪ ਝਟਕਾ ਲੱਗਾ ਓਦਣ ਉਸਨੂੰ ਪਤਾ ਲੱਗਾ ਕਿ ਸਭ ਜੋ ਕਹਿੰਦੇ ਹਨ ਠੀਕ ਹੀ ਕਹਿੰਦੇ ਹਨ...। ਗੱਲ ਦਰਅਸਲ ਇਹ ਸੀ ਕਿ ਨੀਤੀ ਦਾ ਜੋ ਕਾਂਨਟਰੈਕਟ ਹੋਇਆ ਸੀ ਮੈਡਮ ਦੇ ਪ੍ਰੋਡਕਸ਼ਨ ਹਾਊਸ ਨਾਲ ਉਹ ਪਰ ਡੇ ਪੇਮੈਂਟ ਦੇ ਹਿਸਾਬ ਨਾਲ ਨਹੀਂ ਹੋਇਆ ਸੀ ਬਲਕਿ ਪਰ ਐਪੀਸੋਡ ਦੇ ਹਿਸਾਬ ਨਾਲ ਹੋਇਆ ਸੀ, ਅਸਲ 'ਚ ਇਹ ਵੀ ਪ੍ਰੋਡਕਸ਼ਨ ਮੇਨੈਜਰ ਦੀ ਹੀ ਚਲਾਕੀ ਸੀ ਜੋ ਮੈਡਮ ਦਾ ਹੀ ਚੰਡਿਆ ਹੋਵੇਗਾ ਕਿ ਵੱਧ ਤੋਂ ਵੱਧ ਪੈਸਾ ਬਚਾਉਣਾ ਹੈ ਭਾਵੇਂ ਧੋਖਾ ਹੀ ਕਿਓਂ ਨਾ ਦੇਣਾ ਪਵੇ ਆਰਟਿਸਟਾਂ ਨੂੰ... ਇੱਕ ਵੇਰ ਸਾਇਨ ਹੋ ਗਏ ਫੇਰ ਕੌਣ ਤੂੰ ਤੇ ਕੌਣ ਮੈਂ? ਨੀਤੀ ਨੂੰ ਯਾਦ ਹੈ ਜਦ ਪ੍ਰੋਡਕਸ਼ਨ ਮੇਨੈਜਰ ਨੇ ਉਸਨੂੰ ਕਿਹਾ ਸੀ ਕਿ ਏਨ੍ਹੇ ਪੈਸੇ ਮਿਲਣਗੇ ਪਰ ਉਹ ਪਰ ਡੇ ਦੇ ਹਿਸਾਬ ਨਾਲ ਨਹੀਂ ਸਗੋਂ ਐਪੀਸੋਡ ਦੇ ਹਿਸਾਬ ਨਾਲ ਮਿਲਗੇ ਤਾਂ ਨੀਤੀ ਨੂੰ ਕੁੱਝ ਵੀ ਅਟਪਟਾ ਨਹੀਂ ਲੱਗਿਆ ਸੀ। ਉਹ ਤਾਂ ਉਦੋਂ ਪਤਾ ਲੱਗਾ ਜਦ ਸੈੱਟ 'ਤੇ ਪਹੁੰਚੀ ਕਿ ਹਰ ਐਪੀਸੋਡ ਜੋ ਕਿ ਹਫ਼ਤੇ 'ਚ ਦੋ ਵੇਰ ਯਾਨਿ ਸ਼ਨੀਵਾਰ ਤੇ ਐਤਵਾਰ ਟੈਲੀਕਾਸਟ ਹੋਣਗੇ ਉਹ ਦੋਵੇਂ ਐਪੀਸੋਡ ਸਵਾ ਸਵਾ ਘੰਟੇ ਦੇ ਹੋਣਗੇ ਤੇ ਸਿਰਫ ਹਫ਼ਤੇ 'ਚ ਦੋ ਵਾਰ! ਤੇ ਸ਼ੂਟਿੰਗ ਹੁੰਦੀ ਸੀ ਹਫ਼ਤੇ 'ਚ ਪੰਜ ਦਿਨ ਤੇ ਕਈ ਵੇਰ ਛੇ ਦਿਨ ਵੀ ਕਿਉਂਕਿ ਇਹ ਸੀਰੀਅਲ ਸੀ ਵੀ ਵੱਡੇ ਪ੍ਰਾਇਵੇਟ ਚੈਨਲ ਲਈ ਸੋ ਖ਼ੂਬ ਜਮ੍ਹਾ ਕੇ ਬਹੁਤ ਸਾਰੇ ਐਂਗਲਾਂ ਤੋਂ ਘੁੰਮਾ ਘੁੰਮਾ ਕੇ ਤਿੰਨ ਤਿੰਨ ਕੈਮਰਿਆਂ ਨਾਲ ਸ਼ੂਟ ਕੀਤਾ ਜਾਂਦਾ ਸੀ, ਫੇਰ ਨੀਤੀ ਨੂੰ ਘੁੰਡੀ ਸਮਝ ਚ ਆਈ ਕਿ ਜੇ ਪਰ ਡੇ ਦੇ ਹਿਸਾਬ ਨਾਲ ਪੈਸੇ ਦੇਣੇ ਤੈਅ ਹੁੰਦੇ ਤਾਂ ਜ਼ਿਆਦਾ ਦੇਣੇ ਪੇਣੇ ਸਨ, ਹੁਣ ਤਾਂ ਪੈਸੇ ਦੇਣੇ ਪੈਂਦੇ ਹਨ ਦੋ ਦਿਨ ਦੇ ਤੇ ਸ਼ੂਟਿੰਗ ਹੁੰਦੀ ਹੈ ਪੰਜ ਤੋਂ ਛੇ ਦਿਨ... ਫੇਰ ਵੀ ਨੀਤੀ ਨੇ ਮਨ ਨੂੰ ਮਨਾ ਲਿਆ, ਆਪਣੇ ਮਨ ਨੂੰ ਸੌ ਸੌ ਦਲੀਲਾਂ ਦੇ ਕੇ, ਕਿ ਚਲ ਕੋਈ ਨ੍ਹੀਂ ਉਹ ਕੰਮ ਤਾਂ ਕਰ ਰਹੀ ਹੈ ਨਾ... ਫੇਰ ਵੱਡਾ ਚੈਨਲ ਹੈ, ਵੱਡਾ ਸੀਰੀਅਲ ਹੈ, ਹਿੱਟ ਵੀ ਹੈ... ਅੱਗੋਂ ਇੱਥੋਂ ਹੀ ਕਮ ਵੇਖ ਕੇ ਹੋਰ ਕੰਮ ਮਿਲੇਗਾ... ਕਹਿੰਦੇ ਨੇ ਨਾ ਕਿ ਜੋ ਦਿਖਤਾ ਹੈ ਵੋ ਬਿਕਤਾ ਹੈ... ਫੇਰ ਮੈਡਮ ਵੀ ਉਸਦੇ ਕੰਮ ਨੂੰ ਬੜਾ ਪਸੰਦ ਕਰਦੀ ਹੈ, ਗਾਹੇ ਵਗਾਹੇ ਉਸਦੀ ਸਿਫ਼ਤ ਕਰਦੀ ਰਹਿੰਦੀ ਹੈ... ਉਹ ਆਪਣੇ ਅਗਲੇ ਸੀਰੀਅਲ 'ਚ ਵੀ ਕਰੇਗੀ ਉਸ ਨੂੰ ਕਾਸਟ, ਆਖਿਰ ਇੰਡਸਟਰੀ 'ਚ ਰਿਲੇਸ਼ਨ ਵੀ ਤਾਂ ਕੰਮ ਆਉਂਦੇ ਨੇ... ਪਰ ਉਸ ਦਿਨ ਮੈਡਮ ਦੀਆਂ ਕੀਤੀਆਂ ਸਭ ਸਿਫ਼ਤਾਂ ਤੇ ਨੀਤੀ ਦੇ ਮਨ ਦੇ ਕਿਸੇ ਕੋਨੇ 'ਚ ਜੋ ਮੈਡਮ ਲਈ ਇੱਕ ਸਾਫ਼ਟ ਕਾਰਨਰ ਸੀ ਉਹ ਸਭ ਚਕਨਾਚੂਰ ਹੋ ਗਏ ਜਦ ਮੈਡਮ ਨੇ ਸੈੱਟ ਤੇ ਸਭ ਦੇ ਸਾਹਮਣੇ ਆਪਣੀ ਚੀਫ ਅਸਿਸਟੈਂਟ ਕੁੜੀ ਦੇ ਕੰਮ 'ਚ ਕੁੱਝ ਕਿਹਾ ਤੇ ਉਹ ਕੁੜੀ ਨੀਤੀ ਕੋਲ ਆ ਕੇ ਫੁਸਫੁਸਾਈ, "ਨੀਤੀ ਮੈਮ, ਅਭੀ ਆਪ ਸਾਇਡ ਮੇਂ ਬੈਠ ਜਾਈਏ ਯਾ ਮੇਕਅੱਪ ਰੂਮ ਮੇਂ ਚਲੇ ਜਾਈਐ... ਕਰੁਣਾ ਮੈਮ ਨੇ ਆਪ ਕੋ ਇਸ ਸੀਨ ਮੈਂ ਨਹੀਂ ਰੱਖਨੇ ਕੋ ਕਹਾ ਹੈ...।"

"ਨਹੀਂ ਰੱਖਨੇ ਕੋ ਕਹਾ ਹੈ ਮਤਲਬ? ਯੇ ਤੋ ਇਸ ਐਪੀਸੋਡ ਕਾ ਆਖਰੀ ਸੀਨ ਹੈ ਨਾ... ਮੈਂ ਤੋਂ ਪੂਰੇ ਐਪੀਸੋਡ ਮੇਂ ਨਹੀਂ ਥੀ, ਇਸ ਮੇਂ ਭੀ ਨਹੀਂ ਰਹੂੰਗੀ ਤੋ... ਮੇਰਾ ਮਤਲਬ ਹੈ...।" ਉਹ ਕਹਿ ਹੀ ਨਹੀਂ ਸਕੀ ਕਿ ਉਸਨੂੰ ਫਿਰ ਇਸ ਐਪੀਸੋਡ ਦੇ ਪੈਸੇ ਨਹੀਂ ਮਿਲਣਗੇ...। ਪਰ ਡੇ ਦੇ ਹਿਸਾਬ ਨਾਲ ਪੇਮੈਂਟ ਤੈਅ ਹੁੰਦੀ ਤਾਂ ਉਸਨੂੰ ਕੋਈ ਫ਼ਰਕ ਨਹੀਂ ਸੀ ਪੈਣਾ... ਕਿਉਂਕਿ ਫੇਰ ਸੀਨ 'ਚ ਰੱਖੋ ਜਾਂ ਨਾ ਪੈਸੇ ਤਾਂ ਉਸ ਦਿਨ ਦੇ ਮਿਲਣੇ ਹੀ ਮਿਲਣੇ ਹਨ, ਸਾਇਨ ਜੁ ਹੋ ਜਾਂਦੇ ਨੇ ਰਜਿਸਟਰ ਤੇ ਕਿ ਆ ਗਏ ਹਾਂ ਸੈੱਟ ਤੇ... ਪਰ ਐਪੀਸੋਡ ਦੇ ਹਿਸਾਬ ਨਾਲ ਤਾਂ ਪੈਸੇ ਤਾਂ ਹੀ ਮਿਲਣਗੇ ਨਾ ਕਿ ਜੇ ਐਪੀਸੋਡ ਦੇ ਕਿਸੀ ਸੀਨ 'ਚ ਹੋਵਾਂਗੇ ਤਾਂ...।

ਨੀਤੀ ਹੱਕੀ ਬੱਕੀ ਰਹਿ ਗਈ! ਉਹ ਮੇਕਅੱਪ ਕਰਵਾ, ਵਾਲ ਬਣਵਾ ਕੇ, ਆਪਣੇ ਕਰੈਕਟਰ ਵਾਲੀ ਡਰੈਸ ਪਹਿਨ ਕੇ, ਸੀਨ ਪੜ੍ਹ ਕੇ ਸੈੱਟ 'ਤੇ ਪਹੁੰਚੀ ਸੀ, ਸੀਨ 'ਚ ਵੀ ਲਿਖਿਆ ਸੀ ਕਿ ਉਹ ਸੀਨ 'ਚ ਹੈ, ਕੋਈ ਡਾਇਲਾਗ ਨਹੀਂ ਸੀ ਪਰ ਮੌਜੂਦਗੀ ਸੀ... ਫੇਰ ਵੇਖੋ ਇਸ ਮੈਡਮ ਦੀ ਚਾਲਾਕੀ ਉਸਨੇ ਪੈਸੇ ਬਚਾਉਣ ਲਈ ਸੈੱਟ ਤੇ ਆ ਕੇ ਤਿਆਰ ਹੋਏ ਆਰਟਿਸਟ ਨੂੰ ਖੜ੍ਹੇ ਖੜ੍ਹੇ ਸੀਨ ਤੋਂ ਬਾਹਰ ਕਰ ਦਿੱਤਾ, ਸਭ ਦੇ ਸਾਹਮਣੇ ... ਸਿਰਫ਼ ਇਸ ਲਈ ਕਿ ਜੇ ਸਾਰੇ ਐਪੀਸੋਡ 'ਚ ਇਸ ਆਰਟਿਸਟ ਦੀ ਲੋੜ ਨਹੀਂ ਪਈ, ਕਹਾਣੀ ਕਿਤੇ ਹੋਰ ਹੀ ਘੁੰਮਦੀ ਰਹੀ ਹੁਣ ਅਖ਼ੀਰਲੇ ਸੀਨ 'ਚ ਵੀ ਇਸ ਆਰਟਿਸਟ ਨੂੰ ਜੇ ਨਹੀਂ ਵੀ ਰੱਖਾਂਗੇ ਤਾਂ ਕੀ ਫ਼ਰਕ

ਪੈਂਦਾ ਹੈ? ਪੈਂਦਾ ਹੈ ਨਾ ਫਰਕ, ਪੈਸੇ ਬੱਚਦੇ ਹਨ... ਸੋ ਬਚਾ ਲਓ। ਆਰਟਿਸਟ ਦੇ ਮਨ ਤੇ ਕੀ ਬੀਤੇਗੀ? ਉਹ ਕੀ ਸੋਚੇਗਾ? ਉਸਨੇ ਆਪਣੇ ਮਨ 'ਚ ਜੋ ਹਿਸਾਬ ਕਿਤਾਬ ਲਗਾ ਰੱਖੇ ਨੇ ਕਿ ਐਸ ਮਹੀਨੇ ਮੈਂ ਏਨਾਂ ਕਮਾ ਲਵਾਂਗੀ, ਐਸ ਮਹੀਨੇ ਮੇਰੇ ਆਹ ਆਹ ਖਰਚੇ ਪੂਰੇ ਹੋ ਜਾਣਗੇ... ਉਹ ਜਾਏ ਭਾੜ 'ਚ। ਉਸ ਨੂੰ ਕੀ ਆਰਟਿਸਟ ਦੇ ਦਿਲ ਨਾਲ ਜਾਂ ਉਸਦੇ ਹਿਸਾਬ ਕਿਤਾਬ ਨਾਲ... ਉਸਨੇ ਤਾਂ ਆਪਣੇ ਪੈਸੇ ਬਚਾਉਣੇ ਹਨ... ਬੱਸ...।

ਨੀਤੀ ਨੂੰ ਇੱਕ ਦਮ ਨਹੀਂ ਸੁੱਝਿਆ ਕਿ ਉਹ ਕੀ ਕਰੇ, ਉਹ ਸੋਚ ਹੀ ਰਹੀ ਸੀ ਕਿ ਮੈਡਮ ਕੋਲ ਜਾ ਕੇ ਰਿਕੁਐਸਟ ਕਰੇ ਕਿ 'ਪਲੀਜ਼ ਮੈਮ ਮੁਝੇ ਸੀਨ ਸੇ ਮਤ ਨਿਕਾਲੋ' ਜਾਂ ਕੁੱਝ ਹੋਰ ਚੰਗਾ ਜਿਹਾ ਬੋਲੇਗੀ ਕਿ ਮੈਡਮ ਉਸਨੂੰ ਵਾਪਿਸ ਸੀਨ 'ਚ ਖੜਾ ਕਰ ਦੇਵੇਗੀ... ਕਿ ਮੈਡਮ ਨੇ ਹੱਥ 'ਚ ਫੜੇ ਮਾਇਕ ਤੇ ਇਨਸਟਰਕਸ਼ਨਜ਼ ਦੇਣੀਆਂ ਸ਼ੁਰੂ ਕਰ ਦਿੱਤੀਆਂ, ਕੈਮਰਾ ਐਂਗਲ ਵੀ ਫਿਕਸ ਹੋ ਗਿਆ ਸੀ ਸੈੱਟ ਤੋਂ ਬਾਹਰ ਜਾਣ ਵਾਲਾ ਦਰਵਾਜ਼ਾ ਫੀਲਡ 'ਚ ਆ ਰਿਹਾ ਸੀ... ਹੁਣ ਨੀਤੀ ਬਾਹਰ ਵੀ ਨਹੀਂ ਜਾ ਸਕਦੀ ਸੀ ਕਿ ਬਾਹਰ ਨਿਕਲ ਕੇ ਮੇਕਅੱਪ ਰੂਮ 'ਚ ਹੀ ਚਲੀ ਜਾਵੇ... ਉਹ ਪਹਿਲਾਂ ਉੱਥੇ ਹੀ ਖੜੀ ਰਹਿ ਗਈ ਫੇਰ ਹੌਲੀ ਹੌਲੀ ਜਾ ਕੇ ਪਿੱਛੇ ਹਨੇਰੇ ਜਿਹੇ ਕੋਨੇ 'ਚ ਪਈ ਕੁਰਸੀ 'ਤੇ ਬੈਠ ਗਈ, ਉਸਨੂੰ ਸਮਝ ਨਹੀਂ ਸੀ ਲੱਗ ਰਿਹਾ ਕਿ ਉਹ ਆਸ-ਪਾਸ ਦੇ ਲੋਕਾਂ ਤੋਂ ਆਪਣੇ ਹੰਝੂ ਕਿਵੇਂ ਲੁਕੋਵੇ...?

ਹੁਣ ਅਗਲੇ ਚਾਰ ਪੰਜ ਦਿਨਾਂ ਤੱਕ ਨੀਤੀ ਨੂੰ ਸ਼ੂਟਿੰਗ ਦਾ ਸੱਦਾ ਨਹੀਂ ਸੀ ਆਇਆ... ਕਿੰਨਾ ਕੁੱਝ ਸੀ ਜੋ ਉਸ ਦੇ ਅੰਦਰ ਚੜ੍ਹਦਾ ਲਹਿੰਦਾ ਰਿਹਾ... ਪੰਜਾ ਕੁ ਦਿਨਾਂ ਬਾਅਦ ਜਦ ਬੁਲਾਵਾ ਆਇਆ ਤਾਂ ਸੈੱਟ ਤੇ ਜਾ ਕੇ ਪਤਾ ਲੱਗਾ ਕਿ ਕਹਾਣੀ ਕਿਤੇ ਸ਼ਹਿਰ ਤੋਂ ਬਾਹਰ ਘੁੰਮ ਰਹੀ ਸੀ, ਨਵੇਂ ਐਪੀਸੋਡ ਦੀ, ਤੇ ਮੈਡਮ ਪੂਰਾ ਯੂਨਿਟ ਲੈ ਕੇ ਆਊਟਡੋਰ ਗਈ ਹੋਈ ਸੀ ਗੋਆ, ਹੁਣ ਸੀਰੀਅਲ ਦੀਆਂ ਸਭ ਆਰਟਿਸਟਾਂ ਨਾਲ ਸੀਨ ਸੀ ਤਾਂ ਨੀਤੀ ਦੀ ਵੀ ਵਾਰੀ ਆ ਗਈ ਸੀ... ਉਹ ਤਿਆਰ ਹੋ ਕੇ ਸੈੱਟ ਤੇ ਪਹੁੰਚੀ ਤਾਂ ਮੈਡਮ ਉੱਥੇ ਨਹੀਂ ਸੀ, ਸ਼ਾਇਦ ਆਪਣੀ ਵੇਨਿਟੀ ਵੈਨ 'ਚ ਹੋਏਗੀ। ਨੀਤੀ ਨੇ ਸੋਚਿਆ, ਫੇਰ ਵੇਖਿਆ ਉਹ ਸਾਹਮਣਿਓਂ ਆ ਰਹੀ ਸੀ,

"ਹਰਾਮਜ਼ਾਦੀ ਪਤਾ ਨਹੀਂ ਕੀਹਦੇ ਕੀਹਦੇ ਨਾਲ ਸੌਂਦੀ ਰਹੀ ਹੋਣੀ ਆਂ ਸਾਰੀ ਉਮਰ... ਬੁੱਢੀ...।" ਨੀਤੀ ਨੇ ਨਫ਼ਰਤ ਨਾਲ ਸੋਚਿਆ।

"ਛੀ ਛੀ ਨੀਤੀ, ਇਹ ਤੂੰ ਸੋਚ ਰਹੀ ਏਂ? ਤੂੰ? ਜੋ ਹਮੇਸ਼ਾ ਇਹੋ ਜਿਹੀ ਘਟੀਆ ਸੋਚਾਂ ਦੇ ਖ਼ਿਲਾਫ਼ ਰਹੀ ਏਂ... ਕੀ ਹੋ ਗਿਆ ਹੈ ਤੈਨੂੰ?" ਆਪਣੇ ਆਪ ਨੂੰ ਹੀ ਲਾਹਣਤ ਪਾਈ ਉਸਨੇ।

"ਹੈਲੋ ਨੀਤੀ... ਬੇਬੀ ਕੈਸੀ ਹੈ?" ਬੜੇ ਤਪਾਕ ਨਾਲ ਮੈਡਮ ਨੇ ਆ ਕੇ ਉਸਨੂੰ ਬੁਲਾਇਆ ਜਿਵੇਂ ਉਸ ਦਿਨ। ਘਟਨਾ ਕਦੇ ਵਾਪਰੀ ਹੀ ਨਾ ਹੋਵੇ...।

"ਆਈ ਵਾਜ਼ ਮਿਸਿੰਗ ਯੂ ਮੈਮ।" ਨੀਤੀ ਨੇ ਖੜੇ ਹੋ ਕੇ ਮੈਡਮ ਨੂੰ ਗੱਲਵਕੱੜੀ ਪਾ ਲਈ, ਪੂਰੀ ਦੁਨੀਆ ਜਿੰਨੇ ਮੋਹ ਨਾਲ...।

"ਇਵਨ ਆਈ ਵਾਜ਼ ਮਿਸਿੰਗ ਯੂ ਡਾਰਲਿੰਗ...।"

ਮੈਡਮ ਨੇ ਖੁਸ਼ ਹੋ ਕੇ ਕਿਹਾ... ਏਨੀਂ ਕੁ ਇੰਗਲਸ਼ ਤਾਂ ਉਹ ਬੋਲ ਹੀ ਲੈਂਦੀ ਸੀ...।

"ਹਾਏ ਮੈਮ...ਗੁੱਡ ਮਾਰਨਿੰਗ... ਹਾਓ ਵਾਜ਼ ਦਾ ਆਊਟ ਡੋਰ ਸੂਟ...?" ਹੁਣ ਕੋਈ ਹੋਰ ਮੈਡਮ ਦੇ ਗਲ੍ਹ ਲੱਗ ਕੇ ਪੁੱਛ ਰਹੀ ਸੀ, ਸਭ ਨੇ ਮੈਡਮ ਨੂੰ ਘੇਰ ਲਿਆ ਸੀ, ਸਭ ਮੈਡਮ ਨੂੰ ਮਿਲ ਰਹੇ ਸਨ, ਸਭ ਚਹਿਕ ਰਹੇ ਸਨ, ਮੈਡਮ ਦਾ ਵੈਲਕਮ ਕਰ ਰਹੇ ਸਨ...। ਪਰ ਅੱਜ ਨੀਤੀ ਨੂੰ ਚੰਗੀ ਤਰ੍ਹਾਂ ਸਮਝ ਆ ਗਿਆ ਸੀ ਕਿ ਇਸ ਗਰਮਾਹਟ ਪਿੱਛੇ ਇਸ ਚਹਿ ਚਹਾਉਣ ਪਿੱਛੇ ਇਸ ਅਪਣੱਤ ਪਿੱਛੇ ਸਭ ਦੀ ਮਜਬੂਰੀ ਸੀ, ਜਿਵੇਂ ਉਸਦੀ ਸੀ ...ਘਰ ਦੇ ਖਰਚਿਆਂ ਨੂੰ ਲੈ ਕੇ... ਮਹਾਂਨਗਰ 'ਚ ਸਰਵਾਇਵ ਕਰਨ ਨੂੰ ਲੈ ਕੇ... ਵਰਨਾ ਕਿਸ ਦਾ ਦਿਲ ਕਰਦਾ ਸੀ ਇਸ ਸੈੱਟ 'ਤੇ ਆਉਣ ਨੂੰ, ਉਸ ਦਿਨ ਦੀ ਹੇਠੀ ਨੂੰ ਸਹਿ ਕੇ...।

(ਸੰਪਰਕ-98190-77617)



## ਕਹਾਣੀ / ਹੋੜ/ - ਬਿੰਦਰ ਬਸਰਾ



ਦਫ਼ਤਰੋਂ ਛੁੱਟੀ ਲੈ ਅੱਜ ਧੁੱਪ ਸੇਕਣ ਲਈ ਛੱਤ 'ਤੇ ਪਿਆ ਸੀ। ਡਾਕਟਰ ਨੇ ਵਿਟਾਮਿਨ ਡੀ ਦੀ ਘਾਟ ਦੱਸੀ ਸੀ। ਉਸ ਨੂੰ ਪੂਰਾ ਕਰਨ ਦੇ ਇਰਾਦੇ ਨਾਲ ਅੱਜ ਛੁੱਟੀ ਲਈ ਸੀ। ਚੜ੍ਹੇ ਸਿਆਲ ਤੋਂ ਛੁੱਟੀ ਵਾਲੇ ਦਿਨ ਕੋਈ ਨਾ ਕੋਈ ਕੰਮ ਪੈਂਦਾ ਰਿਹਾ। ਕਦੇ ਸੂਰਜ ਝਕਾਨੀ ਦਿੰਦਾ ਰਿਹਾ। ਅੱਜ ਲਈ ਛੁੱਟੀ ਤੇ ਧੁੱਪ ਦਾ ਸਬੱਬੀਂ ਮੇਲ ਹੋ ਗਿਆ। ਕੋਸੀ-ਕੋਸੀ ਧੁੱਪ 'ਚ ਕਦੋਂ ਨੀਂਦ ਨੇ ਆ ਘੇਰਿਆ ਪਤਾ ਹੀ ਨਾ ਲੱਗਾ। ਨੀਂਦ ਉਦੋਂ ਟੁੱਟੀ ਜਦੋਂ ਨੇੜੇ ਪਏ ਮੋਬਾਈਲ ਦੀ ਰਿੰਗ ਵੱਜੀ। ਸੌਣ ਤੋਂ ਪਹਿਲਾਂ ਕਈ ਵਾਰ ਸੋਚਿਆ ਮੋਬਾਈਲ ਦਾ ਸਵਿੱਚ ਆਫ ਕਰ ਕੇ ਸੌਂਵਾਂ ਪਰ ਫਿਰ ਇਹ ਸੋਚ ਕੇ ਨਾ ਕਰਦਾ ਕੀ ਪਤਾ ਕਿਸੇ ਨੂੰ ਕੋਈ ਜ਼ਰੂਰੀ ਕੰਮ ਹੋਵੇ ਅਤੇ ਗੱਲ ਨਾ ਹੋ ਸਕੇ। ਕਈ ਵਾਰ ਦਫ਼ਤਰੋਂ ਵੀ ਫੋਨ ਖੜਕ ਜਾਂਦੈ। ਅਣਮੰਨੇ ਜਿਹੇ ਮਨ ਨਾਲ ਫੋਨ ਚੁੱਕ ਕੇ ਹੈਲੋ ਕਿਹਾ।

ਡਿਊਟੀ 'ਤੇ ਹੋ?' ਅਮਨ ਦਾ ਹਾਲ-ਚਾਲ ਪੁੱਛਣ ਪਿੱਛੋਂ ਪਹਿਲਾ ਸਵਾਲ ਸੀ।

'ਨਹੀਂ, ਅੱਜ ਘਰੇ ਹੀ ਹਾਂ। ਧੁੱਪ ਸੇਕਦਿਆਂ ਨੀਂਦ ਆ ਗਈ।' ਮੈਂ ਢਿੱਲੀ ਜਿਹੀ ਆਵਾਜ਼ 'ਚ ਹੁੰਗਾਰਾ ਭਰਿਆ।'

'ਚਲੋ ਸੌਂ ਜਾਓ ਫੇਰ ਬਾਦ 'ਚ ਗੱਲ ਕਰਦੇ ਹਾਂ।' ਉਸ ਕਾਲ ਕੱਟਣ ਲਈ ਕਿਹਾ।

'ਕੋਈ ਨਹੀਂ ਦੱਸੋ ਤੁਸੀਂ।' ਮੈਨੂੰ ਭਾਵੇਂ ਪਤਾ ਸੀ ਕਿ ਉਹ ਕੀ ਕਹਿਣ ਵਾਲੀ ਹੈ ਫੇਰ ਵੀ ਮੈਂ ਪੁੱਛ ਲਿਆ।

'ਉਹਨੂੰ ਵੀ ਕਹੋ, ਕਦੇ ਘਰ ਟਿਕ ਕੇ ਬੈਠ ਜਾਇਆ ਕਰੇ।' ਬਿਨਾਂ ਕਿਸੇ ਭੂਮਿਕਾ ਦੇ ਉਸ ਆਪਣੀ ਕਥਾ ਸ਼ੁਰੂ ਕੀਤੀ ਸੀ। ਜੇ ਉਹ ਸਹਿਜ ਹੁੰਦੀ ਤਾਂ ਉਸ ਕਹਿਣਾ ਸੀ, 'ਉਨ੍ਹਾਂ ਨੂੰ ਵੀ ਕਹੋ, ਕਦੇ ਛੁੱਟੀ ਕਰ ਲਿਆ ਕਰਨ, ਚੌਵੀ ਘੰਟੇ ਕੰਮ ਹੀ ਕੰਮ ਗਾਉਂਦੇ ਰਹਿੰਦੇ ਨੇ। ਜਦੋਂ ਤਕ ਉਹ ਮਨ ਦੀ ਭਾਫ਼ ਕੱਢਦੀ ਰਹੀ ਉਹ ਦਾ ਪਤੀ ਗੁਰਵਿੰਦਰ ਉਰਫ ਗਿੰਦਰ ਮੇਰੀਆਂ ਸੋਚਾਂ 'ਚ ਤੁਰਦਾ ਰਿਹਾ। ਹੁੰਗਾਰਾ ਭਾਵੇਂ ਮੈਂ ਅਮਨ ਦੀਆਂ ਗੱਲਾਂ ਦਾ ਭਰਦਾ ਰਿਹਾ ਪਰ ਸੋਚਦਾ ਆਪਣੇ ਜਮਾਤੀ ਰਹੇ ਬੇਲੀ ਗਿੰਦਰ ਬਾਰੇ ਰਿਹਾ। ਅਸੀਂ ਤਿੰਨੋਂ ਕਾਲਜ ਦੇ ਜਮਾਤੀ ਰਹੇ ਹਾਂ। ਗਿੰਦਰ ਨਾਲ ਉਦੋਂ ਦੀ ਦੋਸਤੀ ਨਿਭਦੀ ਆਈ ਹੈ। ਅਮਨ ਦੇ ਉਹਦੇ ਨਾਲ ਵਿਆਹ ਪਿੱਛੋਂ ਹੁਣ ਉਹ ਵੀ ਆਪਣਾ ਦੁੱਖ-ਸੁੱਖ ਮੇਰੇ ਨਾਲ ਸਾਂਝਾ ਕਰ ਲੈਂਦੀ ਏ। ਸਾਂਝਾ ਕਾਹਨੂੰ ਕਰਦੀ ਏ, ਰੋ ਲੈਂਦੀ ਏ। ਕਦੇ-ਕਦੇ ਮੇਰਾ ਮੱਠਾ ਹੁੰਗਾਰਾ ਸੁਣ ਕੇ ਮੈਨੂੰ ਵੀ ਵਿੱਚੇ ਦਬੱਲ ਤੁਰਦੀ ਏ। ਕਦੇ ਕਹਿੰਦੀ ਏ,'ਤੁਸੀਂ ਦੋਵੇਂ ਇਕੋ ਈ ਓ। ਰਲੇ ਹੋਏ।' ਮੈਂ ਉਸ ਦਾ ਰੋਣਾ ਧੋਣਾ ਸਮਝਦਾਂ। ਕਦੇ ਮੈਨੂੰ ਲੱਗਦਾ ਉਹ ਆਪਣੇ ਥਾਂ ਸਹੀ ਹੈ। ਜਦੋਂ ਇਸ ਬਾਰੇ ਗਿੰਦਰ ਨਾਲ ਗੱਲ ਕਰਦਾਂ, ਉਹਦਾ ਪੱਖ ਉਸ ਨਾਲੋਂ ਵੀ ਤਕੜਾ ਲੱਗਦਾ।

ਹਰ ਦੂਜੇ ਤੀਜੇ ਮਹੀਨੇ ਉਨ੍ਹਾਂ ਦੀ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਖੜਕੀ ਰਹਿੰਦੀ ਹੈ। ਬਹੁਤੀਆਂ ਸ਼ਿਕਾਇਤਾਂ ਅਮਨ ਵਲੋਂ ਹੀ ਆਉਂਦੀਆਂ। ਗਿੰਦਰ ਵੱਲੋਂ ਤਾਂ ਆਉਣੀਆਂ ਹੀ ਕੀ ਸੀ ਉਹ ਤਾਂ ਪਹਿਲਾਂ ਹੀ ਆਪਣੀ ਹਰ ਚਾਲ 'ਚ ਮੈਨੂੰ ਸਾਂਝੀ ਬਣਾ ਲੈਂਦਾ। ਮੈਂ ਹਰ ਵਾਰ ਨਾਂਹ ਕਰਦਾ ਪਰ ਉਹ ਦੋਸਤੀ ਦੀਆਂ ਸੌਹਾਂ ਪਾਉਣ ਬੈਠ ਜਾਂਦਾ।

ਗਿੰਦਰ ਨੇ ਜਿਹੜੀ ਗੱਲ ਜਾਂ ਭੇਦ ਅਮਨ ਤੋਂ ਲੁਕੋਣਾ ਹੁੰਦਾ ਮੈਨੂੰ ਪਹਿਲਾਂ ਹੀ ਦੱਸ ਦਿੰਦਾ। ਦੱਸਣਾ ਉਹਦੀ ਮਜਬੂਰੀ ਹੈ। ਉਹ ਜਾਣਦੈ ਕਿ ਇਕੋ ਦਫ਼ਤਰ 'ਚ ਹੋਣ ਕਰਕੇ ਅਮਨ ਆਪਣੀ ਤਸੱਲੀ ਲਈ ਮੈਥੋਂ

ਪੁੱਛ ਗਿੱਛ ਜ਼ਰੂਰ ਕਰੇਗੀ। ਉਹਦੇ ਝੂਠ 'ਚ ਸ਼ਾਮਲ ਹੋਣਾ ਮੈਨੂੰ ਲੱਗਦਾ ਤਾਂ ਅਜੀਬ ਹੈ ਪਰ ਪਤਾ ਨਹੀਂ ਕਿਉਂ ਮੈਨੂੰ ਉਹਦੇ ਨਾਲ ਹਮਦਰਦੀ ਹੋ ਜਾਂਦੀ ਏ। ਪਤਾ ਮੈਨੂੰ ਅੱਜ ਵੀ ਹੈ ਕਿ ਉਹ ਕਿੱਥੇ ਹੈ। ਗਿਆ ਉਹ ਆਪਣੀ ਨਵੀਂ ਦੋਸਤ ਨੂੰ ਮਿਲਣ ਹੈ ਪਰ ਘਰ ਦਫ਼ਤਰ ਦਾ ਕੋਈ ਕੰਮ ਦੱਸ ਕੇ ਗਿਆ। ਉਹ ਦੋਵੇਂ ਕਿਸੇ ਕੈਫੇ 'ਚ ਬੈਠੇ ਇਕ ਦੂਜੇ ਦੀਆਂ ਅੱਖਾਂ 'ਚ ਉਤਰਦੇ ਕੌਫੀ ਪੀ ਰਹੇ ਹੋਣਗੇ।

ਗਿੰਦਰ ਦੀ ਇਹ ਨਵੀਂ ਦੋਸਤ ਰਿਸਰਚ ਸਕਾਲਰ ਏ। ਇਹ ਜਨਾਬ ਖੋਜ ਲਈ ਲੋੜੀਂਦੀਆਂ ਕਿਤਾਬਾਂ ਲਈ ਕਦੇ ਬਜ਼ਾਰ ਧੱਕੇ ਖਾ ਰਿਹਾ ਹੁੰਦਾ ਕਦੇ ਚੰਡੀਗੜ੍ਹ ਤੁਰਿਆ ਹੁੰਦਾ। ਮੇਰੇ ਦਫ਼ਤਰ 'ਚ ਨੌਕਰੀ ਲੱਗਣ ਤੋਂ ਪਹਿਲਾਂ ਗਿੰਦਰ ਚਾਰ-ਪੰਜ ਸਾਲ ਦੋ-ਤਿੰਨ ਕਾਲਜਾਂ 'ਚ ਆਰਜ਼ੀ ਲੈਕਚਰਾਰ ਰਿਹਾ। ਉਦੋਂ ਦੀਆਂ ਦੋਸਤੀਆਂ ਅੱਜ ਵੀ ਨਿਭਾਈ ਜਾਂਦਾ। ਇਹ ਨਵੀਂ ਦੋਸਤ ਨਾਲ ਤੰਦ ਵੀ ਸ਼ਾਇਦ ਉਦੋਂ ਦੀ ਜੁੜੀ ਲੱਗਦੀ ਹੈ ਜਿਹੜੇ ਹੁਣ ਪੀਡੀ ਹੋ ਗਈ ਏ। ਮੈਂ ਕਦੇ ਕਿਸੇ ਬਾਰੇ ਬਹੁਤਾ ਨਹੀਂ ਪੁੱਛਦਾ। ਜੇ ਉਹ ਦੱਸ ਦੇਵੇ ਤਾਂ ਸੁਣ ਲੈਂਦਾ ਹਾਂ। ਉਹਦੀ ਖ਼ਾਤਰ ਗਿੰਦਰ ਕੁਝ ਵੀ ਕਰਨ ਲਈ ਹਰ ਵੇਲੇ ਤਿਆਰ ਰਹਿੰਦਾ। ਇਕ ਦਿਨ ਉਹਨੂੰ ਮਿਲ ਕੇ ਆਉਂਦਾ ਉਹਦੇ ਖ਼ਿਆਲਾਂ 'ਚ ਗੁਆਚਾ ਗੱਡੀ ਠੋਕ ਬੈਠਾ। ਫੇਰ ਮੈਥੋਂ ਦਫ਼ਤਰ ਬੈਠਿਆਂ ਆਪਣੇ ਘਰੇ ਫੋਨ ਕਰਵਾਇਆ ਕਿ ਅਸੀਂ ਦਫ਼ਤਰ ਦੇ ਕੰਮ ਲੁਧਿਆਣਿਓਂ ਆ ਰਹੇ ਸੀ ਨਿੱਕਾ ਜਿਹਾ ਐਕਸੀਡੈਂਟ ਹੋ ਗਿਆ। ਉਸ ਦਿਨ ਕੁਦਰਤੀ ਬਚਾਅ ਹੋ ਗਿਆ ਸੀ। ਦੂਜੇ ਦਿਨ ਆ ਕੇ ਉਸ ਦੋਸਤ ਨਾਲ ਹੋਈ ਮੁਲਾਕਾਤ ਦੇ ਕਿੱਸੇ ਸੁਣਾਉਂਦਾ ਤੇ ਉਹਦੀਆਂ ਮੋਬਾਈਲ 'ਚ ਖਿੱਚੀਆਂ ਫੋਟੋਆਂ ਤੇ ਸੈਲਫੀਆਂ ਦਿਖਾਉਂਦਾ ਰਿਹਾ। ਮੋਬਾਈਲ 'ਤੇ ਘੁੰਮਦੀ ਉਹਦੀ ਉਂਗਲੀ ਜਦੋਂ ਕਿਸੇ ਫੋਟੋ 'ਤੇ ਰੁਕ ਜਾਂਦੀ ਤਾਂ ਉਸ ਦੀਆਂ ਭਾਵਨਾਵਾਂ ਬਾਹਰ ਆਉਣ ਲੱਗਦੀਆਂ,'ਯਾਰ ਦੇਖ ਏਤੋਂ ਵੱਧ ਕੋਈ ਕੀ ਸੋਹਣੀ ਹੋ ਸਕਦੀ। ਉਤੋਂ ਮੈਨੂੰ ਪਿਆਰ ਏਨਾ ਕਰਦੀ ਹੈ ਹੋਰ ਕੀ ਚਾਹੀਦਾ?' ਉਹਦੀਆਂ ਬਿੱਲੀਆਂ ਅੱਖਾਂ ਦਾ ਜਾਦੂ ਉਹਦੇ ਸਿਰ ਚੜ੍ਹ ਬੋਲਦਾ।

ਅੱਜ ਏਹ ਏਧਰ ਗੁੱਸੇ 'ਚ ਆਪਣਾ ਖ਼ੂਨ ਸਾੜਦੀ ਮੇਰਾ ਛੁੱਟੀ ਦਾ ਮਜ਼ਾ ਵੀ ਕਿਰਕਰਾ ਕਰ ਰਹੀ ਏ।

ਅਮਨ ਅੱਜ ਭਰੀ ਪੀਤੀ ਪਈ ਏ। ਉਹ ਸਾਰਾ ਗੁੱਸਾ ਕੱਢ ਲੈਣਾ ਚਾਹੁੰਦੀ ਏ।

'ਭਾਅ ਜੀ, ਮੈਂ ਈ ਏਹਨੂੰ ਢਕੀ ਬੈਠੀ ਆਂ, ਹੁੰਦੀ ਕੋਈ ਹੋਰ ਕਦੋਂ ਦੀ ਭੱਜ ਗਈ ਹੁੰਦੀ, ਜਿੱਦਾਂ ਦੇ ਏਹਦੇ ਚਾਲੇ ਆ। ਤੁਸੀਂ ਦੱਸੋ ਏਨੀ ਕੁ ਤਨਖ਼ਾਹ ਨਾਲ ਬਣਦਾ ਕੀ ਏ? ਸ਼ਹਿਰ 'ਚ ਰਹਿਣਾ ਕਿਹੜਾ ਸੌਖਾ। ਦਸ ਹਜ਼ਾਰ ਤਾਂ ਜਿਸ ਕੋਠੀ 'ਚ ਰਹਿੰਦੇ ਆਂ ਉਹਦੇ ਕਿਰਾਏ ਮੂੰਹ ਨਿਕਲ ਜਾਂਦੈ। ਉਪਰੋਂ ਬਿਜਲੀ-ਪਾਣੀ ਦਾ ਬਿੱਲ ਵੱਖਰਾ। ਦੋਹਾਂ ਬੱਚਿਆਂ ਦੇ ਕਾਲਜ ਦੀ ਫੀਸ। ਹੋਰ ਕਿੰਨੇ ਖ਼ਰਚੇ ਆ। ਹੋਰ ਨ੍ਹੀਂ ਤਾਂ ਇਹਦਾ ਸ਼ਰੀਕਾ ਕਬੀਲਾ ਹਰ ਮਹੀਨੇ ਕੋਈ ਨਾ ਕੋਈ ਕਾਰਡ ਲੈ ਕੇ ਤੁਰਿਆ ਰਹਿੰਦਾ। ਉਹ ਸ਼ਗਨ ਕਾਹਨੂੰ 'ਚੁੱਲ੍ਹਾ ਟੈਕਸ' ਈ ਨ੍ਹੀਂ ਮਾਣ। ਘੱਟੋ ਘੱਟ ਪੰਜ ਸੌ ਤਾਂ ਦੇਊਗਾ ਹੀ ਅਗਲਾ। ਜੇ ਮੈਂ ਏਹਦੇ ਆਂਗੂ ਕਰਨ ਲੱਗਾਂ ਤਾਂ ਚੱਲ ਹਟਿਆ ਘਰ।' ਅੱਜ ਉਹ ਆਪਣੇ ਪੂਰੇ ਪੇਂਡੂ ਲਹਿਜੇ 'ਚ ਆਈ ਹੋਈ ਸੀ।

ਉਹਦੀਆਂ ਗੱਲਾਂ ਸੁਣ ਇਕ ਜੀ ਕਰੇ ਕਹਾਂ,'ਏਹ ਸਭ ਵਿਆਹ ਤੋਂ ਪਹਿਲਾਂ ਸੋਚਣਾ ਸੀ।' ਫੇਰ ਏਹ ਸੋਚ ਆਪਣੇ ਆਪ ਨੂੰ ਰੋਕ ਲਿਆ ਪਤਾ ਨਹੀਂ ਗਿੰਦਰ ਨੇ ਉਹਨੂੰ ਕਿਹੜੇ-ਕਿਹੜੇ ਸਬਜ਼ ਬਾਗ਼ ਦਿਖਾਏ ਹੋਣ। ਗੱਲਾਂ ਦਾ ਕੜਾਹ ਉਹ ਵਧੀਆ ਬਣਾ ਲੈਂਦਾ। ਵੱਡੇ ਤੋਂ ਵੱਡਾ ਚੁਸਤ ਚਲਾਕ ਵੀ ਉਹਦੀਆਂ ਗੱਲਾਂ 'ਚ ਫਸ ਜਾਂਦਾ। ਆਲੇ ਦੁਆਲੇ ਤਾਂ ਕੀ ਦੇਸ਼-ਵਿਦੇਸ ਦੀ ਸਾਰੀ ਜਾਣਕਾਰੀ ਰੱਖਦਾ। ਦੋ ਤਿੰਨ ਭਾਸ਼ਾਵਾਂ 'ਤੇ ਉਹਦੀ ਚੰਗੀ ਪਕੜ ਹੈ। ਕਿਹੜਾ ਅਫਸਰ ਕਿੱਥੇ ਲੱਗਾ ਉਹਦੇ ਨਾਨਕੇ-ਦਾਦਕੇ ਦਾ ਸਾਰਾ ਸਿਜਰਾ ਉਸ ਕੋਲ ਹੁੰਦਾ। ਜਰਬਾਂ ਤਕਸੀਮਾਂ ਦੇ ਕੇ ਉਹ ਸੁਣਨ ਵਾਲੇ ਨੂੰ ਸਾਰੇ ਅਫਸਰਾਂ ਨਾਲ ਆਪਣੀ ਨੇੜਤਾ ਜਚਾ ਜਾਂਦਾ।

ਮੇਰਾ ਧਿਆਨ ਅਮਨ ਦੀਆਂ ਗੱਲਾਂ ਵੱਲ ਹੋਇਆ ਤਾਂ ਉਹ ਕਹਿ ਰਹੀ ਸੀ,' ਪੇਕੇ ਮੇਰੇ ਵੱਲ ਨਾ ਦੇਖਣ ਤਾਂ ਮੈਂ ਕਦੋਂ ਦੀ ਮੰਗ ਕੇ ਖਾਣ ਵਾਲੀ ਹੋ ਜਾਂਦੀ। ਜਨਾਬ ਹੁਣੀ ਸਵੇਰੇ ਉਠਦੇ ਆ ਨਾਹ ਧੋ ਕੇ ਟਿਭ ਜਾਂਦੇ



ਆ ਲੋਕਾਂ ਦੀਆਂ ਵਿਗੜੀਆਂ ਬਣਾਉਣ। ਜਿੰਨਾ ਚਿਰ ਕਿਸੇ ਦੀਆਂ ਬੁੱਤੀਆਂ ਕਰੀ ਜਾਓ ਓਨਾ ਚਿਰ ਸਭ ਯਾਰ ਦੋਸਤ। ਇਕ ਵਾਰ ਨਾਂਹ ਕਰ ਦਿਓ, ਓਹੀ ਚੁਗਲੀਆਂ ਕਰਦੇ ਸਾਹ ਨ੍ਹੀਂ ਲੈਂਦੇ। ਏਹ ਗੱਲਾਂ ਪਤਾ ਨਹੀਂ ਏਹਨੂੰ ਕਿਉਂ ਨਹੀਂ ਸਮਝ ਆਉਂਦੀਆਂ। ਰੋਕਾਂ ਤਾਂ ਬੁਰੀ ਬਣਦੀ ਆਂ। ਲੋੜ ਵੇਲੇ ਏਹਦੇ ਦੋਸਤਾਂ ਦਾ ਤਾਂ ਕੀ ਕਿਸੇ ਆਪਣੇ ਦਾ ਵੀ ਕਦੇ ਕੋਈ ਭਾਅ ਭਾੜਾ ਨਹੀਂ ਹੋਇਆ। ਜੇ ਹੋਰ ਨਹੀਂ ਤਾਂ ਬੰਦਾ ਛੁੱਟੀ ਵਾਲੇ ਦਿਨ ਤਾਂ ਘਰ ਟਿਕ ਕੇ ਬੈਠੇ। ਘਰ ਕਦੇ ਕੋਈ ਸਲਾਹ ਨਹੀਂ ਕੀਤੀ, ਲੋਕਾਂ ਨੂੰ ਮੱਤਾਂ ਦਿੰਦੇ ਫਿਰੋ।' ਅਮਨ ਅੱਜ ਪੂਰੀ ਤਰ੍ਹਾਂ ਮਨ ਉਧੇੜ ਲੈਣਾ ਚਾਹੁੰਦੀ ਸੀ। ਪਤਾ ਨਹੀਂ ਗਿੰਦਰ ਦੇ ਭੇਦ ਖੋਲ੍ਹ ਦੇਣ ਦੇ ਮੂਡ 'ਚ ਸੀ।

'ਮੈਨੂੰ ਪਤਾ ਏਹਦੇ ਪੇਕੇ ਕਿੰਨੇ ਕੁ ਪਾਣੀ 'ਚ ਨੇ।' ਗਿੰਦਰ ਕਈ ਵਾਰ ਇਹਤੋਂ ਖਿੱਝਿਆ ਦੱਸ ਚੁੱਕਾ ਹੈ। ਇਕ ਭਰਾ ਜ਼ਰੂਰ ਕੈਨੇਡਾ ਗਿਆ ਪਰ ਉਹਦੀ ਇਨ੍ਹਾਂ ਨਾਲ ਬਣਦੀ ਨਹੀਂ। ਪਿਉ ਏਹਦਾ ਸਿਰ 'ਤੇ ਨਹੀਂ। ਹੈ ਤਾਂ ਮੇਰੇ ਵੀ ਨਹੀਂ। ਛੋਟਾ ਭਰਾ ਆਪਣੇ ਟੱਬਰ ਤੇ ਮਾਂ ਦਾ ਗੁਜ਼ਾਰਾ ਮੁਸ਼ਕਲ ਨਾਲ ਤੋਰਦਾ। ਗੱਲਾਂ ਏਹ ਐਡੀਆਂ-ਐਡੀਆਂ ਕਰਦੀ ਏ ਜਿੱਦਾਂ ਪੇਕਿਆਂ ਦੀਆਂ ਮਿੱਲਾਂ ਚੱਲਦੀਆਂ ਹੋਣ। ਏਹਦੀ ਜ਼ਬਾਨੇ ਜ਼ੋਰ ਏ ਹਰ ਗੱਲ ਧੱਕੇ ਨਾਲ ਮਨਾਉਣਾ ਚਾਹੁੰਦੀ ਏ। ਤਦੇ ਹੀ ਇਹਦੇ ਨਾਲ ਮੱਥਾ ਮਾਰਨ ਨਾਲੋਂ ਮੈਂ ਘਰੋਂ ਖਿਸਕ ਜਾਂਦਾ ਹੁੰਨੈ।' ਗਿੰਦਰ ਦੀਆਂ ਦੱਸੀਆਂ ਗੱਲਾਂ ਮੈਨੂੰ ਚੇਤੇ ਆਉਂਦੀਆਂ ਨੇ।

ਅਮਨ ਆਪਣੀ ਲੜੀ ਨਹੀਂ ਟੁੱਟਣ ਦੇ ਰਹੀ। ਵੱਟ ਹੋ ਰਹੀ ਬੇੜ 'ਚ ਲੱਗਦੇ ਦੱਥੇ ਵਾਂਗ ਉਹ ਗੱਲ ਨਾਲ ਗੱਲ ਜੋੜੀ ਜਾ ਰਹੀ ਹੈ। ਇਕ ਮਨ ਕਰਦਾ ਫੋਨ ਕੱਟ ਦਿਆਂ। ਫੇਰ ਸੋਚਦਾਂ ਨੀਂਦ ਤਾਂ ਹੁਣ ਖ਼ਰਾਬ ਹੋ ਹੀ ਗਈ ਏ ਚਲੋ ਏਹਦਾ ਗੁੱਭ ਗੁਭਾਟ ਨਿਕਲ ਜਾਏ। ਉਹਦੇ ਬੋਲ ਕੰਨੀਂ ਪੈਂਦੇ ਨੇ,'ਬਾਹਰ ਜਿਹੜੀ ਏਹਦੀ ਟੌਰ੍ਹ ਏ, ਮੇਰੀ ਬਣਾਈ ਹੋਈ ਏ। ਭਰਾ ਏਹਦੇ ਸਾਨੂੰ ਸ਼ਹਿਰ ਬੈਠਿਆਂ ਵੀ ਟਿਕਣ ਨਹੀਂ ਦਿੰਦੇ। ਮਾਂ ਮੰਜੇ 'ਤੇ ਪਈ ਤਾਂ ਸਾਡੇ ਸਿਰਹਾਣੇ ਬਿਠਾ ਗਏ। ਅਖੇ ਪਿੰਡ 'ਚ ਤਾਂ ਲੋੜ ਪੈਣ 'ਤੇ ਡਾਕਟਰ ਹੀ ਨ੍ਹੀਂ ਲੱਭਦਾ ਕਈ ਵਾਰ। ਤੁਹਾਡੇ ਤਾਂ ਮੁੱਢ ਹਸਪਤਾਲ ਨੇ। ਏਸ ਬਹਾਨੇ ਛੱਡ ਕੇ ਗਏ ਮੁੜ ਕੋਈ ਨਾ ਬਹੁੜਿਆ। ਹਸਪਤਾਲ ਦਾਖ਼ਲ ਰਹੀ ਤਾਂ ਬੇਗਾਨਿਆਂ ਵਾਂਗ ਖੜ੍ਹੇ-ਖੜ੍ਹੇ ਪਤਾ ਲੈ ਕੇ ਮੁੜਦੇ ਰਹੇ। ਹਸਪਤਾਲ 'ਚ ਅਸੀਂ ਵੀਹ ਦਿਨ ਟੰਗੇ ਰਹੇ ਸਾਰਾ ਟੱਬਰ। ਨਿਆਣੇ ਕਾਲਜੋਂ ਆ ਕੇ ਉੱਥੇ ਰੁਕਦੇ ਰਹੇ। ਰਾਤ ਨੂੰ ਅਸੀਂ ਦੋਹਾਂ ਨੇ ਵਾਰੋ ਵਾਰੀ ਔਖੇ ਦਿਨ ਕੱਟੇ। ਕੋਈ ਨਾ ਬਹੁੜੇ ਏਹਦੇ ਭਰਾ ਭਰਜਾਈਆਂ।'

ਗੇਟ 'ਤੇ ਕੋਈ ਆਇਆ ਕਹਿ ਕੇ ਉਹ ਗਈ ਤੇ ਉਪਰੋਂ ਹੀ ਆਉਣ ਵਾਲੇ ਨੂੰ ਤੋਰ ਕੇ ਫੇਰ ਸ਼ੁਰੂ ਹੋ ਗਈ,'ਮਾਈ ਡੇਢ-ਦੋ ਲੱਖ ਲੁਆ ਗਈ। ਬਚੀ ਫੇਰ ਵੀ ਨਾ। ਮਹੀਨੇ ਬਾਅਦ ਤੁਰ ਗਈ। ਹਸਪਤਾਲ ਦਾ ਬਿੱਲ ਭਰਨ ਵੇਲੇ ਸਾਰੇ ਭੱਜ ਗਏ। ਅਸੀਂ ਪਤਾ ਨਹੀਂ ਕਿੱਦਾਂ ਬੰਦੋਬਸਤ ਕੀਤਾ। ਏਹ ਫੇਰ ਭਰਾਵਾਂ ਦੇ ਗੋਗੇ ਗਾਉਂਦਾ ਰਹਿੰਦਾ। ਜਦ ਕੋਈ ਗੱਲ ਹੋਵੇ ਉਨ੍ਹਾਂ ਨੂੰ ਵਿਚਾਲੇ ਚੁੱਕ ਲਿਆਊ।'

ਗਿੰਦਰ ਦੇ ਭਰਾਵਾਂ ਦੀ ਗੱਲ ਸੁਣ ਮੈਨੂੰ ਉਹਦੀ ਛੋਟੀ ਭਰਜਾਈ ਦੀ ਮੌਤ ਪਿੱਛੋਂ ਏਹਦੇ ਵਲੋਂ ਕੀਤੇ ਕਰਾਏ ਦੀ ਰੀਲ੍ਹ ਘੁੰਮ ਗਈ। ਦੁਖੀ ਹੋਇਆ ਉਹ ਇਕ ਦਿਨ ਕਹਿਣ ਲੱਗਾ,'ਏਹ ਛੋਟੇ ਦੀ ਬਹੂ ਦੇ ਸਸਕਾਰ ਮਗਰੋਂ ਅਫਸੋਸ ਕਰਨ ਨ੍ਹੀਂ ਗਈ। ਜੇ ਏਹਦਾ ਕੋਈ ਮਰ ਗਿਆ ਹੁੰਦਾ ਮੈਂ ਨਾ ਜਾਂਦਾ ਫੇਰ ਦੇਖਦਾ ਕਿੱਦਾਂ ਤੜਫਦੀ ਫਿਰਨਾ ਸੀ ਏਨ੍ਹੇ। ਉਹ ਬੇਚਾਰੀ ਕੈਂਸਰ ਨਾਲ ਲੜਦੀ ਤਿਲ ਤਿਲ ਕਰ ਕੇ ਮਰੀ। ਏਹਦੇ ਤੋਂ ਦੋ ਬੋਲ ਅਫਸੋਸ ਦੇ ਨ੍ਹੀਂ ਸਰੇ। ਭਰਾ ਦਾ ਘਰ ਉਜੜ ਗਿਆ। ਏਹ ਆਪਣੇ ਰੋਸੇ ਲੈ ਕੇ ਬੈਠੀ ਏ। ਚਲੋ ਆਪ ਤਾਂ ਨਹੀਂ ਗਈ ਨਾ ਸਹੀ, ਨਿਆਣਿਆਂ ਨੂੰ ਵੀ ਨ੍ਹੀਂ ਜਾਣ ਦਿੱਤਾ। ਆਖ਼ਰ ਉਨ੍ਹਾਂ ਦੀ ਚਾਚੀ ਸੀ।'

ਉਦੋਂ ਗਿੰਦਰ ਦੀਆਂ ਗੱਲਾਂ ਸੁਣ ਮੈਨੂੰ ਵੀ ਅਮਨ ਦਾ ਏਹ ਵਤੀਰਾ ਮਾੜਾ ਲੱਗਾ ਸੀ। ਪਰ ਉਹਨੇ ਨਾਲ ਹੀ ਮਨ੍ਹਾ ਕਰ ਦਿੱਤਾ ਸੀ। ਉਹਦੇ ਨਾਲ ਗੱਲ ਨਾ ਕਰੀਂ। ਅਮਨ ਨੇ ਮਾਂ ਦੀ ਮੌਤ ਤੋਂ ਬਾਅਦ ਸੱਚੀਂ ਹੀ ਦਰਾਣੀ ਦੀ ਮੌਤ ਦਾ ਕਿੱਸਾ ਛੋਹ ਲਿਆ ਸੀ,'ਭਾਅ ਜੀ, ਵਿਆਹ ਕਰਨੇ ਕਿਤੇ ਖੇਲ ਪਏ ਆ, ਥੱਬਾ ਨੋਟਾਂ ਦਾ ਲੱਗਦਾ। ਛੋਟਾ ਜਿਹੜਾ ਹੁਣ ਮੇਰਾ ਵੈਰੀ ਬਣਿਆ ਫਿਰਦਾ ਨੂੰ ਸਭ ਪਤਾ ਸੀ ਕਿ ਕੁੜੀ ਨੂੰ ਕੈਂਸਰ ਏ ਪਰ ਏਹਨੇ ਆਪਣੀ ਪੁਗਾ ਕੇ ਸਾਡਾ ਕੂੰਡਾ ਕਰਾਤਾ। ਜੇਬ 'ਚੋਂ ਲਾਉਣੇ ਹੁੰਦੇ ਤਾਂ ਪਤਾ ਲੱਗਦਾ। ਉਹ ਸਾਲ ਨ੍ਹੀਂ

ਵਸੀ, ਅਗਲੇ ਘਰ ਚਲਦੀ ਬਣੀ। ਕੀ ਮਿਲਿਆ ਏਹਨੂੰ। ਯਾਰੀਆਂ ਨਿਭਾਉਂਦਾ ਫਿਰਦੈ। ਮੈਂ ਕਿਹਾ ਤਾਂ ਕਹਿੰਦਾ,'ਤੈਂ ਵੀ ਤਾਂ ਕਰਾਇਆ ਈ ਏ? ਹੁਣ ਉਦੋਂ ਦਾ ਮੈਨੂੰ ਨ੍ਹੀਂ ਚੰਗਾ ਲੱਗਦਾ। ਮੈਂ ਨ੍ਹੀਂ ਵੜਨ ਦਿੰਦੀ ਘਰ ਉਹਨੂੰ। ਕੱਲ੍ਹ ਨੂੰ ਮੇਰੇ ਨਿਆਣਿਆਂ ਨੂੰ ਪੁੱਠੀ ਮੱਤੇ ਲਾਊ।' ਫੇਰ ਰੁਕ ਕੇ ਬੋਲੀ,'ਏਹਦਾ ਕੀ ਕਰੀਏ ਜਿਹੜਾ ਸਾਥੋਂ ਚੋਰੀ-ਚੋਰੀ ਉਹਨੂੰ ਮਿਲਦੈ?'

ਚੋਰੀ-ਚੋਰੀ ਮਿਲਣ ਦੀ ਗੱਲ ਸੁਣ ਮੈਨੂੰ ਗਿੰਦਰ ਦੀ ਦੱਸੀ ਪੁਰਾਣੀ ਗੱਲ ਚੇਤੇ ਆਈ। ਉਹ ਇਕ ਦਿਨ ਦੁਖੀ ਹੋਇਆ ਕਹਿਣ ਲੱਗਾ,'ਯਾਰ ਬੜੇ ਅਜੀਬ ਸੰਕਟ 'ਚ ਫਸਿਆ ਪਿਆ ਹਾਂ। ਅਮਨ ਤਾਂ ਮਾਂ ਨੂੰ ਦੇਖਣ ਪਿੰਡ ਨਹੀਂ ਜਾਣ ਦਿੰਦੀ। ਜਾਣ 'ਤੇ ਜੇ ਉਹਨੂੰ ਪਤਾ ਲੱਗ ਜਾਵੇ ਤਾਂ ਕਲੇਸ਼ ਕਰਨ ਬਹਿ ਜਾਂਦੀ ਏ। ਹੁਣ ਦੱਸ ਬੰਦਾ ਕੀ ਕਰੇ? ਮਾਂ ਨੂੰ ਵੀ ਨਾ ਮਿਲੇ? ਏਹ ਤਾਂ ਚਾਹੁੰਦੀ ਏ ਸਿਰਫ਼ ਏਹਦਿਆਂ ਨੂੰ ਹੀ ਮਿਲਾਂ। ਆਪਣੇ ਸਾਰੇ ਛੱਡ ਦਿਆਂ। ਯਾਰ ਮੇਰਾ ਕੋਈ ਫ਼ਰਜ਼ ਨਹੀਂ ਬਣਦਾ ਮਾਂ ਦਾ ਦੁੱਖ ਸੁੱਖ ਸੁਣਨ ਦਾ। ਨਾਲ ਦੇ ਜੰਮਿਆਂ ਨੂੰ ਨਾ ਮਿਲਾਂ?'

ਗਿੰਦਰ ਨੇ ਰੁਕ ਕੇ ਕਿਹਾ ਸੀ, 'ਹੁਣ ਉਹਦੇ ਤੋਂ ਚੋਰੀ ਨਾ ਕਰਾਂ ਤਾਂ ਕੀ ਕਰਾਂ। ਬੰਦਾ ਕੋਈ ਨਾ ਕੋਈ ਰਾਹ ਤਾਂ ਲੱਭਦਾ ਹੀ ਹੈ। ਆਖ਼ਰ ਭਰਾ ਦਾ ਨਾਂ ਹੁਣ ਮੋਬਾਈਲ 'ਚ ਕਿਸੇ ਡਾਕਟਰ ਦੇ ਨਾਂ 'ਤੇ ਸੇਵ ਕੀਤਾ ਏ। ਜੇ ਕਿਤੇ ਫੋਨ ਆ ਜਾਵੇ ਤਾਂ ਗੋਲ ਮੋਲ ਗੱਲ ਕਰਨੀ ਪੈਂਦੀ ਏ। ਹੁਣ ਉਹ ਵੀ ਸਮਝਣ ਲੱਗ ਪਏ ਨੇ ਜਦੋਂ ਕਿਤੇ ਮਾਂ ਨੂੰ ਮਿਲਣ ਲਈ ਸਬਰ ਦਾ ਬੰਨ੍ਹ ਟੁੱਟ ਜਾਂਦੈ ਤਾਂ ਦਫ਼ਤਰੋਂ ਛੁੱਟੀ ਲੈ ਘਰੋਂ ਡਿਊਟੀ ਬਹਾਨੇ, ਮਾਂ ਕੋਲ ਚਲੇ ਜਾਂਦਾਂ। ਛੁੱਟੀ ਦੇ ਸਮੇਂ ਘਰ ਮੁੜ ਆਉਂਦਾਂ। ਕਿੰਨੀ ਫਿਲਮੀ ਜ਼ਿੰਦਗੀ ਜਿਊਣੀ ਪੈ ਰਹੀ ਏ।' ਗਿੰਦਰ ਨੇ ਆਪਣੀ ਬੇਵਸੀ ਦਾ ਰੋਣਾ ਰੋਇਆ ਸੀ। ਸੁਣ ਕੇ ਮੈਨੂੰ ਵੀ ਅਮਨ ਦੀ ਇਸ ਸੋਚ 'ਤੇ ਹੈਰਾਨੀ ਹੋਈ ਸੀ ਉਦੋਂ।

'ਆਵਾਜ਼ ਨ੍ਹੀਂ ਆ ਰਹੀ ਕੀ ਸੌਂ ਗਏ ਫੇਰ?' ਮੇਰੇ ਅਚਾਨਕ ਹੈਲੋ ਕਹਿਣ 'ਤੇ ਅਮਨ ਦੀ ਤਿੱਖੀ ਆਵਾਜ਼ ਆਈ ਸੀ।

'ਨਹੀਂ, ਕੁਝ ਸੋਚਣ ਲੱਗ ਪਿਆ ਸੀ।

'ਕੀ ਸੋਚਣ ਲੱਗ ਪਏ ਸੀ ਕਿ ਚੰਗਾ ਸਿਰ ਖਾਈ ਜਾਂਦੀ ਏ? ਉਸ ਨੇ ਆਖੀ ਤਾਂ ਭਾਵੇਂ ਮੇਰੇ ਮਨ ਦੀ ਹੀ ਸੀ ਪਰ ਮੈਂ ਨਾਂਹ ਕਰਦਿਆਂ ਕਿਹਾ,' ਨਹੀਂ ਐਹੋ ਜਿਹੀ ਕੋਈ ਗੱਲ ਨਹੀਂ।'

'ਫੇਰ ਕਿਹੜੀਆਂ ਸੋਚਾਂ 'ਚ ਡੁੱਬ ਗਏ? ਆਪਣੇ ਯਾਰ ਵਾਂਗੂ ਤੁਸੀਂ ਵੀ ਤਾਂ ਨਹੀਂ ਕਿਤੇ ਡੁੱਬੇ ਹੋਏ। ਮੈਂ ਤਾਂ ਕਦੇ ਕੁਝ ਨਹੀਂ ਕਿਹਾ ਪਰ ਮੁੰਡੇ ਹੁਣ ਕਹਿਣ ਲੱਗ ਪਏ ਨੇ ਡੈਡੀ ਘੰਟਾ-ਘੰਟਾ ਸ਼ੀਸ਼ੇ ਮੂਹਰਿਓਂ ਨਹੀਂ ਹਿਲਦਾ। ਵੱਡਾ ਤਾਂ ਇਕ ਦਿਨ ਕਹਿਣ ਲੱਗਾ,'ਕਾਲਜ ਮੈਂ ਜਾਂਦਾਂ, ਟੌਰ੍ਹ ਕੱਢਣ 'ਤੇ ਡੈਡੀ ਦਾ ਜ਼ੋਰ ਲੱਗਾ ਰਹਿੰਦਾ। ਭਾਅ ਜੀ ਏਨ੍ਹਾਂ ਦੀ ਹੁਣ ਉਮਰ ਏ ਕੋਈ ਸ਼ੌਕੀਨੀਆਂ ਕਰਨ ਦੀ। ਹੁਣ ਤੁਸੀਂ ਆਪ ਦੱਸੋ ਬੰਦਾ ਕਾਹਤੋਂ ਐਨਾ ਬਣਦਾ ਠਣਦਾ ਹੁੰਦਾ? ਮੈਂ ਕੀ-ਕੀ ਦੱਸਾਂ ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ। ਹੁਣ ਐਸ ਉਮਰ 'ਚ ਬੰਦੇ ਨੂੰ ਆਪੇ ਸਮਝ ਕਰਨੀ ਚਾਹੀਦੀ ਏ।'

ਮੇਰੀ ਸੋਚ ਗਿੰਦਰ ਵੱਲ ਮੁੜ ਗਈ ਏ।

ਕਾਲਜ ਸਮੇਂ ਤੋਂ ਹੀ ਉਸ ਨੂੰ ਹਰ ਚੀਜ਼ ਮੈਚਿੰਗ ਕਰ ਕੇ ਪਾਉਣ ਦੀ ਆਦਤ ਹੈ। ਬੂਟਾਂ ਦਾ ਜੋੜਾ ਭਾਵੇਂ ਇਕ ਹੀ ਹੁੰਦਾ ਪਰ ਦੂਰੋਂ ਹੀ ਚਮਕਦੇ ਹੁੰਦੇ। ਤਸਮੇ ਉਹ ਏਨੀ ਪ੍ਰੀਤ ਨਾਲ ਬੰਨ੍ਹਦਾ ਕੋਈ ਸਿਰਾ ਵੱਡਾ ਛੋਟਾ ਨਾ ਹੁੰਦਾ। ਰੁਮਾਲ ਦੀ ਤਹਿ ਏਨੀ ਰੀਝ ਨਾਲ ਲਾਉਂਦਾ ਜਿੱਦਾਂ ਖੋਲ੍ਹਣੀ ਹੀ ਨਾ ਹੋਵੇ। ਹੁਣ ਤਾਂ ਉਹ ਆਪ ਕਮਾਉਂਦਾ। ਉਹ ਕਹਿੰਦਾ ਹੁੰਦਾ ਬੰਦੇ ਨੇ ਜੇ ਹੁਣ ਰੀਝਾਂ ਪੂਰੀਆਂ ਨਾ ਕੀਤੀਆਂ ਤਾਂ ਫੇਰ ਅਗਲੇ ਜਨਮ 'ਚ ਕਰਨੀਆਂ।'

ਅਮਨ ਨੂੰ ਆਪਣੇ ਆਪ ਨੂੰ ਅਪਡੇਟ ਰੱਖਣ ਦਾ ਸ਼ੌਕ ਨਹੀਂ ਤਾਂ ਉਹ ਕੀ ਕਰੇ। ਕੀ ਪਤਾ ਉਹ ਏਸੇ ਕਰਕੇ ਭਟਕਦਾ ਫਿਰਦੈ। ਅਮਨ ਦੇ ਡਰ ਨੇ ਮੇਰੀ ਸੁਰਤੀ ਉਖੇੜੀ।

'ਭਾਅ ਜੀ ਮੈਨੂੰ ਤਾਂ ਡਰ ਲੱਗਾ ਰਹਿੰਦਾ। ਬਰੋਬਰ ਦੇ ਹੋਏ ਪੁੱਤ ਕਿਤੇ ਉਹਦੇ ਗਲ ਨਾ ਪੈ ਜਾਣ।' ਪਤਾ



ਨਹੀਂ ਇਹ ਅਮਨ ਦੇ ਮਨ ਦਾ ਡਰ ਸੀ ਜਾਂ ਉਹ ਇਸ ਕੰਮ ਲਈ ਉਨ੍ਹਾਂ ਨੂੰ ਉਕਸਾ ਰਹੀ ਸੀ।

ਗਿੰਦਰ ਦੀ ਥਾਂ ਹੁਣ ਮੇਰੇ ਪਿੰਡ ਦਾ ਅਮਲੀ ਨੀਲਾ ਮੇਰੀਆਂ ਸੋਚਾਂ 'ਚ ਆ ਵੜਿਆ ਸੀ। ਉਹਦੀ ਆਖੀ ਗੱਲ ਮੈਨੂੰ ਸੱਚ ਹੁੰਦੀ ਜਾਪ ਰਹੀ ਸੀ। ਉਹ ਅਕਸਰ ਕਹਿੰਦਾ ਰਹਿੰਦਾ,' ਬੱਚੇ ਜਦੋਂ ਜਵਾਨ ਹੋ ਜਾਂਦੇ ਨੇ ਉਦੋਂ ਤੀਵੀਂਆ ਮਨਮਾਨੀਆਂ 'ਤੇ ਉਤਰ ਆਉਂਦੀਆਂ। ਕਈ ਵਾਰ ਤਾਂ ਗ਼ਲਤ ਰਾਹ ਵੀ ਤੁਰ ਪੈਂਦੀਆਂ ਨੇ। ਜੇ ਬੰਦਾ ਰੋਕੇ ਤਾਂ ਸਾਰੇ ਉਹਨੂੰ ਪੈ ਨਿਕਲਦੇ ਨੇ। ਉਸ ਵਿਚਾਰੇ ਦੀ ਕੋਈ ਨ੍ਹੀਂ ਸੁਣਦਾ। ਹਰ ਕੋਈ ਕਹਿੰਦਾ ਆਹ ਹੁਣ ਉਮਰ ਏ ਭਲਾ ਉਹਦੀ ਵਿਗੜਨ ਦੀ। ਬੱਚੇ ਬਰੋਬਰ ਦੇ ਹੋਏ ਨੇ। ਏਹ ਐਵੇਂ ਊਜਾਂ ਲਾਉਂਦਾ। ਨਿਆਣੇ ਵੀ ਮਾਂ ਵੱਲ ਦੇ ਹੋ ਜਾਂਦੇ ਨੇ। ਫੇਰ ਉਹ ਆਪਣੀਆਂ ਪਗਾਉਂਦੀ ਏ। ਬੰਦਾ ਮੱਛੀਆਂ ਛਿਲਦਾ ਰਹਿ ਜਾਂਦਾ।'

ਮੇਰਾ ਇਕ ਪੁਰਾਣੇ ਦਫ਼ਤਰ ਦਾ ਪੜ੍ਹਿਆ-ਲਿਖਿਆ ਕੁਲੀਗ ਵੀ ਨੀਲੇ ਅਮਲੀ ਦੀ ਗੱਲ ਨੂੰ ਹੋਰ ਢੰਗ ਨਾਲ ਕਹਿੰਦਾ ਹੁੰਦੀ ਸੀ,'ਆਫਟਰ ਫੋਰਟੀ ਵੋਮੈਨ ਬੀਕੇਮ ਨੌਟੀ।' ਉਹ ਆਖ਼ਰੀ ਸਿੱਟਾ ਕੱਢਦਾ, 'ਏਹ ਸਮਾਂ ਈ ਸੰਭਲਣ ਦਾ ਹੁੰਦਾ। ਜਿਹੜਾ ਸੰਭਾਲ ਗਿਆ ਉਹ ਪਾਸ, ਨਹੀਂ ਤਾਂ...।'

ਮਾਮਲਾ ਗਿੰਦਰ ਦਾ ਏ ਪਰ ਡਰ ਪਤਾ ਨਹੀਂ ਮੈਨੂੰ ਕਿਉਂ ਲੱਗਣ ਲੱਗ ਪਿਆ ਹੈ।

ਮੈਂ ਸੋਚਦਾਂ ਗਿੰਦਰ ਵੀ ਕਿਤੇ ਅਜਿਹੇ ਸੰਕਟ 'ਚ ਨਾ ਘਿਰ ਜਾਵੇ। ਐਵੇਂ ਬੱਚਿਆਂ ਦੀ ਨਜ਼ਰ 'ਚ ਬੁਰਾ ਬਣ ਬੈਠੇ। ਰੋਕਦਾ ਤਾਂ ਮੈਂ ਉਹਨੂੰ ਪਹਿਲਾਂ ਵੀ ਰਹਿੰਦਾਂ ਪਰ ਹੁਣ ਖ਼ਬਰਦਾਰ ਕਰਨ ਬਾਰੇ ਸੋਚਦਾਂ। ਉਹ ਇਹ ਕਹਿ ਕੇ ਟਾਲ ਛੱਡਦਾ,' ਬਸ ਤੂੰ ਭਵੀਸ਼ਣ ਨਾ ਬਣੀਂ-ਹੋਰ ਕਿਸੇ ਦੀ ਆਪਾਂ ਨੂੰ ਪਰਵਾਹ ਨ੍ਹੀਂ।' ਅੱਜ ਕੱਲ੍ਹ ਉਹ ਇਕ ਦੂਜੇ ਨੂੰ ਮਿਲਣ ਸਮੇਂ ਡਰੈੱਸ ਮੈਚਿੰਗ ਲਈ ਵੀ ਫੋਨ 'ਤੇ ਸਲਾਹਾਂ ਕਰ ਲੈਂਦੇ ਨੇ। ਬੱਚੇ ਅੱਜ ਕੱਲ੍ਹ ਦੇ ਕਿਹੜੇ ਘੱਟ ਨੇ। ਉਨ੍ਹਾਂ ਸੁੰਘ ਲਿਆ ਹੋਊ, ਬਾਪੂ ਕੀ ਕਰਦਾ ਫਿਰਦੈ।'

ਅਚਾਨਕ ਸੂਰਜ ਬੱਦਲ ਅੱਗੇ ਆ ਜਾਣ ਨਾਲ ਧੁੱਪ ਦਾ ਸੇਕ ਘਟਿਆ ਤਾਂ ਮੈਨੂੰ ਅਮਨ ਦੇ ਫੋਨ ਦਾ ਖ਼ਿਆਲ ਆਇਆ। ਉਹ ਕਹਿ ਰਹੀ ਸੀ, 'ਅੱਜ ਛੁੱਟੀ ਹੈ, ਸਵੇਰ ਦੇ ਪਤਾ ਨ੍ਹੀਂ ਕਿੱਥੇ ਟਿਭੈ ਆ। ਘਰੇ ਮਾਸੀ ਆਈ ਬੈਠੀ ਆ। ਮੈਂ ਉਨ੍ਹਾਂ ਦੀਆਂ ਅੱਖਾਂ ਦਿਖਾਉਣ ਲਈ ਸੌਂਦਿਆ ਸੀ ਐਡੀ ਦੂਰੋਂ। ਹੁਣ ਬੰਦਾ ਕੀ ਜਵਾਬ ਦੇਵੇ, ਬਈ ਉਹ ਕਹਿਣ 'ਤੇ ਵੀ ਨਹੀਂ ਰੁਕਿਆ ਘਰੇ। ਹੋਰ ਈਂਗੜੀ ਦੀ ਪਤੀਂਗੜੀ ਦੇ ਕੰਮ ਲਈ ਫਿਰੂ। ਮੇਰੇ ਪੇਕਿਆਂ ਬੰਨੀਓਂ ਕੋਈ ਆ ਜਾਵੇ, ਏਹਨੂੰ ਸੱਪ ਸੁੰਘ ਜਾਂਦਾ। ਮੈਨੂੰ ਤਾਂ ਸਾਰੇ ਪਾਸੇ ਦੇਖਣੇ ਪੈਂਦੇ ਨੇ। ਔਖੀ ਵੇਲੇ ਮੈਂ ਤਾਂ ਉਨ੍ਹਾਂ ਦੇ ਹੀ ਹੱਥਾਂ ਵੱਲ ਦੇਖਣਾ ਹੁੰਦਾ।' ਉਹ ਆਪਣੀਆਂ ਮਜਬੂਰੀਆਂ ਗਿਣਾਉਣ ਲੱਗ ਪਈ।

'ਮਾਸੀ ਨੂੰ ਤਾਂ ਮੈਂ ਕੋਈ ਬਹਾਨਾ ਲਾ ਕੇ ਤੋਰ ਈ ਦਊਂ ਪਰ ਅੱਜ ਏਹਦੇ ਨਾਲ ਮੈਂ ਰੋਜ਼-ਰੋਜ਼ ਦਾ ਟੇਟਕਾ ਹੀ ਨਿਬੇੜ ਦੇਣਾ ਬਸ। ਦੇਖੀ ਜਾਊ ਜੋ ਹੋਊ। ਕੱਟ ਲਵਾਂਗੇ ਜਿੱਦਾਂ ਕੱਟੀ ਜਾਊ।' ਅਮਨ ਨੇ ਆਪਣੇ ਮਨ ਦੀ ਕਹਿ ਦਿੱਤੀ ਸੀ। ਜਿੱਦਾਂ ਗੱਲ ਲੰਬੀ ਹੋਈ ਜਾਂਦੀ ਸੀ ਅਮਨ ਦਾ ਗੁੱਸਾ ਵੀ ਵਧਦਾ ਜਾਂਦਾ ਸੀ।

ਅਚਾਨਕ ਹੇਠੋਂ ਪਤਨੀ ਦੀ ਚਾਹ ਪੀਣ ਲਈ 'ਵਾਜ਼ ਆਈ ਤਾਂ ਮੈਂ ਕਿਸੇ ਦੇ ਆਉਣ ਦਾ ਬਹਾਨਾ ਲਾ ਕੇ ਫੋਨ ਕੱਟ ਦਿੱਤਾ। ਧੁੱਪ ਵੀ ਹੁਣ ਜਵਾਬ ਦੇਈ ਜਾਂਦੀ ਸੀ। ਏਹ ਸੋਚ ਕਿ ਭੁੱਲ ਹੀ ਨਾ ਜਾਵਾਂ ਮੈਂ ਗਿੰਦਰ ਨੂੰ ਫੋਨ ਮਿਲਾ ਲਿਆ। ਉਹ ਵਾਪਸੀ 'ਤੇ ਸੀ। ਮੈਂ ਉਹਨੂੰ ਘਰ ਪਹੁੰਚ ਹੋਣ ਵਾਲੀ ਖਾਤਰਦਾਰੀ ਬਾਰੇ ਸਾਵਧਾਨ ਕਰਦਿਆਂ ਸਭ ਕੁਝ ਦੱਸ ਦਿੱਤਾ।

ਅੱਗੋਂ ਉਹ ਵੀ ਭਰਿਆ ਪੀਤਾ ਸੀ। ਪਤਾ ਨਹੀਂ ਉਹਦੀ ਅੱਜ ਦੀ ਮਿਲਣੀ ਫਿੱਕੀ ਰਹੀ ਸੀ ਜਾਂ ਰਿਸਰਚ ਫੈਲੋ ਨੇ ਕੁਝ ਕਿਹ ਦਿੱਤਾ ਸੀ। ਮੇਰੇ ਗੱਲ ਮਕਾਉਣ ਦੀ ਦੇਰ ਹੀ ਸੀ ਕਿ ਉਹ ਭੜਕ ਪਿਆ :

'ਯਾਰ ਬੰਦੇ ਦੀ ਆਪਣੀ ਵੀ ਕੋਈ ਜ਼ਿੰਦਗੀ ਹੁੰਦੀ ਏ। ਹਫ਼ਤੇ 'ਚ ਇਕ ਛੁੱਟੀ ਹੁੰਦੀ ਏ। ਬੰਦੇ ਨੇ ਆਰਾਮ ਕਰਨਾ ਹੁੰਦਾ। ਕਿਤੇ ਆਪਣੀ ਮਨਮਰਜ਼ੀ ਨਾਲ ਕਿਸੇ ਨੂੰ ਮਿਲਣਾ ਗਿਲਣਾ ਹੁੰਦਾ। ਏਹ ਤਾਂ ਹਰ ਛੁੱਟੀ ਵਾਲੇ ਦਿਨ ਕਿਸੇ ਨਾ ਕਿਸੇ ਨੂੰ ਸੱਦੀ ਰੱਖੂ। ਜੇ ਏਹ ਨਾ ਸੱਦੇ ਉਹ ਆਪੇ ਬਿਨਾਂ ਫੋਨ ਕੀਤੇ ਆ ਟਪਕਦੇ ਨੇ। ਕਦੇ ਕਿਸੇ ਨੂੰ ਡਾਕਟਰ ਦੇ ਲੈ ਜਾਓ, ਕਿਸੇ ਭਤੀਜੇ-ਭਤੀਜੀ ਦਾ ਪਾਸਪੋਰਟ ਅਪਲਾਈ ਕਰਾ ਦਿਓ। ਹੋਰ

ਨਹੀਂ ਤਾਂ ਵਿਧਵਾ ਭੈਣ ਨੂੰ ਹੀ ਕੁਝ ਨਾ ਕੁਝ ਦੇਣ ਲਈ ਤੋਰੀ ਰੱਖੂ। ਬੰਦਾ ਕਿੰਨਾ ਕੁ ਲਿਫਦਾ ਰਹੇ?' ਪਲ ਕੁ ਰੁਕ ਕੇ ਉਸ ਕਿਹਾ, 'ਏਹਦੇ ਪੇਕਿਆਂ ਦੀਆਂ ਬੂਤੀਆਂ ਕਰਦਾ ਰਹਾਂ ਤਾਂ ਮੈਂ ਸੋਨੇ ਦਾਂ, ਜੇ ਨਾਂਹ ਕਰਦਿਆਂ ਪਿੱਤਲ ਦਾ ਵੀ ਨ੍ਹੀਂ। ਏਹ ਚਾਹੁੰਦੀ ਏ ਮੈਂ ਏਹਦੀਆਂ ਉਂਗਲਾਂ 'ਤੇ ਨੱਚਾਂ। ਫੇਰ ਰੁਕ ਕੇ ਕਹਿਣ ਲੱਗਾ, 'ਮੈਥੋਂ ਨ੍ਹੀਂ ਹੁੰਦਾ ਏਹ ਸਭ। ਦੇਖੀ ਜਾਊ ਜੋ ਹੋਊ ਅੱਜ।' ਕਹਿ ਕੇ ਉਸ ਨੇ ਫੋਨ ਬੰਦ ਕਰ ਦਿੱਤਾ ਸੀ।

ਸੂਰਜ ਆਪਣਾ ਨਿੱਘ ਸਮੇਟਦਾ ਹੋਇਆ ਸਾਧਾਂ ਦੇ ਖੂਹ ਨੇੜਲੀ ਝਿੜੀ ਪਿੱਛੇ ਲੁਕਣ ਲੱਗਾ ਤਾਂ ਮੈਂ ਛੱਤ ਤੋਂ ਹੇਠ ਉਤਰਿਆ। ਮੇਰਾ ਛੁੱਟੀ ਇੰਜੁਆਏ ਕਰਨ ਤੇ ਧੁੱਪ ਸੇਕਣ ਦਾ ਸਾਰਾ ਮਜ਼ਾ ਕਿਰਕਿਰਾ ਹੋ ਚੁੱਕਾ ਸੀ। ਚਾਹ ਪੀਂਦਿਆਂ ਵੀ ਮੂਡ ਖ਼ਰਾਬ ਰਿਹਾ। ਪਤਨੀ ਰਾਤ ਦੀ ਰੋਟੀ ਦੀ ਤਿਆਰੀ ਲਈ ਰਸੋਈ 'ਚ ਜਾ ਵੜੀ। ਉਸੇ ਵੇਲੇ ਮੈਂ ਲੋਈ ਦੀ ਬੁੱਕਲ ਮਾਰੀ ਤੇ ਪਿੰਡ ਨੇੜਿਓਂ ਲੰਘਦੀ ਵੇਈਂ ਵੱਲ ਘੁੰਮਣ ਨਿਕਲ ਗਿਆ। ਡੇਢ-ਦੋ ਕਿਲੋਮੀਟਰ ਦਾ ਫ਼ਾਸਲਾ ਮੈਂ ਗਿੰਦਰ ਤੇ ਅਮਨ ਬਾਰੇ ਸੋਚਦਿਆਂ ਤੈਅ ਕੀਤਾ। ਮਨ 'ਚ ਪੁੱਠੇ ਸਿੱਧੇ ਖ਼ਿਆਲ ਆਉਂਦੇ ਰਹੇ। ਏਸ ਉਮਰ 'ਚ ਉਹ ਕੋਈ ਗ਼ਲਤ ਫ਼ੈਸਲਾ ਨਾ ਲੈ ਬੈਠਣ। ਮੈਨੂੰ ਕੁਟੀਆ ਵਾਲੇ ਬਾਬੇ ਦੇ ਬੋਲ ਚੇਤੇ ਆਉਂਦੇ, ਨਿੱਕੀ ਜਿਹੀ ਭੁੱਲ ਕਈ ਵਾਰ ਜ਼ਿੰਦਗੀ ਨੂੰ ਪੁੱਠਾ ਗੇੜਾ ਦੇ ਜਾਂਦੀ ਏ।'

ਆਲ੍ਹਣਿਆਂ ਨੂੰ ਮੁੜਦੇ ਪੰਛੀਆਂ ਨੂੰ ਦੇਖ ਮੈਨੂੰ ਫਿਰ ਗਿੰਦਰ ਤੇ ਅਮਨ ਦਾ ਖ਼ਿਆਲ ਆਇਆ। ਮਨ ਅੰਦਰ ਇਕ ਡਰ ਜਿਹਾ ਬੈਠ ਗਿਆ ਹੈ। ਗਿੰਦਰ ਨੇ ਏਡੀ ਦੂਰੋਂ ਕਾਰ ਚਲਾ ਕੇ ਆਉਣਾ ਹੈ। ਮੇਰੀਆਂ ਗੱਲਾਂ ਕਿਤੇ ਉਸ ਨੂੰ ਬੇਚੈਨ ਨਾ ਕਰ ਦੇਣ। ਕਿਤੇ ਸੋਚਾਂ 'ਚ ਡੁੱਬਾ ਉਹ ਐਕਸੀਡੈਂਟ ਨਾ ਕਰ ਬੈਠੇ। ਪਹਿਲਾਂ ਵੀ ਉਹ ਕਈ ਵਾਰ ਇਸ ਤਰ੍ਹਾਂ ਦੇ ਹਾਲਾਤ 'ਚ ਗੱਡੀ ਠੋਕ ਬੈਠਾ ਹੈ। ਸ਼ੁਕਰ ਹੈ ਕਿਸੇ ਗੰਭੀਰ ਸੱਟ ਤੋਂ ਸਦਾ ਬਚਾਅ ਹੁੰਦਾ ਰਿਹੈ। ਅੱਜ ਫਿਰ ਉਹ ਮੇਰੀ ਗੱਲ ਸੁਣ ਕੇ ਭੜਕ ਉੱਠਿਆ ਸੀ। ਉਸਦੇ ਬੋਲ ਅਜੇ ਵੀ ਮੇਰੇ ਕੰਨਾਂ 'ਚ ਗੂੰਜ ਰਹੇ ਨੇ, 'ਮੈਂ ਏਹ ਨਿੱਤ ਦਾ ਕਲੇਸ਼ ਕਿਸੇ ਦਿਨ ਮੁਕਾ ਹੀ ਦੇਣਾ ਹੈ।''

ਕਿਤੇ ਉਹ 'ਕਿਸੇ ਦਿਨ' ਅੱਜ ਹੀ ਨਾ ਬਣ ਜਾਵੇ।' ਮੇਰੇ ਅੰਦਰ ਡਰ ਜਾਗਿਆ ਹੈ। ਟਿਮਟਾਉਂਦੀ ਰੋਸ਼ਨੀ ਵਾਂਗ ਮੇਰੀਆਂ ਅੱਖਾਂ ਅੱਗੇ ਕਦੇ ਗਿੰਦਰ ਤੇ ਕਦੇ ਅਮਨ ਦਾ ਚਿਹਰਾ ਆਉਂਦਾ। ਕਦੇ ਮੈਂ ਗਿੰਦਰ ਨੂੰ ਦੋਸ਼ੀ ਮੰਨਦਾ ਤੇ ਕਦੇ ਅਮਨ ਦਾ ਕਸੂਰ ਉਸ ਨਾਲੋਂ ਵੱਡਾ ਲੱਗਦਾ। ਉਨ੍ਹਾਂ ਦੋਹਾਂ ਦਾ ਪੱਲੜਾ ਜਦੋਂ ਵਾਰੋ ਵਾਰੀ ਭਾਰੀ ਹੋਣੋਂ ਨਾ ਰੁਕਿਆ ਤਾਂ ਮੈਂ ਅੱਖਾਂ ਮੀਚ ਲੈਂਦਾ ਹਾਂ। ਪਰ ਬੁਰੇ ਖ਼ਿਆਲ ਬੰਦ ਅੱਖਾਂ 'ਚ ਵੀ ਖਹਿੜਾ ਨਹੀਂ ਛੱਡਦੇ।

ਰਾਤ ਰੋਟੀ ਖਾਂਦਿਆਂ ਵੀ ਉਨ੍ਹਾਂ ਦੀਆਂ ਸੋਚਾਂ 'ਚ ਘਿਰਿਆ ਰਿਹਾ। ਮੇਰੀ ਮਨ ਪਸੰਦ ਸਬਜ਼ੀ ਨਾਲ ਵੀ ਰੋਟੀ ਅੰਦਰ ਵੱਲ ਨਹੀਂ ਸੀ ਜਾ ਰਹੀ। ਅਣਮੰਨੇ ਜਿਹੇ ਮਨ ਨਾਲ ਇਕ ਰੋਟੀ ਮਸੀਂ ਖਾਧੀ ਗਈ ਸੀ। ਬੈੱਡ 'ਤੇ ਪਿਆਂ ਵੀ ਨੀਂਦ ਕਿਤੇ ਉੱਡ ਗਈ ਸੀ। ਉੱਸਲਵੱਟੇ ਲੈਂਦਿਆਂ ਸੋਚਾਂ ਅਕਾਸ਼ ਪਤਾਲ ਗਾਹੁੰਦੀਆਂ ਰਹੀਆਂ। ਮੈਂ, ਗਿੰਦਰ ਤੇ ਅਮਨ ਦੇ ਕਾਲਜ ਦੇ ਦਿਨਾਂ ਨੂੰ ਚੇਤੇ ਕਰਦਾ ਰਿਹਾ। ਅਚਾਨਕ ਪ੍ਰੋ. ਸੈਫ਼ ਮੇਰੇ ਸਾਹਮਣੇ ਸਾਕਾਰ ਹੋ ਗਏ। ਉਹ ਕਦੇ-ਕਦੇ ਜਦੋਂ ਮਨ ਦੀ ਮੌਜ 'ਚ ਹੁੰਦੇ ਕੋਈ ਨਾ ਕੋਈ ਗੱਲ ਸੁਣਾਉਣ ਬੈਠ ਜਾਂਦੇ। ਇਕ ਦਿਨ ਉਨ੍ਹਾਂ ਕਿਹਾ, ਵਿਆਹ ਪਿੱਛੋਂ ਕਿਸੇ ਕਿਸੇ ਤੀਵੀਂ ਦਾ ਸਾਰੀ ਜ਼ਿੰਦਗੀ ਏਸ ਗੱਲ 'ਤੇ ਜ਼ੋਰ ਲੱਗਾ ਰਹਿੰਦਾ ਕਿ ਬੰਦਾ ਉਹਦੇ ਇਸ਼ਾਰੇ 'ਤੇ ਨੱਚੇ ਅਤੇ ਕਈ ਬੰਦੇ ਚਾਹੁੰਦੇ ਨੇ ਕਿ ਉਹ ਸਾਨ੍ਹ ਬਣ ਘੁੰਮਣ। ਕੋਈ ਰੋਕਣ ਟੋਕਣ ਵਾਲਾ ਨਾ ਹੋਵੇ।'


ਇਹ ਸ਼ਬਦ ਤਾਂ ਮੇਰੇ ਵਲੋਂ ਨਰਮ ਕੀਤੇ ਹੋਏ ਨੇ। ਉਨ੍ਹਾਂ ਦੇ ਕਹੇ 'ਚ ਤਾਂ 'ਕੁੱਤੇ ਵਾਂਗ ਗਲ਼ 'ਚ ਪਟਾ ਪਾ ਕੇ ਰੱਖਣ' ਅਤੇ 'ਸਾਨ੍ਹ' ਬਣ ਵੱਗ 'ਚ ਘੁੰਮਣ' ਵਰਗੇ ਬੋਲ ਸਨ।

ਮੇਰੇ ਸਾਹਮਣੇ ਗਿੰਦਰ ਤੇ ਅਮਨ ਦਾ ਚਿਹਰਾ ਘੁੰਮਿਆ ਹੈ। ਫੇਰ ਉਨ੍ਹਾਂ ਦੀ ਤਕਰਾਰ ਤੇ ਲੱਗੀ ਹੋੜ ਦਾ ਖ਼ਿਆਲ ਆਇਆ ਹੈ।

ਮੇਰੇ ਏਨਾ ਸੋਚਣ 'ਤੇ ਪ੍ਰੋ. ਸੈਫ਼ ਮੇਰੇ ਖ਼ਿਆਲਾਂ 'ਚ ਮੁਸਕਰਾਏ ਨੇ। ਫੇਰ ਪਤਾ ਹੀ ਨਾ ਲੱਗਾ ਕਦੋਂ ਮੈਨੂੰ ਨੀਂਦ ਨੇ ਆ ਦਬੋਚਿਆ। (**ਸੰਪਰਕ-98765-46675**)



## ਕਹਾਣੀ/ ਖਸਮ ਨਹੀਂ/ - ਇੱਛੂਪਾਲ



ਰਾਣੋ ਬੜੇ ਚਿਰਾਂ ਮਗਰੋਂ ਅੱਜ ਤੂੰ ਚਾਣਚੱਕ ਮਿਲ ਪਈ ਏਂ। ਜੇ ਕਰ ਸੱਚ ਆਖਾਂ ਤੇ ਪਿਛਲੇ ਕਈ ਦਿਨ੍ਹਾਂ ਤੋਂ ਤੂੰ ਮੇਰੀਆਂ ਸਿਮ੍ਰਤੀਆਂ 'ਚ ਉਸਲਵੱਟੇ ਲੈਂਦੀ ਰਹੀ ਏਂ। ਤੇਰੀ ਮੇਰੀ ਉਮਰ ਦਾ ਫ਼ਾਸਲਾ ਘੱਟੋ-ਘੱਟ ਓਨਾਂ ਵੱਡਾ ਵੀ ਨਹੀਂ, ਓਨਾ ਘੱਟ ਵੀ ਨਹੀਂ। ਫਿਰ ਵੀ ਹਰ ਵੇਰਾਂ ਮੈਂ ਤੇਰੇ ਝਾਂਸੇ 'ਚ ਆ ਜਾਂਦਾ ਸੀ। ਕਦੀ ਤੇਰਾ ਸਕੂਲ ਦਾ ਕੰਮ ਕਰਦਾ ਜਾਂ ਤੇਰੇ ਇਸ਼ਕ ਦੇ ਪੋਤੜੇ ਧੋਂਦਾ ਰਹਿੰਦਾ। ਉਂਝ ਮੇਰੀ ਲਿਖਾਈ ਤੇਰੀ ਸੁੰਦਰ ਲਿਖਾਈ ਅੱਗੇ ਪਾਣੀ ਭਰਦੀ ਸੀ। ਤੂੰ ਕਹਿੰਦੀ,

''ਕਰਨੇ ਤੇਰੀ ਲਿਖਾਈ ਮੇਰੀ ਲਿਖਾਈ ਤੋਂ ਸਪੱਸ਼ਟ ਏ। ਮੇਰੇ ਸ਼ਬਦ ਜੋੜ ਰਲ ਮਿਲ ਜਾਂਦੇ ਨੇ। ਤੇਰੇ ਵੱਖੋ ਵੱਖਰੇ ਅਤੇ ਜੋੜ ਮੇਲ 'ਚ ਸਪੱਸ਼ਟ ਅਰਥ ਦੇ ਜਾਂਦੇ ਨੇ। ਮੈਂ ਇਕ ਲਕੀਰ ਨੂੰ ਪਹਿਲ ਦੇਂਦੀ ਤੇ ਤੂੰ ਸ਼ਬਦਾਂ ਨੂੰ ਮਾਲਾ 'ਚ ਪਰੋਣਾ ਜਾਣਦਾ ਏਂ।''

''ਰਾਣੋ ਤੂੰ ਆਪਣੀ ਮਿੱਠੀ ਜੀਭ ਨਾਲ ਕਿਸੇ ਨੂੰ ਵੀ ਆਪਣੇ ਵੱਲ ਕਰ ਸਕਦੀ ਏਂ। ਤੇਰੇ ਬੁੱਲ੍ਹ, ਅੱਖਾਂ, ਚਿਹਰੇ ਦੀ ਮਾਸੂਮੀਅਤ ਕਿਸੇ ਨੂੰ ਵੀ ਵਸ ਕਰ ਸਕਦੀ ਏਂ। ਜਿਵੇਂ ਮੈਂ ਵੀ ਚੁੱਪ ਚਾਪ ਤੇਰੀ ਵਾਹੀ ਲਕੀਰ ਦੇ ਸ਼ਬਦਾਂ ਅੰਦਰ ਸ਼ਬਦ ਬਣਿਆ ਤੇਰੇ ਪਿੱਛੇ ਪਿੱਛੇ ਤੁਰਦਾ ਰਿਹਾ ਹਾਂ। ਇਹ ਤੇਰੀ ਕੋਈ ਸ਼ੈਅ ਸੀ ਜਿਹੜੀ ਮੈਨੂੰ ਤੇਰੇ ਨਾਲ ਜੋੜੀ ਰੱਖਦੀ। ਬਾਵਰਾ ਜਿਹਾ ਤੇਰੀ ਹਰ ਗੱਲ ਮੰਨਦਾ ਹੋਇਆ ਤੇਰਾ ਦੁੰਮ ਛੱਲਾ ਤੇਰੇ ਸੰਗ ਢੁਕਿਆ ਰਿਹਾ। ਹਾਂ, ਇਕ ਗੱਲ ਜ਼ਰੂਰ ਸੀ। ਜਿਨ੍ਹਾਂ ਚਿਰ ਮੈਂ ਪੜ੍ਹਦਾ ਰਿਹਾ ਹਰ ਨਵੀਂ ਕਲਾਸ ਸੰਬੰਧੀ, ਆਲੇ ਦੁਆਲੇ ਦੇ ਮਾਹੌਲ ਸੰਬੰਧੀ, ਕਦੀ ਕਦੀ ਆਪਣੇ ਸਹਿ ਪਾਠੀਆਂ ਸੰਬੰਧੀ ਵੀ ਤੇਰੇ ਨਾਲ ਚਰਚਾ ਕਰਦਾ। ਤੇਰਾ ਮਸ਼ਵਰਾ ਜਿਵੇਂ ਮੈਨੂੰ ਰਾਸ ਆ ਜਾਂਦਾ, ਤੇ ਮੈਂ ਆਪਣੇ ਮਕਸਦ ਵਿਚ ਕਾਮਯਾਬੀ ਹਾਸਲ ਕਰਦਾ। ਮੇਰਾ ਵਿਸ਼ਵਾਸ ਸੀ ਉਹ। ਜਿੱਥੇ ਕੋਈ ਗ਼ਲਤੀ ਹੁੰਦੀ ਤੇ ਤੂੰ ਝਟ ਬੋਲ ਜਾਂਦੀ, ਬਾਕੀ ਚੁਪ ਹੀ ਧਾਰੀ ਰਖਦੇ। ਤੇਰੀ ਉਸ ਚੁੱਪ 'ਚ ਹੀ ਮੇਰੀ ਕਾਮਯਾਬੀ ਲੁਕੀ ਹੁੰਦੀ ਸੀ।

''ਰਾਣੋ ਸੱਚ ਦਸਾਂ, ਕਦੀ ਕਦੀ ਸੋਚਦਾ ਸੀ ਨਾ ਤੇਰੇ ਨਾਲ ਮੇਰਾ ਕੋਈ ਰਿਸ਼ਤਾ ਏ, ਨਾ ਹੀ ਹਾਣ ਦਾ ਸਾਥ, ਅਤੇ ਨਾ ਤੇਰੇ ਨਾਲ ਕੋਈ ਅਜਿਹੀ ਕਸ਼ਿਸ਼ ਜੁੜ ਸਕੀ ਸੀ। ਤੂੰ ਮੇਰੇ ਅੰਗ-ਅੰਗ ਵਿਚ ਕਿਵੇਂ ਬਰਾਜਮਾਨ ਹੋ ਕੇ ਰਾਜ ਕਰੀ ਜਾ ਰਹੀ ਏਂ। ਮੇਰੇ ਦਿਲ ਦਿਮਾਗ਼ ਵਿੱਚ ਇਹ ਗੱਲ ਘਰ ਕਰ ਗਈ ਸੀ ਕਿ ਰਾਣੋ ਨਾਲ ਗੱਲ ਕਰਕੇ ਸੋਚਾਂ ਗਾ। ਅਜਿਹਾ ਕੀ ਹੈ? ਤੂੰ ਇਹ ਮੇਰਾ ਮਸਲਾ ਦੋ ਟੁਕਾਂ ਅੰਦਰ ਹਰ ਕਰ ਲਿਆ ਸੀ।''

''ਮੈਂ ਨਹੀਂ ਜਾਣਦੀ। ਜਾਣਨਾ ਵੀ ਨਹੀਂ ਚਾਹੁੰਦੀ। ਨਾ ਜਾਣਦੀ ਹਾਂ, ਨਾ ਇਸ ਸੰਬੰਧੀ ਸੋਚਦੀ ਹਾਂ। ਇਹ ਤੇਰਾ ਆਪਣਾ ਵਿਸ਼ਵਾਸ ਹੈ। ਆਤਮਵਿਸ਼ਵਾਸ। ਤੇਰੇ ਸਵਾਲਾਂ ਦੇ ਜਵਾਬ ਤੇਰੇ ਪਾਸ ਹਨ। ਹਾਂ ਇਕ ਉਹ ਪਲ ਹੁੰਦੇ ਨੇ ਜਿਨ੍ਹਾਂ ਦੁਆਰਾ ਕੁਝ ਕੜੀਆਂ ਜੁੜਦੀਆਂ ਨੇ, ਕੁਝ ਮੇਲ ਨਹੀਂ ਖਾਂਦੀਆਂ। ਜਿੱਥੇ ਜੁੜਦੀਆਂ ਨੇ ਮੈਂ ਉਹਨਾਂ ਨੂੰ ਛੱਡ ਦੇਂਦੀ ਹਾਂ। ਦਸ ਇਸ ਵਿਚ ਖੁੱਭਣ ਦੀ ਲੋੜ ਕਿਹੜੀ ਹੈ। ਸਾਧਾਰਨ

ਜਿਹੀ ਗੱਲ ਤੇ ਹੈ। ਸਰਵਾ ਬਾਨੋ ਵੀ ਤੇ ਤੇਰੇ ਨਾਲ ਹੁੰਦੀ ਸੀ। ਸਕੂਲ ਤੱਕ ਦਾ ਸਾਥ। ਅੱਗੇ ਉਹ ਵੀ ਮੇਰੇ ਵਾਂਗ ਘਰ ਬਹਿ ਗਈ। ਤੇਰੇ ਤੇ ਸਰਵਾ ਬਾਨੋ ਵਿਚ ਮੈਨੂੰ ਕੁਝ ਜਾਪਦਾ ਸੀ। ਚਲ ਛੱਡ ਇਸ ਗੱਲ ਨੂੰ। ਮਨ ਦਾ ਬੋਝ ਵਧਦਾ ਹੈ। ਕੋਸ਼ਿਸ਼ ਕਰੋ ਘਟਾਣ ਲਈ। ਨਾ ਢੋਹੇ ਇਹ ਭਾਰ ਵਰਨਾ ਲੱਕ ਲਿਫ਼ ਜਾਂਦਾ ਹੈ। ਸਿਰ ਝੁਕ ਜਾਂਦਾ ਏ। ਜਵਾਨੀ ਵਿਚ ਹੀ ਬੁੱਢਾ ਦਿਸਣ ਲਗ ਪਏਂਗਾ।"

"ਰਾਣੋ ਤੈਨੂੰ ਚੇਤੇ ਹੋਣਾ ਗਨੀ ਸਾਹਿਬ ਠੇਕੇਦਾਰ ਦਾ ਉਹ ਰਸੋਈਆਂ। ਗਨੀ ਸਾਹਿਬ ਦੀ ਵੱਡੀ ਕੋਠੀ ਹੇਠਾਂ ਕੋਈ ਪੰਦਰਾਂ ਦੁਕਾਨਾਂ, ਇਕ ਨਿੱਕਾ ਜਿਹਾ ਸ਼ਾਪਿੰਗ ਸੈਂਟਰ ਸੀ।"

"ਹਾਂ ਜਾਣਦੀ ਹਾਂ, ਹੋਵੇਗੀ, ਉਹ ਕਿਵੇਂ ਭੁੱਲ ਸਕਦੀ ਹਾਂ। ਇਕ ਬੰਗਾਲੀ ਹਲਵਾਈ ਦੀ ਦੁਕਾਨ ਵੀ ਸੀ। ਅਸਾਂ ਹਲਵਾਈ ਨਾਲ ਦੋਸਤੀ ਲਾਈ ਸੀ। ਸਮੋਸੇ ਸੇਵੀਆਂ ਅਤੇ ਬਰਫ਼ੀ ਚਤੁਰਾਈ ਨਾਲ ਉਸ ਤਰਪਾਲ ਹੇਠੋਂ ਵੜ ਕੇ ਲੈ ਆਉਂਦੇ ਤੇ ਵਰਾਂਡੇ ਵਿਚ ਬੈਠ ਕੇ ਖਾਂਦੇ। ਤੂੰ ਹਲਵਾਈ ਨੂੰ ਗੱਲਾਂ ਗੱਲਾਂ 'ਚ ਰੁਝਾਈ ਰੱਖਦੀ, ਮੈਂ ਤੇ ਮੀਤਾ ਮਾਲ ਖਿਸਕਾ ਲੈਂਦੇ।"

"ਗੱਲ ਗਨੀ ਸਾਹਿਬ ਦੇ ਰਸੋਈਏ ਦੀ ਹੋ ਰਹੀ ਸੀ। ਉਹ ਰਸੋਈ ਦੀ ਖਿੜਕੀ ਦੇ ਅੰਦਰੋਂ ਤੈਨੂੰ ਵੇਖਦਾ ਰਹਿੰਦਾ ਸੀ। ਉਹਨੇ ਰਸੋਈ ਵਿਚ ਤੈਨੂੰ ਵੇਖਣ ਲਈ ਇਕ ਸ਼ੀਸ਼ਾ ਵੀ ਫਿੱਟ ਕੀਤਾ ਹੋਇਆ ਸੀ। ਤੂੰ ਕਿਹੜੀ ਘੱਟ ਸੀ। ਆਨੇ-ਬਹਾਨੇ ਆਪਣੇ ਕਮਰੇ ਦੇ ਦਰਵਾਜ਼ੇ ਸਾਹਮਣੇ ਖਲੋ ਜਾਂਦੀ ਸੀ। ਉਹ ਤੇਰੇ ਲਈ ਕੋਈ ਨਾ ਕੋਈ ਚੀਜ਼ ਖਿੜਕੀ 'ਚੋਂ ਹੇਠਾਂ ਸੁਟ ਦੇਂਦਾ। ਬੜੀਆਂ ਹੀ ਸਵਾਦਲੀਆਂ ਚੀਜ਼ਾਂ ਬਣਾਂਦਾ ਸੀ ਉਹ। ਜਦੋਂ ਉਹ ਚੀਜ਼ ਮੈਂ ਤੇਰੇ ਲਈ ਚੁਕ ਕੇ ਲੈ ਆਉਂਦਾ ਤੇ ਤੇਰਾ ਹਾਸਾ ਨਾ ਥੰਮਦਾ। ਉਸ ਪੈਕਟ ਵਿਚ ਤੇਰੇ ਲਈ ਖ਼ਤ ਵੀ ਹੁੰਦਾ। ਤੂੰ ਕਦੀ ਪੜ੍ਹ ਕੇ ਜਾਂ ਕਦੀ ਬਿਨ੍ਹਾਂ ਪੜ੍ਹਿਆਂ ਚੁੱਲ੍ਹੇ ਵਿਚ ਫੂਕ ਦੇਂਦੀ ਸੀ। ਇਹ ਸਿਲਸਿਲਾ ਚਲਦਾ ਰਹਿੰਦਾ। ਇਕ ਦਿਨ ਗਨੀ ਸਾਹਿਬ ਦੇ ਡਰਾਇਵਰ ਕਿੱਕਰ ਸਿੰਘ ਨੂੰ ਪਤਾ ਚਲ ਗਿਆ। ਤੇਰਾ ਇਕ ਹੋਰ ਆਸ਼ਕ। ਤੇਰੇ ਲਈ ਹੁਣ ਦੋਹਾਂ ਧਿਰਾਂ ਵੱਲੋਂ ਤੋਹਫੇ ਆਣ ਲੱਗੇ। ਕਿੱਕਰਾ ਤੇ ਰਸੋਈਆਂ ਉਸੇ ਖਿੜਕੀ ਰਾਹੀਂ ਤਾਰਾਂ ਜੋੜੀ ਰੱਖਦੇ। ਮੈਨੂੰ ਇਹ ਵੀ ਯਾਦ ਹੈ ਜਦੋਂ ਇਕ ਸ਼ਾਮ ਪਾਣੀ ਭਰਨ ਨੂੰ ਕੋਠੇ ਤੇ ਜਾਂਦੀ ਤਾਂ ਥੋੜਾ ਜਿਹਾ ਉਪਰ ਨੂੰ ਕਰਕੇ ਗਨੀ ਸਾਹਿਬ ਨੇ ਵੀ ਆਪਣੇ ਲਈ ਪਤਣ ਬਣਵਾਇਆ ਸੀ। ਸਾਡੀ ਵਾਲੀ ਬਿਲਡਿੰਗ ਵਿੱਚ ਰਹਿ ਰਹੇ ਗੰਢਾ ਸਿੰਘ, ਹਰਨਾਮ ਸਿੰਘ, ਛਬੀਲ ਸਿੰਘ ਆਦਿ ਨੇ ਗਨੀ ਸਾਹਿਬ ਨੂੰ ਕਹਿ ਕੇ ਆਪਣਾ ਪਤਣ ਵੀ ਠੀਕ ਕਰਵਾ ਲਿਆ ਸੀ। ਨਾਲੇ ਦੋ ਗੁਸਲਖਾਨੇ ਵੀ ਬਣਵਾ ਲਏ ਸੀ। ਜਿੱਥੇ ਸਾਡੀ ਬਿਲਡਿੰਗ ਵਿਚ ਰਹਿ ਰਹੀਆਂ ਤੀਵੀਆਂ ਆਪਣਾ ਨਹਾਣ ਧੋਣ ਕਰਦੀਆਂ ਚਲਦੇ ਪਾਣੀ ਵਿਚ ਨਾਹੁਣ ਦਾ ਆਪਣਾ ਸਵਾਦ ਹੁੰਦਾ ਹੈ। ਪਾਣੀ ਦਾ ਸਪੱਰਸ਼ ਸਰੀਰ ਦੇ ਅੰਗ ਅੰਗ ਨੂੰ ਛੂਹ ਕੇ ਇਕ ਕਾਂਬਾ ਛੇੜ ਜਾਂਦਾ। ਸਰਦੀਆਂ ਵਿੱਚ ਪਾਣੀ 'ਚੋਂ ਉੱਠਦੀ ਭਾਪ ਕੋਸੇ ਠੰਡੇ ਪਾਣੀ ਦਾ ਮਿਸਰਣ ਪਿੰਡੇ ਤੇ ਛੂਹ ਕੇ ਸਾਰੀ ਦੇਹ ਗਦ ਗਦ ਹੋ ਜਾਂਦੀ।

ਇਕ ਦਿਨ ਸਰਦੀਆਂ ਦੀ ਗੱਲ ਹੈ। ਨਿੱਕੀ ਨਿੱਕੀ ਬਰਫ਼ ਪੈ ਰਹੀ ਸੀ। ਮੈਂ ਬਾਹਰ ਪਤਣ ਤੇ ਨਹਾ ਰਿਹਾ ਸੀ। ਪਤਣ ਦੀ ਪੌੜੀ ਤੇ ਮੈਂ ਕਾਂਗੜੀ ਫਿਰਨ ਨਾਲ ਢੱਕ ਕੇ ਅਤੇ ਕੱਪੜੇ ਖੋਲ ਕੇ ਕੱਠੇ ' ਚ ਨਹਾ ਰਿਸਾ ਸੀ। ਤੂੰ ਗੁਸਲਖਾਨੇ ਵਿੱਚੋਂ ਨਹਾ ਕੇ ਨਿਕਲੀ ਅਤੇ ਮੇਰਾ ਫ਼ਿਰਨ ਪਾ ਕੇ ਭਖ ਰਹੀ ਕਾਂਗੜੀ ਬੁਕਲ 'ਚ ਪਾ ਕੇ ਘਰ ਵੱਲ ਤੁਰ ਪਈ। ਮੈਂ ਇਹਨਾਂ ਹੀ ਕਿਹਾ।

"ਸਾਲੀਏ ਮੈਂ ਠੰਡ 'ਚ ਠਰਦਾ ਪਿਆਂ ਤੂੰ ਮੇਰਾ ਫ਼ਿਰਨ ਤੇ ਕਾਂਗੜੀ ਲੈ ਕੇ ਕਿੱਧਰ ਚਲੀ ਏਂ! ਠਹਿਰ ਤੈਨੂੰ ਮਜ਼ੇ ਚਖਾਂਦਾ ਹਾਂ। ਤੂੰ ਤੇ ਝਟ ਆਪਣੇ ਕਮਰੇ ਵੱਲ ਦੌੜ ਗਈ ਸੀ। ਮੈਂ ਕਪੜੇ ਪਾ ਕੇ ਦੌੜਦਾ ਦੌੜਦਾ ਪੌੜੀ ਚੜ੍ਹ ਕੇ ਆਪਣੇ ਕਮਰੇ ਵਿਚ ਜਾ ਰਜਾਈ 'ਚ ਵੜ ਗਿਆ। ਮਾਂ ਕੁਝ ਬੋਲਦੀ ਰਹੀ। ਮੈਂ ਮਾਂ ਤੋਂ ਕਾਂਗੜੀ ਲੈ ਲਈ। ਕੁਝ ਚਿਰ ਮਗਰੋਂ ਮੇਰੀ ਦੇਹ 'ਚ ਰਤਾ ਕੁ ਗਰਮੀ ਆਈ ਤੇ ਮਾਂ ਨੇ ਕਸ਼ਮੀਰੀ ਕਾਹਵਾ (ਚਾਹ) ਦਾ ਕੌਲ (ਖਾਸ਼ੂ) ਭਰ ਕੇ ਦੇਂਦਿਆਂ ਕਿਹਾ,

"ਤੇਰਾ ਫ਼ਿਰਨ ਤੇ ਕਾਂਗੜੀ...? ਹੁਣ ਮੇਰਾ ਦੰਦੜਕਾ ਠੀਕ ਹੋ ਗਿਆ ਸੀ। ਮੈਂ ਕਿਹਾ, "ਮਾਂ ਉਹ ਸਾਲੀ



ਮੇਰੀ ਰਾਣੋ ਮੇਰਾ ਫ਼ਿਰਨ ਤੇ ਕਾਂਗੜੀ ਚੁੱਕ ਲੈ ਆਈ ਹੈ। ਦੌੜਦਾ ਆਇਆ ਹਾਂ। ਹੁਣ ਉਹਨੂੰ ਮਜ਼ੇ ਚਖਾਵਾਗਾ।"

"ਚੁਪ ਕਰਕੇ ਬੈਠ ਜਾ। ਤੇਰੇ ਤੇ ਰਾਣੋ ਵਿਚਾਲੇ ਡਰਾਮੇ ਮੈਂ ਜਾਣਦੀ ਹਾਂ। ਕਾਹਵਾ ਪੀ ਠੀਕ ਹੋ ਜਾਵੇਗਾ।" ਮਾਂ ਹੱਸਦੀ ਹੋਈ ਰਸੋਈ 'ਚ ਚਲੀ ਗਈ ਸੀ।

ਰਾਣੋ ਤੇ ਸਾਡੇ ਕਮਰੇ ਵਿਚ ਇਕ ਵਿਚਕਾਰਲਾ ਦਰਵਾਜ਼ ਸੀ। ਜਿਸ ਨੂੰ ਭਾਪਾ ਜੀ ਨੇ ਕਿੱਲਾ ਨਾਲ ਬੰਦ ਕਰ ਦਿੱਤਾ ਸੀ। ਇਹ ਦਰਵਾਜ਼ਾ ਮੇਰੇ 'ਤੇ ਰਾਣੋ ਵਿਚਾਲੇ ਇਕ ਇਸ਼ਾਰੇ ਦਾ ਸੁਨੇਹੇ ਦਾ ਪਾਤਰ ਸੀ। ਰਾਣੋ ਨੇ ਦਰਵਾਜ਼ੇ ਤੇ ਦਸਤਕ ਦਿੱਤੀ ਇੱਧਰ ਮੈਂ ਗਾਹਲਾਂ ਕੱਢਣ ਲੱਗ ਪਿਆ। ਮਾਂ ਆਪਣੇ ਕੰਮ ਕਿਚਨ ਵਿਚ ਰੁਝੀ ਸੀ। ਬਾਪੂ ਨਾਲ ਵਾਲੇ ਕਮਰੇ ਵਿੱਚ ਪਾਠ ਕਰ ਰਹੀ ਸੀ। ਮੈਨੂੰ ਜਲਦੀ ਹੀ ਬਾਪੂ ਦੀ ਹੋਂਦ ਦਾ ਇਹਸਾਸ ਹੋਇਆ। ਮੈਂ ਪੜ੍ਹਨ ਲਈ ਪੁਸਤਕ ਚੁਕ ਲਈ। ਮੈਂ ਹੁਣ ਕਾਲੇਜ ਪੜ੍ਹ ਰਿਹਾ ਸੀ। ਕਾਲੇਜ਼ ਪੜ੍ਹਨ ਲਈ ਮੈਨੂੰ ਬਾਪੂ ਨੇ ਸ੍ਰੀਨਗਰ ਹੀ ਡੇਰਾ ਲੈ ਦਿੱਤਾ ਸੀ। ਮਾਸੀ ਦੇ ਲਾਗੇ ਰਾਮਬਾਗ ਵਿਚ। ਉੱਥੇ ਕਰਾਇਆ ਵੀ ਕੁਝ ਨਹੀਂ ਸੀ ਦੇਣਾ ਪੈਂਦਾ। ਉੱਥੇ ਮਾਸੀ ਤੇ ਮਾਸੜ ਦੀਆਂ ਨਜ਼ਰਾਂ ਮੇਰਾ ਪਿੱਛਾ ਕਰਦੀਆਂ ਰਹਿੰਦੀਆਂ। ਸਰਦੀਆਂ ਦੀਆਂ ਛੁੱਟੀਆਂ ਵਿਚ ਮੈਂ ਮਾਂ ਬਾਪ ਪਾਸ ਆਇਆ ਸੀ। ਇੱਥੇ ਵੀ ਟੀਊਸ਼ਨ ਕਲਾਸ ਵਿਚ ਜਾਂਦਾ ਸੀ।

ਉਸ ਵੇਲੇ ਗਨੀ ਸਾਹਿਬ ਦੀ ਕੋਠੀ ਖਾਲੀ ਪਈ ਸੀ। ਹਾਂ ਗਨੀ ਸਾਹਿਬ ਦੇ ਅਹਾਤੇ ਵਿਚ ਉਨ੍ਹਾਂ ਦਾ ਪੁਰਾਣਾ ਚੌਂਕੀਦਾਰ ਰਹਿੰਦਾ ਸੀ। ਅਹਾਤੇ ਵਿਚ ਖਲੋਤੀਆਂ ਪਈਆਂ ਗੱਡੀਆਂ ਨੂੰ ਜੰਗ ਖਾ ਰਹੀ ਸੀ। ਅਹਾਤੇ ਦੇ ਜੰਗਲੇ ਦੀਆਂ ਫਟੀਆਂ ਵੀ ਹੁਣ ਪਾਣੀ ਨਾਲ ਖਰਾਬ ਹੋ ਚੁੱਕੀਆਂ ਸਨ।

ਰਾਣੋ ਫਿਰ ਵੀ ਤੂੰ ਆਪਣੀਆਂ ਨਜ਼ਰਾਂ ਦੇ ਤੀਰ ਚਲਾਈ ਜਾਂਦੀ ਸੀ। ਰਸੋਈਏ ਦੀ ਉਸੇ ਹੀ ਖਿੜਕੀ ਵੱਲ। ਉਹ ਥਾਂ ਹੁਣ ਚੌਕੀਦਾਰ ਰੁਸਲੇ ਨੇ ਸਾਂਭ ਲਈ ਸੀ। ਰੁਸਲਾ ਇਸ਼ਾਰੇ ਕਰਦਾ, ਸਿਗਰਟ ਦਾ ਧੂੰਆਂ ਉੱਡਦਾ ਹੋਇਆ ਖਿੜਕੀ 'ਚੋਂ ਬਾਹਰ ਨੂੰ ਆ ਰਿਹਾ ਸੀ। ਹੱਥ ਹਵਾ ਵਿਚ ਲਹਿਰਾਉਂਦੇ ਰਹੇ। ਇੱਧਰ ਰਾਣੋ ਦੀਆਂ ਅੱਖਾਂ ਦੀ ਖੁਮਾਰੀ, ਮੁਸਕਾਨ ਖਿੜੇ ਮੱਥੇ ਦੀ। ਸੱਚ ਮੁੱਚ ਰਾਣੋ ਤੇਰੇ ਚਿਹਰੇ ਦਾ ਨਖ਼ਰਾ ਵੱਧਦਾ ਹੀ ਰਿਹਾ। ਮੇਰੇ ਪੁੱਛਣ ਤੇ ਤੂੰ ਦੱਸਿਆ ਸੀ।

"ਕੀ ਕਰਾਂ ਉਮਰ ਵੱਧ ਰਹੀ ਏ। ਲੁਕੇ ਪਏ ਅਰਮਾਨਾ ਦਾ ਕੀ ਕਰਾਂ। ਕਿੱਥੇ ਰੋਹੜ ਆਵਾਂ। ਕਿੱਥੇ ਸਾੜਾਂ ਇਸ ਦੇਹ ਨੂੰ। ਕਿਸ ਖੂਹ ਖਾਤੇ ਪਾਵਾਂ? ਮੇਰੇ ਨਾਲ... ਖੈਰ ਤੂੰ ਹੀ ਮੈਨੂੰ ਇਸ ਝੰਜਟ ਤੋਂ ਬਾਹਰ ਕੱਢ ਸਕੇਗਾ। ਦਸ ਰਾਹ ਕਿੱਥੋਂ ਲਵਾਂ। ਕਿਸ ਦੇ ਕੰਧਾੜੇ ਚੜ੍ਹ ਕੇ ਬੋਲਾਂ। ਕਿਸ ਛਾਤੀ ਨਾਲ ਲਗ ਕੇ ਦਿਲ ਦੀ ਹਵਾੜ ਕੱਢਾਂ। ਸੋਚਦੀ ਹਾਂ ਜੇ ਕਰ ਕੋਈ ਕਦਮ ਪੁਟਦੀ ਹਾਂ ਤਾਂ ਫੇਰ... ਫੇਰ ਕੀ ਬਣੇਗਾ। ਪਰਿਵਾਰਾਂ ਵਿਚਲੀ ਦੁਸ਼ਮਨੀ ਧਰਮ... ਫੇਰ ਜਲਸੇ... ਜਿਵੇਂ ਪੰਡਿਤਾਂ ਦੀ ਕੁੜੀ ਭੱਜ ਕੇ ਕਿਸੇ ਮੁਸਲਮਾਨ ਨਾਲ ਨਿਕਾਹ ਕਰ ਗਈ ਸੀ... ਫੇਰ ਕੀ ਹੋਇਆ... ਕੋਈ ਹੱਲ? ਕੇਵਲ ਕੁਝ ਚਿਰ ਲੱਛੀ ਸ਼ਾਹ ਦੇ ਗੀਤ ਥਾਂ-ਥਾਂ ਗੂੰਜਣ ਲੱਗੇ-

ਪੰਡਿਤਾਂ ਦੀ ਕੁੜੀ
ਕੱਢ ਲੈ ਆਏ ਮੁਸਲਮਾਨ
ਭੈਣਜੀ ਭੈਣਜੀ ਕਰਦੇ ਰਹੇ ਪੰਡਿਤ...।"

"ਰਾਣੋ ਤੂੰ ਬੋਲਦੀ ਰਹੀ, ਮੈਂ ਸੁਣਦਾ ਰਿਹਾ। ਹਾਂ ਤੇਰੀ ਤੇ ਮੇਰੀ ਉਮਰ ਦਾ ਫ਼ਰਕ ਏ। ਮੈਂ ਉਦੋਂ ਵੀ ਤੇਰੀਆਂ ਭਾਵਨਾਵਾਂ ਨੂੰ ਨੀ ਸਮਝ ਪਾਇਆ ਤੇ ਅੱਜ ਵੀ ਨਹੀਂ ਸਮਝ ਸਕਦਾ। ਜਿਹੜੀ ਵੀ ਤੇਰੇ ਵੱਲ ਉੱਠੀ ਅੱਖ ਹੁੰਦੀ ਸੀ, ਮੈਂ ਵੇਖ ਤੇ ਲੈਂਦਾ ਸੀ। ਉਸ ਅੱਖ ਵਿਚਲੀ ਨਜ਼ਰਾਂ ਦੀ ਭਾਵਨਾਵਾਂ ਪ੍ਰਤੀ ਮੇਰੇ ਪਾਸ ਉਹ ਸੋਝੀ ਨਹੀਂ ਸੀ। ਮੇਰੀ ਸੋਚਣ ਸ਼ਕਤੀ ਇੰਨੀ ਵਿਸ਼ਾਲ ਨਹੀਂ ਸੀ। ਇਸ ਲਈ ਤੇਰੀਆਂ ਦੇਹ ਦੀਆਂ ਭਾਵਨਾਵਾਂ ਪ੍ਰਤੀ ਅਵੇਸਲਾ ਸੀ। ਸ਼ੈਦ ਮੇਰੇ ਸਾਹਮਣੇ ਮੇਰੀ ਪੜ੍ਹਾਈ ਅਤੇ ਕੈਰੀਅਰ ਸੀ।

"ਰਾਣੋ ਚੌਂਕੀਦਾਰ ਨੇ ਕੱਠੇ ਤੇ ਪਾਣੀ ਭਰਦਿਆਂ ਤੇਰੇ ਨਾਲ ਕੋਈ ਗੱਲ ਕੀਤੀ ਸੀ। ਕੁਝ ਆਖਿਆ, ਉਹਦੇ ਬੋਲ ਮੇਰੇ ਕੰਨੀ ਨਹੀਂ ਸੀ ਪਏ ਪਰ ਤੇਰੇ ਕੰਨਾਂ ਤੱਕ ਅਪੜ ਆਏ ਸੀ। ਹਾਂ ਮੈਨੂੰ ਤੇਰੇ ਲਫ਼ਜ਼ ਚੇਤੇ ਨੇ। ਤੂੰ ਕਿਹਾ ਸੀ,

"ਕਿਉਂ ਨਹੀਂ... ਜਦੋਂ ਮਨ ਕਰੇ ਦਸ ਦੇਣਾ।" ਰੁਸਲੇ ਨਾਲ ਜਮਾਲਾ ਮੋਚੀ ਵੀ ਸੀ। ਜਮਾਲੇ ਮੋਚੀ ਦੀ ਭੈਣ ਰਾਜੀ ਮੇਰੇ ਨਾਲ ਪੜ੍ਹਦੀ ਸੀ।"

"ਹਾਂ ਹੁਣ ਉਹਦੇ ਦੋ ਬੱਚੇ ਸਕੂਲ ਜਾ ਰਹੇ ਨੇ। ਉਹਦਾ ਘਰਵਾਲਾ ਫ਼ੌਜ ਵਿਚ ਮੋਚੀ ਦਾ ਕੰਮ ਕਰਦਾ ਹੈ। ਚੰਗਾ ਬੰਦਾ ਹੈ। ਰਾਜੀ ਖੁਸ਼ ਹੈ। ਉਹਨਾਂ ਨੱਸ ਕੇ ਵਿਆਹ ਕੀਤਾ ਸੀ। ਇਹ ਜਮਾਲਾ ਭੈਣ ਨੂੰ ਲੁਟ ਲੁਟ ਖਾ ਰਿਹਾ ਹੈ। ਵਿਹਲਾ ਫਿਰਦਾ ਹੈ। ਚਲਦਿਆਂ ਚਲਦਿਆਂ ਆਪਣੇ ਅੰਗਾਂ ਨੂੰ ਮਰੋੜਦਾ ਸੀ। ਸਾਲਾ ਬਾਜ਼ ਨੀ ਆਉਂਦਾ। ਕੁੱਤਾ...।"

ਤੂੰ ਬੜੀ ਉਤੇਜਿਤ ਹੋਈ ਹੋਈ ਬੋਲ ਰਹੀ ਸੀ। ਉਸ ਵੇਲੇ ਮੈਂ ਵੇਖਿਆ ਕਿ ਤੇਰੇ ਲਹੂ 'ਚ ਇਤਨੀ ਗਰਮੀ। ਸੱਚ ਮੁੱਚ ਜੇ ਕਰ ਮੈਂ ਵਿਚ ਨਾ ਆਉਂਦਾ ਤੇ ਤੂੰ ਜਮਾਲੇ ਦਾ ਕਤਲ ਕਰ ਦੇਣਾ ਸੀ। ਅਜਿਹੀ ਇਕ ਹੋਰ ਘਟਨਾ ਮੈਨੂੰ ਚੇਤੇ ਆ ਗਈ ਹੈ। ਜਦੋਂ ਕਿੱਕਰੇ ਡਰਾਇਵਰ ਨੇ ਤੇਰੀ ਬਾਂਹ ਫੜੀ ਸੀ, ਉਸ ਵੇਲੇ ਤੇਰੇ ਮੋਂਢੇ ਤੇ ਪਾਣੀ ਦਾ ਭਰਿਆ ਹੋਇਆ ਘੜਾ ਸੀ। ਤੂੰ ਪਹਿਲਾਂ ਭਰਿਆ ਹੋਇਆ ਘੜਾ ਕਿੱਕਰੇ ਦੇ ਸਿਰ 'ਤੇ ਦੇ ਮਾਰਿਆ। ਕਿੱਕਰਾ ਤੇ ਨੱਸ ਗਿਆ। ਤੂੰ ਟੁੱਟੇ ਘੜੇ ਦਾ ਗਲਮਾਂ ਹੱਥ 'ਚ ਫੜੀ ਸਿੱਧੀ ਗਨੀ ਸਾਹਿਬ ਦੀ ਕੋਠੀ ਵਿਚ ਚਲੀ ਗਈ। ਤੇਰੇ ਕਪੜੇ ਗਿੱਲੇ ਹੋਏ ਸੀ। ਗਨੀ ਸਾਹਿਬ ਵਰਾਂਡੇ ਵਿਚ ਬੈਠੇ ਸਿਗਾਰ ਪੀ ਰਹੇ ਸੀ। ਗਨੀ ਸਾਹਿਬ ਨੇ ਤੇਰੀ ਸਾਰੀ ਗੱਲ ਸੁਣੀ। ਕਿਕਰਾ ਕੋਠੀ ਦੇ ਪਤਾ ਨਹੀਂ ਕਿਸ ਕੋਨੇ 'ਚ ਮੂੰਹ ਲੁਕਾ ਕੇ ਬੈਠਾ ਸੀ। ਗਨੀ ਸਾਹਿਬ ਨੇ ਉਸਨੂੰ ਕੁਝ ਨਹੀਂ ਕਿਹਾ, ਕੇਵਲ ਅੱਖਾਂ ਨਾਲ ਤਾੜਨਾ ਕੀਤੀ ਸੀ। ਗਨੀ ਸਾਹਿਬ ਦੂਜੇ ਦਿਨ ਪਿੱਤਲ ਦੀ ਗਾਗਰ ਅਤੇ ਹੋਰ ਕਈ ਚੀਜ਼ਾਂ ਤੈਨੂੰ ਦੇਣ ਲਈ ਤੇਰੇ ਘਰ ਆਇਆ। ਉਸ ਵੇਲੇ ਸਾਡੀਆਂ ਦੋਹਾਂ ਬਿਲਡਿੰਗਾਂ ਦੇ ਦਰਵਾਜ਼ੇ ਖੁੱਲ੍ਹ ਗਏ ਸਨ। ਬਾਹਰ ਹੀ ਉਹਨੇ ਪਹਿਲਾਂ ਤੇਰੇ ਸਿਰ 'ਤੇ ਹੱਥ ਰੱਖਿਆ, ਤੇਰੇ ਜੇਰੇ ਦੀ ਤਰੀਫ਼ ਕੀਤੀ।

"ਅੱਜ ਮੈਨੂੰ ਲਗਿਆ ਹੈ ਕਿ ਔਰਤ ਨਾ ਕੇਵਲ ਆਪਣਾ ਬਚਾਵ ਕਰ ਸਕਦੀ ਹੈ, ਸਗੋਂ ਹੋਰ ਉੱਚਾ ਉੱਠ ਕੇ ਸਮਾਜ ਵਿਚਲੀਆਂ ਉਣਤਾਈਆਂ ਨੂੰ ਦੂਰ ਵੀ ਕਰ ਸਕਦੀ ਹੈ।"

"ਰਾਣੋ ਸੱਚ ਮੁੱਚ ਹੀ ਤੈਨੂੰ ਉਦੋਂ ਆਪਣਾ ਆਪ ਝਾਂਸੀ ਦੀ ਰਾਣੀ ਕੋਲੋ ਘੱਟ ਨਹੀਂ ਸੀ ਲੱਗਿਆ ਹੋਣਾ। ਲਗਦਾ ਵੀ ਕਿਵੇਂ ਨਾ?"

ਉਸ ਵੇਲੇ ਇਹ ਗੱਲ ਮੇਰੀ ਸਮਝ ਤੋਂ ਦੂਰ ਰਹੀ ਸੀ। ਪਹਿਲਾਂ ਕਿਕਰੇ ਨੂੰ ਲਿਫ਼ਟ ਦਿੱਤੀ। ਰਸੋਈਏ ਨਾਲ ਵੱਖਰਾ ਨਾਤਾ। ਉਹ ਦੋਵੇਂ ਤੇ ਤੇਰੇ ਉੱਪਰ ਜਾਨ ਨਛਾਵਰ ਕਰਦੇ ਸੀ। ਫੇਰ...!

ਯਾਦ ਹੈ ਤੈਨੂੰ ਉਸ ਵੇਲੇ ਮੇਰੇ ਸਵਾਲਾਂ ਦਾ ਤੂੰ ਉੱਤਰ ਦਿੱਤਾ ਸੀ। ਤੂੰ ਕਿਹਾ ਸੀ,

"ਬੁੱਢਾ ਬੰਗਾਲੀ ਹਲਵਾਈ ਇਕ ਦਿਨ ਭੁੱਖਾ ਦੁਪਹਿਰ ਨੂੰ ਤੇਰੇ ਪਾਸ ਘਰ ਆ ਗਿਆ ਸੀ। ਉਹ ਆਪਣੇ ਨਾਲ ਪਿੱਤਲ ਦੀ ਥਾਲੀ ਵਿਚ ਮਿੱਠਾਈਆਂ, ਨਮਕੀਨ ਅਤੇ ਨਵੇਂ ਨਵੇਂ ਕੋਰੇ ਕੋਰੇ ਦਸ ਦਸ ਰੁਪਏ ਦੇ ਨੋਟ ਥਾਲੀ ਵਿਚ ਸਜਾ ਕੇ ਉੱਪਰ ਕੋਰਾ ਲਾਲ ਕੱਪੜਾ ਢਕ ਕੇ ਲੈ ਆਇਆ ਸੀ। ਉਸ ਵੇਲੇ ਬਿਲਡਿੰਗ ਵਿਚ ਕੋਈ ਨਹੀਂ ਸੀ। ਥਾਲੀ ਤੇਰੇ ਹੱਥਾਂ ਵਿੱਚ ਦੇਂਦਿਆਂ ਕਹਿਣ ਲੱਗਾ ਸੀ,

"ਰਾਣੋ ਮੈਂ ਤੇਰੇ ਬਗੈਰ ਨਹੀਂ ਰਹਿ ਸਕਦਾ।" ਤੂੰ ਸਾਰਾ ਸਾਮਾਨ ਪਹਿਲਾਂ ਅੰਦਰ ਲੁਕਾਇਆ ਮਗਰੋਂ ਹਲਵਾਈ ਦੀ ਬਾਂਹ ਫੜੀ ਅਤੇ ਉਹਨੂੰ ਪੌੜੀ ਉਤਾਰ ਕੇ ਚਪਲਾਂ ਨਾਲ ਉਹਦਾ ਸਿਰ ਸੱਚ-ਮੁੱਚ ਗੰਜਾ ਕਰ ਦਿੱਤਾ ਸੀ। ਉਸ ਵੇਲੇ ਮੈਂ ਟਿਊਸ਼ਨ ਪੜ੍ਹ ਕੇ ਮੁੜ ਰਿਹਾ ਸੀ। ਹਲਵਾਈ ਨੂੰ ਬਚਾ ਲਿਆ। ਹਲਵਾਈ ਤੇ ਨੱਸ ਗਿਆ ਪਰ ਤੇਰਾ ਗੁੱਸਾ ਸ਼ਾਂਤ ਨਹੀਂ ਸੀ ਹੋ ਰਿਹਾ। ਤੇਰੀ ਉਸ ਵੇਲੇ ਦੀ ਕੰਬਦੀ ਦੇਹ, ਲਾਲ ਸੁਰਖ਼ ਚਿਹਰਾ, ਅੰਗਾਰ ਛੱਡਦੀਆਂ ਅੱਖਾਂ, ਸੱਚ ਮੁੱਚ ਵੇਖ ਕੇ ਮੈਨੂੰ ਵੀ ਭੈ ਆਣ ਲੱਗਿਆ ਸੀ। ਰਾਣੋ। ਮੈਂ ਕਿਹਾ



ਸੀ, "ਬੜੀ ਅੱਗ ਛਡਦੀ ਜਾ ਰਹੀ ਏਂ?" ਤੈਨੂੰ ਕਲਾਵੇ ਵਿਚ ਲੈ ਕੇ ਮੈਂ ਚੁੰਮਿਆ ਵੀ ਸੀ। ਚੁੰਮਿਆ ਇਸ ਲਈ ਕਿ ਤੇਰੇ ਗੁੱਸੇ ਨੂੰ ਕਿਸੇ ਹੋਰ ਪਾਸੇ ਮੋੜ ਸਕਾਂ। ਤੂੰ ਠੰਡੀ ਹੋਣ ਦਾ ਨਾਂ ਨਹੀਂ ਸੀ ਲੈ ਰਹੀ। ਪਾਣੀ ਪਤਾ ਨਹੀਂ ਤੂੰ ਪੀਤਾ ਸੀ ਕਿ ਨਹੀਂ ਪਰ ਅੱਧਾ ਘੜਾ ਪਾਣੀ ਦਾ ਮੈਂ ਹੀ ਮੁਕਾਇਆ ਸੀ। ਹਲਵਾਈ ਦੀਆਂ ਚੀਜ਼ਾਂ ਤੇ ਮੇਰੀ ਨਜ਼ਰ ਪਈ ਮੈਂ ਜਲੇਬੀ ਦਾ ਇਕ ਕੜਾ ਮੂੰਹ 'ਚ ਪਾ ਕੇ ਕਿਹਾ ਸੀ,

"ਰਾਣੋ ਜਲੇਬੀ ਬੜੀ ਮਿੱਠੀ ਏ ਯਾਰ। ਥੋੜੀ ਤੂੰ ਵੀ ਖਾ ਕੇ ਸਵਾਦ ਮਾਣ ਜਾਂ ਠਹਿਰ ਜਾ ਹਲਵਾਈ ਤੋਂ ਗਰਮ ਗਰਮ ਦੁੱਧ ਲੈ ਆਉਂਦਾ ਹਾਂ। ਕਹਿੰਦੇ ਨੇ ਦੁੱਧ ਵਿਚ ਜਲੇਬੀ ਪਾ ਕੇ ਖਾਣ ਨਾਲ ਬੜੀ ਤਾਕਤ ਆਉਂਦੀ ਹੈ। ਫੇਰ ਫੇਰ ਕਿਸੇ ਨੂੰ ਵੀ ਜੂਤ ਪਰੇਡ ਕਰ ਸਕਦੇ ਹੋ।" ਤੇਰਾ ਹਾਸਾ ਨਿਕਲ ਆਇਆ ਸੀ। ਮੈਂ ਜਲੇਬੀ ਦਾ ਇਕ ਕੜਾ ਅਤੇ ਬਰਫ਼ੀ ਦੇ ਦੋ ਟੁਕੜੇ ਹੱਥ 'ਚ ਲੈ ਕੇ ਆਪਣੇ ਕਮਰੇ ਵਿੱਚ ਚਲਾ ਗਿਆ। ਘਰ ਕੋਈ ਨਹੀਂ ਸੀ। ਮਾਂ ਕਿੱਧਰੇ ਗਈ ਹੋਈ ਸੀ। ਰਾਜੀ ਮਾਸੀ ਦੀ ਬਾੜੀ 'ਚੋਂ ਸਾਗ ਲੈਣ ਲਈ। ਬਿਲਡਿੰਗ ਦੀਆਂ ਬਾਕੀ ਤੀਵੀਆਂ ਵੀ ਕਿੱਧਰੇ ਗਈਆਂ ਹੋਈਆਂ ਸੀ। ਇਨ੍ਹਾਂ ਸਾਰੀਆਂ ਦਾ ਇਕ ਜੁਟ ਸੀ। ਮੈਂ ਮਸਾਂ ਮਸਾਂ ਕੱਪੜੇ ਬਦਲ ਕੇ ਹਟਿਆ ਤਾਂ ਸੱਚ-ਮੁੱਚ ਤੂੰ ਦੋਹਾਂ ਪਿੱਤਲਾਂ ਦੇ ਗਲਾਸਾਂ ਵਿਚ ਦੁੱਧ ਪਾ ਕੇ ਨਾਲੇ ਜਲੇਬੀਆਂ ਇਕ ਪਲੇਟ 'ਚ ਪਾ ਕੇ ਮੇਰੇ ਪਾਸ ਆ ਗਈ ਸੀ। ਮਾਂ ਵੱਲੋਂ ਪਰੋਸੀ ਹੋਈ ਰੋਟੀ ਨਹੀਂ ਸੀ ਖਾਧੀ।

"ਚਲੋ ਭਲਾ ਹੋਵੇ ਹਲਵਾਈ ਦਾ ਨਾਲੇ ਰੱਬ ਰਾਣੋ ਨੂੰ ਹੋਰ ਹੁਸਨ ਦੇਵੇ ਤਾਂ ਜੁ ਮੇਰੇ ਜਿਹੇ ਵਿਦਿਆਰਥੀ ਦੀ ਸਿਹਤ ਬਣਦੀ ਰਹੇ।"

ਰਾਣੋ ਤੂੰ ਹੱਸਦੀ ਹੋਈ ਮੈਨੂੰ ਖਿੱਚ ਕੇ ਚੁੰਮਣ ਲੱਗੀ ਸੀ। ਤੇਰੀਆਂ ਅੱਖਾਂ ਦਾ ਵਹਿਣ ਮੇਰੇ ਚਿਹਰੇ ਤੇ ਪੈ ਰਿਹਾ ਸੀ। ਮੈਂ ਕਿਹਾ, "ਰਾਣੋ ਬਸ ਕਰ। ਤੂੰ ਮੇਰਾ ਮੂੰਹ ਤੇ ਧੋ ਲਿਆ ਹੁਣ ਕੀ ਨੁਹਾਣ ਦਾ ਇਰਾਦਾ ਏ।" ਤੂੰ ਕਹਿਣ ਲੱਗੀ।

"ਮੈਨੂੰ ਅਜਿਹਾ ਕਿਉਂ ਲਗਦਾ ਏਂ? ਕੀ ਰਿਸ਼ਤਾ ਹੈ ਤੇਰੇ ਨਾਲ ਮੇਰਾ, ਦੋਸਤ, ਸਖਾ, ਬਾਪ, ਵੀਰ, ਯਾਰ ਕਿ ਖਸਮ? ਕਿੰਨਾ ਅੰਤਰ ਏ ਤੇਰੇ ਮੇਰੇ ਵਿਚਾਰਾ ਦਾ। ਮੈਨੂੰ ਝਟ ਸਮਝ ਲੈਂਦਾ ਏਂ। ਮੈਨੂੰ ਕੋਈ ਕਿਉਂ ਨੀਂ ਸਮਝਦਾ। ਮੈਂ ਪੜ੍ਹਾਈ ਵਿਚ ਕਿੰਨੀ ਚੰਗੀ ਸੀ। ਬਸ ਬਿਠਾ ਦਿੱਤਾ ਘਰ 'ਚ ਹੀ। ਇਹ ਰਸੋਈ, ਰਸੋਈ 'ਚ ਮੇਰਾ ਬਿਸਤਰਾ। ਪੁਰਾਣੀਆਂ ਪੁਸਤਕਾਂ। ਅੱਗੇ ਪਿੱਛੇ ਦਾ ਢੇਰ, ਸਾਰਾ ਰਸੋਈ ਦਾ ਸਾਮਾਨ ਇਸ ਸਾਰੇ ਦੇ ਵਿਚਾਲੇ ਮੈਂ ਇਕ ਬੋਰੀ ਦੀ ਭਾਂਤੀ ਬੈਠੀ ਰਹਿੰਦੀ ਹਾਂ। ਉਪਰੋ ਥਲੀ ਸੰਗੀਨ ਪਹਿਰਾ। ਮਾਂ ਦੀਆਂ ਸਿੱਧੀਆਂ ਪੁੱਠੀਆਂ ਤਿਰਛੀਆਂ ਅੱਖਾਂ ਦੇ ਤੀਰ, ਲਹੂ ਲੁਹਾਨ ਕਰਦੀ ਜੀਭ। ਕੀ ਹਾਂ ਮੈਂ? ਕਿਉਂ? ਦਸ ਤੇ ਸਹੀ।"

ਕੁਝ ਨਹੀਂ... ਠਹਿਰ ਜਾ ਦਸਦਾ ਹਾਂ। ਪਹਿਲਾਂ ਹਲਵਾਈ ਵਾਲੀ ਬਰਫ਼ੀ ਦੀ ਇਕ ਟੁਕੜੀ ਤੇ ਖਾਣ ਦੇ... ਮਗਰੋਂ ਦਸਦਾ ਹਾਂ। ਇਸ ਵੇਲੇ ਮੇਰੀ ਅਕਲ ਤੇਰੇ ਭਾਰ ਹੇਠਾਂ ਵੀ ਦਬ ਚੁੱਕੀ ਏ...।" ਤੇਰੀ ਜ਼ਿਦ ਸੀ ... ਤੇ ਤੂੰ ਕਹਿਣ ਲੱਗੀ।

"ਪਹਿਲਾਂ ਮੇਰੇ ਸਵਾਲ ਦਾ ਜਵਾਬ ਤੇ ਦੇ।"

"ਦੇਂਦਾਂ ਬਾਬਾ ਦੇਂਦਾਂ।" ਤੂੰ ਉੱਠ ਕੇ ਬੈਠ ਗਈ। ਮੈਂ ਕੰਧ ਵੱਲ ਪਿੱਠ ਲਾ ਕੇ ਥੋੜ੍ਹੀ ਐਕਟਿੰਗ ਕਰਦਾ ਰਿਹਾ।

"ਮੈਂ ਤੇ ਬਚ ਗਿਆ। ਪਰ ਤੇਰਾ ਭਰਾ ਬੁੱਢਾ ਬੰਗਾਲੀ ਹਲਵਾਈ ਕਿਵੇਂ ਸਹਾਰਦਾ, ਦਿਲ ਦਾ ਮਰੀਜ਼ ਹੇਠਾਂ ਹੀ ਫਿਸ ਜਾਣਾ ਸੀ।" ਤੂੰ ਮੇਰੇ ਕੰਨ ਫੜ ਲਏ ਸੀ। ਮੈਂ ਮੁੜ ਕੇ ਕਹਿਣ ਲੱਗਾ,

"ਰਾਣੋ ਤੂੰ ਮੇਰੇ ਭਾਪਾ ਜੀ ਨੂੰ ਭਾਪਾ ਕਹਿੰਦੀ ਏਂ ਅਤੇ ਮੇਰੀ ਮਾਂ ਨੂੰ ਭਾਬੀ। ਇਸ ਰਿਸ਼ਤੇ ਅਨੁਸਾਰ ਤੂੰ ਮੇਰੀ ਭੂਆ ਹੋਈ ਨਾ। ਵੈਸੇ ਜੇਕਰ ਸੱਚ ਆਖਾਂ ਤਾਂ ਤੂੰ ਵਿਸ਼ਵਾਸ ਨਹੀਂ ਕਰੇਂਗੀ।" ਥੋੜੀ ਦੇਰ ਲਈ ਤੂੰ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਔਖੇ ਕੀ ਵੇਖੀ ਜਾ ਰਹੀ ਸੀ। ਮੈਂ ਹੁਣ ਕੁਝ ਕਹਿਣ ਦੀ ਥਾਂ ਆਪਣੇ ਆਪ ਨੂੰ ਟਾਲਣ ਦਾ ਜਤਨ ਕਰ ਰਹੀ ਸੀ। ਤੇਰੀਆਂ ਨਮ ਅੱਖਾਂ ਵਿਚ ਮੈਨੂੰ ਕੁਝ ਅਜੀਬ ਜਿਹਾ ਲੱਗ ਰਿਹਾ ਸੀ। ਜਿਵੇਂ ਮੈਂ ਵੀ ਉਨ੍ਹਾਂ ਸੇਜ਼ਲ ਭਰੀਆਂ ਡੂੰਘੀਆਂ ਅੱਖਾਂ 'ਚ ਕਿਸੇ ਨੂੰ ਤੈਰਦਾ ਵੇਖ ਰਿਹਾ ਸੀ। ਇਹ ਉਸ ਸਮੇਂ

ਦੀ ਕੋਈ ਕਹਾਣੀ ਸੀ। ਜਦੋਂ ਵੀ ਤੈਨੂੰ ਇਸ ਸੰਬੰਧੀ ਕੁਰੇਦਣਾ ਚਾਹਿਆ ਤੇ ਤੂੰ ਟਾਲ ਜਾਂਦੀ। ਮੈਂ ਵੀ ਢੀਠਾਂ ਵਾਂਗ ਤੇਰੇ ਪਿੱਛੇ ਪੈ ਗਿਆ ਸੀ।

"ਰਾਣੋ ਇਹ ਦੱਸ, ਤੇਰੀਆਂ ਅੱਖਾਂ ਵਿਚ ਕੀ ਤੈਰ ਰਿਹਾ ਏ? ਮੈਂ ਪੜ੍ਹਨ ਦਾ ਯਤਨ ਕਰਦਾ ਹਾਂ ਪਰ ਝਟ ਗੁੰਮ ਜਾਂਦਾ ਹਾਂ। ਜਿਵੇਂ ਕੋਈ ਮੁੱਠੀ ਵਟੀ ਰੱਖਦਾ ਹੈ। ਖੁੱਲ੍ਹਣ ਦਾ ਨਾ ਵੀ ਨੀਂ ਲੈਂਦਾ। ਲਗਦਾ ਇਸ ਤਾਲੇ ਦੀ ਚਾਬੀ ਕਿੱਧਰੇ ਹੋਰ ਥਾਂ ਲੁਕਾਈ ਗਈ ਏ। ਮੈਂ ਅਜੇ ਬੋਲ ਹੀ ਰਿਹਾ ਸੀ ਕਿ ਤੂੰ ਮੈਨੂੰ ਹਿੱਕ ਨਾਲ ਕਸਦੀ ਹੋਈ ਭੁੱਬਾਂ ਮਾਰ ਰੋਣ ਲੱਗ ਪਈ। ਤੇਰੀਆਂ ਸਿਸਕੀਆਂ ਦੀ ਆਵਾਜ਼ ਮੈਂ ਸੁਣ ਰਿਹਾ ਸੀ। ਕਮਰੇ ਅੰਦਰ ਤੇ ਚੁੱਪ ਸੀ ਪਰ ਤੇਰੇ ਹਿਰਦੇ ਦੀ ਧੜਕਣ ਲਹੂ ਲੁਹਾਨ ਕਰਦੀ ਰਹੀ ਸੀ। ਕੁਝ ਨਾ ਸੁਝਿਆ ਤੇ ਮੈਂ ਵੀ ਐਵੇਂ ਤਲਾਬ ਵਿਚ ਜਿਵੇਂ ਇਕ ਕੰਕਰ ਸੁੱਟ ਦਿੱਤਾ ਸੀ।

ਮੇਰੇ ਜਮਾਤੀ ਦਾ ਭਰਾ ਕਸ਼ਾ ਕੁਲਗੜੀਆ ਲਗ ਰਿਹਾ ਹੈ। ਕਸ਼ਾ ਪੁਲਿਸ ਅਫ਼ਸਰ ਸੀ। ਕਸ਼ੇ ਨੇ ਪਹਿਲਾਂ ਆਪਣੇ ਬਾਪ ਨਾਲ ਗੱਲ ਕੀਤੀ ਸੀ ਤੇਰੇ ਬਾਪੂ ਤੋਂ ਸਾਰੇ ਤ੍ਰਾਹੁੰਦੇ ਸੀ। ਕਸ਼ਾ ਤੈਨੂੰ ਵੇਖਣ ਲਈ ਆਨੇ-ਬਹਾਨੇ ਸਾਡੀ ਬਿਲਡਿੰਗ 'ਚ ਖਲੋ ਕੇ ਜਾਂ ਤੂੰ ਪਿਛਲੀ ਖਿੜਕੀ 'ਚੋਂ ਕਸ਼ੇ ਨੂੰ ਵੇਖਦੀ ਰਹਿੰਦੀ। ਬਾਬੂ ਨੇ ਮੇਰੇ ਨਾਲ ਗੱਲ ਕੀਤੀ ਸੀ। ਅੰਤ ਰਾਣੋ ਦੇ ਬਾਪੂ ਨਾਲ ਕਸ਼ੇ ਦੇ ਤਾਏ ਸੰਤ ਸਿੰਘ ਨੇ ਗੱਲ ਕੀਤੀ ਸੀ। ਸੰਤ ਸਿੰਘ ਇਕ ਜਾਨੀ ਮਾਨੀ ਸ਼ਖ਼ਸੀਅਤ ਸੀ। ਸਾਰੇ ਉਨ੍ਹਾਂ ਦੀ ਇੱਜ਼ਤ ਕਰਦੇ ਸੀ। ਤੇਰੇ ਬਾਪੂ ਕਰਤਾਰ ਸਿੰਘ ਨੇ ਰਿਸ਼ਤਾ ਠੁਕਰਾ ਦਿੱਤਾ ਅਤੇ ਕਹਿਣ ਲੱਗੇ।

"ਹੁਣ ਅਸੀਂ ਇਸ ਜੋਗੇ ਹੋ ਗਏ ਹਾਂ ਕਿ ਘੋੜਾ, ਟਾਂਗਾ ਚਲਾਣ ਵਾਲਿਆਂ ਦੇ ਘਰਾਂ 'ਚ ਧੀਆਂ ਦੇਂਦੇ ਫਿਰੀਏ। ਖਾਨਦਾਨੀ ਪਿਛੋਕੜ ਵੀ ਕੁਝ ਹੁੰਦਾ ਹੈ।"

"ਬੱਚਿਆਂ ਅੱਗੇ ਸਿਰ ਝੁਕਾਣਾ ਪੈਂਦਾ ਹੈ।"

"ਅਜੇ ਇਹ ਨੌਬਤ ਨਹੀਂ ਆਈ। ਜਦੋਂ ਆਏਗੀ ਤੇ ਤਲਵਾਰ ਨਾਲ ਦੋ ਟੁਕੜੇ ਕਰ ਦੇਵਾਂਗਾ।" ਤੈਨੂੰ ਯਾਦ ਹੋਣਾ ਉਦੋਂ ਬਾਪੂ ਦਾ ਸਾਰਾ ਨਜ਼ਲਾ ਤੇਰੇ ਤੇ ਡਿੱਗਿਆ ਸੀ। ਕਈ ਦਿਨ ਤੇਰਾ ਮੂੰਹ ਸੁਜਿਆ ਰਿਹਾ। ਉਦੋਂ ਮਾਂ ਤੋਂ ਕੁਝ ਪੈਸੇ ਮੰਗ ਕੇ ਮੈਂ ਤੇਰੇ ਲਈ ਦਰਦ ਦੀਆਂ ਗੋਲੀਆਂ ਅਤੇ ਮਲਹਮ ਦੀ ਟਿਊਬ ਲੈ ਕੇ ਆਇਆ ਸੀ। "ਰਾਣੋ ਤੇਰੀ ਤੜਪ ਮੈਥੋਂ ਦੇਖੀ ਨਹੀਂ ਸੀ ਜਾਂਦੀ। ਇਹੋ ਕਾਰਨ ਹੈ ਕਿ ਮੈਂ ਕਿਸੇ ਨੂੰ ਵੀ ਦੁਖੀ ਨਹੀਂ ਵੇਖ ਸਕਦਾ।"

"ਰਾਣੋ ਬਾਪੂ ਪੁਰਾਣੀਆਂ ਰੂੜੀ ਵਾਦੀ ਸੋਚਾਂ ਚੋਂ ਬਾਹਰ ਨਹੀਂ ਸੀ ਨਿਕਲੇ। ਸਮੇਂ ਅਨੁਸਾਰ ਆਪਣੇ ਆਪ ਨੂੰ ਨਹੀਂ ਢਾਲ ਸਕੇ। ਜਦੋਂ ਕਿ ਸੰਤ ਸਿੰਘ ਦੇ ਦੋ ਮੁੰਡੇ ਬਾਪੂ ਨਾਲ ਡਿਪੂ 'ਚ ਕੰਮ ਕਰਦੇ ਸੀ। ਕਿਸੇ ਹੱਦ ਤੱਕ ਤੇਰੀ ਹਾਲਤ ਦੇ ਤੇਰੇ ਮਾਂ ਬਾਪ ਹੀ ਜ਼ਿੰਮੇਦਾਰ ਨੇ। ਕਸ਼ੇ ਦਾ ਵਿਆਹ ਸਾਡੇ ਹੀ ਗੁਆਂਢੀ ਗੰਢਾ ਸਿੰਘ ਦੀ ਕੁੜੀ ਜੀਤੋ ਨਾਲ ਹੋ ਗਿਆ ਸੀ। ਬਾਪੂ ਵੇਖਦਾ ਹੀ ਰਹਿ ਗਿਆ ਸੀ। ਉਦੋਂ ਜਿਹੜੀ ਤੇਰੀ ਹਾਲਤ ਸੀ ਮੈਂ ਜਾਣਦਾ ਹਾਂ। ਤੇਰਾ ਬੁਝਿਆ ਬੁਝਿਆ ਜਿਹਾ ਰਹਿਣਾ। ਆਪਣੇ ਆਪ ਨਾਲ ਗੱਲਾਂ ਕਰਨੀਆਂ।

ਡੌਰ ਭੌਰ ਹੋਈ। ਇਹ ਕੋਈ ਸੁਪਨਾ ਨਹੀਂ ਸੀ। ਸਭ ਕੁਝ ਤੇਰੀਆਂ ਅੱਖਾਂ ਅੱਗੇ ਵਾਪਰ ਰਿਹਾ ਸੀ। ਤੂੰ ਤੇ ਜ਼ਹਿਰ ਖਾਣ ਲਈ ਤਿਆਰ ਸੀ।

"ਰਾਣੋ ਜੇ ਕਰ ਇੰਜ ਆਦਮੀ ਮੌਤ ਮੰਗਦਾ ਫਿਰੇ ਤੇ ਕੀ ਮੌਤ ਆ ਜਾਂਦੀ ਹੈ। ਮੌਤ ਇੰਨੀ ਸਸਤੀ ਨਹੀਂ ਹੈ। ਜ਼ਿੰਦਗੀ ਬੜੀ ਹੀ ਹੁਸੀਨ ਚੀਜ਼ ਹੈ। ਕੁਦਰਤ ਨੇ ਸਾਡੇ ਤੋਂ ਕੁਝ ਲੈਣਾ ਵੀ ਹੁੰਦਾ ਹੈ। ਅਸੀਂ ਉਹਨੂੰ ਮੋੜਨਾ ਵੀ ਹੁੰਦਾ ਹੈ।

ਰਾਣੋ ਇਕ ਗੱਲ ਮੈਂ ਕਈ ਸਾਲਾਂ ਤੋਂ ਆਪਣੇ ਮਨ ਵਿਚ ਦਬਾਈ ਰੱਖੀ ਹੈ। ਇਹ ਗੱਲ ਅੱਜ ਮੈਨੂੰ ਮੁੜ ਬੇਚੈਨ ਕਰ ਰਹੀ ਹੈ। ਮੇਰਾ ਵੀ ਪੁੱਛਣ ਦਾ ਜੀ ਕਰਦਾ ਸੀ ਪਰ ਪੁੱਛ ਨਾ ਸਕਿਆ। ਗਨੀ ਸਾਹਿਬ ਆਪ ਤੈਨੂੰ ਘਰ ਮਿਲਣ ਲਈ ਆਉਂਦਾ। ਤੈਨੂੰ ਆਪਣੇ ਨਾਲ ਕਾਰ ਵਿਚ ਬਿਠਾ ਕੇ ਆਪਣੀ ਕੰਮ ਵਾਲੀ ਥਾਂ ਤੇ ਲੈ ਜਾਂਦਾ। ਤੇਰੇ ਲਈ ਖਾਲਸਾ ਢਾਬੇ ਦੀ ਰੋਟੀ ਪੈਕ ਕਰ ਕੇ ਮੰਗਵਾਂਦਾ। ਰੋਟੀ ਬਹੁਤੀ ਹੁੰਦੀ ਤੂੰ ਸ਼ਾਮ ਨੂੰ ਘਰ



ਮੋੜ ਲੈ ਆਉਂਦੀ। ਗਨੀ ਸਾਹਿਬ ਦੀਆਂ ਅੱਖਾਂ ਵਿਚ ਮੈਨੂੰ ਕੁਝ ਅਜੀਬ ਜਿਹਾ ਲਗਦਾ ਸੀ। ਗਨੀ ਸਾਹਿਬ ਆਪਣੇ ਸ਼ਹਿਰ ਵਾਲੇ ਬੰਗਲੇ ਤੇ ਘੱਟ ਵੱਧ ਹੀ ਜਾਂਦੇ। ਉਦੋਂ ਮੈਂ ਤੇਰੇ ਜਿਸਮ ਦੇ ਵੱਧ ਰਹੇ ਆਕਾਰ ਵੱਲ ਝਾਕਦਾ ਤਾਂ ਮੈਨੂੰ ਤੇ ਬਦਲਿਆ ਜਿਹਾ ਰੂਪ, ਗੱਲਾਂ ਕਰਨ ਦਾ ਢੰਗ ਮੇਰੇ ਤੋਂ ਦੂਰ ਰਹਿਣਾ, ਅੰਦਰਲੇ ਕਮਰੇ ਵਿਚਲੀ ਦਸਤਕ ਆਦਿ। ਤੂੰ ਆਪਣੇ ਆਪ ਵਿਚ ਗੁਆਚੀ ਹੋਈ ਨੱਚਦੀ ਟੱਪਦੀ ਦਿਸਦੀ। ਹਾਂ ਤੇਰੀ ਮਾਂ ਦਾ ਤੈਨੂੰ ਪਹਿਲਾਂ ਵਰਗਾ ਹੀ ਗਾਹਲਾਂ ਕੱਢਦੇ ਰਹਿਣਾ। ਇਕ ਦਿਨ ਤੈਨੂੰ ਮਾਰਦੀ ਹੋਈ ਆਪ ਵੀ ਰੋ ਪਈ ਸੀ। ਤੇਰੀਆਂ ਤੇ ਤੇਰੀ ਮਾਂ ਦੀਆਂ ਸਿਸਕੀਆਂ ਮੈਂ ਕਮਰੇ 'ਚ ਸਾਫ਼ ਸੁਣ ਰਿਹਾ ਸੀ।

"ਤੂੰ ਉਸ ਰਾਤ ਸਿੱਧੀ ਗਨੀ ਸਾਹਿਬ ਦੀ ਕੋਠੀ ਅੰਦਰ ਚਲੀ ਗਈ ਸੀ। ਤੇਰੇ ਪਿੱਛੇ ਪਿੱਛੇ ਤੇਰੀ ਮਾਂ ਵੀ ਆ ਗਈ ਸੀ। ਗਨੀ ਸਾਹਿਬ ਉਸ ਵੇਲੇ ਬਾਰ ਖੋਲ੍ਹ ਕੇ ਬੈਠਾ ਸੀ। ਤੈਨੂੰ ਤੇ ਤੇਰੀ ਮਾਂ ਨੂੰ ਵੇਖ ਕੇ ਉਹਦਾ ਨਸ਼ਾ ਘੱਟ ਹੋਇਆ ਜਾ ਨਾ ਪਰ ਉਹ ਘਾਬਰ ਗਿਆ ਸੀ। ਉਹਨੇ ਝਟ ਡਰਾਇਵਰ ਨੂੰ ਸੱਦ ਕੇ ਕਾਰ ਗੈਰੇਜ 'ਚੋਂ ਕਢਵਾਈ, ਤੈਨੂੰ ਕਿਸੇ ਪਰਾਈਵੇਟ ਹਸਪਤਾਲ ਲੈ ਗਿਆ। ਸਵੇਰ ਹੋਣ ਤੋਂ ਪਹਿਲਾਂ ਤੁਸੀਂ ਮੁੜ ਆ ਗਏ ਸੀ ਕੁਝ ਦਿਨ ਬੀਮਾਰੀ ਦਾ ਭਾਣਾ ਲਾ ਕੇ ਤੂੰ ਅੰਦਰ ਹੀ ਲੇਟੀ ਰਹੀ ਸੀ। ਤੇਰਾ ਕਿਚਨ ਤੇਰੀ ਛੋਟੀ ਭੈਣ ਮਿੱਤਰੋ ਨੇ ਸਾਂਭ ਲਿਆ ਸੀ। ਮੈਂ ਭਾਵੇਂ ਦੋ ਘੜੀਆਂ ਤੇਰੇ ਪਾਸ ਬੈਠ ਆਉਂਦਾ। ਤੇਰੀਆਂ ਅੱਖਾਂ ਵਿਚਲੀ ਸੇਜਲ ਅਤੇ ਤੇਰਾ ਆਪਣੇ ਪੇਟ ਤੇ ਬਾਰ ਬਾਰ ਹੱਥ ਰੱਖਣਾ ਮੇਰੇ ਤੋਂ ਲੁਕਿਆ ਨਾ ਰਿਹਾ।

"ਰਾਣੋ ਅੱਜ ਵੀ ਮੈਂ ਵੇਖ ਰਿਹਾ ਹਾਂ ਤੇਰੇ ਚਿਹਰੇ ਦਾ ਜਲਾਲ। ਸਾਫ਼ ਸੁੱਥਰਾ ਤੇਰਾ ਚਿਹਰਾ। ਅੱਖਾਂ ਵਿਚਲੀ ਉਹੋ ਜਿਹੀ ਕਸ਼ਿਸ਼। ਤੇਰਾ ਰਿਸ਼ਟ-ਪੁਸ਼ਟ ਜਿਸਮ। ਕੁਝ ਵੀ ਤੇ ਨਹੀਂ ਘਟਿਆ ਹੋਇਆ।" ਰਾਣੋ ਸੁਣਦੀ ਰਹੀ ਕੁਝ ਚਿਰ ਮਗਰੋਂ ਕਹਿਣ ਲੱਗੀ।

"ਕਸ਼ਾ ਇਕ ਦਿਨ ਗੁਰਦੁਆਰਿਉਂ ਮਿਲ ਗਿਆ ਸੀ। ਉਸ ਦਿਨ ਗੁਰਪੁਰਬ ਸੀ। ਮੈਂ ਮੱਥਾ ਟੇਕ ਕੇ ਘਰ ਲਈ ਮੇਟਾ ਡੋਰ ਦਾ ਇੰਤਜ਼ਾਰ ਕਰ ਰਹੀ ਸੀ। ਕਸ਼ੇ ਨੇ ਮੇਰੇ ਸਾਹਮਣੇ ਆਪਣੀ ਕਾਰ ਖੜੀ ਕਰ ਲਈ। ਜੀਤੋ ਵੀ ਉਸ ਨਾਲ ਅਗਲੀ ਸੀਟ 'ਤੇ ਬੈਠੀ ਸੀ। ਕਸ਼ੇ ਨੇ ਪਹਿਲਾਂ ਜੀਤੋ ਨੂੰ ਘਰ ਛੱਡਿਆ ਮਗਰੋਂ ਮੈਨੂੰ ਛੱਡਣ ਲਈ ਆ ਗਿਆ ਸੀ। ਮੈਂ ਪਿਛਲੀ ਸੀਟ ਤੇ ਹੀ ਬੈਠੀ ਰਹੀ। ਉਹ ਮੇਰੇ ਰਿਸ਼ਟ-ਪੁਸ਼ਟ ਸ਼ਰੀਰ ਦੀਆਂ ਗੱਲਾਂ ਕਰਨ ਲੱਗਾ। ਮੇਰਾ ਮੂੰਹ ਮੱਥਾ ਬਾਰ ਬਾਰ ਵੇਖਦਾ ਰਿਹਾ ਸੀ। ਮੇਰੀਆਂ ਅੱਖਾਂ ਵਿਚ ਅਤੀਤ ਨੂੰ ਵੇਖਣਾ ਚਾਹੁੰਦਾ ਸੀ।

"ਇਹ ਅਤੀਤ ਭਲਾ ਕਦੀ ਲੁਕਿਆ ਰਹਿ ਸਕਦੈ।" ਮੇਰੇ ਬੁੱਲਾਂ ਤੋਂ ਇਹ ਲਫ਼ਜ਼ ਤਿਲਕ ਗਏ ਸੀ।

ਅਤੀਤ ਹਰ ਮੋੜ ਤੇ ਡੰਗ ਮਾਰਦਾ ਏ। ਜਰ ਰਹੀ ਹਾਂ। ਉਸ ਵੇਲੇ ਮੇਰੇ ਛੋਟੇ ਬਟਵੇ ਵਿਚ ਥੋੜ੍ਹੇ ਪੈਸੇ ਸੀ। ਮੈਂ ਘਰ 'ਚ ਕਿਸੇ ਨੂੰ ਦਸੇ ਬਿਨਾ ਗੁਰਦੁਆਰੇ ਆ ਗਈ ਸੀ। ਪਤਾ ਨਹੀਂ ਕਿਉਂ। ਘਰ ਦੀ ਚਾਰ ਦੁਆਰੀ, ਇਕੋ ਕਮਰਾ ਕਿਚਨ ਵਾਲਾ ਸਾਰੀ ਹਯਾਤੀ ਮੇਰਾ ਸਾਥੀ ਰਿਹਾ। ਮੇਰਾ ਕੁਝ ਨਾ ਬਦਲਿਆ।

ਕਸ਼ਾ ਢੇਰ ਸਾਰੀਆਂ ਗੱਲਾਂ ਕਰਦਾ ਰਿਹਾ। ਮੇਰਾ ਉੱਤਰ ਹੂੰ... ਹਾਂ... 'ਚ ਹੀ ਰਿਹਾ। ਕਹਿੰਦੀ ਵੀ ਕੀ? ਮੈਂ ਪੀਸੀ ਗਈ ਖਾਨਦਾਨਾ ਦੀ ਸ਼ਾਨ ਸ਼ੌਕਤ ਅੰਦਰ, ਆਕੜ, ਮਰਿਯਾਦਾ ਲਜਿਆ, ਅੰਦਰ ਵੀ ਬੇਹਯਾ ਬਣੀ ਰਹੀ। ਆਖਰ ਮੇਰੇ ਹਿੱਸੇ ਕੀ ਆਇਆ। ਮੇਰੀ ਮਾਂ ਦਾ ਆਸ਼ਕ ਜਿਸ ਦੀ ਪਹਿਲੀ ਵਿਆਹੁਤਾ ਪਤਨੀ ਉਹਨੂੰ ਕੋਈ ਔਲਾਦ ਨਾ ਦੇ ਸਕੀ ਸੀ। ਮੈਂ ਬਲੀ ਚੜ੍ਹ ਗਈ। ਇਕ ਨਹੀਂ... ਦੋ ਨਹੀਂ... ਪੂਰੇ ਪੰਜ ਪੁੱਤਰ ਦਿੱਤੇ।" ਕੁਝ ਚਿਰ ਚੁੱਪ ਰਹਿਣ ਮਗਰੋਂ ਰਾਣੋ ਮੁੜ ਕਹਿਣ ਲੱਗੀ।

"ਕਰਨੇ ਤੂੰ ਮੇਰੇ ਸੰਬੰਧੀ ਆਪਣੇ ਅੰਦਰ ਬਾਹਰ ਸੋਚਾਂ ਦਾ ਪਹਾੜ ਉਸਾਰ ਕੇ ਰੱਖਿਆ ਸੀ। ਮੈਨੂੰ ਤੇ ਇਸ ਗੱਲ ਦਾ ਮੁਦਾਖਲਾ ਸੀ ਕਿ ਮੇਰੀ ਹਯਾਤੀ ਦਾ ਸਾਰਾ ਸੱਚ-ਝੂਠ ਮੇਰੇ ਅੰਦਰ ਹੀ ਦੱਬਿਆ ਰਹੇਗਾ। ਚਲੋ ਹੁਣ ਇਸ ਗੱਲ ਦੀ ਤਸੱਲੀ ਜ਼ਰੂਰ ਹੋਈ ਹੈ ਕਿ ਮੇਰੀ ਇਸ ਪੁਸਤਕ ਦੇ ਪੰਨਿਆਂ ਨੂੰ ਕੋਈ ਤੇ ਪੜ੍ਹਨ ਵਾਲਾ ਹੈ। ਮੇਰਾ ਕਰਨਾ ਕਰਨਾ... ਦੋਸਤ... ਯਾਰ... ਮਿਤ੍ਰ... ਸਖਾ। ਪਰ ਖਸਮ ਨਹੀਂ ਆਖ ਸਕਦੀ...।"

(**ਸੰਪਰਕ-94197-95923**)

## ਕਹਾਣੀ / ਮਰੀਜ਼ / - ਡਾ. ਕਰਮਜੀਤ ਸਿੰਘ ਨਡਾਲਾ



ਪਹਿਲਾਂ ਤਾਂ ਡਾ. ਗੁਰਮੇਲ ਸਿਰਫ਼ ਅਪਰੇਸ਼ਨ ਕਰਨ ਵੇਲੇ ਹੀ ਮਾਸਕ ਪਾਉਂਦਾ ਰਿਹਾ। ਪਰ ਹੁਣ ਤਾਂ ਸਾਰਾ ਸਾਰਾ ਦਿਨ ਮੂੰਹ 'ਤੇ ਮਾਸਕ ਤੇ ਹੱਥ ਦਸਤਾਨਿਆਂ ਅੰਦਰ ਲੁਕੇ ਰਹਿੰਦੇ। ਸਿਰਫ਼ ਅੱਖਾਂ ਹੀ ਡੌਰ ਭੌਰੀਆਂ ਇਧਰ ਉਧਰ ਝਾਕਦੀਆਂ। ਉਹਦੇ ਸਰੀਰ ਅੰਦਰ ਅਜੀਬ ਜਿਹੀ ਹਲਚਲ ਹੁੰਦੀ ਰਹਿੰਦੀ। ਉਹ ਮੁੱਠੀ 'ਚ ਘੁੱਟੀ ਰੇਤ ਵਾਂਗੂੰ ਜ਼ਰਾ ਜ਼ਰਾ ਰੋਜ਼ ਕਿਰਦਾ ਜਾ ਰਿਹਾ। ਉਹਨੂੰ ਇਵੇਂ ਜਾਪਦਾ ਜਿਵੇਂ ਕੱਚ ਦੀਆਂ ਕੰਧਾਂ ਓਹਲੇ ਬੱਝਾ ਬੈਠਾ ਹੋਇਆ। ਖੌਰੇ ਇਹ ਵੀ ਕਦੋਂ ਤਿੜਕ ਜਾਣਗੀਆਂ।

ਪਰ ਹੁਣ ਤਾਂ ਆਉਂਦੇ ਜਾਂਦੇ ਮਰੀਜ਼ਾਂ ਦੇ ਵੀ ਚਿਹਰੇ ਬੇਪਛਾਣ ਹੋਏ ਪਏ। ਜਿਨ੍ਹਾਂ ਮੂੰਹਾਂ 'ਤੇ ਮਾਸਕ ਤੇ ਕਈਆਂ ਨੇ ਰੁਮਾਲਾਂ ਨਾਲ ਵੀ ਬੱਧੇ ਹੋਏ। ਸਿਰਫ਼ ਅੱਖਾਂ ਹੀ ਅੱਖਾਂ ਨਾਲ ਗੱਲਾਂ ਕਰਦੀਆਂ।

ਸਾਰੇ ਦੇਸ਼ ਨੂੰ ਤਾਂ ਇੱਕੀ ਦਿਨ ਦਾ ਜੰਦਰਾ ਲੱਗਾ ਹੋਇਆ ਤੇ ਪਬਲਿਕ ਦੇ ਮੂੰਹਾਂ ਨੂੰ ਮਾਸਕਾਂ ਦਾ।

ਅੱਜ ਅੱਠਵਾਂ ਦਿਨ ਹੋ ਗਿਆ। ਇਹ ਕਿਵੇਂ ਦੀ ਪੱਤਝੜ ਦੀ ਰੁੱਤ ਆ ਗਈ ਸੀ। ਪੰਛੀ ਫ਼ਿਜ਼ਾਂ 'ਚ ਆਜ਼ਾਦ ਨੇ। ਰੁੱਖ, ਬੂਟੇ ਤੇ ਬਨਸਪਤੀ ਹਰੀ ਭਰੀ ਏ। ਪਰ ਮਨੁੱਖਾਂ ਦੀਆਂ ਭੀੜਾਂ ਨਹੀਂ ਲੱਭਦੀਆਂ ਪਈਆਂ। ਖੌਰੇ ਉਹ ਪੱਤਝੜ ਦੇ ਸੁੱਕੇ ਪੱਤਿਆਂ ਵਾਂਗੂੰ ਕਿਤੇ ਉਹਲਿਆਂ 'ਚ ਛਿਪ ਗਏ ਨੇ।

ਹਸਪਤਾਲ ਦੇ ਸਾਮ੍ਹਣੇ ਵਾਲੀ ਸੜਕ ਸੁੰਨੀ ਪਈ ਹੋਈ। ਜਿਵੇਂ ਉਹ ਵੀ ਸੁਖ ਦਾ ਸਾਹ ਲੈ ਰਹੀ ਹੋਵੇ। ਸੜਕ ਦੇ ਵਿਚਕਾਰ ਬੈਠੇ ਕੁੱਤੇ ਉਬਾਸੀਆਂ ਲੈ ਰਹੇ। ਪਿੰਡ ਕਸਬੇ ਸ਼ਹਿਰਾਂ ਦੇ ਮੁਹੱਲਿਆਂ 'ਚ ਵੀ ਖ਼ਾਮੋਸੀ ਛਾਈ ਹੋਈ। ਲੋਕ ਘਰਾਂ 'ਚ ਤਾੜੇ ਹੋਏ। ਜ਼ਿੰਦਗੀ ਕੌੜਾ ਘੁੱਟ ਬਣੀ ਹੋਈ। ਕਿਸੇ ਨੂੰ ਬਾਹਰ ਨਿਕਲਣ ਦਾ ਹੁਕਮ ਨਹੀਂ। ਬਸ ਲੋੜਵੰਦ ਮਰੀਜ਼ਾਂ ਨੂੰ ਹਸਪਤਾਲ ਆਉਣ ਦਾ ਹੱਕ ਜ਼ਰੂਰ ਮਿਲਿਆ ਹੋਇਆ।

ਇਹ ਕੀ ਹੋ ਗਿਆ ਸੀ। ਆਖਰ ਕਿਸ ਨੇ ਕੁਰਾਹੇ ਪਏ ਮਨੁੱਖ ਨੂੰ ਅੰਦਰ ਵੜਨ ਲਈ ਮਜ਼ਬੂਰ ਕਰ ਦਿੱਤਾ ਸੀ। ਜਿਸ ਮਨੁੱਖ ਨੇ ਕਾਦਰ ਦੀ ਕੁਦਰਤ ਨੂੰ ਤਮਾਸ਼ਾ ਬਣਾਇਆ ਹੋਇਆ ਸੀ। ਅੱਜ ਕਿਤੇ ਕੁਦਰਤ ਨੇ ਮਨੁੱਖ ਨੂੰ ਤਮਾਸ਼ਾ ਤਾਂ ਨਹੀਂ ਬਣਾ ਦਿੱਤਾ। ਹੁਣ ਤਾਂ ਡਰੇ ਮਨੁੱਖ ਦਾ ਸਾਹ ਵੀ ਫੁੱਲਿਆ ਹੋਇਆ।

ਵਿਗਿਆਨੀ ਦੱਸਦੇ ਨੇ ਇੱਕ ਅਣੂ ਮਾਤਰ ਜਿਹਾ ਵਾਇਰਸ ਜਿਹੜਾ ਅੱਖ ਨਾਲ ਵੀ ਨਹੀਂ ਦਿਸਦਾ। ਉਹ ਚੁੱਪ ਚੁਪੀਤਾ ਲੋਕਾਂ ਦੀ ਹਿੱਕ 'ਤੇ ਚੜ੍ਹ ਬੈਠੇ। ਜਿਸ ਮਹਾਂਮਾਰੀ ਬਣ ਕੇ ਕੁੱਲ ਦੁਨੀਆ ਦੇ ਮਨੁੱਖਾਂ ਦੀ ਫ਼ਸਲ 'ਤੇ ਦਹਿਸ਼ਤ ਪਾ ਦਿੱਤੀ ਏ। ਉਹ ਹੁਣ ਕਿਸੇ ਲਾਟ ਸਾਹਬ ਦੀ ਵੀ ਨਹੀਂ ਚੱਲਣ ਦੇ ਰਿਹਾ। ਉਸਦੀ ਦਹਾੜ ਲੋਕਾਂ ਨੂੰ ਧੜਾ ਧੜ ਬੀਮਾਰ ਕਰੀ ਜਾ ਰਹੀ। ਵਾਇਰਸ ਤਾਂ ਮੌਤ ਦਾ ਫ਼ਰਿਸ਼ਤਾ ਬਣਿਆ ਕਈਆਂ



ਨੂੰ ਨਿਗਲੀ ਵੀ ਜਾ ਰਿਹੈ।

ਇਹ ਜੀਵਾਣੂ ਜਿਸਦਾ ਨਾਂ ਕਰੋਨਾ ਏ, ਇਹ ਤਾਂ ਫ਼ਨੀਅਰ ਨਾਗ਼ ਹੀ ਬਣ ਬੈਠਾ। ਨਾ ਇਹ ਉੱਚੀ ਜਾਤ ਵਾਲੇ ਦੀ ਬਾਤ ਪੁੱਛਦੈ। ਨਾ ਮਾੜੇ ਧੀੜੇ ਦੀ ਹੀ ਪਰਵਾਹ ਕਰਦੈ। ਨਾ ਕਿਸੇ ਦਾ ਕਾਲਾ ਰੰਗ ਦੇਖਦੈ। ਨਾ ਗੋਰੇ ਰੰਗ ਵਾਲੇ ਨਾਲ ਰਈ ਕਰਦਾ। ਕਿਸੇ ਨਾਲ ਕੋਈ ਮਤਲਬ ਨਹੀਂ। ਸਭ ਨੂੰ ਇੱਕੋ ਜਿਹਾ ਡੰਗ ਵੱਜਦੈ।

ਏਸੇ ਲਈ ਸਭ ਪਾਸੇ ਸੁੰਨ-ਮਸਾਨ ਏ। ਪਰ ਮਨੁੱਖ ਆਪੋ ਆਪਣੇ ਘਰਾਂ ਅੰਦਰ ਲੁਕਿਆ ਹੋਇਆ ਵੀ ਬੜਾ ਭੈ ਭੀਤ ਏ।

ਜਿਸਨੇ ਕਦੇ ਜ਼ੁਕਾਮ ਦੀ ਦਵਾਈ ਵੀ ਨਹੀਂ ਸੀ ਲਈ, ਉਹ ਵੀ ਵਾਇਰਸ ਦਾ ਤ੍ਰਭਕਿਆ ਹੋਇਆ ਹਸਪਤਾਲ ਨੂੰ ਮੂੰਹ ਚੁੱਕੀ ਤੁਰਿਆ ਆ ਰਿਹਾ।

ਪਰ ਡਾ. ਗੁਰਮੇਲ ਨੂੰ ਬਾਹਰ ਵੇਟਿੰਗ ਹਾਲ 'ਚ ਬੈਠੇ ਮਰੀਜ਼ ਇਵੇਂ ਜਾਪਦੇ ਜਿਵੇਂ ਉਹਦੇ ਦੁਸ਼ਮਣ ਉਸ ਨਾਲ ਕੋਈ ਪੁਰਾਣਾ ਹਿਸਾਬ ਚੁਕਤਾ ਕਰਨ ਆਏ ਹੋਣ।

ਕਈ ਜਣੇ ਤਾਂ ਬੈਠੇ ਮਾਸਕਾਂ ਅੰਦਰ ਖੰਘ ਰਹੇ ਤੇ ਨਿੱਛਾਂ ਮਾਰ ਰਹੇ। ਕੁਝ ਜਣਿਆਂ ਨੂੰ ਬੁਖ਼ਾਰ ਹੋਇਆ ਪਿਆ। ਕਿਸੇ ਦੇ ਢਿੱਡ ਪੀੜ ਹੋ ਰਹੀ। ਕੋਈ ਸਿਰ ਦਰਦ ਤੋਂ ਬੇਹਾਲ ਏ।

ਹਰ ਕੋਈ ਹਸਪਤਾਲ ਅੰਦਰ ਵੜਦਿਆਂ ਪਹਿਲਾਂ ਸਾਮ੍ਹਣੇ ਲੱਗੇ ਵਾਸ਼ਬੇਸ਼ਨ 'ਤੇ ਹੱਥ ਧੋਂਦਾ। ਫਿਰ ਹੱਥਾਂ 'ਤੇ ਸੈਨੇਟਾਈਜ਼ਰ ਦੀਆਂ ਬੂੰਦਾਂ ਪਾ ਕੇ ਮਲਦਾ ਹੋਇਆ ਵੇਟਿੰਗ ਹਾਲ 'ਚ ਆ ਬੈਠਦਾ।

ਸਭ ਲੋਕ ਇੱਕ ਦੂਜੇ ਤੋਂ ਦੂਰ ਦੂਰ ਬੈਠੇ ਹੋਏ। ਕੋਈ ਕਿਸੇ ਨਾਲ ਗੱਲ ਵੀ ਨਹੀਂ ਕਰ ਰਿਹਾ। ਜਿਵੇਂ ਰੁੱਸੇ ਹੋਏ ਇੱਕ ਦੂਜੇ ਦੇ ਪ੍ਰਛਾਵੇਂ ਤੋਂ ਵੀ ਡਰਦੇ ਜਾਪਦੇ ਨੇ।

ਮਰੀਜ਼ਾਂ ਦੀਆਂ ਖਉਂ ਖਉਂ ਤੇ ਨਿੱਛਾਂ ਦੀ ਆਵਾਜ਼ਾਂ ਵੀ ਹੁਣ ਮੌਤ ਦਾ ਪੈਗਾਮ ਬਣੀਆਂ ਹਰੇਕ ਲਈ ਘਬਰਾਹਟ ਦਾ ਕਾਰਨ ਬਣੀਆਂ ਹੋਈਆਂ। ਕਿਤੇ ਇੱਕ ਦੂਜੇ ਦੀ ਲਾਗ ਲੱਗ ਜਾਣ ਨਾਲ ਅਜ਼ਾਈ ਮੌਤੇ ਨਾ ਮਾਰੇ ਜਾਈਏ।

ਨਰਸ ਇੱਕ ਇੱਕ ਕਰਕੇ ਮਰੀਜ਼ ਅੰਦਰ ਭੇਜ ਰਹੀ। ਡਾ. ਗੁਰਮੇਲ ਹੁਣ ਮਰੀਜ਼ਾਂ ਨੂੰ ਪਹਿਲਾਂ ਵਾਂਗੂੰ ਲਾਗੇ ਨਹੀਂ ਬਿਠਾਉਂਦਾ। ਦੂਰੋਂ ਹੀ ਬਿਠਾ ਕੇ ਗਲ੍ਹਾ ਚੈੱਕ ਕਰਦਾ। ਉੱਥੋਂ ਹੀ ਬੈਠਾ ਟਾਰਚ ਮਾਰਦੈ। ਪਰ ਉਹਨੂੰ ਮਰੀਜ਼ਾਂ ਦੇ ਅੱਡੇ ਹੋਏ ਮੂੰਹ ਹੁਣ ਬਘਿਆੜਾਂ ਵਰਗੇ ਜਾਪਦੇ। ਕਿਤੇ ਖੁੱਲ੍ਹੇ ਮੂੰਹ ਹੀ ਹਵਾੜ 'ਚੋਂ ਨਿਕਲਿਆ, ਕੋਈ ਖਲਨਾਇਕ ਵਾਇਰਸ ਉਹਦੇ ਅੰਦਰ ਹੀ ਨਾ ਚਲਾ ਜਾਵੇ ਤੇ ਉਹਨੂੰ ਵੀ ਕਿਤੇ ਆਪਣੀ ਲਪੇਟ 'ਚ ਲੈ ਲਵੇ।

ਜਿੰਨੇ ਮੂੰਹ ਓਨੀਆਂ ਗੱਲਾਂ। ਕਈ ਲੋਕ ਤਾਂ ਇਸ ਮਹਾਂਮਾਰੀ ਨੂੰ ਤੀਸਰੀ ਵਰਲਡ ਵਾਰ ਕਹਿ ਰਹੇ। ਇਹ ਜੰਗ ਦਾ ਨਵਾਂ ਰੂਪ ਐ। ਕੋਈ ਕੁਦਰਤ ਦਾ ਕਹਿਰ ਵੀ ਕਹਿ ਰਿਹਾ। ਮਨੁੱਖ ਦੇ ਪਾਪਾਂ ਦਾ ਘੜਾ ਭਰ ਗਿਐ। ਹੁਣ ਉਹ ਛਲਕ ਗਿਐ। ਪਰ ਜੇ ਜੰਗ ਐ ਤਾਂ ਇਹਦੀ ਕੋਈ ਆਵਾਜ਼ ਕਿਉਂ ਨਹੀਂ।

ਘਰੋਂ-ਘਰੀਂ ਬੈਠੇ ਦੋਸਤ ਮਿੱਤਰ ਫ਼ੋਨ 'ਤੇ ਉਹਦੇ ਨਾਲ ਇਹੋ ਜਿਹੇ ਹੀ ਵੰਨ ਸਵੰਨੇ ਵਿਚਾਰ ਵਟਾਂਦਰੇ ਕਰਦੇ। ਬਹਿਸ ਕਰਦੇ। ਆਪੋ-ਆਪਣੀ ਦਲੀਲ ਨੂੰ ਠੋਸ ਸਮਝਦੇ ਬੜਾ ਕੁਝ ਕਹਿੰਦੇ ਨੇ। ਉਹ ਤਾਂ ਕਹਿੰਦੇ ਨੇ ਇਹ ਤਾਂ ਸਾਮਰਾਜਾਂ ਦੀ ਚੌਧਰ ਦੀ ਜੰਗ ਏ। ਹੁਣ ਤਾਂ ਜ਼ੈਵਿਕਾ ਜੰਗ ਏ।

ਦੁਪਹਿਰ ਦਾ ਵੇਲ੍ਹਾ ਹੋ ਗਿਆ।

ਹੁਣ ਕੁਝ ਵਿਹਲ ਹੋਈ ਏ। ਡਾ. ਗੁਰਮੇਲ ਆਪਣੀ ਓ. ਪੀ. ਡੀ. 'ਚ 'ਕੱਲਾ ਬੈਠਾ ਹੋਇਆ। ਸਾਮ੍ਹਣੇ ਲੱਗੀ ਐਲ. ਸੀ. ਡੀ. ਨੂੰ ਦੇਖ ਰਿਹਾ। ਦੇਸ਼ ਤੇ ਦੁਨੀਆ 'ਚ ਬੀਮਾਰ ਹੋ ਰਹੇ ਮਰੀਜ਼ਾਂ ਤੇ ਮੌਤਾਂ ਦੀ ਗਿਣਤੀ ਦਾ ਧੂੰਆਂਧਾਰ ਪਰਚਾਰ ਹੋ ਰਿਹਾ। ਤਿੱਖੀਆਂ ਖ਼ਬਰਾਂ ਤੇ ਅੰਕੜੇ ਉਸਦਾ ਧੁੜਕੂ ਹੋਰ ਵਧਾ ਰਹੇ। ਵਾਇਰਸ ਤਾਂ ਹੁਣ ਹੌਲੀ ਹੌਲੀ ਵੱਡੇ ਸ਼ਹਿਰਾਂ ਇਲਾਕਿਆਂ ਤੋਂ ਨਿਕਲਦਾ ਪਿੰਡਾਂ ਵੱਲ ਵਧਦਾ ਹੀ ਆ ਰਿਹੈ। ਇਹ

ਕੀ ਬਲਾ, ਸਾਡੇ ਪੱਲੇ ਪੈ ਗਈ।

ਵਿਗਿਆਨੀ ਦੱਸਦੇ ਨੇ ਇਸ ਵਾਇਰਸ ਦੀ ਸ਼ਕਲ ਕਰੌਨ ਵਰਗੀ ਹੋਣ ਕਰਕੇ ਇਸਦਾ ਨਾਂ ਕਰੋਨਾ ਰੱਖਣਾ ਪਿਆ।

ਪਰ ਗੁਰਮੇਲ ਸੋਚਦੈ ਕਰੋਨ ਤਾਂ ਸਿਰ ਦਾ ਤਾਜ਼ ਹੁੰਦੈ। ਜਿਸਦੇ ਸਿਰ 'ਤੇ ਸੱਜ ਜਾਵੇ ਉਹ ਰਾਜਾ ਹੁੰਦੈ। ਆਪਣੀ ਸਲਤਨਤ ਦਾ ਬਾਦਸ਼ਾਹ। ਨਾਲੇ ਤਾਜ਼ ਤੋਂ ਬਗੈਰ ਕੋਈ ਕਾਹਦਾ ਰਾਜਾ।

ਪਰ ਕਰੋਨ ਇਹ ਸੋਚਦੇ ਨੇ ਸਾਨੂੰ ਪਹਿਲੇ ਰਾਜਿਆਂ ਵਾਂਗੂੰ ਹੁਣ ਕੋਈ ਚਾਅ ਨਾਲ ਸਿਰਾਂ 'ਤੇ ਟਿਕਾਉਂਦਾ ਕਿਉਂ ਨਹੀਂ। ਅਸੀਂ ਸਿਰਫ਼ ਰਾਮ ਲੀਲਾ ਦੇ ਭੂਤਨੇ ਪਾਤਰਾਂ ਦੇ ਸਿਰਾਂ ਜੋਗੇ ਹੀ ਰਹਿ ਗਏ ਆਂ। ਇਹ ਉਹਨਾਂ ਦੀ ਬੇ ਅਦਬੀ ਏ। ਕਿੱਥੇ ਰਾਜੇ ਤੇ ਕਿੱਥੇ ਭੂਤਨੇ ਜਿਹੇ ਫ਼ਿਲਮੀ ਕਲਾਕਾਰ। ਇਹ ਤਾਂ ਕੋਈ ਗੱਲ ਨਾ ਹੋਈ। ਇਹ ਲੋਕ ਤਾਂ ਸਗੋਂ ਕਰੋਨ ਦਾ ਮਖੌਲ ਉਡਾਉਂਦੇ ਜਾਪਦੇ ਨੇ। ਨਾਲੇ ਇਹਨਾਂ ਤਾਜ਼ਾਂ ਨੂੰ ਹੁਣ ਪੁਰਾਣੇ ਮਿਊਜ਼ੀਅਮਾਂ 'ਚ ਹੀ ਕਿਉਂ ਸਾਂਭ ਕੇ ਰੱਖ ਦਿੱਤੈ। ਸਿਰਫ਼ ਦਰਸ਼ਨਾਂ ਲਈ। ਜੋ ਘੱਟੇ-ਮਿੱਟੀ 'ਚ ਰੁਲੇ ਪਏ ਹੋਏ। ਆਪਣੀ ਮਾੜੀ ਕਿਸਮਤ ਤੇ ਹੋਣੀ ਤੇ ਰੋ ਰਹੇ। ਏਨੇ ਕੀਮਤੀ ਤਾਜ਼ਾਂ ਦੀ ਇਹ ਤਰਸਯੋਗ ਹਾਲਤ।

ਹੁਣ ਲੋਕਾਂ ਨੂੰ ਪਤਾ ਲੱਗੂ ਤਾਜ ਕੀ ਚੀਜ਼ ਹੁੰਦੇ। ਇਹਨਾਂ ਦੀ ਕਦੇ ਸ਼ਾਨ ਹੁੰਦੀ ਸੀ। ਡਾ. ਗੁਰਮੇਲ ਨੂੰ ਜਾਪਣ ਲੱਗੈ, ਇਹ ਦੁਨੀਆ ਦੇ ਪੁਰਾਣੇ ਰਾਜੇ ਮਹਾਂਰਾਜਿਆਂ ਦੇ ਕਰੋਨ ਰਲ ਕੇ ਅਵਾਮ ਨਾਲ ਕੋਈ ਸਾਜ਼ਿਸ਼ ਕਰ ਰਹੇ ਨੇ। ਜਿਵੇਂ ਕਦੇ ਰਾਜੇ ਆਪਣੀ ਪਰਜ਼ਾ ਨਾਲ ਸਾਜਿਸ਼ਾਂ ਕਰਦੇ ਰਹੇ। ਪਰ ਉਹ ਤਾਂ ਹੁਣ ਮਰ ਮੁੱਕ ਗਏ। ਪਰ ਤਾਜ਼ ਤਾਂ ਨਹੀਂ ਨਾ ਸੁੱਕੇ। ਇਹ ਤਾਂ ਜਿਉਂਦੇ ਜਾਗਦੇ ਪਏ ਨੇ। ਭਾਵੇਂ ਬੋਲਦੇ ਨਹੀਂ। ਇਹ ਤਾਂ ਕਦੇ ਖਤਮ ਨਹੀਂ ਹੋ ਸਕਦੇ। ਕਰੌਨਾਂ ਨੂੰ ਤਾਂ ਇਹ ਵੀ ਗੁੱਸੈ ਹੁਣ ਦੇ ਰਾਜੇ ਤਾਂ ਪਹਿਨਦੇ ਕੀ, ਉਨ੍ਹਾਂ ਵੱਲ ਦੇਖਦੇ ਤੱਕ ਨਹੀਂ। ਕਹਿੰਦੇ ਇਹ ਪੁਰਾਣੇ ਰਿਵਾਜ਼ ਦੇ ਨੇ। ਅਸੀਂ ਨਵੇਂ ਯੁੱਗ ਦੇ ਲੋਕ ਆ। ਸਾਇੰਸ ਯੁੱਗ ਦੇ। ਇੱਕੀਵੀਂ ਸਦੀ ਵੱਲ ਵਧ ਰਹੇ। ਇਹ ਪਾ ਕੇ ਅਸੀਂ ਹੁਣ ਲੰਕਾ ਦੇ ਰਾਜੇ ਨਾਲ ਯੁੱਧ ਲੜਨੈ।

ਪਰ ਕਰੋਨ ਤਾਂ ਨਵੇਂ ਰਾਜਿਆਂ ਨੂੰ ਸਿਰ 'ਤੇ ਪਵਾਉਣ 'ਤੇ ਤੁਲੇ ਹੋਏ। ਉਹ ਆਪਣੀ ਸਰਦਾਰੀ ਕਾਇਮ ਕਰਨ ਲਈ ਨਵੇਂ ਲੀਡਰਾਂ ਤੇ ਉਨ੍ਹਾਂ ਦੀ ਪਰਜਾ ਤੋਂ ਬਦਲਾ ਲੈ ਰਹੇ ਨੇ। ਤਾਂ ਹੀ ਤਾਂ ਏਨੇ ਦਿਨਾਂ ਤੋਂ ਕਰੋਨਾਂ ਨੇ ਕਹਿਰ ਮਚਾਇਆ ਹੋਇਆ। ਪਰ ਦੁਨੀਆ ਤਾਂ ਹੁਣ ਰੋਟੀ ਪਾਣੀ ਤੋਂ ਵੀ ਤਰਸੀ ਹੋਈ। ਇਹੋ ਤਾਂ ਕਰੋਨ ਚਾਹੁੰਦੇ ਸੀ। ਨਾਨੀ ਚੇਤੇ ਕਰਵਾਉਣੀ।

ਡਾ. ਗੁਰਮੇਲ ਨੂੰ ਵੀ ਜਿਵੇਂ ਇਹੋ ਹੀ ਲੱਗਦੈ। ਉਹੋ ਹੀ ਕਰੋਨ ਕਿਣਕਿਆਂ 'ਚ ਵੰਡਿਆ ਵਾਇਰਸ ਬਣ ਗਿਐ। ਜਿਹੜਾ ਦਿਸਦਾ ਵੀ ਨਹੀਂ ਤੇ ਲੁਕਿਆ ਹੋਇਆ ਆਪਣੀ ਕਾਰਵਾਈ ਵੀ ਕਰੀ ਜਾ ਰਿਹਾ। ਖੌਰੇ ਕਿੱਥੇ ਕਿੱਥੇ ਚਿਪਕਿਆ, ਘਾਤ ਲਾਈ ਬੈਠਾ ਬੰਦਿਆਂ ਦਾ ਇੰਤਜ਼ਾਰ ਕਰ ਰਿਹਾ। ਕਹਿੰਦੇ ਜੇ ਇਹ ਦਿਸਦਾ ਵੀ ਐ ਤਾਂ ਟੈਸਟ ਕਰਨ ਵਾਲੀਆਂ ਲੈਬੋਰਟਰੀਆਂ ਦੇ ਮਾਈਕਰੋਸਕੋਪਾਂ 'ਚ ਹੀ ਕੁਰਬਲ ਕੁਰਬਲ ਕਰਦਾ ਦਿਸਦਾ।

ਕਰੋਨਾ ਜੀਵਾਣੂ ਕਿਹੜੇ ਵੇਲੇ ਬੰਦੇ ਅੰਦਰ ਵੜ ਜਾਂਦੈ ਪਤਾ ਵੀ ਨਹੀਂ ਚੱਲਦਾ। ਫੇਫੜਿਆਂ 'ਚ ਵੜ ਕੇ ਦਸਵੇਂ ਦਿਨ ਆਪਣਾ ਕਰਤਵ ਦਿਖਾਉਣ ਲੱਗਦੈ। ਆਪਣੇ ਖੁੱਸੇ ਰੁਤਬੇ ਦਾ ਬਦਲਾ, ਸਾਹ ਪ੍ਰਣਾਲੀ ਤੋਂ ਸ਼ੁਰੂ ਕਰਦੈ। ਇੱਥੇ ਹੀ ਫਿਰ ਜਾਮ ਲਾ ਦਿੰਦੈ। ਬੁਰਾ ਹਾਲ ਕਰਦੈ। ਖੰਘ, ਰੇਸ਼ਾ ਬੁਖ਼ਾਰ ਨਾਲ ਅਰਾਟ ਕੱਢਦੈ। ਬੰਦੇ ਦਾ ਸਾਹ ਹੀ ਨਹੀਂ ਨਿਕਲਦਾ। ਨਿੱਛਾਂ ਮਾਰਿਆਂ ਫਿਰ ਬਾਹਰ ਕਈ ਗੁਣਾਂ ਹੋ ਕੇ ਨਿਕਲਦੈ। ਇਵੇਂ ਜਿਹੜਾ ਵੀ ਉਹਦੇ ਲਾਗੇ ਚਾਗੇ ਆਉਂਦੈ, ਉਹਨਾਂ ਅੰਦਰ ਵੜ ਵੜ ਕੇ ਉਹੋ ਜਿਹੀ ਸਜ਼ਾ ਅੱਗੇ ਤੋਂ ਅੱਗੇ ਹੋਰਨਾਂ ਨੂੰ ਦੇਈ ਜਾਂਦੈ। ਬਹੁਤਿਆਂ ਨੂੰ ਤਾਂ ਬੀਮਾਰ ਹੀ ਕਰਦੈ। ਕਈਆਂ ਨੂੰ ਤਾਂ ਮੜ੍ਹੀਆਂ ਦੇ ਦੁਆਰ ਵੱਲ ਵੀ ਲੈ ਤੁਰਦੈ।

ਦੁਨੀਆ ਦੇ ਸਾਰੇ ਵਿਗਿਆਨੀ ਤੇ ਡਾਕਟਰ ਇਸ ਆਫ਼ਤ ਨੂੰ ਮਾਰਨ ਤੇ ਬੰਦਿਆਂ ਨੂੰ ਬਚਾਉਣ ਦਾ ਹਥਿਆਰ ਤਾਂ ਜ਼ਰੂਰ ਲੱਭ ਰਹੇ। ਪਰ ਮੰਜ਼ਿਲ ਅਜੇ ਦੂਰ ਏ। ਇਵੇਂ ਵਾਇਰਸ ਬੰਦੇ ਨੂੰ ਚੇਤੇ ਕਰਵਾਉਂਦੈ ਮੈਂ



ਕਦੇ ਵੱਡਾ ਸਾਰਾ ਕਰੋਨ ਹੁੰਦਾ ਸਾਂ। ਮੇਰੇ ਕਰਕੇ ਰਾਜੇ ਸ਼ਾਨ ਨਾਲ ਰਾਜ ਕਰਦੇ ਸਨ।

ਇਹ ਗੱਲ ਇਵੇਂ ਹੋ ਸਕਦੀ। ਪਤਾ ਨਹੀਂ। ਪਰ ਡਾ. ਗੁਰਮੇਲ ਨੂੰ ਤਾਂ ਜਿਵੇਂ ਇਵੇਂ ਊਟ ਪਟਾਂਗ ਸੋਚਣ ਦੀ ਬੀਮਾਰੀ ਲੱਗ ਗਈ ਏ। ਵਹਿਮ ਹੋ ਗਿਐ। ਉਹ ਮਨੋ ਮਨ ਸ਼ਬਦਾਂ ਦੀ ਬੇ ਮਤਲਬ ਵਿਆਖਿਆ ਕਰਦਾ ਵਾਲ ਦੀ ਖੱਲ਼ ਲਾਹੁਣ ਲੱਗ ਪੈਂਦੇ। ਮੌਤ ਦਾ ਭੂਤ ਬੰਦੇ ਨੂੰ ਕੀ ਕੀ ਸੋਚਣ ਲਈ ਮਜ਼ਬੂਰ ਨਹੀਂ ਕਰ ਦੇਂਦਾ।

ਏਸੇ ਲਈ ਮਰੀਜ਼ ਦੇਖਦਿਆਂ, ਉਸਨੂੰ ਆਪਣਾ ਵੀ ਕਦੇ ਕਦੇ ਗਲਾ ਘੁੱਟਦਾ ਜਿਹਾ ਪ੍ਰਤੀਤ ਹੁੰਦੈ। ਫਿਰ ਉਹ ਪਾਸੇ ਮੂੰਹ ਕਰਕੇ ਲੰਬੇ-ਲੰਬੇ ਸਾਹ ਲੈਣ ਲੱਗਦਾ। ਨਹੀਂ ਉਹਦਾ ਗਲਾ ਤੇ ਛਾਤੀ ਠੀਕ ਠਾਕ ਏ। ਉਸ ਅੰਦਰ ਵਾਇਰਸ ਨਹੀਂ ਗਿਆ। ਉਹ ਅਜੇ ਬੱਚਿਆ ਹੋਇਆ।

ਉਹ ਇਹ ਵੀ ਸੋਚਦੈ ਵਾਇਰਸ ਤਾਂ ਹੋਰ ਵੀ ਬਥੇਰੀਆਂ ਕਿਸਮਾਂ ਦੇ ਸਰੀਰਾਂ ਦੇ ਅੰਦਰ ਬਾਹਰ ਤੁਰੇ ਫਿਰਦੇ ਨੇ। ਉਸਨੇ ਡਾਕਟਰੀ 'ਚ ਪੜ੍ਹਿਆ ਹੋਇਐ। ਪਰ ਉਹ ਸਾਰੇ ਏਨੇ ਖਤਰਨਾਕ ਨਹੀਂ ਹੁੰਦੇ। ਉਨ੍ਹਾਂ 'ਚੋਂ ਕੁਝ ਨਾਲ ਤਾਂ ਸਰੀਰ ਦੀ ਕਾਰਜ਼ ਪ੍ਰਣਾਲੀ ਸੁਚਾਰੂ ਢੰਗ ਨਾਲ ਚੱਲਦੀ ਏ। ਪਰ ਇਹ ਕਰੋਨਾ ਵਾਇਰਸ ਏਨਾ ਘਾਤਕ ਕਿਉਂ ਹੋਇਆ ਪਿਆ। ਜਿਸ ਜ਼ਿੰਦਗੀ ਦੀ ਧੜਕਣ ਰੋਕ ਦਿੱਤੀ ਏ। ਦੁਨੀਆ ਦਾ ਲਹੂ ਸੁਕਾਇਆ ਹੋਇਆ। ਖੌਰੇ ਇਹ ਅਜੇ ਨਵਾਂ ਨਵਾਂ ਜੰਮਿਆ। ਜੁਆਨ ਹੋਇਆ ਆਪਣੀ ਜੁਆਨੀ ਦੇ ਰੰਗ ਦਿਖਾ ਰਿਹਾ।

ਪਰ ਏਨਾ ਦੁਖੀ ਕਿਉਂ ਕਰ ਰਿਹਾ। ਲੋਕਾਂ ਦਾ ਇਹਦੇ 'ਚ ਕੀ ਕਸੂਰ, ਲੋਕ ਤਾਂ ਆਪੋ-ਆਪਣੇ ਕੰਮਾਂ ਧੰਦਿਆਂ 'ਚ ਲੱਗੇ ਹੋਏ। ਰੋਟੀ-ਟੁੱਕ ਦੇ ਜੁਗਾੜ ਕਰਦੇ ਬੱਚੇ ਪਾਲਦੇ ਪਏ ਨੇ। ਹੁਣ ਘਰੋਂ ਘਰੀਂ ਵਿਹਲੇ ਬੈਠੇ ਤੇ ਤਾੜੇ ਹੋਏ। ਰੋਟੀ ਪਾਣੀ ਤੋਂ ਵੀ ਅਤੁਰ ਨੇ। ਫਿਰ ਲੋਕਾਂ ਤਾਂ ਡਰਨਾ ਹੀ ਹੋਇਆ।

ਉਸ ਵਰਗੇ ਡਾਕਟਰ ਵੀ ਡਰਦੇ, ਤੜਫ਼ ਰਹੇ। ਉਹ ਸੋਚਦੈ ਕਮਾਲ ਹੋ ਗਈ ਰੱਬ ਵਾਲੀ। ਬੰਦੇ ਨੇ ਜੋੜੀ ਪਲੀ ਪਲੀ ਤੇ ਰਾਮ ਰੁੜ੍ਹਾਵੇ ਕੁੱਪਾ। ਏਨੇ ਸਾਲਾਂ ਦੀ ਕੀਤੀ ਕਤਰੀ ਦਾ ਹੁਣ ਕੀ ਬਣੂੰ। ਜੇ ਕੱਲ ਨੂੰ ਪੁੱਠੇ ਹੋ ਗਏ ਤਾਂ। ਸਭ ਪਿਆ ਹੀ ਰਹਿ ਜੂ ਧਰਤੀ 'ਤੇ। ਉਹ ਰੱਬ ਵੱਲ ਮੂੰਹ ਕਰਕੇ ਉਸ ਨਾਲ ਗਿਲ੍ਹਾ ਸ਼ਿਕਵਾ ਕਰਦਾ।

ਇਹ ਠੀਕ ਏ ਇਹ ਵਰਤਾਰਾ ਰੱਬ ਹੀ ਕਰਵਾਉਂਦਾ ਹੋਵੇਗਾ। ਖੌਰੇ ਬੰਦੇ ਨੂੰ ਸਜ਼ਾ ਦੇਣ ਲਈ। ਸਮਝਾਉਣ ਲਈ ਕਿ ਵਿਗੜੀ ਮਨੁੱਖਤਾ ਨੂੰ ਸਿੱਧਿਆਂ ਕਰਨ ਲਈ। ਪਰ ਉਹ ਤਾਂ ਹੁਣ ਧਰਤੀ ਦੇ ਬੰਦਿਆਂ ਨਾਲ ਸਿੱਧਾ ਹੀ ਹੋ ਗਿਆ ਜਾਪਦੈ। ਏਸੇ ਲਈ ਗੁੱਸੇ 'ਚ ਬੰਦੇ ਨੇ ਵੀ ਰੱਬ ਦੇ ਘਰਾਂ ਨੂੰ ਜੰਦਰੇ ਲਾ ਦਿੱਤੇ ਨੇ। ਜੇ ਤੂੰ ਸਾਡਾ ਸੁਆਰ ਨਹੀਂ ਸਕਦਾ। ਔਖੇ ਵੇਲੇ ਬਚਾ ਨਹੀਂ ਸਕਦਾ ਤਾਂ ਜਾਹ ਫਿਰ ਢੱਠੇ ਖੂਹ 'ਚ ਪੈ।

ਅੱਗੇ ਮਨੁੱਖ ਧਰਤੀ ਦਾ ਖਤਰਨਾਕ ਜੀਵ ਸੀ। ਹੁਣ ਇਹ ਸ਼ੈਤਾਨ ਬਣਿਆ ਸਭ ਤੋਂ ਖਤਰਨਾਕ ਜੀਵ ਹੋਣ ਦਾ ਮਖੌਟਾ ਅੱਖਾਂ 'ਤੇ ਬੰਨ੍ਹੀ ਜ਼ੁਲਮ ਢਾਹ ਰਿਹਾ। ਜੇ ਇਸ ਮੌਕੇ ਰੱਬ ਵੀ ਭੱਜ ਜਾਵੇ ਤਾਂ ਉਸਦੀ ਇਸ ਸ਼ੈਤਾਨੀ ਕਾਰਵਾਈ 'ਤੇ ਜ਼ਰੂਰ ਸ਼ੱਕ ਹੁੰਦੈ। ਫਿਰ ਇਸ ਨਾਲੋਂ ਬੰਦਾ ਨਾਸਤਿਕ ਹੀ ਚੰਗਾ।

ਡਾ. ਗੁਰਮੇਲ ਨੂੰ ਤਾਂ ਆਪ ਟਿਕਾਈ ਨਹੀਂ ਲੱਗ ਰਹੀ। ਉਹਦੇ ਦਿਮਾ.ਗ 'ਚ ਖੌਰੇ ਕਿੰਨਾ ਕੁ ਗੁਬਾਰ ਭਰਿਆ ਹੋਇਆ। ਜਿਹੜਾ ਖੌਰੂ ਪਾ ਰਿਹਾ। ਆਪਣੀ ਓ ਪੀ ਡੀ 'ਚ ਇਵੇਂ ਬੈਠਾ ਸੋਚਾਂ 'ਚ ਘਿਰਿਆ ਹੋਇਆ ਜਿਵੇਂ ਬੱਝਾ ਬੈਠਾ ਹੋਵੇ। ਉਹਦਾ ਸਰੀਰ ਨਿਢਾਲ ਜਿਹਾ ਹੋਇਆ ਪਿਆ। ਥੱਕਿਆ ਥੱਕਿਆ ਜਿਹਾ ਮਹਿਸੂਸ ਕਰ ਰਿਹਾ। ਉਸਨੂੰ ਕਈ ਵਾਰੀ ਜਾਪਦਾ ਦਿਲ ਦੀ ਧੜਕਣ ਕੰਨਾਂ ਤੱਕ ਸੁਣਾਈ ਦੇ ਰਹੀ ਹੋਵੇ। ਦਿਲ ਵੱਸ 'ਚ ਨਹੀਂ। ਸਰੀਰ ਤਪ ਰਿਹਾ। ਜਿਵੇਂ ਉਹ ਮੱਚਦੀ ਅੱਗ 'ਚ ਬੈਠਾ ਸਜ਼ਾ ਕੱਟ ਰਿਹਾ ਹੋਵੇ।

ਪਰ ਉਹਨੂੰ ਹੋਰਨਾਂ ਕਾਰੋਬਾਰਾਂ ਵਾਂਗੂੰ ਛੁੱਟੀ ਵੀ ਤਾਂ ਨਹੀਂ ਕਿ ਘਰੇ ਬੈਠਾ ਲੋਕਾਂ ਵਾਂਗੂੰ ਵਾਇਰਸ ਤੋਂ ਬਚਿਆ ਤਾਂ ਰਹੇ। ਪਰ ਸਰਕਾਰ ਨੂੰ ਪਤੈ ਆਮ ਲੋਕਾਂ ਨੂੰ ਬੀਮਾਰੀ ਤੋਂ ਕਿਸਨੇ ਬਚਾਉਣੈ। ਡਾਕਟਰਾਂ ਨੇ। ਇਹ ਹਸਪਤਾਲਾਂ 'ਚ ਬੈਠਕੇ ਕੰਮ ਕਰਨਗੇ ਤਾਂ ਹੀ ਲੋਕਾਂ ਦਾ ਕਲਿਆਨ ਹੋਉ। ਸਰਕਾਰ ਦਾ ਕੰਮ ਏ ਹੁਕਮ ਕਰਨਾ। ਇਹ ਕੰਮ ਕਰਨ ਭਾਵੇਂ ਮਰਨ। ਇਹ ਮੋਤੀਆਂ ਵਾਲੀ ਸਰਕਾਰ ਦਾ ਹੁਕਮ ਏ। ਉਹ ਬੈਠਾ ਸਰਕਾਰ

ਦਾ ਹੁਕਮ ਵਜਾ ਰਿਹੈ।

ਅੱਜ ਅੱਧੀ ਰਾਤ ਵੇਲੇ ਉਹ ਮੰਜੇ ਤੋਂ ਉੱਠ ਬੈਠਾ। ਨੀਂਦ ਹੀ ਨਹੀਂ ਆ ਰਹੀ। ਸਾਰਾ ਟੱਬਰ ਸੁੱਤਾ ਹੋਇਆ। ਉਹ ਵਿਹੜੇ 'ਚ ਨਿਕਲ ਆਇਐ। ਬਾਹਰ ਠੰਢੀ ਠੰਢੀ ਹਵਾ ਚੱਲ ਰਹੀ। ਰੁੱਖਾਂ ਦੇ ਪੱਤੇ ਝੂਲ ਰਹੇ। ਪਰ ਆਸਮਾਨ ਸਾਫ਼ ਏ। ਤਾਰੇ ਪੂਰੇ ਜਲੌਅ 'ਚ ਲਿਸ਼ਕਾਂ ਮਾਰ ਰਹੇ। ਚੰਨ ਪੂਰਾ ਗੋਲ ਤੇ ਦੁੱਧ ਵਰਗਾ ਚਿੱਟਾ।

ਕਈ ਵਰ੍ਹਿਆਂ ਤੋਂ ਧਰਤੀ 'ਤੇ ਲੋੜੋਂ ਵੱਧ ਪ੍ਰਦੂਸ਼ਨ ਵਧਿਆ ਹੋਇਐ। ਉਹ ਮਹਿਸੂਸ ਕਰਦਾ ਰਿਹਾ, ਤਾਰੇ ਤੇ ਚੰਨ ਵੀ ਧੁੰਦਲੇ-ਧੁੰਦਲੇ ਹੋ ਗਏ ਜਾਪਦੇ। ਉਹਨੂੰ ਕਈ ਵਾਰ ਇਹ ਵੀ ਜਾਪਦਾ ਜਿਵੇਂ ਉਹਦੀ ਨਜ਼ਰ ਘਟ ਗਈ ਹੋਈ। ਦੂਰ ਤੱਕ ਮਾਰ ਹੀ ਨਹੀਂ ਕਰਦੀ। ਪਰ ਅੱਜ ਤਸਵੀਰ ਬਿਲਕੁਲ ਉਲਟ ਏ ਕਿਉਂਕਿ ਧਰਤੀ ਆਸਮਾਨ ਵਿਚਕਾਰ ਪ੍ਰਦੂਸਨ ਵਧਾਉਣ ਦਾ ਜ਼ੁੰਮੇਵਾਰ ਮਨੁੱਖ ਲੌਕ ਡਾਊਨ 'ਚ ਅੰਦਰ ਬੰਦ ਏ।

ਉਸਦੇ ਦਿਮਾਗ਼ ਦੀ ਫਿਰਕੀ ਫਿਰ ਘੁੰਮਣ ਲੱਗ ਪਈ। ਮਨੁੱਖ ਕਿੰਨਾਂ ਲਾਲਚੀ ਹੁੰਦਾ। ਜਿਸਨੂੰ ਏਡੀ ਵੱਡੀ ਧਰਤੀ 'ਤੇ ਵੀ ਰੱਜ ਨਹੀਂ। ਆਸਮਾਨ 'ਤੇ ਜਹਾਜ ਰਾਕਟ ਤਾਂ ਚੜ੍ਹਾ ਲਏ। ਹੁਣ ਅਸਮਾਨ ਤੋਂ ਵੀ ਅੱਗੇ ਕਬਜ਼ਾ ਕਰਨ ਨੂੰ ਫਿਰਦੈ। ਚੰਨ ਅਤੇ ਮੰਗਲ ਗ੍ਰਹਿਆ ਤੇ ਵੀ ਜਾ ਪਹੁੰਚੈ। ਉੱਥੇ ਪਲਾਟ ਕੱਟਣ ਤੇ ਰਹਿਣ ਦੇ ਸੁਪਨੇ ਲੈਣ ਲੱਗੈ। ਉਹ ਹੈਰਾਨ ਏ ਬੰਦੇ ਨੂੰ ਆਖ਼ਰ ਕਿੰਨੀ ਕੁ ਧਰਤੀ ਦੀ ਲੋੜ ਏ।

ਏਸੇ ਕਰਕੇ ਰੱਬ ਨੂੰ ਕਰੋਧ ਆ ਗਿਆ ਹੋਣਾ। ਮਨੁੱਖ ਆਪਣੀ ਲਛਮਣ ਰੇਖਾ ਪਾਰ ਕਰਦਾ ਜਾਂਦੈ। ਰੱਬ ਨਾਲ ਆਢਾ ਲਾਉਂਦਾ, ਅੱਗੇ ਵਧ ਰਿਹੈ। ਨਾਲੇ ਕੌਣ ਚਾਹੁੰਦੈ ਆਪਣੇ ਸਾਮਰਾਜ 'ਚ ਦਖ਼ਲ। ਇਹ ਤਾਂ ਸਿੱਧਾ ਰੱਬ ਦੇ ਰਾਜ 'ਚ ਦਖਲ ਹੋ ਗਿਆ। ਏਸੇ ਲਈ ਕੁਦਰਤ ਕਹਿਰਵਾਨ ਹੋ ਗਈ ਹੋਣੀ। ਸਾਡੀ ਬਿੱਲੀ ਸਾਨੂੰ ਹੀ ਮਿਊਂ। ਤਾਂ ਹੀ ਕੁਦਰਤ ਦਾ ਫ਼ੈਲਾਇਆ ਹੋਇਆ ਜੀਵਾਣੂਆਂ ਦਾ ਛੱਟਾ, ਧਰਤੀ ਦੇ ਜੀਵਾਂ ਨੂੰ ਸਬਕ ਸਿਖਾਉਣ ਲਈ ਹੀ ਜਾਪਦਾ। ਐਵੇਂ ਤਾਂ ਨਹੀਂ ਅੰਦਰਾਂ 'ਚ ਵਾੜਨ ਲਈ ਚੌਂਕਾਂ 'ਚ ਪੁਲੀਸ ਡੰਡਿਆਂ ਦਾ ਪ੍ਰਯੋਗ ਕਰ ਰਹੀ। ਕੰਜਰੋ ਬਚ ਜਾਓ ਏਸ ਮਹਾਂਮਾਰੀ ਤੋਂ। ਨਹੀਂ ਤਾਂ ਕੁਦਰਤ ਦਾ ਕਹਿਰ ਸਭ ਨੂੰ ਲਪੇਟ ਲਓ। ਫੇਰ ਇੱਥੇ ਕੌਣ ਰਹੂ। ਏਸੇ ਲਈ ਰੱਬ ਬੰਦੇ ਨੂੰ ਪੁੱਠੇ ਕਰਮਾਂ ਦਾ ਫ਼ਲ ਪੁੱਠੇ ਤਰੀਕੇ ਨਾਲ ਦੇ ਰਿਹਾ ਏ।

ਹਸਪਤਾਲ 'ਚ ਮਰੀਜ਼ ਚੈੱਕ ਕਰਦਾ ਉਹ ਵਾਰ ਵਾਰ ਦਸਤਾਨੇ ਬਦਲਦੈ। ਹੱਥ ਧੋਂਦੈ। ਪੈਸੇ ਕੱਟਦੈ। ਨੋਟ ਵੀ ਤਾਂ ਮਰੀਜ਼ਾਂ ਦੇ ਹੱਥ ਲੱਗ ਕੇ ਹੀ ਆਉਂਦੇ। ਵਾਇਰਸ ਤਾਂ ਉੱਥੋਂ ਵੀ ਆ ਸਕਦੈ। ਉਹ ਕਿੰਨੀ ਵਾਰੀ ਹੱਥ ਸਾਬਣ ਨਾਲ ਧੋਂਦਾ। ਸੈਨੇਟਾਈਜ਼ਰ ਹੱਥਾਂ 'ਤੇ ਛਿੜਕਦੈ। ਇਹੋ ਕੁਝ ਹੀ ਉਹਦੇ ਸਟਾਫ਼ ਦੇ ਮੈਂਬਰ ਕਰ ਰਹੇ। ਸੋਚਦੈ ਇਹ ਕੀ ਬਿਪਤਾ ਪਈ ਹੋਈ। ਘੜੀ ਮੁੜੀ ਉਹੋਂ ਕੰਮ। ਤੌਬਾ-ਤੌਬਾ। ਇਵੇਂ ਤਾਂ ਕਰ ਕਰ ਹੱਥਾਂ ਦੀਆਂ ਲਕੀਰਾਂ ਵੀ ਘਸ ਜਾਣਗੀਆਂ। ਅੱਗੇ ਵੀ ਤਾਂ ਡਾਕਟਰੀ ਕਰੀਦੀ ਸੀ। ਮਰੀਜ਼ਾਂ 'ਚ ਹੀ ਰਹਿੰਦਾ ਸੀ। ਸਗੋਂ ਕੋਲ ਬਿਠਾ ਕੇ ਟਾਰਚ ਨਾਲ ਗਲ੍ਹਾ ਚੈਕ ਕਰਨਾ। ਹੱਥਾਂ ਨਾਲ ਸਾਰਾ ਸਰੀਰ ਟੋਹ ਟੋਹ ਦੇਖਣਾ। ਕੰਨਾਂ ਨੂੰ ਸਟੈਥੋ ਲਾ ਕੇ ਛਾਤੀ ਚੈੱਕ ਕਰਨੀ। ਖਾਸ ਕਰ ਔਰਤਾਂ ਦੀ ਓਭਰੀ ਛਾਤੀ ਨੂੰ ਜਾਂਚਣ ਦਾ ਤਾਂ ਆਪਣਾ ਹੀ ਸੁਆਦ ਹੁੰਦਾ।

ਪਰ ਹੁਣ ਤਾਂ ਸੋਹਣੀ ਤੋਂ ਸੋਹਣੀ ਔਰਤ ਵੀ ਆਏ ਤਾਂ ਉਹਨੂੰ ਦੇਖਕੇ ਖਿਝ ਚੜ੍ਹਦੀ ਏ। ਕਿਤੇ ਇਹਦੇ ਅੰਦਰ ਨਾ ਕਰੋਨਾ ਵਾਇਰਸ ਵੜ੍ਹਿਆ ਹੋਵੇ। ਕੱਲ੍ਹ ਨੂੰ ਇਹ ਬੀਮਾਰ ਹੋਵੇ ਜਾਂ ਮਰੇ। ਮੈਂ ਵੀ ਕਿਤੇ ਮੜ੍ਹੀਆਂ 'ਚ ਇਹਦੇ ਲਾਗੇ ਲੱਕੜਾਂ 'ਤੇ ਸੜਦਾ ਪਿਆ ਹੋਵਾਂ। ਚਾਰ ਦਿਨ ਜ਼ਿੰਦਗੀ ਹੈ ਵੀ ਕਿ ਨਹੀਂ। ਹੁਣ ਤਾਂ ਇਵੇਂ ਜਾਪਦਾ ਜਿਵੇਂ ਧਰਤੀ 'ਤੇ ਪਰਾਏ ਆਲ੍ਹਣੇ ਦਾ ਪੰਛੀ ਜਿਹਾ ਹੋਵਾਂ।

ਹੁਣ ਤਾਂ ਹਸਪਤਾਲ ਆਉਂਦੀ ਹਰ ਸੋਹਣੀ ਮੁਟਿਆਰ ਉਸਨੂੰ ਵਿੱਸ਼ ਕੰਨਿਆ ਹੀ ਲੱਗਦੀ ਏ ਕਿਤੇ ਉਸਨੂੰ ਡੰਗ ਨਾ ਲਵੇ। ਉਹ ਸੋਚਦਾ ਇਹੋ ਜਿਹੀਆਂ ਵਿਸ਼ ਕੰਨਿਆ ਹੀ ਸਨ ਜਿਹੜੀਆਂ ਕਰੌਨ ਪਹਿਨਣ



ਵਾਲੇ ਰਾਜਿਆਂ ਨੂੰ ਆਪਣੇ ਪਿਆਰ ਦੇ ਜਾਲ਼ 'ਚ ਫਸਾ ਕੇ ਮੋਹਿਤ ਕਰ ਦੇਂਦੀਆਂ। ਫਿਰ ਆਪਣੇ ਜ਼ਹਿਰੀਲੇ ਬੁੱਲ੍ਹਾਂ ਨਾਲ ਚੁੰਮ ਚੁੰਮ ਕੇ ਮਾਰ ਦੇਂਦੀਆਂ ਸਨ। ਰਾਜਿਆਂ ਦੇ ਰਾਜ ਨੂੰ ਮਲੀਆਮੇਟ ਕਰ ਦੇਂਦੀਆਂ। ਕਿਤੇ ਉਹੋ ਗੱਲ ਮੇਰੇ ਨਾਲ ਨਾ ਹੋ ਜਾਵੇ। ਹੁਣ ਤਾਂ ਬਈ ਇਹਨਾਂ ਤੋਂ ਤੌਬਾ ਹੀ ਭਲੀ। ਇਲਾਜ਼ ਨਾਲੋਂ ਪ੍ਰਹੇਜ਼ ਹੀ ਚੰਗਾ। ਜਿਵੇਂ ਸਰਕਾਰ ਨੇ ਸਾਰੇ ਦੇਸ਼ 'ਚ ਇੱਕ ਦੂਜੇ ਤੋਂ ਪ੍ਰਹੇਜ਼ ਕਰਨ ਲਈ ਰੋਕਥਾਮ ਲਾਈ ਹੋਈ। ਹੁਣ ਤਾਂ ਇਹਨਾਂ ਗੱਲਾਂ ਤੇ ਹੀ ਫੁੱਲ ਚੜ੍ਹਾਉਣ ਦੀ ਜ਼ਰੂਰਤ ਏ। ਹੋਰ ਕੋਈ ਗੱਲ ਨਹੀਂ। ਨਹੀਂ ਤਾਂ ਆਪਣੇ ਵੀ ਫੁੱਲ ਚੁਗੇ ਜਾਣਗੇ।

ਕਿੱਥੋਂ ਆ ਗਿਐ ਇਹ ਚਵਲ ਜਿਹਾ ਵਾਇਰਸ। ਉਸਦਾ ਵੱਸ ਚੱਲੇ ਤਾਂ ਗੋਡੇ ਹੇਠ ਦੇ ਕੇ ਮਾਰ ਦੇਵੇ। ਜਿਸਨੇ ਪਿਆਰੀਆਂ ਪਿਆਰੀਆਂ ਰੂਹਾਂ ਨੂੰ ਵੀ ਸਾਥੋਂ ਦੂਰ ਕਰ ਛੱਡਿਐ।

ਉਹ ਕੁਝ ਦਿਨ ਪਹਿਲਾਂ ਵਾਲੇ ਦਿਨਾਂ ਨੂੰ ਚੇਤੇ ਕਰਦਾ। ਕਿਵੇਂ ਉਹਦੇ ਤੋਂ ਇਲਾਜ਼ ਕਰਵਾਉਣ ਦੇ ਬਹਾਨੇ ਜ਼ਨਾਨੀਆਂ ਕਹਾਣੀਆਂ ਪਾ ਕੇ ਬਹਿ ਜਾਂਦੀਆਂ ਸਨ। ਇਵੇਂ ਜਿਵੇਂ ਆਪਣਾ ਨਹੀਂ ਡਾਕਟਰ ਦਾ ਹੀ ਪਤਾ ਲੈਣ ਆਈਆਂ ਹੋਣ। ਕਈ ਤਾਂ ਕਹਿ ਦੇਂਦੀਆਂ ਡਾਕਟਰ ਸਾਹਿਬ ਤੁਸੀਂ ਬੜੇ ਰੰਗੀਨ ਮਿਜ਼ਾਜ਼ ਓ। ਇਵੇਂ ਕਹਿ ਕੇ ਉਹ ਦਿਲ ਜੁਆਨ ਕਰ ਦੇਂਦੀਆਂ। ਕਈ ਚੈੱਕ ਕਰਵਾਉਂਦੀਆਂ ਆਪਣਾ ਮੋਬਾਈਲ ਨੰਬਰ ਵੀ ਦੇ ਜਾਂਦੀਆਂ ਤੇ ਫਿਰ ਸਵੇਰੇ ਵੱਟਸਐਪ 'ਤੇ ਗੁੱਡ ਮਾਰਨਿੰਗ ਵਾਲਾ ਫੁੱਲ ਭੇਜ ਰੂਹ ਵੀ ਤਾਜ਼ੀ ਕਰ ਦੇਂਦੀਆਂ।

ਹਾਇ!! ਬੰਦਾ ਧਰਤੀ 'ਤੇ ਇਕੱਲਾ ਕੰਮ ਕਰਨ ਤੇ ਕੁਰਸੀਆਂ ਤੇ ਟੰਗੇ ਰਹਿਣ ਨੂੰ ਹੀ ਤਾਂ ਨਹੀਂ ਆਉਂਦਾ। ਔਰਤਾਂ ਦਾ ਸਾਥ ਮਾਨਣ ਲਈ ਵੀ ਆਉਂਦਾ।

ਅਚਾਨਕ ਲਾਗੇ ਪਏ ਮੋਬਾਈਲ ਦੀ ਰਿੰਗ ਖੜਕੀ।

"ਹੈਲੋ... ਹੈਲੋ... ਹਾਂ ਜੀ ਡਾਕਟਰ ਮੁਲਤਾਨੀ ਸਾਹਬ... ਕੀ ਹਾਲ ਏ?"

"ਕੋਈ ਹਾਲ ਨਹੀਂ ਗੁਰਮੇਲ ਸਿਆਂ... ਬੱਸ ਘਰੇ ਬੈਠਾ ਹੋਇਆ... ਵਿਹਲਾ...।"

"ਕਿਉਂ ਸਕੈਨਿੰਗ ਸੈਂਟਰ ਨਹੀਂ ਜਾਂਦਾ...।"

"ਨਾ ਨਾ... ਰੱਬ ਰੱਬ ਕਰ... ਮੈਂ ਤਾਂ ਉੱਦਣ ਦਾ ਹੀ ਸੈਂਟਰ ਬੰਦ ਕੀਤਾ ਹੋਇਆ... ਜਿਸ ਦਿਨ ਦਾ ਲੌਕ ਡਾਉਨ ਹੋਇਆ।"

"ਹੱਛਾ!!... ਮੈਂ ਤਾਂ ਮੁਲਤਾਨੀ ਸਾਹਬ ਹਸਪਤਾਲ ਖੋਲ੍ਹ ਕੇ ਡਟਿਆ ਹੋਇਆ...।"

"ਯਾਰ... ਬੜਾ ਰਿਸਕ ਲੈ ਰਿਹਾ... ਤੂੰ ਚਾਰ ਦਿਨ ਜੀਣਾ ਕਿ ਨਹੀਂ... ਇਵੇਂ ਤਾਂ ਮੈਨੂੰ ਲੱਗਦਾ ਤੂੰ ਕਰੋਨਾ ਦਾ ਪ੍ਰਸ਼ਾਦ ਲੈ ਕੇ ਹੀ ਹਟੇਂਗਾ... ਉਏ ਹੁਣ ਤਾਂ ਕਿਸੇ ਨੇ ਮੋਏ ਦੀ ਮਕਾਣੇ ਵੀ ਨਹੀਂ ਜਾਣਾ।"

"ਯਾਰ ਸੱਚੀ ਗੱਲ ਤਾਂ ਇਹ ਐ... ਕੰਮ ਕਰਨ ਦਾ ਮਜ਼ਾ ਤਾਂ ਨਹੀਂ ਆ ਰਿਹਾ... ਪਰ ਕੀ ਕਰਾਂ... ਕਿੱਧਰ ਜਾਵਾਂ...।"

"ਉਏ ਤੈਨੂੰ ਲੋਕਾਂ ਦੀ ਸੇਵਾ ਕਰਨ ਦੀ ਬਹੁਤੀ ਹੀ ਅੱਗ ਲੱਗੀ ਹੋਈ ... ਰਮਾਨ ਨਾਲ ਘਰੇ ਨਹੀਂ ਬਹਿ ਹੁੰਦਾ... ਤੈਨੂੰ ਰੁਪਈਏ ਆਉਂਦੇ ਦਾ ਸੁਆਦ ਪਿਆ ਹੋਇਆ... ਡਾ. ਗੁਰਮੇਲ ਸਿਆਂ ਏਨੇ ਸਾਲ ਕਮਾ ਕੇ ਰੱਜਿਆ ਨਹੀਂ... ਜੇ ਜਾਨ ਹੈ ਤਾਂ ਜਹਾਨ ਹੈ... ਮਰਿਆ ਨੂੰ ਕਿਹਨੇ ਬਾਅਦ 'ਚ ਆਵਾਜ਼ਾਂ ਮਾਰਨੀਆਂ... ਉਏ ਕਰੋਨਾ ਤਾਂ ਏਨਾ ਢੀਠ ਵਾਇਰਸ ਏ... ਜੇ ਇਹਦੀ ਇਨਫ਼ੈਕਸ਼ਨ ਹੋ ਗਈ ਤਾਂ ਫੇਰ ਨਹੀਂ ਕੋਈ ਉੱਠ ਸਕਦਾ... ਨਾ ਸਾਡੇ ਕੋਲ ਏਨੇ ਵੈਂਟੀਲੇਟਰ... ਨਾ ਕੋਈ ਖਾਸ ਪ੍ਰਬੰਧ... ਸਰਕਾਰੀ ਹਸਪਤਾਲਾਂ ਦਾ ਹਾਲ ਤਾਂ ਤੈਨੂੰ ਪਤਾ ਹੀ ਏ... ਪ੍ਰਾਈਵੇਟ ਹਸਪਤਾਲ ਕਲੀਨਿਕਾਂ ਵਾਲੇ ਤਾਂ ਬਹੁਤੇ ਬੰਦ ਕਰਕੇ ਘਰਾਂ 'ਚ ਦੜੇ ਹੋਏ... ਜੇ ਇੱਥੇ ਕਰੋਨਾ ਦਾ ਕਹਿਰ ਵਧ ਗਿਆ ਤਾਂ ਸੰਭਾਲ ਨਹੀਓਂ ਹੋਣਾ... ਉਏ ਜੇ ਇਟਲੀ ਵਰਗਾ ਦੇਸ਼ ਜਿਹੜਾ ਆਪਣੇ ਆਪ ਨੂੰ ਸਹੂਲਤਾਂ 'ਚ ਨੰਬਰ ਟੂ ਤੇ ਮੰਨਦਾ ਸੀ... ਉਹਨਾਂ ਨੂੰ ਕਰੋਨੇ ਨੇ ਮੂਧੇ ਮੂੰਹ ਜਾ ਸੁੱਟਿਆ... ਹਜ਼ਾਰਾਂ ਬੰਦੇ ਮਰ ਗਏ... ਹੁਣ ਅਮਰੀਕਾ 'ਚ ਮਰੀ ਪਏ ਜਾਂਦੇ ਨੇ... ਰੋਜ਼ ਸੱਤ ਅੱਠ ਸੌਅ ਬੰਦਾ

ਮਰਦਾ ਪਿਆ... ਸਾਰੀ ਦੁਨੀਆਂ 'ਚ ਤਾਂ ਹਾ ਹਾ ਕਾਰ ਮੱਚੀ ਹੋਈ... ਫਿਰ ਤੈਨੂੰ ਅਕਲ ਕਿੱਦਣ ਆਉ... ਤੂੰ ਵੱਡਾ 'ਡਰੰਪ' ਬਣਿਆ ਬੈਠੈ...।"

"ਪਰ ਮੁਲਤਾਨੀ ਸਾਹਬ ਆਪਣੇ ਤਾਂ ਦੇਸ਼ 'ਚ ਅਜੇ ਬਚਾ ਹੀ ਲੱਗਦਾ ਹੈ, ਆਸ ਏ ਇਹਨਾਂ ਇੱਕੀ ਦਿਨਾਂ ਦੇ ਬੰਦ ਨਾਲ ਕਰੋਨਾ ਦੇ ਕਹਿਰ ਤੋਂ ਕੋਈ ਰੋਕ ਥਾਮ ਲੱਗ ਜੂ...।"

"ਓਏ ਗੁਰਮੇਲ ਤੂੰ ਰੁਕਣ ਦੀ ਗੱਲ ਕਰਦੈਂ... ਰੁਕਣਾ ਸਵਾਹ ਹੈ... ਇਹ ਬੀਮਾਰੀ ਤਾਂ ਸਗੋਂ ਹੋਰ ਵਧ ਜਾਣੀ... ਇਹ ਵਾਇਰਸ ਗਰਮੀ ਨਾਲ ਮਰਦਾ... ਗਰਮੀ ਤਾਂ ਅਜੇ ਪੂਰੀ ਪੈ ਹੀ ਨਹੀਂ ਰਹੀ... ਰੋਜ਼ ਬੱਦਲਵਾਈ ਤੇ ਮੀਂਹ ਜਾਨ ਨਹੀਂ ਛੱਡਦਾ... ਮੈਂ ਐਵੇਂ ਨਹੀਂ ਬੰਦ ਕਰਕੇ ਬੈਠਾ ਹੋਇਆ... ਪੈਸੇ ਆਉਂਦੇ ਕਿਸਨੂੰ ਮਾੜੇ ਲੱਗਦੇ। ਅਜੇ ਤਾਂ ਢੱਕੀ ਰਿੱਝ ਰਹੀ... ਬਚ ਜਾ ਚੰਗਾ ਰਹੇਂਗਾ।"

ਡਰ ਤਾਂ ਅੱਗੇ ਹੀ ਨਹੀਂ ਸੀ ਘਟਣ ਡਿਹਾ। ਡਾ. ਮੁਲਤਾਨੀ ਦੇ ਫ਼ੋਨ ਨੇ ਤਾਂ ਉਸਨੂੰ ਹੋਰ ਟੈਨਸਨ ਦੇ ਦਿੱਤੀ ਸੀ। ਉਹ ਤਾਂ ਕੁਰਸੀ 'ਤੇ ਬੈਠਾ ਹੀ ਤੜਫਣ ਲੱਗ ਪਿਆ। ਅਚਵੀ ਜਿਹੀ ਲੱਗ ਗਈ। ਹੁਣ ਕੀ ਬਣੂ। ਉਹਦਾ ਜੀਅ ਕਰਦਾ ਸਭ ਕੁਝ ਛੱਡ ਕੇ ਕਿਤੇ ਭੱਜ ਜਾਵੇ। ਜਿਵੇਂ ਉਸਨੂੰ ਮੌਤ ਸਾਮ੍ਹਣੇ ਖੜੀ ਦੰਦੀਆਂ ਝੁਕਾਉਂਦੀ ਸਾਫ਼ ਦਿਸਣ ਲੱਗ ਪਈ ਹੋਵੇ।

ਪਰ ਭੱਜ ਕੇ ਬਾਹਰ ਕਿੱਥੇ ਜਾਵੇ। ਬਾਹਰ ਤਾਂ ਅੱਗੇ ਹੀ ਥਾਂ ਥਾਂ ਪੁਲੀਸ ਨੇ ਨਾਕੇ ਲਾਏ ਹੋਏ। ਡੰਡੇ ਫੜੇ ਹੋਏ। ਨਾਲੇ ਚਿੱਤੜ ਕੁੱਟਦੇ। ਨਾਲੇ ਕਹਿੰਦੇ ਤੂੰ ਬਾਹਰ ਕੀ ਲੈਣ ਆਇਆ? ਤੇਰੇ ਕੋਲੋਂ ਘਰੇ ਰਮਾਨ ਨਾਲ ਬਹਿ ਨਹੀਂ ਹੁੰਦਾ।

ਉਹਦੇ ਦਿਲ ਦੀ ਧੜਕਣ ਹੋਰ ਤੇਜ਼ ਹੋ ਗਈ। ਕੋਈ ਸਮਝ ਨਹੀਂ ਆ ਰਹੀ। ਉਹ ਕੀ ਕਰੇ। ਜਿਵੇਂ ਉਹਦੀ ਸੋਚ ਨੂੰ ਵੀ ਕਰੋਨਾ ਹੋ ਗਿਆ ਹੋਵੇ।

ਹੁਣ ਕੀ ਬਣੂ? ਪਰ ਮਰੀਜ਼ ਤਾਂ ਆਈ ਹੀ ਜਾ ਰਹੇ। ਕੁਰਸੀ ਤੋਂ ਉੱਠ ਪਵਾਂ। ਦੌੜ ਜਾਵਾਂ। ਹਸਪਤਾਲ ਨੂੰ ਜੰਦਰਾ ਮਾਰਾਂ ਤੇ ਘਰੇ ਹੀ ਬਾਕੀ ਦਿਨਾਂ ਲਈ ਭੋਰੇ 'ਚ ਵੜ ਜਾਵਾਂ। ਜਿਵੇਂ ਨਿੱਕਾ ਨਿਆਣਾ ਜੰਮਣ ਤੋਂ ਬਾਅਦ ਜ਼ਨਾਨੀ ਸ਼ਿਲੇ 'ਚ ਦਿਨ ਕੱਟਦੀ। ਜਦੋਂ ਠੰਢ-ਠੰਢੀਰ ਹੋ ਗਈ ਉਦੋਂ ਬਾਹਰ ਨਿਕਲਾਂਗਾ।

ਡਾ. ਗੁਰਮੇਲ ਬੈਠਾ ਕੈਮਰਿਆਂ 'ਚੋਂ ਸਾਰੇ ਹਸਪਤਾਲ ਵੱਲ ਝਾਤੀ ਮਾਰਦੈ। ਚੌਵੀਂ ਸਾਲਾਂ ਦੀ ਮਿਹਨਤ ਨਾਲ ਖੜਾ ਕੀਤਾ ਉਹਦਾ ਅਪਣਾ ਨਿੱਕਾ ਜਿਹਾ ਸਾਮਰਾਜ। ਉਹਦੇ ਸੁਪਨਿਆਂ ਦਾ ਮਹਿਲ। ਪਰ ਉਸਨੂੰ ਹੁਣ ਅੱਖਾਂ ਅੱਗੇ ਆ ਗਈ ਧੁੰਦ ਵਾਂਗੂੰ ਧੁੰਦਲਾ ਧੁੰਦਲਾ ਜਿਹਾ ਹੋ ਗਿਆ ਜਾਪਦਾ। ਜਿਵੇਂ ਉਹ ਕਬਰਸਤਾਨ 'ਚ ਬੈਠਾ ਹੋਵੇ।

"ਡਾਕਟਰ ਸਾਹਬ ਕਿੱਥੇ ਗੁਆਚ ਗਏ... ਨੀਂਦ ਆ ਗਈ... ਥੱਕ ਗਏ ਜਾਪਦੇ ਹੋ।" ਅਚਨਚੇਤ ਅੰਦਰ ਆਏ ਕਿਸੇ ਵਾਕਫ਼ ਨੇ ਉਹਦੀ ਬਿਰਤੀ ਤੋੜ ਦਿੱਤੀ।

"ਆਓ... ਆਓ ਬੈਠੋ।"

"ਡਾ. ਸਾਹਿਬ ਇਹ ਕਦੋਂ ਮੁੱਕੇਗਾ ਖੱਪਖਾਨਾ।"

"ਰੱਬ ਹੀ ਜਾਣੇ ਭਰਾਵਾ।"

"ਡਾਕਟਰ ਸਾਹਿਬ ਆਪਾਂ ਬਚ ਵੀ ਜਾਵਾਂਗੇ ਕਿ ਇਵੇਂ ਹੀ ਜਿਉਣ ਲਈ ਤਰਸਦੇ ਹੀ ਮਰਦੇ, ਮਰ ਜਾਵਾਂਗੇ... ਹੁਣ ਤਾਂ ਜੀਣਾ ਮੁਹਾਲ ਹੋਇਆ ਪਿਆ... ਅੱਗੇ ਕੰਮਾਂ ਤੋਂ ਵਿਹਲ ਨਹੀਂ ਸੀ ਮਿਲਦੀ... ਹੁਣ ਘਰੇ ਮੰਜਿਆਂ 'ਤੇ ਪਏ ਅੱਕ ਗਏ ਆ... ਡਰ ਉਵੇਂ ਚਲੂਣਿਆਂ ਵਾਂਗੂੰ ਲੜਦਾ ਰਹਿੰਦੈ।"

"ਕੀ ਕਰਨਾ ਫਿਰ... ਹੁਣ ਤਾਂ ਸੰਗਾਰਾ ਸਿੰਆ.. ਸਮਝ ਨਹੀਂ ਲੱਗਦੀ, ਇਹ ਆਫ਼ਤ ਕਿੱਥੋਂ ਉੱਤਰ ਆਈ। ਦਿਲ ਡਰਦਾ ਰਹਿੰਦਾ।"

"ਪਰ ਡਾ. ਸਾਹਿਬ ਤੁਸੀਂ ਸਾਹਣ ਬੰਦੇ ਹੋ... ਜਿਹਨਾਂ ਕਰਕੇ ਆਪਣਾ ਇਲਾਕਾ ਬਚਿਆ ਹੋਇਆ... ਤੁਸੀਂ ਔਖੇ ਵੇਲੇ ਲੋਕਾਂ ਦੀ ਸੇਵਾ ਕਰ ਰਹੇ ਹੋ।"



ਸੁਣਦਿਆਂ ਅੱਗੋਂ ਗੁਰਮੇਲ ਸਿੰਘ ਮੁਸਕਰਾਅ ਪਿਆ। ਜਿਵੇਂ ਉਹਦੀ ਕੁਝ ਥਕਾਵਟ ਜਿਹੀ ਲਹਿ ਗਈ ਹੋਵੇ। ਪਰ ਉਹ ਇਹ ਵੀ ਸੋਚਦਾ ਜੇ ਜਿਉਂਦੇ ਰਹੇ ਤਾਂ ਹੀ ਇਹਨਾਂ ਸਿਫ਼ਤਾਂ ਦਾ ਫਾਇਦਾ ਹੋਊ। ਜੇ ਮਹਾਂਮਾਰੀ ਦੀ ਲਪੇਟ 'ਚ ਆ ਗਿਆ ਤਾਂ ਇਹੋ ਜਿਹਿਆਂ ਮੇਰੇ ਸੰਸਕਾਰ 'ਤੇ ਵੀ ਕਿਸੇ ਨਹੀਂ ਆਉਣਾ। ਇਹੋ ਜਿਹੀ ਸ਼ੱਕੀ ਬੀਮਾਰੀ ਤੋਂ ਮਰੇ ਦੀ ਕੁੱਤੇ ਜਿੰਨੀ ਵੀ ਕਦਰ ਨਹੀਂ ਹੋਣੀ। ਹੁਣ ਤਾਂ ਮਰੇ ਦਾ ਸੰਸਕਾਰ ਵੀ ਸਰਕਾਰੀ ਮਹਿਕਮੇ ਦੇ ਚਾਰ ਬੰਦੇ ਹੀ ਕਰਦੇ। ਕਿਸੇ ਆਪਣੇ ਨੇ ਵੀ ਲਾਗੇ ਨਹੀਂ ਢੁਕਣਾ। ਨਾ ਕਿਸੇ ਬਾਅਦ 'ਚ ਭੋਗ ਉੱਤੇ ਹੁੱਭ ਹੁੱਭ ਸ਼ਰਧਾਂਜਲੀਆਂ ਹੀ ਦੇਣੀਆਂ।

ਉਹ ਸੋਚਦਾ ਡਾ. ਮੁਲਤਾਨੀ ਠੀਕ ਹੀ ਤਾਂ ਕਹਿੰਦਾ ਮੈਨੂੰ ਏਸ ਗੱਲ ਤੇ ਝੱਟਪਟ ਗੌਰ ਕਰਨਾ ਚਾਹੀਦਾ। ਕਿਤੇ ਦੇਰ ਹੋ ਜਾਵੇ ਤੇ ਇਧਰ ਉਹਦੇ ਵਰਗੇ ਅਖੌਤੀ ਸਾਹਣ ਦਾ ਗੁੱਗਾ ਪੂਜਿਆ ਜਾਵੇ।

ਰਾਤ ਦੇ ਨੌਂਅ ਵੱਜ ਗਏ। ਹੁਣ ਕਿਤੇ ਮਰੀਜ਼ਾਂ ਤੋਂ ਵਿਹਲ ਹੋਈ ਏ। ਸਟਾਫ਼ ਨੂੰ ਹਸਪਤਾਲ ਸੌਂਪ ਕੇ ਉਹ ਘਰੇ ਆ ਗਿਆ। ਰੋਟੀ ਦੀ ਤਿਆਰੀ ਹੋ ਰਹੀ। ਬਾਥਰੂਮ 'ਚ ਆ ਵੜਿਆ। ਕੱਪੜੇ ਲਾਹ ਕੇ ਬਾਲਟੀ 'ਚ ਵਗਾਹ ਕੇ ਮਾਰੇ। ਜਿਵੇਂ ਉਹ ਕਰੋਨਾ ਵਾਇਰਸਾਂ ਨਾਲ ਭਰੇ ਪਏ ਹੋਣ। ਗਰਮ ਪਾਣੀ ਦਾ ਫੁਹਾਰਾ ਛੱਡ ਕੇ ਸਾਬਣ ਨਾਲ ਮਲ ਮਲ ਨਹਾ ਰਿਹਾ। ਪਰ ਉਸਨੂੰ ਜਾਪਦਾ ਜਿਵੇਂ ਸਰੀਰ ਨਾਲ ਚੰਬੜੇ ਹਜ਼ਾਰਾਂ ਵਾਇਰਸ ਅਜੇ ਵੀ ਚੰਬੜੇ ਪਏ। ਲਹਿ ਹੀ ਨਾ ਰਹੇ ਹੋਣ। ਉਹ ਕਾਹਲੀ ਕਾਹਲੀ ਮਲਦਾ ਸਰੀਰ ਖੁਰਚਦੈ। ਜਿਵੇਂ ਸਰੀਰ ਤੋਂ ਕੁਝ ਲਾਹ ਲਾਹ ਸੁੱਟ ਰਿਹਾ ਹੋਵੇ। ਪਰ ਵਾਇਰਸ ਤਾਂ ਜਿਵੇਂ ਵਧਦੇ ਹੀ ਜਾ ਰਹੇ ਹੋਣ। ਨਹਾ ਕੇ ਤੌਲੀਏ ਨਾਲ ਸਾਰੇ ਸਰੀਰ ਨੂੰ ਘੁੱਟ ਘੁੱਟ ਕੇ ਪੂੰਝਦੈ। ਜਿਵੇਂ ਸਰੀਰ 'ਤੇ ਚੜ੍ਹ ਆਈਆ ਬੇਸ਼ੁਮਾਰ ਕੀੜੀਆਂ ਮਾਰ ਮਾਰ ਹੇਠਾਂ ਸੁੱਟੀ ਜਾ ਰਿਹਾ ਹੋਵੇ। ਉਹ ਇਵੇਂ ਕਿੰਨਾ ਚਿਰ ਵਾਸ਼ਰੂਮ 'ਚ ਗੁਥਮ ਗੁੱਥਾ ਹੋਈ ਜਾ ਰਿਹਾ।

ਰਾਤ ਕਿੰਨੀ ਲੰਘ ਗਈ। ਪਰ ਗੁਰਮੇਲ ਨੂੰ ਨੀਂਦ ਹੀ ਨਹੀਂ ਆ ਰਹੀ। ਲਾਗੇ ਨਿਆਣੇ ਤੇ ਘਰਵਾਲੀ ਵੀ ਪਾਸੇ ਮਾਰ ਰਹੀ। ਕਮਰੇ 'ਚ ਹਨੇਰ ਘੁੱਪ। ਬਸ ਕਰੋਨਾ ਦੇ ਕੀੜੇ ਹੀ ਉਹਦੇ ਦਿਲੋ ਦਿਮਾਗ 'ਤੇ ਛਾਏ ਹੋਏ। ਜੋ ਉਸਨੂੰ ਘੋਰ ਉਦਾਸੀ ਵੱਲ ਲਈ ਜਾ ਰਹੇ। ਦਿਲ ਨੂੰ ਕਾਹਲ ਪੈਣ ਲਗ ਪਈ। ਲਾਈਟ ਔਨ ਕੀਤੀ। ਗਲਾਸ 'ਚੋਂ ਪਾਣੀ ਪੀਤਾ। ਕਿਤਾਬ ਲੈ ਕੇ ਪੜ੍ਹਨ ਦੀ ਕੋਸ਼ਿਸ਼ ਕਰਨ ਲੱਗਦੈ। ਪਰ ਮਨ ਟਿਕ ਹੀ ਨਹੀਂ ਰਿਹਾ। ਸ਼ਬਦਾਂ 'ਚੋਂ ਰਸ ਹੀ ਨਹੀਂ ਆ ਰਿਹਾ। ਕਾਲੇ ਅੱਖਰ ਵੀ ਵਾਇਰਸ ਬਣੇ ਜਾਪਦੇ। ਜਿਹੜੇ ਹੁਣ ਉਹਦੀਆਂ ਅੱਖਾਂ 'ਚ ਰੜਕਣ ਲੱਗੇ ਨੇ। ਅੱਖਾਂ ਵਾਰ ਵਾਰ ਝਮਕਦਾ। ਫਿਰ ਐਨਕ ਲਾਹ ਕੇ ਦੋਹਾਂ ਤਲੀਆਂ ਨਾਲ ਮਲ੍ਹਣ ਲੱਗਦੈ।

ਸਵੇਰੇ ਉੱਠਦੈ। ਪਤਾ ਨਹੀਂ ਉਹ ਸੁੱਤਾ ਵੀ ਕਿ ਨਹੀਂ। ਕੰਬਲ ਅਜੇ ਵੀ ਦੁਆਲੇ ਲੁਪੇਟਿਆ ਹੋਇਆ। ਉੱਠਣ ਨੂੰ ਦਿਲ ਹੀ ਨਹੀਂ ਕਰ ਰਿਹਾ। ਉਵੇਂ ਹੀ ਢੋਹ ਲਾਈ ਸਿੱਧੀ ਪੱਧਰੀ ਕੰਕਰੀਟ ਦੀ ਛੱਤ ਵੱਲ ਦੇਖੀ ਜਾ ਰਿਹਾ। ਉੱਥੇ ਕੁਝ ਵੀ ਨਹੀਂ। ਪਰ ਉਹਦੀ ਟਿਕਟਿਕੀ ਲੱਗੀ ਹੋਈ। ਹਜ਼ਾਰਾਂ ਲੱਖਾਂ ਕਿਸਮਾਂ ਦੇ ਜੀਵਾਣੂ ਛੱਤ 'ਤੇ ਰੀਂਘਦੇ ਦਿਖਾਈ ਦੇ ਰਹੇ। ਜੋ ਉਸਨੂੰ ਅੰਦਰੋਂ ਅੰਦਰੀਂ ਕੁਤਰੀ ਜਾ ਰਹੇ। ਜਿਵੇਂ ਉਹਦੀ ਹੌਲੀ ਹੌਲੀ ਟੁਕੜਿਆਂ 'ਚ ਮੌਤ ਹੋ ਰਹੀ ਹੋਵੇ।

ਸਵੇਰ ਦੀਆਂ ਤਾਜ਼ੀਆਂ ਅਖ਼ਬਾਰਾਂ ਉਸ ਅੱਗੇ ਘਰਵਾਲੀ ਨੇ ਲਿਆ ਧਰੀਆ। ਉਹ ਅਣਮੰਨਿਆ ਜਿਹਾ ਝਾਤੀ ਮਾਰਦੈ। ਸਭ ਪਾਸੇ ਹੀ ਕਰੋਨਾ ਵਾਇਰਸ ਦੀ ਦਹਿਸ਼ਤ ਨਾਲ ਭਰੀਆਂ ਹੋਈਆਂ ਸੁਰਖੀਆਂ। ਇਹੋ ਜਿਹੀਆਂ ਖ਼ਬਰਾਂ ਨੇ ਤਾਂ ਕਈ ਦਿਨ ਹੋ ਗਏ ਦਹਿਸ਼ਤ ਫੈਲਾਅ ਰੱਖੀ ਹੋਈ। ਜਿਹਨਾਂ ਡਰਾ ਡਰਾ ਢਿੱਡਾਂ 'ਚ ਪੀੜ ਪਾਈ ਹੋਈ।

ਬਸ ਉਸਨੇ ਮਨ 'ਚ ਫ਼ੈਸਲਾ ਕਰ ਲਿਆ ਸੀ ਅੱਜ ਹਸਪਤਾਲ ਨਹੀਂ ਜਾਵੇਗਾ। ਬੰਦ ਕਰ ਦੇਵੇਗਾ। ਮਰੀਜ਼ ਜਾਣ ਢੱਠੇ ਖੂਹ 'ਚ।

ਬੁਰਸ਼ ਕਰਕੇ ਚਾਹ ਪੀਣ ਡਹਿ ਪਿਆ। ਮੋਬਾਈਲ ਦੀ ਰਿੰਗ ਹੋਈ। ਕਿਸੇ ਮਰੀਜ਼ ਦਾ ਫ਼ੋਨ ਏ। ਉਸਨੂੰ ਪਹਿਲਾਂ ਹੀ ਪਤਾ ਸੀ ਹੋਰ ਕਿਹਦਾ ਹੋਣਾ? ਡਾਕਟਰ ਸਾਹਬ ਹਸਪਤਾਲ ਖੁੱਲ੍ਹੈ? ਦਵਾਈ ਲੈਣੀ ਏ। 'ਨਹੀਂ

ਬੰਦ ਏ। ਹੁਣ ਜੇ ਖੁੱਲ੍ਹੂ ਤਾਂ ਕਰਫਿਊ ਤੋਂ ਬਾਅਦ।' ਇਵੇਂ ਕਹਿ ਦੇਣਾ। ਉਸਨੇ ਜੁਆਬ ਦੇਣ ਲਈ ਆਪਣੇ ਆਪ 'ਤੇ ਪੂਰਾ ਜ਼ੋਰ ਪਾਇਆ। ਪਰ ਕਹਿ ਹੀ ਨਹੀਂ ਹੋਇਆ। ਉਸਦੀ ਜੀਭ ਠਾਕੀ ਗਈ।

ਇਹ ਲੋਕ ਕਿੰਨੇ ਸਾਲਾਂ ਤੋਂ ਉਸਤੋਂ ਦਵਾਈ ਲੈਂਦੇ ਨੇ। ਮੇਰੇ 'ਤੇ ਰੱਬ ਜਿਹਾ ਵਿਸ਼ਵਾਸ ਕਰਦੇ। ਜਦੋਂ ਇਹ ਆ ਕੇ ਕਹਿੰਦੇ ਡਾਕਟਰ ਸਾਹਬ ਤੁਹਾਡੇ ਤਾਂ ਦਰਸ਼ਨ ਕਰਕੇ ਹੀ ਠੀਕ ਹੋ ਜਾਈਦੈ। ਸਾਡਾ ਬੱਚਾ ਤੁਹਾਡੇ ਹਸਪਤਾਲ ਆ ਜਾਵੇ ਤਾਂ ਬੁਖ਼ਾਰ ਟੁੱਟ ਜਾਂਦੈ। ਕਈ ਕਹਿਣਗੇ ਬਥੇਰੇ ਡਾਕਟਰਾਂ ਤੋਂ ਦਵਾਈ ਲਈ, ਕੋਈ ਫ਼ਰਕ ਨਹੀਂ ਪੈਣ ਡਿਹਾ। ਤੁਹਾਡੇ ਕੋਲ ਆਉਂਦਿਆਂ ਹੀ ਦੇਖੋ ਨੌਂਅ ਬਰ ਨੌਂਅ ਹੋ ਗਿਐ। ਡਾਕਟਰ ਸਾਹਬ ਤੁਸੀਂ ਤਾਂ ਰੱਬ ਹੋ ਸਾਡੇ। ਤੁਸੀਂ ਨਾ ਕਿਤੇ ਜਾਇਆ ਕਰੋ। ਜੇ ਤੁਸੀਂ ਨਾ ਇੱਥੇ ਹੋਵੋ, ਅਸੀਂ ਤਾਂ ਉੱਜੜ ਹੀ ਜਾਈਏ। ਕਿਸੇ ਹੋਰ ਡਾਕਟਰ ਦੀ ਦਵਾਈ ਲੱਗਦੀ ਹੀ ਨਹੀਂ। ਤੁਸੀਂ ਹੀ ਇੱਕ ਡਾਕਟਰ ਹੋ ਜਿਹਨਾਂ ਕਰਕੇ ਇਲਾਕਾ ਬਚਿਆ ਹੋਇਆ। ਲੋਕ ਤਾਂ ਜੀ ਘਰ ਘਰ ਤੁਹਾਡੀਆਂ ਬਾਤਾਂ ਪਾਉਂਦੇ ਨੇ।

ਉਹ ਸੋਚਦਾ ਲੋਕਾਂ ਨੇ ਤਾਂ ਮੈਨੂੰ ਰੱਬ ਦਾ ਦਰਜ਼ਾ ਦਿੱਤਾ ਹੋਇਆ। ਰੱਬ ਵੀ ਕਦੀ ਮਰਦੈ। ਰੱਬ ਨਹੀਂ ਮਰਦਾ ਹੁੰਦਾ। ਜਿਸਨੂੰ ਹਜ਼ਾਰਾਂ ਲੋਕਾਂ ਦੀਆਂ ਦੁਆਵਾਂ ਚੁੱਕੀ ਫਿਰਦੀਆਂ ਹੋਣ। ਉਸਨੂੰ ਵਾਇਰਸ ਦੀ ਦਹਿਸ਼ਤ ਦਾ ਕਾਹਦਾ ਡਰ। ਆਖਰ ਔਖੇ ਵੇਲੇ ਹੀ ਯੋਧੇ ਮੈਦਾਨ 'ਚ ਨਿੱਤਰਦੇ। ਮਾੜੇ ਤਾਂ ਸਿਰਾਂ ਤੇ ਪੈਰ ਰੱਖਕੇ ਭੱਜ ਜਾਂਦੇ ਹੁੰਦੇ। ਮਰਨਾ ਤਾਂ ਆਖਰ ਇੱਕ ਦਿਨ ਹਰੇਕ ਨੇ ਹੀ। ਜੇ ਇਵੇਂ ਡਰਦੇ ਰਹੇ ਤਾਂ ਆਹ ਆਉਂਦੇ ਲੋਕਾਂ ਦਾ ਤਾਂ ਮੈਂ ਜੀਂਦੇ ਜੀਅ ਕਾਤਲ ਬਣ ਜਾਵਾਂਗਾ। ਇਹ ਪਾਪ ਮੈਨੂੰ ਤਾਂ ਉਵੇਂ ਹੀ ਸਾਰੀ ਉਮਰ ਜਿਉਣ ਨਹੀਂ ਦੇਵੇਗਾ। ਜਿਹੜੇ ਡਾਕਟਰ ਇਸ ਮੁਸੀਬਤ ਵੇਲੇ ਮੌਤੋਂ ਡਰਦੇ ਬਾਗੀ ਹੋ ਗਏ ਨੇ, ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਨੂੰ ਜੀਣ ਨਹੀਂ ਦੇਣਗੀਆਂ। ਲੋਕ ਕਹਿਣਗੇ ਇਹ ਉਸ ਵੇਲੇ ਦੇ ਭਗੌੜੇ ਡਾਕਟਰ ਨੇ। ਜਿਹਨਾਂ ਬੀਮਾਰਾਂ ਦੀ ਬਾਂਹ ਨਹੀਂ ਫੜੀ।

ਫ਼ੌਜੀ ਵੀ ਤਾਂ ਵਰ੍ਹਦੇ ਗੋਲਿਆਂ 'ਚ ਜੰਗ ਨੂੰ ਜਾਂਦੇ। ਉਹ ਤਾਂ ਨਹੀਂ ਡਰਦੇ ਭੱਜ ਆਉਂਦੇ। ਸਰਹੱਦਾਂ 'ਤੇ ਖੜ੍ਹੇ ਫ਼ੌਜੀਆਂ ਦੀ ਬਦੌਲਤ ਲੱਖਾਂ ਕਰੋੜਾਂ ਲੋਕ ਬਚ ਜਾਂਦੇ। ਭਾਵੇਂ ਫ਼ੌਜੀ ਦੀ ਫੋਟੋ ਫ਼ਰੇਮ 'ਚ ਪੈ ਕੇ ਕੰਧ 'ਤੇ ਸੱਜ ਜਾਂਦੀ। ਭਾਈ ਘਨਈਆ ਨਹੀਂ ਸੀ ਜੰਗ ਦੇ ਮੈਦਾਨ 'ਚ ਜ਼ਖ਼ਮੀਆਂ ਨੂੰ ਪੱਟੀਆਂ ਕਰਦਾ ਤੇ ਪਾਣੀ ਪਿਆਉਂਦਾ। ਉਹ ਵੀ ਤਾਂ ਕਿਸੇ ਦਾ ਪੁੱਤ ਸੀ। ਐਵੇਂ ਨਹੀਂ ਉਹਦਾ ਨਾਂ ਸਦੀਆਂ ਤੋਂ ਜਿੰਦਾ। ਹੋਰਨਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਯੋਧੇ ਤਾਂ ਆਖਰ ਬਣਨਾ ਹੀ ਪੈਂਦਾ। ਕੁਰਬਾਨੀ ਤਾਂ ਦੇਣੀ ਹੀ ਪੈਂਦੀ।

ਇਹ ਕੁਝ ਸੋਚਕੇ ਉਹਦਾ ਦਿਲ ਕੁਝ ਸਮੇਂ ਲਈ ਟਿਕਾਅ 'ਚ ਜ਼ਰੂਰ ਆ ਗਿਆ। ਪਰ ਕੰਧ 'ਤੇ ਫੋਟੋ ਫ਼ਰੇਮ 'ਚ ਲੱਗੀ ਆਪਣੀ ਫੁੱਲਾਂ ਵਾਲੀ ਤਸਵੀਰ ਬਾਰੇ ਸੋਚ ਕੇ, ਉਹ ਫਿਰ ਇੱਕ ਵਾਰੀ ਹਿੱਲ ਗਿਆ। ਬਸ ਇਹ ਗੱਲ ਨਹੀਂ ਸੀ ਉਸ ਤੋਂ ਬਰਦਾਸ਼ਤ ਹੋ ਰਹੀ। ਉਹ ਦੂਜੇ ਪਾਸੇ ਸੋਚਦਾ, ਜ਼ਿੰਦਗੀ ਜਿਉਣ ਲਈ ਹੁੰਦੀ ਕਿ ਜੀਂਦੇ ਜੀਅ ਫ਼ਰੇਮ 'ਚ ਮਰ ਕੇ ਬੈਠਣ ਦੀ। ਮੇਰੇ ਨਿਆਣੇ ਯਤੀਮ ਹੋ ਜਾਣਗੇ। ਘਰਵਾਲੀ ਵਿਧਵਾ ਬਣੀ ਚਿੱਟੇ ਕੱਪੜਿਆਂ 'ਚ ਤੁਰੀ ਫਿਰੂ। ਇਹੋ ਜਿਹੀ ਮੌਤ ਸਾਲੀ ਕਿਹਨੂੰ ਮੰਜ਼ੂਰ।

ਉਹ ਅੱਜ ਫਿਰ ਹਸਪਤਾਲ ਚਲਾ ਗਿਆ। ਪਰ ਟੀ ਵੀ ਅਖ਼ਬਾਰਾਂ ਦੀਆਂ ਖ਼ਬਰਾਂ ਤਾਂ ਭਿਆਨਕ ਤੋਂ ਭਿਆਨਕ ਹੋਈ ਜਾ ਰਹੀਆਂ। ਬਾਹਰਲੇ ਮੁਲਕਾਂ ਦੇ ਵਿਗਿਆਨੀ ਤੇ ਕਰੋਨਾ ਦੇ ਇਲਾਜ਼ ਕਰ ਰਹੇ ਦੇਸ਼ ਦੇ ਵੱਡੇ ਹਸਪਤਾਲਾਂ ਦੇ ਡਾਕਟਰਾਂ ਦੀਆਂ ਚਿਤਾਵਣੀਆਂ ਵੀ ਨਾਲੋਂ ਨਾਲ ਲੋਕਾਂ ਨੂੰ ਦਹਿਲਾਈ ਜਾ ਰਹੀਆਂ ਮੌਤਾਂ ਦੇ ਅੰਕੜੇ ਵਧਦੇ ਹੀ ਜਾ ਰਹੇ। ਰੁਕਣ ਦਾ ਤਾਂ ਨਾ ਨਹੀਂ ਲੈ ਰਹੇ। ਸਰਕਾਰ ਕਹਿ ਰਹੀ ਆਉਣ ਵਾਲੇ ਮਹੀਨੇ ਭਾਰਤ 'ਚ ਕਰੋਨਾ ਤੋਂ ਪੀੜਤਾਂ ਦੀ ਗਿਣਤੀ ਹੋ ਸਕਦੈ ਵੱਡੀ ਗਿਣਤੀ 'ਚ ਹੋ ਜਾਵੇਗੀ। ਲੌਕ ਡਾਊਨ, ਅਜੇ ਹੋਰ ਕੁਝ ਮਹੀਨੇ ਵਧਾਉਣਾ ਪਵੇਗਾ।

ਉਹ ਮਰੀਜ਼ ਵੀ ਦੇਖੀ ਜਾ ਰਿਹਾ। ਪਰ ਮਰੀਜ਼ ਉਸਨੂੰ ਹੁਣ ਭੂਤਾਂ ਵਰਗੇ ਲੱਗ ਰਹੇ। ਉਸਦੀ ਬਿਰਤੀ ਕਿਤੇ ਹੋਰ ਲੱਗੀ ਹੋਈ। ਮਰੀਜ਼ ਕੁਝ ਪੁੱਛਦੇ। ਉਹ ਕਈ ਵਾਰੀ ਹੋਰ ਜੁਆਬ ਦੇ ਰਿਹਾ ਹੁੰਦਾ।

ਏਨੇ 'ਚ ਮੋਬਾਈਲ 'ਚ ਇਕ ਹੋਰ ਨਵੀਂ ਤਾਜ਼ੀ ਵੀਡੀਓ ਆ ਗਈ। ਝੱਟਪੱਟ ਖੋਲ੍ਹ ਕੇ ਦੇਖਣ ਲੱਗਦੈ।



ਇੱਕ ਅਠਾਈ ਕੁ ਸਾਲਾਂ ਦਾ ਨੌਜਵਾਨ ਡਾਕਟਰ ਬੈੱਡ 'ਤੇ ਪਿਆ ਔਖੇ ਔਖੇ ਸਾਹ ਲੈ ਰਿਹਾ। ਉਸ ਵੀਡੀਓ ਥੱਲੇ ਕੈਪਸ਼ਨ 'ਚ ਲਿਖਿਆ ਹੋਇਆ, ਇਹਦੀ ਅੱਜ ਕਰੋਨਾ ਵਾਇਰਸ ਨਾਲ ਮੌਤ ਹੋ ਗਈ।

ਡਾ. ਗੁਰਮੇਲ ਉਸ ਵੱਲ ਅੱਖਾਂ ਟੱਡੀ ਇੰਜ ਦੇਖ ਰਿਹਾ ਜਿਵੇਂ ਆਪ ਉਹ ਕਰੋਨਾ ਵਾਇਰਸ ਨਾਲ ਮਰ ਰਿਹਾ ਹੋਵੇ। ਕਿੰਨੀ ਭਿਆਨਕ ਮੌਤ ਮਰਿਆ। ਕਿੰਨਾ ਸੋਹਣਾ ਸੁਣੱਖਾ ਡਾਕਟਰ ਸੀ, ਕੂਲਾ ਜਿਹਾ। ਅਜੇ ਤਾਂ ਨਵਾਂ ਨਵਾਂ ਹੀ ਡਾਕਟਰ ਬਣਕੇ ਆਇਆ ਜਾਪਦਾ। ਲੋਕਾਂ ਦਾ ਇਲਾਜ਼ ਕਰਦਿਆਂ ਆਪ ਪੁੱਠਾ ਹੋ ਗਿਆ। ਵਿਆਹਿਆ ਵੀ ਨਹੀਂ ਲੱਗਦਾ। ਹੁਣ ਖ਼ੌਰੇ ਕਿਹੜੇ ਜਹੰਨੁਮ 'ਚ ਪਹੁੰਚ ਗਿਆ। ਇਹ ਬੀਮਾਰੀ ਤਾਂ ਕਿਸੇ ਦੀ ਵੀ ਮਿੱਤ ਨਹੀਂ। ਡਾਕਟਰਾਂ ਨੂੰ ਵੀ ਨਹੀਂ ਬਖਸ਼ਦੀ। ਜਿੰਨੀ ਮਰਜ਼ੀ ਆਪਣੀ ਹਿਫ਼ਾਜਿਤ ਕਰ ਲਵੋ।

ਉਹ ਆਪਣਾ ਅਕਸ ਸ਼ੀਸ਼ੇ 'ਚ ਦੇਖਦਾ। ਉਏ ਗੁਰਮੇਲ ਸਿਆਂ ਤੂੰ ਕਿਹਦਾ ਪਾਣੀਹਾਰ ਏਂ? ਤੈਨੂੰ ਲੱਗਦੈ ਤੇਰੇ ਇਹ ਪ੍ਰਸੰਸਕ ਤੈਨੂੰ ਇਸ ਬੀਮਾਰੀ ਤੋਂ ਬਚਾ ਲੈਣਗੇ। ਇਹ ਤਾਂ ਆਪ ਤੇਰੇ ਤੋਂ ਆਪਣੀ ਜਿੰਦ ਬਚਾਉਣ ਲਈ ਹਾੜੇ ਕੱਢਦੇ। ਤੈਨੂੰ ਕੌਣ ਬਚਾਊ। ਕੌਣ ਡੁੱਬਦੇ ਨੂੰ ਤਿਣਕੇ ਦਾ ਸਹਾਰਾ ਦਿਊ।

ਉਸਦੇ ਦਿਮਾ.ਗ 'ਚ ਟਿੱਕ ਟਿੱਕ ਹੋ ਰਹੀ। ਜਿਵੇਂ ਬੀ. ਪੀ. ਵਧ ਗਿਆ ਹੋਵੇ। ਇੱਕ ਤਕੜਾ ਚੱਕਰ ਵੀ ਆ ਗਿਆ। ਉਸ ਡਿੱਗਦੇ ਡਿੱਗਦੇ ਨੇ ਮਸੀਂ ਆਪਣੇ ਆਪ ਨੂੰ ਸੰਭਾਲਿਆ। ਪਰ ਉਹਦਾ ਡਰ ਤੇ ਘਬਰਾਹਟ ਨਾਲ ਪੈਂਟ 'ਚ ਪਿਸ਼ਾਬ ਨਿਕਲ ਚੱਲਿਆ ਸੀ। ਹੱਥ ਮਾਰਿਆ, ਪੈਂਟ ਕੁਝ ਗਿੱਲੀ ਜਿਹੀ ਜਾਪੀ। ਯਾਦ ਆਇਆ ਉਸਨੇ ਤਾਂ ਸਵੇਰ ਦਾ ਪਿਸ਼ਾਬ ਵੀ ਨਹੀਂ ਕੀਤਾ। ਬਾਥਰੂਮ ਵੱਲ ਦੌੜਦੈ। ਕੁਝ ਸਾਹ ਸੌਖਾ ਹੋਇਆ। ਕੁਰਸੀ 'ਤੇ ਆਣ ਬੈਠਾ।

ਬਾਹਰ ਵੇਟਿੰਗ ਹਾਲ 'ਚ ਤਾਂ ਅਜੇ ਵੀ ਮਰੀਜ਼ ਬੈਠੇ ਹੋਏ। ਇਹਨਾਂ ਨੂੰ ਕੀ ਕਹਾਂ। ਦੌੜ ਜਾਵੋ ਸਾਲਿਓ। ਏਥੇ ਕੀ ਲੈਣ ਆਏ ਓ। ਉਹਦਾ ਜੀਅ ਕਰਦਾ ਹੁਣ ਦਵਾਈਆਂ, ਸਟੈਥੋ ਪਾਸੇ ਰੱਖ ਦਿਆਂ। ਚੌਂਕ 'ਚ ਖੜ੍ਹੇ ਪੁਲਸੀਆਂ ਵਾਂਗੂੰ ਸੋਟਾ ਫੜ ਲਵਾਂ ਤੇ ਇਹਨਾਂ ਖੰਘਦੇ ਨਿੱਛਦਿਆਂ ਨੂੰ ਕੁੱਟ ਕੁੱਟ ਘਰਾਂ ਨੂੰ ਦੌੜਾ ਦੇਵਾਂ। ਇਹ ਹਟਦੇ ਹੀ ਨਹੀਂ ਇੱਥੇ ਆਉਂਣੋ। ਉਏ ਲੋਕੋ ਮੇਰੇ 'ਤੇ ਰਹਿਮ ਕਰੋ। ਘੱਟੋ ਘੱਟ ਆਏ ਬੈਠੇ ਵਾਇਰਸ ਨੂੰ ਮਰ ਖਪ ਤਾਂ ਲੈਣ ਦੇਵੋ। ਕੁਝ ਤਾਂ ਇੰਤਜ਼ਾਰ ਕਰੋ। ਅਜੇ ਤੱਕ ਤਾਂ ਬਾਹਰ ਧੁੱਪ ਵੀ ਨਹੀਂ ਚਮਕਦੀ ਪਈ। ਜਿਸ ਨਾਲ ਇਹ ਵਾਇਰਸ ਕਿਤੇ ਸੌਂਅ ਜਾਵੇ ਜਾਂ ਮਰ ਜਾਵੇ।

ਡਾ. ਗੁਰਮੇਲ ਨੂੰ ਜਾਪਣ ਲੱਗੇ ਵਾਇਰਸ ਉਸਦੇ ਫੇਫੜਿਆਂ 'ਚ ਨਹੀਂ ਉਲਟਾ ਦਿਮਾ.ਗ 'ਚ ਪਹੁੰਚ ਗਿਐ। ਉੱਥੇ ਉਹ ਖੌਰੂ ਪੌਣ ਡਿਹਾ। ਉਹ ਪਾਗਲ ਹੋ ਜਾਵੇਗਾ। ਇਸ ਕੀੜੇ ਦਾ ਉਸਤੇ ਅਸਰ ਜ਼ਰੂਰ ਹੋ ਗਿਐ। ਜਿਹੜਾ ਦਿਮਾ.ਗ 'ਚ ਬੈਠਾ ਵੀ ਟਿਕ ਨਹੀਂ ਰਿਹਾ। ਨਾ ਉਹਨੂੰ ਹੀ ਟਿਕ ਕੇ ਬੈਠਣ ਦੇ ਰਿਹਾ। ਉਸਦੀ ਖਿੱਝ ਵਧਦੀ ਜਾ ਰਹੀ। ਭੁੱਖ ਤਾਂ ਅੱਗੇ ਹੀ ਕਈ ਦਿਨਾਂ ਤੋਂ ਘਟੀ ਹੋਈ। ਬੁਰਕੀ ਮੂੰਹ 'ਚ ਪਾਉਂਦਿਆਂ ਬਾਹਰ ਨੂੰ ਆਉਂਦੀ। ਪਾਣੀ ਵੀ ਉਸ ਦਿਨ ਦਾ ਕੋਸਾ ਕਰ ਕਰ ਪੀਂਦਾ। ਉਹਨੂੰ ਪਤੈ ਗਰਮ ਪਾਣੀ ਪੀਣ ਨਾਲ ਵਾਇਰਸ ਗਲ੍ਹ 'ਚ ਹੋਵੇ ਵੀ ਤਾਂ ਮਰ ਜਾਂਦੈ। ਪਰ ਵਾਇਰਸ ਤਾਂ ਉਹਦੇ ਦਿਮਾ.ਗ 'ਚ ਪਹੁੰਚਿਆ ਹੋਇਆ। ਉੱਥੇ ਗਰਮ ਪਾਣੀ ਦਾ ਅਸਰ ਨਹੀਂ ਹੁੰਦਾ। ਪਾਣੀ ਤਾਂ ਹੁਣ ਉਹਨੂੰ ਬਕਬਕਾ ਜਿਹਾ ਲੱਗਦੈ। ਉਸ ਆਪ ਮਹਿਸੂਸ ਕਰ ਲਿਐ, ਉਹ ਸੱਚੀ ਬੀਮਾਰ ਹੋ ਰਿਹਾ। ਉਹ ਦਿਨੋ ਦਿਨ ਚੁੱਪ ਜਿਹਾ ਹੁੰਦਾ ਜਾ ਰਿਹਾ। ਕਿਸੇ ਨਾਲ ਵੀ ਗੱਲ ਕਰਨ ਨੂੰ ਜੀਅ ਨਹੀਂ ਕਰਦਾ। ਹੁਣ ਉਹਨੂੰ ਸਭ ਪਾਸੇ ਲਾਸ਼ਾਂ ਹੀ ਲਾਸ਼ਾਂ ਨਜ਼ਰ ਆਉਂਦੀਆਂ। ਦਿਮਾ.ਗ 'ਚ ਪਹੁੰਚਿਆ ਵਾਇਰਸ ਕਿਤੇ ਉਹਦੇ ਸਾਰੇ ਟੱਬਰ ਨੂੰ ਵੀ ਆਪਣੇ ਘੇਰੇ 'ਚ ਨਾ ਲੈ ਲਵੇ। ਉਹ ਘਰਦੇ ਜੀਆਂ ਦੇ ਮੂੰਹਾਂ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਤੱਕਦਾ।

ਉਹ ਦੇਖ ਰਿਹੈ ਹੁਣ ਤਾਂ ਟੱਬਰ 'ਚ ਹਾਸੇ ਮਖੌਲ ਦੀਆਂ ਗੱਲਾਂ ਘਟਦੀਆਂ ਘਟ ਹੀ ਗਈਆਂ ਨੇ। ਸਾਰਿਆਂ ਦੇ ਚਿਹਰੇ ਉਦਾਸ ਉਦਾਸ ਜਿਹੇ ਰਹਿੰਦੇ। ਕਰੋਨਾਂ ਦੀਆਂ ਗੱਲਾਂ ਤੇ ਖ਼ਬਰਾਂ ਦਾ ਅਸਰ ਸਭ ਤੇ ਹੋ ਗਿਆ ਜਾਪਦੈ। ਪਰ ਡਾ. ਗੁਰਮੇਲ ਦੀ ਬੇਚੈਨੀ ਵੱਲ ਦੇਖ ਦੇਖ ਕੇ ਸਾਰੇ ਜੀਅ ਹੋਰ ਉਦਾਸ ਹੁੰਦੇ ਜਾ ਰਹੇ।

ਘਰ 'ਚ ਹਰ ਵੇਲੇ ਡਰਾਉਣੀ ਚੁੱਪ ਗੂੰਜਦੀ ਰਹਿੰਦੀ। ਇਵੇਂ ਹੋਵੇ ਵੀ ਕਿਉਂ ਨਾ, ਘਰ ਦੀ ਲੌਬੀ 'ਚ ਰੋਜ਼ ਦਿਨੇ ਤੇ ਦੇਰ ਰਾਤ ਚੱਲਦਾ ਟੀ ਵੀ ਕਰੋਨਾ ਦੀ ਦਹਿਸ਼ਤ ਫ਼ੈਲਾਈ ਜਾ ਰਿਹਾ। ਕੁਝ ਮੋਬਾਈਲਾਂ ਤੇ ਆਉਂਦੀਆਂ ਸਨਸਨੀਖੇਜ਼ ਵੀਡੀਓ। ਦੇਸ਼ 'ਚ ਡਾਕਟਰੀ ਦੇ ਮਾੜੇ ਸਿਸਟਮ ਤੇ ਭੈੜੇ ਪ੍ਰਬੰਧਾਂ ਦਾ ਢੰਡੋਰਾ ਪਿੱਟਿਆ ਜਾ ਰਿਹਾ। ਅੰਦਰਾਂ 'ਚ ਵੜੇ ਲੋਕਾਂ 'ਚ ਭੁੱਖਮਰੀ ਦੀਆਂ ਭਿਆਨਕ ਖਬਰਾਂ ਵੀ ਵਿਕਰਾਲ ਰੂਪ ਧਾਰਨ ਕਰਦੀਆਂ ਜਾ ਰਹੀਆਂ।

ਗੁਰਮੇਲ ਫ਼ਿਕਰਾਂ 'ਚ ਡੁੱਬਿਆ ਹੋਇਆ ਸਵੇਰੇ ਉੱਠਿਆ। ਫਿਰ ਲੰਮੇ ਪੈ ਗਿਆ। ਮਰੀਜ਼ਾਂ ਦੇ ਫ਼ੋਨ ਆ ਰਹੇ। ਪਰ ਉਹ ਚੁੱਕ ਹੀ ਨਹੀਂ ਰਿਹਾ। ਨਜ਼ਰ-ਅੰਦਾਜ਼ ਕਰੀ ਜਾਂਦਾ। ਮੁਰਦਿਆਂ ਵਾਂਗੂੰ ਡੌਰ-ਭੌਰ ਇਧਰ-ਉਧਰ ਝਾਤੀਆਂ ਮਾਰ ਰਿਹਾ। ਜਿਵੇਂ ਵਹਿਮੀ ਹੋ ਗਿਆ ਹੋਵੇ। ਉਹਦਾ ਸੱਤਵੀਂ 'ਚ ਪੜ੍ਹਦਾ ਪੁੱਤਰ ਅੰਦਰ ਆਇਆ। ਪਿਤਾ ਦੇ ਉਦਾਸ ਚਿਹਰੇ ਨੂੰ ਕੁਝ ਸਮਾਂ ਤਾੜਦਾ ਰਿਹਾ।

"ਪਾਪਾ... ਇੱਕ ਗੱਲ ਕਰਾਂ।"

ਡਾ. ਗੁਰਮੇਲ ਨੇ ਉਸ ਵੱਲ ਦੇਖਦਿਆਂ ਹਲਕਾ ਜਿਹਾ ਸਿਰ ਹਿਲਾਇਆ।

"ਪਾਪਾ ਮੈਂ ਬੜੇ ਦਿਨਾਂ ਤੋਂ ਦੇਖ ਰਿਹਾਂ... ਤੁਸੀਂ ਚੁੱਪ ਚੁੱਪ ਰਹਿੰਦੇ ਹੋ? ਸਾਡੇ ਨਾਲ ਹੁਣ ਹੱਸ ਹੱਸ ਗੱਲਾਂ ਵੀ ਨਹੀਂ ਕਰਦੇ... ਰਾਤ ਨੂੰ ਰੋਟੀ ਖਾਣ ਤੋਂ ਬਾਅਦ ਵਿਹੜੇ 'ਚ ਸੈਰ ਨਹੀਂ ਕਰਦੇ... ਆਉਂਦਿਆਂ ਛੇਤੀ ਹੀ ਲੰਮੇ ਪੈ ਜਾਂਦੇ ਹੋ... ਕੀ ਹੋ ਗਿਆ... ਤੁਸੀਂ ਠੀਕ ਤਾਂ ਹੋ?"

"ਕੁਝ ਨਹੀਂ ਬੇਟਾ... ਅੱਜ ਕੱਲ੍ਹ ਮਰੀਜ਼ ਬੜੇ ਆ ਰਹੇ... ਮੈਂ ਥੱਕ ਜਿਹਾ ਜਾਂਦਾ।"

"ਪਾਪਾ ... ਵਾਇਰਸ ਬੜੀ ਖਤਰਨਾਕ ਚੀਜ਼ ਹੁੰਦੈ... ਇਹਦੇ ਤੋਂ ਬੰਦਾ ਬਚਦਾ ਨਹੀਂ... ਮੈਂ ਰੋਜ਼ ਯੂ ਟਿਊਬ 'ਤੇ ਦੇਖਦਾ ਸੁਣਦਾ ਰਹਿੰਦਾ।"

"ਹਾਂ...।"

"ਪਾਪਾ ਇਵੇਂ ਫਿਰ ਆਪਾਂ ਸਾਰੇ ਮਰ ਜਾਵਾਂਗੇ... ਕੋਈ ਵੀ ਦੁਨੀਆ ਤੇ ਨਹੀਂ ਬਚੇਗਾ...?"

"ਨਹੀਂ ਬੇਟਾ... ਤੈਨੂੰ ਕਿਹਨੇ ਕਿਹਾ...।"

"ਪਾਪਾ ਟੀ ਵੀ ਤੇ ਤਾਂ ਸਾਰੇ ਇਹੋ ਹੀ ਗੱਲਾਂ ਕਰਦੇ ਨੇ... ਸਾਇੰਟਿਸਟ ਵੀ ਕਹਿੰਦੇ ਕਰੋਨਾ ਵਾਇਰਸ ਬਹੁਤ ਖਤਰਨਾਕ ਏ... ਇਹ ਕਿਸੇ ਤੇ ਵੀ ਕਿਸੇ ਵੇਲੇ ਅਟੈਕ ਕਰ ਸਕਦਾ... ਤੁਸੀਂ ਏਸੇ ਲਈ ਡਰਦੇ ਹੋ ਨਾ ਪਾਪਾ ...?"

"ਹਾਂ ਬੇਟਾ...।"

"ਪਾਪਾ ਤੁਸੀਂ ਵੀ ਮੌਤ ਤੋਂ ਡਰਦੇ ਹੋ?"

ਉਹ ਚੁੱਪ ਸੀ। ਕੀ ਉਹਨੂੰ ਜੁਆਬ ਦੇਂਦਾ।

"ਪਾਪਾ ਤੁਸੀਂ ਤਾਂ ਅਕਸਰ ਦੱਸਦੇ ਹੁੰਦੇ ਹੋ... ਮੈਂ ਜਦੋਂ ਛੋਟਾ ਸਾਂ... ਅਠਵੀਂ ਨੌਂਵੀਂ 'ਚ ਪੜ੍ਹਦਾ ਆਪਣੇ ਪਾਪਾ ਨਾਲ ਕਦੇ ਕਦੇ ਖੇਤਾਂ 'ਚ ਚਲਾ ਜਾਂਦਾ... ਜਦੋਂ ਫ਼ਸਲ ਪੱਕਣੀ... ਦਾਣਿਆਂ ਦੀ ਰਾਖੀ ਕਰਦਾ ਮੇਰੇ ਪਾਪਾ ਮੈਨੂੰ 'ਕੱਲੇ ਨੂੰ ਉੱਥੇ ਛੱਡ ਜਾਂਦੇ... ਮੈਂ ਕਦੇ ਜਾਗਦਾ ਕਦੇ ਸੌਂਅ ਜਾਂਦਾ... ਆਲੇ ਦੁਆਲੇ ਹਨੇਰਾ ਹੀ ਹਨੇਰਾ ਹੁੰਦਾ... ਪੈਲੀ ਦੇ ਨਾਲ ਮੜ੍ਹੀਆਂ ਵੀ ਸਨ... ਜਿੱਥੇ ਮੁਰਦੇ ਸਾੜੇ ਜਾਂਦੇ... ਜਦੋਂ ਕਿ ਲੋਕ ਡਰਾਉਂਦੇ ਹੁੰਦੇ ਸੀ... ਉੱਥੇ ਚਿੱਟੇ ਕੱਪੜਿਆਂ ਵਾਲੀ ਕੋਈ ਮਰੀ ਜ਼ਨਾਨੀ ਡੈਣ ਬਣ ਕੇ ਘੁੰਮਦੀ ਏ... ਉਹ ਲੋਕਾਂ ਨੂੰ ਡਰਾਉਂਦੀ ਤੇ ਕਈ ਵਾਰੀ ਮੋਢਿਆਂ 'ਤੇ ਵੀ ਚੜ੍ਹ ਜਾਂਦੀ... ਪਾਪਾ ਇਹ ਤੁਸੀਂ ਹੀ ਤਾਂ ਕਹਿੰਦੇ ਹੁੰਦੇ ਸੀ, ਮੈਨੂੰ ਤਾਂ ਨਹੀਂ ਉਹ ਕਦੇ ਉੱਥੇ ਦਿਸੀ... ਨਾ ਮੈਂ ਹੀ ਕਦੇ ਉੱਥੇ ਪਿਆ ਡਰਿਆ... ਨਾ ਮੈਂ ਕਦੇ ਪਰਵਾਹ ਕੀਤੀ... ਤੁਸੀਂ ਦੱਸੋ ਪਾਪਾ... ਕਰੋਨਾ ਦਾ ਵਾਇਰਸ ਉਸ ਚਿੱਟੇ ਕੱਪੜਿਆਂ ਵਾਲੀ ਡੈਣ ਤੋਂ ਵੀ ਜ਼ਿਆਦਾ ਖਤਰਨਾਕ ਏ... ਜਿਸ ਤੋਂ ਤੁਸੀਂ ਹੁਣ ਕਈ ਦਿਨਾਂ ਦੇ ਡਰੇ ਹੋਏ ਹੋ... ਸੱਚੀ ਪਾਪਾ ਇਹ ਵਾਇਰਸ ਏਨਾ ਡਰਾਉਣਾ ਏ।" ਬੇਟਾ ਇਹ ਗੱਲਾਂ ਕਰਦਾ ਹੋਰ ਡਰੀ ਜਾ ਰਿਹਾ ਸੀ ਤੇ ਉਹਦੇ ਨਾਲ ਚੁੰਬੜੀ



ਜਾ ਰਿਹਾ।

ਡਾ. ਗੁਰਮੇਲ ਉੱਠ ਕੇ ਸਿੱਧਾ ਹੋ ਕੇ ਬੈਠ ਗਿਆ, "ਨਹੀਂ ਪੁੱਤ!! ਤੂੰ ਏਨਾ ਕਿਉਂ ਡਰ ਰਿਹੈਂ।"

"ਪਾਪਾ ਮੈਂ ਸਾਰੀ ਸਾਰੀ ਰਾਤ ਤੁਹਾਨੂੰ ਜਾਗਦਿਆਂ ਨੂੰ ਚੋਰੀ ਚੋਰੀ ਦੇਖਦਾ ਰਹਿੰਦਾ। ਮੈਨੂੰ ਵੀ ਕਈ ਦਿਨਾਂ ਦੀ ਨੀਂਦ ਨਹੀਂ ਆਉਂਦੀ... ਪਰ ਮੈਂ ਕੰਬਲ 'ਚ ਸੌਣ ਦਾ ਬਹਾਨਾ ਬਣਾਉਂਦਾ... ਮੈਂ ਕਈ ਦਿਨਾਂ ਦਾ ਸੁਣ ਰਿਹਾ... ਨਾਲ ਦੇ ਖਾਲੀ ਪਲਾਟ 'ਚ ਕਿੰਨੇ ਸਾਰੇ ਕੁੱਤੇ ਰੋਜ ਭੌਂਕਦੇ , ਅਜੀਬ ਜਿਹੀਆਂ ਹੇਕਾਂ ਲਾਉਂਦੇ... ਰੋਂਦੇ ਰਹਿੰਦੇ ਨੇ... ਕੱਲ ਦਾਦੀ ਮੈਨੂੰ ਤੇ ਨਵਨੀਤ ਨੂੰ ਦੱਸ ਰਹੇ ਸੀ ਇਵੇਂ ਜਦੋਂ ਕੁੱਤੇ ਅੱਧੀ ਅੱਧੀ ਰਾਤ ਨੂੰ ਰੋਣ ਤਾਂ ਇਹ ਸੰਸਾਰ 'ਤੇ ਕਿਸੇ ਵੱਡੀ ਬਿਪਤਾ ਜਾਂ ਪਰਲੋ ਆਉਣ ਦੀ ਨਿਸ਼ਾਨੀ ਹੁੰਦੀ ਏ, ਉਦੋਂ ਮੌਤਾਂ ਦੇ ਸੱਥਰ ਵਿੱਛ ਜਾਂਦੇ ਹੁੰਦੇ... ਘਰਾਂ ਦੇ ਘਰ ਉੱਜੜ ਜਾਂਦੇ ਨੇ... ਕਾਲੀਆਂ ਹਨੇਰੀਆਂ ਝੁੱਲਦੀਆਂ... ਪਿੰਡਾਂ ਦੇ ਪਿੰਡ ਤੇ ਸ਼ਹਿਰ ਗਰਕ ਜਾਂਦੇ ਹੁੰਦੇ।" ਇਹ ਸਭ ਕਹਿੰਦਿਆਂ ਪੁੱਤਰ ਡਰ ਨਾਲ ਬੁਰੀ ਤਰ੍ਹਾਂ ਕੰਬਦਾ ਹੋਇਆ ਚੀਕਣ ਹੀ ਲੱਗ ਪਿਆ।

ਡਾ. ਗੁਰਮੇਲ ਪੁੱਤਰ ਦੀਆਂ ਗੱਲ੍ਹਾਂ ਸੁਣ ਕੇ ਹੋਰ ਡਰ ਗਿਆ ਸੀ। ਘਬਰਾਹਟ 'ਚ ਉਹਦੇ ਹੱਥ ਪੈਰ ਹਿੱਲਣ ਲੱਗ ਪਏ। ਦਿਮਾਗ਼ ਤੇਜ਼ ਤੇਜ਼ ਚੱਲਣ ਲੱਗਾ। ਵਾਇਰਸ ਤਾਂ ਹੁਣ ਉਹਦੇ ਟੱਬਰ 'ਤੇ ਮੌਤ ਬਣ ਮੰਡਰਾਅ ਰਿਹਾ ਸੀ। ਇਹਦਾ ਸਹਿਮ ਤਾਂ ਕਰੋਨਾ ਨਾਲ ਹੋਣ ਵਾਲੀ ਮੌਤ ਤੋਂ ਬਹੁਤ ਪਹਿਲਾਂ ਹੀ ਸਾਰਿਆਂ ਨੂੰ ਨਿਗਲ ਜਾਵੇਗਾ। ਡਰ ਦਾ ਵਾਇਰਸ ਤਾਂ ਸਾਡੇ ਘਰਦੇ ਕਣ ਕਣ 'ਚ ਸਮਾਅ ਗਿਐ। ਇਹ ਤਾਂ ਘਰ 'ਚ ਹੀ ਮੜ੍ਹੀਆਂ ਦੀ ਚੁੱਪ ਵਰਗਾ ਬਹੁਤ ਹੀ ਭਿਅੰਕਰ ਮੰਜ਼ਰ ਬਣ ਗਿਐ। ਉਹ ਤਾਂ ਆਪ ਡੋਲਿਆ ਪਿਆ। ਇਹਨਾਂ ਨੂੰ ਕੌਣ ਸੰਭਾਲੂ?

ਡਾ. ਗੁਰਮੇਲ ਨੇ ਉੱਤੇ ਲਿਆ ਕੰਬਲ ਪਰ੍ਹਾਂ ਸੁੱਟਦਿਆਂ, ਪੁੱਤਰ ਨੂੰ ਘੁੱਟ ਕੇ ਜੱਫੀ 'ਚ ਲੈ ਲਿਆ, "ਉਏ ਹਰਨੂਰ... ਕਿਹੜਾ ਕੰਜ਼ਰ ਵਾਇਰਸ ਸਾਨੂੰ ਖਾ ਜੂ... ਇਹ ਵਾਇਰਸ -ਵੂਰਸ ਕੁਝ ਨਹੀਂ ਹੁੰਦਾ... ਇਹ ਤਾਂ ਕਿਣਕਾ ਮਾਤਰ ਜਿਹਾ ਹੁੰਦਾ... ਇਹਨੂੰ ਤਾਂ ਮੈਂ ਫੂਕ ਮਾਰਕੇ ਉੜਾ ਦੂੰ। ਮੈਂ ਤਾਂ ਨਿੱਕੇ ਹੁੰਦਿਆਂ ਮੜੀਆਂ ਦੀ ਚਿੱਟੇ ਕੱਪੜਿਆਂ ਵਾਲੀ ਚੁੜੇਲ ਤੋਂ ਨਹੀਂ ਡਰਿਆ। ਇਹ ਕੀ ਹੋਇਆ ਸਾਲਾ ਕਰੋਨਾ ਜਿਹਾ। ਆਪਾਂ ਤਾਂ ਸ਼ੇਰ ਆ। ਸ਼ੇਰ ਬੱਕਰੀਆਂ ਤੋਂ ਨਹੀਂ ਡਰਦੇ ਹੁੰਦੇ। ਤੈਨੂੰ ਪਤਾ ਗਰਮ ਗਰਮ ਚੌਲ ਥਾਲੀ 'ਚ ਪਿਆ ਲਾਗੇ ਮੱਛਰ ਮੱਖੀ ਨਹੀਂ ਆਉਂਦੇ ਹੁੰਦੇ। ਪਤਾ ਕਿਓਂ? ਉਨ੍ਹਾਂ ਨੂੰ ਮਰਨ ਦਾ ਡਰ ਪਿਆ ਰਹਿੰਦੈ। ਹੁਣ ਆਪਾਂ ਵੀ ਠੰਢੇ ਨਹੀਂ ਰਹਿਣਾ। ਭਾਫਾਂ ਛੱਡਦੇ ਚੌਲਾਂ ਵਰਗੇ ਹੋ ਜਾਣੈ। ਵਾਇਰਸ ਵੀ ਤਾਂ ਬਹੁਤੀ ਗਰਮੀ ਤੋਂ ਡਰ ਕੇ ਭੱਜਦਾ। ਅੱਬਲ ਤਾਂ ਉਹਨੇ ਮੈਥੋਂ ਡਰਦੇ ਇਧਰ ਆਉਣਾ ਹੀ ਨਹੀਂ। ਜੇ ਆ ਗਿਆ ਤਾਂ ਆਪਾਂ ਦੋਹਾਂ ਪਿਓ-ਪੁੱਤਾਂ ਮਸਲ ਕੇ ਰੱਖ ਦੇਣਾ।"

"ਹੱਛਾ ਪਾਪਾ... ਇਵੇਂ ਵੀ ਹੁੰਦਾ।" ਫਿਰ ਉਹ ਵੀ ਬਾਹਵਾਂ ਉਤਾਂਹ ਚੁੱਕ ਕੇ ਆਪਣੇ ਨਿੱਕੇ-ਨਿੱਕੇ ਡੌਲੇ ਦਿਖਾਉਣ ਲੱਗਦੈ।

"ਹਾਂ ਪੱਕਾ... ਫਿਰ ਮਿਲਾ ਪੁੱਤਰ ਹੱਥ।" ਏਨਾ ਕਹਿੰਦਿਆਂ ਡਾ. ਗੁਰਮੇਲ ਮੁੰਡੇ ਨੂੰ ਲੰਮੇ ਪਾ ਕੇ ਕੁਤਕਤਾਰੀਆਂ ਕੱਢਣ ਲੱਗ ਪਿਆ। ਉਹ ਪਲਸੇਟੀਆਂ ਮਾਰਦਾ ਤੇ ਉੱਚੀ ਉੱਚੀ ਹੱਸਦਾ ਲੋਟ ਪੋਟ ਹੋਣ ਲੱਗ ਪਿਆ।

ਉਨ੍ਹਾਂ ਦੋਵਾਂ ਦਾ ਰੌਲਾ ਤੇ ਹਾਸਾ ਸੁਣ ਕੇ ਨਾਲ ਦੇ ਕਮਰੇ 'ਚੋਂ ਨਿਕਲ ਕੇ ਬਾਕੀ ਜੀਅ ਵੀ ਉੱਥੇ 'ਕੱਠੇ ਹੋ ਗਏ। ਸਾਰਿਆਂ ਦੇ ਉਦਾਸੇ ਚਿਹਰਿਆਂ 'ਤੇ ਵੀ ਹਾਸੇ ਉਮੜ ਆਏ। ਕਿੰਨਾ ਚਿਰ ਸਾਰੇ ਹੱਸੀ ਹੀ ਗਏ। ਉਹਨਾਂ ਵੱਲ ਦੇਖ ਕੇ ਜਿਵੇਂ ਘਰਦੀਆਂ ਕੰਧਾਂ ਵੀ ਚਹਿਕਣ ਲੱਗ ਪਈਆਂ ਹੋਣ।

ਡਾ. ਗੁਰਮੇਲ ਆਪਣੇ ਆਪ 'ਤੇ ਹੀ ਹੈਰਾਨ ਹੁੰਦਾ, ਮਹਿਸੂਸ ਕਰ ਰਿਹਾ ਸੀ। ਉਹਦੇ ਦਿਮਾਗ 'ਚ ਵੜਿਆ ਕਰੋਨਾ ਵਾਇਰਸ ਸੱਚੀ ਗਾਇਬ ਹੋ ਗਿਆ ਸੀ। ਉਹ ਮਰੀਜ਼ਾਂ ਨੂੰ ਵੇਖਣ ਦੀ ਤਿਆਰੀ ਕਰਨ ਲੱਗਾ। (**ਸੰਪਰਕ-98151-86532**)

## ਕਹਾਣੀ/ ਸੱਸ ਦਾ ਬੁਆਏ ਫਰੈਂਡ/ - ਜਸਵਿੰਦਰ ‘ਛਿੰਦਾ ਰੱਤੀਆਂ



ਜਦੋਂ ਦਾ ਲੌਕ ਡਾਊਨ ਹੋਇਆ ਸੀ। ਸਭ ਅੰਦਰੀਂ ਤੜੇ ਬੈਠੇ ਸਨ ਕੀ ਬਣੂ? ਕੀ ਹੋਊ? ਹਰ ਦਿਮਾਗ ਵਿਚ ਇਹੀ ਸੁਆਲ ਸੀ। ਕੁੱਝ ਦਿਨ ਬੰਦ ਰਹਿਣ ਮਗਰੋਂ ਟਾਂਵੇਂ-ਟਾਂਵੇ ਲੋਕ ਬਾਹਰ ਨਿੱਕਲਣੇ ਸ਼ੁਰੂ ਹੋਏ। ਗੁਰਮੁੱਖ ਬੈਡ ’ਚੋਂ ਉੱਠ ਖਿੜਕੀ ’ਚੋਂ ਖੜਾ ਗੋਰਿਆਂ ਨੂੰ ਬਾਹਰ ਫਿਰਦੇ ਦੇਖ ਬੋਲਿਆ।

“ਇਨ੍ਹਾਂ ਨੂੰ ਟੇਕ ਨ੍ਹੀਂ ਆਉਂਦੀ ! ਦੁਨੀਆ ਮਰੀ ਜਾਂਦੀ ਆਂ। ਇਹ ਸ਼ੌਪਿੰਗਾਂ ਕਰਦੇ ਫਿਰਦੇ।”

“ਭਾਅ ਇਹਨਾਂ ਨੇ ਕਿਹੜਾ ਸਾਡੇ ਵਾਂਗੂੰ ਪੈਸੇ ਜੋੜ ਜੋੜ ਇੰਡੀਆ ਜਮੀਨਾਂ ਖਰੀਦਣੀਆਂ। ਕੋਠੀਆਂ ਬਣਾਉਣੀਆਂ ਜਾਂ ਜੁਆਕ ਵਿਆਉਣੇ। ਨਾ ਨੂੰਹ ਲਿਆਉਣੀ, ਨਾ ਧੀ ਤੁਰਨੀ। ਜੋ ਕਮਾਇਆ ਖਾਧਾ ਪੀਤਾ ਐਸ਼ ਕੀਤੀ, ਬੱਸ। ਅਸੀਂ ਮਰਜਾਣਾ ਕਿਰਸਾਂ ਕਰਦੇ।” ਕਰਾਂਤੀ ਅਜੇ ਬੈੱਡ ਵਿਚ ਪਿਆ ਸੀ। ਉੱਠ ਕੇ ਵੀ ਕਿਹੜਾ ਕੰਮ ’ਤੇ ਜਾਣਾ ਸੀ।

“ਇਨ੍ਹਾਂ ਨੂੰ ਕਿਹੜਾ ਫ਼ਿਕਰ ਆ। ਜੇ ਕੰਮ ਛੁੱਟ ਗਿਆ ਜਾਂ ਬੰਦ ਹੋ ਗਿਆ। ਘਰ ਬੈਠਿਆਂ ਨੂੰ ਤਨਖਾਹਾਂ ਮਿਲੀ ਜਾਣੀਆਂ। ਹੁਣ ਤਾਂ ਕਹਿਦੇ ਜਿੰਨਾਂ ਚਿਰ ਲੌਕਡਾਊਨ ਰਹਿਣਾ। ਸਭ ਨੂੰ ਪੂਰੀ ਪੂਰੀ ਤਨਖਾਹ ਮਿਲਿਆ ਕਰਨੀ। ਹਾਏ ਰੱਬਾ ! ਕਿਤੇ ਸਾਡੇ ਕੋਲ ਵੀ ਪੇਪਰ ਹੁੰਦੇ। ਮੌਜ਼ ਲੱਗ ਜਾਣੀ ਸੀ।” ਗੁਰਮੁੱਖ ਝੋਰਾ ਕਰਨ ਲੱਗਾ।

“ਬਥੇਰੇ ਹੈਗੇ ਆਪਣੇ ਵਰਗੇ ਪੇਪਰਾਂ ਵਾਲੇ ਵੀ। ਪੈਸੇ ਜੋੜ ਜੋੜ ਬੈਕਾਂ ਭਰੀ ਬੈਠੇ। ਕਹਿਣੇ, ‘ਔਖੇ ਵੇਲੇ’ ਕੰਮ ਆਉਣਗੇ। ਪੁੱਛਣ ਵਾਲਾ ਹੋਵੇ। ਭਲਾ ਔਖਾ ਵੇਲਾ ਕਦੋਂ ਆਉਣਾ ? ਬੱਚਿਆਂ ਦੀ ਪੜ੍ਹਾਈ ਮੁਫ਼ਤ, ਡਾਕਟਰੀ ਤੇ ਦੁਆਈ ਮੁਫ਼ਤ, ਬੁੜੇ ਹੋਇਆਂ ਨੂੰ ਪੈਨਸ਼ਿਨ ਮਿਲ ਜਾਣੀ। ਮਰਿਆਂ ਮਗਰੋਂ ਪੁੱਤ ਧੀਆਂ ਫਿਰ ਗੁਲ ਛੱਰਲੇ ਉਡਾਂਉਦੇ। ਮੇਰਾ ਤਾਇਆ ਵੀ ਇਥੇ ਆ। ਮੁੰਡੇ ਕੁੜੀਆਂ ਵਿਆਹੇ ਵਰੇ ਆ। ਉਨ੍ਹਾਂ ਤੇ ਖਿੱਝੀ ਜਾਊ। ਅਖੇ, ‘ਇਹ ਪੈਸੇ ਨਹੀਂ ਜੋੜਦੇ ਭੁੱਖੇ ਮਰਨਗੇ। ਫਿਕਰ ਕਰੀ ਜਾਊ। ਮੈਂ ਬੜੀ ਵਾਰ ਕਿਹਾ। ‘ਤਾਈਆ ਤੂੰ ਇਥੇ ਕੋਈ ਭੁੱਖਾ ਮਰਦਾ ਦੇਖਿਆ। ਆਖੇ ‘ਨਹੀਂ’, ਮੈਂ ਕਿਹਾ, ‘ਫੇਰ ਫ਼ਿਕਰ ਕਾਹਦਾ ਕਰਦਾ ਰਹਿਨਾਂ। ਇਨ੍ਹਾਂ ਨੂੰ ਤੂੰ ਐਨੇ ਵਧੀਆ ਮੁਲਕ ਵਿੱਚ ਲਿਆ ਕਿ ਪੱਕੇ ਕਰਵਾ ਦਿੱਤਾ। ਪਰ ਨਹੀਂ ਹੱਟਿਆ। ਸਾਰੀ ਉਮਰ ਨਾ ਚੱਜ ਦਾ ਖਾਧਾ। ਨਾ ਹੰਢਾਇਆ। ਹੁਣ ਸਾਰੇ ਛੱਡ ਕੇ ਤੁਰ ਗਏ। ਤਾਈ ਵੀ ਜੁਆਕਾਂ ਨਾਲ ਚਲੀ ਗਈ। ’ਕੱਲਾ ਫਿਰਦਾ ਜੱਬਦਾ।” ਕਰਾਂਤੀ ਨੇ ਆਪਣੇ ਤਾਏ ਦੀ ਕਥਾ ਸੁਣਾਈ ਤਾਂ ਗੁਰਮੁੱਖ ਹੱਸਿਆ।

“ਇਥੇ ਤਾਂ ਬੁੜੇ ਵੀ ਕੱਲੇ ਕੱਲੇ ਰਹਿ ਕੇ ਰਾਜੀ ਆ। ਇਕ ਸਾਡੇ ਪਿੰਡ ਦਾ। ਉਹਦੀ ਘਰਵਾਲੀ ਮਰੀ ਆ, ਕੱਲਾ ਰਹਿੰਦਾ। ਘਰ ਗੋਰੀਆਂ ਸੱਦੀ ਰੱਖਦਾ।” ਚਾਲੀਆਂ ਤੋਂ ਉਪਰ ਗੁਰਮੁੱਖ ਨੇ ਕਾਲੀ ਕੀਤੀ ਕਰੜ ਬਰੜੀ ਦਾਹੜੀ ’ਤੇ ਹੱਥ ਫੇਰਦਿਆ, ਆਪਣੇ ਆਪ ਨੂੰ ਮੁੰਡਿਆਂ ਵਿਚ ਸ਼ਾਮਲ ਕੀਤਾ।

“ਤੂੰ ਵੀ ਕੋਈ ਲੱਭਲਾ। ਐਨਾ ਨਾ ਭਰਜਾਈ ਤੋਂ ਡਰਦਾ ਰਿਹਾ ਕਰ। ਨਾਲੇ ਬਹਾਨੇ ਨਾਲ ਪੁੰਨ ਦਾਨ



ਹੋ ਜਾਦਾ। ਦਸਵੰਧ ਵੀ ਨਿਕਲ ਦਾ ਰਹਿੰਦਾ। ਇੰਡੀਆ ਭੇਜੀ ਜਾਦਾ ਰਹਿੰਨਾ। ਤੇਰੇ ਨਾਲ ਵੀ ਮੇਰੇ ਤਾਏ ਵਾਲੀ ਨਾ ਹੋਵੇ। ਇੰਡੀਆ ਗਏ ਨੂੰ ਭਰਜਾਈ ਵੀ ਨਾ ਸਿਆਣੇ।” ਕਰਾਂਤੀ ਨੇ ਸੱਚੀ ਗੱਲ ਹੱਡ ਤੇ ਮਾਰੀ ਤਾਂ ਗੁਰਮੁੱਖ ਪਾਣੀ ਜਿਹਾ ਗੰਧਾਂਲਣ ਲੱਗਾ।

“ਸਾਡੀਆਂ ਜਨਾਨੀਆਂ ਇਥੋਂ ਵਾਲੀਆਂ ਵਰਗੀਆਂ ਨਹੀਂ।” ਉਹਦੇ ਅੰਦਰ ਗੋਰੀਆਂ ਔਰਤਾਂ ਪ੍ਰਤੀ ਬਹੁਤ ਨਫ਼ਰਤ ਸੀ।” ਇਹ ਤਾਂ ਕੰਜਰੀਆਂ ! ਨਿੱਤ ਨਵੇਂ ਖਸਮ ਕਰਦੀ ਆਂ।”

“ਫਰਕ ਐਨਾ ! ਇਥੇ ਡਰਦੀਆਂ ਨ੍ਹੀ। ਜੋ ਜੀ ਆਉਂਦਾ ਸ਼ਰੇਆਮ ਕਰਦੀਆਂ। ਸਾਡੇ ਲੋਕ ਲਾਜ ਤੋਂ ਡਰਦੀਆਂ ਅੰਦਰ ਖਾਤੇ ਪਰਦੇ ਚੋਂ ਕਰ ਲੈਂਦੀਆਂ। ਆਹਾ ਫਲੈਟਾਂ ਵਾਲੀਆਂ ਗੋਰੀਆਂ ਦੇਖੀਆਂ। ਡਰਦੀਆਂ ਸੰਗਦੀਆਂ ਕਿਸੇ ਤੋਂ।”

ਉਹਦੀ ਨਿਗਾਹ ਫਲੈਟਾਂ ਵੱਲ ਗਈ ਤਾਂ ਉਹ ਮੁਸ਼ਕਰਾਇਆ। “ਸਾਲੀਆਂ ਪੌਲਿਸ਼ਣਾਂ ਵੀ ਨ੍ਹੀਂ ਰੜਕੀਆਂ ਕਈ ਦਿਨਾਂ ਦੀਆਂ ? ਅੱਗੇ ਅੱਧ ਨੰਗੇ ਪਿੰਡੇ ਕੱਢ ਸਿਰਗਟਾਂ ਫੂਕੀ ਜਾਂਦੀ ਰਹਿੰਦੀਆਂ ਸੀ। ਨਿੱਤ ਨਵੇਂ ਨਵੇਂ ਮਗਰ ਲਾ ਲੈਦੀਂਆਂ ਸੀ। ਹੁਣ ਇਨ੍ਹਾਂ ਦਾ ਕਿਵੇਂ ਸਰੂ ?” ਗੁਰਮੁੱਖ ਗੱਲ ’ਚੋਂ ਉਨ੍ਹਾਂ ਦਾ ਮਜ਼ਾਕ ਉਡਾ ਕੇ ਹੱਸਿਆ।

“ਤੂੰ ਆਪ ਹੀ ਤਾਂ ਕਹਿਨਾ ਹੁੰਨਾ। ਰੱਬ ਸਭ ਨੂੰ ਦਿੰਦਾ ! ਆਪੇ ਦੇਊਗਾ। ਕੀ ਪਤਾ ਲੋਕਾਂ ਨੂੰ ਵਿਹਲੇ ਬੈਠਿਆਂ ਨੂੰ ਤਨਖਾਹਾਂ ਮਿਲਦੀਆਂ ? ਇਨ੍ਹਾਂ ਦਾ ਜਿਆਦਾ ਸੂਤ ਆਜੇ।” ਕਰਾਂਤੀ ਤੇ ਗੁਰਮੁੱਖ ਰਹਿੰਦੇ ਭਾਵੇਂ ਇਕ ਕਮਰੇ ਵਿਚ ਸਨ। ਪਰ ਵਿਚਾਰਾਂ ਵਿਚ ਜ਼ਮੀਨ ਅਸਮਾਨ ਦਾ ਅੰਤਰ ਸੀ।

“ਰੱਬ, ਐਹੋ ਜਿਹੇ ਕੰਜਰ ਲੋਕਾਂ ਨੂੰ ਨ੍ਹੀਂ ਦਿੰਦਾ। ਇਮਾਨਦਾਰ ਤੇ ਮਿਹਨਤ ਕਰਨ ਵਾਲਿਆਂ ਨੂੰ ਦਿੰਦਾ ਹੁੰਦਾ।” ਗੁਰਮੁਖ ਦੀ ਗੱਲ ਸੁਣ ਕਰਾਂਤੀ ਵਿਅੰਗ ਮਈ ਮੁਸ਼ਕਰਾਇਆ ਤੇ ਸਹਿਜ ਨਾਲ ਬੋਲਿਆ।

“ਭਾਅ ! ਇਨ੍ਹਾਂ ਗੋਰਿਆਂ ਨੇ, ਸਾਰੀ ਦੁਨੀਆ ਨੂੰ ਲੁੱਟਿਆ ਵੀ ਤੇ ਕੁੱਟਿਆ ਵੀ। ਇਹ ਸੌ ਸਾਲ ਪਹਿਲਾਂ ਵੀ ਮੌਜ਼ ਕਰਦੇ ਸੀ ਤੇ ਅੱਜ ਵੀ ਕਰਦੇ ਆ। ਸਾਡੇ ਵੱਡੇ ਵਡੇਰੇ ਵੀ ਮਿਹਨਤਾਂ ਕਰਦੇ ਰਹੇ। ਉਹ ਵੀ ਭੱਖੇ ਮਰਦੇ ਰਹੇ। ਅਸੀਂ ਵੀ ਭੁੱਖੇ ਮਰਦੇ ਇਥੇ ਆ ਗਏ ਹਾਂ। ਸਾਨੂੰ ਤਾਂ ਰੱਬ ਨੇ ਮਿਹਨਤ ਇਮਾਨਦਾਰੀ ਦਾ ਕੁੱਝ ਨਹੀਂ ਦਿੱਤਾ।” ਕਰਾਂਤੀ ਦੀ ਬਾ-ਦਲੀਲ ਕਹੀ ਗੱਲ ਦਾ ਗੁਰਮੁੱਖ ਕੋਲ ਕੋਈ ਜਵਾਬ ਨਹੀਂ ਸੀ।

“ਓ ਛੱਡ ਭਰਾਵਾ ! ਤੇਰੇ ਨਾਲ ਕੌਣ ਬਹਿਸ ਕਰੇ ? ਤੇਰਾ ਵੱਸ ਚੱਲੇ। ਤੂੰ ਕਿਸੇ ਨੂੰ ਰੱਬ ਦਾ ਨਾਂ ਵੀ ਨਾਂ ਲੈਣ ਦਿਆ ਕਰੇਂ। ਥੋਡੇ ਵਰਗੇ ਲੋਕਾਂ ਕਰਕੇ ਦੁਨੀਆ ਤੇ ਕਰੋਨੇ ਜਿਹੀਆਂ ਆਫਤਾਂ ਆਉਦੀਆਂ। ਮੈਂ ਤਾਂ ਅੱਗੇ ਕਈ ਵਾਰ ਸੋਚਿਆ, ਕੋਈ ਹੋਰ ਕਮਰਾਂ ਲੱਭਾਂ। ਤੇਰੇ ਨਾਲ ਰਹਿ ਕੇ ਮੈਂ ਵੀ ਪਾਪਾਂ ਦਾ ਧਕਾਰੀ ਬਣਦਾਂ।” ਗੁਰਮੁੱਖ ਕਰਾਂਤੀ ਦੇ ਵਿਚਾਰਾਂ ਤੋਂ ਅੱਕਿਆ ਪਿਆ ਸੀ।

“ਤੂੰ ਕੀ ਕਮਰਾ ਲੱਭਣਾ ? ਮੈਂ ਗਰਲ ਫਰੈਂਡ ਲੱਭ ਲਈ। ਮੈਂ ਤਾਂ ਉਸੇ ਨਾਲ ਰਿਹਾ ਕਰਨਾ। ਅਸੀਂ ਕਮਰਾ ਵੀ ਲੱਭ ਲਿਆ। ਹਾਲੇ ਮਹੀਨਾ ਖੰਡ ਇੱਥੇ ਕਰਾਇਆ ਤੇ ਖਰਚੇ ਦਿੰਦਾ ਰਹੂੰਗਾ। ਤੂੰ ਅਜੇ ਗਾਫੇ (ਮਾਲਿਕ ਮਕਾਨ) ਕੋਲ ਗੱਲ ਨਾ ਕਰੀਂ। ਉਹਨੇ ਕਮਰਾ ਖਾਲੀ ਦੇਖ ਪਹਿਲਾਂ ਹੀ ਕਿਰਾਏਦਾਰ ਲਿਆ ਵਾੜਨਾ। ਉਧਰ ਮੇਰਾ ਸਿੱਟ ਨਾ ਬੈਠਾ। ਫੇਰ ਮੈਂ ਕਿੱਥੇ ਜਾਊ।” ਕਰਾਂਤੀ ਨੇ ਦਿਲ ਦਾ ਡਰ ਸਾਂਝਾ ਕੀਤਾ।

“ਗਾਫੇ ਕੋਲ ਤਾਂ ਗੱਲ ਨਹੀਂ ਕਰਦਾ। ਦਿਖਾ ਤਾਂ ਦੇਹ ਕਿਹੋ ਜਿਹੀਆ। ਇੰਡੀਅਨ ਆ, ਗੋਰੀਆ ਕਿ।” ਗੁਰਮੁੱਖ ਸੁਆਦ ਲੈਣ ਲਈ ਰਾਜ ਦਾਨ ਹੋਣ ਦਾ ਫਾਈਦਾ ਉਠਾਉਣਾ ਚਾਹੁੰਦਾ ਸੀ।

“ਇੰਡੀਅਨਾਂ ਨੂੰ ਤਾਂ ਸਾਡੀਆਂ ਕਰਤੂਤਾਂ ਦਾ ਪਤਾ। ਉਹ ਤਾਂ ਫੌਜੀਆਂ (ਗੈਰ ਕਨੂੰਨੀ ਵਿਦੇਸ਼ੀ ਨਾਗਰਿਕ) ਨੂੰ ਦੇਖਕੇ ਹੀ ਮੀਲ ਦੂਰ ਦੀ ਲੰਘਦੀਆਂ। ਵਲੈਤਣ ਗੋਰੀਆਂ ਵੀ ਸਾਡੇ ਪੋਤੜਿਆਂ ਦੀਆਂ ਗੋਹਰੀਆ। ਇਨ੍ਹਾਂ ਦੀ ਮਾਰ ਝੱਲਣੀ ਸਾਡੇ ਵੱਸ ਦਾ ਰੋਗ ਵੀ ਨ੍ਹੀਂ। ਸਾਨੂੰ ਤਾਂ ਚੈਕੋ, ਸਲਵੇਨੀਅਨਾ ਜਾਂ ਪੌਲਸਣਾ ਹੀ ਸੂਤ ਆਉਦੀਆਂ। ਮੈਂ ਤਾਂ ਆਪ ਆਹ ਫਲੈਟਾਂ ਵਾਲੀ ਸੋਫੀਆ ਦੀ ਲਿਹਾਜਣ ਹੀ ਪੱਟਲੀ। ਇਥੇ ਇਹਦੇ ਕੋਲ ਆਂਉਦੀ ਹੁੰਦੀ ਸੀ। ਇਕ ਦੋ ਵਾਰ ਹੈਲੋ ਹਾਏ ਕੀਤੀ। ਕੌਫੀ ਸ਼ੌਫੀ ਪਿਆਈ ਮੰਨਗੀ।” ਕਰਾਂਤੀ ਜਾਣਦਾ ਸੀ ਕਿ ਗੁਰਮੱਖ ਨੂੰ ਰਾਜਦਾਨ ਬਣਾਉਣ ਲਈ ਉਸਦਾ ਕੰਨ ਰਸ ਵਾਲਾ ਭੁੱਸ ਪੂਰਾ ਕਰਨਾ

ਪੈਣਾ।

"ਕੱਲੀ ਕੌਫੀ 'ਨਾ ਈ ਸਰ ਗਿਆ। ਗਲਾਸੀ ਗਲੂਸੀ ਨ੍ਹੀ ਲੁਆਈ।" ਗੁਰਮੁੱਖ ਇੰਜ ਮਹਿਸੂਸ ਕਰ ਰਿਹਾ ਸੀ ਜਿਵੇਂ ਉਹ ਖੁਦ ਗੋਰੀ ਨਾਲ ਬੈਠ ਪਿੱਗ ਪੀ ਰਿਹਾ ਹੋਵੇ।

"ਉਹ ਖਾਂਦੀ ਪੀਂਦੀ ਨ੍ਹੀਂ। ਵੈਜੇਟੇਰੀਅਨ ਆ।"

"ਇਹ ਤਾਂ ਸਾਲੀਆਂ ! ਮੱਛੀ ਆਂਡੇ ਨੂੰ ਵੀ ਵੈਜੇਟੇਰੀਅਨ ਕਹਿ ਕੇ ਛੱਕੀ ਜਾਂਦੀਆਂ ਰਹਿੰਦੀਆਂ।" ਗੁਰਮੁੱਖ ਗੋਰੀਆਂ ਪ੍ਰਤੀ ਅੰਦਰਲੀ ਨਫ਼ਰਤ ਨੂੰ ਜਾਹਿਰ ਕੀਤੇ ਬਿਨਾਂ ਰਹਿ ਨਾ ਸਕਿਆ।

"ਮੀਟ ਸ਼ਰਾਬ ਛੱਡਣ ਨਾਲੋਂ। ਨਫ਼ਰਤ ਤੇ ਨਿੰਦਿਆ ਕਰਨੀ ਛੱਡੋ ! ਇਹ ਸਾਡੇ ਵਰਗੇ ਨਹੀਂ। ਦਿਲ ਵਿਚ ਕੁਛ ਹੋਰ ਜੁਬਾਨ ਤੇ ਕੁਛ ਹੋਰ। ਜੇ ਇਹਨਾਂ ਦਾ ਕਲਚਰ ਐਨਾਂ ਭੈੜਾ ਲੱਗਦਾ ਕਿਉਂ ਆਉਨੇ ਇਥੇ। ਦੂਜਿਆਂ ਨੂੰ ਮਾੜਾ ਕਹਿ ਕੇ ਖੁਦ ਚੰਗੇ ਨਹੀਂ ਬਣੀਦਾ। ਇਖਲਾਕੀ ਤੌਰ ਤੇ ਇਹ ਲੋਕ ਸਾਡੇ ਤੋਂ ਕਿਤੇ ਉਪਰ ਆ। ਕਾਨੂੰਨ ਚੋਂ ਰਹਿੰਦੇ ਆ। ਨਾ ਕਿਸੇ ਦੀ ਸੁਣਦੇ। ਨਾ ਕਿਸੇ ਨੂੰ ਕੁਝ ਕਹਿੰਦੇ। ਇਹ ਸ਼ਰੀਰੋਂ ਭਾਵੇਂ ਨੰਗ ਰਹਿਣ। ਜਮੀਰੋਂ ਨਹੀਂ।" ਕਰਾਂਤੀ ਨੇ ਗੁਰਮੁੱਖ ਦੀ ਗੱਲੀਂ ਗੱਲੀਂ ਐਸੀ ਤਹਿ ਲਾਈ ਕਿ ਉਹ ਵੱਟ ਜਿਹਾ ਛਾਣਦਾ ਬਾਹਰ ਨੂੰ ਤੁਰ ਪਿਆ।

"ਐਵੇਂ ਕਾਵਾਂ ਦਾ ਗੂੰਹ ਪਹਾੜੀਂ ਚੜ੍ਹਾਈ ਜਾਨਾਂ। ਸਾਲੀਆਂ ਦਾਰੂ ਦੇ ਪੈਗ ਤੇ ਮਰ ਜਾਂਦੀਆਂ।"

" ਤੇਰੇ ਪਿੱਗਾਂ ਤੇ ਕਿੰਨੀਆਂ ਕੁ ਮਰੀਆਂ ? ਲਿਆ ਸਾਨੂੰ ਹੀ ਮਿਲਾ ਦੇ ਕੋਈ," ਕਰਾਂਤੀ ਨੇ ਪਿੱਛੋਂ ਗੁਰਮੱਖ ਤੇ ਅਵਾਜ਼ ਕੱਸੀ।

"ਮੈਂ ਤ ਾਂ ਇਹੋ ਜਿਹੀਆਂ ਚਵਲਾਂ ਦੀ ਮਕਾਂਣ ਨ੍ਹੀ ਜਾਂਦਾ। ਨੇੜੇ ਜਾਣਾਂ ਤਾਂ ਦੂਰ ਦੀ ਗੱਲ ਆ।" ਗੁਰਮੁੱਖ ਪੌੜੀਆਂ ਉਤਰਦਾ ਗੁੱਸੇ ਵਿਚ ਉੱਚੀ ਉੱਚੀ ਬੋਲ ਕੇ ਜਿਵੇਂ ਸਭ ਨੂੰ ਸੁਣਾ ਰਿਹਾ ਹੋਵੇ।

ਉਹ ਇਸ ਤਿੰਨ ਬੈਡਰੂਮ ਦੇ ਘਰ ਵਿੱਚ ਦਸ ਜਣੇ ਰਹਿੰਦੇ ਸਨ। ਦੋ ਦੋ ਉਪਰ ਤਿੰਨਾਂ ਬੈਡਰੂਮਾਂ ਵਿਚ ਤੇ ਦੋ ਦੋ ਹੇਠਾਂ ਦੋਹਾਂ ਲਾਂਚ ਰੂਮਾਂ ਵਿਚ ਬੈਡ ਲਾ ਕੇ ਰਹਿੰਦੇ ਸਨ। ਸਾਰੇ ਸਿੱਖ ਪੰਜਾਬੀ ਹੀ ਸਨ। ਹੋਰ ਕਿਸੇ ਨਾਲ ਉਹਨਾਂ ਦੀ ਦਾਲ ਵੀ ਨਹੀਂ ਗਲਦੀ ਸੀ। ਕਰਾਂਤੀਪਾਲ ਸਿੰਘ ਵੀ ਜੱਟ ਸਿੱਖ ਪਰਵਾਰ ਦਾ ਜੰਮ ਪਲ ਸੀ। ਪਰ ਉਹ ਧਾਰਮਿਕ ਨਹੀਂ ਸੀ। ਜਿਸ ਕਰਕੇ ਉਹਦੀ ਸਾਰਿਆਂ ਨਾਲ ਵਿਚਾਰਧਾਰਿਕ ਤਕਰਾਰ ਅਕਸਰ ਹੁੰਦੀ ਰਹਿੰਦੀ ਸੀ। ਉਹ ਸ਼ਾਂਤ ਸਹਿਜ ਤੇ ਬਾ-ਦਲੀਲ ਗੱਲ ਕਰਦਾ। ਜਿਸ ਦਾ ਕਿਸੇ ਕੋਲੋਂ ਜੁਆਬ ਨਾ ਦੇ ਹੁੰਦਾ। ਇਸੇ ਕਰਕੇ ਗੁਰਮੁੱਖ ਨੂੰ ਕਰਾਂਤੀ ਨਾਲ ਸਾੜਾ ਸੀ। ਉਹ ਦਿਮਾਗੋਂ ਵੀ ਬਹੁਤ ਤੇਜ ਸੀ। ਕੰਸਟਕਸ਼ਨ ਦਾ ਸਾਰਾ ਕੰਮ ਜਾਣਦਾ ਸੀ। ਆਪਣੀ ਗੱਡੀ ਰੱਖੀ ਸੀ। ਵਧੀਆ ਪੈਸੈ ਕਮਾਉਂਦਾ ਸੀ ਤੇ ਖੁਲ੍ਹੇ ਖਰਚਦਾ ਸੀ। ਹੁਣ ਕੁੜੀ ਵੀ ਲੱਭ ਗਈ ਸੀ। ਪੱਕਾ ਵੀ ਹੋਜੂ। ਉਹ ਗੁਰਮੁੱਖ ਵਾਂਗ ਧਾਰਮਿਕ ਵੀ ਨਹੀਂ ਸੀ। ਫਿਰ ਵੀ ਉਹਦਾ ਹਰ ਕੰਮ ਸਿੱਧਾ ਪੈਂਦਾ। ਗੁਰਮੁੱਖ ਗੁਰੂ ਘਰ ਵੀ ਰੋਜ਼ਨਾ ਜਾਂਦਾ। ਦਿਲੋਂ ਅਰਦਾਸਾਂ ਵੀ ਕਰਦਾ। ਸੇਵਾ ਵੀ ਬਹੁਤ ਕਰਦਾ ਸੀ। ਪਰ ਉਹਦਾ ਕੰਮ ਦਿਹਾੜੀ ਦੱਪੇ ਦਾ ਹੀ ਰਿਹਾ ਸੀ। ਜਦੋਂ ਮਨ ਅਸ਼ਾਂਤ ਹੁੰਦਾ। ਉਹ ਗੁਰੂ ਘਰ ਨੂੰ ਤੁਰ ਪੈਂਦਾ। ਅੱਜ ਵੀ ਮਨ ਹੀ ਮਨ ਰੱਬ ਅੱਗੇ ਸ਼ਿਕਵੇ ਕਰਦਾ ਜਾ ਰਿਹਾ ਸੀ।

'ਇਹਨਾਂ ਸਾਲੇ ਕੰਜਰ ਲੋਕਾਂ ਤੋਂ ਰੱਬ ਵੀ ਡਰਦਾ। ਗੁਰਦੁਆਰਾ ਬੰਦਸੀ। ਉਹ ਦੂਰੋਂ ਹੀ ਮੱਥਾ ਟੇਕ ਵਾਪਸ ਮੁੜ ਪਿਆ। ਉਹਨੇ ਰਾਹ 'ਚ ਹੀ ਗਾਫੇ ਨੂੰ ਫੋਨ ਲਾ ਲਿਆ। ਹਾਲ ਚਾਲ ਪੁੱਛ ਅਸਲ ਗੱਲ ਤੇ ਆ ਗਿਆ।

"ਮੈਂ ਕਿਹਾ ਦਸ ਦਿਆ ਇਹ ਕਰਾਂਤੀ ਦਾ ਬੱਚਾ ਕੋਈ ਪੌਲਸ਼ਿਣ ਜ਼ਨਾਨੀ ਲੱਭੀ ਫਿਰਦਾ। ਇਹਨੇ ਉਹ ਦੇ ਨਾਲ ਰਹਿਣ ਲੱਗ ਪੈਣਾ। ਤੈਨੂੰ ਪਤਾ ਆਪਾਂ ਰੱਬ ਨੂੰ ਮੰਨਣ ਵਾਲੇ ਬੰਦੇ । ਇਹ ਚਲਾਕੀਆਂ ਜਿਹੀਆਂ ਕਰਦਾ ਰਹਿੰਦਾ। ਮੈਨੂੰ ਕਹਿੰਦਾ, 'ਤੂੰ ਗਾਫੇ ਨੂੰ ਨਾ ਦੱਸੀਂ। ਮੈਂ ਕਿਹਾ, 'ਮੈਂ ਕਿਉਂ ਤੇਰੇ ਨਾਲ ਪਾਪਾਂ ਦਾ ਧਕਾਰੀ ਬਣਾ। ਆਪਾਂ ਤਾਂ ਸੱਚੇ ਸੁੱਚੇ ਬੰਦੇ ਆਂ। ਕੱਲ ਨੂੰ ਤੂੰ ਕਹੇਗਾ ਤੈਨੂੰ ਪਤਾ ਸੀ। ਤੂੰ ਸੱਚੀ ਗੱਲ ਮੈਨੂੰ ਨਹੀਂ ਦੱਸੀ। ਆਪਾਂ ਆਪਣਾ ਫਰਜ ਨਿਭਾਈਆ।" ਕਹਿ ਕੇ ਗੁਰਮੁੱਖ ਸੁਰਖਰੂ ਹੋ ਗਿਆ। ਸੋਫੀਆ ਦੇ ਫਲੈਟਾਂ ਮੂਹਰੇ ਆ ਉਹਨੇ ਮੁੱਛ ਨੂੰ ਵੱਟ ਦਿੱਤਾ। ਖੰਗੂਰਾ ਮਾਰ ਥੁੱਕਿਆ ਤੇ ਮੁਸਕਰਾਇਆ। ਘਰ ਪਹੁੰਚਿਆ ਤਾਂ ਸਾਰੇ ਆਪਣੇ



ਆਪਣੇ ਰੂਮਾਂ ਵਿਚ ਦੜੇ ਬੈਠੇ ਸਨ। ਉਹ ਆਪਣੇ ਰੂਮ ਵਿਚ ਗਿਆ ਤਾਂ ਕਰਾਂਤੀ ਸਿਰ ਫੜੀ ਬੈਠਾ ਸੀ। ਗੁਰਮੁੱਖ ਦਾ ਦਿਲ ਖਿੱਲ ਗਿਆ। ਸਦਾ ਹਸਦਾ ਖੇਡਦਾ ਸਭ ਨੂੰ ਮਜਾਕ, ਗੱਲਾਂ ਤੇ ਦਲੀਲਾਂ ਨਾਲ ਖੂੰਜੇ ਲਾਈ ਰੱਖਣ ਵਾਲੇ ਨੂੰ ਉਹਨੇ ਖੂੰਜੇ ਲਾ ਦਿੱਤਾ ਸੀ ।

"ਭਾਜੀ ਤੈਨੂੰ ਮੈਂ ਵੀਹ ਵਾਰੀ ਕਿਹਾ। ਕੋਈ ਵੀ ਗੱਲ ਹੌਲੀ ਕਰਿਆ ਕਰ । ਕਮਰੇ ਤੋਂ ਬਾਹਰ ਜਾ ਕੇ ਤਾਂ ਗੱਲ ਕਰੀਦੀ ਓਈ ਨ੍ਹੀ। ਤੂੰ ਇਥੋਂ ਰੌਲਾ ਪਾਉਂਦਾ ਤੁਰ ਗਿਆ। ਕਿਸੇ ਕੰਜ਼ਰ ਨੇ ਫੋਨ ਕਰਕੇ ਗਾਫੇ ਨੂੰ ਦੱਸ ਵੀ ਦਿੱਤਾ। ਹੁਣ ਪਤਾ ਲੱਗਦਾ ਕਿ ਅਸੀਂ ਸੌ ਸਾਲ ਕਿਉਂ ਗੁਲਾਮ ਰਹੇ। ਸਾਡੇ ਵਿੱਚ ਚੁਗਲ ਖੋਰ ਤੇ ਗਦਾਰਾਂ ਦੀ ਗਿਣਤੀ ਬਹੁਤ ਆ। ਮੈਂ ਗਾਫੇ ਨੂੰ ਕਹਿ ਤਾ ਕਰਾਇਆ ਤੇ ਸਾਰੇ ਖਰਚੇ ਮੈਂ ਐਡਵਾਂਸ ਦੇਆ ਕਰੂੰਗਾ। ਤੂੰ ਮੌਜ ਨਾਲ ਕੱਲਾ ਰਹਿ। ਕਿਸੇ ਨੂੰ ਅੰਦਰ ਨਾ ਵੜਨ ਦੇਵੀਂ। ਤੇਰਾ ਵੀਰ ਤੇਰੇ ਨਾਲ ਹੀ ਰਹੂ ਭਾਵੇਂ ਵਿਚਾਰਾਂ ਦੀ ਜੰਗ ਨਿੱਤ ਲੜੀਏ। ਮੈਨੂੰ ਸਮਝ ਨ੍ਹੀ ਆਉਂਦੀ ਕਦੇ ਕਿਸੇ ਦੀ ਮਾੜੀ ਨ੍ਹੀਂ ਕੀਤੀ। ਇਹ ਕਿਹੜਾ ਕੰਜਰ ਹੋਈਆ ? ਜੋ ਐਡਾ ਦੋਖੀ ਮੇਰਾ। ਚਲੋ ਜਿਹੜਾ ਵੀ ਹੈ। ਉਹਦਾ ਕਸੂਰ ਨ੍ਹੀਂ। ਕਸੂਰ ਸਾਡਾ ਅਸੀਂ ਸਭ ਨੂੰ ਹੀ ਅਪਣੇ ਸਮਝ ਲਈਦਾ।" ਕਰਾਂਤੀ ਕੱਪੜੇ ਬੈਗ ਵਿਚ ਪਾ ਕੇ ਆਪਣੀ ਗਰਲ ਫੈਰੰਡ ਵੱਲ ਤੁਰ ਗਿਆ।

ਗੁਰਮੁੱਖ ਮਨ ਹੀ ਮਨ ਖੁਸ਼ ਹੋ ਰਿਹਾ ਸੀ ਕਿ ਉਸਨੇ ਕਰਾਂਤੀ ਨੂੰ ਬੇਵਕੂਫ ਬਣਾਇਆ ਸੀ। ਜਿਹੜਾ ਆਪਣੇ ਆਪ ਨੂੰ ਬਹੁਤ ਅਕਲ ਮੰਦ ਸਮਝਦਾ। ਉਹ ਬੈਡ 'ਤੇ ਚੌੜਾ ਹੋ ਲੱਤਾਂ ਪਸਾਰ ਕੇ ਪੈ ਗਿਆ।

"ਇਹ ਨੂੰ ਗੋਰੀ ਪਾਸਪਰੋਟ ਦਿਵਾਊਗੀ। ਖਾ ਪੀ ਕੇ ਢੂਈ ਚੋਂ ਮਾਰੂ ਲੱਤ ਤੇ ਔਹ ਜਾਊ । ਚਾਰ ਪੈਸੇ ਕਮਾਉਣ ਲੱਗ ਪੈਂਦੇ ਤਾਂ ਆਪਣੇ ਆਪ ਨੂੰ ਰੱਬ ਹੀ ਸਮਝਣ ਲੱਗ ਪੈਂਦੇ।" ਗੁਰਮੁੱਖ ਦਿਲ ਹੀ ਦਿਲ ਕੁੜਦਾ ਰਿਹਾ।

ਲੌਕਡੌਨ ਖੁੱਲਿਆ ਤਾਂ ਧੀਮੀ ਰਫ਼ਤਾਰ ਨਾਲ ਕੰਮ ਚੱਲਣ ਲੱਗੇ। ਬਹੁਤ ਲੋਕਾਂ ਦੀਆਂ ਨੌਕਰੀਆਂ ਛੁੱਟ ਗਈਆਂ ਸਨ। ਗੁਰਮੁੱਖ ਦੀ ਵੀ ਕਦੇ ਦਿਹਾੜੀ ਲਗਦੀ ਕਦੇ ਨਾ। ਅੱਗੇ ਵਿਹਲਾ ਟਾਈਮ ਗੁਰੂ ਘਰ ਬੀਤ ਜਾਂਦਾ ਸੀ। ਹੁਣ ਸਭ ਬੰਦ ਸੀ। ਘਰ ਟਾਈਮ ਪਾਸ ਨਾ ਹੁੰਦਾ ਤਾਂ ਇੰਡੀਆ ਫੋਨ ਲਾ ਬਹਿੰਦਾ। ਅੱਜ ਘਰ ਵਾਲੀ ਨੇ ਫੋਨ ਚੁੱਕਦਿਆ ਹੀ ਕਹਿ ਦਿੱਤਾ ਸੀ, "ਅੱਜ ਫੇਰ ਵਿਹਲੇ !"

"ਮੇਰਾ ਕਿਹੜਾ ਜੀ ਕਰਦਾ ਵਿਹਲਾ ਰਹਿਣ ਨੂੰ। ਸਾਲਾ ਕਿਤੇ ਕੰਮ ਲੋਟ ਈ ਨ੍ਹੀਂ ਆਉਂਦਾ। ਹੁਣ ਤਾਂ ਜੀ ਕਰਦਾ ਵਾਪਸ ਮੁੜ ਆਵਾਂ।" ਉਹ ਅੱਕਿਆ ਬੈਠਾ ਸੀ।

"ਇੱਥੇ ਕਿਹੜਾ ਬੈਂਕਾਂ ਭਰੀਆਂ ਪਈਆਂ ? ਬਈ ਬੈਠੇ ਕੱਡ ਕੱਡ ਖਾਈ ਜਾਵਾਂਗੇ। ਘਰ ਦੇ ਤੇ ਜੁਆਕਾਂ ਦੀ ਪੜ੍ਹਾਈ ਦੇ ਖਰਚ ਹੀ ਨ੍ਹੀਂ ਪੂਰੇ ਹੁੰਦੇ। ਜਿਹੜੇ ਚਾਰ ਛਿੱਲੜ ਸੀ। ਉਹ ਘਰ ਦਾ ਮੂੰਹ ਮੱਥਾ ਸੁਆਰਨ ਤੇ ਲਾ ਬੈਠੇ। ਵੇਖੀਂ ਕਿਤੇ ! ਐਵੇਂ ਕਾਹਲੀ ਚੋਂ ਪੈਰ ਪੁੱਟ ਲਵੇਂ। ਇੱਥੇ ਕੁਛ ਨ੍ਹੀਂ ਬਣਦਾ ਦੋ ਚਾਰ ਕਿੱਲੇ ਜ਼ਮੀਨ ਵਾਲਿਆਂ ਦਾ। ਸਭ ਭੁੱਖ ਨਾਲ ਘੁੱਲਦੇ। ਹੋਰ ਚੌਹ ਸਾਲਾਂ ਨੂੰ ਨਿਆਣੇ ਸੰਭਲ ਜਾਣਗੇ। ਫੇਰ ਜੋ ਮਰਜੀ ਕਰੀਂ। ਮੈਂ ਨ੍ਹੀਂ ਰੋਕਦੀ।" ਘਰਵਾਲੀ ਹਲਾਤ ਦੱਸ ਸਮਝਾਉਣ ਤੇ ਡਰਾਉਣ ਲੱਗੀ।

"ਫੇਰ ਮੈਂ ਕੀ ਮਰਜੀ ਕਰਨੀ ? ਜਦੋਂ ਗੰਗਾ ਫੁੱਲ ਪੈਗੇ। ਕਰਾਂਤੀ ਠੀਕ ਈ ਕਹਿੰਦਾ ਸਭ ਪੈਸੇ ਨੂੰ ਪਿਆਰ ਕਰਦੇ। ਬੰਦੇ ਨੂੰ ਕੋਈ ਨ੍ਹੀਂ ਕਰਦਾ।" ਗੁਰਮੁੱਖ ਨੂੰ ਕਰਾਂਤੀ ਦੀਆਂ ਗੱਲਾਂ ਸਹੀ ਜਾਪਣ ਲੱਗੀਆਂ।

"ਪਿਆਰ ਨਾਲ ਢਿੱਡ ਨ੍ਹੀ ਭਰਦੇ ! ਉਹ ਤਾਂ ਅੰਨ ਮੂੰਹ ਪੈਂਦਾ ਤਾਂ ਭਰਦੇ। ਪਰਵਾਰਾਂ ਖਾਤਰ ਬੰਦਾ ਸੌ ਸੌ ਪਾਪੜ ਵੇਲਦਾ। ਤੂੰ ਕੋਈ ਜੱਗੋਂ ਵੱਖ ਰਾਤਾਂ ਨ੍ਹੀ ਕਰਦਾ। ਜੇ ਐਨੀ ਜੋਗਾ ਨਹੀਂ ਸੀ , ਤਾਂ ਨਾ ਵਿਆਹ ਕਰਾਉਂਦਾ। ਨਾ ਜੁਆਕ ਜੰਮਦੇ।" ਘਰਵਾਲੀ ਵੀ ਅੱਗੋਂ ਸਤੀ ਪਈ ਸੀ।

"ਇਸੇ ਗਲਤੀ ਦੀ ਸਜ਼ਾ ਭੁਗਤਦਿਆਂ ਦਸ ਸਾਲ ਹੋ ਗਏ। ਇਹ ਤਾਂ ਸਾਲੀ ਉਮਰ ਕੈਦ ਹੀ ਲੱਗਦੀ। ਮਰ ਕੇ ਹੀ ਖੈੜਾ ਛੁੱਟੂਗਾ।" ਫੋਨ ਕੱਟਿਆ ਗਿਆ। ਲੋਕਲ ਕਾਲ ਕੰਮ ਦੀ ਆ ਗਈ ਸੀ। ਉਸਨੂੰ ਸੁਣਕੇ ਗੁਰਮੁੱਖ ਦਾ ਮਨ ਸਾਂਵਾ ਹੋ ਗਿਆ। ਕੰਮ ਤੇ ਦਿਹਾੜੀ ਲੱਗਣ ਦੀ ਆਸ ਬੱਝੀ ਸੀ। ਹੁਣ ਉਹ ਕਰੋਨੇ ਦੀ ਪ੍ਰਵਾਹ ਕੀਤੇ ਬਿਨਾਂ ਕੰਮ ਤੇ ਜਾਣ ਲੱਗਾ ਸੀ। ਕਰਾਂਤੀ ਤਾਂ ਕਦੇ ਕਦਾਈਂ ਗੇੜਾ ਮਾਰਦਾ। ਪਿੱਛਲੀ ਵਾਰ ਆਇਆ ਕਹਿ ਗਿਆ ਸੀ ਕਿ ਉਹਨੇ ਅਗਲੇ ਮਹੀਨੇ ਤੋਂ ਕਮਰਾ ਛੱਡ ਦੇਣਾ। ਉਹ ਆਪਣੀ ਗਰਲ ਫਰੈਂਡ

ਨੂੰ ਵੀ ਨਾਲ ਲਿਆਇਆ ਸੀ। ਉਹ ਉਸ ਨਾਲ ਵਿਅਹ ਕਰਾਉਣ ਵਾਲਾ ਸੀ। ਕਰਾਂਤੀ ਦੇ ਘਰੋਂ ਬਾਹਰ ਹੁੰਦਿਆ ਹੀ ਗੁਰਮੁੱਖ ਨੇ ਗਾਫੇ ਨੂੰ ਫ਼ੋਨ ਕਰਕੇ ਸਭ ਦੱਸ ਦਿੱਤਾ।

ਕਰਾਂਤੀ ਸਟੱਡੀ ਲਈ ਇੰਗਲੈਂਡ ਆਇਆ ਸੀ। ਪਰ ਕਾਲਿੱਜ ਦੀਆਂ ਮੋਟੀਆਂ ਫੀਸਾਂ ਤਾਰ ਨਾ ਹੋਈਆ ਤਾਂ ਉਸਨੇ ਪੜ੍ਹਾਈ ਦਾ  ਖਿਆਲ ਛੱਡ ਕਮਾਈ ਵੱਲ ਖਿਆਲ ਕੀਤਾ। ਹੁਣ ਜਦੋਂ ਸੋਹਣੀ ਕਮਾਈ ਕਰਨ ਲੱਗਾ ਤਾਂ ਸਥਾਈ ਵਸੇਬੇ ਦਾ ਖਿਆਲ ਆਉਣਾ ਜ਼ਰੂਰੀ ਸੀ। ਇਸ ਲਈ ਚੰਗੀ ਲਾਈਫ ਪਾਟਨਰ ਦੀ ਲੋੜ ਸੀ। ਲੀਨਾ ਉਸਨੂੰ ਆਪਣੇ ਵਿਚਾਰਾਂ ਦੀ ਜਾਪੀ ਸੀ। ਦੋਵੇਂ ਜਾਤਾਂ ਧਰਮਾਂ ਦੇ ਬੰਦਨਾਂ ਤੋ ਉਪਰ ਮਨੁੱਖਤਾ ਨੂੰ ਪਿਆਰ ਕਰਨ ਵਾਲੇ। ਆਪਣੇ ਪਿਆਰ ਦੀ ਦੁਨੀਆ ਵਿਚ ਲੀਨ ਹੋ ਗਏ। ਕੰਮ ਅਤੇ ਇਕ ਦੂਜੇ ਤੋਂ ਵਿਹਲ ਮਿਲਦੀ ਤਾਂ ਹੀ ਹੋਰ ਕਿਸੇ ਬਾਰੇ ਸੋਚਦੇ। ਲੀਨਾ ਕਦੇ ਵਿਹਲੀ ਹੁੰਦੀ ਤਾਂ ਸੋਫੀਆ ਨੂੰ ਮਿਲ ਆਉਂਦੀ। ਕਰਾਂਤੀ ਕੋਲ ਵਕਤ ਘੱਟ ਹੀ ਹੁੰਦਾ ਸੀ। ਗੁਰਮੁੱਖ ਨੂੰ ਮਿਲਿਆ ਤੇ ਫ਼ੋਨ ਕੀਤਿਆ ਵੀ ਮਹੀਨਿਓ ਵੱਧ ਸਮਾਂ ਹੋ ਗਿਆ ਸੀ। ਅੱਜ ਉਸਦਾ ਫ਼ੋਨ ਆਈਆ ਤਾਂ ਉਹ ਹੈਰਾਨ ਸੀ। ਉਹਦਾ ਸਾਹ ਨਹੀਂ ਨਿਕਲ ਰਿਹਾ ਸੀ। ਜੋਰ ਲਾ ਲਾ ਖੰਗਦਿਆਂ ਉਸਨੇ ਮਸਾਂ ਹੀ ਸਮਝਾਇਆ ਸੀ।

"ਕਰਾਂਤੀ ਮੈਂਨੂੰ ਬਚਾ ਲਾ ਕਰੋਨਾ ਹੋ ਗਿਆ ਹਾਏ ਹਾਏ !" ਉਹ ਹੱਫ ਰਿਹਾ ਸੀ।

"ਤੂੰ ਹੱਸਪਤਾਲ ਕਿਉਂ ਨਹੀਂ ਗਿਆ? ਕਿਸੇ ਨੂੰ ਕਹਿ ਕੇ ਐਮਬੂਲੈਂਸ ਨੂੰ ਫੋਨ ਕਰਵਾ।" ਕਰਾਂਤੀ ਨੂੰ ਪਤਾ ਸੀ ਕਿ ਉਹ ਖੁਦ ਇੰਗਲਿਸ਼ ਨਹੀਂ ਬੋਲ ਸਕਦਾ। ਉਸਨੂੰ ਗੁਰਮੁੱਖ ਦੀ ਹਾਲਤ ਨੇ ਬਹੁਤ ਫ਼ਿਕਰ ਮੰਦ ਕਰ ਦਿੱਤਾ।

"ਕੀਹਨੂੰ ਕਹਾ ਸਾਰੇ ਘਰ ਛੱਡ ਕੇ ਭੱਜਗੇ ਮੈਨੂੰ ਕੱਲੇ ਨੂੰ ਮਰਨ ਲਈ ਛੱਡਗੇ ਸਭ ਨੇ ਫੋਨ ਵੀ ਬੰਦ ਕਰਲੇ ਹਾਏ !" ਉਹਦੀ ਅਵਾਜ਼ ਮੱਧਮ ਤੇ ਉਖੜੀ ਹੋਈ ਸੀ।

ਕਰਾਂਤੀ ਨੂੰ ਪਤਾ ਸੀ ਕਿ ਉਥੇ ਰਹਿਣ ਵਾਲੇ ਕਿਸੇ ਕੋਲ ਵੀ ਪੇਪਰ ਨਹੀਂ ਸਨ। ਉਹ ਫੜੇ ਜਾਣ ਦੇ ਡਰੋਂ ਭੱਜ ਗਏ ਹੋਣਗੇ। ਪਰ ਇਉਂ ਕਿਸੇ ਨੂੰ ਮੁਸੀਬਤ ਵਿਚ ਇਕੱਲੇ ਛੱਡ ਚੋਰਾਂ ਵਾਂਗੂੰ ਭੱਜਣਾ ਕਿਥੋਂ ਦੀ ਇਨਸਾਨੀਅਤ ਹੈ। ਉਂਝ ਸਾਰੇ ਆਪਣੇ ਆਪ ਨੂੰ ਬੜੇ ਧਾਰਮਿਕ ਕਹਾਉਂਦੇ ਸੀ।

"ਭਾਆ ਤੂੰ  ਫ਼ਿਕਰ ਨਾ ਕਰ। ਮੈਂ ਹੁਣੇ ਐਂਮਬੂਲੈਂਸ ਨੂੰ ਫ਼ੋਨ ਕਰਦਾ।"

"ਪਰ ਮੈਂ ਉਹਨਾਂ ਨੂੰ ਕਿਵੇਂ ਸਮਝਾਊਂਗਾ?"

"ਤੂੰ ਫਿਕਰ ਨਾ ਕਰ। ਮੈਂ ਸਭ ਕੁਝ ਸਮਝਾ ਦੂ ਫ਼ੋਨ ਤੇ ਤੂੰ ਹੌਸਲਾ ਰੱਖ।" ਕਰਾਂਤੀ ਨੇ ਉਸ ਨੂੰ ਹੌਸਲਾ ਦੇ ਫੋਨ ਕੱਟ ਦਿੱਤਾ ਤੇ ਐਂਮਬੂਲੈਂਸ ਨੂੰ ਫ਼ੋਨ ਕਰ ਦਿੱਤਾ। ਉਸਨੇ ਲੀਨਾ ਤੋਂ ਸੋਫੀਆ ਦਾ ਨੰਬਰ ਲੈ ਉਸਨੂੰ ਦੱਸਿਆ ਤਾਂ ਗੁਰਮੁੱਖ ਦਾ ਹੌਸਲਾ ਵਧਾਉਣ ਲਈ ਸੋਫੀਆ ਐਂਮਬੂਲੈਂਸ ਦੇ ਪਹੁੰਚਣ ਤੋਂ ਪਹਿਲਾਂ ਉਸਦੇ ਘਰ ਅੱਗੇ ਜਾ ਖੜੀ ਸੀ। ਕਰਾਂਤੀ ਨੇ ਗੁਰਮੁੱਖ ਨੂੰ ਫ਼ੋਨ ਤੇ ਦੱਸਿਆ ਕਿ ਸੋਫੀਆ ਬਾਹਰ ਖੜੀ ਹੈ। ਐਮਬੂਲੈਂਸ ਨੂੰ ਸਭ ਸਮਝਾ ਦਊਗੀ। ਉਸਨੇ ਉੱਠ ਕੇ ਖਿੜਕੀ ਵਿਚੋਂ ਦੀ ਸੋਫੀਆ ਨੂੰ ਦੇਖਿਆ ਤੇ ਹੈਲੋ ਕੀਤੀ। ਐਂਮਬੂਲੈਂਸ ਆਈ ਤਾਂ ਉਸ ਨੇ ਜਿਵੇਂ ਕਰਾਂਤੀ ਨੂੰ ਦੱਸਿਆ ਸੀ ਦੱਸ ਦਿੱਤਾ। ਗੁਰਮੁੱਖ ਦਸਾਂ ਸਾਲਾਂ ਵਿਚ ਹਸਪਤਾਲ ਪਹਿਲੀ ਵਾਰ ਆਇਆ ਸੀ। ਜਦੋਂ ਨਰਸ ਨੇ ਪੰਜਾਬੀ ਵਿਚ ਗੱਲ ਕੀਤੀ ਤਾਂ ਉਹਦਾ ਹੌਸਲਾ ਹੋਰ ਵੀ ਵੱਧ ਗਿਆ ਸੀ। ਕੁਝ ਦਿਨ ਵੈਂਟੀਲੇਟਰ 'ਤੇ ਰਹਿਣ ਮਗਰੋਂ ਉਸਦੀ ਹਾਲਤ ਸੁਧਰ ਗਈ। ਦੋ ਹਫ਼ਤਿਆਂ ਮਗਰੋਂ ਉਹ ਠੀਕ ਹੋ ਕੇ ਘਰ ਮੁੜਿਆ ਤਾਂ ਕਰਾਂਤੀ ਦੇ ਕਹਿਣ ਤੇ ਸੋਫੀਆ ਉਸਨੂੰ ਗਰੌਸਰੀ ਖਰੀਦ ਕੇ ਦੇ ਜਾਂਦੀ। ਗਾਫੇ ਦਾ ਵੀ ਫ਼ੋਨ ਆ ਗਿਆ। ਫਰਜੀ ਹਾਲ ਚਾਲ ਪੁੱਛ ਬੋਲਿਆ।

"ਗੁਰਮੁੱਖਾਂ ਕਿਤੇ ਹੋਰ ਕਮਰੇ ਦਾ ਇੰਤਜਾਮ ਕਰ ਲਾ। ਤੈਥੋਂ ਡਰਦਾ ਤਾਂ ਕੋਈ ਕਮਰਾ ਕਰਾਏ ਤੇ ਲੈਣ ਨੂੰ ਤਿਅਰ ਨਹੀਂ। ਮੇਰਾ ਅੱਗੇ ਮਹੀਨੇ ਦਾ ਕਿਰਾਇਆ ਮਰ ਗਿਆ। ਜੇ ਹੁਣ ਖਾਲੀ ਕਰੇਗਾ ਤਾਂ ਜਾ ਕੇ ਮਹੀਨੇ ਵੀ ਹਾਂ ਦਿਨਾਂ ਤੱਕ ਕੋਈ ਆਉਣ ਨੂੰ ਮਸਾਂ ਤਿਆਰ ਹੋਊ। ਸਭ ਹੀ ਡਰਦੇ ਆ। ਜਾਨ ਕੀਹਨੂੰ ਪਿਆਰੀ ਨਹੀਂ।" ਗਾਫੇ ਨੇ ਸਿਰੇ ਦੀ ਨਬੇੜ ਦਿੱਤੀ।

"ਗਾਫਾ ! ਮੈਂ ਅਜੇ ਕਿਤੇ ਜਾਣ ਜੋਗਾ ਨ੍ਹੀ। ਬੈਡ ਤੋਂ ਉੱਠ ਟੁਆਇਲਟ ਤੱਕ ਮਸਾਂ ਜਾਨਾ। ਤੈਨੂੰ ਪਤਾ



ਇਸ ਘਰ ਵਿਚ ਮੈਂ ਸਭ ਤੋਂ ਪੁਰਾਣਾ ਹਾਂ। ਕਦੇ ਕਰਾਏ ਨੂੰ ਅੱਗਾ ਪਿੱਛਾ ਨ੍ਹੀ ਹੋਣ ਦਿੱਤਾ। ਘਰ ਵਿਚ ਕੋਈ ਖਰਾਬੀ ਕਰੇ ਜਾਂ ਕਰਾਇਆ ਮਾਰ ਕੇ ਭੱਜਣ ਦੀ ਸੋਚੇ। ਉਸੇ ਵੇਲੇ ਤੈਨੂੰ ਖਬਰਦਾਰ ਕਰਦਾ ਰਿਹਾ। ਹੁਣ ਤੂੰ ਇਉਂ ਨਾ ਕਰ। ਰੱਬ ਤੋਂ ਡਰੀਦਾ। ਦੁੱਖ ਪਤਾ ਨਹੀਂ ਕਦੋਂ ਕੀਹਦੇ ਤੇ ਪੈਜੇ ?"

"ਮੈਂ ਵੀ ਕਰੋਨੇ ਤੋਂ ਡਰਦਾ ਹੀ ਨ੍ਹੀ ਆਈਆ। ਨਹੀਂ ਕਦੋਂ ਦਾ ਤੇਰਾ ਸਮਾਨ ਚੁੱਕ ਕੇ ਬਾਹਰ ਮਾਰਨਾ ਸੀ। ਦੇਖ ਜਾਂ ਤਾਂ ਪੂਰੇ ਘਰ ਦਾ ਦਸਾਂ ਬੰਦਿਆਂ ਦਾ ਕਿਰਾਇਆ ਦੇ ਦਿਆ ਕਰ। ਨਹੀਂ ਘਰੋਂ ਬਾਹਰ ਹੋ। ਫੇਰ ਨਾ ਕਹੀਂ ਪਹਿਲਾਂ ਨਹੀਂ ਦੱਸਿਆ।"

"ਗਾਫੇ ਇਉਂ ਧੱਕਾ ਨਾ ਕਰ। ਧਰਮ ਈਮਾਨ ਦੀ ਗੱਲ ਕਰ। ਤੂੰ ਵੀਸਿੱਖ ਧਰਮ ਨੂੰ ਮੰਨਦਾ। ਸਿੱਖ ਹਮੇਸ਼ਾ ਦੀਨ ਦੁੱਖੀ ਦੀ ਹਾਮੀ ਭਰਦੇ ਤੇ ਹੱਕ ਸੱਚ ਲਈ ਲੜਦੇ ਆਏ।"

"ਰਹਿਣ ਦੇ ! ਜਾਣਦਾ ਮੈਂ ਤੈਨੂੰ ਹੱਕ ਸੱਚ ਵਾਲੇ ਨੂੰ। ਕਿੰਨਾ ਚਿਰ ਤਾਂ ਤੂੰ ਨਵੇਂ ਮੁੰਡਿਆਂ ਤੋਂ ਕਰਾਇਆ ਵੱਧ ਲੈ ਲੈ ਮੈਨੂੰ ਘੱਟ ਦਿੰਦਾ ਰਿਹਾ। ਸਭ ਦੀਆਂ ਚੁਗਲੀਆਂ ਮੇਰੇ ਕੋਲ ਕਰਦਾ ਰਹਿਨਾਂ। ਆਹ ਕਰਾਂਤੀ ਜਿਹੜਾ ਤੇਰਾ ਬਾਹਲਾ ਹਮਦਰਦੀ ਬਣਿਆ ਫਿਰਦਾ। ਉਹਨੂੰ ਤੇਰੀਆਂ ਸਾਰੀਆਂ ਚੁਗਲੀਆਂ ਦੱਸਦਿਆਂ ਤਾਂ ਜੁੱਤੀਆਂ ਮਾਰ ਮਾਰ ਤੇਰਾ ਸਿਰ ਗੰਜਾ ਕਰਦੂ। ਬਾਹਲਾ ਗਿਆਨ ਘੋਟਣ ਦੀ ਲੋੜ ਨ੍ਹੀ। ਸਿੱਧੀ ਹਿਸਾਬ ਕਿਤਾਬ ਦੀ ਗੱਲ ਕਰ ਕਿਵੇਂ ਕਰਨੀ ?" ਗਾਫੇ ਨੇ ਉਹਦੀ ਬੋਲਤੀ ਬੰਦ ਕਰ ਦਿਤੀ ਸੀ। ਅਨ ਲੀਗਲ ਹੋਣ ਕਰਕੇ ਅੱਗੋਂ ਆਕੜ  ਕੇ ਕੁਝ ਕਹਿ ਵੀ ਨਹੀਂ ਸਕਾ ਸੀ।

"ਕਰਦਾਂ ਕੋਈ ਹੱਲ ਹੀਲਾ ਹਫ਼ਤੇ ਖੰਡ ਵਿਚ।" ਗਾਫੇ ਨੇ ਛੇਤੀ ਤੋਂ ਛੇਤੀ ਕਰਨ ਦੀ ਤਗੀਦ ਕਰ ਫੋਨ ਕੱਟ ਦਿਤਾ।

ਗੁਰਮੁੱਖ ਨੇ ਫੋਨ ਤੇ ਕਰਾਂਤੀ ਨੂੰ ਵੀ ਦੱਸਿਆ। ਉਹਨੇ ਸੋਫੀਆ ਕੋਲ ਗੱਲ ਕੀਤੀ। ਉਹ ਦੁੱਧ ਬਰੈਡ ਫੜਾਉਣ ਆਈ। ਸਮਝਾਉਣ ਲੱਗੀ।

"ਫਿਕਰ ਨਾ ਕਰ । ਮੈਂ ਤੇਰੇ ਲਈ ਕਮਰਾ ਲੱਭਣ ਦੀ ਪੂਰੀ ਕੋਸ਼ਿਸ਼ ਕਰਾਂਗੀ।" ਗੁਰਮੁੱਖ ਨੂੰ ਸੋਫੀਆ ਦੀ ਹਮਦਰਦੀ 'ਚੋਂ ਪਿਆਰ ਮਹਿਸੂਸ ਹੋਣ ਲੱਗਾ ਸੀ। ਉਹ ਕਰਾਂਤੀ ਕੋਲ ਉਹਦੀਆਂ ਸਿਫਤਾਂ ਕਰਦਾ। ਕਰਾਂਤੀ ਵੀ ਉਹਨੂੰ ਛੇੜਦਾ।

"ਲਗਦਾ ਤੈਨੂੰ  ਲਵ  ਕਰਦੀ। ਪੁੱਛ ਲੈ ਕਿਸੇ  ਦਿਨ। ਸਿੰਗਲ ਈ ਆ। ਨਾਲੇ ਕਮਰਾ ਲੱਭਣ ਦੀ ਨ੍ਹੀ ਲੋੜ ਪੈਣੀ।" ਕਰਾਂਤੀ ਨੇ ਹੌਸਲਾ ਦਿੱਤਾ ਤਾਂ ਗੁਰਮੁੱਖ ਦਲੇਰੀ ਫੜ ਗਿਆ। ਉਸ ਨੂੰ ਆਪਣਾ ਆਪ ਬਿਲਕੁੱਲ ਤੰਦਰੁਸਤ ਜਾਪਿਆ। ਉਠ ਕੇ ਦਾੜ੍ਹੀ ਤੇ ਮਸ਼ੀਨ ਫੇਰ ਛੋਟੀ ਕਰ ਕਾਲੀ ਕੀਤੀ ਤੇ ਨਹਾਤਾ। ਅੱਜ ਉਸਨੂੰ ਪਹਿਲੀ ਵਾਰ ਇੰਗਲੈਂਡ ਚੰਗਾ ਚੰਗਾ ਲੱਗਿਆ ਸੀ। ਉਸ ਦਾ ਬਾਹਰ ਨਿਕਲਣ ਨੂੰ ਜੀ ਕੀਤਾ। ਰੋਡ ਤੇ ਆ ਉਸਦੇ ਕਦਮ ਆਪਣੇ ਆਪ ਸੋਫੀਆ ਦੇ ਫਲੈਟ ਵੱਲ ਨੂੰ ਵੱਧਣ ਲੱਗੇ। ਕਿੰਨੀ ਦੇਰ ਦੂਰੋਂ ਖੜਾ ਦੇਖਦਾ ਰਿਹਾ। ਉਸ ਨੂੰ ਸੋਫੀਆ ਨਜ਼ਰ ਨਾ ਆਈ। ਉਹ ਆਪਣੇ ਪੌਂਡੂ ਬਜ਼ੁਰਗ ਕੋਲ ਗਿਆ। ਔਖੇ ਸਮੇਂ ਲਈ ਰੱਖੇ ਕੁਝ ਪੈਸੇ ਫੜ ਕੇ ਟਾਊਨ ਚਲਾ ਗਿਆ। ਸੋਫੀਆ ਲਈ ਗਿੱਫਟ ਖਰੀਦੇ। ਬੀਅਰ, ਵਿਸ਼ਕੀ ਤੇ ਵਾਈਨ ਖਰੀਦ ਘਰ  ਮੁੜਿਆ। ਉਹ ਆਪਣੇ ਆਪ ਵਿਚ ਬਿਲਕੁਲ ਤੰਦਰੁਸਤ ਮਹਿਸੂਸ ਕਰ ਰਿਹਾ ਸੀ। ਰਾਤ ਉਸਨੇ ਮਸਾਂ ਕੱਟੀ ਸੀ। ਸੋਫੀਆ ਹਰ ਦੂਜੇ ਦਿਨ ਕੰਮ ਤੋਂ ਆ ਦੋ ਕੋ ਵਜੇ ਉਸਨੂੰ ਗਰੌਸਰੀ ਦਾ ਸਮਾਨ ਫੜਾਉਣ ਆਉਂਦੀ ਸੀ। ਪਰ ਅੱਜ ਚਾਰ ਵੱਜ ਗਏ ਸਨ। ਗੁਰਮੁੱਖ ਵਾਰ ਵਾਰ ਖਿੜਕੀ ਵਿਚ ਦੀ ਬਾਹਰ ਦੇਖਦਾ ਸੋਚ ਰਿਹਾ ਸੀ।

"ਉਸਨੇ ਮੈਨੂੰ ਬਾਹਰ ਗਏ ਨੂੰ ਦੇਖ ਨਾ ਲਿਆ ਹੋਵੇ। ਕਿਤੇ ਕਰਾਂਤੀ ਨੇ ਉਹਦੇ ਕੋਲ ਗੱਲ ਕਰਤੀ ਹੋਵੇ ਤਾਂ ਗੁੱਸੇ ਹੋ ਗੀ ਹੋਣੀ। ਕਰਾਂਤੀ ਸਹੀ ਕਹਿੰਦਾ। 'ਅਸੀਂ ਹਰ ਜਨਾਨੀ ਨੂੰ ਗਲਤ ਹੀ ਸਮਝ ਲੈਨੇ। ਉਹ ਮੇਰੇ ਬਾਰੇ ਕੁਝ ਹੋਰ ਸੋਚਦੀ ਹੋਵੇ। ਮੇਰੇ ਵਿਆਹੇ ਹੋਣ ਦਾ ਪਤਾ ਲੱਗਣ ਤੇ ਰੁਸ ਗੀ ਹੋਣੀ। ਵੀਕ ਇੰਡ ਹੈ ਕਿਤੇ ਹੋਰ ਨਾ ਚਲੀ ਗਈ ਹੋਵੇ।"

ਦਰਵਾਜੇ ਤੇ ਹੋਈ ਦਸਤਕ ਨੇ ਉਸਦੀ ਸੋਚ ਲੜੀ ਨੂੰ ਤੋੜਿਆ। ਜਾ ਕੇ ਦਰਵਾਜਾ ਖੋਲਿਆ ਤਾਂ

ਸਾਹਮਣੇ ਸੱਜੀ ਪੱਬੀ ਸੋਫੀਆ ਇਕ ਹੱਥ ਸ਼ੌਪਿੰਗ ਬੈਗ ਤੇ ਦੂਜੇ ਹੱਥ ਫੁੱਲਾਂ ਦਾ ਗੁਲਦਸਤਾ ਫੜੀ ਖੜੀ ਸੀ। ਚਾਲੀ ਨੂੰ ਪਹੁੰਚੀ ਸੋਫੀਆ ਕੁੜੀ ਚਿੜੀ ਹੀ ਲਗਦੀ ਸੀ। ਗੁਰਮੁੱਖ ਦਾ ਮੂੰਹ ਤੇ ਅੱਖਾਂ ਅੱਡੇ ਹੀ ਰਹਿ ਗਏ। ਕਰਾਂਤੀ ਨੇ ਸੋਫੀਆ ਨੂੰ ਫ਼ੋਨ ਤੇ ਦੱਸ ਦਿਤਾ ਸੀ ਕਿ ਗੁਰਮੁੱਖ ਉਸਨੂੰ ਪਸੰਦ ਕਰਦਾ। ਉਸਨੂੰ ਵੀ ਮਰਦ ਦੋਸਤ ਦੀ ਲੋੜ ਸੀ। ਸੋਫੀਆ ਬਾਂਹਾਂ ਖੋਲ ਗਲੇ ਮਿਲੀ।

"ਆਈ ਲਵ ਯੂ ਡਾਰਲਿੰਗ।" ਸੋਫੀਆ ਮੂੰਹੋਂ ਇਹ ਸ਼ਬਦ ਸੁਣ। ਗੁਰਮੁੱਖ ਜਿਸ ਨੇ ਦਸ ਸਾਲਾਂ ਬਾਅਦ ਔਰਤ ਨੂੰ ਸਪਰਸ਼ ਕੀਤਾ ਸੀ। ਕੀ ਬੋਲਦਾ?

ਉਹ ਬੈਠੇ ਸਿੱਪ ਸਿੱਪ ਪੀ ਰਹੇ ਸਨ। ਗੁਰਮੁੱਖ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਆਪਣੇ ਦਿਲ ਦੀਆਂ ਗੱਲਾਂ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਕਰਾਂਤੀ ਤੇ ਲੀਨਾ ਆ ਪਹੁੰਚੇ।

"ਕੀ ਹਾਲ ਆ ਸਹੁਰਾ ਸਾਹਿਬ ਜੀ? ਕਿਵੇਂ ਬੜੇ ਰੰਗੀਨ ਹੋਏ ਬੈਠੇ ਹੋ?" ਖੁਸ਼ੀ ਤੇ ਨਸ਼ੇ ਦੀ ਲਹਿਰ ਵਿਚ ਗੁਰਮੁੱਖ ਨੂੰ ਕਰਾਂਤੀ ਦੀ ਗੱਲ ਸਮਝ ਨਾ ਆਈ। ਲੀਨਾ ਵੀ ਹੈਲੋ ਆਖ ਅੰਦਰ ਲੰਘ ਆਈ।

"ਹੈਲੋ ਮੰਮ!" ਸੋਫੀਆ ਤੇ ਲੀਨਾ ਮਾਂਵਾਂ ਧੀਆਂ ਵਾਂਗ ਮਿਲੀ ਆਂ।

"ਇਹ ਮਾਂਵਾਂ ਧੀਆਂ !" ਗੁਰਮੁੱਖ ਹੈਰਾਨ ਹੁੰਦਾ ਤੇ ਨਸ਼ੇ ਚੋਂ ਝੂਮਦਾ ਪੁੱਛਣ ਲੱਗਾ।

"ਹਾਂ ਲੀਨਾ ਸੋਫੀਆ ਦੀ ਧੀ ਆ। ਤਾ ਹੀਂ ਤਾਂ ਤੈਨੂੰ ਮੈਂ ਸਹੁਰਾ ਸਾਹਿਬ ਕਿਹਾ।"

"ਅਜੇ ਮੈਂ ਤੇਰਾ ਸਹੁਰਾ ਨ੍ਹੀ। ਜਦੋਂ ਵਿਆਹ ਹੋਊ ਫੇਰ ਬਣੂ। ਉਹ ਵੀ ਮਤ੍ਰੇਆ ਸਹੁਰਾ ਹੀ ਬਣੂ।" ਗੁਰਮੁੱਖ ਨਵ ਵਿਆਹੇ ਮੁੰਡੇ ਵਾਂਗ ਪੂਰਾ ਖੁਸ਼ ਸੀ। ਉਹ ਕਰਾਂਤੀ ਨੂੰ ਪੈੱਗ ਪਾਉਣ ਲੱਗਾ।

"ਮਤ੍ਰੇਆ ਹੀ ਬਣ। ਬਣ ਤਾਂ ਸਹੀ।" ਕਰਾਂਤੀ ਨੇ ਛੇੜਿਆ ਤਾਂ ਉਹ ਇਕ ਦਮ ਉਦਾਸ ਹੋ ਕੇ ਬੋਲਿਆ।

"ਕਿਥੇ ਕਿਸਮਤ ਐਨੀ ਤੇਜ! ਅੱਜ ਘਰ ਵਲੀ ਨੂੰ ਕਹਿ ਬੈਠਾ। ਮੈਂ ਕਿਹਾ, 'ਗੋਰੀ ਲੱਭੀ ਵਿਆਹ ਕਰਵਾ ਕੇ ਸਿੱਟ ਹੋ ਜੂ ਤਲਾਕ ਦੇ ਦੇਂ ਗੀ। ਅੱਗੋਂ ਚਾਰੇ ਚੱਕ ਕੇ ਪੈ ਗਈ। ਅਖੇ, 'ਤੈਨੂੰ ਸ਼ਰਮ ਨ੍ਹੀ ਆਉਂਦੀ। ਐਸ ਉਮਰੇ ਆਹ ਕਰਤੂਤਾਂ ਕਰਦੇ ਨੂੰ। ਲੋਕ ਕੀ ਕਹਿਣਗੇ ? ਤੇਰਾ ਕੀ ਪਤਾ ਕੱਲ ਨੂੰ ਉਸੇ ਦਾ ਹੋ ਕੇ ਬਹਿ ਜੇ। ਅਖੇ ਤੂੰ ਐਥੇ ਕਰੇਂਗਾ ਤਾਂ ਮੈਥੋਂ ਇਥੇ ਕੋਈ ਹੋਰ ਨਾ ਕੀਤਾ ਜਾਊ। ਮੈਂ ਕਿਹਾ ਕੀ ਪਤਾ ਤੇਰੇ ਕਹਿਣ ਵਾਂਗ ਕੋਈ ਅੰਦਰ ਖਾਤੇ ਕੀਤਾ ਹੀ ਹੋਵੇ। ਜਦੋਂ ਵਾਪਸ ਜਾਣ ਦੀ ਗੱਲ ਕਰਦਾਂ। ਉਦੋਂ ਹੀ ਰੌਲਾ ਪਾਉਣ ਲੱਗ ਪੂ। ਇਥੇ ਆ ਕੇ ਭੁੱਖਾ ਮਰੇਗਾ ਨਾਲੇ ਸਾਨੂੰ ਮਾਰੇਗਾ। ਮੂੰਹ ਟੁੱਟ ਜੇ ਜੇ ਕਦੇ ਕਿਹਾ ਹੋਵੇ। 'ਆਜਾ ਮੁੜਿਆ ! ਜਿਥੇ ਹੋਰ ਸੌ ਕਰੋੜ ਲੋਕ ਗੁਜਾਰਾ ਕਰੀ ਜਾਂਦੇ। ਆਪਾਂ ਵੀ ਰੁੱਖੀ ਮਿੱਸੀ ਖਾ ਕੇ ਗੁਜਾਰਾ ਕਰਲਾਂ ਗੇ। ਕੱਠੇ ਰਹਾਂਗੇ ਕੱਠੇ ਜੀਆਂ-ਮਰਾਂਗੇ। ਤੇਰੇ ਸਾਹਮਣੇ ਮੌਤ ਦੇ ਮੂੰਹ 'ਚੋਂ ਮੁੜਿਆਂ। ਕੁਛ ਹੋ ਜਾਂਦਾ ਫੇਰ ਕਿਵੇਂ ਗੁਜਾਰਾ ਹੁੰਦਾ। ਮੈਂ ਸੋਚ ਲਿਆ। ਤੇਰੇ ਕਹਿਣ ਵਾਂਗੂੰ ਜਿਵੇਂ ਗੋਰੇ ਸੋਚਦੇ ਦਮ ਦਾ ਦਮ ਨਾ ਧੋਖਾ ਨਾ ਗਮ। ਜ਼ਿੰਦਗੀ ਦੇ ਇਕ ਇਕ ਦਿਨ ਨੂੰ ਜਸ਼ਨ ਵਾਂਗ ਜੀਓ ! ਧਰਮ ਕਰਮ ਸਭ ਬਕਵਾਸ ਆ। ਰਿਸ਼ਤੇ ਨਾਤੇ ਸਭ ਢੋਗ ਤੇ ਸਵਾਰਥ ਹੈ। ਸੱਚਾ ਪਿਆਰ ਹੀ ਸਭ ਤੋਂ ਵਧੀਆ ਰਿਸ਼ਤਾ ਹੈ। ਇਹ ਕਿਸੇ ਰੰਗ, ਨਸਲ, ਧਰਮ , ਜਾਤ ਤੋਂ ਉਪਰ ਉੱਚਾ ਤੇ ਸੁੱਚਾ ਹੁੰਦਾ। ਬਸ ਆਪਾਂ ਫੈਸਲਾ ਕਰ ਲਿਆ ਸੋਫੀਆ ਨਾਲ ਰਹਿਣ ਦਾ। ਨਹੀਂ ਤਲਾਕ ਦੇਣਾ, ਨਾ ਦੇਵੇ। ਭੈਣ ਦਾ...।" ਗੁਰਮੁੱਖ ਨੇ ਮੋਟੀ ਸਾਰੀ ਗਾਲ ਕੱਢ ਪੈੱਗ ਚੁੱਕ ਅੰਦਰ ਸੁੱਟ ਲਿਆ।

"ਵੱਟਜ਼ ਸੇਇੰਗ ਗੁਰਮੁੱਖ। ਹੀ ਸੋ ਇਮੋਸ਼ਨਲ।" ਸੋਫੀਆ ਨੇ ਕਰਾਂਤੀ ਨੂੰ ਪੁੱਛਿਆ ਤਾਂ ਉਸਨੇ ਇੰਗਲਿਸ਼ ਵਿਚ ਸਭ ਸਮਝਾਇਆ। ਸੋਫੀਆ ਸੁਣ ਕੇ ਖੁਸ਼ ਹੋ ਗਈ ਤੇ ਗੁਰਮੁੱਖ ਦਾ ਹੱਥ ਫੜ ਚੁੰਮਦੀ ਬੋਲੀ।

"ਆਈ ਲੱਵ ਯੂ ਡਾਰਲਿੰਗ! ਆਈ ਲਾਈਕ ਯੂ ਸੋਓਓਓ ਮੱਚ!!"

"ਲੈ ਬਈ ਮੇਰਾ ਮਤ੍ਰੇਇਆ ਸਹੁਰਾ ਤਾਂ ਜਦੋਂ ਬਣੇਗਾ ਦੇਖੀ ਜਾਊ। ਮੇਰੀ 'ਸੱਸ ਦਾ ਬੁਆਏ ਫਰੈਂਡ ਤਾਂ ਪੱਕਾ ਬਣ ਗਿਆ।" ਸਾਰਿਆਂ ਨੇ ਪੈਗ ਚੱਕ ਚੀਅਰਸ ਕਹਿ ਖੁਸ਼ੀ ਮਨਾਈ।

**ਸੰਪਰਕ** +44-7792-287-491



## ਨਵੀਨ ਕਹਾਣੀ ਧਾਰਾ-2

## ਕਹਾਣੀ / **ਰਾਣੀ**/ - ਮਨਦੀਪ ਕੌਰ

***(ਨਵੀਨ ਕਹਾਣੀ ਧਾਰਾ ਕਾਲਮ ਵਿਚ ਅਸੀਂ ਇਹ ਦੂਜੀ ਕਹਾਣੀ ਮਨਦੀਪ ਕੌਰ ਦੀ ਛਾਪ ਰਹੇ ਹਾਂ। ਮਨਦੀਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬੀ ਸਾਹਿਤ 'ਤੇ ਪੀ. ਐਚਡੀ ਕਰ ਰਹੀ ਏ। ਉਸ ਦੀ ਇਹ ਪਹਿਲੀ ਕਹਾਣੀ ਏ। ਉਮੀਦ ਏ ਉਹ ਭਵਿੱਖ ਵਿਚ ਚੰਗੀਆਂ ਕਹਾਣੀਆਂ ਲਿਖੇਗੀ। )***



ਉਹਦਾ ਨਾਂ ਰਾਣੀ ਸੀ। ਇਕ ਦਿਲ ਨੂੰ ਛੱਡ ਕੇ ਰੱਬ ਕੁਝ ਵੀ ਉਸਨੂੰ ਰਾਣੀਆਂ ਵਰਗਾ ਨਹੀਂ ਦਿੱਤਾ ਸੀ। ਰੂਪ-ਰੰਗ, ਘਰ-ਬਾਰ, ਪੈਸੇ ਤੇ ਕਿਸਮਤ ਵੱਲੋ ਰੱਜਵੀਂ ਗਰੀਬੀ ਉਹਦੇ ਹਿੱਸੇ ਆਈ ਸੀ। ਕਦੇ-ਕਦੇ ਆਪਣੇ ਕੱਚੇ ਢਾਰੇ ਦੇ ਬਾਰ ਮੂਹਰੇ ਬੈਠੀ ਇੰਝ ਜਾਪਦੀ ਜਿਵੇਂ ਇਸ ਦੁਨੀਆ ਦੇ ਫੇਰੇ ਵਿਚੋਂ ਉਹ ਪਏ ਘਾਟਿਆਂ ਦਾ ਹਿਸਾਬ ਕਰ ਰਹੀ ਹੋਵੇ। ਦੁੱਖਾਂ ਦੇ ਐਨੇ ਸੇਕ ਦੇ ਬਾਵਜੂਦ ਵੀ ਕਦੇ ਕਿਸੇ ਨੇ ਉਹਦੇ ਮੂੰਹੋਂ ਤੱਤਾ ਹਉਕਾ ਨਾ ਸੁਣਿਆ ਸੀ। ਜਦ ਉਹ ਬੋਲਦੀ ਤਾਂ ਉਹਦਾ ਬੋਲ ਤੂੰਬੀ ਦੀ ਤਾਰ ਵਾਂਗ ਟੁਣਕਦਾ ਸੀ। ਕਦੇ-ਕਦੇ ਜ਼ਿੰਦਗੀ ਜੀਣ ਦੇ ਉਹਦੇ ਹੌਂਸਲੇ ਨੂੰ ਵੇਖ ਕੇ ਲਗਦਾ ਜਿਵੇਂ ਰੱਬ ਦਾ ਸੁਭਾਅ ਕੁਝ ਏਹੋ ਜਿਹਾ ਹੀ ਹੋਵੇਗਾ। ਉਹਦੀ ਹਿੰਮਤ ਦਾ ਉੱਚਾ ਮਿਆਰ ਹੀ ਸੀ ਜੋ ਉਸਦੀ ਪੰਜਾਹ ਸਾਲ ਦੀ ਉਮਰ ਵਿਚ ਮਾਂ ਬਣਨ ਦੇ ਚਾਅ ਨੂੰ ਜਿਉ ਰੱਖੀ ਬੈਠਾ ਸੀ।

ਇਕ ਸ਼ਾਮ ਜਦ ਉਹਦਾ ਘਰਵਾਲਾ ਬਲਵਿੰਦਰ ਸਿੰਘ ਰੋਜ਼ ਵਾਂਗ ਦਿਹਾੜੀ ਲਗਾ ਕੇ ਆਪਣੇ ਬੁੱਢੇ ਹੱਡ ਰੋਲਦਾ ਹੋਇਆ ਘਰ ਪਹੁੰਚਿਆ ਤਾਂ ਉਸਦੇ ਲਈ ਸਾਰਾ ਦਿਨ ਢਿੱਡ ਵਿਚ ਡੱਕੀ ਹੋਈ ਗੱਲ ਨੂੰ ਰੋਕੀ ਰੱਖਣਾ ਮੁਸ਼ਕਿਲ ਹੋ ਗਿਆ। ਪਰ ਜਿਵੇਂ-ਕਿਵੇਂ ਉਹਨੇ ਰਾਤ ਰੋਟੀ ਖਾ ਕੇ ਲੰਮ੍ਹੇ ਪੈਣ ਵੇਲੇ ਤੱਕ ਵਕਤ ਟਪਾ ਲਿਆ। ਜਦ ਉਹਦਾ ਘਰਵਾਲਾ ਲੰਮ੍ਹੇ ਪਿਆ ਤਾਂ ਉਹ ਝੱਟ ਦੇਣੀ ਉੱਠਕੇ ਉਹਦੇ ਪੈਰਾਂ ਕੋਲ ਜਾ ਬੈਠੀ ਤੇ ਲੱਤਾਂ ਘੁੱਟਣ ਲਗ ਪਈ। ਬਲਵਿੰਦਰ ਸਿੰਘ ਦੀ ਪੂਰੇ ਦਿਨ ਦੀ ਹੱਡ ਭੰਨਵੀਂ ਮਿਹਨਤ ਤੇ ਕੁਝ ਕੈਪਸੂਲ

ਨਾ ਮਿਲਣ ਕਰਕੇ ਨਸ਼ੇ ਦੀ ਤੋਟ ਹੱਥੋਂ ਪੈਰੋਂ ਟੁੱਟੀ ਦੇਹ ਨੇ ਕੁਝ ਚੈਨ ਮਹਿਸੂਸ ਕੀਤਾ ਝੱਟ ਹੀ ਉਹਨੂੰ ਨੀਂਦ ਆਉਣ ਲਗ ਪਈ। ਰਾਣੀ ਨੇ ਬਲਵਿੰਦਰ ਸਿੰਘ ਨੂੰ ਹਲੂਣਦੇ ਹੋਏ ਨੀਂਦ ਦੀ ਬੁੱਕਲ ਵਿਚੋਂ ਕੱਢਕੇ ਆਪਦੇ ਢਿੱਡ ਦੀ ਗੱਲ ਕਹਿਣ ਦਾ ਹੀਲਾ ਕੀਤਾ।

"ਮੈਂ ਕੁਝ ਗੱਲ ਕਰਨੀ ਸੀ।"

"ਸਵੇਰੇ ਕਰ ਲਵੀਂ।" ਬਲਵਿੰਦਰ ਨੇ ਨੀਂਦ ਦਾ ਪੱਲ੍ਹਾ ਛੱਡਣ ਤੋਂ ਨਾਂਹ ਕਰਦੇ ਹੋਏ ਜਵਾਬ ਦਿੱਤਾ।

"ਨਹੀਂ, ਮੈਂ ਹੁਣੇ ਹੀ ਕਰਨੀ ਹੈ, ਫਿਰ ਸੌਂ ਜਾਇਓ। ਬਸ ਦੋ ਘੜੀ ਲਈ ਉੱਠਕੇ ਮੇਰੀ ਗੱਲ ਸੁਣ ਲਉ।" ਰਾਣੀ ਨੇ ਫੈਸਲਾ ਸੁਣਾਉਣ ਦੇ ਮਿੰਨਤ ਕਰਨ ਵਰਗੇ ਰਲਵੇਂ ਜਿਹੇ ਸੁਰ ਵਿਚ ਕਿਹਾ।

ਬਲਵਿੰਦਰ ਸਿੰਘ ਆਪਣੀ ਬਲਹੀਣ ਦੇਹ ਨੂੰ ਪੂਰੇ ਜ਼ੋਰ ਨਾਲ ਘਸੀਟਦਾ ਹੋਇਆ ਉੱਠਕੇ ਬਹਿ ਗਿਆ। ਉਹਨੂੰ ਪਤਾ ਸੀ ਕਿ ਰਾਣੀ ਆਪਣੀ ਗੱਲ ਕਹੇ ਬਿਨਾਂ ਉਹਨੂੰ ਸੌਣ ਨਹੀਂ ਦਵੇਗੀ। "ਹਾਂ ਦੱਸ ਕੀ ਮਤਾ ਪਕਾਉਣਾ ਤੂੰ ਅੱਧੀ ਰਾਤ ਨੂੰ ?" ਬਲਵਿੰਦਰ ਨੇ ਉਨੀਂਦਰੇ ਭਰੀਆਂ ਅੱਖਾਂ ਨਾਲ ਰਾਣੀ ਨੂੰ ਵੇਖਦੇ ਹੋਏ ਪੁੱਛਿਆ। ਰਾਣੀ ਬਲਵਿੰਦਰ ਸਿੰਘ ਦੇ ਪੈਰਾਂ ਕੋਲੋਂ ਉੱਠਕੇ ਉਹਦੇ ਕੋਲ ਆ ਬੈਠੀ। ਉਹ ਬਲਵਿੰਦਰ ਦੇ ਮੋਢੇ 'ਤੇ ਹੱਥ ਰੱਖਦੇ ਹੋਏ ਉਸ ਵੱਲ ਝੁਕੀ ਤੇ ਧੀਮੀ ਜਿਹੀ ਆਵਾਜ਼ ਵਿਚ ਬੋਲੀ "ਜੇ ਅਸੀਂ ਅਜੀਤ ਨੂੰ ਕਾਗਜ਼ਾਂ ਵਿਚ ਲਿਖਵਾ ਲਈਏ ਤਾਂ ਚੰਗਾ ਨਹੀਂ ਹੋਵੇਗਾ।" ਬਲਵਿੰਦਰ ਨੇ ਉਹਦੀ ਗੱਲ ਸੁਣਕੇ ਠੰਡਾ ਜਿਹਾ ਹੌਕਾ ਭਰਿਆ ਤੇ ਬੋਲਿਆ .... "ਅੱਧਿਓਂ ਵੱਧ ਲੰਘ ਗਈ ਏ .... ਦੱਸ .... ਕੀ ਕਰੇਂਗੀ ਕਾਗਜ਼ਾਂ ਵਿਚ ਲਿਖਵਾ ਕੇ ?" ਰਾਣੀ ਨੇ ਇਕ ਨਜ਼ਰ ਝਰਨੇ ਵਿਚੋਂ ਬਾਹਰ ਦਿਖਾਈ ਦੇਂਦੇ ਦੋ ਤਾਰੇ ਤੇ ਚੰਨ ਵੱਲ ਤੱਕਿਆ। ਬਲਵਿੰਦਰ ਦੀ ਨਿਰਾਸ਼ਾ ਵੀ ਉਹਦੀ ਮਾਂ ਬਣਨ ਦੀ ਚਾਹਤ ਨੂੰ ਠੰਡਾ ਨਾ ਕਰ ਸਕੀ। "ਮੈਨੂੰ ਕੁਝ ਨਹੀਂ ਪਤਾ। ਭਾਵੇਂ ਪੰਜ ਸਾਲ ਤੇ ਭਾਵੇਂ ਦਸ, ਭਾਵੇਂ ਇਕ ਦਿਨ ਲਈ ਕਿਉਂ ਨਾ ਸਹੀ। ਮੈਂ ਚਾਹੁੰਦੀ ਹਾਂ ਕਿ ਅਜੀਤ ਮੈਨੂੰ ਮਾਮੀ ਨਹੀਂ, ਮਾਂ ਕਹਿਕੇ ਆਵਾਜ਼ ਮਾਰੇ। ਤੁਸੀਂ ਸਵੇਰੇ ਆਪਣੀ ਭੈਣ ਨਾਲ ਗੱਲ ਕਰਿਉ।" ਬਲਵਿੰਦਰ ਨੂੰ ਪਤਾ ਸੀ ਕਿ ਰਾਣੀ ਦੀ ਜਿੱਦ ਅੱਗੇ ਉਹਦੀ ਨਾਂਹ-ਨੁੱਕਰ ਬੇਕਾਰ ਦਾ ਕਲੇਸ਼ ਖੜ੍ਹਾ ਕਰੂ। ਉਹਨੇ ਮੰਨਣਾ ਤੇ ਹੈ ਨਹੀਂ। ਉਹਨੇ ਕੁਝ ਨੀਂਦ ਦੇ ਮਾਰੇ ਨੇ ਤੇ ਕੁਝ ਰਾਣੀ ਦੇ ਸੁਭਾਅ ਕਰਕੇ ਹਾਂ ਕਰ ਦਿੱਤੀ। ਰਾਣੀ ਦੇ ਪੂਰੀ ਤਰ੍ਹਾਂ ਢਲੇ ਹੋਏ ਝੁਰੜੀਆਂ ਮਾਰੇ ਮੂੰਹ ਉੱਤੇ ਏਵੇਂ ਮੁਸਕਾਨ ਫੈਲ ਗਈ ਜਿਵੇਂ ਕੱਲ ਸਿਰੇ ਚੜ੍ਹਨ ਵਾਲਾ ਕੰਮ ਬਲਵਿੰਦਰ ਸਿੰਘ ਦੇ ਹਾਂ ਕਹਿਣ ਨਾਲ ਹੀ ਪੂਰਾ ਹੋ ਗਿਆ ਹੋਵੇ।

ਅਜੀਤਪਾਲ ਬਲਵਿੰਦਰ ਸਿੰਘ ਦੀ ਭੈਣ ਦਾ ਨਿੱਕਾ ਮੁੰਡਾ ਸੀ ਜੋ ਉਸੇ ਹੀ ਘਰ ਦੇ ਪਿਛਲੇ ਹਿੱਸੇ ਵਿਚ ਰਹਿੰਦੇ ਸੀ। ਪੈਦਾ ਹੋਣ ਤੋਂ ਲੈ ਕੇ ਬਾਰ੍ਹਾਂ ਸਾਲ ਦਾ ਹੋਣ ਤੱਕ ਹਰ ਕੋਈ ਇੰਝ ਹੀ ਜਤਾਉਂਦਾ ਜਿਵੇਂ ਰਾਣੀ ਮਾਮੀ ਨਹੀਂ ਮਾਂ ਹੋਵੇ। ਪਰ ਇਹ ਹੱਕ ਮੂੰਹ-ਜ਼ੁਬਾਨੀ ਸੀ। ਅੱਜ ਤੱਕ ਕਿਤੇ ਵੀ ਕਿਸੇ ਕਾਗਜ਼ ਵਿਚ ਉਸਨੂੰ ਮਾਂ ਹੋਣ ਦਾ ਹੱਕ ਨਹੀਂ ਮਿਲਿਆ ਸੀ। ਰਾਣੀ ਨੂੰ ਕਾਗਜ਼ਾਂ 'ਤੇ ਨਹੀਂ, ਜੀਤ ਦੀ ਜ਼ੁਬਾਨ 'ਤੇ ਹੱਕ ਚਾਹੀਦਾ ਸੀ। ਉਹ ਚਾਹੁੰਦੀ ਸੀ ਕਿ ਅਜੀਤ ਉਸਨੂੰ ਮਾਂ ਕਹਿਕੇ ਬੁਲਾਵੇ। ਜਦੋਂ ਉਹ ਅਜੀਤ ਨੂੰ ਨਹਾਉਂਦੀ-ਧਵਾਉਂਦੀ, ਰੋਟੀ ਖਵਾਉਂਦੀ ਜਾਂ ਰਾਤ ਵੇਲੇ ਸਵਾਉਂਦੀ ਤਾਂ ਉਹਦੀ ਮਮਤਾ ਆਪਣੇ ਪੂਰੇ ਜੋਬਨ 'ਤੇ ਹੁੰਦੀ। ਪਰ ਜਿਸ-ਜਿਸ ਪਲ ਵਿਚ ਅਜੀਤ ਉਸਨੂੰ ਮਾਂ ਦੀ ਜਗ੍ਹਾ ਮਾਮੀ ਕਹਿਕੇ ਬੁਲਾਉਂਦਾ, ਉਸਦੀ ਦੁਨੀਆ ਉਸਨੂੰ ਰੇਤ ਦੇ ਕਿਲ੍ਹੇ ਜਹੀ ਲੱਗਣ ਲੱਗ ਪੈਂਦੀ। ਰਾਣੀ ਇਸ ਕਿਲ੍ਹੇ ਦੀ ਇਮਾਰਤ ਨੂੰ ਪੱਕਿਆ ਕਰਨਾ ਚਾਹੁੰਦੀ ਸੀ। ਉਹ ਕਦੇ ਵੀ ਅਜੀਤ ਨੂੰ ਮਾਮੀ ਦੀ ਬਜਾਏ ਮਾਂ ਕਹਿਣ ਲਈ ਨਾ ਕਹਿ ਸਕੀ ਕਿਉਂਕਿ ਉਹਦਾ ਹੱਕ ਜ਼ੁਬਾਨੀ ਸੀ ਤੇ ਜ਼ੁਬਾਨ ਬਦਲ ਵੀ ਸਕਦੀ ਸੀ ਤੇ ਖਿਲਾਫ਼ ਵੀ ਬੋਲ ਸਕਦੀ ਸੀ। ਦੂਸਰਾ ਉਹ ਮਾਂ ਦੀ ਮਮਤਾ ਵਿਚ ਏਨੀ ਵੀ ਬੇਸ਼ਦ ਨਹੀਂ ਹੋਈ ਸੀ ਕਿ ਸ਼ਰੀਕੇ ਦੀਆਂ ਡੂੰਘੀਆਂ ਚਾਲਾਂ ਨੂੰ ਨਾ ਸਮਝ ਸਕੇ। ਅੱਜ ਦੀ ਰਾਤ ਰਾਣੀ ਨੇ ਚੰਨ ਤੇ ਤਾਰਿਆਂ ਦੇ ਅੱਧ ਅਸਮਾਨ ਤੋਂ ਪੱਛਮ ਵਿਚ ਲੋਪ ਹੋ ਜਾਣ ਤੱਕ ਦੇ ਸਫ਼ਰ ਨੂੰ ਵੇਖਦੇ ਹੋਏ ਕੱਟੀ ਸੀ। ਸਵੇਰ ਹੁੰਦੇ ਸਾਰ ਹੀ ਉਹਨੇ ਨਹਾ ਧੋ ਕੇ ਚਾਹ ਦਾ



ਪਤੀਲਾ ਧਰਿਆ ਤੇ ਨਿੱਤ ਵਾਂਗ ਸੁੱਤੇ ਪਏ ਅਜੀਤ ਨੂੰ ਵੇਖਣ ਘਰ ਦੇ ਪਿਛਲੇ ਹਿੱਸੇ ਵੱਲ ਚਲੀ ਗਈ। ਸੁੱਤਾ ਪਿਆ ਅਜੀਤ ਉਸਨੂੰ ਕਿਸੇ ਰਾਜਕੁਮਾਰ ਜਿਹਾ ਲੱਗਿਆ। ਵਾਪਸ ਆ ਕੇ ਉਹਨੇ ਚਾਹ ਗਿਲਾਸਾਂ ਵਿਚ ਪਾਈ ਤੇ ਜਾ ਕੇ ਬਲਵਿੰਦਰ ਸਿੰਘ ਦੇ ਸਿਰਹਾਣੇ ਬੈਠ ਗਈ। ਬਲਵਿੰਦਰ ਸਿੰਘ ਨੇ ਉੱਠਕੇ ਚਾਹ ਦਾ ਗਿਲਾਸ ਫੜਦੇ ਹੋਏ ਰਾਣੀ ਦੇ ਹੱਸਦੇ ਹੋਏ ਚਿਹਰੇ ਵੱਲ ਤੱਕਿਆ ਤੇ ਉਹਦੇ ਕਾਲਜੇ ਵਿਚ ਭਾਂਬੜ ਜਿਹਾ ਬਲ ਪਿਆ। ਹੇਰਵੇ ਦੀ ਅੱਗ ਨੂੰ ਠੰਡਾ ਕਰਨ ਲਈ ਉਹਨੇ ਚਾਹ ਦਾ ਇਕ ਤੱਤਾ ਘੁੱਟ ਭਰਿਆ ਤੇ ਸਹਿਜ ਹੋਕੇ ਬੈਠ ਗਿਆ।

ਸੂਰਜ ਸਿਰ 'ਤੇ ਚੜ੍ਹ ਆਇਆ ਸੀ। ਰਾਣੀ ਗੱਲੀਂ ਬਾਤੀ ਕਈ ਵਾਰ ਬਲਵਿੰਦਰ ਨੂੰ ਗੱਲ ਕਰਨ ਲਈ ਕਹਿ ਚੁੱਕੀ ਸੀ। ਐਤਵਾਰ ਹੋਣ ਕਰਕੇ ਕੋਈ ਕੰਮਕਾਰ ਲਈ ਨਹੀਂ ਗਿਆ ਸੀ। ਬਲਵਿੰਦਰ ਤੋਂ ਤੰਗ ਆ ਕੇ ਰਾਣੀ ਨੇ ਆਪ ਹੀ ਜਾ ਕੇ ਗੱਲ ਕਰਨ ਦਾ ਫੈਸਲਾ ਕਰ ਲਿਆ। ਉਹ ਚੁੱਪਚਾਪ ਜਾ ਕੇ ਆਪਣੀ ਨਨਾਣ ਕੋਲ ਬੈਠ ਗਈ। ਦੁਪਹਿਰ ਦੀ ਰੋਟੀ ਲਈ ਸਬਜ਼ੀ ਕੱਟਦੀ ਰਾਣੀ ਦੀ ਨਨਾਣ ਤੇਜ ਕੌਰ ਨੇ ਇਕ ਨਜ਼ਰ ਉਸ ਵੱਲ ਤੱਕਿਆ। "ਕੀ ਗੱਲ ਏ ਭਾਬੀ। ਬੜੀ ਚੁੱਪ-ਚਾਪ ਹੈ। ਭਰਾ ਨਾਲ ਲੜਾਈ ਤੇ ਨਹੀਂ ਹੋਈ ?" ਸਬਜ਼ੀ ਕੱਟਦੀ ਨੇ ਹੱਥ ਰੋਕ ਕੇ ਪੁੱਛਿਆ।

"ਨਈਂ ....! ਏਹੋ ਜਹੀ ਕੋਈ ਗੱਲ ਨਹੀਂ ਮੈਂ ਅਸਲ ਵਿਚ ਅਜੀਤ ਬਾਰੇ ਕੁਝ ਗੱਲ ਕਰਨੀ ਸੀ। ਮੈਂ ਸੋਚਦੀ ਸੀ ਕਿ ਜੇ ਅਸੀ ਕਾਗਜ਼ਾਂ ਵਿਚ ....।"

ਤੇਜ ਕੌਰ ਰਾਣੀ ਦੀ ਅਧੂਰੀ ਛੱਡੀ ਗੱਲ ਨੂੰ ਪੂਰੀ ਤਰ੍ਹਾਂ ਸਮਝ ਗਈ ਸੀ। ਥੋੜ੍ਹੇ ਚਿਰ ਬਾਅਦ ਜਦੋਂ ਰਾਣੀ ਆਪਣੇ ਕੱਚੇ ਢਾਰੇ ਦੇ ਬਾਹਰ ਧਰੇਕ ਦੀ ਛਾਵੇਂ ਬੈਠੇ ਬਲਵਿੰਦਰ ਕੋਲ ਆ ਕੇ ਬੈਠੀ ਤਾਂ ਉਹਦਾ ਮੂੰਹ ਉਤਰਿਆ ਹੋਇਆ ਸੀ। ਉਹਦੇ ਸਰੀਰ ਵਿਚੋਂ ਰੂਹ ਕਿਤੇ ਦੂਰ ਉਡਾਰੀ ਮਾਰ ਗਈ ਜਾਪਦੀ ਸੀ। ਬਲਵਿੰਦਰ ਦੇ ਚਾਰ-ਪੰਜ ਵਾਰ ਪੁੱਛਣ ਤੋਂ ਬਾਅਦ ਉਸਨੇ ਜਵਾਬ ਦਿੱਤਾ ਕਿ ਤੇਜ ਕੌਰ ਨੇ ਕੀ ਕਿਹਾ। ਬਲਵਿੰਦਰ ਨੂੰ ਇਸ ਗੱਲ ਦਾ ਪਹਿਲਾਂ ਤੋਂ ਹੀ ਪਤਾ ਸੀ ਕਿ ਉਹ ਕੀ ਜਵਾਬ ਦੇਣਗੇ। ਹਮੇਸ਼ਾਂ ਵਾਂਗ ਤੇਜ ਕੌਰ ਨੇ ਏਹੀ ਕਿਹਾ ਸੀ ਕਿ ਭਾਬੀ ਭਰੋਸਾ ਰੱਖ, ਅਜੀਤ ਤੇਰਾ ਹੈ ਤੇਰਾ ਹੀ ਰਹੂੰਗਾ। ਕਾਗਜ਼ਾਂ ਨਾਲ ਕੋਈ ਬਹੁਤਾ ਤੇਰਾ ਤਾਂ ਨਹੀਂ ਹੋ ਚੱਲਿਆ। ਦਰਅਸਲ ਅੰਦਰੋਂ ਰਾਣੀ ਬਾਰ੍ਹਾਂ ਸਾਲਾਂ ਤੋਂ ਚੱਲੀ ਆ ਰਹੀ ਇਸ ਖੇਡ ਦੀ ਅਸਲੀਅਤ ਕਈ ਸਾਲ ਪਹਿਲਾਂ ਹੀ ਜਾਣ ਗਈ ਸੀ। ਇਹ ਸਾਰਾ ਅਡੰਬਰ ਉਸ ਥਾਂ ਲਈ ਸੀ ਜੋ ਬਲਵਿੰਦਰ ਸਿੰਘ ਤੇ ਰਾਣੀ ਦੇ ਹਿੱਸੇ ਆਉਂਦਾ ਸੀ। ਤੇਜ ਕੌਰ ਨਹੀਂ ਸੀ ਚਾਹੁੰਦੀ ਕਿ ਰਾਣੀ ਜਾਂ ਬਲਵਿੰਦਰ ਸਿੰਘ ਉਹ ਥਾਂ ਕਿਸੇ ਹੋਰ ਦੇ ਨਾਂ ਕਰ ਦੇਣ ਜਾਂ ਕਿਸੇ ਹੋਰ ਨੂੰ ਵੇਚ ਦੇਣ ਤੇ ਉਹਨਾਂ ਕੋਲ ਆਪ ਖ਼ੀਦ ਸਕਣ ਦੀ ਗੁੰਜ਼ਾਇਸ ਹੈ ਨਹੀਂ ਸੀ। ਇਸ ਸੱਚ ਨੂੰ ਜਾਣਦੇ ਹੋਏ ਵੀ ਰਾਣੀ ਮਮਤਾ ਦੀ ਭਾਵਨਾ ਤੇ ਅਜੀਤ ਨਾਲ ਉਹਦੇ ਮੋਹ ਹੱਥੋਂ ਮਜ਼ਬੂਰ ਖ਼ੁਦ ਨੂੰ ਝੂਠ ਨੂੰ ਸੱਚ ਮੰਨ ਲੈਣ ਲਈ ਮਨਾਉਂਦੀ ਰਹੀ ਸੀ। ਉਸਨੂੰ ਇਕ ਗੱਲ ਚੰਗੀ ਤਰ੍ਹਾਂ ਸਮਝ ਆ ਗਈ ਸੀ ਕਿ ਝੂਠ ਨੂੰ ਸੱਚ ਮੰਨ ਲੈਣ ਨਾਲ ਵੀ ਝੂਠ ਸੱਚ ਨਹੀਂ ਬਣ ਜਾਂਦਾ।

ਤੇਜ ਕੌਰ ਨਾਲ ਰਾਣੀ ਨੂੰ ਕਾਗਜ਼ੀ ਹੱਦ ਦੀ ਗੱਲ ਕੀਤਿਆਂ ਕਈ ਦਿਨ ਹੋ ਗਏ ਸੀ। ਰਾਣੀ ਨੇ ਪੱਕਾ ਮਨ ਬਣਾ ਲਿਆ ਸੀ ਕਿ ਉਹ ਆਪਣੇ ਆਪ ਨੂੰ ਹੋਰ ਭਰਮ ਵਿਚ ਨਹੀਂ ਰੱਖੇਗੀ। ਉਹਨੇ ਤੇਜ ਤੇ ਅਜੀਤ ਤੋਂ ਦੂਰੀ ਬਣਾਉਣੀ ਸ਼ੁਰੂ ਕਰ ਦਿੱਤੀ ਸੀ। ਪੂਰਾ ਦਿਨ ਉਹ ਆਪਣੇ ਘਰ ਦੇ ਨਿੱਕੇ ਮੋਟੇ ਕੰਮਾਂ ਵਿਚ ਖ਼ੁਦ ਨੂੰ ਉਲਝਾਈ ਰੱਖਦੀ। ਪਰ ਧਿਆਨ ਉਹਦਾ ਅਜੀਤ ਵਿਚ ਹੀ ਲੱਗਾ ਰਹਿੰਦਾ। ਉਸਨੂੰ ਉਮੀਦ ਸੀ ਕਿ ਜਿਵੇਂ ਉਸਨੇ ਬਾਰ੍ਹਾਂ ਵਰ੍ਹਿਆਂ ਦੇ ਝੂਠ ਨੂੰ ਸੱਚ ਮੰਨ ਲਿਆ ਸੀ ਉਵੇਂ ਹੀ ਝੂਠ ਨੂੰ ਝੂਠ ਵੀ ਮੰਨ ਲਵੇਗੀ। ਹੋਇਆ ਵੀ ਇੰਝ ਹੀ। ਦੋ ਮਹੀਨੇ ਬਾਅਦ ਰਾਣੀ ਦਾ ਮਨ ਟਿਕਾਣੇ ਆ ਚੁੱਕਿਆ ਸੀ। ਉਸਨੇ ਅਜੀਤ ਵੱਲੋਂ ਖ਼ੁਦ ਨੂੰ ਸਮਝ ਲਿਆ ਸੀ।

ਇਕ ਦਿਨ ਦੁਪਹਿਰ ਵੇਲੇ ਜਦ ਰਾਣੀ ਰੋਟੀ ਬਣਾ ਕੇ ਦੋ ਘੜੀ ਆਰਾਮ ਕਰਨ ਲਈ ਲੰਮ੍ਹੇ ਪਈ

ਤਾਂ ਕਿਸੇ ਨੇ ਜ਼ੋਰ ਨਾਲ ਖੁੱਲ੍ਹੇ ਦਰਵਾਜ਼ੇ ਦਾ ਕੁੰਡਾ ਖੜਕਾਇਆ। ਰਾਣੀ ਨੇ ਝੱਟ ਆਪਣੀਆਂ ਅੱਖਾਂ ਖੋਹਲ ਕੇ ਉਸ ਪਾਸੇ ਵੇਖਿਆ। ਸਾਹਮਣੇ ਉਹਦਾ ਭਰਾ ਬੇਅੰਤ ਸਿੰਘ ਖੜ੍ਹਾ ਸੀ। ਰਾਣੀ ਉਸ ਦੇ ਹੱਸਦੇ ਹੋਏ ਮੂੰਹ ਨੂੰ ਤੱਕ ਕੇ ਸਕੂਨ ਜਹੇ ਨਾਲ ਭਰ ਗਈ। ਕੋਲ ਆ ਕੇ ਬੇਅੰਤ ਸਿੰਘ ਨੇ ਉੱਠ ਕੇ ਬੈਠੀ ਰਾਣੀ ਦੇ ਸਿਰ 'ਤੇ ਹੱਥ ਰੱਖਿਆ ਤੇ ਰਾਣੀ ਪਾਣੀ ਦਾ ਗਿਲਾਸ ਭਰਨ ਲਈ ਘੜੇ ਵੱਲ ਤੁਰ ਪਈ। ਹਾਲ ਚਾਲ ਪੁੱਛ ਕੇ ਰਾਣੀ ਨੇ ਭਰਾ ਨੂੰ ਪੁੱਛਿਆ ਕਿ ਸੁੱਖੀ ਸਾਂਦੀ ਆਇਆ ਹੈ। ਬੇਅੰਤ ਸਿੰਘ ਨੇ ਖੁਸ਼ ਹੁੰਦੇ ਹੋਏ ਰਾਣੀ ਨੂੰ ਦੱਸਿਆ ਕਿ ਤੇਰੀ ਭਰਜਾਈ ਦੂਜੀ ਵਾਰੀ ਉਮੀਦ ਤੋਂ ਹੈ। ਪਹਿਲੇ ਨਿਆਣੇ ਨੂੰ ਸੱਤ ਸਾਲ ਹੋ ਗਏ ਸੀ। ਇਹ ਗੱਲ ਸੁਣ ਕੇ ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਰਾਣੀ ਦੀਆਂ ਅੱਖਾਂ ਵਿਚ ਹੰਝੂ ਭਰ ਆਏ। ਬੇਅੰਤ ਸਿੰਘ ਆਪਣੀ ਭੈਣ ਦੇ ਦਰਦ ਨੂੰ ਜਾਣਦਾ ਸੀ। ਇਸ ਲਈ ਉਹਨੇ ਇਹਨਾਂ ਹੰਝੂਆਂ ਨੂੰ ਬੇਸ਼ਗਨੀ ਨਾ ਜਾਣਿਆ। ਉਂਝ ਵੀ ਉਹਦੇ ਦਿਲ ਵਿਚ ਕੁਝ ਹੋਰ ਹੀ ਚੱਲ ਰਿਹਾ ਸੀ। ਰਾਣੀ ਦਾ ਹੱਥ ਫੜ੍ਹਕੇ ਉਸਨੂੰ ਹੌਂਸਲਾ ਦੇਂਦੇ ਹੋਏ ਉਹਨੇ ਆਉਣ ਦਾ ਅਸਲੀ ਕਾਰਣ ਦੱਸਿਆ। ਦਰਅਸਲ ਬੇਅੰਤ ਸਿੰਘ ਦੀ ਦੂਜਾ ਬੱਚਾ ਕਰਨ ਦੀ ਗੁੰਜਾਇਸ਼ ਨਹੀਂ ਸੀ। ਉਹ ਪਹਿਲੇ ਦਾ ਹੀ ਖਰਚ ਬੜੀ ਮੁਸ਼ਕਿਲ ਨਾਲ ਉਠਾ ਪਾ ਰਿਹਾ ਸੀ। ਉੱਤੋਂ ਡਲਿਵਰੀ 'ਤੇ ਆਉਣ ਵਾਲੇ ਖਰਚ ਤੋਂ ਵੀ ਉਹ ਜਾਣੂ ਸੀ। ਇਹ ਸਭ ਗੱਲਾਂ ਦੱਸ ਕੇ ਜਦੋਂ ਉਹਨੇ ਬੱਚਾ ਨਾ ਰੱਖਣ ਦੀ ਗੱਲ ਕੀਤੀ ਤਾਂ ਰਾਣੀ ਦੇ ਕਾਲਜੇ 'ਤੇ ਜਿਵੇਂ ਛੁਰੀ ਫਿਰ ਗਈ ਹੋਵੇ। ਉਹ ਆਪਣੇ ਭਰਾ ਨੂੰ ਜਿਨਾ ਬੁਰਾ ਭਲਾ ਕਹਿ ਸਕਦੀ ਸੀ ਜਦੋਂ ਉਸਨੇ ਕਹਿ ਲਿਆ ਤਾਂ ਬੇਅੰਤ ਸਿੰਘ ਨੇ ਉਹਦੀ ਹਾਲਤ ਵੇਖ ਕੇ ਮਨ ਵਿਚ ਲੁਕੀ ਹੋਈ ਗੱਲ ਜ਼ਾਹਿਰ ਕੀਤੀ। ਤੈਅ ਇਹ ਹੋਇਆ ਕਿ ਬੱਚੇ ਦੀ ਪੈਦਾਇਸ਼ ਤੱਕ ਦਾ ਸਾਰਾ ਖਰਚ ਰਾਣੀ 'ਤੇ ਬਲਵਿੰਦਰ ਸਿੰਘ ਨੂੰ ਚੁੱਕਣਾ ਪਵੇਗਾ। ਜੇਕਰ ਕੁੜੀ ਹੋਵੇਗੀ ਤਾਂ ਬੇਅੰਤ ਸਿੰਘ ਖ਼ੁਦ ਪਾਲੇਗਾ, ਕਿਉਂਕਿ ਬੁੱਢੇ ਵਾਰੇ ਕੁੜੀ ਪਾਲਣੀ ਤੇ ਉਹਦਾ ਵਿਆਹ ਕਰਨਾ ਰਾਣੀ ਲਈ ਸੌਖਾ ਨਾ ਹੋਵੇਗਾ ਪਰ ਜੇ ਮੁੰਡਾ ਹੋਇਆ ਤਾਂ ਉਹ ਰਾਣੀ ਨੂੰ ਦੇ ਦਿੱਤਾ ਜਾਵੇਗਾ। ਇਹ ਗੱਲ ਸੁਣਕੇ ਰਾਣੀ ਨੂੰ ਇੰਝ ਲੱਗਾ ਜਿਵੇਂ ਉਸਨੂੰ ਤਿੰਨੋਂ ਲੋਕ ਦੀ ਰਿਆਸਤ ਮਿਲ ਗਈ ਹੋਵੇ। ਉਹਨੇ ਬਿਨ੍ਹਾਂ ਸੋਚੇ ਸਮਝੇ ਹਾਂ ਕਰ ਦਿੱਤੀ 'ਤੇ ਖੜ੍ਹੇ ਪੈਰ ਭਰਾ ਨੂੰ ਟਰੰਕ ਵਿਚੋਂ ਕੱਢਕੇ ਭਰਜਾਈ ਦੀ ਦੇਖਭਾਲ ਲਈ ਪੰਜ ਹਜ਼ਾਰ ਰੁਪਏ ਦੇ ਦਿੱਤੇ।

ਸ਼ਾਮ ਢਲੀ ਜਦ ਬਲਵਿੰਦਰ ਸਿੰਘ ਨੂੰ ਘਰ ਪਰਤਣ 'ਤੇ ਸਾਰੀ ਵਿਥਿਆ ਪਤਾ ਲੱਗੀ ਤਾਂ ਚੁੱਪ ਹੋ ਕੇ ਬੈਠ ਗਿਆ। ਉਸਨੂੰ ਇਹ ਸੌਦੇਬਾਜ਼ੀ ਕੁਝ ਚੰਗੀ ਨਾ ਲੱਗੀ। ਸਾਲੇ ਵੱਲੋਂ ਏਹੋ ਜਹੀ ਸ਼ਰਤ ਬਦਲੇ ਬੱਚਾ ਦੇਣ ਦੀ ਗੱਲ ਤਕਲੀਫ਼ ਦੇ ਰਹੀ ਸੀ। ਦੂਸਰਾ ਉਹ ਬੱਚੇ ਦੀ ਪੈਦਾਇਸ਼ 'ਤੇ ਹੋਣ ਵਾਲੇ ਖਰਚ ਤੋਂ ਵਾਕਫ਼ ਸੀ। ਇਸ ਖਰਚ ਨੂੰ ਚੁੱਕਣ ਲਈ ਉਹਨੂੰ ਆਪਣੇ ਬੁਰੇ ਵਕਤ ਲਈ ਜਮ੍ਹਾਂ ਕਰਵਾਈ ਐਫ.ਡੀ. ਤੜਾਉਣੀ ਪੈਣੀ ਸੀ। ਪਰ ਉਹ ਰਾਣੀ ਨੂੰ ਨਾਂਹ ਨਾ ਕਰ ਸਕਿਆ। ਰਾਣੀ ਨੇ ਉਸ ਨਾਲ ਪੂਰੀ ਉਮਰ ਗਰੀਬੀ ਦੀ ਹਾਲਤ ਵਿਚ ਬੇਔਲਾਦ ਹੁੰਦੇ ਹੋਏ ਵੀ ਬਿਨਾ ਕੋਈ ਗਿਲਾ ਕੀਤੇ ਕੱਟੀ ਸੀ। ਜਦੋਂ ਉਹ ਏਹੋ ਜਹੀ ਕੋਈ ਜਿੱਦ ਕਰਦੀ ਤਾਂ ਬਲਵਿੰਦਰ ਸਿੰਘ ਦਾ ਹੌਂਸਲਾ ਨਾ ਪੈਂਦਾ ਕਿ ਉਸਨੂੰ ਰੋਕ ਸਕੇ। ਉਸ ਕੋਲ ਜੀਉਣ ਦੀ ਇਕੋ-ਇਕ ਵਜ੍ਹਾ ਰਾਣੀ ਸੀ ਤੇ ਰਾਣੀ ਕੋਲ ਮਾਂ ਬਣਨ ਦੀ ਉਮੀਦ।

ਦਿਹਾੜੀਆਂ ਕਰਕੇ ਜੋ ਪੈਸਾ ਜੋੜਿਆ ਸੀ ਸਾਰਾ ਬੱਚੇ ਦੀ ਪੈਦਾਇਸ਼ 'ਤੇ ਲੱਗ ਗਿਆ। ਪਰ ਦਰ-ਦਰ ਜਾ ਕੇ ਰਾਣੀ ਦੀਆਂ ਕੀਤੀਆਂ ਅਰਦਾਸਾਂ ਰੱਬ ਨੇ ਸੁਣ ਲਈਆਂ ਸੀ। ਉਹਦੀ ਭਰਜਾਈ ਨੇ ਇਕ ਤੰਦਰੁਸਤ ਮੁੰਡੇ ਨੂੰ ਜਨਮ ਦਿੱਤਾ। ਜਦੋਂ ਰਾਣੀ ਨੇ ਬੱਚੇ ਨੂੰ ਹੱਥਾਂ ਵਿਚ ਚੁੱਕਿਆ ਤਾਂ ਉਸਨੂੰ ਇੰਝ ਲੱਗਾ ਜਿਵੇਂ ਉਹ ਅਮਰ ਹੋ ਗਈ ਹੋਵੇ। ਉਹਦਾ ਬਾਅਦ ਵੀ ਉਹਦਾ ਨਾਂ ਲੈਣ ਵਾਲਾ ਤੇ ਉਹਨੂੰ ਮਾਂ ਕਹਿ ਕੇ ਬੁਲਾਉਣ ਵਾਲਾ ਪਰਮਾਤਮਾ ਨੇ ਉਹਦੇ ਹੱਥਾਂ ਵਿਚ ਸੌਂਪ ਦਿੱਤਾ ਹੈ। ਉਹਨੇ ਆਪ ਹੀ ਉਹਦਾ ਨਾ ਨਿਸ਼ਾਨ ਸਿੱਘ ਰੱਖਿਆ। ਸਾਰਿਆਂ ਨੇ ਇਸ ਨਾਂ ਨੂੰ ਪਰਵਾਨ ਵੀ ਕਰ ਲਿਆ। ਅਜੇ ਰੱਜਕੇ ਰਾਣੀ ਨੇ ਨਿਸ਼ਾਨ ਨੂੰ ਵੇਖਿਆ ਵੀ ਨਹੀਂ ਸੀ ਕਿ ਨਰਸ ਨੇ ਇਹ ਕਹਿੰਦੇ ਹੋਏ ਉਹਦੇ ਹੱਥਾਂ ਵਿਚੋਂ ਲੈ ਲਿਆ ਕਿ ਬੱਚੇ ਨੂੰ ਦੁੱਧ ਪਿਲਾਉਣ ਦਾ ਸਮਾਂ ਹੋ ਗਿਆ ਹੈ। ਨਾ ਚਾਹੁੰਦੇ ਹੋਏ ਵੀ ਰਾਣੀ ਨੂੰ ਬੱਚਾ ਨਰਸ ਦੇ ਹੱਥਾਂ ਵਿਚ ਦੇਣਾ



ਪਿਆ। ਬਲਵਿੰਦਰ ਸਿੰਘ ਰਾਣੀ ਨੂੰ ਏਨਾ ਖੁਸ਼ ਵੇਖ ਕੇ ਬਹੁਤ ਖੁਸ਼ ਸੀ। ਪਰ ਉਸਨੂੰ ਆਉਣ ਵਾਲੇ ਵਕਤ ਦੀ ਚਿੰਤਾ ਵੀ ਹੋ ਰਹੀ ਸੀ। ਉਸਨੇ ਆਪਣੀ ਇਹ ਫ਼ਿਕਰ ਰਾਣੀ ਨੂੰ ਜ਼ਾਹਿਰ ਨਾ ਹੋਣ ਦਿੱਤੀ। ਹਸਪਤਾਲ ਵਿਚ ਵੱਡੇ ਅਪਰੇਸ਼ਨ ਨਾਲ ਪੈਦਾ ਹੋਣ ਕਰਕੇ ਖਰਚ ਵੀ ਖਾਸਾ ਹੋ ਗਿਆ ਸੀ। ਸ਼ਾਮ ਵੇਲੇ ਬਲਵਿੰਦਰ ਦਾ ਸਾਲਾ, ਬਲਵਿੰਦਰ ਸਿੰਘ ਤੇ ਰਾਣੀ ਕੋਲ ਆ ਕੇ ਬੈਠ ਗਿਆ। ਉਹਦੇ ਮਨ ਵਿਚ ਕੋਈ ਗੱਲ ਚੱਲ ਰਹੀ ਸੀ ਜੋ ਬਲਵਿੰਦਰ ਸਿੰਘ ਨੇ ਪਛਾਣ ਲਈ ਸੀ। ਪੁੱਛਣ 'ਤੇ ਉਹਨੇ ਦੱਸਿਆ ਕਿ ਕੱਲ ਸਵੇਰੇ ਘਰ ਜਾਣ ਲਈ ਛੁੱਟੀ ਮਿਲ ਜਾਵੇਗੀ। ਪਰ ਡਾਕਟਰਾਂ ਦਾ ਕਹਿਣਾ ਹੈ ਕਿ ਬੱਚੇ ਦੀ ਸਹੀ ਪਰਵਰਿਸ਼ ਲਈ ਪਹਿਲਾ ਇਕ ਸਾਲ ਬੱਚੇ ਨੂੰ ਮਾਂ ਤੋਂ ਵੱਖ ਨਾ ਕੀਤਾ ਜਾਵੇ। ਜਦੋਂ ਉਹ ਥੋੜ੍ਹਾ ਤੁਰਨ ਜੋਗਾ ਹੋ ਜਾਵੇ ਤੇ ਮਾਂ ਦਾ ਦੁੱਧ ਪੀਣਾ ਛੱਡ ਦੇਵੇ ਤਾਂ ਉਦੋਂ ਹੀ ਉਸਨੂੰ ਕਿਸੇ ਹੋਰ ਦੇ ਹਵਾਲੇ ਕੀਤਾ ਜਾ ਸਕਦਾ ਹੈ। ਰਾਣੀ ਨੇ ਇਹ ਗੱਲ ਸੁਣਕੇ ਅੱਖਾਂ ਵਿਚ ਭਰ ਆਏ ਹੰਝੂਆਂ ਨੂੰ ਜਿਵੇਂ ਰੋਕਿਆ ਤੇ ਚਿਹਰੇ 'ਤੇ ਮੁਸਕਾਨ ਲਿਆਉਂਦੇ ਹੋਏ ਆਪਣੇ ਭਰਾ ਨੂੰ ਇਸ ਗੱਲੋਂ ਤੱਸਲੀ ਰੱਖਣ ਲਈ ਕਿਹਾ। ਪਰ ਬਲਵਿੰਦਰ ਸਿੰਘ ਨੇ ਰਾਣੀ ਦੇ ਕਾਲਜੇ ਵਿਚ ਭਰ ਗਏ ਰੁੱਗ ਨੂੰ ਮਹਿਸੂਸ ਕਰ ਲਿਆ ਸੀ। ਉਸਨੇ ਰਾਣੀ ਦਾ ਹੱਥ ਫੜਕੇ ਉਹਨੂੰ ਵੀ ਤੱਸਲੀ ਰੱਖਣ ਲਈ ਕਿਹਾ। ਪਰ ਆਪ ਉਹ ਅੰਦਰੋਂ ਕਿਸੇ ਹੋਰ ਹੀ ਦੁਨੀਆ ਵਿਚ ਗੁਆਚਿਆ ਪਿਆ ਸੀ।

ਦਿਨ, ਹਫ਼ਤੇ ਤੇ ਮਹੀਨੇ ਲੰਘਦੇ ਗਏ। ਸਾਲ ਪੂਰਾ ਹੋਣ 'ਤੇ ਆ ਗਿਆ ਸੀ। ਇਸ ਵਕਤ ਤੱਕ ਬੀਤੇ ਦਿਨਾਂ ਤਾਈਂ ਰਾਣੀ ਨੇ ਆਪਣੇ ਭਰਾ ਦੇ ਘਰ ਖਾਣ-ਪੀਣ ਵਾਲੇ ਸਮਾਨ, ਬੱਚੇ ਤੇ ਭਰਜਾਈ ਦੇ ਕੱਪੜੇ-ਲੀੜੇ ਵੱਲੋਂ ਕੋਈ ਕਮੀ ਨਾ ਆਉਣ ਦਿੱਤੀ ਸੀ। ਇਹ ਦਿਨ ਉਸਨੇ ਉਂਗਲਾਂ 'ਤੇ ਗਿਣ-ਗਿਣ ਕੱਟੇ ਸੀ। ਜਦ ਸਾਲ ਪੂਰਾ ਹੋਇਆ ਤਾਂ ਉਹ ਮਿਥੇ ਹੋਏ ਦਿਨ ਤੋਹਫ਼ਿਆਂ ਨਾਲ ਲੱਦੀ ਹੋਈ ਆਪਣੇ ਭਰਾ ਦੇ ਘਰ ਪਹੁੰਚੀ। ਰੋਟੀ ਪਾਣੀ ਖਾਣ ਪਿੱਛੋਂ ਜਦੋਂ ਸ਼ਾਮ ਸਮੇਂ ਉਹਨੇ ਨਿਸ਼ਾਨ ਨੂੰ ਲੈ ਜਾਣ ਦੀ ਗੱਲ ਕੀਤੀ ਤਾਂ ਉਹਦੀ ਭਾਬੀ ਨੇ ਸਾਫ਼ ਹੀ ਜਵਾਬ ਦੇ ਦਿੱਤਾ। ਅਜੇ ਨਿਸ਼ਾਨ ਦੁੱਧ ਚੁੰਘਦਾ ਹੈ। ਇਸ ਲਈ ਉਹ ਅਜੇ ਮਾਂ ਤੋਂ ਵੱਖ ਨਹੀਂ ਰਹਿ ਸਕਦਾ। ਪੰਜ ਸੱਤ ਮਹੀਨੇ ਹੋਰ ਰੁਕਣ ਦਾ ਕਹਿਕੇ ਉਸਨੇ ਜਿਵੇਂ ਰਾਣੀ ਦੀ ਸੌਤਿਆ ਹੀ ਮਾਰ ਦਿੱਤੀ ਹੋਵੇ। ਘਰ ਵਾਪਸ ਮੁੜਦੇ ਸਮੇਂ ਰਾਣੀ ਨੂੰ ਪਤਾ ਨਹੀਂ ਲਗ ਰਿਹਾ ਸੀ ਕਿ ਉਹ ਕਿਥੇ ਪੈਰ ਧਰ ਰਹੀ ਹੈ। ਕਈ ਵਾਰ ਉਹ ਰਾਹ ਆਉਂਦੇ ਲੋਕਾਂ ਵਿਚ ਵੱਜੀ। ਜਿਵੇਂ-ਜਿਵੇਂ ਘਰ ਪਹੁੰਚੀ ਤਾਂ ਆਉਂਦੇ ਹੀ ਮੰਜੇ ਉੱਤੇ ਜਾ ਪਈ। ਸ਼ਾਮ ਵੇਲੇ ਜਦ ਬਲਵਿੰਦਰ ਸਿੰਘ ਘਰ ਪਰਤਿਆ ਤਾਂ ਰਾਣੀ ਬੁਖਾਰ ਨਾਲ ਤਪ ਰਹੀ ਸੀ। ਦਵਾ ਦਾਰੂ ਕਰਵਾਉਣ ਪਿਛੋਂ ਜਦ ਹਾਲਤ ਸੁਧਰੀ ਤਾਂ ਉਹਨੇ ਰਾਣੀ ਨਾਲ ਗੱਲਬਾਤ ਕਰਨੀ ਸ਼ੁਰੂ ਕੀਤੀ। ਉਹਨੂੰ ਆਪਣੇ ਸਾਲੇ ਦਾ ਮੁੰਡਾ ਹੋਣ ਪਿਛੋਂ ਬਦਲੀ ਨੀਅਤ ਦਾ ਅਹਿਸਾਸ ਹਸਪਤਾਲ ਵਿਚ ਹੀ ਹੋ ਗਿਆ ਸੀ। ਉਹਨੇ ਰਾਣੀ ਨੂੰ ਆਪਣੇ ਤੇ ਉਹਦੇ ਹੋਣ ਦਾ ਅਹਿਸਾਸ ਕਰਾਉਣ ਦੀ ਕੋਸ਼ਿਸ਼ ਕਰਦੇ ਹੋਏ ਜ਼ਿੰਦਗੀ ਦੇ ਲੰਮ੍ਹੇ ਸਫ਼ਰ ਵਿਚ ਇਕ ਦੂਸਰੇ ਦੇ ਦਿੱਤੇ ਸਾਥ ਬਾਰੇ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ। ਥੋੜ੍ਹੇ ਚਿਰ ਬਾਅਦ ਰਾਣੀ ਨੇ ਹੁੰਗਾਰਾ ਭਰਨਾ ਸ਼ੁਰੂ ਕਰ ਦਿੱਤਾ ਤੇ ਰਾਤ ਭਰ ਦੋਵੇਂ ਜੀਅ ਆਪਣੀ ਔਲਾਦ ਦੀ ਘਾਟ ਨੂੰ ਇਕ ਦੂਜੇ ਦੀ ਹੋਂਦ ਨਾਲ ਪੂਰਦੇ ਰਹੇ। ਅਗਲੇ ਦਿਨ ਰਾਣੀ ਨੇ ਸਵੇਰੇ ਉੱਠਕੇ ਬਲਵਿੰਦਰ ਸਿੰਘ ਲਈ ਕੰਮ 'ਤੇ ਜਾਣ ਲਈ ਰੋਟੀ ਟੁੱਕ ਬਣਾਏ ਤੇ ਜ਼ਿੰਦਗੀ ਨੂੰ ਬਲਵਿੰਦਰ ਸਿੰਘ ਦੀ ਅੱਖਾਂ ਰਾਹੀਂ ਵੇਖਣਾ ਸ਼ੁਰੂ ਕਰ ਦਿੱਤਾ। ਅਠਾਰਾਂ ਮਹੀਨੇ ਬੀਤ ਗਏ ਸੀ। ਰਾਣੀ ਕਦੇ-ਕਦੇ ਨਿਸ਼ਾਨ ਨੂੰ ਵੇਖਣ ਚਲੀ ਜਾਂਦੀ। ਭਾਬੀ ਦੇ ਟਾਲਿਆਂ ਨੂੰ ਨਾ ਚਾਹੁੰਦੇ ਵੀ ਸੁਣਕੇ ਹੁੰਗਾਰਾ ਭਰਦੀ ਤੇ ਚੁੱਪਚਾਪ ਘਰ ਮੁੜ ਆਉਂਦੀ।

ਨਿਸ਼ਾਨ ਪੂਰੇ ਤਿੰਨ ਸਾਲ ਦਾ ਹੋ ਗਿਆ ਸੀ। ਜਦੋਂ ਅਚਾਨਕ ਇਕ ਦਿਨ ਰਾਣੀ ਦਾ ਭਰਾ ਉਸਨੂੰ ਰਾਣੀ ਕੋਲ ਇਹ ਕਹਿਕੇ ਛੱਡ ਗਿਆ ਕਿ "ਸ਼ਰੀਕਾ ਸਾਨੂੰ ਤੇਰਾ ਗੁਨਾਹਗਾਰ ਮੰਨਦਾ ਹੈ। ਅਸੀਂ ਤੇਰੇ ਨਾਲ ਧੋਖਾ ਨਹੀਂ ਕੀਤਾ। ਬਸ ਨਿਸ਼ਾਨ ਦੀ ਫ਼ਿਕਰ ਸੀ। ਹੁਣ ਉਹ ਮਾਂ ਤੋਂ ਬਿਨਾਂ ਰਹਿ ਸਕਦਾ ਹੈ। ਇਸ ਲਈ ਹੁਣ ਉਸ ਉੱਤੇ ਸਿਰਫ਼ ਤੇਰਾ ਅਧਿਕਾਰ ਹੈ। ਅੱਜ ਤੋਂ ਬਾਅਦ ਨਿਸ਼ਾਨ ਤੇਰੇ ਕੋਲ ਹੀ ਰਹੇਗਾ।" ਰਾਣੀ ਲਈ ਇਹ ਅਣਕਿਆਸੀ ਖੁਸ਼ੀ ਸੰਭਾਲ ਪਾਉਂਣਾ ਮੁਸ਼ਕਿਲ ਹੋ ਗਿਆ।



ਪਰ ਇਹ ਖੁਸ਼ੀ ਉਸ ਵੇਲੇ ਗ਼ਮੀ ਵਿਚ ਬਦਲ ਗਈ ਜਦ ਨਿਸ਼ਾਨ ਨੇ ਉਸਨੂੰ ਮਾਂ ਦੀ ਬਜਾਏ ਭੂਆ ਕਿਹਾ। ਇਸ ਵਾਰ ਰਾਣੀ ਦਾ ਰੱਬ ਤੋਂ ਏਤਬਾਰ ਡੋਲ ਗਿਆ। ਰਾਣੀ ਦੇ ਉਤਰੇ ਹੋਏ ਚਿਹਰੇ ਨੂੰ ਵੇਖਕੇ ਰਾਣੀ ਦੇ ਭਰਾ ਨੇ ਨਿਸ਼ਾਨ ਨੂੰ ਝਿੜਕ ਕੇ ਸਖ਼ਤੀ ਨਾਲ ਰਾਣੀ ਨੂੰ ਹਮੇਸ਼ਾ ਮਾਂ ਕਹਿਕੇ ਬੁਲਾਉਣ ਲਈ ਕਿਹਾ। ਜਦੋਂ ਨਿਸ਼ਾਨ ਨੇ ਦੋ ਚਾਰ ਵਾਰ ਰਾਣੀ ਨੂੰ ਮਾਂ-ਮਾਂ ਕਹਿਕੇ ਬੁਲਾਇਆ ਤਾਂ ਉਸ ਨੂੰ ਦੋ ਘੜੀਆਂ 'ਚ ਹੀ ਦੁਬਾਰਾ ਰੱਬ 'ਤੇ ਏਤਬਾਰ ਜਿਹਾ ਆ ਗਿਆ। ਦਿਨ, ਮਹੀਨੇ, ਸਾਲ ਬੀਤ ਗਏ। ਦੋ ਸਾਲ ਬਾਅਦ ਰਾਣੀ ਵਿਹੜੇ ਵਿਚ ਬੈਠੀ ਸੋਚ ਰਹੀ ਸੀ ਕਿ ਕੀ ਖੱਟਿਆ ਉਸ ਮਾਂ ਕਹਾ ਕੇ। ਨਿਸ਼ਾਨ ਇਕ ਨੰਬਰ ਦਾ ਸ਼ਰਾਰਤੀ ਤੇ ਬਦਤਮੀਜ਼ ਬੱਚਾ ਸੀ। ਮਾਂ-ਬਾਪ ਕੋਲ ਬਿਤਾਏ ਵਕਤ ਵਿਚ ਉਸਨੇ ਹਰ ਤਰ੍ਹਾਂ ਦੀ ਬੁਰੀ ਆਦਤ ਸਿੱਖ ਲਈ ਸੀ ਜਿਸਨੂੰ ਹੁਣ ਸੁਧਾਰਨਾ ਆਸਾਨ ਨਹੀਂ ਸੀ। ਪਹਿਲਾਂ ਹੀ ਪੈਦਾਇਸ਼ ਵੇਲੇ ਸਾਂਭ ਰੱਖਿਆ ਪੈਸਾ ਖਰਚ ਹੋ ਚੁੱਕਿਆ ਸੀ ਤੇ ਨਿਸ਼ਾਨ ਦੇ ਸਕੂਲ, ਖਾਣ-ਪੀਣ, ਖਿਡਾਉਣੇ ਆਦਿ ਦੇ ਖਰਚੇ ਉਹਨਾਂ ਲਈ ਝੱਲਣੇ ਔਖੇ ਹੋ ਗਏ ਸੀ। ਦੂਸਰਾ ਜਦੋਂ ਵੀ ਨਿਸ਼ਾਨ ਨੂੰ ਛੁੱਟੀ ਹੁੰਦੀ ਉਸਦਾ ਭਰਾ ਆ ਕੇ ਉਸਨੂੰ ਲੈ ਜਾਂਦਾ। ਜਦੋਂ ਉਹ ਦੁਬਾਰਾ ਵਾਪਸ ਮੁੜਦਾ ਤਾਂ ਰਾਣੀ ਦੀ ਭਰਜਾਈ ਨੂੰ ਮਾਂ ਤੇ ਉਸਨੂੰ ਭੂਆ ਕਹਿੰਦਾ। ਜਿਸਨੂੰ ਦਰੁਸੱਤ ਕਰਨ ਵਿਚ ਉਸਨੂੰ ਕਈ ਦਿਨ ਲੱਗ ਜਾਂਦੇ।

ਬਲਵਿੰਦਰ ਸਿੰਘ ਦੇ ਉਮਰ ਤੇ ਨਸ਼ੇ ਹੱਥੋਂ ਰੁਲੇ ਹੋਏ ਬੁੱਢੇ ਹੱਥ ਜਵਾਬ ਦੇ ਚੁੱਕੇ ਸੀ। ਪੈਸੇ ਪਿਛੋਂ ਰਾਣੀ ਨਾਲ ਆਪਣੇ ਨਿੱਤ ਦੇ ਕਲੇਸ਼ ਹੱਥੋਂ ਤੰਗ ਆ ਕੇ ਉਹ ਇਕ ਦਿਨ ਹਮੇਸ਼ਾ ਲਈ ਘਰ ਛੱਡ ਕੇ ਚਲਾ ਗਿਆ। ਉਹਦੇ ਜਾਣ ਬਾਅਦ ਜਿਵੇਂ ਰਾਣੀ ਦੇ ਅੰਦਰੋਂ ਜੀਣ ਦੀ ਚਾਹਤ ਹੀ ਮੁਕ ਗਈ। ਉਸਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਹੁਣ ਤੱਕ ਜੀਉਂਦੇ ਰਹਿਣ ਪਿੱਛੇ ਉਸਦੀ ਮਾਂ ਬਣਨ ਦੀ ਚਾਹਤ ਨਹੀਂ ਬਲਕਿ ਬਲਵਿੰਦਰ ਸਿੰਘ ਦਾ ਮੋਹ ਭਰਿਆ ਸੀ ਜੋ ਉਸਦੇ ਬਾਂਝ ਹੋਣ ਦੇ ਬਾਵਜੂਦ ਜਿਉਂ ਦਾ ਤਿਉਂ ਕਾਇਮ ਸੀ। ਆਖਰ ਉਸਨੇ ਨਿਸ਼ਾਨ ਵਾਲੀ ਖੇਡ ਹੀ ਮੁਕਾਉਣ ਦਾ ਫੈਸਲਾ ਕਰ ਲਿਆ। ਇਕ ਦਿਨ ਉਹਦਾ ਸਾਰਾ ਸਮਾਨ ਬੰਨ੍ਹ ਕੇ ਉਹਨੂੰ ਉਹਦੇ ਮਾਂ-ਬਾਪ ਕੋਲ ਛੱਡ ਆਈ ਤੇ ਇਕ ਸਕੂਲ ਵਿਚ ਨੌਕਰੀ ਕਰਨ ਲੱਗ ਪਈ। ਜਿਸ ਤੋਂ ਉਸਨੂੰ ਚੰਗੇ ਪੈਸੇ ਮਿਲਣ ਲੱਗ ਪਏ। ਉਸਨੇ ਆਪਣੇ ਬਲਵਿੰਦਰ ਨੂੰ ਬਹੁਤ ਲੱਭਿਆ ਪਰ ਉਹ ਕਿਤੋਂ ਨਾ ਮਿਲਿਆ। ਥੋੜ੍ਹੇ-ਥੋੜ੍ਹੇ ਪੈਸੇ ਜੋੜਕੇ ਉਸਨੇ ਆਪਣਾ ਕੱਚਾ ਢਾਰਾ ਵੀ ਪੱਕਾ ਕਰ ਲਿਆ ਸੀ। ਹੁਣ ਉਹ ਹਰ ਰੋਜ਼ ਘਰ ਦੇ ਬਾਰ ਮੂਹਰੇ ਬੈਠੀ ਘਰ ਵੱਲ ਆਉਂਦੇ ਰਾਹ ਨੂੰ ਤੱਕਦੀ ਰਹਿੰਦੀ ਕਿ ਸ਼ਾਇਦ ਉਸਦੇ ਦਿਲ ਦਾ ਰਾਜਾ ਇਕ ਦਿਨ ਮੁੜ ਆਵੇ ਤੇ ਮੁੜ ਕੁਝ ਵੀ ਨਾ ਹੋਣ ਦੇ ਬਾਵਜੂਦ ਵੀ ਰਾਣੀ ਵਾਂਗ ਉਮਰ ਦੇ ਬੀਤੇ ਵਰ੍ਹਿਆਂ ਨੂੰ ਜੀਅ ਸਕੇ।

(**ਸੰਪਰਕ**-90416-35054)



# ਪੰਜਾਬੀ ਕਹਾਣੀ : ਨਿਵੇਕਲੇ ਕਦਮਾਂ ਦੇ ਰਾਹਦਾਰ ਨਾਰੀ ਪਾਤਰ

**ਡਾ. ਜਸਵਿੰਦਰ ਕੌਰ ਬਿੰਦਰਾ**

ਸਾਹਿਤ ਸਾਡੀ ਜ਼ਿੰਦਗੀ ਵਿੱਚ ਐਨਾ ਰਚ-ਮਿੱਚ ਜਾਂਦਾ ਹੈ ਕਿ ਅਸੀਂ ਕਦਮ-ਕਦਮ ਉਤੇ ਉਸ ਵੱਲ ਦੇਖਦੇ ਹਾਂ। ਸਾਡੇ ਦੇਸ਼ ਵਿੱਚ ਜਿੱਥੇ 'ਨਾਇਕਤਵ' ਦੀ ਅਰਾਧਨਾ ਹੁੰਦੀ ਰਹੀ ਹੈ, ਪੌਰਾਣਿਕ ਕਾਲ ਤੋਂ ਲੈ ਕੇ ਹੁਣ ਤਕ ਅਸੀਂ ਲੋਕ ਦਾ ਨਾਇਕ-ਨਾਇਕਾ ਦੀ ਮਹਿਮਾ ਦਾ ਗੁਣਗਾਨ ਕਰਦੇ ਆਏ ਹਾਂ। ਭਾਵੇਂ ਰਾਮਾਇਣ ਤੇ ਮਹਾਭਾਰਤ ਜਿਹੇ ਪੌਰਾਣਿਕ ਮਹਾਗ੍ਰੰਥ ਰਹੇ ਹੋਣ ਜਾਂ ਸਾਖੀਆਂ, ਲੋਕਵਾਰਾਂ ਆਦਿ, ਭਾਰਤੀ ਜਨਚੇਤਨ ਵਿੱਚ ਆਪਣੇ ਤੋਂ 'ਵੱਡੇ ਕੱਦ' ਪ੍ਰਤੀ ਸਦਾ ਆਕਰਸ਼ਣ ਰਿਹਾ ਹੈ। ਸਿਰਫ਼ ਨਾਇਕ ਹੀ ਨਹੀਂ, ਨਾਇਕਾ ਨੂੰ ਵੀ ਸਾਡੇ ਸਮਾਜ, ਸੰਸਕ੍ਰਿਤੀ ਤੇ ਸਾਹਿਤ ਵਿੱਚ ਉੱਚਾ ਦਰਜ਼ਾ ਪ੍ਰਾਪਤ ਰਿਹਾ ਹੈ। ਅਨੇਕ ਮਹਾਨ ਇਸਤਰੀਆਂ, ਜਿਨ੍ਹਾਂ ਨੇ ਆਪਣੀ ਸ਼ਖ਼ਸੀਅਤ ਨੂੰ ਮਰਦ-ਪ੍ਰਧਾਨ ਸਮਾਜ ਵਿੱਚ ਮਨਵਾਇਆ, ਜੋ ਸਾਡੇ ਲਈ ਅੱਜ ਵੀ ਮਾਣ ਵਾਲੀ ਗੱਲ ਹੈ। ਉਨ੍ਹਾਂ ਇਸਤਰੀਆਂ ਦੇ ਜੀਵਨ-ਸੰਘਰਸ਼ ਵਿੱਚ ਕੁਝ ਅਜਿਹਾ ਜੁਝਾਰੂਪਨ ਰਿਹਾ ਕਿ ਵੱਡੇ-ਵੱਡੇ ਫੰਨੇ ਖ਼ਾਂ ਵੀ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸਲਾਮ ਕੀਤੇ ਬਿਨਾ ਨ ਰਹਿ ਸਕੇ। ਇਸ ਸੰਦਰਭ ਵਿੱਚ ਅਨੇਕ ਨਾਂ ਲਏ ਜਾ ਸਕਦੇ ਹਨ ਤੇ ਜੇ ਇਸ ਨੂੰ ਪੌਰਾਣਿਕ ਕਾਲ ਤੋਂ ਆਰੰਭ ਕਰ ਦੇਈਏ ਤਾਂ ਫਿਰ ਬਹੁਤ ਲੰਮੀ ਸੂਚੀ ਬਣ ਜਾਂਦੀ ਹੈ। ਸੀਤਾ, ਦਰੋਪਦੀ, ਗਾਰਗੀ ਤੋਂ ਲੈ ਕੇ ਪਦਮਿਨੀ, ਧਾਏ ਮਾਂ, ਰਜੀਆ ਸੁਲਤਾਨ ਆਦਿ ਤੋਂ ਸ੍ਰੀਮਤੀ ਇੰਦਰਾ ਗਾਂਧੀ ਤੇ ਸ੍ਰੀਮਤੀ ਪ੍ਰਤਿਭਾ ਪਾਟਿਲ ਜਿਹੀਆਂ ਸਿਆਸੀ ਸਿਰਕੱਢ ਇਸਤਰੀਆਂ ਦੇ ਨਾਲ ਕਲਪਨਾ ਚਾਵਲਾ ਤੇ ਸੁਨੀਤਾ ਵਿਲੀਅਮਸ ਜਿਹੀਆਂ ਪੁਲਾੜ ਯਾਤਰੀਆਂ ਤੇ ਇੰਦਰਾ ਨੂਈ ਤੇ ਕਮਲਾ ਹੈਰਿਸ ਅੰਤਰਕੌਮਾਂਤਰੀ ਪੱਧਰ ਦੀਆਂ ਪ੍ਰਬੰਧਕ ਆਦਿ ਦੇ ਨਾਲ ਕਲਾ, ਸੰਗੀਤ ਤੇ ਸਾਹਿਤ ਵਿੱਚ ਅਣਗਣਿਤ ਸ਼ਖ਼ਸੀਅਤਾਂ ਅਜਿਹੀਆਂ ਨਜ਼ਰੀ ਪੈਂਦੀਆਂ ਹਨ, ਜਿਨ੍ਹਾਂ ਤੋਂ ਅਸੀਂ ਬਲਿਹਾਰੀ ਹੀ ਨਹੀਂ ਜਾਂਦੇ, ਸਗੋਂ ਉਨ੍ਹਾਂ ਵਰਗਾ ਬਣਨਾ ਵੀ ਲੋਚਦੇ ਹਾਂ।

ਇਹ ਠੀਕ ਹੈ ਕਿ ਪਿਛਲੇ ਕੁਝ ਅਰਸੇ ਤੋਂ ਨੌਜਵਾਨ ਪੀੜੀ ਤੇ ਟੀਨਏਜ਼ ਕੁੜੀਆਂ, ਕਿਸ਼ੋਰੀਆਂ ਤੇ ਮੁਟਿਆਰਾਂ ਉਤੇ ਗਲੈਮਰ, ਫੈਸ਼ਨ ਤੇ ਫਿਲਮਾਂ ਦਾ ਪ੍ਰਭਾਵ ਵਧੇਰੇ ਵਧਦਾ ਜਾ ਰਿਹਾ ਹੈ। ਉਹ ਆਪਣੇ ਜੀਵਨ ਦੇ ਰੋਲ-ਮਾਡਲ ਇਨ੍ਹਾਂ ਖੇਤਰਾਂ ਵਿਚੋਂ ਚਾਹੁਣ ਲੱਗ ਪਈਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤੀ ਸੁੰਦਰੀਆਂ ਅੰਤਰ-ਕੌਮਾਂਤਰੀ ਮੁਕਾਬਲਿਆਂ ਵਿੱਚ ਉੱਚੇ ਪੱਧਰ ਉਤੇ ਪੁਜੀਆਂ ਹੀ ਨਹੀਂ, ਉਥੋਂ 'ਤਾਜ' ਪਹਿਨ ਕੇ ਵੀ ਆਈਆਂ। ਇਸੇ ਤਰ੍ਹਾਂ ਖੇਡਾਂ ਵਿੱਚ ਅਜਿਹੀਆਂ ਕਈ ਖਿਡਾਰਣਾਂ ਹਨ, ਜਿਨ੍ਹਾਂ ਨੇ ਦੁਨੀਆ ਵਿੱਚ ਆਪਣੇ ਨਾਂ ਰਾਹੀਂ ਭਾਰਤ ਦੇਸ਼ ਦਾ ਨਾਂ ਵੀ ਰੋਸ਼ਨ ਕੀਤਾ, ਜਿਵੇਂ : ਪੀ.ਟੀ.ਊਸ਼ਾ, ਮੈਰੀ ਕੋਮ, ਸਾਨੀਆ ਮਿਰਜ਼ਾ, ਸਾਨਿਆ ਨੇਹਵਾਲ ਤੇ ਪੀ.ਵੀ. ਸਿੰਧੂ ਜਿਹੀਆਂ ਕਈ ਨਾਰੀਆਂ ਹਨ, ਜਿਨ੍ਹਾਂ ਨੇ ਆਪਣੀ ਯੋਗਤਾ ਦਾ ਲੋਹਾ ਮੰਨਵਾਇਆ।

ਇਹ ਉਹ ਸ਼ਖ਼ਸੀਅਤਾਂ ਹਨ, ਜਿਨ੍ਹਾਂ ਕੌਮਾਂਤਰੀ ਤੇ ਅੰਤਰ-ਕੌਮਾਂਤਰੀ ਪੱਧਰ ਉਤੇ ਮੱਲਾਂ ਮਾਰੀਆਂ। ਆਪਣੇ ਨਾਂ ਨਾਲ ਆਪਣੇ ਦੇਸ ਦਾ ਗੌਰਵ ਵੀ ਵਧਾਇਆ। ਇਨ੍ਹਾਂ ਦੀ ਜੀਵਨ-ਕਹਾਣੀ, ਅਨੁਭਵਾਂ ਤੇ ਸੰਘਰਸ਼ਾਂ ਤੋਂ ਜਾਨਣ ਵਾਲਿਆਂ ਨੂੰ ਕਾਫੀ ਪ੍ਰੇਰਣਾ ਮਿਲਦੀ ਹੈ। ਅਸੀਂ ਇਨ੍ਹਾਂ ਦੇ ਜੀਵਨ-ਅਨੁਭਵਾਂ ਤੋਂ ਕਾਫੀ ਕੁਝ ਸਿੱਖਣਾ ਚਾਹੁੰਦੇ ਹਾਂ। ਇਨ੍ਹਾਂ ਦੀਆਂ ਜੀਵਨੀਆਂ ਤੇ ਆਤਮ ਕਥਾ ਜਾਂ ਸੰਸਮਰਣ ਆਦਿ ਤੋਂ ਪ੍ਰੇਰਣਾ ਲੈ ਕੇ ਅੱਗੇ ਵੱਧਣ ਦਾ ਹੌਂਸਲਾ ਰੱਖਣਾ ਚਾਹੁੰਦੇ ਹਾਂ।

ਉੱਪਰ ਜਿਨ੍ਹਾਂ ਸ਼ਖ਼ਸੀਅਤਾਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਨਾਂ ਅਜਿਹੇ ਹਨ, ਜੋ ਸਮਾਜ, ਦੇਸ ਤੇ ਦੁਨੀਆ ਵਿੱਚ ਜਾਣੇ-ਪਛਾਣੇ ਗਏ। ਉਨ੍ਹਾਂ ਦੀ ਇਕ ਵਿਸ਼ੇਸ਼ ਖੇਤਰ ਵਿੱਚ ਵਿਸ਼ੇਸ਼ ਪਛਾਣ ਬਣੀ। ਇਸ ਵਿੱਚ ਉਨ੍ਹਾਂ ਦੀ ਆਪਣੀ ਘਾਲਣਾ, ਯੋਗਤਾ ਤੇ ਸਮਰੱਥਾ ਦੇ ਨਾਲ-ਨਾਲ, ਉਨ੍ਹਾਂ ਦੇ ਘਰ ਦੇ ਜੀਆਂ ਤੇ

ਹੋਰ ਅਨੇਕ ਬੰਦਿਆਂ ਦਾ ਸਹਿਯੋਗ, ਸੇਧ ਤੇ ਮਦਦ ਵੀ ਸ਼ਾਮਿਲ ਰਹੀ। ਤਦੇ ਹੀ ਉਹ ਸਿੱਖਰਲਾ ਮੁਕਾਮ ਹਾਸਿਲ ਕਰ ਸਕੀਆਂ।

ਜੀਵਨ ਵਿੱਚ ਅਨੇਕ ਲੋਕ ਅਜਿਹੇ ਵੀ ਮਿਲਦੇ ਹਨ, ਜੋ ਆਪ ਸਮਰੱਥ ਹੋਣ ਦੇ ਬਾਵਜੂਦ ਬਹੁਤ ਅੱਗੇ ਨਹੀਂ ਨਿਕਲ ਸਕੇ ਹੁੰਦੇ, ਪਰ ਉਨ੍ਹਾਂ ਦੇ ਅਨੁਭਵ ਦੂਜਿਆਂ ਨੂੰ ਪ੍ਰੇਰਣਾ ਦੇ ਜਾਂਦੇ ਹਨ। ਕਿਸੇ ਦੀ ਅਸਫ਼ਲਤਾ ਦੂਜਿਆਂ ਦੀ ਸਫ਼ਲਤਾ ਦਾ ਕਾਰਣ ਵੀ ਬਣ ਜਾਂਦੀ ਹੈ, ਕਿਉਂਕਿ ਉਨ੍ਹਾਂ ਦੀਆਂ ਕਮਜ਼ੋਰੀਆਂ, ਕਮੀਆਂ ਤੋਂ ਦੂਜਿਆਂ ਨੂੰ ਸਹਿਜੇ ਹੀ ਪ੍ਰੇਰਣਾ ਮਿਲ ਜਾਂਦੀ ਹੈ।

ਵਿਭਿੰਨ ਖੇਤਰਾਂ ਦੀ ਤਰ੍ਹਾਂ ਸਾਹਿਤ ਵਿੱਚ ਵੀ ਅਜਿਹੇ ਕਿਰਦਾਰ ਨਜ਼ਰੀ ਪੈਂਦੇ ਹਨ, ਜੋ ਸੰਘਰਸ਼ ਕਰਦੇ ਹਨ, ਸੰਕਟ ਤੇ ਪਰੇਸ਼ਾਨੀਆਂ ਦਾ ਡਟ ਕੇ ਮੁਕਾਬਲਾ ਕਰਦੇ ਹੋਏ ਹਾਰ ਨਹੀਂ ਮੰਨਦੇ ਤੇ ਆਪਣੀ ਸੋਚ ਰਾਹੀਂ ਮੀਲ-ਪੱਥਰ ਕਾਇਮ ਕਰਦੇ ਹਨ। ਪੰਜਾਬੀ ਕਹਾਣੀ ਵਿੱਚ ਸਾਨੂੰ ਅਜਿਹੇ ਕਈ ਪ੍ਰੇਰਣਾਦਾਇਕ ਨਾਰੀ ਪਾਤਰ ਮਿਲਦੇ ਹਨ, ਜਿਨ੍ਹਾਂ ਨੇ ਸੌਖੇ ਰਾਹਾਂ ਦੀ ਬਜਾਏ ਅਜਿਹੇ ਰਾਹ ਚੁਣੇ, ਜੋ ਔਖੇ ਸਨ। ਉਨ੍ਹਾਂ ਸਮੇਂ ਤੇ ਸਥਿਤੀ ਅਨੁਸਾਰ ਆਪਣੇ ਸੰਕਟ ਭਰੇ ਹਾਲਾਤਾਂ ਵਿਚੋਂ ਨਿਕਲਣ ਦੀ ਕੋਸ਼ਿਸ਼ ਕੀਤੀ ਤੇ ਨਵੀਆਂ ਪੈੜਾਂ ਪਾਈਆਂ। ਸੰਭਵ ਹੈ, ਰਚਣਹਾਰ ਨੇ ਉਨ੍ਹਾਂ ਨੂੰ ਪ੍ਰੇਰਣਾਦਾਈ ਪਾਤਰ ਵਜੋਂ ਉਚੇਚੇ ਤੌਰ ਤੇ ਨਾ ਸਿਰਜਿਆ ਹੋਵੇ, ਪਰ ਆਪਣੇ ਵਿਚਾਰਾਂ, ਸੋਚ ਤੇ ਜੁਝਾਰੂਪਨ ਕਾਰਣ ਉਹ ਅਚੇਤ ਹੀ ਦੂਜਿਆਂ ਲਈ ਪਥ-ਪ੍ਰਦਰਸ਼ਕ ਪਾਤਰ ਬਣ ਗਏ ਹੋਣ।

ਪੰਜਾਬੀ ਕਹਾਣੀ ਦੇ ਲੰਮੇ ਪੈਂਡੇ ਵਿੱਚ ਅਜਿਹੇ ਕਈ ਨਾਰੀ ਪਾਤਰ ਸਾਡੇ ਸਾਹਵੇਂ ਆਉਂਦੇ ਹਨ, ਜੋ ਨਵੀਨ ਰਾਹਾਂ ਦੇ ਰਾਹੀ ਬਣ, ਆਪਣੀ ਨਿਵੇਕਲੀ ਪਛਾਣ ਛੱਡ ਗਏ, ਆਓ ਉਨ੍ਹਾਂ ਨਾਰੀ ਪਾਤਰਾਂ ਦੀ ਚਰਚਾ ਕਰਦੇ ਹਾਂ :

**ਗੁਰਬਖ਼ਸ਼ ਸਿੰਘ ਪ੍ਰੀਤਲੜੀ** ਦੀ ਕਹਾਣੀ '**ਪ੍ਰੀਤਾਂ ਦੀ ਪਹਿਰੇਦਾਰ**' ਵਿੱਚ '**ਰੁਕਨੀ**' ਇਕ ਅਜਿਹਾ ਹੀ ਨਾਰੀ ਪਾਤਰ ਹੈ, ਜੋ ਆਪਣੇ ਪਿਆਰ ਦੀ ਖ਼ਾਤਿਰ ਕਿਸੇ ਤੋਂ ਡਰਦੀ ਨਹੀਂ। ਪਿੰਡ ਦਾ ਮੀਆਂ ਆਪਣੇ ਡਾਢੇਪਨ ਦੇ ਬਲ ਤੇ ਰੁਕਨੀ ਦੇ ਪ੍ਰੇਮੀ ਰਣੀਆ ਨੂੰ ਧੋਖੇ ਨਾਲ ਮਾਰ ਕੇ, ਰੁਕਨੀ ਨਾਲ ਜ਼ਬਰਦਸਤੀ ਵਿਆਹ ਕਰਵਾ ਲੈਂਦਾ ਹੈ। ਪਰ ਰੁਕਨੀ ਉਸ ਮੀਆਂ ਨੂੰ ਪਤੀ ਦੇ ਰੂਪ ਵਿੱਚ ਸਵੀਕਾਰ ਨਹੀਂ ਕਰਦੀ। ਵਿਆਹ ਵਾਲੀ ਰਾਤ ਹੀ ਉਹ ਮੀਏਂ ਨੂੰ ਵੰਗਾਰਦੀ ਹੈ, ਕਿਉਂਕਿ ਉਸ ਨੂੰ ਪਤਾ ਹੈ, ਰਣੀਆ ਦਾ ਕਤਲ ਮੀਏਂ ਦੇ ਬਦਮਾਸ਼ ਆਦਮੀਆਂ ਨੇ ਹੀ ਕੀਤਾ ਹੈ। ਇਸੇ ਲਈ ਰਾਤ ਵੇਲੇ ਮੀਏਂ ਦੇ ਉਸ ਵੱਲ ਆਉਣ ਤੇ ਉਹ ਕਹਿੰਦੀ ਹੈ,

*"ਏਸੇ ਲਹੂ ਦਾ ਬਦਲਾ ਲੈਣ ਲਈ ਮੈਂ ਤੇਰੇ ਨਾਲ ਵਿਆਹ ਕੀਤਾ ਸੀ। ਨਹੀਂ ਤਾਂ ਰਣੀਏ ਦੀ ਮੜ੍ਹੀ ਕੋਲੋਂ ਤੂੰ ਮੈਨੂੰ ਖੋਹ ਨਾ ਸਕਦੈਂ ਸੇ। ਏਸੇ ਵੇਲੇ ਮੈਂ ਆਪਣਾ ਬਦਲਾ ਮੁੱਕਾ ਲੈਣਾ ਸੀ, ਪਰ ਮਾਂ-ਪਿਉ ਦਾ ਉਜਾੜਾ ਅੱਖਾਂ ਸਾਹਮਣੇ ਆ ਗਿਆ। ਤੇਰੇ ਸਕਿਆ ਸਾਡਾ ਇਕ ਜੀਅ ਜਿਉਂਦਾ ਨਹੀਂ ਛੱਡਣਾ ਜਾਹ ਖ਼ੂਨੀਆਂ, ਉਨ੍ਹਾਂ ਦੀ ਖ਼ਾਤਿਰ ਤੂੰ ਵੀ ਜਿਉਂਦਾ ਰਹੁ।"*

ਚਾਕੂ ਦੇ ਡਰ ਦੇ ਮਾਰੇ ਮੀਆਂ ਉਸ ਤੋਂ ਪਰ੍ਹੇ ਹੱਟ ਜਾਂਦਾ ਹੈ। ਰੁਕਨੀ ਇਕ ਪਾਸੇ ਆਪਣੇ ਪਰਿਵਾਰ ਦੀ ਸੁਰੱਖਿਆ ਕਰਦੀ ਹੈ ਤੇ ਦੂਜੇ ਪਾਸੇ ਰਣੀਆ ਦੀ ਮੌਤ ਦਾ ਬਦਲਾ ਲੈਣ ਖ਼ਾਤਿਰ ਮੀਏਂ ਨਾਲ ਵਿਆਹ ਤਾਂ ਰਚਾ ਲੈਂਦੀ ਹੈ, ਪਰ ਉਸ ਨੂੰ ਵਿਆਹ ਵਾਲੀ ਰਾਤ ਹੀ ਆਪਣੇ ਕੋਲ ਢੁੱਕਣ ਨਹੀਂ ਦੇਂਦੀ। ਮੀਏਂ ਦੇ ਘਰੋਂ ਨਿਕਲ ਕੇ ਉਹ ਇਕ ਬ੍ਰਿਛ ਹੇਠ ਜਾ ਬੈਠਦੀ ਹੈ ਤੇ ਹੋਕਾ ਦੇਂਦੀ ਹੈ :

*"ਖ਼ਬਰਦਾਰ। ਏਸ ਪਿੰਡ ਵਿੱਚ ਜੇ ਕਿਸੇ ਨੇ ਪ੍ਰੀਤ ਦਾ ਖ਼ੂਨ ਕੀਤਾ। ਰੁਕਨੀ ਏਸ ਪਿੰਡ ਦੀਆਂ ਪ੍ਰੀਤਾਂ ਦੀ ਪਹਿਰੇਦਾਰ ਹੈ।"*

ਰੁਕਨੀ ਦਾ ਆਪਣਾ ਪਿਆਰ ਭਾਵੇਂ ਸਿਰ੍ਹੇ ਨਾ ਚੜ੍ਹ ਸਕਿਆ। ਉਸ ਦੇ ਪ੍ਰੇਮੀ ਨੂੰ ਮੀਏਂ ਨੇ ਧੋਖੇ ਨਾਲ ਮਰਵਾ ਦਿੱਤਾ, ਪਰ ਰੁਕਨੀ ਨੇ ਆਪਣੀ ਉਸ ਅਸਫ਼ਲਤਾ ਨੂੰ, ਆਪਣੇ ਜ਼ਖ਼ਮ ਨਾਲ ਦੂਜਿਆਂ ਨੂੰ ਸੇਧ ਦੇ ਦਿੱਤੀ। ਰੁਕਨੀ ਨੇ ਨਿਸ਼ਚਾ ਕਰ ਲਿਆ ਕਿ ਉਹ ਪਿੰਡ ਵਿੱਚ ਕਿਸੇ ਹੋਰ ਦੀ ਪ੍ਰੀਤ ਦਾ ਖ਼ੂਨ ਨਹੀਂ ਹੋਣ



ਦੇਵੇਗੀ। ਪ੍ਰੀਤਾਂ ਦੀ ਪਹਿਰੇਦਾਰ ਬਣ ਕੇ ਰਹੇਗੀ। ਹੌਲੀ-ਹੌਲੀ ਇਹ ਗੱਲ ਸਾਰੇ ਪਾਸੇ ਧੁੰਮ ਗਈ।

*"ਕਿਸੇ ਨੇ ਸਾਹਮਣੀ ਪਹਾੜੀ ਵੱਲ ਧਿਆਨ ਕਰਦੇ ਹੋਏ ਆਖਿਆ, "ਅੱਗੇ ਇਹ ਇਸ ਤਰ੍ਹਾਂ ਨਹੀਂ ਸੀ ਦਿੱਸਦੀ। ਔਹ ਰੁਕਨੀ ਦਾ ਸਿਰ, ਔਹ ਰੁਕਨੀ ਦੇ ਮੋਢੇ।" ਧੁੰਮਾਂ ਪੈ ਗਈਆਂ, ਰੁਕਨੀ ਪਹਾੜੀ ਤੇ ਜਾ ਬੈਠੀ ਤੇ ਪ੍ਰੀਤਾਂ ਦੀ ਅਹਿੱਲਿਆ ਬਣ ਗਈ। ਇਕ ਪਿੰਡ ਦੀ ਨਹੀਂ, ਸਾਰੀ ਰਿਆਸਤ ਦੀਆਂ ਪ੍ਰੀਤਾਂ ਦੀ ਉਥੋਂ ਹੀ ਉਹ ਰਾਖ਼ੀ ਕਰੇਗੀ।"*

ਰੁਕਨੀ ਦਾ ਕਿਰਦਾਰ ਇਕ ਪ੍ਰੇਰਣਾਮਈ ਇਸਤਰੀ ਵਿੱਚ ਤਬਦੀਲ ਹੋ ਗਿਆ, ਜਿਸ ਨੇ ਸਾਰਿਆਂ ਦੀ ਪ੍ਰੀਤ ਦੀ ਰਾਖ਼ੀ ਕਰਨ ਦਾ ਵਚਨ ਲੈ ਲਿਆ। ਇਹ ਵੀ ਹੋ ਸਕਦਾ ਸੀ ਕਿ ਰੁਕਨੀ ਵਿਆਹ ਤੋਂ ਬਾਦ ਰਣੀਆ ਦੇ ਮਿਲੇ ਚਾਕੂ ਨਾਲ ਆਪਣੇ ਆਪ ਨੂੰ ਖਤਮ ਕਰ ਲੈਂਦੀ ਜਾਂ ਮੀਏਂ ਦਾ ਹੀ ਕਤਲ ਕਰ ਦੇਂਦੀ। ਅਜਿਹੀ ਸਥਿਤੀ ਵਿੱਚ ਇਹ ਪਾਤਰ ਪਿਆਰ ਲਈ ਕੁਰਬਾਨ ਅਵਸ਼ ਹੋ ਜਾਂਦੀ ਪਰ ਹਾਰ ਮੰਨ ਲੈਂਦੀ। ਤਾਕਤਵਰ ਦੇ ਸਾਹਮਣੇ ਪਿਆਰ ਨੂੰ ਹਾਰ ਮੰਨਣੀ ਪੈਂਦੀ ਤੇ ਹੋਰ ਕਈ ਰੁਕਨੀਆਂ ਨੂੰ ਇੰਜ ਹੀ ਆਪਣੇ ਰਣੀਏ ਤੋਂ ਵੱਖ ਤੇ ਇੱਕਲੇ ਹੋਣਾ ਪੈਂਦਾ। ਪਰ ਰੁਕਨੀ ਨੇ ਹਾਰ ਨਾ ਮੰਨਦੇ ਹੋਏ ਹੋਰਨਾਂ ਦੀ ਪ੍ਰੀਤ ਦੀ ਰਾਖ਼ੀ ਕਰਨ ਜਾਂ ਪਹਿਰੇਦਾਰ ਬਣਨ ਜਿਹਾ ਔਖਾ ਰਾਹ ਚੁਣਿਆ। ਰੁਕਨੀ ਵੱਲੋਂ ਚੁੱਕੇ ਇਸ ਕਦਮ ਨੇ ਉਸ ਨੂੰ ਇਕ ਸੇਧ ਦੇਣ ਵਾਲੀ ਤੇ ਪ੍ਰੇਰਣਾਮਈ ਪਾਤਰ ਵਿੱਚ ਤਬਦੀਲ ਕਰ ਦਿੱਤਾ।

**ਸੰਤ ਸਿੰਘ ਸੇਖੋਂ** ਦੀ ਕਹਾਣੀ '**ਕੰਮ ਕਿ ਚੰਮ**' ਦਾ ਅਰੰਭਕ ਵਾਕ ਹੀ ਹੈਰਾਨ ਕਰ ਦੇਂਦਾ ਹੈ;

*"ਅੰਬਾ ਆਪਣੀ ਮਾਂ ਦੇ ਨਾਂਹ ਨਾਂਹ ਕਰਦਿਆਂ ਵੀ ਟਰਾਂਸਪੋਟ ਕੰਪਨੀ ਵਿੱਚ ਕੰਡਕਟਰ ਜਾ ਲੱਗੀ ਸੀ।"*

ਜੇ ਇਹ ਕਹਾਣੀ ਵੀਹਵੀਂ ਸਦੀ ਦੇ ਅੰਤਲੇ ਜਾਂ ਇਕੱਵੀਂ ਸਦੀ ਦੇ ਅਰੰਭਕ ਦਹਾਕੇ ਵਿੱਚ ਲਿਖੀ ਗਈ ਹੁੰਦੀ ਤਾਂ ਇਹ ਬਿਲਕੁਲ ਵੀ ਹੈਰਾਨ ਨਾ ਕਰਦੀ। ਪਰ ਇਹ ਕਹਾਣੀ ਸੰਤ ਸਿੰਘ ਸੇਖੋਂ ਨੇ ਆਪਣੇ ਤੀਜੇ ਕਹਾਣੀ-ਸੰਗ੍ਰਹਿ 'ਅੱਧੀ ਵਾਟ' ਵਿੱਚ ਸ਼ਾਮਿਲ ਕੀਤੀ, ਜੋ 1954 ਵਿੱਚ ਪ੍ਰਕਾਸ਼ਿਤ ਹੋਇਆ ਸੀ। ਅਜੇ ਭਾਰਤ ਨੂੰ ਆਜ਼ਾਦ ਹੋਏ ਮਸਾਂ ਸੱਤ ਸਾਲ ਹੋਏ ਸਨ ਪਰ ਨਵੇਂ ਜ਼ਮਾਨੇ ਨੇ ਕਰਵਟ ਲੈਣ ਦੀ ਦਸਤਕ ਦੇਣੀ ਸ਼ੁਰੂ ਕਰ ਦਿੱਤੀ ਸੀ। ਜਦੋਂ ਅਜੇ ਕੁੜੀਆਂ ਸਕੂਲ-ਕਾਲਜ ਵੀ ਪੂਰੀ ਤਰ੍ਹਾਂ ਨਾਲ ਨਹੀਂ ਜਾਂਦੀਆਂ ਸਨ। ਉਨ੍ਹਾਂ ਵਲੋਂ ਨੌਕਰੀ ਕਰਨ ਦੇ ਪ੍ਰਮੁੱਖ ਖੇਤਰ ਅਧਿਆਪਿਕਾ ਤੇ ਨਰਸ ਹੀ ਸਨ, ਉਥੇ 'ਅੰਬਾ' ਜਿਹੀ ਕੁੜੀ ਬਸ ਵਿੱਚ ਕੰਡਕਟਰ ਬਣ ਗਈ ਜਦਕਿ ਐਨੀ ਤਰੱਕੀ ਮਗਰੋਂ ਵੀ ਲੇਡੀ ਕੰਡਕਟਰ ਸਾਨੂੰ ਟਾਂਵੀ-ਟਾਂਵੀ ਹੀ ਦੇਖਣ ਨੂੰ ਮਿਲਦੀ ਹੈ।

ਕਹਾਣੀਕਾਰ ਨੇ ਨੌਜਵਾਨ ਕੁੜੀ ਅੰਬਾ ਦੇ ਰੂਪ ਵਿੱਚ ਇਕ ਅਜਿਹੀ ਪਾਤਰ ਦੀ ਸਿਰਜਣਾ ਕੀਤੀ, ਜੋ ਭਵਿੱਖ ਦੀ ਇਸਤਰੀ ਸੀ। ਲੇਖਕ ਦੀ ਦੂਰ-ਦ੍ਰਿਸ਼ਟੀ ਨੇ ਬਹੁਤ ਪਹਿਲੇ ਹੀ ਭਾਸ ਲਿਆ ਸੀ ਕਿ ਆਉਣ ਵਾਲੇ ਸਮੇਂ ਵਿੱਚ ਇਸਤਰੀ ਦੀ ਹੋਂਦ ਘਰ ਦੀ ਚਾਰ ਦੀਵਾਰੀ ਤਕ ਹੀ ਸੀਮਿਤ ਨਹੀਂ ਰਹੇਗੀ। ਆਮ ਤੌਰ ਤੇ ਮੁਟਿਆਰ ਹੁੰਦੇ ਹੀ ਮਾਪਿਆਂ ਨੂੰ ਕੁੜੀਆਂ-ਧੀਆਂ ਦੇ ਵਿਆਹ ਦੀ ਚਿੰਤਾ ਖਾਣ ਲੱਗਦੀ ਹੈ ਤੇ ਅੰਬਾ ਦੀ ਉੱਮਰ ਵਿਆਹੁਣ ਯੋਗ ਤੇਈਂ ਵਰ੍ਹਿਆਂ ਦੀ ਹੋ ਚੁੱਕੀ ਹੈ। ਉਸ ਮੁਟਿਆਰ ਕੁੜੀ ਦੇ ਵਿਆਹ ਦੀ ਵੱਡੀ ਰੁਕਾਵਟ ਉਸ ਦੇ ਚਿਹਰੇ ਉਤੇ 'ਮਾਤਾ ਦੇ ਦਾਗ਼' ਹੋਣਾ ਹੈ, ਜਿਸ ਕਾਰਣ ਕੋਈ ਵੀ ਸੁਨੱਖਾ ਵਰ ਨਹੀਂ ਮਿਲਦਾ। ਮਾਂ, ਭਰਾ-ਭਰਜਾਈ ਸਾਰੇ ਉਸ ਲਈ ਵਰ ਟੋਲ-ਟੋਲ ਥੱਕ ਚੁੱਕੇ ਹਨ।

ਅੰਬਾ ਦੀ ਕੰਡਕਟਰੀ ਦੀ ਨੌਕਰੀ ਕਰਨ ਮਗਰੋਂ ਉਸ ਵਿੱਚ ਆਏ ਆਤਮ ਵਿਸ਼ਵਾਸ ਨੇ ਉਸ ਦੇ ਚਿਹਰੇ ਦੀ ਰੌਣਕ ਨੂੰ ਵਧਾ ਦਿੱਤਾ ਸੀ।

*"ਉਸ ਨੂੰ ਲੱਗਦਾ ਸੀ ਕਿ ਜਿਵੇਂ ਉਹ ਰੋਜ਼-ਰੋਜ਼ ਪਹਿਲੇ ਨਾਲੋਂ ਹੋਰ ਤਕੜੀ ਹੋ ਰਹੀ ਸੀ। ਕੋਈ ਮੰਨੇ ਜਾਂ ਨਾ ਮੰਨੇ, ਉਸ ਨੂੰ ਸ਼ੀਸ਼ੇ ਵਿੱਚ ਆਪਣੇ ਚਿਹਰੇ ਦੇ ਦਾਗ਼ ਵੀ ਕੁਝ ਮੱਧਮ ਪੈਂਦੇ ਜਾਪਦੇ ਸਨ। ਭਾਵੇਂ ਇਹ ਮੰਨਿਆ ਨਹੀਂ ਜਾ ਸਕਦਾ ਕਿ ਅੰਬਾ ਦੇ ਮਨ ਵਿੱਚ ਵਿਆਹ ਦੀ ਭਾਵਨਾ ਨਹੀਂ ਰਹੀ ਸੀ ਤੇ ਅਜਿਹੀ*

*ਭਾਵਨਾ ਦਾ ਮਰਿਆ ਜਾਣਾ ਵੀ ਕੋਈ ਚੰਗੀ ਗੱਲ ਨਹੀਂ ਸੀ। ਇਹ ਜ਼ਰੂਰ ਸੀ ਕਿ ਅੰਬਾ ਨੂੰ ਵਰ ਘਰ ਪ੍ਰਾਪਤ ਨਾ ਹੋਣ ਦਾ ਝੋਰਾ ਬਹੁਤ ਘੱਟਦਾ ਜਾ ਰਿਹਾ ਸੀ।"*

ਇਸਤਰੀ ਦੀ ਮਜ਼ਬੂਤ ਆਰਥਕ ਸਥਿਤੀ ਉਸ ਵਿੱਚ ਆਤਮ ਵਿਸ਼ਵਾਸ ਭਰਦੀ ਹੈ। ਆਪਣੇ ਪੈਰਾਂ ਉਤੇ ਖੜੇ ਹੋਣਾ ਘਰ-ਪਰਿਵਾਰ ਤੇ ਸਮਾਜ ਆਦਿ ਵਿੱਚ ਸਦਾ ਸਨਮਾਨ ਦਾ ਸੂਚਕ ਰਿਹਾ ਹੈ। ਉਸ ਵੇਲੇ ਅੰਬਾ ਦੇ ਮਨ ਵਿੱਚ ਨੌਕਰੀ ਕਰਨ ਕਾਰਣ ਵਿਆਹ ਦਾ ਝੋਰਾ ਘੱਟਨ ਲੱਗਾ ਸੀ। ਅੱਜ ਵੱਡੇ-ਵੱਡੇ ਅਹੁਦਿਆਂ ਤੇ ਪਹੁੰਚੀਆਂ ਇਸਤਰੀਆਂ ਲਈ ਵਿਆਹ ਦੀ ਕੋਈ ਖ਼ਾਸ ਅਹਿਮੀਅਤ ਨਹੀਂ ਰਹਿ ਗਈ। ਕਿੱਥੇ ਵਿਆਹ ਨੂੰ ਸਾਡੇ ਸਮਾਜ ਵਿੱਚ ਇਸਤਰੀ ਦੇ ਜੀਵਨ ਦੀ ਸਭ ਤੋਂ ਵੱਡੀ ਘਟਨਾ ਮੰਨਿਆ ਜਾਂਦਾ ਰਿਹਾ ਹੈ। ਧੀਆਂ, ਕੁੜੀਆਂ ਦੀ ਪਰਵਰਿਸ਼ ਹੀ ਇਸ ਅੰਦਾਜ਼ ਨਾਲ ਕੀਤੀ ਜਾਂਦੀ ਹੈ ਕਿ ਉਹ ਪਰਾਇਆ ਧਨ ਹਨ। ਵੱਡੇ ਹੋਣ ਤੇ ਉਸ ਨੇ ਦੂਜੇ ਘਰ ਜਾਣਾ ਹੈ।

ਸੰਤ ਸਿੰਘ ਸੇਖੋਂ ਚਿਹਰੇ-ਮੋਹਰੇ ਤੋਂ ਸਾਧਾਰਣ ਜਵਾਨ ਅੰਬਾ ਨੂੰ ਆਪਣੇ ਪੈਰਾਂ ਉਤੇ ਖੜੇ ਹੋਣਾ ਦਰਸਾ ਕੇ ਇਹ ਸੰਦੇਸ਼ ਦੇਂਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਚੰਮ ਦੀ ਨਹੀਂ ਕੰਮ ਦੀ ਕਦਰ ਪੈਣੀ ਹੈ। ਸਮਾਜ ਉਸ ਇਸਤਰੀ ਦਾ ਸਨਮਾਨ ਕਰੇਗਾ, ਜੋ ਆਪਣੇ ਪੈਰਾਂ ਉਤੇ ਖੜੀ ਹੋਵੇ, ਘਰ-ਪਰਿਵਾਰ ਲਈ ਬੋਝ ਦੀ ਬਜਾਏ ਉਨ੍ਹਾਂ ਲਈ ਮਾਣ ਦਾ ਸਬਬ ਬਣੇ।

ਇਸ ਤਰ੍ਹਾਂ ਆਜ਼ਾਦੀ ਤੋਂ ਬਾਦ ਦਾ ਰਚਿਆ ਇਹ ਇਸਤਰੀ ਪਾਤਰ ਇਕ ਪ੍ਰੇਰਣਾਦਾਈ ਪਾਤਰ ਹੋ ਨਿਬੜਦਾ ਹੈ, ਜੋ ਘਰ ਦੀ ਆਰਥਕ ਸਥਿਤੀ ਵਿੱਚ ਆਪਣੇ ਭਰਾ ਦਾ ਹੱਥ ਵੰਡਾਉਣ ਲੱਗਦੀ ਹੈ। ਛੇਤੀ ਹੀ ਉਸ ਲਈ ਰਿਸ਼ਤੇ ਦਾ ਸੁਨੇਹਾ ਵੀ ਆ ਜਾਂਦਾ ਹੈ। ਜਿਸ ਸਹੇਲੀ ਸਰੂਪਾ ਨੂੰ ਆਪਣੇ ਸੁਹੱਪਣ ਦਾ ਗੁਮਾਨ ਹੁੰਦਾ ਹੈ, ਉਸ ਦਾ ਪਤੀ ਵਿਆਹ ਮਗਰੋਂ ਕਿਸੇ ਹੋਰ ਇਸਤਰੀ ਨੂੰ ਘਰ ਲੈ ਆਉਂਦਾ ਹੈ ਤੇ ਲੜਾਈ-ਝਗੜੇ ਮਗਰੋਂ ਸੁਹਣੀ ਹੋਣ ਦੇ ਬਾਵਜੂਦ ਉਸ ਤੋਂ ਬਾਂਹ ਪਕੜ ਕੇ ਘਰੋਂ ਬਾਹਰ ਕੱਢ ਦੇਂਦਾ ਹੈ। ਉਸ ਦੇ ਮੁਕਾਬਲੇ ਤੇ ਅੰਬਾ ਦੀ ਸਥਿਤੀ ਕਿਤੇ ਵੱਧ ਮਜ਼ਬੂਤ ਤੇ ਵਿਸ਼ਵਾਸ ਭਰੀ ਜਾਪਦੀ ਹੈ।

ਇਸਤਰੀਆਂ ਦੇ ਆਪਣੇ ਪੈਰਾਂ ਉਤੇ ਖੜ੍ਹੀ ਹੋਣ ਨੂੰ **ਕੁਲਵੰਤ ਸਿੰਘ ਵਿਰਕ** ਨੇ ਵੀ ਕਈ ਕਹਾਣੀਆਂ ਵਿੱਚ ਵੱਡਿਆਇਆ। ਇਸ ਸੰਬੰਧ ਵਿੱਚ ਉਸ ਦੀਆਂ ਦੋ ਕਹਾਣੀਆਂ ਦਾ ਜ਼ਿਕਰ ਕਰਾਂਗੇ, ਜਿਨ੍ਹਾਂ ਵਿੱਚ ਉਹ ਅਜਿਹੇ ਪ੍ਰੇਰਣਾਦਾਈ ਨਾਰੀ ਕਿਰਦਾਰਾਂ ਦੀ ਸਿਰਜਣਾ ਕਰਦਾ ਹੈ : **'ਸ਼ੇਰਨੀਆਂ'** ਤੇ **'ਨਮਸਕਾਰ'** ।

ਸ਼ੇਰਨੀਆਂ ਕਹਾਣੀ ਬਾਰੇ ਕੁਲਵੰਤ ਸਿੰਘ ਵਿਰਕ ਆਪ ਇਕ ਥਾਂ ਤੇ ਲਿਖਦਾ ਹੈ ਕਿ :

*" ਇਕ ਵਾਰ ਬਸ ਵਿੱਚ ਸਫ਼ਰ ਕਰਦਿਆਂ ਉਸ ਨੇ ਦੇਖਿਆ ਕਿ ਇਕ ਪਿੰਡ ਕੋਲ ਇਕ ਜਵਾਨ ਕੁੜੀ ਉਤਰੀ ਤਾਂ ਉਸ ਦੇ ਸਾਮਾਨ ਵਿੱਚ ਹੋਰ ਚੀਜ਼ਾਂ ਦੇ ਨਾਲ ਬਾਲਟੀ ਤੇ ਰਸੋਈ ਦਾ ਨਿਕ-ਸੁੱਕ ਸਾਮਾਨ ਦੇਖ ਕੇ ਹੈਰਾਨੀ ਹੋਈ। ਸੋਚਦੇ-ਸੋਚਦੇ ਫਿਰ ਉਸ ਨੂੰ ਧਿਆਨ ਆਇਆ ਕਿ ਅੱਜ ਕਲ੍ਹ ਪਿੰਡਾਂ ਵਿੱਚ ਲਗਦੀਆਂ ਕਈ ਅਧਿਆਪਕਾਵਾਂ ਨੂੰ ਆਪਣੇ ਘਰਾਂ ਤੋਂ ਦੂਰ, ਉਥੇ ਸਕੂਲ ਦੇ ਲਾਗੇ ਹੀ ਕਮਰਾ ਲੈ ਕੇ ਰਹਿਣਾ ਪੈਂਦਾ ਹੈ। ਸ਼ਾਇਦ ਇਹ ਕੁੜੀ ਵੀ ਕਿਸੇ ਪਿੰਡ ਵਿੱਚ ਅਧਿਆਪਕਾ ਲੱਗੀ ਹੋਏਗੀ ਤੇ ਹੁਣ ਘਰੋਂ ਸਾਮਾਨ ਲੈ ਕੇ ਉਥੇ ਰਹਿਣ ਜਾ ਰਹੀ ਹੈ।"*

ਇਸ ਸੋਚ ਵਿਚੋਂ ਹੀ ਕਹਾਣੀ 'ਸ਼ੇਰਨੀਆਂ' ਨਿਕਲੀ, ਜੋ ਆਪਣੇ ਘਰ ਤੋਂ ਬਹੁਤ ਦੂਰ ਨੌਕਰੀ ਕਰਨ ਲਈ ਜਾਣ ਲੱਗ ਪਈਆਂ ਸਨ। ਭਾਵੇਂ ਉਦੋਂ ਇਹ ਗਿਣਤੀ ਥੋੜੀ ਸੀ, ਹੁਣ ਬਹੁਤੀ ਹੋ ਗਈ ਹੈ। ਪਰ ਸ਼ੇਰਨੀਆਂ ਪੰਜਾਬੀ ਕਹਾਣੀ ਦੀਆਂ ਪ੍ਰੇਰਣਾਦਾਈ ਪਾਤਰ ਬਣ ਗਈਆਂ। ਜੋ ਨੌਕਰੀ ਦੇ ਸਿਲਸਿਲੇ ਵਿੱਚ ਘਰ, ਸ਼ਹਿਰ ਤੋਂ ਦੂਰ ਪਿੰਡਾਂ ਵਿੱਚ ਜਾਂਦੀਆਂ ਤੇ ਬਸ ਵਿੱਚ ਜਾਣ-ਆਉਣ ਦਾ ਸਮਾਂ ਬਚਾਉਣ ਖ਼ਾਤਿਰ ਰਾਤ ਵੇਲੇ, ਬਾਗ ਵਿੱਚ ਸਾਰਿਆਂ ਤੋਂ ਲੁਕ ਕੇ ਸਾਈਕਲ ਚਲਾਉਣਾ ਸਿੱਖਦੀਆਂ । ਸਾਈਕਲ ਚਲਾਉਣਾ ਉਨ੍ਹਾਂ ਲਈ ਸ਼ੌਕ ਤੋਂ ਵੱਧ ਜ਼ਰੂਰਤ ਬਣ ਜਾਂਦਾ ਹੈ :

*"ਪਹਿਲਾ ਘਰੋਂ ਟੁਰ ਕੇ ਅੱਡੇ ਤੇ ਜਾਉ। ਫਿਰ ਬਸ ਤੋਂ ਉਤਰ ਕੇ ਪਿੰਡ ਅਪੜੋ। ਸੜਕ ਤੋਂ ਮੀਲ ਦੂਰ ਪਿੰਡ ਨੇ, ਜਿੱਥੇ ਅਸੀਂ ਪੜਨੀਆਂ ਵਾਂ। ਸਾਰਾ ਪੈਂਡਾ ਉਜਾੜ ਬੀਆਬਾਨ ! ਦੱਸੋ, ਭੈਣ ਜੀ, ਭਲਾ ਸਾਡਾ ਉਥੇ ਕੌਣ ਏ ? ਸੱਚੀ ਐਨਾ ਡਰ ਆਉਂਦਾ ਏ। ਪਤਾ ਨਹੀਂ, ਪਿੰਡ ਅਪੜ ਕਿਵੇਂ ਜਾਨੀਆਂ ਵਾਂ ?"*



*"ਭੈਣਜੀ, ਡੰਡੀ ਦੇ ਨਾਲ ਕਦੀ ਕਪਾਹ, ਕਦੀ ਮੱਕਈ, ਕਦੀ ਕਮਾਦ ਤੇ ਕਦੀ ਬਾਜਰਾ ਜਿੰਨਾ ਚਿਰ ਪੈਲੀ ਮੁੱਕ ਨਾ ਜਾਏ, ਉਤਲਾ ਸਾਹ ਉਤਾਂਹ ਤੇ ਹੇਠਲਾ ਸਾਹ ਹੇਠਾਂ ਹੀ ਹੇਠਾਂ ਈ ਰਹਿੰਦਾ ਏ। ਹੁਣ ਕਈ ਹੋਰ ਕੁੜੀਆਂ ਨੇ ਸਾਈਕਲ ਲਏ ਨੇ। ਆਂਹਦੀਆਂ ਨੇ ਸਾਈਕਲ ਤੇ ਡਰ ਘੱਟ ਆਉਂਦਾ ਏ ਨਾਲੇ ਟੁਰਨ ਤੋਂ ਬਚ ਜਾਈਦਾ ਏ। ਬਸ, ਸਾਈਕਲ ਚਲਾਂਦੇ ਝੱਟ ਬੰਦੇ ਦੇ ਕੋਲੋਂ ਲੰਘ ਜਾਓ।"*

*" ਪਈ, ਬੜਾ ਔਖਾ ਕੰਮ ਏ ਸਾਈਕਲ ਨਾਲ ਵੀ। ਤੁਸੀਂ ਤੇ ਸ਼ੇਰਨੀਆਂ ਓ। ਖੋਰੇ ਕਿੱਡਾ ਕੁ ਦਿਲ ਏ ਤੁਹਾਡਾ। ਇੱਥੇ ਸ਼ਹਿਰ ਵਿੱਚ ਕਿਸੇ ਸਕੂਲੇ ਜਗ੍ਹਾ ਨਹੀਂ ਮਿਲੀ। ਪਿੰਡਾਂ ਵਿੱਚ ਨੌਕਰੀਆਂ ਮਿਲ ਜਾਂਦੀਆਂ ਨੇ। ਹੁਣ ਉਥੇ ਪੜ੍ਹਾਣ ਜਾਂਦੀਆਂ ਨੇ। ਬੜੀਆਂ ਬਹਾਦਰ ਨੇ ਇਹ ਕੁੜੀਆਂ। ਮੈਨੂੰ ਤੇ ਸ਼ਹਿਰੋਂ ਬਾਹਰ ਪੱਕੀ ਸੜਕ ਤੇ ਵੀ ਡਰ ਲੱਗੇ।"*

ਆਜ਼ਾਦੀ ਮਗਰੋਂ ਪੜ੍ਹ-ਲਿਖ ਕੇ ਨੌਕਰੀ ਕਰਨਾ, ਫਿਰ ਘਰ ਤੋਂ ਬਹੁਤ ਦੂਰ ਨੌਕਰੀ ਕਰਨ ਜਾਣਾ ਤੇ ਲੰਮੇ ਰਸਤੇ ਲਈ ਸਾਈਕਲ ਸਿੱਖਣਾ ਚਾਹ ਤੋਂ ਵੱਧ ਜ਼ਰੂਰਤ ਬਣ ਗਿਆ। ਕੁੜੀਆਂ ਨੇ ਹੌਂਸਲਾ ਰੱਖਿਆ ਤੇ ਉਨ੍ਹਾਂ ਦੇ ਮਾਪਿਆਂ ਨੇ ਵੀ ਉਨ੍ਹਾਂ ਦੀ ਦਲੇਰੀ ਨੂੰ ਖੰਭ ਲਾਏ। ਇਹ ਕੁੜੀਆਂ ਸਿਰਫ਼ ਦੂਜੀ ਥਾਂ ਉਤੇ ਨੌਕਰੀ ਹੀ ਕਰਦੀਆਂ, ਉਨ੍ਹਾਂ ਆਪਣੀ ਸਹੂਲਤ ਤੇ ਸੁਰੱਖਿਆ ਖ਼ਾਤਿਰ ਉਸ ਲਈ ਹੋਰ ਵੀ ਜਤਨ ਕੀਤੇ ਤੇ ਸਫ਼ਲਤਾ ਪ੍ਰਾਪਤ ਕੀਤੀ।

ਇਸੇ ਤਰ੍ਹਾਂ ਵਿਰਕ **'ਨਮਸਕਾਰ'** ਕਹਾਣੀ ਵਿੱਚ ਭਾਰਤ ਦੇ ਨਵ-ਨਿਰਮਾਣ ਵਿੱਚ ਹਿੱਸਾ ਪਾਉਂਦੀ ਇਸਤਰੀਆਂ ਨੂੰ ਨਮਸਕਾਰ ਕਰਦਾ ਹੈ। ਇਸ ਕਹਾਣੀ ਵਿੱਚ 'ਹੀਰ' ਦੀ ਬਜਾਏ ਇਕ ਡਾਕਟਰ ਇਸਤਰੀ ਆਦਰ ਦੀ ਵਧੇਰੇ ਹੱਕਦਾਰ ਬਣਦੀ ਹੈ। ਉਹ ਡਾਕਟਰ ਇਸਤਰੀ, ਜੋ ਸ਼ਹਿਰਾਂ ਨੂੰ ਛੱਡ ਕੇ ਪਿੰਡਾਂ ਵਿੱਚ ਕੰਮ ਕਰਦੀ ਹੈ। ਜਿਸ ਲਈ ਉਸ ਦਾ ਕਹਿਣਾ ਹੈ :

*"ਕਦੇ-ਕਦੇ ਤਾਂ ਮੈਨੂੰ ਇਸ ਤਰ੍ਹਾਂ ਲੱਗਦਾ ਏ ਜਿਵੇਂ ਮੈਂ ਆਪਣੇ ਪਿੰਡਾਂ ਵਿੱਚ ਆਪਣੇ ਤਰੀਕੇ ਨਾਲ ਫਿਰ ਕੇ ਉੱਥੋਂ ਦੀਆਂ ਔਰਤਾਂ ਵਿੱਚ ਜਾਨ ਪਾ ਰਹੀ ਹੋਵਾਂ। ਜਿਵੇਂ ਉਹਨਾਂ ਲਈ ਜੀਉਣ ਦਾ ਰਾਹ ਖੋਲ੍ਹ ਰਹੀ ਹੋਵਾਂ।"*

*"ਉਹ ਆਪਣੀ ਹਸਤੀ ਨਾਲ ਹੀ ਔਰਤਾਂ ਨੂੰ ਆਜ਼ਾਦੀ ਦੁਆਂਦੀ ਅਨੁਭਵ ਕਰ ਰਹੀ ਸੀ। ਇਹ ਭੁਲੇਖਾ ਹਟਾਉਣ ਲਈ ਮੈਂ ਕਿਹਾ, "ਪਤਾ ਨਹੀਂ, ਮੈਂ ਤੇਰੇ ਵਾਲੇ ਪਹੇ ਤੇ ਪਿਆ ਹਾਂ ਕਿ ਨਹੀਂ, ਪਰ ਜੇ ਸਿਆਲਾਂ ਦੀ ਧੀ ਹੀਰ, ਆਪਣਾ ਕਿੱਸਾ ਲਿਖਵਾ ਕੇ ਤੇ ਬੰਦੇ-ਬੰਦੇ ਦੇ ਮੂੰਹੋਂ ਗਵਾਂ ਕੇ ਵੀ ਔਰਤਾਂ ਦਾ ਰਾਹ ਨਾ ਖੋਲ੍ਹ ਸਕੀ ਤਾਂ ਫਿਰ ਤੂੰ ਟੁਰ ਕੇ ਹੀ ਕਿਵੇਂ ਖੋਲ੍ਹ ਦੇਵੇਂਗੀ।"*

*"ਨਹੀਂ, ਇਹ ਗੱਲ ਹੋਰ ਹੈ, ਆਦਰ ਮਰੀ ਹੋਈ ਹੀਰ ਦਾ ਹੀ ਹੋਇਆ ਹੈ। ਜੀਉਂਦੀ ਹੀਰ ਦਾ ਕਿਧਰੇ ਕੋਈ ਆਦਰ ਨਹੀਂ ਸੀ। ਮੇਰੀ ਪਦਵੀ ਤੇ ਮੇਰੇ ਕਸਬ ਤੋਂ ਲਾਭ ਹੋਣ ਕਰਕੇ ਹੀ ਮੇਰਾ ਜਿਉਂਦੀ ਦਾ ਆਦਰ ਹੈ। ਹੋਰ ਇਸਤਰੀਆਂ ਜੀਉਂਦੀਆਂ ਹੀ ਇਸ ਵਿੱਚ ਹਿੱਸੇਦਾਰ ਹੋ ਸਕਦੀਆਂ ਨੇ।"*

*"ਇਹ ਗੱਲ ਲੋਕਾਂ ਦੇ ਮਨ ਵਿੱਚ ਬਹਿ ਜਾਂਦੀ ਹੈ। ਉਹਨਾਂ ਦੀ ਇਕ ਧੀ ਕੋਲ ਉੱਚੀ ਵਿਦਿਆ ਹੈ, ਜਿਸ ਨੂੰ ਲੈ ਕੇ ਉਹ ਉਹਨਾਂ ਦੇ ਭਲੇ ਲਈ ਪਿੰਡ-ਪਿੰਡ ਫਿਰ ਰਹੀ ਹੈ ਤਾਂ ਫਿਰ ਉਸ ਨਾਲੋਂ ਵਧ ਸਤਿਕਾਰਯੋਗ ਕੌਣ ਹੈ ? ਹੋਰ ਜ਼ਨਾਨੀਆਂ ਨੂੰ ਕਿਹੋ ਜਿਹਾ ਜੀਵਨ ਮਿਲਣਾ ਚਾਹੀਦਾ ਹੈ। ਇਹ ਸਿੱਖਣ ਵਿੱਚ, ਮੇਰੀ ਇਸ ਮੂਰਤ ਦਾ ਹਿੱਸਾ ਹੈ।"*

ਇਹ ਡਾਕਟਰ ਇਸਤਰੀ ਪਾਤਰ ਸਿਰਫ਼ ਆਪਣੀ ਜ਼ਿੰਦਗੀ ਹੀ ਨਹੀਂ ਸੰਵਾਰਦੀ ਸਗੋਂ ਚਾਹੁੰਦੀ ਹੈ ਕਿ ਹੋਰ ਇਸਤਰੀਆਂ ਵੀ ਇਹੋ ਜਿਹੀ ਜ਼ਿੰਦਗੀ ਜੀਉਣ ਤੇ ਆਜ਼ਾਦੀ ਤੇ ਆਦਰ ਨੂੰ ਮਾਣਨ। ਇਹ ਪ੍ਰੇਰਣਾਦਾਈ ਇਸਤਰੀ :

*"ਨਹੀਂ, ਇਕ ਕੋਈ ਇੱਕਲਾ ਪ੍ਰਾਣੀ ਨਹੀਂ ਹੈ। ਇਹ ਇਕ ਲਹਿਰ ਵਾਂਗ ਹੈ, ਇਕ ਹਵਾ ਹੈ, ਇਕ ਰੰਗ ਹੈ। ਅਸਲ ਵਿੱਚ ਇਹੀ ਤੁਹਾਡਾ ਨਵਾਂ ਭਾਰਤ ਹੈ।"*

ਭਾਰਤ ਦੇ ਨਵ-ਨਿਰਮਾਣ ਵਿੱਚ ਹਿੱਸਾ ਪਾਉਣ ਵਾਲੀਆਂ ਤੇ ਦੇਸ ਨੂੰ ਤਰੱਕੀ ਦੀ ਰਾਹ ਉਤੇ ਲਿਜਾਣ ਵਾਲੀਆਂ ਅਜਿਹੀਆਂ ਇਸਤਰੀਆਂ ਨੂੰ ਕਹਾਣੀ ਵਿਦੇਸ਼ੀ ਪਾਤਰ ਲੰਮਾ ਪੈ ਕੇ 'ਨਮਸਕਾਰ' ਕਰਦਾ ਹੈ।

ਭਾਰਤ-ਪਾਕਿ ਵੰਡ ਵੇਲੇ ਤਕਰੀਬਨ ਸਾਰੀ ਹੀ ਇਸਤਰੀ-ਜਾਤੀ ਨੂੰ ਦੋਵੇਂ ਪਾਸੇ ਦੁੱਖ ਤੇ ਸੰਤਾਪ ਭੁਗਤਣਾ ਪਿਆ। ਹਰ ਉਮਰ, ਕੌਮ, ਖਿੱਤੇ ਤੇ ਧਰਮ ਦੀ ਇਸਤਰੀ ਮਜ਼ਲੂਮ ਬਣੀ। ਪਰ ਅਜਿਹੇ ਸੰਕਟ ਦੇ ਸਮੇਂ ਵੀ ਕਈ ਇਸਤਰੀਆਂ ਨੇ ਹਿੰਮਤ ਨਾ ਹਾਰੀ ਤੇ ਵੱਢ-ਟੁੱਕ ਤੇ ਦੰਗੇ-ਫ਼ਸਾਦ ਵੇਲੇ ਵੀ ਆਪਣੀ ਦਲੇਰੀ ਤੇ ਬਹਾਦਰੀ ਦਾ ਪਰਿਚੈ ਦਿੱਤਾ। ਅਜਿਹੇ ਮੁਸ਼ਕਲ ਭਰੇ ਹਾਲਾਤਾਂ ਵਿੱਚ ਵੀ, ਸਥਿਤੀਆਂ ਦਾ ਬੜੇ ਹੌਂਸਲਿਆਂ ਨਾਲ ਮੁਕਾਬਲਾ ਕਰਦੀ **ਮਹਿੰਦਰ ਸਿੰਘ ਸਰਨਾ** ਦੀ ਕਹਾਣੀ **'ਹੀਰਾ ਮਿਰਗ'** ਦੀ ਬਰਕਤੇ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਧਾੜਵੀਆਂ ਵਲੋਂ ਲੁੱਟਮਾਰ ਤੇ ਵੱਢ-ਟੁੱਕ ਮਗਰੋਂ ਪਿੰਡ ਵਿੱਚ ਪਸਰੀ ਸੁੰਨ ਵੇਲੇ ਵੀ ਬਰਕਤੇ ਬਹੁਤ ਸਹਿਜਤਾ ਨਾਲ ਆਟਾ ਗੁੰਨਣ ਲੱਗਦੀ ਹੈ। ਪਤੀ ਵਲੋਂ ਪੁੱਛਣ ਤੇ ਕਿ ਉਹ ਆਟਾ ਕਿਉਂ ਗੁੰਨ ਰਹੀ ਏਂ ਤਾਂ ਉਹ ਉਤਨੀ ਹੀ ਸਹਿਜਤਾ ਨਾਲ ਜਵਾਬ ਦੇਂਦੀ ਹੈ,

*"ਆਟਾ ਕਾਹਦੇ ਲਈ ਗੁੰਨੀ ਦਾ, ਤੈਨੂੰ ਪਤਾ ਨਹੀਂ।"*

ਜਿਸ ਤੋਂ ਭਾਵ ਸਪਸ਼ਟ ਹੁੰਦਾ ਹੈ, ਕਿੰਨੀ ਵੀ ਸੰਕਟ ਦੀ ਘੜੀ ਕਿਉਂ ਨਾ ਆਈ ਹੋਵੇ, ਉਸ ਦੇ ਵਾਪਰ ਜਾਣ ਮਗਰੋਂ ਮਨੁੱਖ ਨੂੰ ਢਿੱਡ ਭਰਨਾ ਹੀ ਪੈਂਦਾ ਹੈ। ਬਰਕਤੇ ਇਸ ਤੋਂ ਮਗਰੋਂ ਆਪਣੀ ਸਰਦਾਰਨੀ ਖੇਮ ਕੌਰ ਦਾ ਪਤਾ ਲੈਣ ਜਾਂਦੀ ਹੈ, ਜਿਸ ਦਾ ਘਰ ਉਨ੍ਹਾਂ ਦੇ ਘਰ ਥੋੜਾ ਪਰ੍ਹੇ ਕਰਕੇ ਹੈ। ਬਰਕਤੇ ਹਰ ਪਾਸੇ ਲੋਥਾਂ, ਵੱਢ-ਟੁੱਕ ਤੇ ਖ਼ੂਨ-ਖ਼ਰਾਬਾ ਦੇਖ ਕੇ ਘਬਰਾਉਂਦੀ ਨਹੀਂ ਤੇ ਨਾ ਹੀ ਆਪਣੇ ਦੁਖ ਨੂੰ ਵੱਡਾ ਕਰਕੇ ਜਾਣਦੀ ਹੈ, ਸਗੋਂ ਐਨੀ ਮੁਸ਼ਕਲ ਘੜੀ ਵਿੱਚ ਵੀ, ਆਪਣੀ ਸਮਰੱਥਾ ਅਨੁਸਾਰ ਮੁਸੀਬਤ ਦੇ ਮਾਰਿਆਂ ਦੀ ਮਦਦ ਕਰਨ ਤੋਂ ਵੀ ਪਿੱਛੇ ਨਹੀਂ ਹੱਟਦੀ। ਉਹ ਜਾ ਕੇ ਖੇਮ ਕੌਰ ਦੇ ਜ਼ਖ਼ਮਾਂ ਦੀ ਮਰ੍ਹਮ-ਪੱਟੀ ਕਰਦੀ ਤੇ ਉਸ ਨੂੰ ਹੌਂਸਲਾ ਦੇਂਦੀ ਹੈ।

ਇਸ ਤਰ੍ਹਾਂ ਬਰਕਤੇ ਜਿਹੀ ਸਾਧਾਰਣ ਘਰ ਦੀ, ਅਨਪੜ੍ਹ ਇਸਤਰੀ ਇਕ ਅਜਿਹੀ ਪ੍ਰੇਰਣਾਦਾਈ ਇਸਤਰੀ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ, ਜੋ ਮੁਸੀਬਤ ਤੇ ਅਤਿਅੰਤ ਸੰਕਟ ਦੀ ਘੜੀ ਵੇਲੇ ਡੋਲਦੀ ਨਹੀਂ ਤੇ ਹਿੰਮਤ ਰੱਖ ਕੇ ਸਿਦਕ ਦਿਲੀ ਤੇ ਦੂਜਿਆਂ ਦੀ ਮਦਦ ਦੀ ਪ੍ਰੇਰਨਾ ਦੇਂਦੀ ਹੈ।

**ਗੁਰਪਾਲ ਸਿੰਘ ਲਿੱਟ** ਰਚਿਤ **'ਗਿਰਝਾਂ'** ਕਹਾਣੀ ਵਿੱਚ ਜਪੀ ਦਾ ਕਿਰਦਾਰ ਵੀ ਅਤਿਅੰਤ ਪ੍ਰੇਰਣਾਦਾਈ ਜਾਪਦਾ ਹੈ। ਕਹਾਣੀ ਬਹੁ ਘਟਨਾਵਾਂ ਭਰੀ ਹੈ। ਆਤੰਕਵਾਦੀ ਨੂੰ ਆਪਣੇ ਘਰ ਵਿਚੋਂ ਫੜਾਉਣ ਤੇ ਪੂਰੇ ਪਰਿਵਾਰ ਦਾ ਕਤਲ ਹੋ ਜਾਂਦਾ ਹੈ। ਜਪੀ ਹੋਸਟਲ ਵਿੱਚ ਪੜ੍ਹਨ ਕਾਰਣ ਬਚ ਜਾਂਦੀ ਹੈ। ਇਸ ਕਤਲ ਕਾਰਣ ਸਰਕਾਰ ਵਲੋਂ ਇਵਜ਼ਾਨੇ ਵਜੋਂ ਮਿਲੇ ਦੋ ਲੱਖ ਰੁਪਏ ਤੇ ਇਕ ਸਰਕਾਰੀ ਨੌਕਰੀ ਦੀ ਪੇਸ਼ਕਸ਼ ਹੋਣ ਤੇ ਆਪਣਿਆਂ ਦੇ ਹੀ ਚਿਹਰਿਆਂ ਤੋਂ ਮੁਖੌਟੇ ਉਤਰਦੇ ਨਜ਼ਰ ਆਉਂਦੇ ਹਨ, ਜਿਨ੍ਹਾਂ ਵਿੱਚ ਉਸ ਦੀ ਸੱਕੀ ਭੈਣ ਤੇ ਜੀਜੇ ਦੇ ਨਾਲ ਉਸ ਦਾ ਆਪਣਾ ਪਤੀ ਪਵਨ ਤੇ ਉਸ ਦੀ ਸੱਸ ਵੀ ਸ਼ਾਮਲ ਨਜ਼ਰ ਆਉਂਦੇ ਹਨ। ਪਰ ਜਪੀ ਐਨੇ ਵੱਡੇ ਹਾਦਸੇ ਵਿਚੋਂ ਨਿਕਲਣ ਕਾਰਣ, ਇੱਕਲੇ ਹੋਣ ਤੇ ਵੀ, ਡਰ ਕੇ ਬੈਠਣ ਦੀ ਬਜਾਏ ਸਥਿਤੀ ਅਨੁਸਾਰ, ਉਸ ਦਾ ਸਾਹਮਣਾ ਕਰਕੇ ਉਸ ਵਿਚੋਂ ਨਿਕਲਣ ਦਾ ਰਾਹ ਤਲਾਸ਼ ਲੈਂਦੀ ਹੈ। ਅਜਿਹਾ ਉਸ ਨਾਲ ਇਕ ਵਾਰ ਨਹੀਂ, ਕਈ ਵਾਰ ਵਾਪਰਦਾ ਹੈ।

ਪੂਰੇ ਪਰਿਵਾਰ ਦੇ ਕਤਲ ਮਗਰੋਂ ਮਾਮਾ ਉਸ ਨੂੰ ਚੰਡੀਗੜ੍ਹ ਲੈ ਆਇਆ। ਪਰ ਨਾਲ ਹੀ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਡਰਦਾ ਵੀ ਰਿਹਾ। ਇਹ ਸਥਿਤੀ ਦੇਖ ਕੇ ਜਪੀ ਨੇ ਤੁਰੰਤ ਫੈਸਲਾ ਲਿਆ ਕਿ ਉਸ ਨੂੰ ਆਪਣੀ ਐਮ. ਏ. ਦੀ ਅਧੂਰੀ ਪੜ੍ਹਾਈ ਪੂਰੀ ਕਰ ਲੈਣੀ ਚਾਹੀਦੀ ਹੈ।



*"ਉਹ ਬੇਧਿਆਨੇ ਹੀ ਕਾਪੀ ਉਤੇ ਲਗਾਤਾਰ ਲਿਖਦੀ ਜਾਂਦੀ, "ਸ਼ਹੀਦ ਮੇਜਰ ਹਰਜੀਤ ਸਿੰਘ ਦੀ ਧੀ ਜਪੀ। ਸ਼ਹੀਦ ਮੇਜਰ ਜਪੀ ਕਿਸੇ ਤੋਂ ਨਹੀਂ ਡਰੇਗੀ। ਜਪੀ ਕਿਸੇ ਤੋਂ ਨਹੀਂ ਡਰਦੀ..।"*

ਬਾਅਦ ਵਿੱਚ, ਜੀਜਾ-ਭੈਣ ਵਲੋਂ ਧੋਖੇ ਨਾਲ ਉਸ ਕੋਲੋਂ ਕਾਗਜ਼ਾਂ ਉਤੇ ਦਸਤਖ਼ਤ ਲੈਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਹ ਬਹਾਨੇ ਨਾਲ ਭੈਣ ਕੋਲੋਂ ਸਾਰੇ ਕਾਗਜ਼ ਲੈ ਕੇ ਚੁਪ-ਚੁਪੀਤੇ ਉਸ ਦੇ ਘਰੋਂ ਨਿਕਲ ਕੇ ਆਪਣੀ ਜਾਨ ਬਚਾ ਲੈਂਦੀ ਹੈ। ਉਸ ਨਾਲ ਪਵਨ ਵਿਆਹ ਵੀ ਇਸੇ ਇਰਾਦੇ ਨਾਲ ਕਰਵਾਉਂਦਾ ਹੈ। ਇਸ ਲਈ ਪਤੀ ਦੀ ਸਹਿਮਤੀ ਨਾਲ ਸੱਸ ਜਪੀ ਨੂੰ ਰੋਟੀ ਵਿੱਚ ਕੱਚ ਪੀਸ ਕੇ ਦੇਂਦੀ ਹੈ। ਇਕ ਮਹੀਨੇ ਮਗਰੋਂ ਪੇਟ ਵਿੱਚ ਦਰਦ ਹੋਣ ਤੇ ਰੋਟੀ ਦੀ ਜਾਂਚ ਕਰਨ ਤੇ ਸੱਚ ਸਾਹਮਣੇ ਆਉਂਦਾ ਹੈ। ਉਹ ਜਾਂਚ ਦੀ ਰਿਪੋਟ ਸੱਸ ਦੇ ਸਾਹਮਣੇ ਲਿਆ ਕੇ ਸੁੱਟਦੀ ਹੈ।

ਐਨੀ ਪਰੇਸ਼ਾਨੀਆਂ ਦਾ ਸਾਹਮਣਾ ਕਰਦੀ ਜਪੀ ਹਿੰਮਤ ਨਹੀਂ ਹਾਰਦੀ, ਸਗੋਂ ਮੱਕਾਰ ਲੋਕਾਂ ਦੀ ਮੱਕਾਰੀ ਉਨ੍ਹਾਂ ਸਾਹਮਣੇ ਖੋਲ੍ਹ ਕੇ ਰੱਖਣ ਦੀ ਕੁਵੱਤ ਵੀ ਰੱਖਦੀ। ਜਪੀ ਨਾਲ ਜੋ ਵਾਪਰਦਾ ਹੈ, ਉਹ ਸਾਡੇ ਸਮਾਜ ਦਾ ਸੱਚ ਹੈ, ਪਰ ਉਸ ਦਾ ਹਰ ਕਠਿਨਾਈ ਵੇਲੇ ਡਟੇ ਰਹਿਣਾ ਉਸ ਨੂੰ ਪ੍ਰੇਰਣਾਦਾਈ ਪਾਤਰ ਬਣਾਉਂਦਾ ਹੈ।

ਪੜ੍ਹੀ-ਲਿਖੀ ਤੇ ਆਪਣੇ ਪੈਰਾਂ ਉਤੇ ਖੜ੍ਹੀ ਇਸਤਰੀ ਐਨੇ ਆਤਮ-ਵਿਸ਼ਵਾਸ ਨਾਲ ਭਰ ਜਾਂਦੀ ਹੈ ਕਿ ਫਿਰ ਉਸ ਨੂੰ ਕਿਸੇ ਦੇ ਸਹਾਰੇ ਦੀ ਬਹੁਤੀ ਲੋੜ ਨਹੀਂ ਰਹਿੰਦੀ, ਇੱਥੋਂ ਤਕ ਕਿ ਵਿਆਹ ਵੀ ਉਸ ਲਈ ਅਹਿਮੀਅਤ ਨਹੀਂ ਰੱਖਦਾ। **ਗੁਲਜ਼ਾਰ ਸਿੰਘ ਸੰਧੂ** ਦੀ **'ਮਿਸ ਸੌਫਟ'** ਵੀ ਇਕ ਅਜਿਹਾ ਹੀ ਨਾਰੀ ਪਾਤਰ ਹੈ, ਜੋ ਇੱਕਲੀ ਮੁੰਬਈ ਮਹਾਂਨਗਰ ਦੀ ਇਕ ਬਹੁਮੰਜ਼ਿਲੀ ਇਮਾਰਤ ਵਿੱਚ ਰਹਿੰਦੀ ਹੈ। ਉਥੇ ਰਹਿੰਦਿਆਂ ਕਈ ਪਰਿਵਾਰਾਂ ਨਾਲ ਉਹ ਮੁਸਕਾਨ ਦੀ ਸਾਂਝ ਪਾ ਲੈਂਦੀ ਹੈ, ਹਾਲਾਂਕਿ ਬਹੁਤੀ ਗੱਲਬਾਤ ਨਹੀਂ ਕਰਦੀ। ਉਸ ਨੂੰ ਇੱਕਲੀਕਾਰੀ ਸਮਝ ਕੇ ਉਸ ਦੇ ਘਰ ਦਾ ਨੌਕਰ ਤੇ ਆਯਾ ਉਸ ਨੂੰ ਤੰਗ ਕਰਦੇ ਹਨ। ਉਹ ਸੋਚਦੇ ਹਨ, *"ਵੇਖ ਲਵਾਂਗੇ ਕੀ ਕਰਦੀ ਹੈ।"* ਮਿਸ ਸੌਫਟ ਕਿੰਨੀ ਨਿਆਸਰੀ ਸੀ ਤੇ ਆਯਾ ਕਿੰਨੇ ਆਸਰੇ ਵਾਲੀ।

ਨੌਕਰ ਉਸ ਦੇ ਦੋ ਸੌ ਰੁਪਏ ਲੈ ਕੇ ਭੱਜ ਗਿਆ, ਸ਼ਿਕਾਇਤ ਕਰਨ ਤੇ ਆਯਾ ਉਸ ਨੂੰ ਅਗੋਂ ਦੀ ਪੈ ਗਈ। ਮਿਸ ਸੌਫ਼ਟ ਚੁੱਪ ਕਰ ਗਈ। ਆਯਾ ਸਮਝਦੀ ਸੀ, *"ਬਿਨ ਬਾਂਹਾਂ ਵਾਲੀ ਜਾਂ ਕਮਜ਼ੋਰ ਬਾਹਾਂ ਵਾਲੇ ਬੰਦੇ ਨੂੰ ਕੌਣ ਪੁੱਛਦਾ ਹੈ।"* ਪਰ ਇਕ ਦਿਨ ਬਾਜੀ ਪਲਟ ਗਈ। ਆਯਾ ਦਾ ਆਦਮੀ ਆਪ ਆ ਕੇ ਮਿਸ ਸੌਫ਼ਟ ਨੂੰ ਦੋ ਸੌ ਰੁਪਏ ਵਾਪਸ ਕਰ ਗਿਆ, ਕਿਉਂਕਿ ਉਸ ਦਾ ਇਕ ਦੋਸਤ ਨਰਿੰਦਰ ਪਾਟਿਲ ਡੀ. ਐਸ.ਪੀ. ਲੱਗਾ ਹੋਇਆ ਸੀ। ਉਸ ਦੇ ਇਕ ਧਮਕੀ ਭਰੇ ਫੋਨ ਨੇ ਆਯਾ ਦੇ ਡਰਾਈਵਰ ਪਤੀ ਦੀ ਹਵਾ ਕੱਢ ਦਿੱਤੀ ਸੀ। ਆਯਾ ਇਨ੍ਹਾਂ ਦੋਸਤਾਂ ਬਾਰੇ ਬੁੜਬੁੜ ਕਰ ਰਹੀ ਸੀ,

*"ਰੰਡੀਆਂ ਵਾਲੇ ਕੰਮ ਨੇ ਅੱਜ ਕਲ੍ਹ ਦੀਆਂ ਕੁੜੀਆਂ ਦੇ। ਰੰਡੀਆਂ ਦੇ ਐਨੇ ਯਾਰ ਹੁੰਦੇ ਹਨ, ਜਿੰਨੇ ਇਹ ਲਈ ਬੈਠੀਆਂ ਨੇ।"*

ਲੇਕਿਨ ਵਕਤਾ ਪਾਤਰ ਦੀ ਘਰਵਾਲੀ ਜੋ ਆਪਣੇ ਦੋ ਕੁੜੀਆਂ ਹੋਣ ਕਾਰਣ ਮਿਸ ਸੌਫਟ ਦੀ ਸਮਾਰਟਨੈੱਸ ਨੂੰ ਉਨ੍ਹਾਂ ਦੇ ਰੋਲ-ਮਾਡਲ ਵਜੋਂ ਤੱਕਦੀ ਸੀ, ਉਸ ਦੇ ਇੱਕਲੇਕਾਰੀ ਹੋਣ ਤੇ ਆਯਾ ਵਲੋਂ ਦਿੱਤੀ ਧਮਕੀ ਕਾਰਣ ਥੋੜੀ ਉਦਾਸ ਹੋ ਗਈ ਸੀ। ਅੱਜ ਉਸ ਦੀ ਉਹ ਪਹਿਲੀ ਵਾਲੀ ਸਥਿਤੀ ਹੁਣ ਹੋਰ ਵੀ ਬਲਸ਼ਾਲੀ ਹੋ ਕੇ ਮੁੜ ਆਈ ਸੀ, ਕਿਉਂਕਿ ਉਸ ਨੂੰ ਲੱਗਾ,

*"ਵਿਦਿਆ ਕਾਰਨ ਮਿਸ ਸੌਫਟ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਸਨ ਤੇ ਇਸੇ ਕਾਰਣ ਉਸ ਦੀਆਂ ਬਾਹਾਂ ਅਨੇਕ ਤੇ ਸ਼ਕਤੀਸ਼ਾਲੀ ਸਨ।"*

*"ਮੇਰੀ ਘਰਵਾਲੀ ਨੂੰ ਲੱਗਾ, ਜਿਵੇਂ ਮਿਸ ਸੌਫਟ ਅਨੇਕ ਭੁਜਾਂ ਵਾਲੀ ਦੁਰਗਾ ਹੋਵੇ, ਜਿਹੜੀ ਪੈਰਾਂ ਹੇਠਾਂ ਸੱਪ ਲੈ ਕੇ ਵੀ ਨਿਸ਼ਚਿੰਤ ਰਹਿੰਦੀ ਹੈ।"*

ਮਿਸ ਸੌਫਟ ਦੀ ਇਸ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਵਕਤਾ ਦੀ ਬੀਵੀ ਦੂਣੇ ਉਤਸ਼ਾਹ ਨਾਲ

ਆਪਣੀਆਂ ਬੇਟੀਆਂ ਨੂੰ ਉਠਾਉਂਦੇ ਹੋਏ ਕਹਿੰਦੀ ਹੈ, *"ਉਠੋ ਬੇਬੀ, ਤਿਆਰ ਹੋਵੋ। ਨਾਸ਼ਤਾ ਕਰੋ, ਸਕੂਲ ਦਾ ਸਮਾਂ ਹੋ ਗਿਆ ਹੈ।"*

'ਮਿਸ ਸੌਫਟ' ਕਹਾਣੀ ਵਿਚਲੀ ਇਕ ਮਾਂ ਨੂੰ ਹੀ ਪ੍ਰਭਾਵਿਤ ਨਹੀਂ ਕਰਦੀ, ਜੋ ਆਪਣੀਆਂ ਧੀਆਂ ਨੂੰ ਵੀ ਮਿਸ ਸੌਫਟ ਵਾਂਗ ਬਣਾਉਣਾ ਲੋਚਦੀ ਹੈ, ਸਗੋਂ ਸਮਾਜ ਦੀਆਂ ਅਨੇਕ ਮਾਵਾਂ-ਧੀਆਂ ਲਈ ਵੀ ਆਦਰਸ਼ ਬਣਦੀ ਹੈ। ਵਿਦਿਆ ਮਨ ਵਿੱਚ ਖੁੱਲ੍ਹੇ ਵਿਚਾਰ ਭਰਦੀ ਹੈ, ਜੋ ਮੁੰਡੇ-ਕੁੜੀ ਨੂੰ ਵੱਖਰੇ-ਵੱਖਰੇ ਲਿੰਗ ਵਜੋਂ ਸੋਚਣ-ਸਮਝਣ ਦੀ ਬਜਾਏ ਸਮਝਦਾਰੀ ਦੇ ਇਕੋ ਪੱਧਰ ਤੇ ਲਿਆ ਕੇ, ਦੋਸਤ, ਮਿੱਤਰ ਜਾਂ ਸਹਿਯੋਗੀ ਦੇ ਰੂਪ ਵਿੱਚ ਵੇਖਣ ਦਾ ਨਜ਼ਰੀਆ ਵੀ ਪੈਦਾ ਕਰਦੀ ਹੈ। ਨਰਿੰਦਰ ਪਾਟਿਲ ਜਿਹੇ ਕਈ ਜਮਾਤੀ ਇੱਕਠੇ ਪੜ੍ਹਨ ਤੇ ਸਹਿਕਰਮੀ ਇੱਕਠੇ ਕੰਮ ਕਰਨ ਤੇ ਮਦਦਗਾਰ ਸਾਬਿਤ ਹੁੰਦੇ ਹਨ। ਇਹ ਸਹਿਯੋਗੀ ਤੇ ਮਿੱਤਰ ਹੀ ਅਸਲ ਵਿੱਚ ਇੱਕਲੇ ਬੰਦਿਆਂ ਦੀਆਂ ਬਾਹਾਂ ਹੁੰਦੇ ਹਨ।

ਸਾਡੇ ਸਮਾਜ ਵਿੱਚ ਬਹੁਤ ਘੱਟ ਇਸਤਰੀਆਂ ਮਨਮਰਜ਼ੀ ਦੀ ਗੱਲ ਆਪਣਿਆਂ ਨੂੰ ਕਹਿ ਪਾਉਂਦੀਆਂ ਹਨ ਜਾਂ ਉਨ੍ਹਾਂ ਨੂੰ ਆਪਣੀ ਮਰਜ਼ੀ ਮੁਤਾਬਿਕ ਜੀਵਨ ਜਿਊਣ ਨੂੰ ਮਿਲਦਾ ਹੈ। ਵਿਧਵਾ ਇਸਤਰੀ ਲਈ ਇਹ ਰਾਜ ਹੋਰ ਵੀ ਔਖਾ ਹੋ ਨਿਬੜਦਾ ਹੈ। ਕਈ ਵਾਰ ਪਤੀ ਦੇ ਸਾਥ ਨਾਲ ਵੀ ਜ਼ਿੰਦਗੀ ਦਾ ਆਨੰਦ ਨਹੀਂ ਮਾਣਿਆ ਜਾ ਸਕਦਾ, ਪਰ ਪਤੀ ਬਗੈਰ ਭਾਰਤੀ ਇਸਤਰੀ ਲਈ ਆਪਣੇ ਮਨ ਦਾ ਕਹਿਣ ਜਾਂ ਕਰਨ ਦੀ ਜ਼ੁਰਅਤ ਪੈਦਾ ਹੋਣਾ ਹੋਰ ਵੀ ਕਠਿਨ ਹੋ ਜਾਂਦਾ ਹੈ।

**ਤਲਵਿੰਦਰ ਸਿੰਘ** ਦੀ ਕਹਾਣੀ **'ਵਿਚਲੀ ਔਰਤ'** ਅਜਿਹਾ ਨਾਰੀ ਕਿਰਦਾਰ ਸਾਡੇ ਸਾਹਮਣੇ ਲਿਆਉਂਦੀ ਹੈ, ਜੋ ਜਵਾਨੀ ਦੀ ਚੜ੍ਹਦੀ ਉਮਰ ਵਿੱਚ ਹੀ ਐਕਸੀਡੈਂਟ ਵਿੱਚ ਆਪਣੇ ਪਤੀ ਨੂੰ ਗਵਾ ਦੇਣ ਮਗਰੋਂ ਆਪਣੇ ਸੱਸ-ਸਹੁਰੇ ਦੀ ਸੇਵਾ ਤੇ ਨਿਗਰਾਨੀ ਵਿੱਚ ਰਹਿੰਦੇ ਹੋਏ ਬਾਕੀ ਦਾ ਜੀਵਨ ਬਿਤਾਉਣ ਦਾ ਪ੍ਰਣ ਕਰ ਲੈਂਦੀ ਹੈ। ਇਸ ਪ੍ਰਣ ਵਿੱਚ ਉਹ ਦੁਨੀਆਵੀ ਸੁਖਾਂ ਤੋਂ ਮੂੰਹ ਮੋੜ ਕੇ ਧਰਮ ਨਾਲ ਜੁੜਨ ਤੇ 'ਨਾਮ' ਲੈ ਕੇ ਧਰਮ ਦੇ ਰਾਹ ਉਤੇ ਚਲਣ ਦਾ ਨਿਸ਼ਚਾ ਵੀ ਕਰ ਲੈਂਦੀ ਹੈ। ਇਸ ਔਖੇ ਰਾਹ ਉਤੇ ਅਮਲ ਵੀ ਕਰਨ ਲੱਗੀ, ਪਰ ਉਸ ਦੇ ਅੰਦਰ ਦੀ ਵਿਚਲੀ ਔਰਤ ਅਵਚੇਤਨ ਵਿੱਚ ਹੀ ਆਪਣੀ ਉਮਰ ਅਨੁਸਾਰ ਅਕਾਂਖਿਆਵਾਂ ਦੀ ਮੰਗ ਕਰਨ ਲੱਗਦੀ ਹੈ। ਰਵਿੰਦਰ ਸੱਸ-ਸਹੁਰੇ ਦੇ ਪਿਆਰ-ਸਤਿਕਾਰ ਸਦਕਾ ਮੂੰਹੋਂ ਕੁਝ ਨਹੀਂ ਕਹਿ ਪਾਉਂਦੀ । ਉਸ ਨੂੰ ਪਤੀ ਦਾ ਦੋਸਤ ਸੋਹਣ ਚੰਗਾ ਲੱਗਦਾ ਹੈ, ਜੋ ਤਕਰੀਬਨ ਹੀ ਦੋਸਤੀ ਨਿਭਾਉਣ ਖ਼ਾਤਿਰ ਉਨ੍ਹਾਂ ਦੇ ਘਰ ਆ, ਕਈ ਕੰਮ ਸੰਵਾਰ ਕੇ ਜਾਂਦਾ ਹੈ। ਪਰ ਇਕ ਦਿਨ ਉਸ ਨੇ ਸੋਹਣ ਨੂੰ ਦਿੱਤੇ ਪਾਣੀ ਦੇ ਗਿਲਾਸ ਵਿਚੋਂ ਸੱਸ-ਸਹੁਰੇ ਤੇ ਸੋਹਣ ਦੀ ਮੌਜੂਦਗੀ ਵਿੱਚ ਹੀ ਬਾਕੀ ਬਚਿਆ ਜੂਠਾ ਪਾਣੀ ਪੀ ਗਈ। ਉਸ ਦੀ ਇਸ ਹਰਕਤ ਤੇ ਸਾਰੇ ਜਣੇ ਹੈਰਾਨ ਰਹਿ ਗਏ। ਰਵਿੰਦਰ ਆਪ ਵੀ ਸ਼ਰਮਿੰਦਾ ਹੋ ਗਈ।

ਜਦੋਂ ਲੋਕਾਂ ਦੇ ਕਹਿਣ ਤੇ ਇਕ ਝਾੜ-ਫੂੰਕ ਕਰਨ ਵਾਲੇ ਬਾਬੇ ਨੇ ਮਾਰ-ਮਾਰ ਚਿਮਟੇ ਉਸ ਦੇ ਅੰਗ ਜ਼ਖ਼ਮੀ ਕਰ ਦਿੱਤੇ, ਉਦੋਂ ਹਿੰਮਤ ਕਰ ਉਸ ਦੀ ਵਿਚਲੀ ਔਰਤ ਨੇ ਆਖ਼ਿਰ ਸਾਰਿਆਂ ਦੇ ਸਾਹਮਣੇ ਕਹਿ ਦਿੱਤਾ ਕਿ:

*"ਮੈਂ ਸੋਹਣ ਨੂੰ ਚਾਹੁੰਦੀ ਹਾਂ।" ਬੇਸੁਰਤੀ ਵਿੱਚ ਮੈਂ ਕਿਹਾ। ਫਿਰ ਸੋਹਣ ਨੂੰ ਸਾਹਮਣੇ ਦੇਖ ਲਲਕਾਰ ਕੇ ਕਿਹਾ, "ਹਾਲੇ ਵੀ ਚੁੱਪ ਰਹੇਗਾ ਕਿ ਮਰਵਾਏਗਾ ਮੈਨੂੰ ਇਨ੍ਹਾਂ ਦੁਸ਼ਟਾਂ ਤੋਂ ? ਬੋਲ ? ਬੋਲ ! ਬੋਲ !"*

ਇੰਜ ਔਰਤ ਵਿਚਲੀ ਔਰਤ ਨੇ ਉਸ ਨੂੰ ਨਾ ਸਿਰਫ਼ ਉਸ ਦੀਆਂ ਜਵਾਨ ਉਮੰਗਾਂ ਤੇ ਖ਼ਾਹਿਸ਼ਾਂ ਦਾ ਅਹਿਸਾਸ ਕਰਵਾਇਆ, ਸਗੋਂ ਉਸ ਨੂੰ ਦਲੇਰੀ ਵੀ ਦਿੱਤੀ ਕਿ ਉਹ ਸਭ ਦੇ ਸਾਹਮਣੇ ਆਪਣੇ ਸੱਚ ਨੂੰ ਕਹਿ ਸਕੇ। ਅਵਚੇਤਨ ਵਿੱਚ ਵਸੀਆਂ ਉਮੰਗਾਂ ਤੇ ਕਾਮਨਾਵਾਂ ਦੀ ਸਹੀ ਪੁਕਾਰ ਉਹੀ ਸੁਣ ਸਕਦਾ ਹੈ, ਜੋ ਸੰਵੇਦਨਸ਼ੀਲ ਹੋਵੇ। ਇਹ ਪਾਤਰ ਇਸ ਗੱਲ ਦੀ ਵੀ ਪ੍ਰੇਰਣਾ ਦਿੰਦੀ ਹੈ ਕਿ ਆਪਣੇ ਅਵਚੇਤਨ ਮਨ ਦੀ ਪੁਕਾਰ ਦੀ ਅਵਹੇਲਨਾ ਨਹੀਂ ਕਰਨੀ ਚਾਹੀਦੀ।ਕੁਦਰਤ ਦੇ ਨਿਯਮ ਅਨੁਸਾਰ, ਜਵਾਨ ਇਸਤਰੀ ਦਾ



ਬਿਨਾ ਕਿਸੇ ਮਰਦ ਦੇ ਰਹਿ ਸਕਣਾ ਜਾਂ ਉਸ ਦੇ ਆਕਰਸ਼ਣ ਤੋਂ ਅਛੂਤੇ ਰਹਿ ਸਕਣਾ ਕਈ ਵਾਰ ਅਸੰਭਵ ਹੋ ਜਾਂਦਾ ਹੈ। ਰਵਿੰਦਰ ਪਰਿਵਾਰ ਤੇ ਧਰਮ ਦੀ ਮਰਯਾਦਾ ਦਾ ਪਾਲਨ ਕਰਦੇ ਹੋਏ ਵੀ ਆਪਣੀ ਅੰਦਰਲੀ ਔਰਤ ਦੇ ਸੁਨੇਹੇ ਨੂੰ ਅਣਦੇਖਿਆ ਨਹੀਂ ਕਰ ਪਾਉਂਦੀ ਤੇ ਜਲਦੀ ਹੀ ਸਮੇਂ ਸਿਰ ਆਪਣੇ ਹਾਣ ਮੁਤਾਬਿਕ ਕਦਮ ਚੁੱਕ ਲੈਂਦੀ ਹੈ।

ਦੰਗਿਆਂ-ਸਾਕਿਆਂ ਵਿੱਚ ਬੇਕਸੂਰ ਲੋਕ ਬਹੁਗਣਿਤੀ ਵਿੱਚ ਬਰਬਾਦ ਹੋ ਜਾਂਦੇ ਹਨ, ਜਿਨ੍ਹਾਂ ਦਾ ਸਮੇਂ ਦੀ ਸਰਕਾਰ ਨਾਲ ਜਾਂ ਉਸ ਦੇ ਵਿਰੋਧੀਆਂ ਨਾਲ ਕੁਝ ਲੈਣਾ-ਦੇਣਾ ਨਹੀਂ ਹੁੰਦਾ। ਭਾਵੇਂ, 47 ਦੀ ਵੰਡ ਹੋਵੇ, ਬਲਿਓ ਸਟਾਰ ਆਪਰੇਸ਼ਨ ਜਾਂ ਫਿਰ ਦਿੱਲੀ 'ਚ 1984 ਦੇ ਦੰਗੇ, ਇਨ੍ਹਾਂ ਵਿੱਚ ਬੇਸ਼ੁਮਾਰ ਬੇਕਸੂਰ ਲੋਕ ਮਾਰੇ ਤੇ ਲੁੱਟੇ ਗਏ। ਆਮ ਤੌਰ ਤੇ ਇਨ੍ਹਾਂ ਸਾਕਿਆਂ ਵਿੱਚ ਔਰਤ/ ਕੁੜੀਆਂ ਨੂੰ ਬਥੇਰਾ ਭੁਗਤਣਾ ਪੈਂਦਾ ਹੈ ਤੇ ਬਹੁਤੀਆਂ ਕਹਾਣੀਆਂ ਉਨ੍ਹਾਂ ਦੇ ਦੁਖ ਦਰਦ ਨੂੰ ਬਿਆਨ ਕਰਦੀਆਂ ਹਨ। ਪਰ **ਸੁਖਵੰਤ ਕੌਰ ਮਾਨ** ਦੀ ਕਹਾਣੀ **'ਚਾਦਰ ਹੇਠਲਾ ਬੰਦਾ'** ਵਿੱਚ ਸੀਮਾ ਵਰਗੀ ਇਕ ਮੁਟਿਆਰ ਕੁੜੀ ਕਿਸੇ ਹੋਰ ਹੀ ਰੰਗ ਨਜ਼ਰ ਆਉਂਦੀ ਹੈ। ਉਹ '84 ਦੇ ਦੰਗਿਆਂ ਵਿੱਚ ਬਲਵਈਆਂ ਦੇ ਹੱਥੋਂ ਲੁੱਟੇ ਗਏ 'ਸਤਿਨਾਮ ਸਟਿਚਰਜ਼' ਦੇ ਸੱਤਾ ਦਰਜ਼ੀ ਨੂੰ ਨਿਰਾਸਾ ਦੀ ਖੱਡ ਵਿਚੋਂ ਕੱਢ ਕੇ ਉਸ ਨੂੰ ਮੁੜ ਸੁਰਜੀਤ ਕਰ ਦੇਂਦੀ ਹੈ।

ਕੁਝ ਸਮੇਂ ਪਹਿਲਾ ਕਿਸੇ ਰਿਸ਼ਤੇਦਾਰ ਦੇ ਵਿਆਹ ਵਿੱਚ ਆਈ ਸੀਮਾ ਨੂੰ ਸਤਿਨਾਮ ਦਰਜ਼ੀ ਦੇ ਕੱਪੜਿਆਂ ਤੇ ਡਿਜ਼ਾਇਨ ਬੇਹੱਦ ਜਾਨਦਾਰ ਲੱਗੇ ਸਨ। ਉਸ ਨੇ ਲੰਦਨ ਵਿੱਚ ਆਪਣੀ ਕੰਪਨੀ ਦੇ ਬਾਸ ਨੂੰ ਉਨ੍ਹਾਂ ਡਿਜ਼ਾਇਨਾਂ ਦੀਆਂ ਤਸਵੀਰਾਂ ਵਿਖਾ ਕੇ ਭਾਰੀ ਆਰਡਰ ਲਏ ਸਨ। ਪਰ ਦੰਗਿਆਂ ਵਿੱਚ ਸੱਤਾ ਦੇ ਪੁੱਤਰ/ ਪੋਤਰੇ ਮਾਰੇ ਗਏ ਤੇ ਦੁਕਾਨ ਲੁੱਟੀ ਹੀ ਨਹੀਂ ਗਈ, ਸਗੋਂ ਸਾਰਾ ਸ਼ੋ ਰੂਮ ਸਾੜ-ਫੂਕ ਦਿੱਤਾ ਗਿਆ ਸੀ। ਸੀਮਾ ਇਸ ਨਿਰਾਸ ਹੋਏ ਮਾਸਟਰ ਨੂੰ ਹੌਂਸਲਾ ਦਿੰਦੇ ਹੋਏ ਕਹਿੰਦੀ ਹੈ :

*"ਫਾਈਲਾਂ, ਕਾਪੀਆਂ ਬਣੀਆਂ ਹੋਈਆਂ ਡਰੈਸਿੰਜ਼ ਸਭ ਕੁਝ ਬਲ ਗਿਆ।" ਮਾਸਟਰ ਸਤਿਨਾਮ ਨੇ ਇਕ ਲੰਮਾ ਹਉਕਾ ਲਿਆ ਸੀ।*

*"ਮਾਸਟਰ ਜੀ, ਸਭ ਕੁਝ ਹੋ ਸਕਦਾ ਹੈ ਹਾਲੀ ਵੀ।" ਮਾਸਟਰ ਨੇ ਭਰਵੱਟੇ ਚੁੱਕ ਕੇ ਕੁੜੀ ਵੱਲ ਗਹੁ ਨਾਲ ਤੱਕਿਆ।*

*"ਤੁਸੀਂ ਡਰਾਇੰਗ ਜਾਣਦੇ ਹੋ, ਮੁੜ ਕੇ ਸਾਰੀਆਂ ਚੀਜ਼ਾਂ ਨੂੰ ਸੁਰਜੀਤ ਕਰ ਲਓ।"*

*"ਕਿੰਨੀ ਦੂਰੋਂ ਚਲ ਕੇ ਆਈ ਸੀ ਇਹ ਕੁੜੀ। ਸਤਿਨਾਮ ਨੂੰ ਜਾਪਿਆ ਉਹ ਨਾਂਹ ਨਹੀਂ ਕਰ ਸਕੇਗਾ।"*

ਸੀਮਾ ਇਕ ਪਾਸੇ ਸਤਿਨਾਮ ਨੂੰ ਮੁੜ ਕੇ ਉਸ ਦਾ ਪੁਸ਼ਤੈਨੀ ਕੰਮ ਸ਼ੁਰੂ ਕਰਨ ਲਈ ਪ੍ਰੇਰਦੀ ਹੈ, ਦੂਜੇ ਪਾਸੇ ਲੰਦਨ ਵਿੱਚ ਉਸ ਲਈ ਚੰਦਾ ਇੱਕਠਾ ਕਰਦੀ ਹੈ। ਉਸ ਦੇ ਉਤਸਾਹ ਤੇ ਹੀ ਸਤਿਨਾਮ ਦੇ ਬਣਾਏ ਡਿਜ਼ਾਇਨਾਂ ਨੂੰ ਖੂਬਸੂਰਤ ਜਿਲਦ ਵਿੱਚ ਸਜੀ ਪੈਟਰਨ ਬੁਕ ਵਿੱਚ 'ਪਟਿਆਲਾ ਪੈਟਰਨਜ਼' ਵਿੱਚ ਆਪਣਾ ਨਾਂ 'ਸਤਿਨਾਮ' ਦੇਖ ਕੇ ਉਸ ਦੀਆਂ ਅੱਖਾਂ ਭਰ ਆਉਂਦੀਆਂ ਹਨ।

ਸੀਮਾ ਵਲੋਂ ਉਚੇਚੇ ਤੌਰ ਤੇ ਪ੍ਰੇਰਿਤ ਕਰਨ ਤੇ ਸਤਿਨਾਮ ਆਪਣੀ ਜੱਦੀ ਕਲਾ ਨੂੰ ਮੁੜ ਨਵੇਂ ਸਿਰੇ ਤੋਂ ਸੁਰਜੀਤ ਕਰ ਲੈਂਦਾ ਹੈ। ਸੀਮਾ ਜਿਹੇ ਕਿਰਦਾਰ ਇਕਦਮ ਢਹਿ-ਢੇਰੀ ਹੋਏ ਲੋਕਾਂ ਵਿੱਚ ਮੁੜ ਨਵੀਂ ਜਾਨ ਫੂਕ ਦੇਣ ਦੀ ਯੋਗਤਾ ਰੱਖਦੇ ਹਨ। ਸੀਮਾ ਨੇ ਸਤਿਨਾਮ ਨੂੰ ਮੁੜ ਉਸ ਦੇ ਪੇਸ਼ੇ ਨਾਲ ਹੀ ਜੋੜਿਆ, ਉਸ ਨੂੰ ਉਸ ਦੀ ਪੀੜੀਆਂ ਤੋਂ ਚਲੀ ਆ ਰਹੀ ਸੂਈ-ਧਾਗੇ ਦੀ ਵਿਰਾਸਤ ਉਤੇ ਮਾਣ ਕਰਨਾ ਸਿਖਾ, ਉਸ ਵਿਰਾਸਤ ਨੂੰ ਲੋਕ-ਕਲਾ ਦਾ ਦਰਜਾ ਦਿਵਾਉਣ ਵਿੱਚ ਵੀ ਸਫ਼ਲ ਹੁੰਦੀ ਹੈ। ਪੈਸੇ-ਚੰਦੇ ਵਲੋਂ ਵੀ ਉਸ ਦੀ ਮਦਦ ਕਰਦੀ ਹੈ ਤੇ ਬਿਲਕੁਲ ਹਤਾਸ਼ ਹੋਏ, ਬੁੱਢੇ ਵਿਅਕਤੀ ਨੂੰ ਬਿਲਕੁਲ ਜ਼ੀਰੋ ਤੋਂ ਮੁੜ ਨਵੇਂ ਸਿਰੇ ਤੋਂ ਕੰਮ ਕਰਨ ਦਾ ਹੌਂਸਲਾ ਵੀ ਦੇਂਦੀ ਹੈ। ਯੁਵਾ ਸ਼ਕਤੀ ਕੋਲ ਸਿਰਫ਼ ਤਾਕਤ ਹੀ ਨਹੀਂ, ਨਵੇਂ-ਨਵੇਂ 'ਆਈਡੀਅਸ' ਵੀ ਹੁੰਦੇ ਹਨ। ਸੀਮਾ ਅਜਿਹੀ ਸੋਚ ਵਾਲੇ ਹੋਣ ਤਾਂ ਉਹ ਕੁਝ ਵੀ ਕਰ ਸਕਦੇ ਹਨ। ਸੀਮਾ ਨੇ ਸਚਮੁੱਚ ਮਦਾਰੀ ਦੇ ਤਮਾਸ਼ੇ ਵਾਂਗ ਚਾਦਰ ਹੇਠ ਲਹੂ-ਲੁਹਾਣ ਬੰਦੇ ਨੂੰ ਚਾਦਰ ਚੁੱਕਣ ਮਗਰੋਂ ਇਕਦਮ ਨੌਂ-ਬਰ- ਨੌਂ

ਕਰ ਦਿੱਤਾ ਸੀ।

**ਸੁਖਜੀਤ** ਦੀ ਕਹਾਣੀ **'ਸਤਾਈ ਮੀਲ'** ਦੀ ਅਨਾਮ ਇਸਤਰੀ ਪਾਤਰ, ਜੋ ਸਿੱਧੇ ਤੌਰ ਤੇ ਕਹਾਣੀ ਵਿੱਚ ਸ਼ਾਮਲ ਨਹੀਂ ਹੁੰਦੀ, ਸਗੋਂ ਸੜਕ ਪਾਰ ਤੀਸਰੇ ਚੌਬਾਰੇ ਤੇ ਰਹਿੰਦੀ, ਇਕ ਐਮ.ਪੀ. ਦੇ ਬਾਡੀਗਾਡ ਲਈ ਪ੍ਰੇਰਨਾ ਦਾ ਸਬਬ ਬਣ ਜਾਂਦੀ ਹੈ। ਉਹ ਉਸ ਨੌਜਵਾਨ ਕਰਨੈਲ ਅੰਦਰ ਚੇਤਨਾ ਭਰਦੀ ਹੈ ਤੇ ਉਹ ਸੋਚਣ ਲੱਗਦਾ ਹੈ ਕਿ ਆਖ਼ਿਰ ਉਹ ਚਾਰ ਸਾਲਾਂ ਤੋਂ ਆਪਣੇ ਪਿੰਡ ਤੋਂ ਦੂਰ ਕੈਲੇ ਤੋਂ ਕਰਨੈਲ ਬਣਿਆ ਆਖ਼ਿਰ ਇਸ ਐਮ.ਪੀ. ਗੁਰਮੁਖ ਸਿੰਘ ਦੀ ਕੋਠੀ ਵਿੱਚ ਕਰ ਕੀ ਰਿਹਾ ਹੈ ? ਉਹ ਗੁਰਮੁਖ ਸਿੰਘ ਵਰਗੇ ਦੂਹਰੇ ਚਰਿਤਰ ਦੇ ਮਾਲਕ, ਦੋਗਲੇ ਬੰਦੇ ਦੀ ਹਿਫ਼ਾਜ਼ਤ ਕਰਨ ਦੀ ਨੌਕਰੀ ਕਰ ਰਿਹਾ ਹੈ, ਜਿਸ ਦੇ ਬੱਚੇ ਤੇ ਉਹ ਆਪ ਆਮ ਲੋਕਾਂ ਦੀ ਮਿਹਨਤ ਦੀ ਕਮਾਈ ਉਤੇ ਹੀ ਐਸ਼-ਇਸ਼ਰਤ ਦਾ ਜੀਵਨ ਜੀਉਂਦੀ, ਉਨ੍ਹਾਂ ਨਾਲ ਧੋਖਾ-ਫਰੇਬ ਕਰਦੇ ਹਨ। ਲਾਹਨਤ ਹੈ, ਉਸ ਦੇ ਆਪਣੇ ਇਸ ਜੀਵਨ ਨੂੰ ਜਿਸ ਦਾ ਮਕਸਦ ਨਹੀਂ। ਇਕ ਉੱਜਲ ਕੱਪੜੀਏ ਤੇ ਭੈੜੇ ਚਰਿੱਤਰ ਵਾਲੇ ਆਦਮੀ ਦੀ ਗੁਲਾਮੀ ਕਰ, ਉਹ ਝੂਠ-ਫਰੇਬ ਦਾ ਭਾਗੀਦਾਰ ਬਣ ਰਿਹਾ ਹੈ ਜਦਕਿ ਐਮ.ਪੀ. ਦੀ ਕੋਠੀ ਦੀ ਛੱਤ ਤੋਂ ਉਹ ਸੜਕ ਪਾਰ ਚੌਬਾਰੇ ਤੇ ਰਹਿੰਦੀ ਇਕ ਇਸਤਰੀ ਦੀ ਰੋਜ਼ਾਨਾ ਜ਼ਿੰਦਗੀ ਦਾ ਹਿਸਾਬ ਲਗਾਉਂਦਾ ਹੈ, ਜੋ ਘਰ-ਬਾਹਰ ਸੰਭਾਲਦੀ, ਧਾਗੇ, ਪਸ਼ਮ ਨੂੰ ਧੋ, ਸੁੱਕਾ ਕੇ, ਉਨ੍ਹਾਂ ਦੇ ਗੋਲੇ ਬਣਾ ਕੇ ਦੁਕਾਨ ਉਤੇ ਦੇਣ ਜਾਂਦੀ।

ਕਰਨੈਲ ਉਸ ਇਸਤਰੀ ਦੇ ਅੰਦਰ-ਬਾਹਰ, ਕਮਰੇ, ਰਸੋਈ ਆਦਿ ਸਾਰੇ ਪਾਸੇ ਚੱਕਰ ਮਾਰਦਿਆਂ ਦਾ ਛਤ ਦੀ ਲੰਬਾਈ-ਚੌੜਾਈ ਨਾਲ ਹਿਸਾਬ ਲਗਾਉਂਦਾ ਹੈ। ਉਹ ਇਕ ਘੰਟੇ ਵਿੱਚ ਫੁਰਤੀ ਨਾਲ ਸਾਢੇ ਤਿੰਨ ਕਿਲੋਮੀਟਰ ਚਲਦੀ ਹੈ ਤੇ ਸਵੇਰੇ ਛੇ ਵਜੇ ਤੋਂ ਰਾਤੀਂ ਸਾਢੇ ਦਸ ਵਜੇ ਤਕ ਦਾ ਜੋੜ ਕਰਨ ਤੇ ਇਕ ਮੋਟੇ ਅਨੁਮਾਨ ਨਾਲ ਉਹ ਇਸਤਰੀ ਲਗਾਤਾਰ 'ਸਤਾਈ ਮੀਲ' ਰੋਜ਼ਾਨਾ ਚਲਦੀ ਹੈ।

ਉਸ ਔਰਤ ਦਾ ਰੋਜ਼ 'ਸਤਾਈ ਮੀਲ' ਚਲਣਾ ਕਰਨੈਲ ਨੂੰ ਇਸ ਲਈ ਤੜਪਾ ਜਾਂਦਾ ਹੈ ਕਿਉਂਕਿ ਉਹ ਔਰਤ ਰੋਜ਼ ਆਪਣੇ ਲਈ ਨਹੀਂ ਚਲਦੀ,

*"ਪਤੈ ਕੀਹਦੇ ਲਈ, ਆਵਦੇ ਲਈ ਨਹੀਂ, ਘਰਵਾਲੇ ਲਈ ਵੀ ਨਹੀਂ, ਐਮ.ਪੀ. ਸਾਹਿਬ ਲਈ ਇਹਦੇ ਕਾਕਿਆਂ ਲਈ ਤੇ ਤੇ ਬਾਪੂ ਆਪਣੇ ਵਰਗੇ ਕੁੱਤਿਆਂ ਲਈ ਰੋਜ਼ ਸਤਾਈ ਮੀਲ।"*

ਬੇਸ਼ਕ ਇਸ ਕਹਾਣੀ ਦੇ ਕੇਂਦਰ ਵਿੱਚ ਐਮ.ਪੀ. ਜਿਹੇ ਸਿਆਸੀ ਲੋਕਾਂ ਦੇ ਚਰਿਤਰ ਤੇ ਦੋਗਲੇਪਨ ਉਤੇ ਕਟਾਖ਼ਸ਼ ਕੀਤਾ ਗਿਆ ਹੈ, ਪਰ ਉਹ ਅਨਾਮ ਇਸਤਰੀ ਉਨ੍ਹਾਂ ਅਨਾਮ ਤੇ ਸਾਧਾਰਣ ਲੋਕਾਂ ਦੀ ਪ੍ਰਤੀਨਿਧਤਾ ਵਜੋਂ ਸਾਹਮਣੇ ਆਉਂਦੀ ਹੈ, ਜੋ ਤਾਕਤਵਰ ਤੇ ਦਬਦਬੇ ਵਾਲੇ ਬੰਦਿਆਂ ਲਈ ਰੋਜ਼ ਐਨੀ ਮਿਹਨਤ ਕਰਦੇ ਹਨ ਪਰ ਅਮੀਰ ਇਨ੍ਹਾਂ ਲੋਕਾਂ ਵਲੋਂ ਅਨਜਾਣ ਹੀ ਰਹਿੰਦੇ ਹਨ। ਸੁਖਜੀਤ ਦੀ ਇਹ ਅਨਾਮ ਪਰ ਮਿਹਨਤੀ ਇਸਤਰੀ, ਚੁਪਚਾਪ ਆਪਣੇ ਕੰਮ ਵਿੱਚ ਲੱਗੇ ਹੋਏ, ਕਰਨੈਲ ਜਿਹੇ ਕਈ ਬਾਡੀਗਾਡਜ਼ ਨੂੰ ਇਹ ਚੇਤਾ ਕਰਾ ਜਾਂਦੀ ਹੈ ਕਿ ਉਹ ਸਾਰਾ-ਸਾਰਾ ਦਿਨ ਨਿਠੱਲੇ ਬੈਠੇ ਰਹਿੰਦੇ ਹਨ ਜਦਕਿ ਹੱਟੇ-ਕੱਟੇ ਨੌਜਵਾਨਾਂ ਨੂੰ ਕਿਸੇ ਚੰਗੇ ਕੰਮਕਾਜ ਵਿੱਚ ਲੱਗ ਕੇ ਮਿਹਨਤ ਕਰਨੀ ਚਾਹੀਦੀ ਹੈ। ਪਰ ਉਹ ਲੋਕ ਐਮ.ਪੀ. ਦੇ ਚਮਚੇ ਬਣੇ, ਉਸ ਭੈੜੇ ਆਦਮੀ ਦੀ ਰੱਖਿਆ ਵਿੱਚ ਤੈਨਾਤ, ਹੱਥ ਵਿੱਚ ਬੰਦੂਕਾਂ ਚੁੱਕੀ, ਨਿਠੱਲੇ ਬਣੇ ਆਪਣਾ ਜੀਵਨ ਅੰਞਾਈਂ ਹੀ ਗਵਾ ਰਹੇ ਹਨ। ਉਨ੍ਹਾਂ ਦੇ ਮੁਕਾਬਲੇ ਤੇ ਉਹ ਇਸਤਰੀ ਆਪਣੇ ਜੀਵਨ ਦਾ ਇਕ-ਇਕ ਪਲ ਕੰਮ ਕਰਕੇ ਸਾਰਥਕ ਕਰ ਰਹੀ ਹੈ।

ਇਸਤਰੀ ਭਾਵੇਂ ਅਨਪੜ੍ਹ ਹੋਵੇ ਜਾਂ ਪੜ੍ਹੀ-ਲਿਖੀ, ਘਰ-ਗ੍ਰਹਿਸਥੀ ਨੂੰ ਤੋਰਨਾ ਤੇ ਸੰਭਾਲਣਾ ਉਸੇ ਦੀ ਜ਼ਿੰਮੇਵਾਰੀ ਮੰਨੀ ਗਈ ਹੈ। ਪੜ੍ਹੀ-ਲਿਖੀ ਔਰਤ ਜੇ ਨੌਕਰੀ ਕਰਕੇ ਪਤੀ ਦਾ ਸਹਿਯੋਗ ਕਰਦੀ ਹੈ ਤਾਂ ਗਰੀਬ, ਅਨਪੜ੍ਹ ਔਰਤ ਆਲੇ-ਦੁਆਲੇ ਘਰਾਂ ਤੇ ਖੇਤਾਂ ਵਿੱਚ ਕਈ ਤਰ੍ਹਾਂ ਦੇ ਕੰਮ ਕਰਕੇ ਆਪਣੀ ਗ੍ਰਹਿਸਥੀ ਨੂੰ ਤੋਰਨ ਦਾ ਹੀਲਾ ਕਰਦੀ ਆਈ ਹੈ। **ਭਗਵੰਤ ਰਸੂਲਪੁਰੀ** ਦੀ ਕਹਾਣੀ **'ਕਸੂਰਵਾਰ'** ਦੀ ਕੇਂਦਰੀ ਪਾਤਰ ਅਮਰੋ ਨੇ ਵੀ ਇਹੀ ਕੁਝ ਕੀਤਾ। ਜਦੋਂ ਘਰ ਵਿੱਚ ਭੰਗ ਭੁੰਜਦੀ ਹੋਵੇ, ਪਤੀ ਨਸ਼ੇੜੀ ਹੋਵੇ



ਤੇ ਗਰੀਬੀ ਦਾ ਦਲਿੱਦਰ ਪਸਰਿਆ ਹੋਵੇ ਤਾਂ 'ਅਮਰੋ' ਜਿਹੀ ਕਿਸੇ ਵੀ ਔਰਤ ਲਈ ਜੀਵਨ ਜਿਉਣ ਲਈ ਬਹੁਤਾ ਕੋਈ ਰਾਹ ਨਹੀਂ ਬਚਦਾ। ਅਜਿਹੇ ਵੇਲੇ ਉਸ ਨੇ ਦਿੱਤੂ ਦੇ ਡੇਹਰੀ ਵਾਲੇ ਕੰਮ ਨੂੰ ਕਰਦੇ ਹੋਏ ਹੀ ਉਸ ਦੇ ਨਾ ਸਿਰਫ਼ ਤਿੰਨ ਬੱਚੇ ਜੰਮੇ, ਕੱਚੇ ਘਰ ਨੂੰ ਮਾੜਾ-ਮੋਟਾ ਪੱਕਾ ਕੀਤਾ, ਮੁੰਡੇ ਦਾ ਵੀ ਵਿਆਹ ਕੀਤਾ। ਭਾਵੇਂ ਪਤੀ ਤੇ ਪੁੱਤਰ ਵਲੋਂ ਉਸ ਨੂੰ ਦਿੱਤੂ ਨਾਲ ਸੰਬੰਧਾਂ ਪ੍ਰਤੀ ਦੁਰਕਾਰਿਆ ਜਾਂਦਾ ਰਿਹਾ। ਆਪਣੀ ਸਹੇਲੀ ਰੱਜੋ ਦਾ ਕਤਲ ਉਸ ਦੇ ਪਤੀ ਵਲੋਂ ਇਨ੍ਹਾਂ ਸੰਬੰਧਾਂ ਕਾਰਣ ਹੀ ਹੋਇਆ ਦੇਖ ਕੇ ਉਹ ਅੰਦਰੋਂ ਡਰ ਤੇ ਸਹਿਮ ਜਾਂਦੀ ਹੈ। ਜਦਕਿ ਸੱਚਾਈ ਇਹ ਹੈ ਕਿ ਬਿਨਾ ਸਾਧਨਾਂ ਦੇ ਜ਼ਿੰਦਗੀ ਜੀਣਾ ਬਹੁਤ ਹੀ ਮੁਸ਼ਕਿਲ ਹੁੰਦਾ ਹੈ। ਅਮਰੋ ਜਾਂ ਰੱਜੋ ਵਲੋਂ ਕੰਮਕਾਜ ਕਰਦੇ ਹੋਏ, ਕਿਸੇ ਗ਼ੈਰ-ਮਰਦ ਨਾਲ ਕਾਇਮ ਸੰਬੰਧਾਂ ਨੂੰ ਅਯਾਸ਼ੀ ਜਾਂ ਮੌਜ-ਮਸਤੀ ਵਜੋਂ ਨਹੀਂ ਪਛਾਣਿਆ ਜਾ ਸਕਦਾ। ਅਜਿਹੀਆਂ ਔਰਤਾਂ ਘਰ-ਗ੍ਰਹਿਸਥੀ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਅੰਦਰੋਂ ਅਨੇਕਾਂ ਵਾਰ ਟੁੱਟਦੀਆਂ ਤੇ ਖੋਖਲੀਆਂ ਹੁੰਦੀਆਂ ਜਾਂਦੀਆਂ ਹਨ। ਪਤੀ ਤੇ ਪੁੱਤਰ ਦਬਕੇ ਮਾਰਦੇ, ਗਾਲ੍ਹਾਂ ਦੇਂਦੇ ਜਾਂ ਦੁਰਕਾਰਦੇ ਹੋਏ ਅੰਦਰੋਂ-ਅੰਦਰੀਂ ਇਸ ਸੱਚਾਈ ਨੂੰ ਜਾਣਦੇ ਹਨ ਕਿ ਜੇ ਇਹ ਔਰਤ ਕਿਸੇ ਵੀ ਤਰ੍ਹਾਂ ਕਮਾ ਕੇ ਨਾ ਲਿਆਉਂਦੀ ਤਾਂ ਉਨ੍ਹਾਂ ਦਾ ਵੀ ਵਜੂਦ ਬਾਕੀ ਨਹੀਂ ਰਹਿਣਾ ਸੀ।

*"ਢੋਹਦੀ ਫਿਰ ਜਾ ਕੇ ਇੱਟਾਂ, ਤੇਰਾ ਨੌਕਰ ਨਹੀਂ ਲੱਗਾ... ਤੈਂਅ ਮਹਿਲ ਪਾਉਣਾ ਏਹਦੇ ਨਾਲ... ਹੂੰ।" ਉਹ ਨਹਾ ਕੇ ਲਾਗਲੇ ਪਿੰਡ ਮੇਲੇ 'ਤੇ ਹੋ ਰਹੀਆਂ 'ਨਕਲਾਂ' ਦੇਖਣ ਤੁਰ ਪਿਆ ਸੀ ਤੇ ਮੈਂ ਉਹਨੂੰ ਬੁਰਾ ਭਲਾ ਕਹਿੰਦੀ, ਟੋਕਰੀ ਚੁੱਕ ਇੱਟਾਂ ਦਾ ਫੇਰਾ ਲੈਣ ਤੁਰ ਪਈ ਸਾਂ।"*

*"ਅਮਰੋ ਮੇਰੀ ਗੱਲ ਸੁਣ ਲੈ ਕੰਨ ਖੋਲ੍ਹ ਕੇ... ਅੱਜ ਤੋਂ ਲੈ ਕੇ ਸਾਲੇ ਢਿੱਡਲ ਦੀ ਡੇਅਰੀ 'ਤੇ ਨਹੀਂ ਜਾਣਾ... ਉਹ ਸਹੁਰਾ ਕੁੱਤੇ ਦਾ ਬੀਅ ਆ... ਬਸ ਤੂੰ ਨਹੀਂ ਜਾਣਾ।"*

*"ਜੇ ਉਹਨਾਂ ਦਿਨਾਂ 'ਚ ਮੈਂ ਦਿੱਤੂ ਢਿੱਡਲ ਦੀ ਡੇਅਰੀ ਨਾ ਜਾਂਦੀ ਤਾਂ ਟੱਬਰ ਨਾ ਬੱਝਦਾ... ਘਰ ਦੇ ਜੀਅ ਦਰ ਦਰ ਦੀਆਂ ਠੋਕਰਾਂ ਖਾਂਦੇ, ਮੈਂ ਹੀ ਸਾਂ ਜਿਹਨੇ ਕੋਠੜੀਆਂ ਖੜ੍ਹੀਆਂ ਕੀਤੀਆਂ। ਮੁੰਡੇ ਦਾ ਵਿਆਹ ਕੀਤਾ। ਪਤਾ ਨ੍ਹੀਂ ਇਹ ਪੇਟ ਦਾ, ਪੈਸੇ ਦਾ, ਜਾਂ ਕੋਈ ਰੂਹ ਦਾ ਰੋਗ ਏ, ਜੋ ਮੈਨੂੰ ਚੁੰਬੜਿਆ ਹੋਇਆ ਹੈ। ਜਾਂ ਮੇਰੀ ਆਦਤ, ਜੋ ਮੈਥੋਂ 'ਤੋਏ-ਤੋਏ' ਕਰਵਾਉਣ ਵਾਲੇ ਕੰਮ ਕਰਵਾਉਂਦੀ ਗਈ।"*

ਇਹ ਔਰਤ ਦੀ ਤ੍ਰਾਸਦੀ ਹੈ ਕਿ ਅਨੇਕ ਵਾਰ ਨਾ ਚਾਹੁੰਦੇ ਹੋਏ ਵੀ ਉਸ ਨੂੰ ਘਰੋਂ ਪੈਰ ਕੱਢ ਕੇ, ਅਜਿਹੇ ਅਖੌਤੀ ਗ਼ੈਰ-ਜ਼ਰੂਰੀ ਰਿਸ਼ਤੇ ਆਪਣੀ ਅਜ਼ਮਤ ਨੂੰ ਦਾਅ ਤੇ ਲੱਗਾ ਕੇ ਜੋੜਨੇ ਪੈਂਦੇ ਹਨ। ਇਸ ਸਭ ਦੇ ਲਈ ਕਸੂਰਵਾਰ ਔਰਤ ਬਿਲਕੁਲ ਨਹੀਂ ਹੈ, ਉਹ ਔਖੇ ਰਾਹ ਉਤੇ ਚਲ ਕੇ ਆਪਣੇ ਪਰਿਵਾਰ ਦਾ ਪੇਟ ਪਾਲਦੀ ਹੈ, ਉਨ੍ਹਾਂ ਨੂੰ ਜੀਉਂਦਾ ਰੱਖਦੀ ਹੈ। ਸਾਡੇ ਸਮਾਜ ਵਿੱਚ ਅਮਰੋ ਜਿਹੀਆਂ ਅਨੇਕ ਔਰਤਾਂ ਹਨ, ਜੋ ਲੁਕੇ-ਛਿਪੇ ਢੰਗ ਨਾਲ ਇਸ ਰਾਹ ਉਤੇ ਚਲਣ ਲਈ ਮਜ਼ਬੂਰ ਹਨ, ਜਿਨ੍ਹਾਂ ਦੇ ਸਿਰ ਉਤੇ ਘਰ-ਪਰਿਵਾਰ ਬਣਦੇ ਹਨ ਤੇ ਉਨ੍ਹਾਂ ਨੂੰ ਹੀ ਮਾੜਾ ਕਿਹਾ ਜਾਂਦਾ ਹੈ। ਸਾਹਿਤ, ਫਿਲਮਾਂ ਤੇ ਸਮਾਜ ਅਜਿਹੀਆਂ ਔਰਤਾਂ ਦੇ ਕਿੱਸੇ-ਕਹਾਣੀਆਂ ਨਾਲ ਭਰਿਆ ਹੋਇਆ ਹੈ।

ਪਤੀ ਦੀ ਮੌਤ ਨਾਲ ਉਸ ਵਿਧਵਾ ਇਸਤਰੀ ਨਾਲ ਲੋਕ ਹਮਦਰਦੀ ਨਾਲ ਇਸ ਲਈ ਭਰ ਜਾਂਦੇ ਹਨ, ਹੁਣ ਇਸ ਵਿਚਾਰੀ ਦਾ ਕੀ ਹੋਏਗਾ। ਇਸਦਾ ਇਕ ਕਾਰਣ ਇਹ ਹੈ ਕਿ ਸਾਡੇ ਸਮਾਜ ਵਿੱਚ ਇਸਤਰੀ ਵਲੋਂ ਆਪਣੇ ਪੈਰਾਂ ਉਤੇ ਖੜੇ ਹੋਣ ਦਾ ਜਨੂੰਨ ਅਜੇ ਸ਼ੁਰੂ ਹੋਇਆ ਹੈ। ਜੀਵਨ ਜਿਉਣ ਲਈ ਮਜ਼ਬੂਤ ਆਰਥਕ ਸਥਿਤੀ ਬਹੁਤ ਮਾਇਨੇ ਰੱਖਦੀ ਹੈ। ਹੁਣ ਸਮਾਜ ਵਿੱਚ ਵਿਧਵਾਵਾਂ ਪ੍ਰਤੀ ਉਦਾਰ ਸੋਚ ਆ ਗਈ ਹੈ। ਵਿਧਵਾ-ਵਿਆਹ ਉਤੇ ਸਹਿਮਤੀ ਬਣਦੀ ਜਾ ਰਹੀ ਹੈ। ਪਰ ਇੱਥੇ ਵੀ ਅਕਸਰ ਇਸਤਰੀ ਤੋਂ ਉਸ ਦੀ ਮਰਜ਼ੀ ਘੱਟ ਹੀ ਪੁੱਛੀ ਜਾਂਦੀ ਹੈ, ਸਗੋਂ ਪਰਿਵਾਰ ਦੀ ਬਿਹਤਰੀ ਜਾਂ ਆਪਣੇ ਹੀ ਰਿਸ਼ਤੇ-ਨਾਤੇ ਨੂੰ ਪੁਗਾਉਣ ਖ਼ਾਤਿਰ ਘਰਾਂ ਵਿੱਚ ਦਿਉਰ-ਜੇਠ ਜਾਂ ਫਿਰ ਜੀਜੇ ਨਾਲ 'ਚਾਦਰ ਪੁਆਉਣ' ਦੀ ਰਸਮ ਵੀ ਅਕਸਰ ਕੀਤੀ ਜਾਂਦੀ ਹੈ। ਅਜਿਹੇ ਰਿਸ਼ਤੇ ਵਿੱਚ ਇਸਤਰੀ ਦੀ ਮਨਮਰਜ਼ੀ ਦੀ ਬਜਾਏ ਆਰਥਕ ਹਾਲਾਤ

ਵਧੇਰੇ ਅਰਥ ਰੱਖਦੇ ਹਨ।

**ਭੋਲਾ ਸਿੰਘ ਸੰਘੇੜਾ** ਦੀ ਕਹਾਣੀ **'ਉਮਰੋਂ ਲੰਮੇ ਦੁੱਖ'** ਦੀ ਮੈਂ ਪਾਤਰ ਨਾਲ ਵੀ ਕੁਝ ਅਜਿਹਾ ਹੀ ਵਾਪਰਿਆ। ਪਿੰਡਾਂ ਵਿੱਚ ਹੜ੍ਹ ਆ ਜਾਣ ਤੇ ਦੂਜਿਆਂ ਦੀ ਮਦਦ ਲਈ ਗਿਆ ਉਸ ਦਾ ਪਤੀ ਕੁਲਬੀਰ ਇਕ ਦਿਨ ਆਪ ਹੀ ਪਾਣੀ ਵਿੱਚ ਡੁੱਬ ਗਿਆ। ਛੋਟੀ ਉੱਮਰ ਤੇ ਦੋ ਧੀਆਂ ਨਾਲ ਮੈਂ ਪਾਤਰ ਜਵਾਨੀ ਦੀ ਉੱਮਰ ਵਿੱਚ ਹੀ ਵਿਧਵਾ ਹੋ ਗਈ। ਸੱਥਰ ਸਮੇਂ ਹੀ ਵੱਡਿਆਂ ਨੇ ਮਿੱਥ ਲਿਆ ਕਿ ਉਸ ਦਾ ਵਿਆਹ ਜੇਠ ਜਾਂ ਜੀਜੇ ਨਾਲ ਕਰ ਦਿੱਤਾ ਜਾਏ। ਵੱਡੀ ਭੈਣ ਜੋ ਜੇਠਾਣੀ ਵੀ ਸੀ। ਉਸ ਦੇ ਦੋ ਧੀਆਂ ਤੇ ਦੋ ਪੁੱਤਰ ਸਨ। ਦੋਵੇਂ ਭੈਣਾਂ ਇਕੋ ਪਤੀ ਨਾਲ ਹੀ ਰਹੀਆਂ ਜਾਣ।

"ਰੱਬ ਜੇ ਪੁੱਤ ਦੇ ਦੇਂਦਾ ਤਾਂ ਵੀ ਸਰ ਜਾਂਦਾ ਸਕੀ ਭੈਣ ਏ। ਉਸ ਦੇ ਜੁਆਕ ਹੋਏ ਕਿ ਤੇਰੇ। ਤੈਨੂੰ ਆਪਣਾ ਇਕ ਮੁੰਡਾ ਦੇ ਦਿਊ ਤੇ ਤੈਥੋਂ ਇਕ ਕੁੜੀ ਲੈ ਲਊ। ਬਾਕੀ ਤੇਰਾ ਸਕਾ ਜੀਜਾ ਸਕੀ ਭੈਣ ਜਦੋਂ ਕੋਈ 'ਤਰਾਜ ਨਹੀਂ..। ਦੋਵੇਂ ਭੈਣਾਂ ਰਲ-ਮਿਲ ਕੇ ਦਿਨ ਕਟੀ ਕਰ ਲਓ। ਆਖ਼ਰ ਬੰਦੇ ਬਿਨਾ ਤੀਵੀਂ-ਮਾਨੀ ਦੇ ਬਣਦਾ ਹੀ ਕੀ ਏਂ ?"

ਅਸਲ ਵਿੱਚ ਸਾਰਾ ਮਾਜਰਾ ਜ਼ਮੀਨ ਦਾ ਸੀ। "ਅੱਜ ਸਾਰਾ ਪੁਆੜਾ ਜ਼ਮੀਨ ਦਾ ਹੀ ਤਾਂ ਸੀ। ਲੜਕੀਆਂ ਵਿਆਹੀਆਂ ਜਾਣਗੀਆਂ। ਘਰ ਜੁਆਈ ਆਉਣਗੇ ਤੇ ਜ਼ਮੀਨ ਵੰਡਾਉਣਗੇ। ਇਹੀ ਤਾਂ ਚਿੰਤਾ ਖਾਈ ਜਾ ਰਹੀ ਹੈ, ਸਾਰੇ ਟੱਬਰ ਨੂੰ।"

ਪਰਿਵਾਰ ਵਾਲਿਆਂ ਨੇ ਫੈਸਲਾ ਕਰ ਲਿਆ। ਭੋਗ ਤੋਂ ਬਾਅਦ ਆਪਣੇ ਬਾਪੂ ਨੂੰ ਜੇਠ ਕੋਲ ਬੈਠਦੇ ਦੇਖ ਉਸ ਪਾਤਰ ਨੇ ਹਿੰਮਤ ਕਰਕੇ ਬਾਪੂ ਨੂੰ ਪੁਕਾਰਿਆ ਤਾਂ ਬਾਪੂ ਦੇ ਹੱਥੋਂ ਪੱਗ ਡਿੱਗ ਪਈ।

*"ਬਾਪੂ ਕੋਲ ਜਾ ਕੇ ਮੈਂ ਪੱਗ ਚੁੱਕ ਲਈ ਸੀ। ਮੇਰੇ ਹੱਥ ਕੰਬਣ ਲ਼ੱਗੇ ਸਨ। ਵਾਪਸ ਆਉਂਦਿਆਂ ਮੇਰੇ ਹੱਥ ਵਿੱਚ ਪੱਗ ਦਾ ਇਕੋ ਹੀ ਲੜ ਸੀ ਤੇ ਦੂਜਾ ਲੜ ਧਰਤੀ 'ਤੇ ਘਿਸਰਨ ਲੱਗਾ ਸੀ। ਬੈਠਕ ਕੋਲ ਆ ਕੇ ਮੈਂ ਪਿੱਛੇ ਮੁੜ ਕੇ ਦੇਖਿਆ, ਪੱਗ ਦਾ ਦੂਜਾ ਲੜ ਦੋਵੇਂ ਕੁੜੀਆਂ ਨੇ ਚੁੱਕਿਆ ਹੋਇਆ ਸੀ।"*

ਕਹਾਣੀ ਦੀ ਕੇਂਦਰੀ ਪਾਤਰ ਪਰਿਵਾਰ ਦੀ ਸੋਚ ਤੇ ਉਸ ਪਿੱਛੇ ਕਾਰਜਸ਼ੀਲ ਕਾਰਣਾਂ ਜ਼ਮੀਨ ਤੇ ਪੁੱਤਰ ਹੋਣ ਨਾਲ ਸਹਿਮਤ ਨਹੀਂ। ਉਹ ਅੱਠਵੀਂ ਜਮਾਤ ਤਕ ਪੜ੍ਹੀ ਹੋਈ ਸੀ। ਆਪਣੇ ਪਤੀ ਦੇ ਵਿਚਾਰਾਂ ਤੋਂ ਅਗਾਂਹਵਾਧੂ ਸੋਚ ਦੀ ਕਾਇਲ ਸੀ, ਜੋ ਧੀਆਂ ਹੋਣ ਤੇ ਉਸ ਨੂੰ ਹੌਂਸਲਾ ਦੇਂਦਾ ਸੀ :

*"ਉਨ੍ਹਾਂ ਦੀਆਂ ਮਾਵਾਂ ਵੀ ਕਿਸੇ ਦੀਆਂ ਧੀਆਂ ਹਨ। ਕੋਈ ਫ਼ਰਕ ਨਹੀਂ ਮੁੰਡੇ-ਕੁੜੀ ਵਿੱਚ। ਆਉਣ ਵਾਲਾ ਸਮਾਂ ਸਾਰੇ ਭੇਦ ਮਿਟਾ ਦੇਵੇਗਾ।"*

ਇਸੇ ਕਰਕੇ ਉਸ ਨੇ ਵੇਲੇ ਸਿਰ ਸਹੀ ਕਦਮ ਚੁੱਕ ਕੇ, ਦੂਜਿਆਂ ਵਲੋਂ ਉਸ ਤੇ ਉਸ ਦੀਆਂ ਧੀਆਂ ਲਈ ਲਏ ਜਾਂਦੇ ਫੈਸਲਿਆਂ ਤੋਂ ਇਨਕਾਰੀ ਹੋ, ਆਪਣਾ ਕਦਮ ਆਪ ਚੁੱਕ ਲਿਆ। ਜਿਸ ਵਿੱਚ ਉਸ ਦਾ ਸਾਥ ਉਸ ਦੀਆਂ ਦੋਵੇਂ ਛੋਟੀਆਂ ਧੀਆਂ ਦੇਂਦੀਆਂ ਹਨ। ਇਹ ਪਾਤਰ 'ਨਰੜ' ਹੋਣ ਵਾਲੇ ਵਿਆਹਾਂ ਵਿਰੁੱਧ ਖੜੀ ਹੁੰਦੀ ਹੈ, ਜਿਸ ਵਿੱਚ ਮੁੱਦਾ ਜ਼ਮੀਨ ਸੀ। ਪੁੱਤਰ ਨਾ ਹੋਣ ਤੇ ਜ਼ਿੰਦਗੀ ਰੁਕ ਨਹੀਂ ਸਕਦੀ। ਧੀਆਂ ਦੇ ਸਾਥ ਨਾਲ ਵੀ ਇਸ ਨੂੰ ਜੀਵਿਆ ਜਾ ਸਕਦਾ ਹੈ। ਕੋਈ ਕਿਸੇ ਤੋਂ ਉਸਦੀ ਆਪਣੀ ਤੇ ਆਪਣੀਆਂ ਧੀਆਂ ਦੀ ਜ਼ਿੰਦਗੀ ਲਈ ਫੈਸਲਾ ਲੈਣ ਦਾ ਹੱਕ ਨਹੀਂ ਖੋਹ ਸਕਦਾ, ਬਸ਼ਰਤੇ ਬੰਦੇ ਵਿੱਚ ਆਪ ਖੜੇ ਹੋਣ ਦੀ ਦਲੇਰੀ ਹੋਵੇ।

**ਸੁਰਿੰਦਰ ਨੀਰ** ਦੀ ਕਹਾਣੀ **'ਸੂਬੇਦਾਰਨੀ'** ਵੀ ਇਕ ਅਜਿਹਾ ਪ੍ਰੇਰਣਾਦਾਈ ਕਿਰਦਾਰ ਹੈ, ਜੋ ਪਤੀ ਦੀ ਅੰਞਾਈਂ ਮੌਤ ਮਗਰੋਂ ਆਪਣੇ ਦੇਵਰ ਦੀ ਮਾੜੀ ਨੀਅਤ ਕਾਰਣ ਪਤੀ ਵੇਲੇ ਵੀ ਪਰੇਸ਼ਾਨ ਰਹਿੰਦੀ ਸੀ। ਫਿਰ ਵੀ ਉਸ ਨੇ ਦੇਵਰ ਨੂੰ ਕਦੇ ਨੇੜੇ ਢੁੱਕਣ ਨਹੀਂ ਦਿੱਤੀ ਸੀ। ਪਤੀ ਦੀ ਮੌਤ ਮਗਰੋਂ ਜੰਮਿਆ ਪੁੱਤਰ ਸਿੱਧੜ ਨਿਕਲਿਆ। ਸ਼ਰੀਕਾਂ ਦੀ ਚੜ੍ਹ ਮਚ ਗਈ। ਅਮਰੋ ਦੇ ਜੀਵਨ ਵਿਚੋਂ ਸੰਘਰਸ਼ ਘੱਟਿਆ ਨਾ।

*"ਕਾਕੇ ਦੀਆਂ ਸੁੱਤੀਆਂ ਕਲਾ ਜਗਾਉਣ ਲਈ ਕਾਕੇ ਨੂੰ ਨੁਹਾਉਂਦਿਆਂ ਉਸ ਦੇ ਹੱਥ ਅਚਨਚੇਤ*



*ਕਾਕੇ ਦੀਆਂ ਕਮਜ਼ੋਰ ਤੇ ਸੁੱਤੀਆਂ ਨਸਾਂ ਨੂੰ ਜਗਾਉਣ ਦੀ ਚੇਸ਼ਟਾ ਕਰਨ ਲੱਗੇ। ਅਮਰੋ ਦੀ ਅੰਦਰਲੀ ਮਾਂ ਉਤੇ ਬਸ ਇਕ ਵੈਦ, ਇਕ ਹਕੀਮ ਹਾਵੀ ਹੋ ਗਿਆ।"*

ਪੁੱਤਰ ਦੇ ਮਰਦਪੁਣੇ ਤੇ ਯਕੀਨ ਹੋ ਜਾਣ ਤੇ ਉਸ ਦਾ ਵਿਆਹ ਗਰੀਬ ਘਰ ਦੀ ਕੁੜੀ ਨਾਲ ਕਰ ਦਿੱਤਾ। ਪੋਤਰਾ ਜੰਮਣ ਤੇ ਅਮਰੋ ਹੁਣ ਪਹਿਰੇਦਾਰੀ ਕਰਨ ਲੱਗ ਪਈ। ਉਸ ਨੂੰ ਡਰ ਲੱਗਣ ਲੱਗਾ, ਕੋਈ ਉਸ ਤੋਂ ਉਸ ਦੇ ਕੁਲਦੀਪਕ ਨੂੰ ਖੋਹ ਨਾ ਲਵੇ। ਸੂਬੇਦਾਰਨੀ ਅਮਰੋ ਨੇ ਦਲੇਰੀ ਨਾਲ ਇਕੱਲਿਆਂ ਹੀ ਆਪਣੀ ਇੱਜ਼ਤ ਦੀ ਰੱਖਿਆ ਕੀਤੀ, ਸਿੱਧੜ ਪੁੱਤਰ ਦੀ ਜ਼ਿੰਦਗੀ ਨੂੰ ਸੰਵਾਰਿਆ ਤੇ ਜਿੱਤ ਪ੍ਰਾਪਤ ਕੀਤੀ। ਜਦਕਿ ਘਰ ਤੇ ਸਮਾਜ ਵਲੋਂ ਉਸ ਨੂੰ ਕੋਈ ਸਹਿਯੋਗ ਨਹੀਂ ਮਿਲਿਆ। ਪਰ ਉਸ ਦਾ ਜੁਝਾਰੂਪਨ ਹੀ ਉਸ ਨੂੰ ਨਿਵੇਕਲੇ ਰਾਹ ਉਤੇ ਤੁਰਨ ਲਈ ਪ੍ਰੇਰਿਤ ਕਰਦਾ ਹੈ।

**'ਇਕਬਾਲ ਹੁਸੈਨ ਅਜੇ ਨਹੀਂ ਮੋਇਆ' ਅਜਮੇਰ ਸਿੱਧੂ** ਰਚਿਤ ਕਹਾਣੀ ਹੈ। ਇਸ ਕਹਾਣੀ ਦੀ ਕੇਂਦਰੀ ਪਾਤਰ ਨੂੰ ਜਗੀਰ ਸਿੰਘ ਵੰਡ ਵੇਲੇ ਆਪਣੇ ਘਰ ਵਸਾ ਲੈਂਦਾ ਹੈ। ਅੰਮ੍ਰਿਤ ਛਕਾ ਕੇ ਉਸ ਨੂੰ ਸਰਦਾਰਨੀ ਬਣਾ ਦਿੱਤਾ ਜਾਂਦਾ ਹੈ। ਸੰਗਰਾਂਦ ਵਾਲੇ ਦਿਨ ਉਹ ਪ੍ਰਸਾਦ ਵੀ ਬਣਾਉਂਦੀ। ਗੁਰਦੁਆਰੇ ਵੀ ਜਾਂਦੀ। ਪਰ ਇਕ ਦਿਨ ਛੋਟੇ ਸਹਿਬਜ਼ਾਦਿਆਂ ਦੀ ਸ਼ਹੀਦੀ ਗੁਰਪੁਰਬ ਉਤੇ ਗੁਰਦੁਆਰੇ ਢਾਡੀ ਜੱਥੇ ਵਲੋਂ ਗਾਈ ਜਾਂਦੀ ਸ਼ਹੀਦੀ ਕਥਾ ਸੁਣ ਕੇ ਉਸ ਨੂੰ ਆਪਣੇ ਧਰਮ ਦੀ ਯਾਦ ਆ ਜਾਂਦੀ ਹੈ। ਉਸ ਨੂੰ ਆਪਣਾ ਦਾਦਾ ਇਕਬਾਲ ਹੁਸੈਨ ਯਾਦ ਆ ਜਾਂਦਾ ਹੈ, ਜੋ ਇਕ ਪੀਰ ਸੀ।

ਇਸ ਕਿਰਦਾਰ ਤੋਂ ਆਪਣੇ ਧਰਮ ਉਤੇ ਮਾਣ ਕਰਨ ਦਾ ਜਜ਼ਬਾ ਪੈਂਦਾ ਹੁੰਦਾ ਹੈ। ਜ਼ਬਰਦਸਤੀ ਕਿਸੇ ਨੂੰ ਬਾਣਾ ਪੁਵਾ ਕੇ, ਅੰਮ੍ਰਿਤ ਛਕਾ ਕੇ ਆਪਣੇ ਧਰਮ ਵਿੱਚ ਨਹੀਂ ਲਿਆਂਦਾ ਜਾ ਸਕਦਾ। ਉਹ ਕੁਝ ਸਮੇਂ ਲਈ ਗ਼ਫ਼ਲਤ ਵਿੱਚ ਜ਼ਰੂਰ ਪੈ ਜਾਂਦੀ ਹੈ, ਪਰ ਦਿਲੋਂ ਆਪਣਾ ਧਰਮ ਨਹੀਂ ਛੱਡਦੀ। ਛੋਟੇ ਸਹਿਬਜ਼ਾਦਿਆਂ ਵਲੋਂ ਮੌਤ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਧਰਮ ਉਤੇ ਕਾਇਮ ਰਹਿਣ ਦੇ ਜਜ਼ਬੇ ਤੋਂ ਅਤਿਅੰਤ ਪ੍ਰਭਾਵਿਤ ਹੋ ਕੇ ਮਨ ਹੀ ਮਨ ਇਕ ਫੈਸਲਾ ਕਰਦੀ ਹੈ ਤੇ ਆਪਣੇ ਇਕ ਜਵਾਨ ਪੁੱਤਰ ਨੂੰ ਪੀਰ ਦੇ ਡੇਰੇ ਤੇ ਜਾ ਬਿਠਾਉਂਦੀ ਹੈ।

**ਵਿਸ਼ਵ ਜੋਤੀ ਧੀਰ** ਦੀ ਕਹਾਣੀ **'ਰਿਲੈਰੇਸ'** ਦੀ ਪਾਤਰ ਕੋਮਲ ਵੀ ਆਪਣੀ ਹਿੰਮਤ ਦਾ ਪਰਿਚੈ ਦੇ ਕੇ ਦੂਜਿਆਂ ਸਾਹਮਣੇ ਇਕ ਮਿਸਾਲ ਬਣ ਕੇ ਆਉਂਦੀ ਹੈ। ਕੋਮਲ ਨੂੰ ਆਪਣੇ ਹੋਣ ਵਾਲੇ ਪਤੀ ਬਾਰੇ ਪਤਾ ਲੱਗ ਜਾਂਦਾ ਹੈ ਕਿ ਉਹ ਨਸ਼ੇ ਬਾਜ ਤੇ ਐਬੀ ਹੈ। ਮੁੰਡੇ ਦੇ ਅਮੀਰ ਪਰਿਵਾਰ ਵਲੋਂ ਰੋਜ਼ ਹੀ ਨਵੀਆਂ ਮੰਗਾਂ ਦੀ ਮੰਗ ਹੁੰਦੀ ਹੈ। ਮਾਪੇ ਕੁਵੱਤ ਨਾ ਹੁੰਦੇ ਹੋਏ ਵੀ ਮੁੰਡੇ ਵਾਲਿਆਂ ਦੀ ਹਰ ਮੰਗ ਸਵੀਕਾਰ ਕਰਦੇ ਜਾਂਦੇ ਹਨ। ਪਰ ਇਕ ਦਿਨ ਕੋਮਲ ਇਸ ਰਿਸ਼ਤੇ ਨੂੰ ਅਸਵੀਕਾਰ ਕਰ, ਆਪਣੀ ਸਹੇਲੀ ਕੋਲ ਦਿੱਲੀ ਚਲੀ ਜਾਂਦੀ ਹੈ। ਉਥੋਂ ਉਹ ਆਪਣੇ ਮਾਪਿਆਂ ਨੂੰ ਫ਼ੋਨ ਉਤੇ ਦੱਸਦੀ ਹੈ ਕਿ ਪਹਿਲਾ ਉਹ ਆਪਣੇ ਪੈਰਾਂ ਉਤੇ ਖੜੀ ਹੋਏਗੀ, ਫਿਰ ਆਪਣੀ ਪਸੰਦ ਦੇ ਮੁੰਡੇ ਨਾਲ ਵਿਆਹ ਕਰਵਾਏਗੀ।

ਅਮੀਰ ਤੇ ਸਮਾਜ ਵਿੱਚ ਨਾਮਚੀਨ ਪਰਿਵਾਰ ਦੇ ਰਿਸ਼ਤੇ ਨੂੰ ਠੁਕਰਾ ਕੇ ਚਲੇ ਜਾਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਪਰ ਕੋਮਲ ਨੇ 'ਉਸ ਵਿਗੜੇ ਹੋਏ ਕਾਕੇ' ਤੋਂ ਸਮਾਂ ਰਹਿੰਦੇ ਹੀ ਖਹਿੜਾ ਛੁੱਡਾ ਲਿਆ। ਵਿਆਹ ਮਗਰੋਂ ਜ਼ਿੰਦਗੀ ਨਰਕ ਬਣਦੀ, ਉਸ ਤੋਂ ਪਹਿਲਾ ਹੀ ਉਸ ਨੇ ਇਕ ਵੱਡਾ ਕਦਮ ਚੁੱਕਣ ਦੀ ਦਲੇਰੀ ਕੀਤੀ। ਆਪਣੀ ਜ਼ਿੰਦਗੀ ਦੇ ਭਵਿੱਖ ਨੂੰ ਸਨਮੁਖ ਰੱਖਣ ਵਾਲੀ ਕੋਈ ਵੀ ਕੁੜੀ ਸੌਖਿਆਂ ਠੋਕਰ ਨਹੀਂ ਖਾ ਸਕਦੀ।

**ਦੀਪ ਦਵਿੰਦਰ ਸਿੰਘ** ਦੀ ਕਹਾਣੀ **'ਉਮਰੋਂ ਲੰਮੇ ਪੰਧ'** ਵਿਚਲੀ ਰਾਜ ਨੂੰ ਆਪਣੀ ਸਾਰੀ ਜ਼ਿੰਦਗੀ ਕਈ-ਕਈ ਦੁਖ ਝੱਲਣੇ ਪੈਂਦੇ ਹਨ।

*"ਜ਼ਿੰਦਗੀ ਨੇ ਕਦੇ ਵੀ ਉਸ ਨਾਲ ਇਨਸਾਫ਼ ਨਹੀਂ ਕੀਤਾ ਸੀ ? ਜਦੋਂ ਕਦੇ ਵੀ ਜ਼ਿੰਦਗੀ ਵਿੱਚ ਹੁਲਾਰਾ ਆਉਣ ਲੱਗਦਾ, ਉਦੋਂ ਹੀ ਮੁਸੀਬਤਾਂ ਕੰਧ ਟੱਪ ਕੇ ਅੰਦਰ ਆ ਵੜੀਆਂ ਸਨ ? ਪਹਿਲਾ ਉਸ ਦੇ*

*ਜਵਾਨ ਭਰਾ ਕਰਮਜੀਤ ਨੂੰ ਪੁਲਿਸ ਨੇ ਖਾੜਕੂਆਂ ਨਾਲ ਜੋੜ ਦਿੱਤਾ ਸੀ। ਪਹਿਲਾ ਜਵਾਨ ਭਰਾ ਦੀ ਮੌਤ ਹੋ ਗਈ, ਫਿਰ ਛੋਟਾ ਭਰਾ ਹਰਮੀਤ ਨਸ਼ਿਆਂ ਵਿੱਚ ਪੈ ਕੇ ਆਪਣੀ ਜ਼ਿੰਦਗੀ ਬਰਬਾਦ ਕਰ ਬੈਠਾ। ਰਾਜ ਨੇ ਹੀ ਭਰਾ ਤੇ ਮਾਂ ਦੀ ਮੌਤ ਮਗਰੋਂ ਘਰ-ਬਾਰ ਸੰਭਾਲਿਆ ਤੇ ਆਪਣੇ ਬਾਪੂ ਨੂੰ ਹੌਂਸਲਾ ਦਿੱਤਾ।"*

ਭੂਆ ਨੇ ਕਿਸੇ ਫ਼ੌਜੀ ਨਾਲ ਵਿਆਹ ਦੀ ਗੱਲ ਛੇੜੀ। ਉਹ ਵਿਆਹ ਦੇ ਦਿਨ ਗਿਣਨ ਲੱਗੀ। ਪਰ ਕਾਰਗਿਲ ਦੀ ਲੜਾਈ ਵਿੱਚ ਫੌਜੀ ਗੁਰਪਾਲ ਸ਼ਹੀਦੀ ਪ੍ਰਾਪਤ ਕਰ ਗਿਆ। ਮੌਤ ਦੀ ਇਸ ਖ਼ਬਰ ਨੇ ਉਸ ਨੂੰ ਤੋੜ ਕੇ ਰੱਖ ਦਿੱਤਾ। ਉਹ ਸੋਚਣ ਲੱਗੀ, ਉਹ ਕਿਸ ਲਈ ਜੀਵੇ। ਰਾਜ ਦਾ ਦਿਲ ਕੀਤਾ, ਕਿਉਂ ਨਾ ਕੋਠੇ ਤੋਂ ਛਾਲ ਮਾਰ ਕੇ ਆਪਣੇ ਜੀਵਨ ਦਾ ਅੰਤ ਕਰ ਲਵੇ।

ਪਰ ਉਸ ਨੂੰ ਆਪਣੇ ਇੱਕਲੇ ਬਾਪੂ ਦਾ ਧਿਆਨ ਆ ਗਿਆ।

"ਓਸ ਬੁਜ਼ਰਗ ਵੱਲ ਵੇਖ, ਜਿਹਦੇ ਕੋਲ ਕੋਈ ਆਸਰਾ ਨਹੀਂ।" ਉਹ ਇੱਕਲੇ ਬਾਪੂ ਲਈ ਛੱਤ ਤੋਂ ਹੇਠਾਂ ਆ ਗਈ ਤੇ ਫੈਸਲਾ ਕੀਤਾ, "ਮੈਂ ਜੀਵਾਂਗੀ, ਹੌਂਸਲੇ ਤੇ ਦਲੇਰੀ ਨਾਲ। ਇਸ ਛੋਟੇ ਜਿਹੇ ਘਰ ਦੀਆਂ ਜਰਜਰ ਹੋਈਆਂ ਕੰਧਾਂ ਖ਼ਾਤਰ। ਆਪਣੇ ਨਿਤ ਦੇ ਆਹਰ ਨੂੰ ਨਿਭਾਉਂਦਿਆਂ ਰਾਜ ਚੌਂਕੇ ਵਿੱਚ ਜਾ ਬੈਠੀ।"

ਰਾਜ ਨੇ ਆਪਣੀ ਜ਼ਿੰਦਗੀ ਇੱਕਲੇਪਨ ਤੇ ਬੇਆਸਰੇ ਬਾਪੂ ਦੀ ਦੇਖ ਭਾਲ ਲਈ ਜਿਉਣ ਦਾ ਨਿਸ਼ਚਾ ਕਰ ਲਿਆ। ਐਨੀਆਂ ਮੌਤਾਂ ਤੇ ਦੁਖ ਸਹਿ ਕੇ ਵੀ ਰਾਜ ਨੇ ਆਪਣੇ ਦੁਖ ਦੀ ਬਜਾਏ ਬਾਪੂ ਨੂੰ ਸਹਾਰਾ ਦੇਣ ਦਾ ਫੈਸਲਾ ਕੀਤਾ, ਜੋ ਇਕ ਸਕਾਰਾਤਮਕ ਤੇ ਹੌਂਸਲੇ ਮੰਦ ਫੈਸਲਾ ਸੀ।

**ਕੁਲਜੀਤ ਮਾਨ** ਦੀ ਕਹਾਣੀ **'ਮੋਹਿਨੀ'** ਵਿਚਲੀ ਕੇਂਦਰੀ ਪਾਤਰ ਮੋਹਿਨੀ ਸਾਰੇ ਘਰ ਦੀ ਜ਼ਿੰਮੇਵਾਰੀ ਸੰਭਾਲਦੀ ਹੈ, ਕਿਉਂਕਿ ਚਾਰ ਭੈਣਾਂ ਤੋਂ ਬਾਦ ਭਰਾ ਸਭ ਤੋਂ ਛੋਟਾ ਸੀ। ਭਰਾ ਵੀ ਸਿੱਧੜ ਜਿਹਾ ਸੀ। ਸ਼ਰੀਕ ਤੰਗ ਕਰਦੇ ਸਨ। ਸੋਚਦੇ, ਜਿਹੜਾ ਘਰ ਕੁੜੀਆਂ ਨਾਲ ਭਰਿਆ ਹੋਇਆ ਹੈ, ਭਰਾ ਛੋਟਾ ਤੇ ਸਿੱਧੜਾ ਜਿਹਾ ਹੈ। ਇਨ੍ਹਾਂ ਨੂੰ ਆਸਾਨੀ ਨਾਲ ਦਬਕਾਇਆ ਜਾ ਸਕਦਾ ਹੈ। ਪਹਿਲਾ ਤਾਂ ਸਾਰਾ ਪਰਿਵਾਰ ਡਰਦਾ ਰਿਹਾ। ਮੋਹਿਨੀ ਵੀ ਡਰੀ-ਸਹਿਮੀ ਰਹੀ। ਪਰ ਬਾਪ ਦੀ ਮੌਤ ਮਗਰੋਂ ਉਸ ਨੇ ਵੱਡੀ ਧੀ ਹੋਣ ਦੇ ਨਾਤੇ ਘਰ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ ਉਤੇ ਚੁੱਕ ਲਈ। ਉਸ ਨੇ ਭਰਾ ਦੇ ਸਿਰ ਉਤੇ ਹੱਥ ਰੱਖ ਕੇ ਉਸ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਉਸ ਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ ਕਿਉਂਕਿ ਉਸ ਦੀ ਭੈਣ ਸਿਰਫ਼ ਮੋਹਿਨੀ ਨਹੀਂ, ਉਹ ਚੰਡੀ ਦਾ ਰੂਪ ਵੀ ਧਾਰਣ ਕਰ ਸਕਦੀ ਹੈ। ਭਰਾ ਨੂੰ ਹੌਂਸਲਾ ਦੇਂਦੇ ਹੋਏ ਉਹ ਆਪ ਵੀ ਇਸ ਅਹਿਸਾਸ ਨਾਲ ਅੰਦਰ ਤਕ ਭਰ ਗਈ।

ਮੋਹਿਨੀ ਜਿਹੀਆਂ ਅਨੇਕ ਕੁੜੀਆਂ ਸਾਡੇ ਸਮਾਜ ਵਿੱਚ ਹਨ, ਜੋ ਆਪਣੇ ਪਰਿਵਾਰ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ ਉਤੇ ਚੁੱਕ ਕੇ ਘਰ ਦਾ ਪੁੱਤਰ ਬਣ ਕੇ ਦਿਖਾਉਂਦੀਆਂ ਹਨ। ਡਰ ਉਦੋਂ ਤਕ ਸਾਨੂੰ ਡਰਾਉਂਦਾ ਹੈ, ਜਦੋਂ ਤਕ ਅਸੀਂ ਡਰਦੇ ਹਾਂ, ਜੇ ਇਕ ਵਾਰ ਹਿੰਮਤ ਕਰ ਲਈ ਜਾਵੇ ਤਾਂ ਕਿਸੇ ਵੀ ਤਰ੍ਹਾਂ ਦਾ ਡਰ ਬੰਦੇ ਨੂੰ ਕਮਜ਼ੋਰ ਨਹੀਂ ਕਰ ਸਕਦਾ। ਭਰਾ ਨੂੰ ਹੌਂਸਲਾ ਦੇਂਦੇ-ਦੇਂਦੇ ਮੋਹਿਨੀ ਦਾ ਅੰਦਰਲਾ ਡਰ ਆਪੇ ਹੀ ਭੱਜ ਗਿਆ।

**ਜਰਨੈਲ ਸਿੰਘ** ਰਚਿਤ ਕਹਾਣੀ **'ਦੋ ਟਾਪੂ'** ਦੀ ਪਾਸ਼ੀ ਵੀ ਪੰਜਾਬੀ ਕਹਾਣੀ ਵਿੱਚ ਵੱਖਰੀ ਪੈੜ ਪਾ ਮਿਸਾਲੀ ਕਿਰਦਾਰ ਬਣੀ ਹੈ। ਇਸ ਇਸਤਰੀ ਪਾਤਰ ਦੀ ਅਹਿਮੀਅਤ ਇਹ ਹੈ ਕਿ ਇਸ ਦੀ ਆਪਣੀ ਹੋਂਦ, ਆਪਣੇ ਅਸਤਿੱਤਵ ਦੀ ਪਛਾਣ ਸਿਰਫ਼ ਘਰ-ਪਰਿਵਾਰ ਵਲੋਂ ਹੀ ਨਹੀਂ ਸਗੋਂ ਆਪਣੇ ਪਤੀ ਵਲੋਂ ਸੁਤੰਤਰ ਹੋਂਦ ਵਜੋਂ ਸਵੀਕਾਰ ਕੀਤੀ ਗਈ।

ਵਿਆਹ ਕੇ ਕਨੇਡਾ ਪਹੁੰਚੀ ਪਾਸ਼ੀ ਨੇ ਮੋਢੇ ਨਾਲ ਮੋਢਾ ਜੋੜ ਕੇ ਪਤੀ ਬਲਰਾਜ ਦਾ ਸਾਥ ਦਿੱਤਾ। ਉਚੇਰੀ ਪੜ੍ਹਾਈ ਕਰਕੇ ਬਲਰਾਜ ਤੋਂ ਬਿਹਤਰ ਨੌਕਰੀ ਪ੍ਰਾਪਤ ਕੀਤੀ। ਉਸ ਦੀ ਭੈਣ ਦੇ ਰਿਸ਼ਤੇ ਲਈ ਬਲਰਾਜ ਨੇ ਆਪਣੇ ਭਤੀਜੇ ਲਈ ਜ਼ੋਰ ਪਾਇਆ ਤਾਂ ਪੜ੍ਹੀ-ਲਿਖੀ ਭੈਣ ਦੀ ਬਿਹਤਰੀ ਲਈ ਉਸ ਨੇ



ਇਸ ਰਿਸ਼ਤੇ ਨੂੰ ਨਾਮੰਜ਼ੂਰ ਕਰ ਦਿੱਤਾ। ਪਰ ਜਿਉਂ-ਜਿਉਂ ਪਤੀ ਦੇ ਹਾਵੀ ਹੁੰਦੇ ਵਤੀਰੇ ਨੂੰ ਦੇਖਿਆ ਤਾਂ ਉਸ ਤੋਂ ਵੱਖ ਰਹਿਣ ਦਾ ਫੈਸਲਾ ਕਰ ਲਿਆ। ਉਸ ਨੇ ਮਹੀਨੇ ਵਿੱਚ ਇਕ ਵਾਰ ਬੱਚਿਆਂ ਨੂੰ ਬਾਪ ਨਾਲ ਮਿਲਣ ਦੇਣਾ ਸਵੀਕਾਰ ਕਰ ਲਿਆ। ਮਾਪਿਆਂ ਨੇ ਉਸ ਉਤੇ ਦੂਜੇ ਵਿਆਹ ਲਈ ਜ਼ੋਰ ਪਾਇਆ ਤਾਂ ਉਹ ਉਨ੍ਹਾਂ ਤੋਂ ਵੀ ਅਲੱਗ ਹੋ ਕੇ ਵੱਖਰੇ ਮਕਾਨ ਵਿੱਚ ਰਹਿਣ ਲੱਗ ਪਈ। ਹੁਣ ਉਹ ਬੱਚਿਆਂ ਨਾਲ ਇੱਕਲੇ ਰਹਿੰਦੇ ਹੋਏ ਵੀ ਆਪਣੇ ਸੁਤੰਤਰ ਫੈਸਲਿਆਂ ਲਈ ਸਿਰ ਉੱਚਾ ਕਰ ਕੇ ਜੀ ਰਹੀ ਸੀ। ਬੱਚਿਆਂ ਖ਼ਾਤਰ ਮਹੀਨੇ ਵਿੱਚ ਇਕ ਵਾਰ ਦੋਵਾਂ ਦਾ ਆਮ੍ਹਣਾ-ਸਾਮ੍ਹਣਾ ਹੋ ਜਾਂਦਾ ਤਾਂ ਲੱਗਦਾ ਦੋ ਟਾਪੂ ਆਪਣੇ-ਆਪਣੇ ਖੇਤਰ ਵਿੱਚ ਆਪਣੀ ਮਰਜ਼ੀ ਨਾਲ ਤੈਰ ਰਹੇ ਹਨ। ਪਾਸ਼ੀ ਨੇ ਗਲਤ ਗੱਲ ਨਾਲ ਕਦੇ ਸਮਝੌਤਾ ਨਹੀਂ ਕੀਤਾ, ਨਾ ਮਾਪਿਆਂ ਨਾਲ ਤੇ ਨਾ ਹੀ ਪਤੀ ਨਾਲ। ਇੱਕਠੇ ਰਹਿ ਕੇ ਦੁਖੀ ਹੋਣ ਦੀ ਬਜਾਏ ਉਸ ਨੇ ਅੱਲਗ ਹੋਣਾ ਸਹੀ ਸਮਝਿਆ।

ਪੰਜਾਬੀ ਕਹਾਣੀ ਵਿਚਲੀਆਂ ਉਨ੍ਹਾਂ ਨਾਰੀ ਕਿਰਦਾਰਾਂ ਨੂੰ ਚਰਚਾ ਅਧੀਨ ਲਿਆਦਾ ਗਿਆ, ਜਿਨ੍ਹਾਂ ਨਿਵੇਕਲੀ ਰਾਹ ਫੜੀ। ਹੋਰ ਵੀ ਅਜਿਹੇ ਕਿਰਦਾਰ ਹੋਣਗੇ, ਜਿਨ੍ਹਾਂ ਤਕ ਪਹੁੰਚ ਸੰਭਵ ਨਾ ਹੋ ਸਕੀ ਹੋਵੇ। ਇਸ ਖੋਜ ਨਿਬੰਧ ਵਿੱਚ ਕੋਸ਼ਿਸ਼ ਕੀਤੀ ਗਈ ਕਿ ਵੱਖਰੀ-ਵੱਖਰੀ ਸਥਿਤੀ ਵਿਚੋਂ ਉਭਰ ਕੇ, ਸਾਹਮਣੇ ਆਏ ਇਨ੍ਹਾਂ ਕਿਰਦਾਰਾਂ ਦੀ ਗੱਲ ਕੀਤੀ ਜਾਵੇ, ਤਾਂ ਕਿ ਇਸ ਦਾ ਇਕ ਅਨੁਮਾਨ ਲਗਾਇਆ ਜਾ ਸਕੇ ਕਿ ਇਸਤਰੀ ਕਦੇ ਵੀ, ਕਿਸੇ ਵੀ ਸਥਿਤੀ ਵਿੱਚ ਕਮਜ਼ੋਰ ਨਹੀਂ ਰਹੀ। ਉਹ ਸਮੇਂ ਤੇ ਸਥਿਤੀ ਅਨੁਸਾਰ ਆਪਣੀ ਨਿਵੇਕਲੀ ਰਾਹ ਬਣਾਉਂਦੀ ਆਈ ਹੈ।

ਉਪਰਲੇ ਅਧਿਐਨ ਵਿਚੋਂ ਉਭਰ ਕੇ ਆਏ ਨੁਕਤਿਆਂ ਵੱਲ ਝਾਤੀ ਮਾਰ ਕੇ ਦੇਖਦੇ ਹਾਂ :

- ਕੇਵਲ ਨਾਇਕ ਜਾਂ ਨਾਇਕਾ ਹੀ ਰੋਲ-ਮਾਡਲ ਨਹੀਂ ਹੁੰਦੇ, ਆਮ ਜ਼ਿੰਦਗੀ ਵਿੱਚ ਅਨੇਕਾਂ ਸਾਧਾਰਣ ਬੰਦੇ ਅਜਿਹੇ ਹੁੰਦੇ ਹਨ, ਜੋ ਮਿਸਾਲ ਕਾਇਮ ਕਰਦੇ ਹਨ।
- ਇਨ੍ਹਾਂ ਪ੍ਰੇਰਨਾਦਾਈ ਕਿਰਦਾਰਾਂ ਦੀ ਸਭ ਤੋਂ ਵੱਡੀ ਖ਼ੂਬੀ ਰਹੀ ਕਿ ਇਨ੍ਹਾਂ ਨੇ ਜ਼ਿੰਦਗੀ ਸਾਹਮਣੇ ਆਏ ਵਿਪਰੀਤ ਹਾਲਾਤਾਂ ਸਾਹਮਣੇ ਕਦੇ ਗੋਡੇ ਨਹੀਂ ਟੇਕੇ, ਸਗੋਂ ਆਪਣੀ ਸਮਰੱਥਾ ਅਨੁਸਾਰ ਸੰਘਰਸ਼ ਕੀਤਾ।
- ਅਨੇਕ ਕਿਰਦਾਰਾਂ ਨੇ ਆਪਣੀ ਅਸਫ਼ਲਤਾ ਨੂੰ ਹੀ ਦੂਜਿਆਂ ਦੀ ਸਫ਼ਲਤਾ ਦੀ ਸੇਧ ਬਣਾ ਦਿੱਤਾ, ਭਾਵੇਂ ਰੁਕਨੀ ਹੋਵੇ ਜਾਂ ਰਾਜ।
- ਆਰਥਕ ਸਥਿਤੀ ਦੀ ਮਜ਼ਬੂਤੀ ਜਾਂ ਉਸ ਵੱਲ ਵਧਾਏ ਕਦਮਾਂ ਦੀ ਪਹਿਲ ਇਸਤਰੀਆਂ ਅੰਦਰ ਆਤਮ ਵਿਸ਼ਵਾਸ ਭਰਦੀ ਹੈ।
- ਇਸਤਰੀਆਂ ਨੇ ਆਪਣੀ ਸਮਰੱਥਾ ਨਾਲ ਇਸ ਗੱਲ ਨੂੰ ਮੰਨਵਾ ਲਿਆ ਕਿ ਉਹ ਹਰ ਸਥਿਤੀ ਦਾ ਸਾਹਮਣਾ ਕਰਨ ਵਿੱਚ ਸਮਰੱਥ ਹਨ। ਸਿਰਫ਼ ਆਪਣੀ ਹੀ ਨਹੀਂ, ਉਹ ਘਰ-ਪਰਿਵਾਰ ਦੀ ਜ਼ਿੰਮੇਵਾਰੀ ਚੁੱਕਣ ਦੀ ਯੋਗਤਾ ਵੀ ਰੱਖਦੀਆਂ ਹਨ। ਜਿਵੇਂ 'ਅਮਰੋ' ਕਿਰਦਾਰ ਹੈ।
- ਭਾਰਤ ਦੇ ਨਵ-ਨਿਰਮਾਣ ਵਿੱਚ ਔਰਤਾਂ ਦੀ ਹਿੱਸਾ ਦਾਰੀ ਕਿਸੇ ਤੋਂ ਲੁਕੀ ਹੋਈ ਨਹੀਂ। ਹੁਣ ਇਨ੍ਹਾਂ 'ਲਹਿਰ' ਦਾ ਰੂਪ ਗ੍ਰਹਿਣ ਕਰ ਲਿਆ ਹੈ।
- ਮਾਪਿਆਂ ਵਲੋਂ ਜ਼ਬਰਦਸਤੀ ਕੀਤੇ ਵਿਆਹ ਤੋਂ ਵੀ ਕੁੜੀਆਂ ਇਨਕਾਰੀ ਹੋਣ ਲੱਗੀਆਂ ਹਨ, ਜੇ ਮੰਗੇਤਰ ਵਿਗੜਿਆ ਹੋਇਆ ਤੇ ਸ਼ਰਾਬੀ-ਐਬੀ ਹੋਵੇ।
- ਇਸਤਰੀ ਨੇ ਆਪਣੇ ਆਪ ਨੂੰ ਹਰ ਰੂਪ, ਹਰ ਰਿਸ਼ਤੇ ਵਿੱਚ ਸਾਬਿਤ ਕਰਕੇ ਦਿਖਾਇਆ ਤੇ ਦੂਜਿਆਂ ਨੂੰ ਪ੍ਰੇਰਨਾ ਦਿੱਤੀ।
- ਵਿਧਵਾ ਔਰਤ ਵੀ ਪੁਨਰ-ਵਿਆਹ ਕਰ ਸਕਦੀ ਹੈ ਤੇ ਪਤੀ ਦੇ ਵਿਚਾਰਾਂ ਨਾਲ ਸਾਂਝ ਨਾ ਹੋਣ ਤੇ ਇੱਕਲੇ ਰਹਿ ਕੇ ਆਪਣੇ ਬੱਚਿਆਂ ਦੀ ਪਾਲਣਾ ਵੀ ਕਰ ਸਕਦੀ ਹੈ।


- ਜਵਾਨ ਵਿਧਵਾ ਇਸਤਰੀ ਆਪਣੇ ਅਵਚੇਤਨ ਦੀ ਆਵਾਜ਼ ਤੋਂ ਇਨਕਾਰ ਨਹੀਂ ਕਰ ਸਕਦੀ।
- ਪੜ੍ਹੀ-ਲਿਖੀ ਇੱਕਲੀ ਔਰਤ ਦੁਰਗਾ ਵਾਂਗ ਹੈ, ਜਿਸ ਦੀਆਂ ਅਨੇਕ ਬਾਹਾਂ, ਉਸ ਦੇ ਜਮਾਤੀ, ਸਹਿਕਰਮੀ ਤੇ ਦੋਸਤ ਹੁੰਦੇ ਹਨ।
- ਬਹੁਤੀ ਵਾਰ ਆਰਥਕ ਤੰਗੀ ਕਾਰਣ ਔਰਤ ਨੂੰ ਸਮਾਜ ਦੇ ਪ੍ਰਵਾਨਿਤ ਨਿਯਮਾਂ ਤੋਂ ਬਾਹਰ ਜਾ ਕੇ ਕਿੱਧਰੇ ਹੋਰ ਸੰਬੰਧ ਬਣਾਉਣੇ ਪੈਂਦੇ ਹਨ, ਜਿਨ੍ਹਾਂ ਪਿੱਛੇ ਮਕਸਦ ਘਰ-ਬੱਚਿਆਂ ਦੀ ਪਾਲਣਾ ਹੁੰਦਾ ਹੈ। ਅਜਿਹੀ ਔਰਤ ਨੂੰ ਘਰ, ਪਤੀ ਤੇ ਬਿਰਾਦਰੀ ਵਲੋਂ ਨਿੰਦਾ ਤੇ ਨਿਰਾਦਰ ਦਿੱਤਾ ਜਾਂਦਾ ਹੈ, ਪਰ ਔਰਤ ਦੀ ਜੀਵਨ ਜਿਉਣ ਤੇ ਘਰ-ਗ੍ਰਹਿਸਥੀ ਸੰਭਾਲਣ ਪ੍ਰਤੀ ਸਮਰਪਿਤ ਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।
- ਲੁੱਟੇ-ਪਿੱਟੇ ਕਿਸੇ ਵਿਅਕਤੀ ਨੂੰ ਮੁੜ ਸੁਰਜੀਤ ਕਰਨ ਲਈ ਕੋਈ ਵੀ ਸਿਆਣੀ ਤੇ ਸੰਵੇਦਨਸ਼ੀਲ ਕੁੜੀ ਕਿਸੇ ਲਈ ਪ੍ਰੇਰਣਾ ਬਣ ਵੀ ਸਕਦੀ ਹੈ ਤੇ ਪ੍ਰੇਰਿਤ ਵੀ ਕਰ ਸਕਦੀ ਹੈ।
- ਲਾਲਚੀ ਨੇੜਲੇ ਰਿਸ਼ਤਿਆਂ ਤੋਂ ਤੇ ਜਾਨ ਦੇ ਦੁਸ਼ਮਣ ਆਪਣਿਆਂ ਨਾਲ ਡਟ ਕੇ ਮੁਕਾਬਲਾ ਕਰਨ ਲਈ ਅਤਿਅੰਤ ਹੌਂਸਲੇ ਤੇ ਸਬਰ ਦੀ ਲੋੜ ਹੁੰਦੀ ਹੈ।

**ਹਵਾਲੇ-**


1. ਗੁਰਬਖ਼ਸ਼ ਸਿੰਘ ਦੀਆਂ ਚੋਣਵੀਆਂ ਕਹਾਣੀਆਂ
2. ਕਥਾ-ਪੰਧ : ਸੰਤ ਸਿੰਘ ਸੇਖੋਂ
3. ਮਹਿੰਦਰ ਸਿੰਘ ਸਰਨਾ ਦੀਆਂ ਚੋਣਵੀਆਂ ਕਹਾਣੀਆਂ
4. ਮੇਰੀਆਂ ਸ਼੍ਰੇਸ਼ਟ ਕਹਾਣੀਆਂ : ਕੁਲਵੰਤ ਸਿੰਘ ਵਿਰਕ
5. ਅੰਤਰਾ : ਸੁਖਜੀਤ
6. ਵਿਚਲੀ ਔਰਤ : ਤਲਵਿੰਦਰ ਸਿੰਘ
7. ਰੇਤ ਦੀਆਂ ਕੰਧਾਂ : ਭੋਲਾ ਸਿੰਘ ਸੰਘੇੜਾ
8. ਮਨਮਤੀਆਂ : ਸੁਖਵੰਤ ਕੌਰ ਮਾਨ
9. ਇਕ ਹਾਦਸੇ ਦੇ ਆਰ-ਪਾਰ : ਗੁਰਪਾਲ ਸਿੰਘ ਲਿੱਟ
10. ਚੋਣਵੀਆਂ ਕਹਾਣੀਆਂ : ਗੁਲਜ਼ਾਰ ਸਿੰਘ ਸੰਧੂ
11. ਖੂਹ ਗਿੜਦਾ ਹੈ : ਅਜਮੇਰ ਸਿੱਧੂ
12. ਮੈਂ ਸ਼ੈਤਾਨ ਤੇ ਇੰਦੂਮਣੀ : ਭਗਵੰਤ ਰਸੂਲਪੁਰੀ
13. ਦੋ ਟਾਪੂ : ਜਰਨੈਲ ਸਿੰਘ
14. ਧੁੱਪ, ਛਾਂ ਤੇ ਰੁਖ : ਦੀਪ ਦਵਿੰਦਰ ਸਿੰਘ
15. ਖੁਲ੍ਹ ਜਾਂ ਸਿੰਮ ਸਿੰਮ : ਸੁਰਿੰਦਰ ਨੀਰ




**ਆਰ-142, ਫਸਟ ਫਲੋਰ, ਗ੍ਰੇਟਰ ਕੈਲਾਸ਼-1,**
**ਨਵੀਂ ਦਿੱਲੀ-48, ਮੋ: 9868182835**


**ਪਰਵਾਸ ਦੇ ਕਿਸਾਨੀ ਸੰਕਟ ਨੂੰ ਪਹਿਲੀ ਵਾਰ ਪੇਸ਼ ਕਰਨ ਵਾਲਾ ਨਾਵਲ 'ਜ਼ਰਖੇਜ਼'**



## ਵਿਕੋਲਿਤਰੇ ਸਰੋਕਾਰਾਂ ਨੂੰ ਪੇਸ਼ ਕਰਦਾ ਬਿਰਤਾਂਤਕੀ ਪਾਠ: 'ਪੰਜਾਬੀ ਕਹਾਣੀ ਦੀ ਨਵੀਨ ਧਾਰਾ' / - ਡਾ. ਮਿਨਾਕਸ਼ੀ ਰਾਠੌਰ




ਕਹਾਣੀ ਸਾਹਿਤ ਦਾ ਅਜਿਹਾ ਰੂਪ ਹੈ, ਜਿਸ ਨੇ ਬਦਲਦੇ ਪਰਿਪੇਖ ਵਿਚ ਵਿਭਿੰਨ ਸਮਾਜਕ, ਆਰਥਕ, ਰਾਜਨੀਤਕ ਤੇ ਸਭਿਆਚਾਰਕ ਸਰੋਕਾਰਾਂ ਨੂੰ ਨਿਰੂਪਤ ਕੀਤਾ ਹੈ। ਜਿਸ ਦੇ ਵਿਚ ਸਾਧਾਰਨ ਮਨੁੱਖ ਦੀਆਂ ਲੋੜਾਂ, ਖ਼ਾਹਿਸ਼ਾਂ, ਮੁਸ਼ਕਲਾਂ ਤੇ ਅਕਾਂਖ਼ਿਆਵਾਂ ਨੂੰ ਬੜੀ ਹੀ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਦੀ ਪੇਸ਼ਕਾਰੀ ਇਹਨਾਂ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਵਿਚ ਵੇਖਣ ਨੂੰ ਮਿਲਦੀ ਹੈ। ਜਿਹਨਾਂ ਵਿਚ ਵੱਖੋ-ਵੱਖਰੇ ਵਿਸ਼ਿਆਂ ਨੂੰ ਲਿਆ ਗਿਆ ਹੈ। ਭਾਵੇਂ ਇਹਨਾਂ ਕਹਾਣੀਆਂ ਵਿਚ ਦਰਪੇਸ਼ ਬਹੁਤੇ ਵਿਸ਼ੇ ਪੁਰਾਤਨ ਰੰਗਣ ਵਾਲੇ ਹੀ ਹਨ ਪਰ ਕੁਝ ਕਹਾਣੀਆਂ ਦੀ ਪੇਸ਼ਕਾਰੀ 21ਵੀਂ ਸਦੀ ਦੀ ਕਹਾਣੀ ਵਿਚ ਵੇਖਣ ਨੂੰ ਮਿਲਦੀ ਹੈ। ਵਾਸਤਵ ਵਿਚ ਸ਼ੈਲੀ ਤੇ ਜੁਗਤ ਦੇ ਪੱਖੋਂ ਨਵੀਨਤਾ ਤੇ ਬਦਲਾਅ ਦੀ ਜਿੰਨੀ ਸੰਭਾਵਨਾ ਕਹਾਣੀ ਦੀ ਵਿਧਾ ਵਿਚ ਵੇਖਣ ਨੂੰ ਵੀ ਮਿਲਦੀ ਹੈ, ਉਹ ਹੋਰ ਕਿਸੇ ਸਾਹਿਤਕ ਵਿਧਾ ਵਿਚ ਨਹੀਂ ਮਿਲਦੀ। ਕਹਾਣੀ ਦੇ ਸਿਧਾਂਤਕ ਪੱਖ ਬਾਰੇ ਇਹ ਗੱਲ ਆਮ ਹੀ ਪ੍ਰਚੱਲਤ ਹੈ ਕਿ ਇਕੋ ਕਹਾਣੀ ਹਜ਼ਾਰ ਢੰਗਾਂ ਨਾਲ ਕਹੀ ਜਾ ਸਕਦੀ ਹੈ। ਇਸੇ ਲਈ ਆਰੰਭ ਤੋਂ ਲੈ ਕੇ ਹੁਣ ਤੱਕ ਤਕਨੀਕ ਦੀ ਪੱਧਰ ਤੇ ਵੀ ਅਨੇਕਾਂ ਹੀ ਤਬਦੀਲੀਆਂ ਆਈਆਂ ਹਨ। ਪੰਜਾਬੀ ਕਹਾਣੀ ਨਿਰੰਤਰ ਇਕ ਪ੍ਰਵਾਹ ਵਿਚ ਵਹਿੰਦੀ ਨਵੇਂ ਸਰੋਕਾਰਾਂ, ਨਵੀਨ ਜੁਗਤਾਂ ਤੇ ਨਵੀਨ ਸ਼ੈਲੀ ਰਾਹੀਂ ਪਾਠਕਾਂ ਦੇ ਸਨਮੁੱਖ ਹੋ ਮਾਨਵੀ ਮਨ ਦੀਆਂ ਅਨੇਕਾਂ ਗੁੰਝਲਾਂ ਤੇ ਸਮੱਸਿਆਵਾਂ ਨੂੰ ਲੈ ਕੇ ਨਵੀਨ ਦਿਸਹੱਦੇ ਸਿਰਜਦੀ ਹੈ। ਜਿੱਥੋਂ ਤੱਕ **'ਪੰਜਾਬੀ ਕਹਾਣੀ ਦੀ ਨਵੀਨਧਾਰਾ'** (**ਸੰਪਾਦਕ: ਡਾ. ਰਮਿੰਦਰ ਕੌਰ, ਪ੍ਰਕਾਸ਼ਕ: ਪਬਲੀਕੇਸ਼ਨ ਬਿਊਰੋ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਮੁੱਲ: 140 ਰੁਪਏ, ਪੰਨੇ: 198,**) ਦੀਆਂ ਕਹਾਣੀਆਂ ਦਾ ਸੰਬੰਧ ਹੈ, ਇਸ ਵਿਚ ਵੀ ਵਿਕੋਲਿਤਰੇ ਸਰੋਕਾਰਾਂ ਦੀ ਪੇਸ਼ਕਾਰੀ ਬਾਖ਼ੂਬੀ ਕੀਤੀ ਗਈ ਹੈ। ਇਹ ਕਹਾਣੀ ਸੰਗ੍ਰਿਹ ਡਾ. ਰਮਿੰਦਰ ਕੌਰ (ਪ੍ਰੋਫ਼ੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ) ਦੁਆਰਾ ਸੰਪਾਦਤ ਹੈ। ਇਸ ਵਿਚ ਵੱਖੋ-ਵੱਖਰੇ ਸੰਦਰਭਾਂ ਵਾਲੀਆਂ ਦਸ ਕਹਾਣੀਆਂ ਸ਼ਾਮਲ ਹਨ। ਜਿਹਨਾਂ ਵਿਚ ਦਲਿਤ ਸੰਘਰਸ਼, ਅਜੋਕੇ ਖ਼ਪਤ ਸਭਿਆਚਾਰ ਦੀਆਂ ਸਮੱਸਿਆਵਾਂ, ਪਰਿਵਾਰਕ ਰਿਸ਼ਤਿਆਂ ਦੇ ਬਣਦੇ ਵਿਗੜਦੇ ਸਮੀਕਰਣ, ਅਜੋਕੇ ਮਨੁੱਖ ਦੀ ਦਵੰਦਮਈ ਪੀੜਾਗ੍ਰਸਤ ਮਾਨਸਿਕਤਾ, ਡੇਰਾਵਾਦ, ਨੈਤਿਕ ਕਦਰਾਂ ਕੀਮਤਾਂ ਦਾ ਪਤਨ, ਵਿਸ਼ਵੀਕਰਨ ਦੇ ਦੌਰ ਵਿਚ ਬਦਲ ਰਿਹਾ ਸਮਾਜਕ ਮੁੱਲ ਵਿਧਾਨ ਆਦਿ ਬਿਰਤਾਂਤਕੀ ਪ੍ਰਸੰਗ ਸਮਾਏ ਹਨ।

ਪੜ੍ਹਤ ਦੌਰਾਨ ਪਹਿਲਾ ਪਾਠ **ਮਨਮੋਹਨ ਬਾਵਾ** ਦੀ ਕਹਾਣੀ **'ਨਰਬਲੀ'** ਨਾਲ ਆਰੰਭ ਹੁੰਦਾ ਹੈ। ਨਰਬਲੀ ਦਾ ਬਿਰਤਾਂਤਕੀ ਪਾਠ ਭਾਵੇਂ ਇਤਿਹਾਸਕ ਪਰਿਪੇਖ ਵਾਲਾ ਹੈ ਪਰ ਸਦੀਆਂ ਪੁਰਾਣੇ ਇਸ ਪਾਠ ਵਿਚ ਪਏ ਚਿਹਨਕੀ ਜੁੱਟ ਅਜੋਕੇ ਸਮੇਂ ਵਿਚ ਵੀ ਅਰਥ ਭਰਪੂਰ ਹਨ। ਬਿਰਤਾਂਤਕਾਰ ਨੇ ਪ੍ਰਾਚੀਨ ਇਤਿਹਾਸ ਦੀਆਂ ਘਟਨਾਵਾਂ ਨੂੰ ਆਧਾਰ ਬਣਾ ਸਾਹਿਤਕ ਬਿੰਬਾਂ ਰਾਹੀਂ ਅਨੇਕਾਂ ਹੀ ਪਰਿਪੇਖ ਉਭਾਰੇ ਹਨ। ਕਿਉਂਕਿ ਇਤਿਹਾਸ ਕੁਝ ਮਹਤੱਵਪੂਰਨ ਲੋਕਾਂ ਦੀਆਂ ਮਹੱਤਵ ਅਕਾਂਖਿਆਵਾਂ ਦਾ ਹੀ ਪ੍ਰਤੌਅ

ਹੁੰਦਾ ਹੈ। ਆਰੰਭ ਤੋਂ ਹੀ ਹਾਕਮ ਜਮਾਤਾਂ ਆਪਣੀ ਮਨਮਰਜ਼ੀ ਦਾ ਇਤਿਹਾਸ ਰਚਣ ਤੇ ਰਚਾਉਣ ਲਈ ਹਾਵੀ ਹੁੰਦੀਆਂ ਰਹੀਆਂ ਹਨ। ਜਿਸ ਨੂੰ ਪੁਨਰਸਿਰਜਤ ਕਰਦਾ ਮਨਮੋਹਨ ਬਾਵਾ ਨਵੀਨ ਦਿਸਹੱਦੇ ਸਿਰਜਦਾ ਹੈ। ਉਹ ਇਤਿਹਾਸ ਦੇ ਤੱਥਾਂ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਜਿਸ ਨਾਲ ਪਾਠਕ ਇਤਿਹਾਸ ਦੀਆਂ ਸੰਚਾਲਕ ਸ਼ਕਤੀਆਂ ਤੇ ਘਟਨਾਵਾਂ ਬਾਰੇ ਮੁੱਢ ਤੋਂ ਹੀ ਸੁਚੇਤ ਰਹੇ। ਇਹ ਹੀ ਕਥਾ ਪਾਠ ਦੀ ਪ੍ਰਮੁੱਖ ਜੁਗਤ ਵੀ ਹੈ। ਨਰਬਲੀ ਦਾ ਕਥਾ ਪਾਠ ਜਾਂਡੀ ਕਬੀਲੇ ਦੇ ਪ੍ਰਸਾਂਗ ਨਾਲ ਸੰਬੰਧਤ ਹੈ। ਜੋ ਜਾਂਡੀ ਕਬੀਲੇ ਦਾ ਆਖ਼ਰੀ ਪੁਰਸ਼ ਵੀ ਹੈ। ਉਸ ਦੇ ਪੁਰਖੇ ਆਪਣੀ ਅਜ਼ਾਦੀ ਨੂੰ ਕਾਇਮ ਰੱਖਣ ਲਈ ਬੜਾ ਸੰਘਰਸ਼ ਕਰਦੇ ਹਨ। ਪ੍ਰਸਾਂਗ ਜੋ ਜਾਂਡੀ ਕਬੀਲੇ ਨਾਲ ਸੰਬੰਧਤ ਹੈ, ਆਪਣੀ ਆਰਥਕ ਹਾਲਤ ਸੁਧਾਰਨ ਲਈ ਰਾਜੇ ਵਿਕਰਮ ਦੇਵ ਦੇ ਦਰਬਾਰ ਵਿਚ ਆਪਣੇ ਆਪ ਨੂੰ ਊਖਾ ਦੇਵੀ ਦੇ ਲਈ ਬਲੀ ਦੇਣ ਲਈ ਪੇਸ਼ ਕਰਦਾ ਹੈ। ਪ੍ਰਸਾਂਗ ਦੀ ਰਾਜੇ ਸਨਮੁਖ ਇਸ ਪੇਸ਼ਕਾਰੀ ਦੇ ਨਾਲ ਹੀ ਮਨਮੋਹਨ ਬਾਵਾ ਨੇਕੀ ਅਤੇ ਬਦੀ ਦੇ ਸਮੁੱਚੇ ਬਿਰਤਾਂਤ ਨੂੰ ਕੈਨਵਸ ਤੇ ਇਸ ਤਰ੍ਹਾਂ ਫ਼ੈਲਾਉਂਦਾ ਹੈ ਕਿ ਪਾਠ ਦੇ ਅੰਤ ਵਿਚ ਪ੍ਰਸਾਂਗ ਦਾ ਰੱਸੀ ਦੇ ਸਹਾਰੇ ਨਦੀ ਨੂੰ ਪਾਰ ਕਰ ਲੈਣ ਦਾ ਚਿਹਨਕੀ-ਜੁੱਟ ਨੇਕੀ ਦੀ ਜਿੱਤ ਦਾ ਪ੍ਰਗਟਾਵਾ ਕਰਦਾ ਨਿਤਾਣੇ ਤੇ ਨਿਮਾਣੇ ਲੋਕਾਂ ਦੇ ਪੱਖ ਵਿਚ ਜਾ ਖੜ੍ਹਦਾ ਹੈ। ਪ੍ਰਸਥਿਤੀਆਂ ਦੀ ਜਟਿਲਤਾ ਭਾਵੇਂ ਤਣਾਅ ਨੂੰ ਜਨਮ ਦਿੰਦੀ ਹੈ ਪਰ ਇਨਸਾਫ਼ ਦਾ ਤਰਕ ਬਿਰਤਾਂਤਕੀ-ਪਾਠ ਨੂੰ ਸੁਖਾਂਤ ਵਿਚ ਬਦਲ ਦਿੰਦਾ ਹੈ।

ਪਾਠ ਵਿਚ ਵਿਚਰਦਿਆਂ ਦੂਸਰਾ ਪਰਿਪੇਖ **ਤਲਵਿੰਦਰ ਸਿੰਘ** ਦੀ ਕਹਾਣੀ '**ਵਾਰਸ**' ਦਾ ਬਣਦਾ ਹੈ। ਮੰਡੀਕਰਨ ਦੇ ਯੁੱਗ ਵਿਚ ਜਿਸ ਤਰ੍ਹਾਂ ਦਾ ਨਿਘਾਰ, ਲਾਲਚ, ਨੀਚਤਾ ਤੇ ਵਹਿਸ਼ਤ ਮਾਨਵੀ ਰਿਸ਼ਤਿਆਂ ਵਿਚ ਪ੍ਰਵੇਸ਼ ਕਰ ਗਿਆ ਹੈ, ਉਸ ਦੀ ਇਕ ਝਲਕ 'ਵਾਰਸ' ਕਥਾ-ਪਾਠ ਵਿਚ ਭਲੀਭਾਂਤ ਉਜਾਗਰ ਹੁੰਦੀ ਹੈ। ਵਸਤੂ ਕਰਨ ਦੀ ਪ੍ਰਕ੍ਰਿਆ ਨੇ ਮਨੁੱਖ ਅਤੇ ਉਸ ਦੇ ਰਿਸ਼ਤਿਆਂ ਦਾ ਵੀ ਘਾਣ ਕਰ ਦਿੱਤਾ ਹੈ। ਜਿਸ ਦਾ ਇਕ ਰੂਪ ਕਰਮੇ ਤੇ ਉਸ ਦੇ ਪਰਿਵਾਰ ਦੇ ਰੂਪ ਵਿਚ ਵੇਖਣ ਨੂੰ ਮਿਲਦਾ ਹੈ। ਸਮੁੱਚਾ ਪਾਠ ਪਿੱਛਲਝਾਤ ਦੀ ਜੁਗਤ ਰਾਹੀਂ ਅੱਗੇ ਪ੍ਰਵਾਹਮਾਨ ਹੁੰਦਾ ਹੈ। ਬੇਬੇ ਦੀ ਮੌਤ ਤੋਂ ਬਾਅਦ ਬਾਪੂ ਦਾ ਪਿੰਡ ਛੱਡ ਕੇ ਸ਼ਹਿਰ ਆਉਣਾ, ਪਰ ਬਾਪੂ ਦਾ ਮਨ ਪਿੰਡ ਵਿਚ ਹੀ ਅਟਕਿਆ ਰਹਿਣਾ, ਬਾਪੂ ਦੇ ਚਿਹਰੇ ਦੀ ਉਦਾਸੀ ਦੇ ਚਿਹਨਕੀ ਜੁੱਟ ਪੇਂਡੂ ਤੇ ਸ਼ਹਿਰੀ ਜੀਵਨ ਦਾ ਅੰਤਰ ਦਰਸਾਉਂਦੇ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਕਿ ਕਿਵੇਂ ਵਾਧੂ ਪੂੰਜੀ ਦਾ ਖ਼ਾਸਾ ਸਾਂਝੇ ਪਰਿਵਾਰਾਂ ਦੇ ਟੁੱਟਣ ਦਾ ਐਲਾਨਨਾਮਾ ਲੈ ਕੇ ਆਉਂਦਾ ਹੈ। ਬਾਪੂ ਦੀ ਸ਼ਹਿਰੀ ਨੌਕਰੀਪੇਸ਼ਾ ਨੂੰਹ ਵੀ ਉਸ ਨਾਲ ਠੀਕ ਵਰਤਾਅ ਨਹੀਂ ਕਰਦੀ। ਭਾਵੇਂ ਬਾਪੂ ਪਰਿਵਾਰਕ ਸਾਂਝ ਨੂੰ ਬਣਾਈ ਰੱਖਣ ਲਈ ਪਿੰਡ ਛੱਡ ਕੇ ਸ਼ਹਿਰ ਆਉਂਦਾ ਹੈ ਪਰ ਨੂੰਹ ਦੇ ਇਸ ਬੇਗਾਨਗੀ ਵਾਲੇ ਵਿਵਹਾਰ ਤੋਂ ਬਹੁਤ ਦੁਖੀ ਹੁੰਦਾ ਹੈ। ਉਸ ਨੂੰ ਸ਼ਹਿਰ ਵਿਚ ਉਹ ਸਭਿਆਚਾਰਕ ਸਾਂਝ ਪ੍ਰਤੀਤ ਨਹੀਂ ਹੁੰਦੀ ਜੋ ਕਿ ਪੇਂਡੂ ਅਰਥਚਾਰੇ ਵਿਚ ਨਜ਼ਰ ਆਉਂਦੀ ਹੈ। ਬਿਰਤਾਂਤਕੀ-ਪਾਠ ਦੇ ਕੇਂਦਰੀ ਪਾਤਰ ਕਰਮੇ ਨੂੰ ਵੀ ਇਸ ਤਲਖ਼ ਹਕੀਕਤ ਦਾ ਅਹਿਸਾਸ ਉਦੋਂ ਹੁੰਦਾ ਹੈ , ਜਦੋਂ ਬਾਪੂ ਇਸ ਫ਼ਾਨੀ ਦੁਨੀਆਂ ਤੋਂ ਕੂਚ ਕਰ ਜਾਂਦਾ ਹੈ ਤਾਂ ਆਸ ਪਾਸ ਤੋਂ ਕੋਈ ਸਹਾਇਤਾ ਕਰਨ ਵਾਲਾ ਵੀ ਨਜ਼ਰ ਨਹੀਂ ਆਉਂਦਾ ਤੇ ਬੇਵਸੀ ਤੇ ਪਰੇਸ਼ਾਨੀ ਵਿਚ ਆਏ ਕਰਮੇ ਨੂੰ ਬਾਪੂ ਦੀ ਮ੍ਰਿਤਕ ਦੇਹ ਨੂੰ ਸ਼ਹਿਰ ਤੋਂ ਪਿੰਡ ਲੈ ਕੇ ਆਉਣਾ ਪੈਂਦਾ ਹੈ। ਪਿੰਡ ਪਹੁੰਚ ਕਰਮੇ ਨੂੰ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਬਾਪੂ ਨੂੰ ਅੰਤਮ ਸਮੇਂ ਉਸ ਦੇ ਵਾਰਸਾਂ ਨੂੰ ਸੌਂਪ ਕੇ ਸੁਰਖ਼ਰੂ ਹੋ ਗਿਆ ਹੋਵੇ। ਜਿਥੇ ਸ਼ਹਿਰ ਵਿਚ ਆਂਢੀ-ਗੁਆਂਢੀ ਆਨੀਂ ਬਹਾਨੀਂ ਆਪਣੇ ਰੁਝੇਵਿਆਂ ਦਾ ਬਹਾਨਾ ਬਣਾ ਕੇ ਕਰਮੇ ਨੂੰ ਉਸ ਦੇ ਬਾਪੂ ਦੀ ਮ੍ਰਿਤਕ ਦੇਹ ਕੋਲ ਇੱਕਲਾ ਛੱਡ ਕੇ ਚਲੇ ਜਾਂਦੇ ਹਨ, ਉਥੇ ਪਿੰਡ ਪਹੁੰਚਣ ਤੇ ਘਰ ਦਾ ਸਾਰਾ ਵਿਹੜਾ ਪਿੰਡ ਦੇ ਚਹੇਤੇ ਮਿਸਤਰੀ ਲਈ ਭਰਿਆ ਪਿਆ ਸੀ। 'ਚਾਰੇ ਪਾਸੇ ਜਾਣੀਂ ਪਛਾਣੀਂ ਭੀੜ' ਤੇ 'ਜਾਣੀਆਂ ਪਛਾਣੀਆਂ ਅਵਾਜ਼ਾਂ' ਦਾ ਚਿਹਨਕੀ ਪਰਿਪੇਖ ਸਭਿਆਚਾਰਕ ਅਰਥਚਾਰੇ ਵਿਚ ਆਪਸੀ ਸਾਂਝ ਤੇ ਮਿਲਵਰਤਨ ਦੀ ਹੀ ਬਾਤ ਪਾਉਂਦਾ ਹੈ। ਜਿਸ ਵਿਚ ਮਿਸਤਰੀ ਸੱਜਣ ਸਿੰਘ ਨਿਰਾ ਕਰਮੇ ਦੇ ਬਾਪੂ ਦੇ ਰੂਪ ਵਿਚ ਹੀ ਨਹੀਂ ਸਗੋਂ ਪੂਰੇ ਪਿੰਡ ਦੇ ਸਾਂਝੇ ਬਜ਼ੁਰਗ ਵਜੋਂ ਪੇਸ਼ ਹੁੰਦਾ ਹੈ। ਇਥੇ ਬਿਰਤਾਂਤਕਾਰ ਦੀ ਬਿਰਤਾਂਤਕੀ ਦ੍ਰਿਸ਼ਟੀ ਪਰੰਪਰਕ ਜੀਵਨ ਮੁੱਲਾਂ ਦੀ ਭੰਜਕ ਨਾ ਹੋ ਕੇ ਪਰਿਵਾਰਕ ਸੰਬੰਧਾਂ ਤੇ ਰਿਸ਼ਤਿਆਂ ਨੂੰ



ਸੁਦ੍ਰਿੜ ਕਰਨ ਦੇ ਹੱਕ ਵਿਚ ਹੀ ਭੁਗਤਦੀ ਹੈ।

ਇਸੇ ਤਰ੍ਹਾਂ ਦਾ ਬਿਰਤਾਂਤਕੀ-ਪਾਠ **ਬਲਬੀਰ ਪਰਵਾਨਾ** ਦੀ '**ਪਿਤਾ**' ਕਹਾਣੀ ਵਿਚ ਪੇਸ਼ ਹੁੰਦਾ ਹੈ। ਪਾਠ ਵਿਚ ਤਿੰਨ ਪੀੜ੍ਹੀਆਂ ਦਾ ਬਿਰਤਾਂਤ ਸਿਰਜਿਆ ਗਿਆ ਹੈ, ਜਿਸ ਵਿਚ ਮੁੱਖ ਪਾਤਰ ਗੁਰਪਾਲ ਸਿੰਘ ਸੰਧੂ ਤੇ ਉਸ ਦੇ ਪਰਿਵਾਰ ਦੀ ਬਾਤ ਪਾਈ ਗਈ ਹੈ। ਅਗਾਂਹਵਧੂ ਵਿਚਾਰਾਂ ਦਾ ਮਾਲਕ ਗੁਰਪਾਲ ਆਪਣੀ ਭੈਣ ਰਵਿੰਦਰ ਦੇ ਪ੍ਰੇਮ ਵਿਆਹ ਦੀ ਹਾਮੀ ਭਰ ਉਸ ਦੀ ਸਹਾਇਤਾ ਕਰਦਾ ਹੈ। ਉਹ ਆਪਣੇ ਪੁੱਤਰ ਤੇ ਧੀ ਨੂੰ ਵੀ ਮਨਮਰਜ਼ੀ ਦਾ ਜੀਵਨ ਸਾਥੀ ਚੁਣਨ ਦੀ ਪੂਰੀ ਖੁੱਲ੍ਹ ਦਿੰਦਾ ਹੈ ਪਰ ਉਸ ਨੂੰ ਉਸ ਵੇਲੇ ਗਹਿਰਾ ਸਦਮਾ ਪਹੁੰਚਦਾ ਹੈ, ਜਦੋਂ ਉਸ ਨੂੰ ਪਤਾ ਚੱਲਦਾ ਹੈ ਕਿ ਉਸ ਦੀ ਧੀ ਆਪਣੇ ਮਿੱਤਰ ਰਾਹੁਲ ਨਾਲ ਵਿਆਹ ਨਾ ਕਰਵਾਉਣ ਤੋਂ ਮੁਨਕਰ ਹੁੰਦੀ ਲਿਵ-ਇਨ ਰਿਲੇਸ਼ਨਸ਼ਿਪ ਵਿਚ ਰਹਿਣਾ ਚਾਹੁੰਦੀ ਹੈ। ਬਿਰਤਾਂਤਕੀ-ਪਾਠ ਵਿਚਲਾ ਇਹ ਪੀੜ੍ਹੀ ਅੰਤਰਾਲ ਤਿੰਨ ਪੀੜ੍ਹੀਆਂ ਦੇ ਵਿਚਾਰਧਾਰਕ ਖੱਪੇ ਨੂੰ ਪੇਸ਼ ਕਰਕੇ ਮੰਡੀ ਸਭਿਆਚਾਰ ਵਿਚ ਵਾਪਰ ਰਹੀ ਮਾਨਵੀ ਕਦਰਾਂ ਕੀਮਤਾਂ ਦੀ ਗਿਰਾਵਟ ਨੂੰ ਵੀ ਪੇਸ਼ਕ੍ਰਿਤ ਕਰਦਾ ਹੈ। ਇਸ ਤਰ੍ਹਾਂ ਗਲਪਕਾਰ ਵਿਅੰਗ ਤੇ ਵਿਡੰਬਣਾ ਦੀ ਜੁਗਤ ਰਾਹੀਂ ਸਮੇਂ ਦੇ ਸੱਚ ਨੂੰ ਬਿਆਨਦਾ ਪੂੰਜੀਵਾਦੀ ਯੁੱਗ ਵਿਚ ਪੰਜਾਬੀ ਸਮਾਜ ਵਿਚ ਜੋ ਸਭਿਆਚਾਰਕ ਪ੍ਰਦੂਸ਼ਨ ਫ਼ੈਲ ਰਿਹਾ ਹੈ, ਉਸ ਨੂੰ ਬੜੀ ਖ਼ੂਬਸੂਰਤੀ ਰਾਹੀਂ ਚਿਹਨਤ ਕਰਦਾ ਹੈ। ਜਿਸ ਨਾਲ ਸਮਾਜ ਅੰਦਰ ਫ਼ੈਲੀਆਂ ਬੇਤਰਤੀਬੀਆਂ, ਵਿਖੰਡਨਾਵਾਂ ਅਤੇ ਵਿਕ੍ਰਤੀਆਂ ਦਾ ਵੀ ਸਜੀਵ ਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ।

**ਵਿਸ਼ਵ ਜੋਤੀ ਧੀਰ** ਦੀ '**ਛਿੰਦਾ ਪੁੱਤ**' ਕਹਾਣੀ ਵਿਚ ਧੀ ਦੀ ਮਨੋਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਜੋ ਵਿਆਹ ਤੋਂ ਬਾਅਦ ਵੀ ਆਪਣੇ ਪਿਤਾ ਦਾ ਛਿੰਦਾ ਪੁੱਤ ਬਣ ਬੁਢਾਪੇ ਵਿਚ ਉਸ ਦੀ ਸੇਵਾ ਕਰਨ ਲਈ ਤਰਲੋਮੱਛੀ ਹੋ ਰਹੀ ਹੈ। ਪਿੱਛਲ ਝਾਤ ਦੀ ਜੁਗਤ ਰਾਹੀਂ ਧੀ ਦੇ ਮਨ ਅੰਦਰ ਉਹ ਸਾਰੀਆਂ ਘਟਨਾਵਾਂ ਵਾਪਰਦੀਆਂ ਦਿਖਾਈ ਦਿੰਦੀਆਂ ਹਨ ਜੋ ਮਾਂ ਮਹਿੱਟਰ ਬੱਚਿਆਂ ਨੂੰ ਪਾਲਣ ਵੇਲੇ ਉਸ ਦੇ ਪਿਤਾ ਨੂੰ ਸਹਿਣੀਆਂ ਪੈਂਦੀਆਂ ਹਨ। ਪਿਉ ਆਪਣੀ ਲਾਡੋ ਧੀ ਦੀਆਂ ਨਿੱਕੀਆਂ ਨਿੱਕੀਆਂ ਸੱਧਰਾਂ ਬੜੇ ਚਾਵਾਂ ਤੇ ਮਲਾਰ੍ਹਾਂ ਨਾਲ ਪੂਰੀਆਂ ਕਰਦਾ ਹੈ। ਪਰ ਵਿਆਹ ਤੋਂ ਬਾਅਦ ਪਤੀ ਦਾ ਸਾਥ ਨਾ ਮਿਲਣ ਤੇ ਦੁਖੀ ਹੁੰਦੀ ਆਖ਼ਰੀ ਵੇਲੇ ਪਿਉ ਨੂੰ ਹਸਤਪਾਲ ਵਿਚ ਮਰਨ ਬਿਸਤਰੇ ਤੇ ਇੱਕਲਿਆਂ ਛੱਡ ਪਤੀ ਨਾਲ ਤੁਰ ਪੈਣ ਲਈ ਮਜ਼ਬੂਰ ਹੋ ਜਾਂਦੀ ਹੈ। ਇਥੇ ਬਿਰਤਾਂਤਕਾਰ ਔਰਤ ਦੀ ਮਨੋ-ਵੇਦਨਾ, ਮਜ਼ਬੂਰੀ, ਸਹਿਨਸ਼ੀਲਤਾ ਤੇ ਅਧੀਨਗੀ ਨੂੰ ਵੀ ਪ੍ਰਗਟਾਉਂਦਾ ਹੈ। ਬਿਰਤਾਂਤਕੀ-ਪਾਠ ਵਿਚ ਨਾਇਕਾ ਭਾਵੇਂ ਇਕ ਨੌਕਰੀਪੇਸ਼ਾ ਔਰਤ ਹੈ। ਆਰਥਕ ਤੌਰ ਤੇ ਸੁੰਤਤਰ ਵੀ ਹੈ ਪਰ ਉਸ ਦੀ ਅਜ਼ਾਦੀ ਨਿਰੀ ਅਖ਼ੌਤੀ ਨਜ਼ਰ ਆਉਂਦੀ ਹੈ ਜਦੋਂ ਪਤੀ ਸਨਮੁਖ ਮੂਕ ਬਣ ਉਸ ਦੀਆਂ ਸਾਰੀਆਂ ਵਧੀਕੀਆਂ ਨੂੰ ਸਹਿਨ ਕਰਦੀ ਬੁੱਢੇ ਪਿਤਾ ਦੀ ਸੇਵਾ ਕਰਨ ਤੋਂ ਵੀ ਵਾਂਝੀ ਹੋ ਜਾਂਦੀ ਹੈ।

ਪਾਠ ਦਾ ਅਗਲਾ ਪਾਸਾਰ ਡੇਰਾਵਾਦ ਤੇ ਪੰਜਾਬੀਆਂ ਦੇ ਪਰਵਾਸ ਕਰਨ ਦੀ ਤੀਬਰ ਇੱਛਾ ਦੇ ਤ੍ਰਾਸ ਬੋਧ ਦਾ ਬਣਦਾ ਹੈ। ਰੋਜ਼ੀ ਰੋਟੀ ਤੇ ਆਰਥਕ ਤੰਗੀ ਦੀ ਹਾਲਤ ਵਿਚ ਪਰਵਾਸ ਕਰਨ ਦਾ ਰੁਝਾਨ, ਏਜੰਟਾਂ ਦੀਆਂ ਚਲਾਕੀਆਂ ਤੇ ਦਾਅ ਪੇਚ, ਥੁੜ੍ਹਾਂ ਮਾਰੇ ਲੋਕਾਂ ਨੂੰ ਆਕਰਸ਼ਿਤ ਕਰਨ ਦੇ ਢੰਗ ਤਰੀਕੇ ਆਦਿ ਨੂੰ **ਅਜਮੇਰ ਸਿੱਧੂ** ਆਪਣੀ ਕਹਾਣੀ '**ਜਹਾਜ਼ ਵਾਲੀ ਟੈਂਕੀ**' ਵਿਚ ਤਨਜ਼ੀਆ ਢੰਗ ਨਾਲ ਬਾਖ਼ੂਬੀ ਉਜਾਗਰ ਕਰਦਾ ਹੈ। ਜਿਥੇ ਉਹਨਾਂ ਦੇ ਦਾਅ ਪੇਚਾਂ ਦਾ ਨੈਟਵਰਕ ਜੈਲਦਾਰ ਤੇ ਸ਼ੇਰਗਿੱਲ ਵਰਗੇ ਏਜੰਟਾਂ ਤੋਂ ਲੈ ਕੇ ਬਾਬਿਆਂ ਦੇ ਡੇਰਿਆਂ ਤੱਕ ਫ਼ੈਲਿਆ ਹੋਇਆ ਹੈ।

"ਹੁਣ ਤਾਂ ਅੱਡੇ ਕੋਲ ਚਾਰ ਠੇਕੇ ਨੇ। ਮੈਂ ਬੋਤਲ ਲਈ ਆ। ਅਹਾਤੇ ਵਿਚ ਆ ਗਿਆ ਹਾਂ। ਅੱਧੀ ਨਿਬੇੜ ਦਿੱਤੀ ਆ। ਹੁਣ ਸਾਰਾ ਅਹਾਤਾ ਉਹਨਾਂ ਦੁਖਆਰਿਆ ਨਾਲ ਭਰਿਆ ਲੱਗਦੈ, ਜਿਨ੍ਹਾਂ ਨੂੰ ਭੈਣ ਚੋ ਸ਼ੇਰਗਿੱਲ ਰਗੜ ਗਿਆ ਏ। ਨਾਲੇ ਉਹ ਝੂਠੇ ਬਾਬੇ। ਮੈਨੂੰ ਤਾਂ ਲਗਦੈ ਸਾਰਿਆਂ ਦੀ ਮਿਲੀ ਭੁਗਤ ਆ। ਲੈ ਹੁਣ ਬਖਸ਼ਿੰਦਰ ਦੀ ਫਰਮਾਇਸ਼ ਚੇਤੇ ਆ ਗਈ। ਉਹ ਕਹਿੰਦੀ ਸੀ ਖਾਲੀ ਹੱਥ ਨਾ ਆਈ। ਮੈਂ ਨਾਮਧਾਰੀ ਸੀਡ ਸਟੋਰ ਤੇ ਪੁੱਜਾ ਹਾਂ"।( ਪੰਨਾ, 169)

ਇਸੇ ਤਰ੍ਹਾਂ ਦਾ ਅਗਲਾ ਸਰੋਕਾਰ **ਸੁਖਜੀਤ** ਦੀ ਕਹਾਣੀ **'ਪਾਤਸ਼ਾਹ'** ਵਿਚ ਮਿਲਦਾ ਹੈ। ਇਹ ਕਹਾਣੀ ਸੰਗ੍ਰਿਹ ਦੀ ਸਸ਼ਕਤ ਕਹਾਣੀ ਵਜੋਂ ਪੇਸ਼ ਹੁੰਦੀ ਹੈ। ਜਿਸ ਵਿਚ ਡੇਰਾਵਾਦ ਮੁੱਖ ਧੁਰੇ ਵਜੋਂ ਉੱਭਰਦਾ ਹੈ। ਪਾਠ ਦੇ ਕੇਂਦਰੀ ਪਾਤਰ ਮਾਸਟਰ ਅਜੈਬ ਸਿੰਘ ਤੇ ਉਸ ਦੇ ਪਿਤਾ ਅਮਰ ਸਿੰਘ ਦੀ ਸਾਰੀ ਜ਼ਮੀਨ ਡੇਰੇ ਵਾਲੇ ਧੱਕੇ ਨਾਲ ਹੜੱਪ ਕੇ ਦੋਨਾਂ ਨੂੰ ਹੀ ਡੇਰੇ ਅੰਦਰ ਬੰਦੀ ਬਣਾ ਤਸੀਹੇ ਦਿੰਦੇ ਹਨ। ਡੇਰੇ ਅੰਦਰ ਕੰਮ ਕਰਨ ਵਾਲੇ ਏਜੰਟਾਂ ਦਾ ਮੱਕੜਜ਼ਾਲ ਪੁਲਸ ਥਾਣਿਆਂ ਤੋਂ ਲੈ ਕੇ ਮੰਤਰੀਆਂ ਸੰਤਰੀਆਂ ਤੇ ਸਰਕਾਰੇ ਦਰਬਾਰੇ ਚਾਰੇ ਪਾਸੇ ਫ਼ੈਲਿਆ ਹੋਇਆ ਹੈ। 'ਆਮ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਭਰਮ ਜ਼ਾਲ ਵਿਚ ਫ਼ਸਾਉਣਾ', 'ਡੇਰਿਆਂ ਤੇ ਸਾਧੂ ਸੰਤਾਂ ਰਾਹੀਂ ਨਾਮ ਦਾਨ ਦੇਣ ਦੀ ਲੋਟੂ ਰਾਜਨੀਤੀ', 'ਡੇਰਿਆਂ ਅੰਦਰਲੀ ਪਾਤਸ਼ਾਹੀ ਦਰ ਪਾਤਸ਼ਾਹੀ' ਤੇ 'ਢੌਂਗੀ ਬਾਬਿਆਂ ਦਾ ਸਰਕਾਰੇ ਦਰਬਾਰੇ ਚੱਲਦਾ ਸਿੱਕਾ' ਅਜਿਹੇ ਚਿਹਨਕੀ-ਜੁੱਟ ਹਨ ਜੋ ਡੇਰਿਆਂ ਅੰਦਰਲੀ ਕਾਰਗੁਜ਼ਾਰੀ ਦਾ ਬਾਖ਼ੂਬੀ ਪਰਦਾਫ਼ਾਸ਼ ਕਰਦੇ ਹਨ। ਇਸੇ ਲਈ ਪਾਠ ਦੇ ਅੰਤ ਵਿਚ ਬਿਰਤਾਂਤਕਾਰ ਵਿਅੰਗਮਈ ਸੁਰ ਨੂੰ ਬਾਬਿਆਂ ਦੇ ਏਜੰਟੀ ਅੱਡਿਆਂ ਦੀਆਂ ਧੱਜੀਆਂ ਉਡਾਉਂਦਾ ਮਾਸਟਰ ਅਜੈਬ ਸਿੰਘ ਤੇ ਉਸ ਦੇ ਵਿਦਿਆਰਥੀ ਸੁਖਵਿੰਦਰ ਰਾਹੀਂ ਕ੍ਰਾਂਤੀ ਦਾ ਰਾਹ ਮੋਕਲਾ ਕਰਦਾ ਹੈ। ਜਿਥੇ ਡਰ, ਸਹਿਮ, ਕਾਇਰਤਾ ਤੇ ਬੁਜ਼ਦਿਲੀ ਨੂੰ ਲਾਂਭੇ ਕਰ ਡੇਰਿਆਂ ਦੀ ਸੱਤਾ ਨਾਲ ਦਸਤਪੰਜਾ ਲੈਣ ਦਾ ਚਿਹਨਕੀ ਪਰਿਪੇਖ ਨਵੀਨ ਦਿਸਹੱਦੇ ਸਿਰਜਦਾ ਹੈ।

ਅਜੈਬ ਸਿੰਘ ਨੇ ਮੁੱਠੀ ਮੀਟ ਕੇ ਪਹਿਲੀ ਉਂਗਲੀ ਕੁਟੀਆ ਵੱਲ ਸੇਧੀ ਸੀ, " ਨਹੀਂ ਉਹ ਨਹੀਂ ਮੈਂ ..."। ਉਸ ਨੇ ਅੰਗੂਠੇ ਨਾਲ ਹਿੱਕ ਠਕੋਰੀ ਸੀ, "ਪਾਤਸ਼ਾਹ ਮੈਂ ਜੀਹਨੇ ਆਪਣਾ ਸਭ ਕੁਝ ਦੇ ਦਿੱਤੇ ਉਹਨੂੰ।" ( ਪੰਨਾ, 67)

**'ਪੁਲਸੀਆ ਕਿਉਂ ਮਾਰਦਾ ਹੈ'** (**ਕੇਸਰਾ ਰਾਮ**) ਮਨੋਵਿਗਿਆਨਕ ਛੋਹਾਂ ਵਾਲੀ ਕਹਾਣੀ ਹੈ। ਜਿਸ ਵਿਚ ਮਾਨਵੀ ਮਨ ਦੀਆਂ ਬਹੁਤ ਸਾਰੀਆਂ ਪਰਤਾਂ ਖੁੱਲ੍ਹਦੀਆਂ ਹਨ। ਦਲੀਪ ਦੇ ਜ਼ਿਹਨ ਵਿਚ ਵਸਿਆ ਪੁਲਸ ਦਾ ਡਰ ਤੇ ਸਹਿਮ ਉਸ ਦੇ ਬੱਚਿਆਂ ਦੇ ਮਨਾਂ ਤੱਕ ਜਾ ਫ਼ੈਲਦਾ ਹੈ। ਜੋ 'ਮੈਂ' ਪਾਤਰ ਦੇ ਮਨ ਅੰਦਰ ਕਈ ਤਰ੍ਹਾਂ ਦੇ ਖ਼ਦਸ਼ੇ ਵੀ ਪੈਦਾ ਕਰਦਾ ਹੈ। 'ਚਾਰੇ ਪਾਸੇ ਚਾਈਨਾ ਬਜ਼ਾਰ ਦਾ ਬੋਲਬਾਲਾ', 'ਪਿਚਕਾਰੀਆਂ ਦੀ ਥਾਂ ਤੇ ਬੰਦੂਕਾਂ ਤੇ ਪਿਸਤੌਲਾਂ ਵਿਚ ਹੋਲੀ ਦੇ ਰੰਗ ਭਰੇ ਜਾਣਾ' ਦੇ ਚਿਹਨਕੀ-ਜੁੱਟ ਵਿਸ਼ਵ ਮੰਡੀਕਰਨ ਦੇ ਕਾਰਪੋਰੇਟ ਸੰਸਾਰ ਦੁਆਰਾ ਸਿਰਜੇ ਜਾ ਰਹੇ ਅਮਾਨਵੀਕਰਨ ਤੇ ਤਨਜ਼ ਕਸਦੇ ਹੋਏ ਸੱਤਾ, ਕਾਨੂੰਨ ਤੇ ਪੁਲਸ ਦੀਆਂ ਦੋਗਲੀਆਂ ਨੀਤੀਆਂ ਦਾ ਵੀ ਪਰਦਾਫ਼ਾਸ਼ ਕਰਦੇ ਹਨ। ਬਿਰਤਾਂਤਕੀ-ਪਾਠ ਵਿਚ ਆਇਆ ਦਲੀਪੇ ਤੇ ਉਸ ਦੇ ਪਰਿਵਾਰ ਦਾ ਚਿਹਨਕੀ ਪਰਿਪੇਖ ਸਮਾਜ, ਸਭਿਆਚਾਰ ਤੇ ਸਟੇਟ ਸਭ ਤੇ ਸਵਾਲੀਆ ਨਿਸ਼ਾਨ ਲਗਾ ਕਾਟੇ ਹੇਠ ਰੱਖਦਾ ਹੈ। ਇਥੇ ਅਨੇਕਾਂ ਹੀ ਅਜਿਹੇ ਸਵਾਲ ਪਾਠ ਦੀ ਸੰਰਚਨਾ ਵਿਚ ਪ੍ਰਤੀਧੁਨੀ ਬਣ ਕੇ ਸਮਾਏ ਹਨ ਜੋ ਆਮ ਲੋਕਾਂ ਦੀ ਵਸਤੂ ਸਥਿਤੀ ਲਈ ਜ਼ਿੰਮੇਵਾਰ ਬਣਦੇ ਹਨ।

ਪਾਠ ਵਿਚ ਵਿਚਰਦਿਆਂ ਇਕ ਨੁਕਤਾ ਦੇਸ਼ ਵੰਡ ਦੇ ਦੁਖਾਂਤ ਦਾ ਵੀ ਪੇਸ਼ ਹੁੰਦਾ ਹੈ, ਜਿਸ ਦੀ ਪੇਸ਼ਕਾਰੀ **ਸਾਂਵਲ ਧਾਮੀ** ਦੀ ਕਹਾਣੀ **'ਮੱਲ੍ਹਮ'** ਵਿਚ ਹੋਈ ਮਿਲਦੀ ਹੈ। ਬਿਰਤਾਂਤਕੀ-ਪਾਠ ਦਾ ਸਮੁੱਚਾ ਧੁਰਾ ਨੂਰਾ ਨੰਗਲ ਪਿੰਡ ਵਿਚ ਵੱਸਦੇ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਭਾਵੁਕ ਸਾਂਝ ਦੀਆਂ ਵਿਕੋਲਿਤਰੀਆਂ ਮੋਹ ਦੀਆਂ ਤੰਦਾਂ ਰਾਹੀਂ ਪੇਸ਼ ਹੁੰਦਾ ਹੈ। ਇਹ ਮੋਹ ਦੀਆਂ ਤੰਦਾਂ ਉਦੋਂ ਹੋਰ ਮਜ਼ਬੂਤ ਹੋ ਜਾਂਦੀਆਂ ਹਨ, ਜਦੋਂ 50 ਸਾਲ ਬਾਅਦ ਫਜ਼ਲਾ ਆਪਣੇ ਪਿੰਡ ਨੂਰੇ ਨੰਗਲ ਵਿਚ ਵਿਛੜੇ ਸਾਥੀਆਂ ਨੂੰ ਮਿਲਣ ਲਈ ਆਉਂਦਾ ਹੈ। ਪਾਠ ਵਿਚ ਦੋ ਤਰ੍ਹਾਂ ਦੇ ਲੋਕ ਪੇਸ਼ ਹੁੰਦੇ ਹਨ। ਇਕ ਉਹ ਜੋ ਇਸ ਦੁੱਖ ਦੀ ਘੜੀ ਵਿਚ ਬਿਨਾ ਕਿਸੇ ਧਾਰਮਕ ਭੇਦਭਾਵ ਦੇ ਇਕ ਦੂਜੇ ਦੀ ਮੱਦਦ ਕਰਦੇ ਹਨ। ਪਾਠ ਵਿਚ ਇਹਨਾਂ ਦੀ ਰਾਹਨੁਮਾਈ ਸੱਤੇ ਤੇ ਕਰਮਦੀਨ ਵਰਗੇ ਲੋਕ ਕਰਦੇ ਹਨ। ਕਰਮਦੀਨ ਦਾ ਪਾਤਰ ਭਾਈ ਘਨ੍ਹਈਆ ਵਾਂਗ ਬਿਨਾ ਕਿਸੇ ਸੰਪਰਦਾਇਕ ਭੇਦ ਭਾਵ ਦੇ ਫ਼ਿਰਕੂ ਫ਼ਸਾਦ ਦੀ ਅੱਗ ਦੁਆਰਾ ਦਿੱਤੇ ਜ਼ਖ਼ਮਾਂ ਉੱਤੇ ਮੱਲ੍ਹਮ ਪੱਟੀ ਕਰਦਾ ਫ਼ਿਰਦਾ ਹੈ। ਇਸ ਦੇ ਨਾਲ ਹੀ ਪਾਠ ਵਿਚ ਦੂਜੀ ਤਰ੍ਹਾਂ ਦੇ ਮੌਕਾਪ੍ਰਸਤ ਲੋਕ ਵੀ ਹਨ ਜੋ ਧੀਆਂ ਭੈਣਾਂ ਦੀ ਪੱਤ ਲੁੱਟਦੇ ਪੂਰਾ ਖ਼ੂਨ ਖ਼ਰਾਬਾ ਕਰਦੇ ਹਨ। ਪਾਠ ਵਿਚ ਇਹਨਾਂ ਲੋਕਾਂ ਦੀ ਨਿਸ਼ਾਨਦੇਹੀ ਮਹਿੰਦਰ



ਸਿੰਘ ਤੇ ਧੰਨੇ ਦੇ ਪਾਤਰ ਰਾਹੀਂ ਹੁੰਦੀ ਹੈ। ਜੋ ਬਿਨਾ ਕਿਸੇ ਹੀਲ ਹੁੱਜਤ ਦੇ ਆਪਣੇ ਨਾਲ ਸਦੀਆਂ ਤੋਂ ਰਹਿੰਦੇ ਮੁਸਲਮਾਨ ਭਰਾਵਾਂ ਦਾ ਕਤਲੇਆਮ ਕਰਦੇ ਹਨ। ਪਾਠ ਵਿਚ ਇਕ ਪਾਸੇ ਅੰਤਾਂ ਦੀ ਹਿੰਸਾ ਤੇ ਹੈਵਾਨੀਅਤ ਤੇ ਦੂਜੇ ਪਾਸੇ ਇਨਸਾਨੀਅਤ ਤੇ ਅਹਿੰਸਾ ਦੇ ਚਿਹਨ ਹਨ। ਜਿਸ ਵਿਚ ਇਹ ਨੁਕਤਾ ਵੀ ਉੱਭਰਦਾ ਹੈ ਕਿ ਦਹਿਸ਼ਤ ਤੇ ਆਤੰਕ ਦਾ ਕਦੇ ਕੋਈ ਧਰਮ ਤੇ ਮਜ਼ਹਬ ਨਹੀਂ ਹੁੰਦਾ। ਇਸ ਤਰ੍ਹਾਂ ਹਿੰਸਾ ਦੀ ਰਾਜਨੀਤੀ ਦਾ ਬਿਰਤਾਂਤ ਬੜੇ ਸੰਘਣੇ ਤੇ ਕਠੋਰ ਯਥਾਰਥ ਦਾ ਲਖਾਇਕ ਹੋ ਸੱਤਾ ਦੀ ਸਿਆਸਤ ਦੇ ਬਖ਼ੀਏ ਵੀ ਉਧੇੜਦਾ ਹੈ:

"ਜ਼ਖ਼ਮਾਂ ਨਾਲ ਤਾਂ ਦਿਲ ਭਰੇ ਪਏ ਆ। ਪਹਿਲਾਂ ਗੁਰੂ ਘਰ 'ਤੇ ਹਮਲਾ, ਫਿਰ ਦਿੱਲੀ ਦੀ ਕਤਲੋਗਾਰਤ, ਨਿਰਦੋਸ਼ ਹਿੰਦੂਆਂ ਦੇ ਕਤਲ ਤੇ ਝੂਠੇ ਪੁਲਸ ਮੁਕਾਬਲੇ । ਝੱਲੇ ਫ਼ਜ਼ਲੇ ਨੂੰ ਕੀ ਇਲਮ ! ਇਹ ਤਾਂ ਮੱਲ੍ਹਮ ਬਣਾਉਂਦਾ-ਬਣਾਉਂਦਾ ਥੱਕ-ਟੁੱਟ ਜਾਏ। ਕੇੜ੍ਹਾ ਕੋਈ ਹਿਸਾਬ ਆ ਚੋਟਾਂ ਦਾ। ਏਨ੍ਹੂੰ ਕਮਲੇ ਨੂੰ ਕੀ ਪਤਾ ਕਿ ਕਿੰਨਾ ਜ਼ਖ਼ਮੀ ਹੋਇਆ ਪਿਆ ਏ ਪੰਜਾਬ। ਪੰਜਾਬ ਕਾਹਨੂੰ ਪੂਰੇ ਦੇਸ਼ ਤੇ ਦੁਨੀਆਂ ਦਾ ਵੀ ਤਾਂ ਇਹੋ ਹਾਲ ਆ।" ( ਪੰਨਾ, 137 )

ਪਾਠ ਦੇ ਅੰਤ ਵਿਚ ਫ਼ਜ਼ਲੇ ਦਾ ਇਹ ਮੱਲ੍ਹਮ ਬਣਾਉਣ ਦਾ ਨੁਸਖ਼ਾ ਸੱਤੇ ਦੇ ਪੋਤੇ ਅਮੋਲਕ ਨੂੰ ਸੌਂਪਣ ਦਾ ਬਿਰਤਾਂਤਕੀ ਸੰਦਰਭ ਭਵਿੱਖਮੁਖੀ ਹੋ ਨਵੀਨ ਦਿਸਹੱਦੇ ਸਿਰਜਦਾ ਹੈ। ਜਿਸ ਵਿਚ ਦੋਨਾਂ ਦੇਸ਼ਾਂ ਵਿਚਕਾਰ ਅਮਨ, ਸ਼ਾਂਤੀ ਤੇ ਭਾਈਚਾਰੇ ਦਾ ਦਾਰੋਮਦਾਰ ਨੌਜਵਾਨ ਪੀੜ੍ਹੀ ਦੇ ਮੋਢਿਆਂ ਤੇ ਖੜ੍ਹਾ ਨਜ਼ਰ ਆਉਂਦਾ ਹੈ। ਭਾਈਚਾਰਕ ਸੰਕਲਪਨਾ ਪੁਨਰ ਸੁਰਜੀਤ ਹੋ ਲੋਕ ਮਨਾਂ ਅੰਦਰ ਆਪਸੀ ਸਾਂਝ ਤੇ ਮੁਹੱਬਤ ਦੇ ਬੀਜ ਨੂੰ ਮੁੜ ਪੁੰਗਰਿਤ ਕਰਦੀ ਹੈ। ਦੋਹਾਂ ਦੇਸ਼ਾਂ ਵਿਚਕਾਰ ਖਿੱਚੀਆਂ ਸਿਆਸੀ ਲਕੀਰਾਂ ਤੋਂ ਪਾਰ ਜਾ ਮਾਨਵਤਾ ਦਾ ਸਭਿਆਚਾਰ ਸਿਰਜਦੀ ਹੈ। ਇਹਨਾਂ ਲਕੀਰਾਂ ਨੂੰ ਅਸੀਂ ਮਿਟਾ ਤਾਂ ਨਹੀਂ ਸਕਦੇ ਪਰ ਕੁਝ ਸਮੇਂ ਲਈ ਨਿਜ਼ਾਤ ਜ਼ਰੂਰ ਪਾਈ ਜਾ ਸਕਦੀ ਹੈ। ਜਿਸ ਦੇ ਲਈ ਸਾਂਵਲ ਧਾਮੀ ਦਾ ਇਹ ਕਹਾਣੀ ਪਾਠ ਸੰਪਰਾਦਾਇਕਤਾ ਤੋਂ ਪਰ੍ਹੇ ਹਟ ਮਾਨਵਤਾ ਦੇ ਸਾਰੇ ਦੁਆਰ ਖੋਲ੍ਹ ਦੇਂਦਾ ਹੈ।

ਬਿਰਤਾਂਤਕੀ-ਪਾਠ ਵਿਚ ਅਗਲਾ ਸਰੋਕਾਰ ਦਲਿਤ ਤੇ ਦਮਿਤ ਦਾ ਉੱਭਰਦਾ ਹੈ। ਸਮਾਜਕ ਬਰਾਬਰੀ ਤੇ ਸਵੈਮਾਣ ਨੂੰ ਕਾਇਮ ਕਰਨ ਲਈ ਦਲਿਤ ਚਿੰਤਕ ਜਿਹਨਾਂ ਵਿਚ ਰਾਮਾ ਸਵਾਮੀ ਨਾਇਕਰ, ਮਹਾਤਮਾ ਜੋਤੀ ਰਾਉ ਫੂਲੇ, ਪੈਰੀਅਰ ਅਤੇ ਡਾ.ਬੀ.ਆਰ. ਅੰਬੇਦਕਰ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਉਹਨਾਂ ਨੇ ਦਲਿਤਾਂ ਅੰਦਰ ਨਾ ਕੇਵਲ ਜਾਤੀਗਤ ਚੇਤਨਾ ਹੀ ਪੈਦਾ ਕੀਤੀ ਸਗੋਂ ਦਲਿਤ ਮੁਕਤੀ ਲਈ ਭਰਪੂਰ ਉਪਰਾਲੇ ਵੀ ਕੀਤੇ। ਦਲਿਤਾਂ ਵਿਚ ਜਾਗ੍ਰਿਤੀ ਤੇ ਆਤਮ ਬੋਧ ਦਾ ਜੋ ਰੂਪ ਅੱਜ ਦਿਖਾਈ ਦੇ ਰਿਹਾ ਹੈ, ਉਸ ਦੇ ਪਿੱਛੇ ਡਾ. ਅੰਬੇਡਕਰ ਵਰਗੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੀ ਮਹਤੱਵਪੂਰਨ ਭੂਮਿਕਾ ਹੈ। ਡਾ. ਅੰਬੇਡਕਰ ਦਾ ਵਿਚਾਰਧਾਰਕ ਚਿੰਤਨ, ਭਾਰਤੀ ਸਮਾਜ ਲਈ ਉਹਨਾਂ ਕੇਂਦਰ ਬਿੰਦੂਆਂ ਤੇ ਆਧਾਰਤ ਹੈ, ਜਿਹੜੇ ਇਥੋਂ ਦੀ ਸਮਾਜਕ ਸਥਿਤੀ ਦੇ ਅੰਤਰਗਤ ਜਾਤੀ ਵਿਵਸਥਾ ਨੂੰ ਸਥਾਪਤ ਕਰਨ ਵਿਚ ਬੜਾ ਅਹਿਮ ਰੋਲ ਨਿਭਾਉਂਦੇ ਹਨ। ਡਾ.ਅੰਬੇਡਕਰ ਦਾ ਇਹ ਵਿਚਾਰਧਾਰਕ ਚਿੰਤਨ ਉਹਨਾਂ ਦੇ ਹੱਡੀਂ ਹੰਢਾਏ ਜਾਤੀਗਤ ਸੰਕਟ ਵਿਚੋਂ ਹੀ ਪੈਦਾ ਹੁੰਦਾ ਹੈ।

ਇਸੇ ਤਰ੍ਹਾਂ ਦੀ ਦਲਿਤ ਚੇਤਨਾ **ਭਗਵੰਤ ਰਸੂਲਪੁਰੀ** ਦੀ ਕਹਾਣੀ **'ਜੜ੍ਹਾਂ'** ਵਿਚ ਵੇਖਣ ਨੂੰ ਮਿਲਦੀ ਹੈ। 'ਜੜ੍ਹਾਂ' ਕਹਾਣੀ ਵਿਚ ਦਲਿਤ ਸਮਾਜ, ਦਲਿਤ ਚਿੰਤਨ ਅਤੇ ਚੇਤਨਾ ਨਾਲ ਸੰਬੰਧਤ ਬਹੁਤ ਸਾਰੇ ਮਸਲੇ ਉਠਾਏ ਗਏ ਹਨ। ਜਾਤ-ਪਾਤ ਦੇ ਦਮਨ ਤੇ ਲੁੱਟ ਤੋਂ ਸਤਾਏ ਲੋਕ ਬਹੁਤ ਦੇਰ ਤੋ ਮੁਕਤੀ ਦੀ ਤਲਾਸ਼ ਵਿਚ ਹਨ। ਜਿਸ ਲਈ ਉਹਨਾਂ ਨੇ ਭਿੰਨ-ਭਿੰਨ ਰਾਹਾਂ ਦੀ ਤਲਾਸ਼ ਕੀਤੀ। ਪਰ ਉਸ ਦੇ ਵੀ ਕੋਈ ਸਾਰਥਕ ਨਤੀਜੇ ਨਿਕਲਦੇ ਪ੍ਰਤੀਤ ਨਹੀਂ ਹੁੰਦੇ। 'ਜੜ੍ਹਾਂ' ਕਹਾਣੀ ਵਿਚ 35 ਕੁ ਸਾਲ ਪਹਿਲਾਂ ਇੰਗਲੈਂਡ ਗਿਆ 'ਮੈਂ' ਪਾਤਰ ਅਖੌਤੀ ਅਛੂਤ ਅਨੁਸੂਚਿਤ ਜਾਤੀ ਵਾਲੇ ਧਰਮ ਨੂੰ ਛੱਡ ਕੇ ਬੁੱਧ ਧਰਮ ਅਪਣਾ ਲੈਣਾ ਚਾਹੁੰਦਾ ਹੈ। ਉਹ ਇੰਗਲੈਂਡ ਵਿਚ ਅੰਬੇਡਕਰ ਦੀ ਮਿਸ਼ਨ ਸੁਸਾਇਟੀ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਪਿੰਡ ਵਿਚ ਪੰਜ ਕਨਾਲ ਜ਼ਮੀਨ ਦਾ ਪਲਾਟ ਲੈ ਬੁੱਧ-ਵਿਹਾਰ ਦਾ ਨੀਂਹ ਪੱਥਰ ਰੱਖ ਦੇਂਦਾ ਹੈ। ਜਿਸ ਦਾ ਉਸ ਨੂੰ

ਵੱਡਾ ਖ਼ਮਿਆਜ਼ਾ ਮਾਂ ਦੇ ਪਾਗ਼ਲ ਹੋਣ ਤੇ ਆਪਣੇ ਸਿਰ ਵਿਚ ਗੰਡਾਸੀ ਖਾਣ ਨਾਲ ਭੁਗਤਣਾ ਪੈਂਦਾ ਹੈ। ਜਿਸ ਦੀ ਟੀਸ ਅੱਜ ਵੀ ਉਸ ਦੇ ਮਨ ਦੀ ਬੇਚੈਨੀ ਨੂੰ ਤੀਬਰ ਕਰਦੀ ਬੀਤੇ ਦੀਆਂ ਗਹਿਰਾਈਆਂ ਵਿਚ ਉਤਾਰ ਦਿੰਦੀ ਹੈ। 'ਮੱਥੇ ਵਿਚ ਗੰਡਾਸੀ ਦਾ ਨਿਸ਼ਾਨ' ਦਾ ਚਿਹਨਕੀ-ਜੁੱਟ ਅਵਚੇਤਨ ਮਨ ਵਿਚ ਦੱਬੇ ਸੰਤਾਪ ਨੂੰ ਹੋਰ ਗਹਿਰਾਉਂਦਾ ਉਸ ਵੇਲੇ ਦੀ ਘਟਨਾ ਨੂੰ ਤਰੋ ਤਾਜ਼ਾ ਕਰ ਦੇਂਦਾ ਹੈ, ਜਦੋਂ ਉਸ ਨੇ ਪਿੰਡ ਵਿਚ ਬੁੱਧ ਵਿਹਾਰ ਦਾ ਨੀਂਹ ਪੱਥਰ ਰੱਖਣ ਦੀ ਤਿਆਰੀ ਕਰ ਲਈ ਸੀ ਤੇ ਦੂਜੇ ਪਾਸੇ ਰਵਿਦਾਸ ਨੌਜਵਾਨ ਸਭਾ ਦੇ ਹਥਿਆਰਬੰਦ ਮੁੰਡਿਆਂ ਨੇ ਉਸ ਉੱਤੇ ਤੇਜ਼ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਸੀ।

"ਇਹ ਗੜਾਸੀ ਦਾ ਨਿਸ਼ਾਨ ਹੈ ਜੋ ਮੈਨੂੰ ਨਿੱਤ ਉਸ ਘਟਨਾ ਨਾਲ ਜੋੜ ਦੇਂਦਾ ਹੈ। ਜਦੋਂ ਮੈਂ ਆਪਣੇ ਸਿਰ ਤੇ ਉਸਤਰਾ ਫਿਰਵਾਉਂਦਾ ਹਾਂ ਤਾਂ ਉਦੋਂ ਇਹ ਨਿਸ਼ਾਨ ਵਧੇਰੇ ਉੱਭਰ ਕੇ ਤੰਗ ਕਰਦਾ ਹੈ। ਮੈਂ ਲੱਖ ਕੋਸ਼ਿਸ਼ ਕਰਾਂ ਇਹ ਨਿਸ਼ਾਨ ਨਾ ਦਿੱਸੇ ਪਰ ਮੇਰੇ ਸਿਰ 'ਤੇ ਜਿਵੇਂ ਹੀ ਹਥੇਲੀ ਫਿਰਦੀ ਹੈ, ਟੱਕ ਨਾਲ ਜੁੜੀਆਂ ਗੱਲਾਂ ਮੇਰੇ ਚੇਤੇ ਵਿਚ ਆਉਣ ਲੱਗਦੀਆਂ ਹਨ।" ( ਪੰਨਾ, 108)

ਇਥੇ ਸਮਾਜਕ ਨਾਬਰਾਬਰੀ ਜਾਤੀਗਤ ਦਮਨ ਤੇ ਲੁੱਟ ਦੇ ਸਤਾਏ ਲੋਕ ਮੁਕਤੀ ਦੇ ਵੱਖੋ-ਵੱਖਰੇ ਰਾਹ ਤਲਾਸ਼ਦੇ ਨਜ਼ਰ ਆਉਂਦੇ ਹਨ। ਜਿਹਨਾਂ ਵਿਚੋਂ ਇਕ ਰਾਹ ਧਰਮ ਪਰੀਵਰਤਨ ਦਾ ਵੀ ਬਣਦਾ ਹੈ। ਇਸੇ ਲਈ ਦਲਿਤ ਚਮਾਰ ਜਾਤੀ ਦੇ ਸਤਾਏ ਲੋਕ ਬੁੱਧ -ਮੱਤ ਵੱਲ ਤੁਰ ਪੈਂਦੇ ਹਨ। ਪਾਠ ਵਿਚ 'ਮੈਂ' ਪਾਤਰ ਇੰਗਲੈਂਡ ਵਿਚ 'ਅੰਬੇਡਕਰ ਮਿਸ਼ਨ ਸੁਸਾਇਟੀ' ਨਾਲ ਜੁੜ ਆਪਣੇ ਪਿੰਡ ਵਿਚ ਵੀ ਬੁੱਧ ਵਿਹਾਰ ਬਣਾਉਣ ਦੀ ਸੋਚਦਾ ਹੈ। ਜਿਸ ਦੇ ਲਈ ਉਸ ਨੂੰ ਇਸ ਦੇ ਲਈ ਆਪਣੇ ਮਾਂ- ਪਿਉ ਤੋਂ ਲੈ ਕੇ ਪਿੰਡ ਦੇ ਹਰ ਇਕ ਮੁਹਤਬਰ ਬੰਦੇ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ।

"ਤੂੰ ਪੁੱਤ ਹੁਣ ਪੰਜ ਕਨਾਲ 'ਚ ਪੋਹਲੀ ਦਾ ਬੀਅ ਨਾ ਖਿਲਾਰ ... ਪਤਾ ਨੀ ਕੀ ਕਹਿੰਦਾ ਸੀ ਰੱਖਾ ਅਖੇ ਬੋਧੀਆਂ ਦਾ ਮੰਦਰ ਬਣਾਉਣ ਨੂੰ ਫ਼ਿਰਦਾ ਆਪਣਾ ਗਿਆਨ। ਪਤਾ ਨੀ ਤੈਨੂੰ ਕਾਕਾ ਕੌਣ ਪੁੱਠੀਆਂ ਪੱਟੀਆਂ ਪੜਾਂਉਂਦਾ? ਪੁਰਾਣੇ ਜ਼ਮਾਨੇ ਵਿਚ ਅਸੀਂ ਸੁਣਦੇ ਸੀ ਬੁੱਧ ਨੂੰ , ਹੁਣ ਰਿਵਾਜ ਨਹੀਂ।"( ਪੰ. 109)

ਜਾਤੀ ਵਿਸ਼ੇਸ਼ ਦੇ ਸੰਘਰਸ਼ ਵਿਚ ਫ਼ਸਿਆ 'ਮੈਂ' ਪਾਤਰ ਆਪਣੇ ਆਪ ਨਾਲ ਵੀ ਕੋਈ ਫ਼ੈਸਲਾ ਕਰਨ ਤੋਂ ਅਸਮਰੱਥ ਰਹਿੰਦਾ ਹੈ। ਇਸ ਲਈ ਬੁੱਧ-ਵਿਹਾਰ ਵਿਚ ਰਹਿੰਦਿਆਂ ਵੀ ਰਵਿਦਾਸ ਦੀ ਤਸਵੀਰ ਆਪਣੇ ਕੋਲ ਰੱਖਦਾ ਹੈ। ਇਹ ਕਹਾਣੀ ਧਰਮ ਤੇ ਇਤਿਹਾਸ ਨਾਲ ਸੰਬੰਧਤ ਬਹੁਤ ਸਾਰੇ ਸਰੋਕਾਰਾਂ ਨੂੰ ਪਾਠਕ ਦੇ ਸਨਮੁਖ ਕਰਦੀ ਹੈ। ਜਿਸ ਦੇ ਪਾਸਾਰ ਰਵਿਦਾਸ ਦੇ ਸਮਾਨਾਤੰਰ ਬੁੱਧ-ਵਿਹਾਰ ਵਿਚ ਵੀ ਪਏ ਮਿਲਦੇ ਹਨ। ਕਹਾਣੀ ਦਾ ਮੁੱਖ ਥੀਮ 'ਜੜ੍ਹਾਂ' ਤੋਂ ਟੁੱਟ ਕੇ ਨਵੀਨ ਸੰਦਰਭਾਂ ਨਾਲ ਜੁੜਨ ਤੋਂ ਪੈਦਾ ਹੋਏ ਵਿਰੋਧਾਭਾਸ ਨੂੰ ਬੜੇ ਹੀ ਸੂਖ਼ਮ ਤੇ ਵਿਸ਼ਾਲ ਰੂਪ ਵਿਚ ਪੇਸ਼ ਕਰਦਾ ਹੈ। ਕਹਾਣੀ ਦੇ ਅੰਤ ਵਿਚ ਆਏ ਸ਼ਬਦ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਪ੍ਰਤੀਤ ਹੁੰਦੇ ਹਨ।

ਅਚਾਨਕ ਬੈਠਾ ਬੈਠਾ ਉਹ ਕਿਤਾਬ ਕੱਢ ਕੇ ਖੋਲਦਾ ਹੈ ਤਾਂ ਵਿਚੋਂ ਰਵਿਦਾਸ ਦੀ ਤਸਵੀਰ ਵੇਖ ਕੇ ਤ੍ਰਭਕ ਜਾਂਦਾ ਹੈ... ਹੇ ਆਨੰਦ ਆਪਣਾ ਦੀਪਕ ਆਪ ਬਣੋ... ਅਨੰਦ ਆਪਣੀ ਹੀ ਸ਼ਰਣ ਜਾਉ। ਧੱਮ ਨੂੰ ਹੀ ਆਪਣਾ ਮਾਰਗ ਸਮਝੋ... ਧੱਮ ਦੇ ਵਿਚ ਰਹੋ... ( ਪੰਨਾ, 120)

ਪਾਠ ਵਿਚ ਵਿਚਰਦਿਆਂ ਨਿਮਨ ਕਿਸਾਨੀ ਦੀ ਤ੍ਰਾਸਦੀ ਵੀ ਪੇਸ਼ ਹੁੰਦੀ ਹੈ। ਜਿਸ ਦਾ ਇਕ ਸਰੋਕਾਰ **'ਚੂੜੇ ਵਾਲੀ ਬਾਂਹ'** ਵਿਚ ਮਿਲਦਾ ਹੈ। ਜਿਸ ਦੇ ਪਾਤਰ ਖੇਤ ਮਾਲਕ ਤੋਂ ਖੇਤ ਮਜ਼ਦੂਰ ਤੇ ਫ਼ਿਰ ਦਿਹਾੜੀ ਦੱਪੇ ਤੱਕ ਦਾ ਸਫ਼ਰ ਤੈਅ ਕਰਦੇ ਹਨ। ਪੜ੍ਹਤ ਦੌਰਾਨ ਪਤਾ ਚੱਲਦਾ ਹੈ ਕਿ **ਜਸਵੀਰ ਰਾਣਾ** ਨੂੰ ਕਿਸਾਨੀ ਜੀਵਨ ਦਾ ਡੂੰਘਾ ਅਨੁਭਵ ਪ੍ਰਾਪਤ ਹੈ। ਵਰਤਾਰੇ ਵਿਚ ਪੇਂਡੂ ਜਨ ਜੀਵਨ ਦੀਆਂ ਉੱਭਰਦੀਆਂ ਵਿਭਿੰਨ ਪਰਤਾਂ ਪ੍ਰਤੱਖ ਰੂਪ ਵਿਚ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਬਿਰਤਾਂਤਕਾਰ ਨੇ ਪੇਂਡੂ ਅਰਥਚਾਰੇ ਵਿਚ ਪਾਤਰਾਂ ਦੀਆਂ ਮਨੋਸਥਿਤੀਆਂ, ਗੁੰਝਲਾਂ, ਰੂੜ੍ਹੀਆਂ, ਮਰਯਾਦਾਵਾਂ ਤੇ ਜਾਤੀ ਅਵਚੇਤਨ ਦੀਆਂ ਸਨਸਨੀਖੇਜ਼ ਪਰਤਾਂ ਦੇ ਨਾਲ ਕਿਸਾਨੀ ਤੇ ਥੁੜ੍ਹਾਂ ਮਾਰੇ ਲੋਕਾਂ ਦੇ ਦੁਖਾਂਤਕ ਪਹਿਲੂਆਂ ਨੂੰ ਕਲਾਤਮਕ ਅਭਿਵਿਅਕਤੀ ਪ੍ਰਦਾਨ ਕੀਤੀ ਹੈ। ਆਰਥਕ ਥੁੜ੍ਹਾਂ-ਟੁੱਟਾਂ ਕਾਰਨ ਹੀ ਬਿਰਤਾਂਤਕੀ-ਪਾਠ ਦੇ 'ਮੈਂ' ਪਾਤਰ



ਬੱਗੇ ਤੋਂ ਲੈ ਕੇ ਰਾਮ ਆਸਰੇ, ਦੀਪ, ਕੇਸਰ ਤੇ ਤਾਏ ਤੱਕ ਦੇ ਪਾਤਰ ਛੜੇ ਹੋਣ ਦਾ ਸੰਤਾਪ ਹੰਢਾਉਂਦੇ ਹਨ। 'ਦੀਪ ਨੂੰ ਵਾਰ -ਵਾਰ ਤੀਵੀਂਆਂ ਦੇ ਭੁਲੇਖੇ ਪੈਣ ਦਾ ਚਿਹਨਾਤਮਕ ਪਰਿਪੇਖ ਇਸੇ ਗੱਲ ਦੀ ਹੀ ਪੜ੍ਹੋਤਾ ਕਰਦਾ ਦੀਪੇ ਦੇ ਮਨ ਦੇ ਕਾਮਵੇਗ ਨੂੰ ਹੋਰ ਤੀਬਰ ਕਰਦਾ ਹੈ।

"ਦੀਪ ਪੈੱਗ ਤੇ ਪੈੱਗ ਚੜ੍ਹਾਉਣ ਲੱਗਦਾ। ਨਸ਼ਾ ਵਧਣ ਨਾਲ ਮੇਰਾ ਦਿਮਾਗ ਘੁੰਮਣ ਲੱਗ ਪੈਂਦਾ। ਦੀਪ ਦੀ ਘਰਆਲੀ। ਉਹਦੀ ਭਰਜਾਈ । ਤਾਏ ਦੀ ਭੱਜੀ ਹੋਈ ਘਰਆਲੀ। ਸ਼ੀਸ਼ੇ ਵਿਚਲੀਆਂ ਸਵਾਰੀਆਂ। ਤੇ ਬਾਥਰੂਮ ਵਿਚ ਨਹਾਉਂਦੀ ਤੀਵੀਂ। ਇਕ ਇਕ ਸ਼ੈਅ ਅੱਖਾਂ ਵਿਚ ਉਤਰਨ ਲੱਗਦੀ ।( ਪੰਨਾ, 48)

ਬੱਗੇ ਲਈ ਤਾਂ ਇਹ ਤਰਸੇਵਾਂ ਉਦੋਂ ਹੋਰ ਵੱਧ ਜਾਂਦਾ ਹੈ ਜਦੋਂ ਉਸ ਨੂੰ ਪ੍ਰਤੀਤ ਹੁੰਦਾ ਹੈ ਕਿ ਉਸ ਦਾ ਨਾਂ ਲੈ ਕੇ ਬੋਲੀਆਂ ਪਾਈਆਂ ਜਾ ਰਹੀਆਂ ਹਨ:

"ਕੁਝ ਪਲ ਚੁੱਪ ਵਰਤੀ। ਫਿਰ ਗਿੱਧਾ ਪੈਣ ਲੱਗ ਪਿਆ। ਮੇਰਾ ਨਾਂ ਲੈ ਕੇ ਬੋਲੀਆਂ ਪੈਣ ਲੱਗ ਪਈਆਂ, "ਮੈਨੂੰ ਖਿੱਚ ਲੈ ਵੇ ਬੱਗਿਆ !...ਖਿੱਚ ਲੈ ਤੂੰ ਚੂੜੇ ਵਾਲੀ ਬਾਂਹ ਫੜ ਕੇ !!" ( ਪੰਨਾ, 46)

ਬੱਗੇ ਨੂੰ ਛੱਡ ਕੇ ਬਾਕੀ ਸਾਰੇ ਪਾਤਰ ਔਰਤ ਦੇ ਸਾਥ ਨੂੰ ਤਰਸਦੇ ਹੌਲੀ ਹੌਲੀ ਇਸ ਦੁਨੀਆ ਤੋਂ ਰੁਖ਼ਸਤ ਹੋ ਜਾਂਦੇ ਹਨ । ਜਿਹਨਾਂ ਦੀ ਆਤਮਕ ਤ੍ਰਿਪਤੀ ਬੱਗਾ ਪਾਠ ਦੇ ਅੰਤ ਵਿਚ ਵਿਆਹਾਂ ਦੇ ਇਸ਼ਤਿਹਾਰ ਦੇ ਕੇ ਕਰਦਾ ਹੈ। ਜਿਸ ਦੇ ਲਈ ਚਾਰ ਸੌ ਵੀਹ ਦੇ ਕੇਸ ਵਿਚ ਉਸ ਨੂੰ ਪੁਲਸ ਦੀ ਕੁੱਟ ਵੀ ਖਾਣੀ ਪੈਂਦੀ ਹੈ। ਇਹ ਸ਼੍ਰੇਣੀ ਅਜਿਹੀ ਹੈ , ਜਿਹੜੀ ਸੁਪਨੇ ਅਤੇ ਪ੍ਰਾਪਤੀ ਦੇ ਤਣਾਉ ਵਿਚੋਂ ਗੁਜ਼ਰਦੀ ਸੰਕਟਗ੍ਰਸਤ ਹੁੰਦੀ ਹੈ। ਇਸ ਦੀਆਂ ਅਕਾਂਖਿਆਵਾਂ ਦਾ ਅਤ੍ਰਿਪਤ ਰਹਿ ਜਾਣਾ ਹੀ ਸ਼੍ਰੇਣੀ ਦੇ ਵਿਸ਼ਾਦ ਦਾ ਕਾਰਨ ਬਣਦਾ ਹੈ। ਪਾਤਰਾਂ ਦੇ ਮਾਨਸਿਕ ਪ੍ਰਿਜ਼ਮ ਵਿਚੋਂ ਪੈਦਾ ਹੋਏ ਵਿਭਿੰਨ ਚਿਹਨਕੀ-ਜੁੱਟ ਘਰ ਦੀ ਵਸਤੂਗਤ ਤੇ ਸੰਕਲਪਾਤਮਕ ਲੋੜ ਨੂੰ ਵੀ ਪ੍ਰਗਟ ਕਰਦੇ ਹਨ। ਬਿਰਤਾਂਤਕਾਰ ਇਥੇ ਇਹ ਗੱਲ ਵੀ ਦ੍ਰਿੜ੍ਹ ਕਰਦਾ ਹੈ ਕਿ ਘਰ ਵੀ ਨਿਰਾ ਇੱਟਾਂ ਵੱਟਿਆਂ ਨਾਲ ਨਹੀਂ ਸਗੋਂ ਔਰਤ ਨਾਲ ਬਣਦਾ ਹੈ। ਜਿਸ ਦਾ ਇਕ ਦ੍ਰਿਸ਼ ਬੱਗੇ ਦੇ ਅਵਚੇਤਨ ਵਿਚੋਂ ਕੁਝ ਇਸ ਤਰ੍ਹਾਂ ਉੱਭਰਦਾ ਹੈ: "ਖਾਸਾ ਚਿਰ ਬਾਅਦ ਉਹਦੀ ਆਵਾਜ਼ ਮੇਰੇ ਕੰਨੀਂ ਪੈਂਦੀ, "ਬੱਗਿਆ ! ਐਥੋਂ ਵਧੀਆ ਜਿਹੇ ਡੱਕੇ ਚੁਗ ਕੇਰਾਂ !...ਆਪਾਂ ਘਰ ਬਣਾਈਏ...।"

ਜਦੋਂ ਉਹ ਤੀਲਾਂ ਵਰਗੇ ਬਰੀਕ ਡੱਕਿਆਂ ਨਾਲ ਘਰ ਦੀ ਛੱਤ ਚਿਣ ਕੇ ਹਟਦਾ। ਅਚਾਨਕ ਹੀ ਕਿਧਰੋਂ ਹਵਾ ਦਾ ਬੁੱਲਾ ਆਉਂਦਾ। ਘਰ ਦਾ ਤੀਲਾ -ਤੀਲਾ ਹੋ ਕੇ ਖਿੱਲਰ ਜਾਂਦਾ। ਕੇਸਰ ਦੀ ਅਵਾਜ਼ ਦੂਰ-ਦੂਰ ਤੱਕ ਗੂੰਜਦੀ ਚਲੀ ਜਾਂਦੀ , "ਆਹ ਫੂਕ ਕੀਹਨੇ ਮਾਰੀ ਐ !..ਕੀਹਨੇ ਮਾਰੀ ਐ ਫੂਕ !"ਪੰ 101

ਪਾਠ ਵਿਚਲਾ ਕਲਾਤਮਕ ਪੱਖ ਵੀ ਮਹਤੱਵਪੂਰਨ ਹੈ। ਕਹਾਣੀ ਸੰਗ੍ਰਹਿ ਦੇ ਅੰਤ ਵਿਚ ਮੁਸ਼ਕਲ ਸ਼ਬਦਾਂ ਦੇ ਅਰਥ ਤੇ ਕਹਾਣੀ ਪਾਠ ਦੇ ਬਾਰੇ ਵਿਚ ਦਿੱਤੇ ਗਏ ਸਾਰ ਅੰਸ਼ ਵਾਚਣਯੋਗ ਹਨ। ਪਾਠ ਵਿਚਲੇ ਦਿਲਚਸਪ ਵੇਰਵੇ ਰੋਚਕਤਾ ਭਰਪੂਰ ਪਾਠਕੀ ਮਨ ਨੂੰ ਧੂੰਹਦੇ ਚਲੇ ਜਾਂਦੇ ਹਨ। ਕਹਾਣੀ ਸੰਗ੍ਰਹਿ ਦੀ ਸੰਪਾਦਕੀ, ਨਵੀਂ ਕਹਾਣੀ ਸੰਬੰਧੀ ਪਾਠ ਦਾ ਵੇਰਵਾ, ਕਹਾਣੀਆਂ ਦੀ ਚੋਣ, ਕਥਾਕਾਰਾਂ ਦੇ ਜੀਵਨ ਵੇਰਵੇ, ਰਚਨਾਵਾਂ, ਟਿੱਪਣੀਆ ਅਤੇ ਅਰਥਾਵਲੀ ਆਦਿ ਸ਼ਲਾਘਾਯੋਗ ਹਨ। ਪੁਸਤਕ ਨੂੰ ਸੰਪਾਦਤ ਕਰਨ ਦਾ ਸਮੁੱਚਾ ਉਪਰਾਲਾ ਹੀ ਉੱਚਪਾਏ ਵਾਲਾ ਹੈ। ਜਿਸ ਦੇ ਲਈ ਡਾ. ਰਮਿੰਦਰ ਕੌਰ ਵਧਾਈ ਦੇ ਪਾਤਰ ਹਨ। (**ਸੰਪਰਕ-98720-22268**)

**ਸਹਾਇਕ ਪੁਸਤਕਾਂ:**

ਰਮਿੰਦਰ ਕੌਰ (ਡਾ.) ( ਸੰਪਾ.), ਪੰਜਾਬੀ ਕਹਾਣੀ ਦੀ ਨਵੀਨ ਧਾਰਾ, ਪਬਲੀਕੇਸ਼ਨ ਬਿਊਰੋ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2019


ਰਵਿੰਦਰ ਕੁਮਾਰ, ਔਰਤ ਤੇ ਦਲਿਤ, ਹਾਸ਼ੀਆਗਤ ਪ੍ਰਵਚਨ: ਨਵ-ਇਤਿਹਾਸਵਾਦੀ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਰੰਧਾਵਾ, ਦਪਿੰਦਰਜੀਤ ਕੌਰ ( ਡਾ.) , ਜੂਲੀਆ ਕ੍ਰਿਸਤੇਵਾ, ਪੰਜਾਬੀ ਅਕਾਦਮੀ, ਦਿੱਲੀ, 2009

ਰਾਜਿੰਦਰ ਲਹਿਰੀ (ਡਾ.), ਸਮਕਾਲੀ ਪੰਜਾਬੀ ਸਾਹਿਤ, ਸਰੋਕਾਰ ਤੇ ਸੰਭਾਵਨਾਵਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 16-17 ਨਵੰਬਰ, 2011

ਪ੍ਰਵਚਨ , ਕਹਾਣੀ ਗੋਸ਼ਟੀ ਵਿਸ਼ੇਸ਼ ਅੰਕ, ਜਨਵਰੀ-ਮਾਰਚ 2008

## 'ਚੋਣਵੀਆਂ ਪੰਜਾਬੀ ਕਹਾਣੀਆਂ' ਦੇ ਸਮਾਜਿਕ ਸਰੋਕਾਰ/-ਡਾ. ਭੁਪਿੰਦਰ ਕੌਰ




ਅੱਜ ਵਿਦਿਆਰਥੀਆਂ ਅੰਦਰ ਪੜਣ-ਲਿਖਣ ਦੀ ਰੁਚੀ ਘੱਟਦੀ ਜਾ ਰਹੀ ਹੈ ਸਲੇਬਸ ਤੱਕ ਹੀ ਸੀਮਤ ਰਹਿ ਚੱਕੇ ਵਿਦਿਆਰਥੀ ਹੋਰ ਸਾਹਿਤ ਪੜਨਾ ਹੀ ਨਹੀਂ ਚਾਹੁੰਦੇ ਯੂਨੀਵਰਸਿਟੀ ਵਲੋਂ ਲਾਏ ਗਏ ਸਲੇਬਸ ਦੀਆਂ ਪੁਸਤਕਾਂ ਬਹੁਤ ਹੀ ਸੋਚ ਵਿਚਾਰ ਕੇ ਲਾਈਆਂ ਜਾਂਦੀਆਂ ਹਨ ਪਰ ਵਿਦਿਆਰਥੀ ਪੁਸਤਕਾਂ ਦੀ ਟੈਕਸਟ ਪੜ੍ਹਨ ਦੀ ਬਜਾਇ ਗਾਈਡਾਂ ਵਿਚੋਂ ਹੀ ਸਾਰ, ਨਿਚੋੜ, ਬਣੇ ਬਣਾਏ ਪ੍ਰਸ਼ਨ ਪੜ ਕੇ ਡੰਗ ਸਾਰ ਰਹੇ ਹਨ। ਜੇਕਰ ਮੈਂ ਕਹਾਣੀ ਦੀ ਗੱਲ ਕਰਾਂ ਤਾਂ ਸਲੇਬਸ ਵਿਚ ਲਾਏ ਗਏ ਕਹਾਣੀ ਸੰਗ੍ਰਿਹ ਜਾਂ ਵੱਖ?-ਵੱਖ ਕਹਾਣੀਕਾਰਾਂ ਦੀ ਸੰਪਾਦਿਕ ਪੁਸਤਕ ਇਹ ਸੋਚ ਕੇ ਲਾਈ ਜਾਂਦੀ ਹੈ ਕਿ ਬੱਚੇ ਕਹਾਣੀ ਦੇ ਵਿਕਾਸ ਨੂੰ ਸਮਝਣ ਪਰ ਜਿਸ ਮਕਸਦ ਲਈ ਪੁਸਤਕਾਂ ਲਾਈਆਂ ਜਾਂਦੀਆਂ ਹਨ, ਉਹ ਪੂਰਾ ਨਹੀਂ ਹੋ ਪਾ ਰਿਹਾ ਸਾਡੀ ਅਧਿਆਪਕਾਂ ਦੀ ਡਿਊਟੀ ਬਣਦੀ ਹੈ ਕਿ ਅਸੀਂ ਕਹਾਣੀ ਪਾਠ ਕਰਨ ਦੀ ਰੁਚੀ ਪੈਦਾ ਕਰਨ ਦਾ ਜਤਨ ਕਰੀਏ ਕਹਾਣੀ ਪੜਾਉਣ ਦੇ ਨਾਲ-ਨਾਲ ਕਹਾਣੀ ਦਾ ਉਦੇਸ਼ ਵੀ ਦਸੀਏ ਤਾਂ ਕਿ ਕਹਾਣੀ ਜਿਸ ਵਿਸ਼ੇ ਦੀ, ਜਿਸ ਸਮਾਜ ਦੀ ਗੱਲ ਕਰ ਰਹੀ ਹੈ ਵਿਦਿਆਰਥੀ ਪੜ ਕੇ ਚੇਤੰਨ ਹੋ ਸਕਣ। ਇਹ ਪੁਸਤਕ **'ਚੋਣਵੀਆਂ ਪੰਜਾਬੀ ਕਹਾਣੀਆਂ'** (**ਸੰਪਾਦਕ: ਰਮਿੰਦਰ ਕੌਰ, ਪ੍ਰਕਾਸ਼ਕ: ਪਬਲੀਕੇਸ਼ਨ ਬਿਊਰੋ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਮੁੱਲ: 75 ਰੁਪਏ, ਪੰਨੇ : 143**) ਦੁਆਰਾ ਸੰਪਾਦਿਤ ਵਿਦਿਆਰਥੀਆਂ ਨੂੰ ਅਜੋਕੀਆਂ ਕਹਾਣੀਆਂ ਨਾਲ ਜੋੜਨ ਦੇ ਉਦੇਸ਼ ਨਾਲ ਤਿਆਰ ਕੀਤੀ ਗਈ ਹੈ। ਬੀ. ਏ. ਪੰਜਵਾਂ ਸਮੈਸਟਰ ਦੇ ਲਾਜ਼ਮੀ ਪੰਜਾਬੀ ਦੇ ਵਿਦਿਆਰਥੀਆਂ ਦੇ ਸਲੇਬਸ ਤਾ ਹਿੱਸਾ ਹੈ ਇਹ ਪੁਸਤਕ ਸੰਪਾਦਕੀ 'ਚ ਦਾ ਕਹਿਣਾ ਹੈ ਕਿ ਆਮ ਤੌਰ ਤੇ ਸਲੇਬਸ ਵਿਚ ਬੀਤੇ ਦੇ ਸਾਹਿਤ ਦੀ ਭਰਮਾਰ ਹੁੰਦੀ ਹੈ, ਅਜੋਕਾ ਸਾਹਿਤ ਘੱਟ ਹੁੰਦਾ ਹੈ ਇਹੀ ਕਾਰਨ ਹੈ ਕਿ ਡਾ. ਰਮਿੰਦਰ ਨੇ ਇਸ ਸੰਗ੍ਰਹਿ ਵਿਚ ਤੀਜੀ ਪੀੜ੍ਹੀ ਦੇ ਨਾਲ-ਨਾਲ ਚੌਥੀ ਪੀੜ੍ਹੀ ਦੇ ਕਹਾਣੀਕਾਰ ਵੀ ਸ਼ਾਮਿਲ ਕੀਤੇ ਹਨ। ਜਿਆਦਾਤਰ ਕਹਾਣੀਆਂ ਇਕੀਵੀਂ ਸਦੀ ਦੀਆਂ ਹਨ।

ਅੱਜ ਇਹ ਜ਼ਰੂਰੀ ਹੈ ਕਿ ਵਿਦਿਆਰਥੀ ਆਪਣੇ ਸਮੇਂ ਨਾਲ ਸੰਵਾਦ ਰਚਾਉਣ ਇਸੇ ਮਕਸਦ ਨਾਲ ਹੀ ਇਸ ਪੁਸਤਕ ਲਈ ਕਹਾਣੀਆਂ ਦੀ ਚੋਣ ਕੀਤੀ ਗਈ ਹੈ। ਸਲੇਬਸ ਲਈ ਪੁਸਤਕਾਂ ਨਿਰਧਾਰਿਤ ਕਰਨ ਵਾਲੀ ਕਮੇਟੀ ਦੀ ਆਪਣੀ-ਆਪਣੀ ਰਾਇ ਹੋ ਸਕਦੀ ਹੈ, ਆਪਣਾ-ਆਪਣਾ ਨਜ਼ਰੀਆ ਹੋ ਸਕਦਾ ਹੈ ਪਰ ਹਰ ਇਕ ਦਾ ਉਦੇਸ਼ ਵਿਦਿਆਰਥੀਆਂ ਨੂੰ ਸਮੇਂ ਦੇ ਸਮਾਜ ਦਾ ਸੱਚ ਦਿਖਾਉਣਾ ਹੀ ਹੁੰਦਾ ਹੈ ਇਸ ਪੁਸਤਕ ਵਿਚ ਦਰਜ ਦੱਸ ਕਹਾਣੀਆਂ ਕਹਾਣੀ ਦੇ ਵਿਕਾਸ ਦੀ ਗੱਲ ਵੀ ਕਰਦੀਆਂ ਹਨ ਪ੍ਰੇਮ ਪ੍ਰਕਾਸ਼ ਤੋਂ ਲੈ ਕੇ ਜਤਿੰਦਰ ਹਾਂਸ ਤੱਕ ਦੀ ਕਹਾਣੀ ਵਿਚ ਕਈ ਕੁਝ ਨਵਾਂ ਆਇਆ ਹੈ ਵਿਸ਼ੇ ਪੱਖੋਂ ਵੀ, ਕਲਾ ਪਖੋਂ ਵੀ ਸੋ ਇਸ ਪੁਸਤਕ ਦੀਆਂ ਕਹਾਣੀਆਂ ਵਿਦਿਆਰਥੀਆਂ ਨੂੰ ਕਹਾਣੀ ਵਿਧਾ ਦੇ ਵਿਕਾਸ ਬਾਰੇ ਵੀ



ਜਾਣਕਾਰੀ ਮੁਹੱਈਆ ਕਰਵਾਉਂਦੀਆਂ ਹਨ।

ਸਭ ਤੋਂ ਪਹਿਲੀ ਕਹਾਣੀ **ਪ੍ਰੇਮ ਪ੍ਰਕਾਸ਼** ਦੀ **'ਅਰਜਨ ਛੇੜ ਗਡੀਰਨਾ'** ਸ਼ਾਮਲ ਕੀਤੀ ਗਈ ਹੈ । ਪ੍ਰੇਮ ਪ੍ਰਕਾਸ਼ ਤੋਂ ਪਹਿਲਾਂ ਸਿੱਖ ਲੇਖਕਾਂ ਦੀ ਗਿਣਤੀ ਜਿਆਦਾ ਸੀ, ਉਨ੍ਹਾਂ ਦੀ ਕਹਾਣੀ ਵਿਚ ਸਿੱਖ ਪਾਤਰ ਤੇ ਸਿੱਖ ਸੰਸਕਾਰ ਹੀ ਹੁੰਦੇ ਸਨ। ਪ੍ਰੇਮ ਪ੍ਰਕਾਸ਼ ਦੇ ਕਹਾਣੀ ਜਗਤ ਵਿਚ ਆਉਣ ਨਾਲ ਹਿੰਦੂ ਪਾਤਰ ਤੇ ਹਿੰਦੂ ਧਰਮ ਨਾਲ ਜੁੜੇ ਸੰਸਕਾਰ ਤੇ ਉਨ੍ਹਾਂ ਦੀ ਮਾਨਸਿਕਤਾ ਦਾ ਪ੍ਰਵੇਸ਼ ਹੋਇਆ। ਆਪਣੇ ਸਮਕਾਲੀਆਂ ਵਿਚੋਂ ਕਹਾਣੀ ਵਿਚ ਨਿਵੇਕਲਾਪਨ ਲਿਆਉਣ ਵਾਲਾ ਪ੍ਰੇਮ ਪ੍ਰਕਾਸ਼ ਦਾ ਆਪਣਾ ਹੀ ਅੰਦਾਜ ਹੈ। ਉਸ ਦੀ ਕਹਾਣੀ ਜਿਆਦਾਤਰ ਬੀਤੇ ਦੀ ਗੱਲ ਕਰਦੀ ਹੈ। ਬੇਸ਼ਕ ਉਸ ਦੇ ਵਿਸ਼ੇ ਵਿਵਰਜਿਤ ਹੁੰਦੇ ਹਨ ਪਰ ਉਹ ਕਹਾਣੀ ਵਿਚ ਅਸ਼ਲੀਲਤਾ ਨਹੀਂ ਆਉਂਣ ਦਿੰਦਾ। ਉਸ ਦੀ ਕਹਾਣੀ ਵਿਰਕ ਨਾਲੋਂ ਵੱਖਰੀ ਤੇ ਮੌਲਿਕ ਲਗਦੀ ਹੈ ਕਿਉਂਕਿ ਜਿਥੇ ਵਿਰਕ ਪਾਤਰਾਂ ਦੀ ਮਾਨਸਿਕ ਸਥਿਤੀ ਨੂੰ ਇਕ ਹੀ ਦਿਸ਼ਾ ਵਿਚ ਪੇਸ਼ ਕਰਦਾ ਹੈ ਪ੍ਰੇਮ ਪ੍ਰਕਾਸ਼ ਦੇ ਪਾਤਰਾਂ ਦੀ ਮਾਨਸਿਕ ਸਥਿਤੀ ਬਹੁ-ਪਰਤੀ ਤੇ ਜਟਿਲ ਹੁੰਦੀ ਹੈ। ਉਹ ਭੀੜ ਦਾ ਲੇਖਕ ਨਾ ਹੋ ਕੇ ਲੀਹੋਂ ਹੱਟ ਕੇ ਕੱਝ ਕਰਨ ਵਿਚ ਵਿਸ਼ਵਾਸ ਰੱਖਦਾ ਹੈ। ਉਸ ਦੇ ਪਾਤਰ ਕਈ ਕਿਸਮ ਦੀਆਂ ਗੁੰਝਲਾਂ ਵਿਚ ਫਸੇ ਹੋਏ ਮੁਕਤ ਹੋਣ ਲਈ ਛਟਪਟਾਉਂਦੇ ਹਨ। ਪਰ ਉਹ ਗੁੰਝਲ ਵਿਚੋਂ ਨਿਕਲਣ ਦੀ ਬਜਾਏ ਕਿਸੇ ਹੋਰ ਵਿਚ ਫੱਸ ਜਾਂਦੇ ਹਨ। ਅਸਲ ਵਿਚ ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਮੁਕਤੀ' ਲਈ ਕੀਤੇ ਗਏ ਜਤਨਾਂ ਦੀ ਕਹਾਣੀ ਹੈ। ਕਹਾਣੀ ਦਾ ਪਾਤਰ ਚਾਚਾ ਵੀ ਇਕ ਐਸਾ ਪਾਤਰ ਹੈ। ਜਿਸ ਨੂੰ ਮੌਤ ਦਾ ਡਰ ਸਤਾ ਰਿਹਾ ਹੈ। ਉਸ ਨੂੰ ਆਪਣੀ ਹਾਲਤ ਭੋਰੂ ਕੁੱਤੇ ਵਰਗੀ ਲਗਦੀ ਹੈ ਜਿਸ ਦੀ ਗਰਦਨ ਦਾ ਮਾਸ ਵੀ ਚਾਚੇ ਦੀਆਂ ਲੱਤਾਂ ਦੇ ਮਾਸ ਵਾਂਗ ਲਟਕ ਰਿਹਾ ਸੀ। ਚਾਚੇ ਵਾਂਗ ਹੀ ਉਸ ਨੇ ਵੀ ਖਾਣਾ-ਪੀਣਾ ਛੱਡ ਦਿਤਾ ਸੀ। ਚਾਚੇ ਦੀ ਮਾਨਸਿਕ ਸਥਿਤੀ ਐਸੀ ਹੈ ਕਿ ਨਾ ਉਸ ਨੂੰ ਦਿਨੇ ਚੈਨ ਮਿਲਦਾ ਹੈ ਤੇ ਨਾਂ ਹੀ ਰਾਤੀਂ। ਮੌਤ ਨੂੰ ਨੇੜੇ ਵੇਖ ਕੇ ਚਾਚਾ ਮੌਤ ਨੂੰ ਸਵੇਰ ਕਹਿ ਕੇ ਪੁਨਰ ਜਨਮ ਬਾਰੇ ਗੱਲ ਕਰਕੇ ਜਿਥੇ ਆਪਣੇ ਆਪ ਨੂੰ ਧਰਵਾਸ ਦਿੰਦਾ ਹੈ ਉਥੇ ਤਿੰਨ ਵਰਨਾਂ ਨੂੰ ਨੀਵੇਂ ਸਮਝਣ ਤੇ ਆਪਣੇ ਪੂਰਵਜਾਂ ਦਾ ਵਰਤਾਓ ਨੀਚ ਕਰਮ ਜਾਪਦਾ ਹੈ। ਇਸ ਲਈ ਉਹ ਆਪਣੇ ਆਪ ਨੂੰ ਗੁਨਾਹਗਾਰ ਮੰਨਦਾ ਹੋਇਆ ਆਪਣੇ ਮਰਨ ਪਿਛੋਂ ਬ੍ਰਾਹਮਣੀ ਕਿਰਿਆ ਕਰਮ ਕਰਨ ਦੀ ਮਨਾਹੀ ਕਰਦਾ ਹੈ ਤੇ ਆਪਣੇ ਖਾਨਦਾਨ ਦਾ ਨਾਮ ਕਾਇਮ ਰੱਖਣ ਲਈ ਹਰ ਸਾਲ ਗਰੀਬ ਵਿਦਿਆਰਥੀਆਂ ਨੂੰ ਕਿਤਾਬਾਂ ਦੇਣ ਤੇ ਪਿੰਡ ਵਿਚ ਲਾਇਬਰੇਰੀ ਖੋਲਣ ਲਈ ਬਿਰਤਾਂਤਕਾਰ ਨੂੰ ਮੋਟੀ ਰਕਮ ਵੀ ਦਿੰਦੇ ਹਨ ਸੋ ਇਹ ਕਹਾਣੀ ਭਾਰਤੀ ਮਨੁੱਖ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ ਜੋ ਮੌਤ ਨੇੜੇ ਜਾਣ ਕੇ ਧਰਤੀ ਤੇ ਪਿੰਡ ਦਾ ਮੋਹ ਵੀ ਨਹੀਂ ਤਿਆਗਤਾ ਤੇ ਮੁਕਤੀ ਲਈ ਤੜਫਤਾ ਵੀ ਹੈ। ਕਹਾਣੀ ਦਸਦੀ ਹੈ ਕਿ ਜਿਸ ਪ੍ਰਕਾਰ ਕ੍ਰਿਸ਼ਨ ਵੱਲੋਂ ਅਰਜਨ ਨੂੰ ਰਾਮ ਭਰੋਸੇ ਰਣਭੂਮੀ ਵਿਚ ਜਾਣ ਦਾ ਸੰਕੇਤ ਸੀ। ਉਸੇ ਤਰ੍ਹਾਂ ਕਹਾਣੀ ਦਾ ਚਾਚਾ ਵੀ ਪਰਲੋਕ ਜਾਣ ਦੀ ਤਿਆਰੀ ਵਿਚ ਹੈ।

ਜਦੋਂ ਕਹਾਣੀ ਖੇਤਰ ਵਿਚ **ਮਨਮੋਹਨ ਬਾਵਾ** ਦਾ ਪ੍ਰਵੇਸ਼ ਹੁੰਦਾ ਹੈ ਤਾਂ ਕਹਾਣੀ ਵਿਚ ਇਕ ਨਵੀਂ ਵਸਤੂ ਸਮੱਗਰੀ ਦਾ ਪ੍ਰਵੇਸ਼ ਹੁੰਦਾ ਹੈ ਜਦੋਂ ਇਤਿਹਾਸ, ਮਿਥਿਹਾਸ ਵਿਚੋਂ ਪਾਤਰ ਲੈ ਕੇ ਉਨ੍ਹਾਂ ਨੂੰ ਜਿਉਂਦੇ ਜਾਗਦੇ ਵਿਖਾਇਆ ਗਿਆ। ਬਾਵਾ ਦੀਆਂ ਜਿਆਦਾਤਰ ਕਹਾਣੀਆਂ ਇਤਿਹਾਸ-ਮਿਥਿਹਾਸ ਨੂੰ ਮੌਲਿਕ ਦ੍ਰਿਸ਼ਟੀਕੋਣ ਤੋਂ ਪੁਨਰ ਸੁਰਜੀਤ ਕਰਦੀਆਂ ਹਨ। **'ਏਕਲਵਯ'** ਕਹਾਣੀ ਵੀ ਇਕ ਐਸੇ ਪਾਤਰ ਦੀ ਕਹਾਣੀ ਹੈ ਜੋ ਮਹਾਭਾਰਤ ਵਿਚ ਗੁੰਮਸ਼ੁਦਾ ਰਹਿੰਦਾ ਹੈ ਪਰ ਇਤਿਹਾਸ ਦਾ ਇਕ ਮਹਾਨਾਇਕ ਹੈ। ਕਹਾਣੀ ਮਹਾਭਾਰਤ ਨੂੰ ਇਕ ਨਿਵੇਕਲੇ ਅੰਦਾਜ ਵਿਚ ਪੇਸ਼ ਕਰਦੀ ਹੈ। ਅਸਲ ਵਿਚ ਬਾਵਾ ਦੀ ਸਮੁੱਚੀ ਗਲਪ ਪੰਜਾਬੀ ਸਾਹਿਤ ਨੂੰ ਇਕ ਨਵਾਂ ਤੇ ਮੌਲਿਕ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ। ਅਦਭੁਤ ਵਾਤਾਵਰਣ ਨੂੰ ਪੇਸ਼ ਕਰਦੀ ਕਹਾਣੀ ਰੌਚਕਤਾ ਭਰਪੂਰ ਹੁੰਦੀ ਹੈ। ਅਸੀਂ ਸਿਰਫ ਏਕਲਵਯ ਬਾਰੇ ਇੰਨ੍ਹਾ ਹੀ ਜਾਣਦੇ ਹਾਂ ਕਿ ਉਸ ਨੇ ਆਪਣਾ ਅੰਗੂਠਾ ਕੱਟ ਕੇ ਗੁਰੂ ਨੂੰ ਭੇਂਟ ਕਰ ਦਿੱਤਾ ਸੀ। ਬਾਵਾ ਦੀ ਇਹ ਕਹਾਣੀ ਏਕਲਵਯ ਦੇ ਜੀਵਨ ਦੇ ਹੋਰ ਵੀ ਕਈ ਪੱਖ ਸਾਡੇ ਸਾਹਮਣੇ ਪੇਸ਼ ਕਰਦੀ ਹੈ ਏਕਲਵਯ ਚੌਦਾਂ ਵਰ੍ਹਿਆਂ ਦੀ ਉਮਰ ਵਿਚ ਹੀ ਇਕ

ਨਿਪੁੰਨ ਧਨੁੱਖਧਾਰੀ ਬਣ ਗਿਆ ਸੀ। ਮਾਮੇ ਦੇ ਪਿੰਡ ਵਿਚ ਜਦੋਂ ਇਕ ਲੂੰਬੜੀ ਦਾ ਪਿੱਛਾ ਕਰਦੇ ਹੋਏ ਉਸਦੀ ਭੇਂਟ ਇਕ ਗਰੀਬ ਪਰਿਵਾਰ ਨਾਲ ਹੁੰਦੀ ਹੈ ਜਿਸਦੇ ਦੇ ਬੱਚਿਆਂ ਵਿਚੋਂ ਇਕ ਬੱਚਾ ਭੁੱਖਾ ਸੀ ਤੇ ਭੁੱਖ ਕਾਰਨ ਬੇਹੋਸ਼ ਹੋ ਗਿਆ। ਏਕਲਵਯ ਆਪਣੇ ਮਾਮੇ ਘਰੋਂ ਦੁੱਧ ਲਿਆਇਆ ਤੇ ਬੱਚੇ ਦੀ ਭੁੱਖ ਦੂਰ ਕੀਤੀ। ਅਸਲ ਵਿਚ ਇਹ ਪਰਿਵਾਰ ਦਰੋਣਾਚਾਰੀਆਂ ਦਾ ਪਰਿਵਾਰ ਸੀ ਜੋ ਭੁੱਖਮਰੀ ਤੇ ਗਰੀਬੀ ਤੋਂ ਆਤੁਰ ਹੋ ਕੇ ਪੰਚਾਲ ਦੇਸ਼ ਵਿਚ ਦਰੋਪਦ ਕੋਲ ਜਾ ਰਹੇ ਸਨ। ਏਕਲਵਯ ਨੇ ਜਿਨ੍ਹਾਂ ਚਿਰ ਵੀ ਦਰੋਣਾਚਾਰਿਆਂ ਉਸ ਦੇ ਮਾਮੇ ਦੇ ਘਰ ਰਹੇ ਉਨ੍ਹਾਂ ਤੋਂ ਵੀ ਧਨੁੱਖ ਵਿਦਿਆ ਲਈ ਸੀ। ਅੱਠ ਦੱਸ ਸਾਲਾਂ ਮਗਰੋਂ ਜਦੋਂ ਏਕਲਵਯ ਬ੍ਰਾਹਮਣ ਗੁਰੂ ਦਰੋਣਾਚਾਰੀਆਂ ਤੋਂ ਵਿਦਿਆ ਲੈਣ ਲਈ ਪੁੱਜਾ ਪਰ ਉਸ ਨੂੰ ਗੁਰੂ ਨੇ ਇਨਕਾਰ ਕਰ ਦਿੱਤਾ ਕਿਉਂਕਿ ਉਹ ਨੀਚੀ ਕੁੱਲ ਆਰੀਆ ਬ੍ਰਾਹਮਣ ਤੇ ਰਾਜਗੁਰੂ ਹੋਣ ਦੇ ਅਭਿਮਾਨ ਵਿਚ ਆ ਚੁੱਕਾ ਸੀ। ਦਰੋਣਾਚਾਰੀਆਂ ਦੀ ਪਤਨੀ ਕਿਰਪੀ ਦੇ ਕਹਿਣ ਤੇ ਏਕਲਵਯ ਨੇ ਗੁਰੂ ਦੀ ਮੂਰਤੀ ਬਣਾਈ ਤੇ ਉਸ ਤੋਂ ਧਨੁੱਖ ਵਿਦਿਆ ਲਈ। ਜਦੋਂ ਗੁਰੂ ਨੇ ਅੰਗੂਠਾ ਮੰਗ ਲਿਆ ਤਾਂ ਏਕਲਵਯ ਨੇ ਇਕ ਵਰ ਮੰਗਿਆ ਕਿ ਉਸ ਨੂੰ ਇਕ ਦਿਨ ਅਰਜੁਨ ਦੇ ਸਾਹਮਣੇ ਖੜਾ ਹੋ ਕੇ ਆਪਣੀ ਤੀਰ ਅੰਦਾਜੀ ਦੇ ਜੌਹਰ ਦਿਖਾਉਣ ਤੇ ਬਦਲਾ ਲੈਣ ਦਾ ਮੌਕਾ ਮਿਲੇ। ਗੁਰੂ ਨੇ ਵਰ ਦੇ ਦਿੱਤਾ। ਇਸ ਪ੍ਰਕਾਰ ਕਹਾਣੀ ਵਿਚ ਏਕਲਵਯ ਦੇ ਜੀਵਨ, ਉਸ ਦੀ ਸ਼ਸਤਰ ਵਿਦਿਆ ਵਿਚ ਮੁਹਾਰਤ, ਗੁਰੂ ਲਈ ਕੁਰਬਾਨੀ, ਨੀਵੀਂ ਜਾਤ ਦਾ ਵਿਤਕਰਾ ਤੇ ਉਸਦੀ ਬਹਾਦਰੀ ਨੂੰ ਪੇਸ਼ ਕੀਤਾ ਹੈ। ਸੋ ਇਹ ਕਹਾਣੀ ਵਿਦਿਆਰਥੀਆਂ ਨੂੰ ਸਮਾਜ ਅੰਦਰ ਹੋ ਰਹੇ ਜਾਤੀ ਵਿਤਕਰੇ ਦੀ ਜਾਣਕਾਰੀ ਦਿੰਦੀ ਹੈ ।ਉਨ੍ਹਾਂ ਅੰਦਰ ਇਸ ਕਿਸਮ ਦੇ ਵਰਤਾਰੇ ਪ੍ਰਤੀ ਨਫ਼ਰਤ ਪੈਦਾ ਕਰਨਾ ਹੀ ਇਸ ਕਹਾਣੀ ਦਾ ਉਦੇਸ਼ ਹੈ। ਇਸ ਸੰਗ੍ਰਹਿ ਅੰਦਰ ਦੋ ਇਸਤਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਵੀ ਲਈਆਂ ਗਈਆਂ ਹਨ।

**ਅਜੀਤ ਕੌਰ** ਨੂੰ ਸਾਹਿਤ ਜਗਤ ਵਿਚ ਵਿਲਖਣ ਤੇ ਨਿਸ਼ਚਿਤ ਸਥਾਨ ਪ੍ਰਾਪਤ ਹੈ। ਉਸ ਨੇ ਕਹਾਣੀਆਂ ਰਾਹੀਂ ਇਸਤਰੀ ਮਨ ਦੀਆਂ ਉਨ੍ਹਾਂ ਤਹਿਆਂ ਨੂੰ ਫਰੋਲਿਆ ਜਿਹੜੀਆਂ ਸੰਕੀਰਨਤਾ ਭਰੇ ਦ੍ਰਿਸ਼ਟੀਕੋਣ ਕਾਰਨ ਸਮਾਜਿਕ ਕਦਰਾਂ ਕੀਮਤਾਂ ਅਤੇ ਲੋਕਾਚਾਰ ਦੀ ਧੁੰਧ ਹੇਠ ਦ੍ਰਿਸ਼ਟੀਗੋਚਰ ਨਹੀਂ ਸੀ। ਉਹ ਬੜੀ ਹੀ ਦ੍ਰਿੜਤਾ ਨਾਲ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕਰਦੀ ਹੈ। ਉਸ ਨੂੰ ਮਰਦ ਪ੍ਰਧਾਨ ਸਮਾਜ ਵੱਲੋਂ ਇਸਤਰੀ ਉਪਰ ਹੋ ਰਹੀਆਂ ਵਧੀਕੀਆਂ ਦਾ ਅਨੁਭਵ ਹੈ। ਅਸਲ ਵਿਚ ਉਹ ਉਨ੍ਹਾਂ ਇਸਤਰੀਆਂ ਦੀ ਗੱਲ ਕਰਦੀ ਹੈ ਜੋ ਸਵੈਮਾਨ ਨਾਲ ਜਿਉਣਾ ਚਾਹੁੰਦੀ ਹੈ। ਉਸ ਦੀ ਕਹਾਣੀ ਵਿਚ ਕਾਮ ਦੀ ਪ੍ਰਧਾਨਤਾ ਰਹੀ ਹੈ। ਉਸ ਦੀ ਕਹਾਣੀ ਕਲਾ ਨੇ ਦਿਨੋ ਦਿਨ ਵਿਕਾਸ ਕੀਤਾ ਹੈ। ਇਸਦੇ ਵਿਪਰੀਤ **ਚੰਦਨ ਨੇਗੀ** ਆਪਣੀ ਕਹਾਣੀ ਮੱਧਵਰਗੀ ਔਰਤ ਦੀ ਗੱਲ ਕਰਦੀ ਹੈ, ਸ਼ਹਿਰੀ ਔਰਤ ਦੀ ਮਾਨਸਿਕ ਅਵਸਥਾ ਤੋਂ ਵਿਹਾਰ ਦਾ ਚਿਤਰਨ ਕਰਦੀ ਉਸ ਦੀ ਕਹਾਣੀ ਦੇ ਪਾਤਰ ਮੂਕ ਸ਼ੋਰ ਵਿਚ ਆਪਣੀ ਵੇਦਨਾ ਨੂੰ ਪੇਸ਼ ਕਰਦੇ ਹਨ। ਪ੍ਰਤੀਕੂਲ ਪ੍ਰਸਥਿਤੀਆਂ ਵਿਚ ਵਿਚਰਦੇ ਉਸਦੇ ਪਾਤਰ ਆਤਮਿਕ ਆਨੰਦ ਤੱਕ ਪਹੁੰਚਣ ਦਾ ਯਤਨ ਕਰਦੇ ਪ੍ਰਤੀਤ ਹੁੰਦੇ ਹਨ। **ਅਜੀਤ ਕੌਰ** ਦੀ ਕਹਾਣੀ **'ਨਿਊ ਯੀਅਰ'** ਭ੍ਰਿਸ਼ਟਾਚਾਰ ਨੂੰ ਪੇਸ਼ ਕਰਦੀ ਹੈ। ਕਪੂਰ ਵਰਗਾ ਪਾਤਰ ਜਦੋਂ ਮਾਮੂਲੀ ਟਾਈਪਿਸਟ ਤੋਂ ਮਨਿਸਟਰ ਦਾ ਪਰਸਨਲ ਅਸਿਸਟੈਂਟ ਬਣ ਜਾਂਦਾ ਹੈ ਉਸ ਦਾ ਮਾਣ ਸਤਿਕਾਰ ਇੰਨ੍ਹਾ ਵੱਧ ਜਾਂਦਾ ਹੈ ਕਿ ਉਹ ਕਪੂਰ ਤੋਂ ਕਪੂਰ ਸਾਹਿਬ ਬਣ ਜਾਂਦਾ ਹੈ। ਇਸ ਖੁਸ਼ੀ ਵਿਚ ਉਸ ਦੇ ਦੋਸਤ ਉਸ ਦੇ ਘਰ ਆ ਕੇ ਨਿਊ ਯੀਅਰ ਦੀ ਪਾਰਟੀ ਕਰਨ ਲਈ ਕਹਿੰਦੇ ਹਨ। ਕਪੂਰ ਗੱਲ ਮਨਜੂਰ ਕਰ ਲੈਂਦਾ ਹੈ। ਕਪੂਰ ਸਾਹਿਬ ਦੀ ਪਤਨੀ ਦੀ ਮਾਨਸਿਕਤਾ ਇਹ ਹੈ ਜੋ ਇਸ ਕਿਸਮ ਦੀ ਪਾਰਟੀ ਨੂੰ ਅਮੀਰਾਂ ਦੇ ਚੋਚਲੇ ਮੰਨਦੀ ਹੈ। ਕਿਉਂਕਿ ਸਾਡੇ ਸਭਿਆਚਾਰ ਵਿਚ ਜਿੰਨੇ ਤਿਉਹਾਰ ਵਿਸਾਖੀ, ਦੀਵਾਲੀ ਤੇ ਲੋਹੜੀ ਆਦਿ ਮਨਾਏ ਜਾਂਦੇ ਹਨ, ਉਹ ਮਿਠੀ ਰੁੱਤ ਦੇ ਮੇਵੇ ਹਨ ਇੰਨ੍ਹਾਂ ਵਿਚ ਨਾ ਗਰਮੀ ਹੁੰਦੀ ਹੈ ਨਾ ਹੀ ਠੰਡ। ਪਰ ਨਿਊ ਯੀਅਰ ਅਸਲ ਵਿਚ ਤਿਉਹਾਰ ਦੀ ਆੜ ਵਿਚ ਭ੍ਰਿਸ਼ਟ ਵਰਤਾਰਾ ਹੀ ਹੈ ਜਿਸ ਵਿਚ ਮਨਿਸਟਰ ਤੇ ਵੱਡੇ ਲੋਕਾਂ ਦੇ ਤਾਂ ਵਾਰੇ - ਨਿਆਰੇ ਹੋ ਜਾਂਦੇ ਹਨ ਪਰ ਤਨਖਾਹਦਾਰਾਂ ਤੇ ਆਮ ਆਦਮੀਆਂ



ਦਾ ਕਚੂਮਰ ਨਿਕਲਦਾ ਹੈ। ਸੋ ਇਸ ਕਹਾਣੀ ਦਾ ਵਿਸ਼ਾ ਯਥਾਰਥਕ ਦੇ ਨਾਲ - ਨਾਲ ਮਨੋਵਿਗਿਆਨਕ ਵੀ ਹੈ।

ਦੂਜੀ ਇਸਤਰੀ ਕਹਾਣੀਕਾਰ **ਚੰਦਨ ਨੇਗੀ** ਦੀ ਕਹਾਣੀ **'ਹਰਖ ਸੋਗ'** ਜ਼ਿੰਦਗੀ ਵਿਚਲੇ ਮੋਹ ਦੇ ਰਿਸ਼ਤੇ ਨੂੰ ਪੇਸ਼ ਕਰਦੀ ਹੈ ਜਿਸ ਤੋਂ ਮਨੁੱਖ ਚਾਹ ਕੇ ਵੀ ਛੁੱਟਕਾਰਾ ਨਹੀਂ ਪਾ ਸਕਦਾ। ਕਹਾਣੀ ਨਿਮੀ ਤੇ ਅਮਰ ਦੀ ਕਹਾਣੀ ਹੈ। ਵਿਆਹ ਤੋਂ ਬਾਅਦ ਦੋਵੇਂ ਸਹੇਲੀਆਂ ਦੂਰ ਹੋ ਗਈਆਂ। ਕਾਫੀ ਅਰਸੇ ਬਾਅਦ ਇਕ ਦਿਨ ਨਿੰਮੀ ਆਪਣੇ ਗੁਆਂਢ ਕਿਸੇ ਸਾਧਵੀ ਦੇ ਦਰਸ਼ਨ ਕਰਨ ਚਲੀ ਗਈ। ਸਾਧਵੀ ਨੂੰ ਦੇਖ ਕੇ ਉਸ ਨੂੰ ਆਪਣੀ ਪੁਰਾਣੀ ਸਹੇਲੀ ਅਮਰ ਯਾਦ ਆ ਗਈ। ਪਹਿਲਾਂ ਉਸ ਨੇ ਇਸ ਨੂੰ ਭਰਮ ਹੀ ਸਮਝਿਆ ਪਰ ਬਾਅਦ ਵਿਚ ਪਤਾ ਲਗਦਾ ਕਿ ਇਹ ਤਾਂ ਸੱਚੀ ਹੀ ਅਮਰ ਹੀ ਸੀ। ਸਾਧਵੀਂ ਬਣੀ ਅਮਰ ਨੇ ਨਿੰਮੀ ਨੂੰ ਆਪਣੀ ਹੱਡ ਬੀਤੀ ਸੁਣਾਈ ਤੇ ਇਸ ਰਾਹ ਤੇ ਤੁਰਨ ਪਿੱਛੇ ਕੀ ਕਾਰਨ ਸੀ ਦਸਿਆ। ਬੇਸ਼ੱਕ ਅਮਰ ਅਧਿਆਤਮਕ ਰਾਹ ਤੇ ਤੁਰ ਪਈ ਹੈ ਪਰ ਮੋਹ ਛੁਟਕਾਰਾ ਨਹੀਂ ਪਾ ਸਕੀ। ਕਹਾਣੀ ਦਸਦੀ ਹੈ ਮੋਹ ਦਾ ਬੰਧਨ ਐਸਾ ਹੈ ਜਿਸ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਅਧਿਆਤਮਕ ਰਾਹ ਤੇ ਤੁਰਨਾ ਬਹੁਤ ਹੀ ਕਠਿਨ ਹੈ। ਮੋਹ ਕਾਰਨ ਹੀ ਉਹ 'ਹਰਖ ਸੋਗ' ਰੂਪੀ ਚੱਕੀ ਦੇ ਦੋ ਪੁੜਾਂ ਅੰਦਰ ਪਿਸਦਾ ਹੀ ਰਹਿੰਦਾ ਹੈ। ਇਸ ਪ੍ਰਕਾਰ ਇਹ ਦੋਵੇਂ ਕਹਾਣੀਆਂ ਮਨੋਵਿਗਿਆਨਕ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ।

**ਗੁਰਦੇਵ ਰੁਪਾਣਾ**, ਵਿਰਕ ਵਰਗੀ ਸਮਰਥਾ ਦਾ ਮਾਲਕ ਹੈ ਉਸ ਨੂੰ ਸਮੁੱਚੀ ਰਚਨਾ ਲਈ ਕੁਲਵੰਤ ਸਿੰਘ ਵਿਰਕ ਪੁਰਸਕਾਰ ਵੀ ਪ੍ਰਾਪਤ ਹੋਇਆ ਹੈ ਰੁਪਾਣਾ ਦੀ ਕਥਾਕਾਰੀ ਮਾਲਵੇ ਖੇਤਰ ਤੋਂ ਲੈ ਕੇ ਮਹਾਂ ਨਗਰੀ ਜ਼ਿੰਦਗੀ ਤੱਕ ਦਾ ਪਾਸਾਰ ਕਰਦੀ ਹੈ। **'ਸ਼ੀਸ਼ਾ'** ਕਹਾਣੀ ਵਿਚ ਉਹ ਸਾਧਾਰਨ ਮਨੁੱਖ ਦੀ ਅਸਾਧਾਰਨਤਾ ਨੂੰ ਪੇਸ਼ ਕਰਦਾ ਹੈ। ਮਨੁੱਖ ਦੀਆਂ ਆਰਥਿਕ ਸਮਸਿਆਵਾਂ ਨੂੰ ਪੇਸ਼ ਕਰਦਾ ਹੋਇਆ ਮਨੁੱਖੀ ਹੋਂਦ ਨੂੰ ਵੀ ਕਹਾਣੀ ਦਾ ਵਿਸ਼ਾ ਬਣਾਉਂਦਾ ਹੈ। ਕਹਾਣੀ ਵਿਚ ਫਰੈਂਚ ਨੌਜਵਾਨ ਦਾਨੀ ਪੀ.ਐਚ.ਡੀ. ਕਰ ਰਿਹਾ ਹੈ, ਬਿਰਤਾਂਤਕਾਰ ਨਾਲ ਉਸ ਦੀ ਜਾਣ ਪਛਾਣ ਤੋਂ ਕਹਾਣੀ ਅਗੇ ਤੁਰਦੀ ਹੈ। ਬਿਰਤਾਂਤਕਾਰ ਨਾਲ ਉਸਦੇ ਪਿੰਡ ਗਿਆ ਦਾਨੀ ਕਿਸਮ-ਕਿਸਮ ਦੇ ਸਵਾਲ ਕਰਦਾ ਹੈ। ਪਿੰਡ ਵਿਚ ਹੀ ਬੜੇ ਵੈਲੀ ਦੀ ਸੁਖਾਲੀ ਮੌਤ ਤੇ ਕਰਮ ਸਿੰਘ ਵਰਗੇ ਭਜਨ ਬੰਦਗੀ ਕਰਨ ਵਾਲੇ ਪਾਤਰ ਦੀ ਕਸ਼ਟਾਂ ਭਰੀ ਮੌਤ ਬਾਰੇ ਪਤਾ ਲਗਦਾ ਹੈ। ਬੁੜੇ ਵੈਲੀ ਦੀ ਸੁਖਾਲੀ ਮੌਤ ਦਾ ਕਾਰਨ ਪਤਾ ਲਗਦਾ ਹੈ ਕਿ ਉਸਨੇ ਤੀਹ ਦੁੱਧ ਪੀਂਦੇ ਬੱਚਿਆਂ ਦਾ ਕਤਲ ਕੀਤਾ ਸੀ। ਦਾਨੀ ਬੜਾ ਹੀ ਸੰਵੇਦਨਸ਼ੀਲ ਪਾਤਰ ਹੈ। ਸੁਣਦਿਆਂ ਹੀ ਬੇਚੈਨ ਹੋ ਉਠਦਾ ਹੈ। ਉਹ ਆਪਣੀ ਤਿੰਨ ਮਹੀਨਿਆਂ ਦੀ ਬੱਚੀ ਨੂੰ ਯਾਦ ਕਰਦਾ ਹੈ, ਵਾਰ-ਵਾਰ ਸ਼ੀਸ਼ਾ ਦੇਖਦਾ ਹੈ। ਬਿਰਤਾਂਤਕਾਰ ਦੀ ਕਹਾਣੀ **'ਹਵਾ'** ਵਿਚ ਕਾਫ਼ਲੇ ਦੇ ਬੱਚਿਆਂ ਨਾਲ ਵਾਪਰੀ ਘਟਨਾ ਦਾ ਜ਼ਿਕਰ ਨਾ ਕਰਨਾ ਲੇਖਕਾਂ ਪ੍ਰਤੀ ਇਕ ਪ੍ਰਸ਼ਨ ਉਪਜਾਉਂਦਾ ਹੈ ਕਿ ਲੇਖਕ ਸਾਰਾ ਸੱਚ ਨਹੀਂ ਲਿਖਦੇ। ਕਹਾਣੀ ਦੇ ਆਰੰਭ ਤੋਂ ਅੰਤ ਤੱਕ ਉਤਸੁਕਤਾ ਬਣੀ ਹੀ ਰਹਿੰਦੀ ਹੈ। ਅੰਤ ਬੜਾ ਹੀ ਪ੍ਰਭਾਵਸ਼ਾਲੀ ਹੁੰਦਾ ਹੈ। ਪ੍ਰਭਾਵ ਦੀ ਏਕਤਾ ਪੂਰੀ ਕਹਾਣੀ ਵਿਚ ਬਣੀ ਹੀ ਰਹਿੰਦੀ ਹੈ।

ਅਗਲੀ ਕਹਾਣੀ ਵੀ ਵਿਦਿਆਰਥੀਆਂ ਨੂੰ ਇਕ ਪ੍ਰੇਰਨਾ ਦੇਣ ਲਈ ਇਸ ਸੰਗ੍ਰਿਹ ਵਿਚ ਸ਼ਾਮਿਲ ਕੀਤੀ ਗਈ ਹੈ ਕਿ ਜੇਕਰ ਕੋਈ ਮੁਸੀਬਤ ਆ ਜਾਏ ਤਾਂ ਹਿੰਮਤ ਨਹੀਂ ਹਾਰਨੀ ਚਾਹੀਦੀ। ਬਲਕਿ ਤਕੜੇ ਹੋ ਕੇ ਆਪਣੀ ਜ਼ਿਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ **ਗੁਰਬਚਨ ਸਿੰਘ ਭੁੱਲਰ** ਦੀ ਕਹਾਣੀ ਦੀ 'ਆਸੋ' ਪਾਤਰ ਯਥਾਰਥਕ ਜੀਵਨ ਤੇ ਆਧਾਰਿਤ ਹੈ ਆਪਣੇ ਪਾਤਰਾਂ ਬਾਰੇ ਕਹਾਣੀਕਾਰ ਦੱਸਦਾ ਹੈ ਕਿ ਜਦੋਂ ਉਹ ਲਿਖਣ ਬੈਠਦਾ ਹੈ ਤੇ ਪਾਤਰ ਸਚਮੁੱਚ ਸਾਕਾਰ ਪ੍ਰਗਟ ਹੋ ਜਾਂਦੇ ਹਨ। ਭੁੱਲਰ ਇਕ ਉਤਮ ਕਹਾਣੀਕਾਰ ਹੈ ਤੇ ਉਸ ਦੀਆਂ ਸਾਹਿਤਕ ਰਚਨਾਵਾਂ ਕਈ ਖੇਤਰਾਂ ਤੱਕ ਫੈਲੀਆਂ ਹੋਈਆਂ ਹਨ। ਕਹਾਣੀ **'ਥਕੇਵਾਂ'** ਵਿਚ ਆਸੋ ਨਾਂ ਦੀ ਪਾਤਰ ਵਿਧਵਾ ਹੋ ਜਾਂਦੀ ਹੈ ਆਪ ਆਪਣੇ ਪੁੱਤਰ ਨੂੰ ਪਾਲਦੀ ਹੈ ਖੇਤੀ ਦੇ ਸਾਰੇ ਕੰਮ ਆਪ ਕਰਦੀ ਹੈ। ਉਸ ਦੇ ਸਾਹਮਣੇ ਜ਼ਿੰਦਗੀ ਦਾ ਇਕ ਮਕਸਦ ਹੋਣ ਕਾਰਨ ਉਸ ਨੂੰ

ਥਕੇਵਾਂ ਹੁੰਦਾ ਹੀ ਨਹੀਂ। ਸਾਰੀ ਕਹਾਣੀ ਥਕੇਵੇਂ ਦੁਆਲੇ ਹੀ ਘੁੰਮਦੀ ਹੈ। ਆਪਣੇ ਇਸ ਕਾਰਜ ਕਾਰਨ ਉਹ ਪਿੰਡ ਵਿਚ ਪ੍ਰਸ਼ੰਸਾਂ ਦੀ ਪਾਤਰ ਬਣਦੀ ਹੈ। ਸਿਰਲੇਖ ਬੜਾ ਹੀ ਢੁਕਵਾਂ ਹੈ। ਆਸੋ ਦੀ ਮਾਨਸਿਕ ਅਵਸਥਾ ਦੀ ਪੇਸ਼ਕਾਰੀ ਕਰਦਾ ਹੈ। ਉਸਨੂੰ ਥਕੇਵਾਂ ਨਹੀਂ ਹੁੰਦਾ ਪਰ ਜਦੋਂ ਉਹ ਆਪਣੇ ਪੁੱਤਰ ਨੂੰ ਗੁਆਂਢਣ ਕੁੜੀ ਦੂਲ ਦੇ ਪਿਆਰ ਵਿਚ ਫਸਿਆ ਅਨੁਭਵ ਕਰਦੀ ਹੈ ਤਾਂ ਉਸ ਨੂੰ ਲਗਦਾ ਹੈ ਕਿ ਉਸ ਦਾ ਪੁੱਤਰ ਜਵਾਨ ਹੋ ਗਿਆ ਹੈ। ਜ਼ਮੀਨ ਜਾਇਦਾਦ ਸੰਭਾਲ ਸਕਦਾ ਹੈ। ਇਹ ਸਭ ਸੋਚ ਕੇ ਉਸ ਨੂੰ ਥਕੇਵਾਂ ਮਹਿਸੂਸ ਹੋਣਾ ਸ਼ੁਰੂ ਹੋ ਜਾਂਦਾ ਹੈ। ਕਹਾਣੀ ਵਿਚ ਉਤਸੁਕਤਾ ਬਣੀ ਹੀ ਰਹਿੰਦੀ ਹੈ ਤੇ ਸਿਖਰ ਤੇ ਪੁੱਜ ਕੇ ਕਹਾਣੀ ਦਾ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਅੰਤ ਹੋ ਜਾਂਦਾ ਹੈ

ਪੰਜਾਬੀ ਕਹਾਣੀ ਕਿਸ ਪ੍ਰਕਾਰ ਅੰਤਰ ਮਨ ਦੀਆਂ ਸੂਖਮ ਰਮਜ਼ਾਂ ਨੂੰ ਪੇਸ਼ ਕਰਦੀ ਹੈ। ਇਸ ਕਿਸਮ ਦੀ ਕਹਾਣੀ ਨੂੰ ਵਿਦਿਆਰਥੀਆਂ ਦੇ ਰੂਬਰੂ ਕਰਨ ਲਈ ਡਾ. ਰਮਿੰਦਰ ਕੌਰ ਨੇ **ਜਸਵਿੰਦਰ ਸਿੰਘ** ਦੀ ਕਹਾਣੀ **'ਖੂਹ ਖਾਤੇ'** ਨੂੰ ਸਲੇਬਸ ਵਿਚ ਸ਼ਾਮਿਲ ਕੀਤੀ ਹੈ। ਕਹਾਣੀ ਦਸਦੀ ਹੈ ਕਿ ਕਿਸ ਪ੍ਰਕਾਰ ਪਿੰਡਾਂ ਦੇ ਲੋਕ ਸ਼ਹਿਰਾਂ ਵਿਚ ਵੱਸ ਗਏ ਤੇ ਉਨ੍ਹਾਂ ਦੀ ਸੋਚ ਕਿੰਨ੍ਹੀ ਬਦਲ ਜਾਂਦੀ ਹੈ। ਸਵਾਰਥੀ ਤੇ ਦੋਗਲੇ ਹੋ ਜਾਂਦੇ ਹਨ। ਕਹਾਣੀ ਪੇਂਡੂ ਤੇ ਸ਼ਹਿਰੀ ਜੀਵਨ ਤੋਂ ਲਈ ਗਈ ਹੈ। ਕਹਾਣੀ ਚਾਰ ਹਿੱਸਿਆਂ ਵਿਚ ਹੈ। ਪਹਿਲੇ ਭਾਗ ਦੀਆਂ ਘਟਨਾਵਾਂ ਭੁਪਿੰਦਰ ਸਿੰਘ ਗਰੇਵਾਲ ਦੀ ਕੋਠੀ ਵਿਚ ਵਾਪਦੀਆਂ ਹਨ। ਦੂਜਾ ਭਾਗ ਮਹਿਤਾ ਸਾਹਿਬ ਦੀ ਕੋਠੀ ਵਿਚ ਹੈ। ਤੀਜੇ ਭਾਗ ਵਿਚਲੀਆਂ ਘਟਨਾਵਾਂ ਗਰੇਵਾਲ ਦੇ ਘਰ ਦੇ ਸੜਕ ਉੱਤੇ। ਚੋਥੇ ਭਾਗ ਦੀਆਂ ਘਟਨਾਵਾਂ ਬਚਨ ਸਿੰਘ ਦੀ ਕਲਪਨਾ ਵਿਚ ਵਾਪਰਦੀਆਂ ਹਨ। ਸਾਰੇ ਹੀ ਭਾਗ ਇਕ ਦੂਜੇ ਨਾਲ ਜੁੜੇ ਹੋਏ ਹਨ। ਕਹਾਣੀ ਦਾ ਸਿਰਲੇਖ ਵੀ ਢੁੱਕਵਾਂ ਹੈ। ਮਾਮਾ ਆਪਣੇ ਭਾਣਜੇ ਕੋਲ ਬੜੀ ਹੀ ਆਸ ਉਮੀਦਾਂ ਨਾਲ ਜਾਂਦਾ ਹੈ ਪਰ ਜਦੋਂ ਭਾਣਜੇ ਵੱਲੋਂ ਕੋਈ ਮਦਦ ਨਹੀਂ ਮਿਲਦੀ ਤਾਂ ਮਾਮੇ ਨੂੰ ਇੰਜ ਲਗਦਾ ਹੈ ਕਿ ਜਿਵੇਂ ਉਸ ਦੀ ਭਾਣਜੇ ਨੂੰ ਪੜ੍ਹਾ ਲਿਖਾ ਕੇ ਕੀਤੀ ਗਈ ਕਮਾਈ ਖੂਹ-ਖਾਤੇ ਪੈ ਗਈ ਹੋਵੇ। ਉੱਚੇ ਅਹੁਦੇ ਦੀ ਹੈਂਕੜ ਨੇ ਇਨਸਾਨੀ ਕਦਰਾਂ ਕੀਮਤਾਂ ਨੂੰ ਖੂਹ ਖਾਤੇ ਪਾ ਦਿਤਾ ਹੈ । ਇਸ ਕਿਸਮ ਦੀ ਕਹਾਣੀ ਸਲੇਬਸ ਵਿਚ ਲਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਦਸਣਾ ਕਿ ਅੱਜ ਇਨਸਾਨੀ ਕਦਰਾਂ ਕੀਮਤਾਂ ਖੂਹ ਖਾਤੇ ਪੈ ਗਈਆਂ ਹਨ, ਰਿਸ਼ਤਿਆਂ 'ਚੋਂ ਨਿਆ ਖਤਮ ਹੋ ਗਿਆ ਹੈ। ਅਗਲੀ ਪੀੜ੍ਹੀ ਤੋਂ ਇਸ ਦੀ ਰਾਖੀ ਦੀ ਆਸ ਕੀਤੀ ਜਾ ਰਹੀ ਹੈ।

ਡਾ. ਰਮਿੰਦਰ ਕੌਰ ਨੇ ਕਹਾਣੀ ਦੇ ਵਿਕਾਸ ਨੂੰ ਦਰਸਾਉਣ ਲਈ ਚੌਥੀ ਪੀੜੀ ਦੇ ਕਹਾਣੀਕਾਰ ਵੀ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੇ ਹਨ। **ਜਿੰਦਰ** ਨੇ ਆਪਣੀ ਕਹਾਣੀ ਰਾਹੀਂ ਜਿੰਦਗੀ ਦੇ ਉਸ ਪੱਖ ਦੀ ਗੱਲ ਕੀਤੀ ਹੈ ਜਿਸ ਬਾਰੇ ਪਹਿਲਾਂ ਕਹਾਣੀ ਵਿਚ ਗੱਲ ਬਹੁਤ ਹੀ ਘੱਟ ਹੋਈ ਹੈ। ਉਸ ਦੀ ਕਹਾਣੀ ਦੀ ਖੂਬੀ ਇਹ ਹੈ ਕਿ ਇੰਜ ਜਾਪਦਾ ਹੈ ਕਿ ਜਿਵੇਂ ਸਾਨੂੰ ਕੋਈ ਕਹਾਣੀ ਸੁਣਾ ਰਿਹਾ ਹੋਵੇ। ਇਕਹਿਰੀ ਸੰਰਚਨਾ ਵਾਲੀ ਕਹਾਣੀ ਸਹਿਜੇ ਹੀ ਸਮਝੀ ਜਾ ਸਕਣ ਵਾਲੀ ਕਹਾਣੀ ਹੈ। ਜਾਤ-ਪਾਤੀ ਵਿਤਕਰਾ ਕਰਨ ਵਾਲੇ ਲੋਕ ਬਿਨ੍ਹਾਂ ਦਿਸੇ ਠੋਸ ਆਧਾਰ ਤੇ ਕਿਸੇ ਦੀ ਨਿਮਨ ਜਾਤੀ ਦੇ ਬੱਚੇ ਨੂੰ ਚੋਰੀ ਦਾ ਇਲਜਾਮ ਲਗਾ ਦਿੰਦੇ ਹਨ। ਬੱਚੇ ਦੇ ਗੁਣਾਂ ਨੂੰ ਅਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ। ਸਿਰਫ ਇਸ ਲਈ ਕਿਉਂਕਿ ਉਹ ਨੀਵੀਂ ਜਾਤ ਦਾ ਹੈ। ਕਹਾਣੀ ਬਿਰਤਾਂਤਕਾਰ ਦੀ ਮਾਨਸਿਕ ਸਥਿਤੀ ਵੀ ਦਸਦੀ ਹੈ ਜੋ ਚਾਹੁੰਦਿਆਂ ਹੋਇਆ ਵੀ ਉਸ ਦੀ ਮਦਦ ਨਹੀਂ ਕਰ ਸਕਦਾ। ਕਹਾਣੀ ਦਾ ਆਰੰਭ ਬੜਾ ਹੀ ਉਤਸੁਕਤਾ ਜਗਾਉਣ ਵਾਲਾ ਹੈ ਮੈਂ ਪਾਤਰ ਦੀ ਪਛਤਾਵੇ ਭਰੀ ਆਵਾਜ਼ ਵਿਚ ਸੌਰੀ ਸੌਰੀ ਕਹਿਣ 'ਤੇ ਪਾਠਕ ਇਸ ਦਾ ਕਾਰਣਾ ਜਾਨਣ ਲਈ ਉਤਾਵਲੇ ਹੋ ਜਾਂਦੇ ਹਨ ਕਿ ਕੀ ਕਾਰਣ ਹੈ, ਕਿਉਂ ਸੌਰੀ ਕਿਹਾ ਜਾ ਰਿਹਾ ਹੈ। ਮੱਧ ਵਿਚ ਜਾ ਕੇ ਇਹ ਟਕਰਾਓ ਤੇ ਪਰਿਸਥਿਤੀਆਂ ਹੋਰ ਵੀ ਗੁੰਝਲਦਾਰ ਹੋ ਜਾਂਦੀਆਂ ਹਨ ਪਰ ਅੰਤ ਵਿਅੰਗਾਤਮਕ ਹੋ ਨਿਬੜਦਾ ਹੈ। ਕਹਾਣੀ ਦਸਦੀ ਹੈ ਕਿ ਸਾਡੇ ਸਮਾਜ ਵਿਚੋਂ ਅਜੇ ਤੱਕ ਜਾਤ-ਪਾਤ ਰੂਪੀ ਕੀੜਾ ਨਹੀਂ ਨਿਕਲਿਆ। ਕਹਾਣੀ ਦਾ ਉਦੇਸ਼ ਵਿਤਕਰੇ ਦੀ ਸਮੱਸਿਆ ਨੂੰ ਪੇਸ਼ ਕਰਨਾ ਹੈ। 'ਸੌਰੀ' ਮੂਕ ਵਿਰੋਧ ਹੈ। ਆਰਥਿਕ ਸੰਪੰਨ



ਹੋ ਕੇ ਮਨੁੱਖ ਅੰਦਰ ਸੁਆਰਥੀ ਬਿਰਤੀ ਮੁੱਕਾ ਪ੍ਰਸਤੀ ਪੈਦਾ ਹੋਈ ਹੈ। ਉਹ ਆਪਣੀ ਜਾਤ ਗੋਤ ਲੁਕਾਉਂਦਾ ਹੋਇਆ ਉੱਚ ਜਾਤੀਆਂ ਵਿਚ ਵਿਚਰਦਾ ਹੈ। ਜੇਕਰ ਨਿਮਨ ਜਾਤ ਦਾ ਵਿਰੋਧ ਨਹੀਂ ਕਰਦਾ, ਹਾਂ ਵਿਚ ਹਾਂ ਨਹੀਂ ਮਿਲਾਉਂਦਾ ਤਾਂ ਉਸ ਦੀ ਜਾਤ ਦਾ ਪਤਾ ਲਗ ਸਕਦਾ ਹੈ। ਕਲਾਤਮਕ ਪੱਖੋਂ ਇਸਨੂੰ ਇਕ ਵਧੀਆ ਕਹਾਣੀ ਕਹੀ ਜਾ ਸਕਦੀ ਹੈ।

**ਸੁਖਜੀਤ** ਨਵੀਆਂ ਪੈੜਾਂ ਪਾਉਣ ਵਾਲਾ ਕਹਾਣੀਕਾਰ ਹੈ। ਸੁਖਜੀਤ ਜਿਆਦਾਤਰ ਕਿਸਾਨੀ ਜੀਵਨ ਤੇ ਪੰਜਾਬ ਡੇਰਾ-ਸੰਸਕ੍ਰਿਤੀ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਂਦਾ ਹੈ। ਬਿੰਦੀ ਨੁਮਾ ਵਾਕ ਵੀ ਸੁਖਜੀਤ ਦੀ ਕਹਾਣੀ ਦੀ ਇਕ ਵਿਸ਼ੇਸ਼ ਜੁਗਤ ਕਹੀ ਜਾ ਸਕਦੀ ਹੈ। **'ਹਜ਼ਾਰ ਕਹਾਣੀਆਂ ਦਾ ਬਾਪ'** ਕਹਾਣੀ ਦਾ ਵਿਸ਼ਾ ਧੀਆਂ ਦੇ ਮਾਪਿਆਂ ਦੇ ਮਨ ਵਿਚ ਪੈਦਾ ਹੋਏ ਡਰ ਨੂੰ ਪੇਸ਼ ਕਰਦਾ ਹੈ। ਮੁੰਡੇ ਦੀ ਆਸ ਵਿਚ ਚਾਰ ਧੀਆਂ ਨੂੰ ਪੈਦਾ ਕਰਨ ਵਾਲੀ ਮਾਂ ਕਿਸੇ ਚੀਨੇ ਨਾਲ ਭੱਜ ਜਾਂਦੀ ਹੈ। ਬਦਨਾਮੀ ਦੇ ਡਰ ਨਾਲ ਧੀਆਂ ਨੂੰ ਲੈ ਕੇ ਪਿਤਾ ਸ਼ਹਿਰ ਆ ਵੱਸਦਾ ਹੈ ਪਰ ਹਰ ਸਮੇਂ ਧੀਆਂ ਦੇ ਚਾਲ ਚਲਣ ਪ੍ਰਤੀ ਚਿੰਤਿਤ ਰਹਿੰਦਾ ਹੈ। ਗੁਆਂਢੀ ਗਿੱਲ ਦਾ ਘਰ ਬਾਰ-ਬਾਰ ਚੱਕਰ ਲਾਉਣਾ ਉਸ ਦੇ ਸ਼ੱਕ ਦੇ ਵਹਿਮ ਨੂੰ ਹੋਰ ਵੀ ਵਧਾ ਦਿੰਦਾ ਹੈ। ਪਰ ਕਹਾਣੀ ਦਾ ਅੰਤ ਬੇਟੀਆਂ ਪ੍ਰਤੀ ਚਿੰਤਾ ਨੂੰ ਫ਼ਖਰ ਵਿਚ ਤਬਦੀਲ ਕਰ ਦਿੰਦਾ ਹੈ ਜਦੋਂ ਇਹੀ ਧੀਆਂ ਗਿਲ ਨੂੰ ਢਾਹ ਕੇ ਕੁੱਟ ਸੁੱਟਦੀਆਂ ਹਨ ਕਿਉਂਕਿ ਬਦਨਾਮੀ ਦਾ ਕਾਰਨ, ਪਿਤਾ ਦੀ ਚਿੰਤਾ ਦਾ ਕਾਰਨ ਹੀ ਗਿੱਲ ਸੀ। ਸੋ ਕਹਾਣੀ ਮਨੋਵਿਗਿਆਨਕ ਹੈ। ਸਾਡਾ ਸਮਾਜਿਕ ਵਾਤਾਵਰਣ ਧੀਆਂ ਤੇ ਬਿਨ੍ਹਾਂ ਕਿਸੇ ਵਜ੍ਹਾ ਦੇ ਸ਼ੱਕ ਕਰਦਾ ਹੈ ਕਹਾਣੀ ਪ੍ਰੇਰਣਾ ਦਿੰਦੀ ਹੈ ਕਿ ਇਨ੍ਹਾਂ ਕਿਸੇ ਠੋਸ ਕਾਰਨ ਦੇ ਕਦੇ ਵੀ ਧੀਆਂ ਤੇ ਸ਼ੱਕ ਨਹੀਂ ਕਰਨਾ ਚਾਹੀਦਾ।

ਇਸ ਸੰਗ੍ਰਹਿ ਦੀ ਆਖਰੀ ਕਹਾਣੀ ਜਤਿੰਦਰ ਹਾਂਸ ਦੀ **'ਰਾਹੂ-ਕੇਤੂ'** ਹੈ। ਹਾਂਸ ਵਿਸ਼ਵ-ਮੰਡੀਆਂ ਦੀ ਲਪੇਟ ਵਿਚ ਆਏ ਪੰਜਾਬੀਆਂ ਦੇ ਜੀਵਨ ਵਿਚ ਆਏ ਬਦਲਾਵ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਂਦਾ ਹੈ। ਡਾ. ਰਮਿੰਦਰ ਕੌਰ ਇਸ ਕਹਾਣੀ ਬਾਰੇ ਦਸੱਦੀ ਹੈ ਕਿ ਇਸ ਕਹਾਣੀ ਦਾ ਨਾਮਕਰਨ ਚਿਨ੍ਹ ਰੂਪ ਵਿਚ ਨਕਾਰਾਤਮਕ ਹੈ। ਕਹਾਣੀ ਦਾ ਵਿਸ਼ਾ ਦਸੱਦਾ ਹੈ ਕਿ ਹਰੇਕ ਬੰਦੇ ਦੇ ਰਾਹ ਵਿਚ ਰੋੜਾ ਅਟਕਾਉਣ ਵਾਲੇ ਰਾਹੂ ਕੇਤੂ ਬੈਠੇ ਹੁੰਦੇ ਹਨ। ਅਸਲ ਵਿਚ ਇਹ ਕਹਾਣੀ ਵਿਅੰਗਾਤਮਕ ਉਤਮ ਪੁਰਖੀ ਕਹਾਣੀ ਚੰਦ ਸਿੰਘ ਨਾਮੀ ਪਾਤਰ ਦੀ ਕਹਾਣੀ ਹੈ ਜੋ ਲੜਾਈ ਵਿਚ ਆਪਣੀ ਇਕ ਅੱਖ ਗੁਆ ਕੇ, ਚੂਲਾ ਤੁੜਵਾ ਕੇ, ਮੁਕੱਦਮੇ ਤੇ ਕਰਜੇ ਦੀ ਜ਼ਮੀਨ ਗੁਆ ਕੇ, ਸਰਪੰਚ ਤੇ ਪੁੱਤਰਾਂ-ਨੂੰਹਾਂ ਤੋਂ ਦੁੱਖੀ ਹੋ ਕੇ ਵੀ ਵਿਰੋਧੀ ਸ਼ਕਤੀਆਂ ਦਾ ਟਾਕਰਾ ਕਰਦਾ ਹੈ। ਕਹਾਣੀ ਸੰਕੇਤ ਰੂਪ ਵਿਚ ਇਕ ਬੰਦੇ ਨੂੰ ਅਣਖ ਤੇ ਸਵੈਮਾਨ ਨਾਲ ਜਿਉਣ ਦਾ ਸੁਨੇਹਾ ਵੀ ਦਿੰਦੀ ਹੈ। ਕਹਾਣੀ ਸਮਾਜ ਤੋਂ ਭ੍ਰਿਸ਼ਟਾਚਾਰ ਤੋਂ ਦੁੱਖੀ ਤੇ ਖੁਦਕੁਸ਼ੀਆਂ ਕਰਨ ਵਰਗੇ ਵਿਸ਼ੇ ਦੀ ਗੱਲ ਕਰਦੀ ਹੈ। ਕਹਾਣੀ ਦੱਸਦੀ ਹੈ ਰਾਹੂ ਕੇਤੂ ਵਰਗੀਆਂ ਵਿਰੋਧੀ ਸ਼ਕਤੀਆਂ ਦਾ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ।

ਇਸ ਪ੍ਰਕਾਰ ਸੰਗ੍ਰਹਿ ਦੀਆਂ ਸਮੁੱਚੀਆਂ ਕਹਾਣੀਆਂ ਜਿਥੇ ਕਹਾਣੀ ਦੇ ਵਿਕਾਸ ਦੀ ਗੱਲ ਕਰਦੀਆਂ ਹਨ ਉਥੇ ਵਿਦਿਆਰਥੀਆਂ ਨੂੰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਚੇਤੰਨ ਵੀ ਕਰਦੀਆਂ ਹਨ। ਕਿਉਂਕਿ ਜੇਕਰ ਵਿਦਿਆਰਥੀ ਚੇਤੰਨ ਹੋਣਗੇ ਤਾਂ ਹੀ ਉਹ ਆਪਣੀ ਸੁੱਰਖਿਆ ਦੇ ਨਾਲ-ਨਾਲ ਸਮਾਜ ਵਿਚ ਬਦਲਾਵ ਲਿਆਉਣ ਲਈ ਅੱਗੇ ਵੀ ਆਉਣਗੇ। (**ਸੰਪਰਕ-98555-95818**)

---

*(ਡਾ. ਰਮਿੰਦਰ ਕੌਰ (ਪ੍ਰੋਫੈਸਰ ਅਤੇ ਮੁੱਖੀ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਿਤਸਰ) ਵੱਲੋਂ ਸੰਪਾਦਤ 'ਪੰਜਾਬੀ ਕਹਾਣੀ ਦੀ ਨਵੀਨ ਧਾਰਾ' ਪੁਸਤਕ ਐਮ. ਏ. ਪੰਜਾਬੀ ਦੇ ਸਲੇਬਸ ਵਿਚ ਪੜ੍ਹਾਈ ਜਾ ਰਹੀ ਹੈ ਅਤੇ ਦੂਜੀ ਪੁਸਤਕ 'ਚੋਣਵੀਆਂ ਪੰਜਾਬੀ ਕਹਾਣੀਆਂ' ਪੁਸਤਕ ਬੀ. ਏ. ਦੇ ਸਲੇਬਸ ਵਿਚ ਪੜ੍ਹਾਈ ਜਾ ਰਹੀ ਹੈ। -ਸੰਪਾਦਕ)*

---

# ਭਗਵੰਤ ਰਸੂਲਪੁਰੀ ਦਾ ਰਚਨਾ ਸ਼ਿਲਪ

## ('ਤੀਜਾ ਨੇਤਰ' ਅਤੇ 'ਦੇਵਕੀ ਨਾਲ ਮੁਲਾਕਾਤ' ਕਹਾਣੀਆਂ ਦੇ ਸੰਦਰਭ ਵਿਚ)

- ਸ਼ਰਨਜੀਤ ਕੌਰ

ਸਮਾਂ ਜਿਉਂ-ਜਿਉਂ ਨਵੀਨ ਚੁਣੌਤੀਆਂ ਦੇ ਦਰਪੇਸ਼ ਆ ਰਿਹਾ ਹੈ, ਤਿਉਂ-ਤਿਉਂ ਹਰੇਕ ਸਾਹਿਤਕ ਸਿਨਫ਼ ਨਵੀਨ ਵਸਤੂ, ਵਿਧੀ ਤੇ ਵਿਚਾਰਧਾਰਾ ਨਾਲ ਦਸਤਪੰਜਾ ਲੈਣ ਦਾ ਪ੍ਰਯਤਨ ਕਰ ਰਹੀ ਹੈ। ਸਮੇਂ-ਦਰ-ਸਮੇਂ ਨਵੇਂ ਸਾਹਿਤਕਾਰਾਂ ਦਾ ਹੁੰਦਾ ਸ਼ੁਮਾਰ ਸਿਰਜਣਕਾਰੀ ਦੇ ਖੇਤਰ ਵਿਚ ਵਿਭਿੰਨ ਪ੍ਰਕਾਰ ਦੇ ਨਵੀਨ ਪੈਰਾਡਾਈਮ ਉਸਾਰਨ ਦਾ ਮਰਕਜ਼ ਬਣ ਰਿਹਾ ਹੈ। ਕਹਾਣੀ ਵਿਧਾ ਇਤਿਹਾਸਕ ਵਿਕਾਸਗਤੀ ਦੇ ਮੱਦੇਨਜ਼ਰ, ਵਿਕਾਸ ਨੂੰ ਹੰਢਾ ਰਹੀ ਹੈ। ਨਿਰਸੰਦੇਹ 90ਵਿਆਂ ਤੋਂ ਬਾਅਦ ਵਾਪਰੀ ਵਿਸ਼ਵ ਪੱਧਰੀ ਤਬਦੀਲੀ ਕਹਾਣੀ ਵਿਕਾਸ ਦੇ ਨਵੇਂ ਆਯਾਮ ਪੈਦਾ ਕਰਦੀ ਹੈ। ਭਗਵੰਤ ਰਸੂਲਪੁਰੀ ਨੱਬੇਵਿਆਂ ਤੋਂ ਬਾਅਦ ਕਹਾਣੀ ਖੇਤਰ ਵਿਚ ਦਸਤਕ ਦੇਣ ਵਾਲਾ ਹੀ ਇਕ ਅਜਿਹਾ ਨਾਮ ਹੈ, ਜਿਸਨੇ ਕੱਥ ਤੇ ਵੱਥ ਦੀ ਪੱਧਰ 'ਤੇ ਚੱਲੀ ਆ ਰਹੀ ਕਹਾਣੀ ਪ੍ਰੰਪਰਾ ਨੂੰ ਵਿਲੱਖਣ-ਭਾਵੀ ਦਸ਼ਾ ਤੇ ਦਿਸ਼ਾ ਵੱਲ ਸੇਧਿਤ ਕੀਤਾ ਦਵਿੰਦਰ ਮੰਡ, ਸੁਰਿੰਦਰ, ਅਵਤਾਰ ਡੱਬ ਦੀਆਂ ਕਹਾਣੀਆਂ ਤੋਂ ਪ੍ਰਭਾਵਿਤ ਹੋ ਕੇ ਪਹਿਲੀ ਕਹਾਣੀ 'ਸੰਤੀ' ਲਿਖੀ ਜੋ ਕਿ ਰਵੀ (ਕਾਲਜ ਮੈਗਜ਼ੀਨ) ਵਿਚ ਛਪਦੀ ਹੈ, ਉਪਰੰਤ 'ਚਾਨਣ ਦੀ ਲੀਕ' (1992), 'ਮੈਂ, ਸ਼ੈਤਾਨ ਤੇ ਇੰਦੂਮਣੀ' (1997), 'ਤੀਜਾ ਨੇਤਰ' (2005), 'ਮਰਨ ਰੁੱਤ' (2010), 'ਕੁਵੇਲੇ ਤੁਰਿਆ ਪਾਂਧੀ' (2013) ਅਤੇ 'ਕੁੰਭੀ ਨਰਕ' (2017) ਹੁਣ ਤੱਕ ਦੀ ਨਿਰੰਤਰਤਾ ਦੀ ਲੜੀ ਵਿਚੋਂ ਸਾਹਮਣੇ ਆਉਂਦੇ ਹਨ।

ਡਾ. ਰਜਿੰਦਰ ਪਾਲ ਸਿੰਘ ਬਰਾੜ ਅਨੁਸਾਰ, "ਸਮਕਾਲੀ ਪੰਜਾਬੀ ਕਹਾਣੀ ਅੰਦਰ ਵਰਿਆਮ ਸਿੰਘ ਸੰਧੂ, ਪ੍ਰੇਮ ਪ੍ਰਕਾਸ਼ ਤੇ ਬਾਅਦ ਦੀ ਪੀੜ੍ਹੀ ਵਿਚੋਂ ਭਗਵੰਤ ਰਸੂਲਪੁਰੀ ਤੇਜ਼ੀ ਨਾਲ ਉਭਰ ਰਿਹਾ ਨਾਂ ਹੈ। ਉਸ ਕੋਲ ਬਾਹਰਵਰਤੀ ਯਥਾਰਥ ਦੀ ਬਾਰੀਕ ਸ਼ੈਲੀ ਵੀ ਹੈ ਅਤੇ ਪਾਤਰਾਂ ਦੇ ਅੰਦਰਲੇ ਮਾਨਸਿਕ ਜਗਤ ਦੀਆਂ ਗੁੰਝਲਾਂ ਦੀ ਚੇਤਨਾ ਹੋਣ ਦੇ ਨਾਲੋਂ-ਨਾਲ ਪ੍ਰਗਟਾਵੇ ਦੀਆਂ ਨਿਵੇਕਲੀਆਂ ਕਥਾ ਜੁਗਤਾਂ ਵੀ ਹਨ। [1]

**'ਤੀਜਾ ਨੇਤਰ'** ਅਤੇ **'ਦੇਵਕੀ ਨਾਲ ਮੁਲਾਕਾਤ'** ਕਹਾਣੀਆਂ ਭਗਵੰਤ ਰਸੂਲਪੁਰੀ ਦੇ ਕਹਾਣੀ-ਸੰਗ੍ਰਹਿ **'ਤੀਜਾ ਨੇਤਰ'** ਵਿਚ ਦਰਜ ਹਨ। ਇਹਨਾਂ ਕਹਾਣੀਆਂ ਦੀ ਚੋਣ ਪਿੱਛੇ ਵਿਸ਼ੇਸ਼ ਕਾਰਨ, ਦੋਵਾਂ ਕਹਾਣੀਆਂ ਵਿਚਲੀ 'ਵਿਸਤਾਰਤਾ' ਦੀ ਜੁਗਤ ਵਿਚਕਾਰ ਨਿਹਿਤ ਹੈ 'ਦੇਵਕੀ ਨਾਲ ਮੁਲਾਕਾਤ' ਅਤੇ 'ਤੀਜਾ ਨੇਤਰ' ਕਹਾਣੀ ਵਿਚਲੇ ਕਥਾ ਸੰਦਰਭ ਨੂੰ ਵਿਚਾਰਦਿਆਂ 'ਦੇਵਕੀ ਨਾਲ ਮੁਲਾਕਾਤ' ਕਹਾਣੀ 'ਤੀਜਾ ਨੇਤਰ' ਕਹਾਣੀ ਨੂੰ ਵਿਸਤਾਰ ਪ੍ਰਦਾਨ ਕਰਦੀ ਪ੍ਰਤੀਤ ਹੁੰਦੀ ਹੈ। ਜਿੱਥੇ ਔਰਤ ਇਕ ਪਾਸੇ ਮਰਦ ਦੀ ਭਾਵ ਵਿਹੂਣਤਾ ਦਾ ਸੰਤਾਪ ਭੋਗ ਰਹੀ ਹੈ ਤੇ ਦੂਜੇ ਪਾਸੇ ਦੂਜੀ ਔਰਤ ਮਰਦ ਦੀਆਂ ਵਧੀਕੀਆਂ ਵਿਚੋਂ ਸਫ਼ਲਤਾ ਦੀ ਪੌੜੀ ਚੜ੍ਹਨ ਦਾ ਭਰਮਿਕ ਕਿਆਸ ਲਾ ਰਹੀ ਹੈ। ਦੋਵਾਂ ਕਹਾਣੀਆਂ ਦੀ ਰਚਨਾ ਵਿਧੀ ਵਿਚਲੀਆਂ ਸਾਂਝੀਆਂ ਸੁਰਾਂ ਰਸੂਲਪੁਰੀ ਕਥਾ-ਪ੍ਰਕਿਰਿਆ ਨੂੰ ਜਾਨਣ-ਘੋਖਣ ਤੇ ਸਮਝਣ ਦਾ ਅਹਿਮ ਵਸੀਲਾ ਮਾਤਰ ਬਣਦੀਆਂ ਦ੍ਰਿਸ਼ਟੀ ਗੋਚਰ ਹੁੰਦੀਆਂ ਹਨ। ਕਥਾ ਵਸਤੂ ਦੇ ਸਮਾਂਤਰ ਕਥਾ ਜੁਗਤਾਂ ਦੀ ਵਿਭਿੰਨਤਾ ਅਤੇ ਵਿਲੱਖਣਤਾ ਸਥਾਪਿਤ ਕਰਨ ਵਿਚ ਭਗਵੰਤ ਰਸੂਲਪੁਰੀ ਦਾ ਵਿਸ਼ੇਸ਼ ਹਾਸਲ ਹੈ। ਉਸਦੀ ਕਥਾ ਸ਼ੈਲੀ ਦੁਆਬੇ ਖਿੱਤੇ ਦੀ ਪੇਂਡੂ ਰਹਿਤਲ ਦੇ ਜੀਵਨ ਅਨੁਭਵ, ਯਥਾਰਥ ਤੇ ਵਿਰੋਧਾਤਾਈਆਂ ਨੂੰ ਨਿਵੇਕਲੀਆਂ ਪ੍ਰਗਟਾਅ ਜੁਗਤਾਂ ਰਾਹੀਂ ਬਿਆਨ ਕਰਦੀ ਹੈ। ਇਸ ਮਜ਼ਮੂਨ ਵਿਚ ਲੇਖਕ ਦੇ ਇਸੇ ਅਨੁਭਵ ਦਾ ਜ਼ਾਇਜ਼ਾ ਲੈਣ ਲਈ ਉਕਤ ਕਹਾਣੀਆਂ ਦੀ ਸ਼ਿਲਪਗਤ ਰਫ਼ਤਾਰ ਨੂੰ ਘੋਖਣ ਦਾ ਪ੍ਰਯਤਨ ਕੀਤਾ ਜਾਵੇਗਾ।

ਸ਼ਿਲਪ ਆਮ ਤੌਰ 'ਤੇ ਦਸਤਕਾਰੀ ਦੇ ਖੇਤਰ ਨਾਲ ਸੰਬੰਧ ਰੱਖਦਾ ਹੈ। ਜਿਸਨੂੰ ਮਿੱਟੀ, ਲੱਕੜੀ ਜਾਂ ਧਾਤ ਤੋਂ ਕੋਈ ਵਸਤ ਤਿਆਰ ਕਰਨ ਸਮੇਂ ਵਰਤੀ ਜਾਣ ਵਾਲੀ ਕਾਰੀਗਿਰੀ ਦੇ ਸੰਦਰਭ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਸਾਹਿਤਕ ਖੇਤਰ ਵਿਚ ਸ਼ਿਲਪ ਸ਼ਬਦ ਦਾ ਪ੍ਰਯੋਗ ਰਚਨਾਤਮਕ ਕ੍ਰਿਤ ਦੀ ਸਮੁੱਚੀ



ਰਚਨਾ ਪ੍ਰਕਿਰਿਆ ਦੇ ਸੰਦਰਭ ਵਿਚ ਕੀਤਾ ਜਾਂਦਾ ਹੈ। ਰਚਨਾ ਦੇ ਆਦਿ ਤੋਂ ਅੰਤ ਤੱਕ ਦੀ ਸਮੁੱਚੀ ਸੰਚਾਰ ਪ੍ਰਕਿਰਿਆ ਦਾ ਜ਼ਾਇਜ਼ਾ ਲੈਣਾ ਸ਼ਿਲਪ ਵਿਧਾਨ ਦੇ ਘੇਰੇ ਦੀ ਵਸਤ ਬਣਦਾ ਹੈ।

'ਤੀਜਾ ਨੇਤਰ' ਅਤੇ 'ਦੇਵਕੀ ਨਾਲ ਮੁਲਾਕਾਤ' ਕਹਾਣੀਆਂ ਵਸਤੂ ਪੱਧਰ 'ਤੇ ਅਜੋਕੇ ਪ੍ਰਸੰਗ ਵਿਚਲੀਆਂ ਤਬਾਹਕੁੰਨ ਪ੍ਰਸਥਿਤੀਆਂ ਵਿਚੋਂ ਆਧੁਨਿਕ ਮਨੁੱਖ ਦੀ ਗਿਆਨਤਮਕ ਪਹੁੰਚ ਦੀ ਸਮੱਰਥਾ ਅਤੇ ਸੀਮਾ ਉਜਾਗਰ ਕਰਦੀਆਂ ਹਨ। ਦੋਵੇਂ ਕਹਾਣੀਆਂ ਪ੍ਰਮੁੱਖ ਤੌਰ 'ਤੇ ਨਾਰੀ ਦੀ ਜ਼ੁਬਾਨੀ ਉਸਦੀ ਦੁਖਦ ਸਥਿਤੀ ਦੀ ਪਿੱਠ ਭੂਮੀ ਵਿਚ ਕਾਰਜ ਕਰਦੇ ਮਰਦਾਵੀਂ ਅਣਵਿਹਾਰਕ ਰਵੱਈਏ ਨਾਲ ਸਰੋਕਾਰ ਰੱਖਦੀਆਂ ਹਨ। ਬਿਰਤਾਂਤ ਵਿਚਲੇ ਨਾਰੀ ਪਾਤਰ ਆਰੰਭ ਤੋਂ ਹੀ ਨਿਰੋਲ ਮਰਦ ਕੁਸੈਲਤਾ ਦਾ ਇਜ਼ਹਾਰ ਨਹੀਂ ਕਰਦੇ ਬਲਕਿ ਮਰਦ ਦੀ ਬਦੌਲਤ ਹੰਢਾਏ ਹੁਸੀਨ ਪਲਾਂ ਦੀ ਦਾਸਤਾਨ ਵਿਚੋਂ ਉਪਜੇ ਦੁਖਾਂਤ ਦੇ ਸਫ਼ਰ ਦੀ ਕਹਾਣੀ ਨੂੰ ਉਲੀਕਦੇ ਹਨ। ਕਹਾਣੀ ਦਾ ਸੋਹਜ ਇਸੇ ਹਸੀਨ ਪਲਾਂ ਵਿਚੋਂ ਉਪਜਦੇ ਦੁਖਾਂਤ ਦੇ ਬੀਜ ਨੂੰ ਪੇਸ਼ ਕਰਨ ਅਤੇ ਦੁਖਾਂਤ ਵਿਚੋਂ ਉਪਜਦੀ ਸਾਰਥਕ ਚੇਤਨਾ ਦੀ ਪੇਸ਼ਕਾਰੀ ਵਿਚ ਮਹਿਦੂਦ ਹੈ। ਦੋਵੇਂ ਕਹਾਣੀਆਂ ਵਸਤੂ ਪੱਧਰ ਅਤੇ ਅਭਿਵਿਅਕਤੀ ਮਾਡਲ ਤੋਂ ਆਧੁਨਿਕਤਾ ਨਾਲ ਆਤਮਸਾਤ ਹੋ ਵਰਤਮਾਨ ਸਮੇਂ ਵਿਚਲੀ ਟੈਕਨੀਕਲ ਭਰਮਾਰ ਪ੍ਰੰਤੂ ਬੌਧਿਕ ਪੱਧਰ ਦੇ ਪੇਤਲੇਪਨ ਕਾਰਨ ਵਾਪਰਦੀ ਤ੍ਰਾਸਦਿਕ ਸਥਿਤੀ ਦੁਆਲੇ ਕੇਂਦਰਿਤ ਹੀ ਨਹੀਂ ਬਲਕਿ ਇਸ ਕੇਂਦਰ ਬਿੰਦੂ ਤੋਂ ਅੱਗੇ ਨਿਕਲ ਕੇ ਇਸਦੇ ਮਾਰਮਿਕ ਵਰਤਾਰਿਆਂ ਵਿਚੋਂ ਉਪਜੀ ਘੋਖਵੀਂ ਦ੍ਰਿਸ਼ਟੀ ਅਤੇ ਕਾਮਨਾ ਮੂਲਕ ਫ਼ੈਸਲਾਕੁੰਨ ਸਥਿਤੀਆਂ ਦੇ ਗਿਆਨ ਨਾਲ ਵਾਬਸਤਾ ਹਨ। ਅਜਿਹਾ ਗਿਆਨ ਕਥਾ-ਬਿਰਤਾਂਤ ਵਿਚਲੇ ਦੁਖਾਂਤ ਨੂੰ ਦੁਖਾਂਤ ਨਾ ਕਹਿ ਕੇ ਉਦਾਤ ਦੀ ਸਥਿਤੀ ਵਿਚ ਲੈ ਆਉਂਦਾ ਹੈ। ਦੋਵੇਂ ਕਹਾਣੀਆਂ ਨਾਰੀ ਪਾਤਰਾਂ ਦੀ ਜ਼ੁਬਾਨੀ ਆਰੰਭ ਹੁੰਦੀਆਂ ਮੈਂ-ਮੂਲਕਤਾ ਦੀਆਂ ਧਾਰਨੀ ਹਨ। ਆਰੰਭਕ ਮੈਂ-ਮੂਲਕਤਾ ਹੀ ਕਹਾਣੀ ਦੇ ਅਗਲੇਰੇ ਰਹੇ ਉਸਾਤਮਕ ਅਤੇ ਸੁਹਜ ਮੰਡਲ ਦੀ ਨੀਂਹ ਬਣਦੀ ਹੈ।

"ਕੁਰਸੀ ਤੇ ਬੈਠੀ ਹੋਈ ਦੀ ਨਜ਼ਰ ਮੋਹਰੇ ਮੇਜ਼ 'ਤੇ ਰੱਖੇ ਕੰਪਿਊਟਰ ਦੀ ਸਕਰੀਨ ਉੱਤੇ ਟਿਕੀ ਹੋਈ ਹੈ ... ਸਕਰੀਨ 'ਤੇ ਗੋਲ ਘੜੀ ਲਗਾਤਾਰ ਘੁੰਮ ਰਹੀ ਹੈ...ਕਦੇ ਨਜ਼ਰ ਤਿਲਕ ਕੇ ਕੰਧ 'ਤੇ ਲੱਗੇ ਸ਼ਿਵ ਜੀ ਦੇ ਕੈਲੰਡਰ 'ਤੇ ਚਲੀ ਜਾਂਦੀ ਹੈ...ਮੇਰੀ ਨਜ਼ਰ ਨਾ ਉਹਦੇ ਗਲੇ 'ਚ ਪਏ ਸੱਪ 'ਤੇ ਜਾਂਦੀ ਹੈ ਨਾ ਹੀ ਸ਼ੇਰ ਦੀ ਖੱਲ ਵਾਲੀ ਪੋਸ਼ਾਕ 'ਤੇ, ਨਜ਼ਰ ਤਾਂ ਸਿੱਧੀ ਤੀਜੇ ਨੇਤਰ 'ਤੇ ਟਿਕ ਜਾਂਦੀ ਹੈ....।" [2]

ਇਸੇ ਪ੍ਰਕਾਰ 'ਦੇਵਕੀ ਨਾਲ ਮੁਲਾਕਾਤ' ਦਾ ਆਰੰਭਲਾ ਵਾਕ 'ਤੂੰ ਬੜੀ ਕਮੀਨੀ ਏਂ' ਸਮੁੱਚੇ ਘਟਨਾ ਕ੍ਰਮ ਦੀ ਸੁ-ਸਿਰਜਣਾ ਦਾ ਬੀਜ ਬਣਦਾ ਹੈ। ਕਹਾਣੀ ਦਾ ਅਜਿਹਾ ਆਰੰਭ ਬਗ਼ੈਰ ਕਿਸੇ ਭੂਮਿਕਾ ਦੇ ਸਿੱਧਾ ਪਾਤਰ ਦੀ ਮਨੋਸਥਿਤੀ ਵਿਚ ਉਤਰ ਜਾਂਦਾ ਹੈ। ਜਿੱਥੇ ਕਹਾਣੀ ਰਹੱਸ ਦੀ ਵਸਤੂ ਬਣਦੀ ਜਾਂਦੀ ਹੈ। ਕਿਉਂਕਿ ਅਜੋਕਾ ਬਿਰਤਾਂਤ ਬਾਹਰੀ ਯਥਾਰਥ ਤੋਂ ਵੀ ਵਧੇਰੇ ਮਨੋ ਯਥਾਰਥ ਦੇ ਸੱਚ ਅਤੇ ਹੁੰਗਾਰੇ ਨੂੰ ਸ਼ਬਦ ਦੇਣ ਦੇ ਆਹਰ ਵਿਚ ਹੈ। ਬਾਹਰਲੀਆਂ ਘਟਨਾਵਾਂ, ਸਥਿਤੀਆਂ ਤੇ ਸਰਵੇਨੁਮਾ ਵਰਣਨ ਦੀ ਬਜਾਇ ਨਵੀਂ ਕਹਾਣੀ ਮਨੁੱਖੀ ਮਨ ਦੀ ਅਛੋਹ, ਅਛੋਪਲੀਆਂ, ਲੁਕਵੀਆਂ ਅਪਰੀਚਿਤ ਪਰ ਸ਼ਕਤੀਸ਼ਾਲੀ, ਖ਼ੌਫ਼ਨਾਕ ਪੱਧਰ ਤੱਕ ਵਿਨਾਸ਼ਕ ਜਾਂ ਉਸਾਰੂ ਮਨੋਪਰਤਾਂ ਨੂੰ ਮਨੋਵਿਸ਼ਲੇਸ਼ਣ ਵਿਧੀਆਂ ਰਾਹੀਂ ਸੰਚਾਰਿਤ ਕਰਨ ਪ੍ਰਤੀ ਅਗ੍ਰਸਰ ਹੈ। [3] ਇੰਜ ਕਰਦਿਆਂ ਵਰਤਮਾਨ ਕਹਾਣੀ ਆਰੰਭ ਤੋਂ ਹੀ ਵਾਕ ਪੱਧਰ ਤੋਂ ਪਹਿਲਾਂ ਸ਼ਬਦ ਪੱਧਰ ਨੂੰ ਇਕਾਈ ਮੰਨਣ ਦੀ ਸਮਝ ਪ੍ਰਦਾਨ ਕਰਦੀ ਪਾਠਕ ਕੋਲੋਂ ਗਹਿਨ ਦ੍ਰਿਸ਼ਟੀ ਦੀ ਮੰਗ ਨੂੰ ਦਰਸਾਉਂਦੀ ਹੈ। ਕਹਾਣੀਆਂ ਦਾ ਤਾਅਲੁੱਕ ਗਹਿਰਾਈ ਨਾਲ ਹੈ, ਆਦਿ ਬਿੰਦੂ ਤੋਂ ਸਪੱਸ਼ਟ ਹੋ ਜਾਂਦਾ ਹੈ। ਕਹਾਣੀਆਂ ਦਾ ਬਿਆਨ ਕੇਵਲ ਭਾਸ਼ਾਈ ਜਮਘਟਾ ਹੀ ਨਹੀਂ ਬਲਕਿ 'ਸੁਹਜਮਈ ਭਾਸ਼ਾ' ਦਾ ਤੱਤ ਵੀ ਨਾਲ ਲੈ ਕੇ ਚਲਦਾ ਹੈ ਅਰਥਾਤ ਵਾਕ ਤੋਂ ਪਹਿਲਾਂ ਸਾਡੀ ਮੁੱਢਲੀ ਇਕਾਈ 'ਸ਼ਬਦ' ਬਣਦੀ ਹੈ। ਇਸ ਇਕਾਈ ਅਨੁਸਾਰ ਗਤੀਮਾਨ ਹੁੰਦਿਆਂ ਕਹਾਣੀ ਵਿਚਲੇ ਉਕਤ ਹਵਾਲੇ ਵਿਚ ਆਇਆ 'ਕੰਪਿਊਟਰ' ਸ਼ਬਦ ਤਕਨਾਲੌਜੀ ਭਰੇ ਆਧੁਨਿਕ ਦੌਰ ਦਾ ਚਿਹਨ ਬਣ ਕੇ ਪ੍ਰਸਤੁਤ ਹੋ ਰਿਹਾ ਹੈ 'ਗੋਲ ਘੜੀ' ਦਾ

ਨਿਰੰਤਰ ਗਤੀਸ਼ੀਲ ਰਹਿਣਾ ਸਮੇਂ ਦੇ ਪ੍ਰਵਾਹ ਅਤੇ ਨਿਰੰਤਰਤਾ ਦਾ ਭਾਵ ਪ੍ਰਗਟਾ ਰਿਹਾ ਹੈ ਅਤੇ 'ਸ਼ਿਵ ਜੀ ਦਾ ਕੈਲੰਡਰ' ਇੱਥੇ 'ਪ੍ਰੰਪਰਾ' ਦੇ ਅਰਥਾਂ ਵਜੋਂ ਪ੍ਰਤੀਕਾਤਮਕ ਝਲਕ ਦੇ ਰਿਹਾ ਹੈ। ਮੈਂ ਪਾਤਰ ਦਾ ਸ਼ਿਵ ਜੀ ਦੇ ਤੀਜੇ ਨੇਤਰ ਉਪਰ ਕੇਂਦਰਿਤ ਹੋਣਾ ਕਹਾਣੀ ਵਿਚਲੇ ਰਹੱਸਾਤਮਕ ਧਰਾਤਲ ਦਾ ਹੀ ਪਰਤੌ ਹੈ। ਦੇਵਕੀ ਨਾਲ ਮੁਲਾਕਾਤ ਕਹਾਣੀ ਦਾ ਰਹੱਸਾਤਮਕ ਧਰਾਤਲ 'ਤੂੰ ਬੜੀ ਕਮੀਨੀ ਏ' ਦੇ ਸ਼ੁਰੂਆਤੀ ਬਿਰਤਾਂਤ ਦੇ ਦੁਆਲੇ ਉਸਰਦਾ ਹੈ ਜਿਨ੍ਹਾਂ ਦੁਆਲੇ ਕਹਾਣੀ ਦੀ ਗਤੀ ਅਤੇ ਪਾਠਕ ਦੀ ਬੌਧਿਕੀ ਜੁਬਿੰਸ਼ ਬਰਕਰਾਰ ਹੈ। ਕਹਾਣੀਆਂ ਵਿਚਕਾਰ ਕਹਾਣੀਕਾਰ ਦੁਆਰਾ ਹਰ ਸਤਰ ਦੇ ਵਿਸ਼ਰਾਮੀ ਸਤ੍ ਤੇ ਤਿੰਨ ਬਿੰਦੀਆਂ ਦਾ ਕੀਤਾ ਪ੍ਰਯੋਗ 'ਹੋਰ ਦੀ ਗੁੰਜਾਇਸ਼' ਵਿਅਕਤ ਕਰਨ ਦਾ ਬਾਇਸ ਬਣਦਾ ਹੈ, ਮਸਲਨ ,

" . . . ਮੈਂ ਤਾਂ ਆਪ ਪਤਾ ਨਹੀਂ ਕਿੰਨੀਆਂ ਥਾਵਾਂ ਤੋਂ ਜਲੀਲ ਹੋ ਚੁੱਕੀ ਹਾਂ, ਅਜੇ ਵੀ ਹੋ ਰਹੀ ਹਾਂ . . . ਇਹ ਕੋਠੀ ਦੇ ਮਾਲਕ ਮੈਨੂੰ ਖਬਰੇ ਕਿੰਨੀ ਵਾਰ ਜਲੀਲ ਕਰ ਚੁੱਕੇ ਹਨ। ਜੇ ਜੈਨ ਭਰਾਵਾਂ ਦਾ ਮੇਰੇ ਸਿਰ 'ਤੇ ਹੱਥ ਨਾ ਹੁੰਦਾ ਤਾਂ ਉਹ ਕਦੋਂ ਦੇ ਮੈਨੂੰ ਕੋਠੀਓ ਬਾਹਰ ਕਰ ਦਿੰਦੇ।" [4]

ਇੱਥੇ ਤਿੰਨ ਬਿੰਦੀਆਂ ਆਧੁਨਿਕ ਸਮੇਂ ਵਿਚਲੀ ਅਸਪੱਸ਼ਟਤਾ ਨੂੰ ਉਘਾੜਨ ਦੇ ਨਾਲ-ਨਾਲ ਵਾਕ ਵਿਚ ਪੈਦਾ ਹੁੰਦੀ ਅਰਥ ਪੱਧਰ ਦੀ ਅਸਪੱਸ਼ਟਤਾ ਨੂੰ ਸਪੱਸ਼ਟ ਕਰਨ ਦਾ ਅਹਿਮ ਵਸੀਲਾ ਬਣਦੀਆਂ ਹਨ। ਅਜਿਹੀ ਸੂਰਤ ਵਿਚ ਭਗਵੰਤ ਰਸੂਲਪੁਰੀ ਦਾ ਸਵੈ ਕਥਨ ਗੌਲਣਯੋਗ ਹੈ ਜਿੱਥੇ ਉਹ ਕਹਿੰਦਾ ਹੈ। ਕਹਾਣੀ ਦੀ ਤਕਨੀਕ ਤੇ ਪੇਸ਼ਕਾਰੀ ਮੇਰੇ ਲਈ ਰਹੱਸ ਜ਼ਰੂਰ ਹੈ। ਕਹਾਣੀ ਦੀ ਸ਼ੈਲੀ ਤੇ ਤਕਨੀਕ ਮੇਰੇ ਪਾਤਰ ਖ਼ੁਦ ਲੈ ਕੇ ਆਉਂਦੇ ਹਨ। ਮੈਂ ਇਸ ਬਾਰੇ ਸੁਚੇਤ ਨਹੀਂ ਹੁੰਦਾ ਜਦੋਂ ਮਨ 'ਚ ਕਹਾਣੀ ਬਣਨ ਲੱਗਦੀ ਹੈ ਤਾਂ ਇਕ ਪਾਤਰ ਨਾਲ ਘਟਨਾਵਾਂ ਜੁੜਨ ਲੱਗਦੀਆਂ ਹਨ। ਜਿਸ ਤਰਤੀਬ ਵਿਚ ਘਟਨਾਵਾਂ ਜੁੜਦੀਆਂ ਹਨ, ਉਹੀ ਕਹਾਣੀ ਵਿਚ ਸ਼ੈਲੀ ਦੀ ਪੱਧਰ 'ਤੇ ਤਕਨੀਕ ਤੇ ਪੇਸ਼ਕਾਰੀ ਦੇ ਟੂਲਜ਼ ਨੂੰ ਮੈਂ ਤੋੜਿਆਂ ਹੈ। 'ਆਦੀ ਡੰਕਾ' ਵਿਚ ਨਾਟਕੀ ਸ਼ੈਲੀ ਪੰਜਾਬੀ ਵਿਚ ਪਹਿਲੀ ਵਾਰ ਪੇਸ਼ ਹੋਈ ਹੈ। [5]

ਕਹਾਣੀਆਂ ਦੀ ਅਗਲੀ ਤੋਰ ਵਰਤਮਾਨ ਮਨੁੱਖ ਦੀ ਵਿਡੰਬਨਾਤਮਕ ਤਸਵੀਰ, ਮਨੋਵਿਸ਼ਲੇਸ਼ਣੀ ਚੌਖਟੇ ਰਾਹੀਂ ਅਭੀਵਿਅਕਤ ਕਰਦੀ ਗਤੀਸ਼ੀਲ ਹੁੰਦੀ ਹੈ। ਵਰਤਮਾਨ ਦੌਰ, ਜਿਸ ਵਿਚ ਰਿਸ਼ਤਿਆਂ ਦੀਆਂ ਸਮੀਕਰਣਾਂ ਲਗਾਤਾਰ ਪਰਿਵਰਤਿਤ ਹੋ ਰਹੀਆਂ ਹਨ। ਰਿਸ਼ਤੇ ਕੇਵਲ ਜਿਸਮਾਨੀ ਸੁਆਰਥ ਤੱਕ ਮਹਿਦੂਦ ਹੋ ਕੇ ਰਹਿ ਗਏ ਹਨ ਦੋ-ਤਰਫ਼ਾ ਸਮਾਨਯ ਭਾਵ ਲਗਭਗ ਮਨਫ਼ੀ ਹੈ। ਫਲਸਰੂਪ ਸਮਾਜ ਨਿਤ-ਦਿਨ ਨਵੀਨ ਚੁਣੌਤੀਆਂ ਦੇ ਦਰਪੇਸ਼ ਹੋ ਰਿਹਾ ਹੈ ਸ੍ਵੈ-ਕੇਂਦਰਿਤ ਬਿਰਤੀ ਸਮਾਜ ਅਤੇ ਸਾਹਿਤ ਦੋਹਾਂ ਨੂੰ ਨਵੀਂ ਪਰਿਭਾਸ਼ਾ ਦੇ ਰੂਬਰੂ ਕਰਾ ਰਹੀ ਹੈ। ਹੱਥਲੀਆਂ ਕਹਾਣੀਆਂ ਅਜਿਹੇ ਵਰਤਾਰੇ ਵਿਚੋਂ ਹੀ ਆਪਣਾ ਬਿਰਤਾਂਤ ਉਸਾਰਦੀਆਂ ਹਨ। ਕਹਾਣੀ 'ਤੀਜਾ ਨੇਤਰ' ਵਿਚਕਾਰ ਮੈਂ ਪਾਤਰ ਦੇ ਸਵੈ-ਮੂਲਕ ਫ਼ੈਸਲੇ ਉਸਨੂੰ ਵਿਡੰਬਨਾਤਮਕ ਸਥਿਤੀ ਦਾ ਭਾਗੀਦਾਰ ਬਣਾਉਂਦੇ ਹਨ। ਵਿਡੰਬਨਾ ਪਾਤਰ ਨੂੰ ਜਾਇਜ਼ਾਕੁੰਨ ਸਥਿਤੀ ਤੱਕ ਪਹੁੰਚ ਕਰਨ ਦੀ ਚੇਤਨਾ ਦਿੰਦੀ ਹੈ, ਜਾਇਜ਼ੇ ਉਪਰੰਤ ਕਾਮਨਾ ਮੂਲਕ ਫ਼ੈਸਲਾ ਜਾਂ ਆਸ਼ਾਵਾਦੀ ਸੂਝ ਕਹਾਣੀ ਅਤੇ ਪਾਤਰ ਦੋਹਾਂ ਦਾ ਸੁਹਜਾਤਮਕ ਹਾਸਲ ਬਣਦਾ ਹੈ। 'ਦੇਵਕੀ ਨਾਲ ਮੁਲਾਕਾਤ' ਕਹਾਣੀ ਸਵੈ ਇੱਛਤ ਸਮਝੌਤਾ ਮੂਲਕ ਸਥਿਤੀ ਪੇਸ਼ ਤਾਂ ਕਰਦੀ ਹੈ ਪਰੰਤੂ ਇਹ ਸਮਝੌਤਾ ਦੁਖਾਂਤ ਵੱਲ ਅਗ੍ਰਸਰ ਨਹੀਂ ਬਲਕਿ ਦੁਖਾਂਤ ਉਦਾਤੀਕਰਨ ਵੱਲ ਰੁਚਿਤ ਹੈ। ਦੇਵਕੀ ਉਰਫ਼ ਦੇਵਿੰਦਰ ਕੌਰ ਆਪਣੇ ਕਾਮੁਕ ਸਫ਼ਰ ਨੂੰ ਇਸੇ ਪ੍ਰਵਿਰਤੀ ਵਿਚ ਢਾਲਦੀ, ਔਰਤ, ਔਰਤ ਮਨ ਅਤੇ ਔਰਤ ਚੇਤਨਾ ਦੇ ਨਵੇਂ ਪਾਸਾਰ ਨੂੰ ਵਿਅਕਤ ਕਰਦੀ ਹੈ। ਇਹ ਸਮੁੱਚਾ ਘਟਨਾਕ੍ਰਮ ਮਨੋਵਿਸ਼ਲੇਸ਼ਣੀ ਪਾਣ ਤਹਿਤ ਪੇਸ਼ ਹੁੰਦਾ ਹੈ ਜਿਵੇਂ ਸਵੈ ਸੰਵਾਦ, ਮਨੋਬਚਨੀ ਅਤੇ ਅਣਵਿਹਾਰਕ ਸਾਤਵਿਕ ਗਤੀਵਿਧੀਆਂ ਮੁੱਖ ਪ੍ਰਵਿਰਤਾ ਵਜੋਂ ਉਭਰਦੀਆਂ ਹਨ। ਜਾਨਵਰ ਜਗਤ ਦਾ ਰੂਪਕੀ ਚਿਤਰਣ ਵੀ ਮਨੋਸਥਿਤੀ ਦੀ ਝਲਕ ਦਾ ਅਹਿਮ ਪ੍ਰਗਟਾਅ ਮਾਧਿਅਮ ਬਣਦਾ ਹੈ ... ਭਗਵੰਤ ਰਸੂਲਪੁਰੀ ਦੀ ਆਮਦ ਨਾਲ ਪੰਜਾਬੀ ਕਹਾਣੀ ਨੂੰ ਇਕ ਨਵੇਂ ਅਨੁਭਵ ਅਤੇ ਨਵੀ ਕਥਾ ਸ਼ੈਲੀ ਵਾਲਾ ਸ਼ਕਤੀਸ਼ਾਲੀ ਕਥਾਕਾਰ ਮਿਲਿਆ ਹੈ ... ਉਸਨੇ ਅਨੁਭਵ



ਅਤੇ ਵਿਚਾਰਧਾਰਾ ਦੇ ਨਾਲੋਂ ਨਾਲ ਨਿਵੇਕਲੀਆਂ ਪ੍ਰਗਟਾਅ ਜੁਗਤਾਂ ਵੀ ਸਿਰਜੀਆਂ ਹਨ ... ਮਨੁੱਖੀ ਮਨ ਦੀ ਸਥਿਤੀ ਨੂੰ ਦਰਸਾਉਣ ਲਈ ਜਾਨਵਰ ਜਗਤ ਨੂੰ ਰੂਪਕੀ ਟਾਕਰੇ ਵਜੋਂ ਵਰਤਣਾ ਉਸਦੀ ਇਕ ਹੋਰ ਕਥਾ-ਜੁਗਤ ਹੈ। [6]

ਦੇਵਕੀ ਦੇ ਮਨ ਵਿਚ ਮਰਦ ਦੁਆਰਾ ਮਰਦਾਵੀਂ ਰਵੱਈਏ ਦੀ ਪਾਣ ਹੇਠ ਉਸਦੇ ਸਵੈ ਨੂੰ ਪਿੰਜਰੇ ਵਿਚ ਕਬੂਤਰ ਵਾਂਗ ਚੰਗਾ ਦਿਖਾ ਕੇ ਕੈਦ ਕਰਨ ਦੀ ਭੇਡ ਚਾਲ ਤੋਂ ਪੈਦਾ ਹੁੰਦੀ ਚੇਤਨਾ ਜਾਨਵਰ ਰੂਪਕ ਰਾਹੀਂ ਪੇਸ਼ ਹੁੰਦੀ ਹੈ , " ਮੈਨੂੰ ਕਦੇ-ਕਦੇ ਆਪਣੇ ਪਿਤਾ ਵੱਲੋਂ ਰੱਖੇ ਕਬੂਤਰਾਂ ਦਾ ਦ੍ਰਿਸ਼ ਚੇਤੇ ਆਉਣ ਲੱਗ ਪੈਂਦਾ ਹੈ ਕਿ ਕਿਵੇਂ ਉਹ ਕਬੂਤਰਾਂ ਨੂੰ ਚੋਗਾ ਦਿਖਾ ਕੇ ਉਨ੍ਹਾਂ ਨੂੰ ਖੁੱਡੇ ਕੋਲ ਲੈ ਆਉਂਦੇ ਸਨ ਤੇ ਇਕੋ ਵਾਰੀ ਓਪਰੇ ਕਬੂਤਰ ਵੀ ਉਨ੍ਹਾਂ 'ਚ ਤਾੜ ਲੈਂਦੇ ਸਨ ਤੇ ਖੁਸ਼ ਹੋ ਕੇ ਦਸਦੇ ਸਨ ਕਿ ਅੱਜ ਦੋ ਕਬੂਤਰ ਫੜੇ ਤੇ ਅੱਜ . . . ਮੇਰੇ ਦਿਮਾਗ 'ਤੇ ਉਸ ਵੇਲੇ ਘਰ ਦੀ ਸਾਰੀ ਰੀਲ ਘੁੰਮ ਗਈ।" [7]

ਇੱਥੇ ਮਾਨਸਿਕ ਸਥਿਤੀ ਦੇ ਪ੍ਰਗਟਾਅ ਦੌਰਾਨ ਵਰਤੀਆਂ ਗਈਆਂ ਤਿੰਨ ਬਿੰਦੀਆਂ ਵਿਸ਼ੇਸ਼ ਅਰਥਾਂ ਦੀਆਂ ਧਾਰਨੀ ਬਣ ਪੇਸ਼ ਹੁੰਦੀਆਂ ਹਨ। ਬਿਰਤਾਂਤਕਾਰ ਮੈਂ-ਪਾਤਰ ਦੇ ਮਨੋਭਾਵਾਂ ਵਿਚੋਂ ਹੀ ਸਮਗ੍ਰ ਤਣਾਅ ਜਾਂ ਸੰਕਟਕੁੰਨ ਸਥਿਤੀਆਂ ਦੀ ਮੂਲ ਜੜ੍ਹ ਨੂੰ ਰੂਪਮਾਨ ਕਰ ਦਿੰਦਾ ਹੈ। ਕਹਾਣੀ ਕਿਤੇ ਵੀ ਸਪਾਟ ਵਰਣਨ ਨਹੀਂ ਲੱਗ ਰਹੀ ਬਲਕਿ ਪਾਤਰ ਦੇ ਮੂੰਹੋਂ ਕਹਾਣੀ ਆਪ ਆਪਣੀ ਗਤੀ ਫੜ੍ਹ ਰਹੀ ਹੈ। ਮੈਂ ਪਾਤਰ ਦੀ ਮਨੋਬਚਨੀ ਵਿਚੋਂ ਨਿਕਲ ਰਹੀ ਅਵਚੇਤਨੀ ਭਾਸ਼ਾ ਕਹਾਣੀ ਦੀਆਂ ਗੁੰਝਲਾਂ ਪੈਦਾ ਵੀ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਸੁਲਝਾ ਵੀ ਰਹੀ ਹੈ।

ਕਹਾਣੀਆਂ ਮੁੱਖ ਤੌਰ 'ਤੇ ਗੈਰ-ਸਮਾਜਕ ਜਿਨਸੀ ਸੰਬੰਧਾਂ ਵਿਚੋਂ ਉਪਜੇ ਤਣਾਅ ਉਪਰ ਕੇਂਦਰਿਤ ਹੁੰਦੀ ਤਣਾਅਗ੍ਰਸਤ ਵਾਤਾਵਰਨ ਦਾ ਗਲਪੀ ਪੈਰਾਡਾਈਮ ਉਸਾਰ ਰਹੀਆਂ ਹਨ। ਤਣਾਅ ਕਿਤੇ ਵੀ ਅਕੇਵੇਂ ਜਾਂ ਬੋਝਲਤਾ ਨੂੰ ਜਨਮ ਨਹੀਂ ਦੇ ਰਿਹਾ ਬਲਕਿ ਕਹਾਣੀਆਂ ਦੇ ਪ੍ਰਭਾਵ ਨੂੰ ਸੰਘਣਤਾ ਬਖ਼ਸ਼ ਰਿਹਾ ਹੈ। ਕਹਾਣੀਆਂ ਤਣਾਅ ਤੋਂ ਤਣਾਅ ਵੱਲ ਵੀ ਯਾਤਰਾ ਕਰ ਰਹੀਆਂ ਹਨ। ਆਦਿ ਬਿੰਦੂ ਤੋਂ ਸਪੱਸ਼ਟ ਹੋ ਜਾਂਦਾ ਹੈ।

ਖ਼ਫ਼ਾ ਤਾਂ ਮੈਂ ਪਹਿਲਾਂ ਹੀ ਹੋਈ ਪਈ ਸੀ, ਉਸ ਕੁੱਤੇ ਸ਼ੇਖਰ ਕਰਕੇ ... ਜਿਹੜਾ ਸਾਰੀ ਬਿਮਾਰੀ ਦੀ ਜੜ੍ਹ ਬਣ ਗਿਆ ਹੈ।... [8]

ਅਜਿਹੇ ਵਾਕਯ ਮਹਿਜ ਪਾਤਰ ਦੀ ਮਨੋਸਥਿਤੀ ਦਾ ਪ੍ਰਗਟਾ ਹੀ ਨਹੀਂ ਬਲਕਿ ਕਹਾਣੀਆਂ ਵਿਚਲੇ 'ਰਹੱਸ' ਨੂੰ ਪੁਖਤਾ ਕਰਨ ਅਤੇ ਪਾਠਕ ਪੱਧਰ 'ਤੇ ਅਨੇਕ ਪ੍ਰਕਾਰ ਦੀ ਥੀਮ ਸਿਰਜਣਾ ਦਾ ਵਾਹਕ ਵੀ ਬਣਦੇ ਹਨ । ਪਾਤਰ ਦੀ ਸਥਿਤੀ ਤਾਂ ਸਾਡੇ ਸਾਹਮਣੇ ਆ ਜਾਂਦੀ ਹੈ ਪ੍ਰੰਤੂ ਉਹ ਇਸ ਸਥਿਤੀ ਤੱਕ ਪਹੁੰਚਿਆਂ ਕਿਵੇਂ, ਇਹ ਰਹੱਸ ਹੀ ਬਣਿਆ ਰਹਿੰਦਾ ਹੈ ਅਤੇ ਪਾਠਕ ਦੀ ਉਤਸੁਕਤਾ ਦਾ ਕੇਂਦਰ ਵੀ ਜਿਸਨੂੰ ਕਥਾਕਾਰ ਕਥਾ ਤੋਰ ਵਿਚ ਮਨੋਵਿਸ਼ਲੇਸ਼ਣੀ ਵਿਧੀ ਰਾਹੀਂ ਅਗ੍ਰਸਰ ਕਰਦਿਆਂ ਵਿਲੰਬਿਤ ਵਿਗੱਠਨ ਤਹਿਤ ਉਜਾਗਰ ਕਰਦਾ ਹੈ। ਇਸ ਤਰ੍ਹਾਂ ਭਗਵੰਤ ਕਹਾਣੀ ਕਲਾ ਵਿਚ ਪੁਰਾਤਨ ਮਿੱਥਾਂ, ਇਤਿਹਾਸਕ/ਮਿਥਿਹਾਸਕ ਨੂੰ ਅੱਜ ਦੇ ਕੰਪਿਊਟਰ ਦੇ ਸਕੈਚਾਂ, ਡਿਜ਼ਾਇਨਾਂ ਤੇ ਰਿਮੋਟ ਦੱਬਦੇ ਹੱਥਾਂ ਨੂੰ ਛੂਹਣ, ਮੋਬਾਇਲ ਦੇ ਚਿਹਨ ਆਦਿ ਭਾਵਾਂ ਦੀ ਤਰਜ਼ਮਾਨੀ ਕਰਦੇ ਪ੍ਰਤੀਕਾਂ ਨੂੰ ਨਵੀਨ ਅਰਥ ਦੇ ਕੇ ਅਜਿਹੀਆਂ ਕਹਾਣੀਆਂ ਦੀ ਰਚਨਾ ਕਰਦਾ ਹੈ ਜਿਨ੍ਹਾਂ ਵਿਚ ਮਰਦ ਤੇ ਔਰਤ ਦੇ ਅੰਤਰਮਨ ਦੀ ਪੀੜਾ ਤੇ ਉਸਦੇ ਪ੍ਰਗਟਾਵੇ ਵਿਚ ਕੋਈ ਅੰਤਰ ਨਹੀਂ ਰਹਿੰਦਾ . . . । [9] ਕਹਾਣੀ **'ਤੀਜਾ ਨੇਤਰ'** ਅਜਿਹੇ ਅਨੇਕ ਦ੍ਰਿਸ਼ਾਂ ਦੀ ਪੇਸ਼ਕਾਰੀ ਕਰਦੀ ਹੈ ਜੋ ਸੁਹਜਾਤਮਕ ਜਖ਼ੀਰੇ ਦੀਆਂ ਧਾਰਨੀ ਬਣ ਪਾਤਰ ਰਜਨੀ ਅਤ ਸ਼ੇਖਰ ਵਿਚ ਪੈਦਾ ਹੁੰਦੀ ਆਪਸੀ ਭਾਵੁਕ ਖਿੱਚ ਦਾ ਬਿਆਨ ਨਿਰੋਲ ਦ੍ਰਿਸ਼ ਸਿਰਜਣਾ ਰਾਹੀਂ ਕਰਦੀਆਂ ਹਨ।

" ਸਕਰੀਨ 'ਤੇ ਕਦੇ ਓਹਦਾ ਨਾਂ ਵੱਡਾ ਕਰ ਦਿੰਦੀ....ਕਦੇ ਫਾਊਂਡ ਬਦਲ ਦਿੰਦੀ ਸਾਂ....ਫਿਰ ਮੈਂ ਆਈ ਲਵ ਯੂ ਇਟੈਲਿਕ ਫਾਊਂਡ 'ਚ ਡੀਜ਼ਾਇਨ ਕਰ ਰਹੀ ਸਾਂ....।" [10]

ਇੱਥੇ ਮੈਂ ਪਾਤਰ ਦੁਆਰਾ ਸ਼ੇਖਰ ਦਾ ਨਾਮ ਵੱਡਾ ਕਰਨਾ ਉਸ ਅੰਦਰਲੀ ਦ੍ਰਿੜਤਾ ਅਤੇ ਫਾਊਂਡ ਬਦਲਣਾ ਅਸਥਿਰ ਮਨੋਸਥਿਤੀ ਦਾ ਸੂਚਕ ਹੈ। ਇਟੈਲਿਕ ਫਾਊਂਡ ਭਾਵ ਟੇਢਾਪਣ, ਜਿੱਥੇ ਸਮਾਜਿਕਤਾ ਤੋਂ ਟੇਢਾ ਰਸਤਾ ਅਖ਼ਤਿਆਰ ਕਰਨ ਦੀ ਸੋਝੀ ਦਾ ਆਭਾਸ ਵੀ ਹੈ ਅਤੇ ਸਪੱਸ਼ਟਤਾ ਦਾ ਤੌਖਲਾ ਵੀ ਇਸੇ ਤਰ੍ਹਾਂ ਕਹਾਣੀਕਾਰ ਸ਼ੇਖਰ ਦੇ ਹੱਥੋਂ ਦ੍ਰਿਸ਼ ਚਿਤਰ ਸਿਰਜ ਕੇ ਭਾਵ-ਤਰਜ਼ਮਾਨੀ ਕਰਾ ਰਿਹਾ ਹੈ। ਮਸਲਨ,

" ਸ਼ੇਖਰ ਇਕ ਔਰਤ ਤੇ ਮਰਦ ਦੇ ਸਕੈਚ ਡਿਜ਼ਾਇਨ ਕਰ ਰਿਹਾ ਸੀ ਸੱਜੇ ਪਾਸੇ ਪਹਾੜ ਸਨ...ਖੱਬੇ ਪਾਸੇ ਝੌਂਪੜੀ ਸੀ... ਔਰਤ ਮਰਦ ਦੀ ਬੁੱਕਲ ਵਿਚ ਸੀ, ਤੇ ਮਰਦ ਤੇ ਖੱਬੀ ਬਾਂਹ ਉਹਦੇ ਦੁਆਲੇ ਵਲ ਕੇ ਉਹਨੂੰ ਗਲਵਕੜੀ 'ਚ ਲਿਆ ਹੋਇਆ ਸੀ...।" [11]

ਅਜਿਹਾ ਡਿਜ਼ਾਇਨ ਪ੍ਰਤੀਕਾਤਮਕ ਸੁਰ ਵਿਚ ਰਿਸ਼ਤੇ ਦੀ ਕਾਮੁਕ ਬੁਨਿਆਦ ਦਰਸਾ ਰਿਹਾ ਹੈ। ਝੌਂਪੜੀ ਦਾ ਖੱਬੇ ਪਾਸੇ ਹੋਣਾ ਅਤੇ ਮਰਦ ਦਾ ਖੱਬੀ ਬਾਂਹ ਵਿਚ ਔਰਤ ਨੂੰ ਵਲਣਾ ਅਨਿਸ਼ਚਤਤਾ ਦੇ ਹੀ ਚਿੰਨ੍ਹ ਹਨ। ਜਿਸਦੀ ਪੁਖਤਗੀ ਮੈਂ ਪਾਤਰ ਦੁਆਰਾ ਪ੍ਰਿੰਟ ਕੱਢਣ ਤੋਂ ਵਧੇਰੇ ਹੁੰਦੀ ਹੈ ਜੋ ਬਿਲਕੁਲ ਪਰਿਵਰਤਿਤ ਰੂਪ ਵਿਚ ਸਾਹਮਣੇ ਆਉਂਦਾ ਹੈ ਜੋ ਕਿ ਚਿਹਨ ਹੈ ਸੰਕਟਕੁੰਨ ਭਵਿੱਖ ਦਾ। ਮੇਰਾ ਮੂੰਹ ਸ਼ੇਖਰ ਦੇ ਬਿਲਕੁੱਲ ਨਜ਼ਦੀਕ ਸੀ... ਸਾਰੀ ਝੌਂਪੜੀ ਟੁੱਟ ਗਈ ਸੀ...ਜੋ ਸ਼ੇਖਰ ਨੇ ਮੁਹੱਬਤ ਨਿਵਾਸ ਲਿਖਿਆ ਸੀ ਉਹ ਤਾਂ ਪਤਾ ਨੀ ਕਿੱਥੇ ਉਡ ਗਿਆ ਸੀ। [12]

ਦ੍ਰਿਸ਼ ਚਿਤਰਨ ਵਿਚੋਂ ਰਿਸ਼ਤਿਆਂ ਦੀ ਹਕੀਕਤ ਅਤੇ ਪਾਤਰ ਦੀ ਮਨੋਸਥਿਤੀ ਨੂੰ ਚਿਤਰਣਾ ਕਥਾਕਾਰ ਦੀ ਵਿਸ਼ੇਸ਼ ਕਲਾ ਪ੍ਰਪੱਕਤਾ ਦਾ ਪ੍ਰਮਾਣ ਹੈ। ਕਾਮੁਕ ਸਥਿਤੀਆਂ ਵੀ ਲੇਖਕ ਦੀ ਕਲਮ ਰਾਹੀਂ ਕਹਾਣੀ ਵਿਚੋਂ ਲਘੂ ਕਹਾਣੀ ਰਾਹੀਂ ਪੇਸ਼ ਹੋਈਆਂ ਹਨ ਜੋ ਸ਼ਿੰਗਾਰ ਰਸੀ ਸੁਹਜ ਪੈਦਾ ਕਰਦੀਆਂ ਹਨ। ਪਿਛਲੇ ਸਮੇਂ ਵਿਚ ਕਹਾਣੀ ਦੇ ਫੋਕਸੀਕਰਨ, ਕਹਾਣੀ ਰਫ਼ਤਾਰ, ਕਹਾਣੀ ਦੇ ਵਾਚ ਵਿਚ ਇਕ ਅਸਾਧਾਰਨ ਜਟਿਲਤਾ ਆਈ ਹੈ। ਫੋਕਸੀਕਰਨ ਦੀ ਪੱਧਰ 'ਤੇ ਇਹ ਕਹਾਣੀ ਯਥਾਰਥ ਦੀ ਬਹੁਵੰਨਤਾ ਤੇ ਬਹੁਪਰਤਤਾ ਦੇ ਨਾਲ-ਨਾਲ ਅਜੋਕੇ ਮਨੁੱਖ ਦੀ ਟੇਢੀ ਝਲਕਦੀ ਮਨੋਸੰਰਚਨਾ ਨਾਲ ਜੂਝਦੀ ਹੈ। ਪਹਿਲੀ ਕਹਾਣੀ ਵਾਂਗ ਇਕਹਿਰੇ ਸਪਾਟ ਤਰਕਾਂ, ਭਾਵਾਂ, ਖਿਆਲਾਂ ਤੇ ਆਦਰਸ਼ਾਂ ਦੀ ਪਰਿਕਲਪਨਾ ਛੱਡ ਕੇ ਇਹ ਕਹਾਣੀ ਬਹੁਕੋਣੀ, ਦੇਹਵਾਦੀ ਪ੍ਰੇਰਕਾਂ ਨੂੰ ਇਕੋ ਵੇਲੇ ਨਜਿੱਠਣ ਦੇ ਆਹਰ ਵਿਚ ਹੈ। [13]

ਸੰਕੇਤਕ ਵਿਧੀ ਆਪਣੇ ਸਿਖ਼ਰ ਵੱਲ ਉੱਥੇ ਵਧਦੀ ਹੈ ਜਦ ਮੈਂ-ਪਾਤਰ ਅਤੇ ਸ਼ੇਖਰ ਦੇ ਸੰਬੰਧਾਂ ਦਾ ਬੀਜ ਫੁੱਟਦਾ ਹੈ ਅਤੇ ਮੈਂ ਪਾਤਰ ਦੇ ਦੁਖਾਂਤ ਦਾ ਵੀ। ਇਸ ਨੂੰ ਕਹਾਣੀਕਾਰ ਦੀ ਕਲਮ ਸੰਕੇਤਕ ਪੱਧਰ 'ਤੇ ਰੂਪਮਾਨ ਕਰਦੀ ਰਹਿੰਦੀ ਹੈ :

ਦੇਖ ਸ਼ੇਖਰ ਆਪਾਂ ਕੰਪਿਊਟਰ ਸੈਂਟਰ ਖੋਲਾਂਗੇ... ਤੂੰ ਦੇਰੀ ਨਾ ਕਰ ਨਾਲੇ ਮੈਂ...। [14]

ਇੱਥੇ ਵਰਤੀਆਂ ਗਈਆਂ ਤਿੰਨ ਬਿੰਦੀਆਂ ਸੰਕੇਤਕਤਾ ਦਾ ਸਿਖ਼ਰ ਹਨ। ਸ਼ੇਖਰ ਪਿਆਰ ਦਾ ਬੀਜ ਫੁੱਟਣ ਉੱਤੇ ਪਿਆਰ ਦੀ ਹੀ ਹੱਤਿਆ ਕਰ ਦਿੰਦਾ ਹੈ। ਜਿਥੋਂ ਔਰਤ ਪ੍ਰਤੀ ਮਰਦ ਦੀ ਕੇਵਲ ਜਿਨਸੀ ਜਾਂ ਵਸਤੂਮੁੱਖੀ ਦ੍ਰਿਸ਼ਟੀ ਨੂੰ ਸਾਫ਼ ਤੌਰ 'ਤੇ ਦੇਖਿਆ ਜਾ ਸਕਦਾ ਹੈ। ਅਜਿਹੇ ਮਾਰਮਿਕ ਯਥਾਰਥ ਦੇ ਰੂਬਰੂ ਹੁੰਦਿਆਂ ਤਣਾਅ ਦੀ ਅਵਸਥਾ ਵਿਚ ਮੁੱਖ ਪਾਤਰ ਸਮੂਹ ਸਥਿਤੀਆਂ ਨੂੰ ਮਨੋਬਿਰਤੀ ਵਿਚੋਂ ਲੰਘਾ ਰਹੀ ਕਿਸੇ ਅੰਤਿਮ ਫ਼ੈਸਲੇ ਤੱਕ ਪਹੁੰਚਣ ਲਈ ਪ੍ਰਯਤਨਸ਼ੀਲ ਹੈ।

ਜ਼ਾਹਿਰ ਹੈ ਕਿ ਮੈਂ ਪਾਤਰ ਸੰਕਟਕੁੰਨ ਸਥਿਤੀ ਭੋਗ ਰਿਹਾ ਹੈ, ਮਾਨਸਿਕ ਅਤੇ ਵਿਹਾਰਕ ਪੱਧਰ ਉੱਪਰ ਇਹ ਸਥਿਤੀ ਉਸਨੂੰ ਚੇਤਨਾ ਪ੍ਰਵਾਹ ਦੀ ਸਥਿਤੀ ਵਿਚ ਖੜ੍ਹਾ ਕਰਦੀ ਹੈ। ਭੂਤ-ਭਵਿੱਖ ਅਤੇ ਵਰਤਮਾਨ ਇਕੋਂ ਕੇਂਦਰ ਵਿਚ ਹਨ। ਚੇਤਨਾ ਪ੍ਰਵਾਹ ਰਾਹੀਂ ਰਹੱਸ ਦਾ ਖੁਲਾਸਾ ਹੁੰਦਾ ਹੈ। ਭੂਤ ਸਿਰਜਣਾ ਅਰਥਾਤ ਪਿੱਛਲਝਾਤ ਵਿਧੀ ਰਾਹੀਂ ਮੈਂ ਪਾਤਰ ਆਪਣੀ ਵਰਤਮਾਨ ਸਥਿਤੀ ਦੀ ਪਿੱਠਭੂਮੀ ਨੂੰ ਸਾਹਮਣੇ ਲਿਆਉਂਦਾ ਹੈ। ਮੈਂ-ਪਾਤਰ ਨਿਮਨ ਆਰਥਿਕਤਾ ਨਾਲ ਸੰਬੰਧਿਤ ਹੈ। ਨਿਮਨ ਆਰਥਿਕਤਾ ਉਸਨੂੰ ਰੋਜ਼ਗਾਰ ਦਾ



ਮੁਥਾਜ ਬਣਾਉਂਦੀ ਹੈ ਰੋਜ਼ਗਾਰ ਦੀ ਮੁਥਾਜੀ ਉਸਦੀ ਅਸਤਿੱਤਵੀ ਖ਼ੁਦਦਾਰੀ ਅਤੇ ਸ੍ਵੈਮਾਨ ਲਈ ਚੁਣੌਤੀਆਂ ਵੀ ਖੜ੍ਹੀਆਂ ਕਰਦੀ ਹੈ। ਜੋ ਕਈ ਵਾਰ ਜਿਸਮੀ ਦਾਅਪੁਣੇ ਵਿਚ ਵੀ ਵਟਦੀ ਪ੍ਰਤੀਤ ਹੁੰਦੀ ਹੈ, ਮਜ਼ਬੂਰਨ ਮਰਦ ਦ੍ਰਿਸ਼ਟੀ ਵਿਚ ਇਹ ਮਜਬੂਰੀ ਸਵਾਦ ਬਣ ਜਾਂਦੀ ਹੈ ਪ੍ਰੰਤੂ ਦੁਖਾਂਤ ਉੱਥੇ ਵਾਪਰਦਾ ਹੈ ਜਿੱਥੇ ਮਜਬੂਰੀ ਤੋਂ ਸਵਾਦ ਤੱਕ ਦਾ ਸਫ਼ਰ ਪ੍ਰੇਮ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ। ਇਕ ਪਾਸੇ ਪ੍ਰੇਮ ਪ੍ਰੰਤੂ ਦੂਜੀ ਧਿਰ ਲਈ ਨਿਰੋਲ ਸਵਾਦ ਤੱਕ ਦੀ ਪਹੁੰਚ ਤ੍ਰਾਸਦੀ ਨੂੰ ਜਨਮ ਦਿੰਦੀ ਹੈ। ਮੈਂ ਪਾਤਰ ਰਜਨੀ ਸ਼ੇਖਰ ਦਾ ਮਹਿਜ਼ ਜਿਨਸੀ ਸਵਾਦ ਬਣਦੀ, ਉਸ ਨਾਲ ਭਾਵੁਕ ਪੱਧਰ ਤੇ ਵੀ ਬੱਝ ਜਾਂਦੀ ਹੈ ਪ੍ਰੰਤੂ ਸ਼ੇਖਰ ਇਸ ਪ੍ਰੇਮ ਰੂਪੀ ਬੂਟੇ ਨੂੰ ਪਾਣੀ ਦੇਣ ਤੋਂ ਇਨਕਾਰ ਕਰ ਦਿੰਦਾ ਹੈ ਜਿੱਥੋਂ ਮੈਂ ਪਾਤਰ ਦਾ ਦੁਖਾਂਤਕ ਸਫ਼ਰ ਆਰੰਭ ਹੁੰਦਾ ਹੈ। ਕਹਾਣੀਕਾਰ ਦਾ ਸੁਹਜ ਆਰਥਿਕਤਾ ਦੇ ਸਾਂਚੇ ਵਿਚ ਰਹਿ ਕੇ ਮਨੁੱਖੀ ਅਸਤਿੱਤਵ ਦੇ ਬਣਦੇ ਅਤੇ ਬਿਨਸਦੇ ਪ੍ਰਤਿਮਾਨਾਂ ਨੂੰ ਵਿਅਕਤ ਕਰਨ ਵਿਚ ਹੈ ਅਰਥਾਤ ਕਾਮੁਕਤਾ ਆਰਥਿਕਤਾ ਦੇ ਤਰਕ ਰਾਹੀਂ ਰੂਪਮਾਨ ਹੋ ਰਹੀ ਹੈ।

ਮੈਂ ਪਾਤਰ ਦੀ ਸਥਿਤੀ ਕਰੁਣਾ ਭਾਵ ਤਾਂ ਪੈਦਾ ਕਰ ਰਹੀ ਹੈ ਪ੍ਰੰਤੂ ਕਹਾਣੀਕਾਰ ਦੁਆਰਾ ਆਰਥਿਕਤਾ ਦਾ ਤਰਕ ਪੇਸ਼ ਕਰਨ ਦੀ ਜੁਗਤ ਕਹਾਣੀ ਨੂੰ ਕਠੋਰ ਯਥਾਰਥ ਨਾਲ ਵਾਬਸਤਾ ਕਰ, ਸਹਿਜ ਭਾਅ ਵੀ ਦੇ ਰਹੀ ਹੈ। ਕਿਉਂਕਿ ਉਸਦੇ ਕਥਾ ਸੰਸਾਰ ਦਾ ਵੱਡਾ ਭਾਗ ਵਰਜਿਤ ਕਾਮੁਕ ਸੰਬੰਧਾਂ ਦੀ ਜਟਿਲ ਸਮੱਸਿਆ ਨੂੰ ਵਿਭਿੰਨ ਪਾਸਾਰਾਂ ਅਤੇ ਸਥਿਤੀਆਂ ਦੇ ਰੂਪ ਵਿਚ ਪਾਤਰਾਂ ਦੇ ਪ੍ਰਤਿਕਰਮਕ ਤੇ ਪ੍ਰਤਿਰੋਧਕ ਵਤੀਰੇ ਰਾਹੀਂ ਫੜਨ ਦੀ ਕੋਸ਼ਿਸ਼ ਕਰਦਾ ਹੈ। ਇਸ ਵਿਚ ਸੰਦੇਹ ਨਹੀਂ ਕਿ ਅਜਿਹੀ ਜਟਿਲ ਸਮੱਸਿਆ ਨੂੰ ਇਕ-ਇਕ ਗੱਲ ਤੇ ਖ਼ੌਫ਼ਨਾਕ ਸਥਿਤੀ ਦੇ ਰੂਪ ਵਿਚ ਖੜਾ ਕਰਨ ਅਤੇ ਇਸ ਸਥਿਤੀ ਵਿਚੋਂ ਵਿਭਿੰਨ ਪਸਥਿਤੀਆਂ ਅਤੇ ਵਰਗਾਂ ਦੇ ਵਿਰੋਧ ਨੂੰ ਪਾਤਰਾਂ ਦੀ ਜਟਿਲ ਮਾਨਸਿਕਤਾ ਦੇ ਪ੍ਰਸੰਗ ਵਿਚ ਉਭਾਰਨ ਦੇ ਮਾਮਲੇ ਵਿਚ ਰਸੂਲਪੁਰੀ ਚੰਗੀ ਯੋਗਤਾ ਦਾ ਪ੍ਰਮਾਣ ਦਿੰਦਾ ਹੈ। [15]


ਸੋ ਉਪਰੋਕਤ ਵਿਚਾਰ ਵਿਮਰਸ਼ ਉਪਰੰਤ ਇਹ ਤੱਥ ਉਜਾਗਰ ਹੁੰਦਾ ਹੈ ਕਿ ਬਿਰਤਾਂਤਕਾਰ ਸਾਹਮਣੇ ਸਮੱਸਿਆ ਕੇਵਲ ਅਸਮਾਜਿਕ ਕਾਮ ਸੰਬੰਧਾਂ ਵਿਚੋਂ ਉਪਜੀ ਵਿਡੰਬਨਾ ਹੈ ਪ੍ਰੰਤੂ ਉਸਦਾ ਸ਼ਿਲਪ ਇਸਦੇ ਅਜਨਬੀਕ੍ਰਿਤ ਅਭਿਵਿਅੰਜਨਾ ਮੂਲਕ ਪ੍ਰਸਤਉਤੀਕਰਨ ਵਿਚ ਹੈ। ਤਬਾਹਕੁੰਨ ਪ੍ਰਸਥਿਤੀਆਂ ਦਾ ਪ੍ਰਗਟਾਓ ਮਾਧਿਅਮ ਦਰਸਾ ਕੇ ਉਹਨਾਂ ਅੰਦਰੋਂ 'ਸਾਰਥਿਕ ਪਹੁੰਚ ਦ੍ਰਿਸ਼ਟੀ' ਤੱਕ ਪਹੁੰਚ ਕਰਨੀ ਕਹਾਣੀ ਅਤੇ ਕਹਾਣੀਕਾਰ ਦੋਵਾਂ ਦੀ ਵਿਸ਼ੇਸ਼ਤਾ ਵੀ ਹੈ ਅਤੇ ਸ਼ਿਲਪ ਦਾ ਮੂਲ ਬਿੰਦੂ ਵੀ।(**ਸੰਪਰਕ-95924-99953**)

**ਹਵਾਲੇ ਟਿੱਪਣੀਆਂ**


1. ਡਾ. ਰਜਿੰਦਰਪਾਲ ਸਿੰਘ, ਨਵੇਕਲੀਆਂ ਕਥਾ ਜੁਗਤਾਂ- ਮੈਂ, ਸ਼ੈਤਾਨ ਤੇ ਇੰਦੂਮਣੀ , ਭਗਵੰਤ ਰਸੂਲਪੁਰੀ ਦੀ ਕਥਾ-ਪ੍ਰਕਿਰਿਆ, (ਸੰਪਾ. ਡਾ. ਰਜਨੀਸ਼ ਬਹਾਦਰ ਸਿੰਘ), ਪੰਨਾ 25.
2. ਭਗਵੰਤ ਰਸੂਲਪੁਰੀ, ਤੀਜਾ ਨੇਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ
3. ਡਾ. ਧਨਵੰਤ ਕੌਰ, ਬਿਰਤਾਂਤ ਸ਼ਾਸਤਰ, ਪੰਨਾ 31.
4. ਭਗਵੰਤ ਰਸੂਲਪੁਰੀ, ਤੀਜਾ ਨੇਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ
5. ਭਗਵੰਤ ਰਸੂਲਪੁਰੀ, ਮੇਰੇ ਪਾਤਰ-ਸਿਰਜਣ ਪ੍ਰਕਿਰਿਆ, ਦ੍ਰਿਸ਼ਟੀ ਦੀ ਸਪੱਸ਼ਟਤਾ ਰਾਹੀਂ ਮੈਂ ਆਪਣੇ ਪਾਤਰਾਂ ਨੂੰ ਜਾਨਦਾਰ ਬਣਾਉਂਦਾ ਹਾਂ , ਮੈਂ ਸ਼ੈਤਾਨ ਤੇ ਇੰਦੂਮਣੀ, ਪੰਨਾ 126.
6. ਡਾ. ਰਜਿੰਦਰਪਾਲ ਸਿੰਘ ਬਰਾੜ, ਮੈਂ ਸ਼ੈਤਾਨ ਤੇ ਇੰਦੂਮਣੀ, ਪੰਨਾ 30.
7. ਉਹੀ, ਪੰਨਾ,
8. ਉਹੀ, ਪੰਨਾ
9. ਡਾ. ਜਸਵਿੰਦਰ ਕੌਰ ਬਿੰਦਰਾ, ਤੀਜਾ ਨੇਤਰ ਦਾ ਸੱਚ , ਨੀਜਾ ਨੇਤਰ, (ਭਗਵੰਤ ਰਸੂਲਪੁਰੀ), ਪੰਨਾ 8.
10. ਭਗਵੰਤ ਰਸੂਲਪੁਰੀ, ਤੀਜਾ ਨੇਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ
11. ਉਹੀ, ਪੰਨਾ
12. ਉਹੀ, ਪੰਨਾ
13. ਡਾ. ਧਨਵੰਤ ਕੌਰ, ਪੰਜਾਬੀ ਕਹਾਣੀ ਸ਼ਾਸ਼ਤਰ, ਪੰਨਾ 54.
14. ਉਹੀ, ਪੰਨਾ
15. ਡਾ. ਸੁਖਵਿੰਦਰ ਸਿੰਘ ਰੰਧਾਵਾ, ਕਥਾ ਚਿੰਤਨ, ਪੰਨਾ 191.

# ਪਲਾਂ ਛਿਣਾ ਦੀ ਖੂਬਸੂਰਤੀ ਦੇ ਨਾਂ-ਪੂਰਨ ਅਪੂਰਨ

**- ਡਾ. ਸੁਖਪਾਲ ਕੌਰ ਸਮਰਾਲਾ**




ਜ਼ਿੰਦਗੀ ਪਲਾਂ ਛਿਣਾਂ ਦੀ ਖ਼ੂਬਸੂਰਤੀ ਦਾ ਨਾਂ ਹੈ। ਜ਼ਿੰਦਗੀ ਵਿੱਚ ਸੰਪੂਰਨਤਾ ਦਾ ਮਤਲਬ ਇਸਦਾ ਖ਼ਤਮ ਹੋਣਾ ਹੈ। ਇਹ ਅਪੂਰਨਤਾ ਹੀ ਹੈ ਜੋ ਜ਼ਿੰਦਗੀ ਜਿਊਣ ਦਾ ਹੌਂਸਲਾ ਬਣਾਈ ਰੱਖਦੀ ਹੈ, ਇਸ ਦੀ ਜੀਵਨ ਚੰਗਿਆੜੀ ਮਘਾਈ ਰੱਖਦੀ ਹੈ। ਅਜਿਹੇ ਹੀ ਖ਼ੂਬਸੂਰਤੀ ਨਾਲ ਭਰੇ ਪਲਾਂ ਨਾਲ ਜੁੜੀਆਂ ਅਤੇ ਕੁਝ ਜ਼ਿੰਦਗੀ ਨਾਲ ਜੁੜੀਆਂ ਕਹਾਣੀਆਂ ਦਾ ਕਹਾਣੀ ਸੰਗ੍ਰਹਿ ਹੈ **'ਪੂਰਨ ਅਪੂਰਨ' ਕਹਾਣੀਕਾਰ ਕੁਲਦੀਪ ਸਿੰਘ ਬੇਦੀ, ਪ੍ਰਕਾਸ਼ਕ ਕੈਲੀਬਰ ਪਬਲੀਕੇਸ਼ਨ, ਪਟਿਆਲਾ, ਮੁੱਲ: 185, ਪੰਨੇ : 104)** । ਇਸ ਨੂੰ ਪੜ੍ਹਦਿਆ ਇਹ ਅਹਿਸਾਸ ਹੁੰਦਾ ਹੈ ਕਿ ਪੂਰਨ ਅਪੂਰਨ ਹੋਣਾ ਹੀ ਜੀਵਨ ਹੈ। ਕੁੱਲ 6 ਕਹਾਣੀਆਂ ਵਾਲੇ ਇਸ ਸੰਗ੍ਰਹਿ ਦੀਆਂ ਕਹਾਣੀਆਂ ਆਪਣੇ ਵਿਸ਼ੇ ਦੇ ਨਿਭਾਅ ਵਿੱਚ ਪੂਰਨ ਜਾਪਦੀਆਂ ਹਨ। ਇਹਨਾਂ ਦਾ ਸੱਜਰਾਪਣ ਸਹਿਜੇ ਹੀ ਪਾਠਕਾਂ ਦੇ ਮਨਾਂ ਨੂੰ ਛੂੰਹਦਾ ਹੈ। ਸੰਗ੍ਰਹਿ ਦੀ ਪਹਿਲੀ ਕਹਾਣੀ **'ਮੂਰਤੀਆਂ ਹੁੰਗਾਰਾ ਨਹੀ ਭਰਦੀਆਂ'** ਇੱਕ ਨੌਜਵਾਨ ਇਸਤਰੀ ਦੀਆਂ ਭਾਵਨਾਵਾਂ ਦੀ ਦੋਚਿਤੀ ਨੂੰ ਪ੍ਰਗਟਾਉਂਦੀ ਹੈ। ਸ਼ਾਲੂ ਕਹਾਣੀ ਦੀ ਮੁੱਖ ਪਾਤਰ ਆਪਣੇ ਗੁਜ਼ਰ ਚੁੱਕੇ ਪਤੀ ਨੂੰ ਆਪਣੇ ਪਿਤਾ ਦੇ ਦੋਸਤ ਵਿੱਚ ਭਾਲਦੀ ਹੈ ਪਰ ਇਸ ਸਾਰੀ ਕੋਸ਼ਿਸ਼ ਵਿੱਚ ਉਹ ਕਿਧਰੇ ਗੁਨਾਹ ਦੇ ਅਹਿਸਾਸ ਦਾ ਸ਼ਿਕਾਰ ਹੋ ਜਾਂਦੀ ਹੈ। ਉਤੇ ਉਸ ਨੂੰ ਲੱਗਦਾ ਹੈ ਕਿ ਜਿਵੇਂ ਉਹ ਭਟਕ ਰਹੀ ਹੋਵੇ। ਪਤੀ ਦੀ ਮੌਤ ਤੋਂ ਬਾਅਦ ਲੰਬਾ ਸਮਾਂ ਇਕੱਲਤਾ ਭੋਗਣ ਤੋਂ ਬਾਅਦ ਪ੍ਰੀਤਮ ਦੀ ਪਲ ਭਰ ਦੀ ਨੇੜਤਾ ਉਸਨੂੰ ਰਹਿੰਦੇ ਜੀਵਨ ਵਿੱਚ ਪੂਰਨਤਾ ਦੇ ਅਹਿਸਾਸ ਨਾਲ ਭਰੀ ਜਾਪਦੀ ਹੈ। ਉਸ ਨੂੰ ਜਾਪਦਾ ਹੈ ਕਿ ਰਹਿੰਦੀ ਜ਼ਿੰਦਗੀ ਉਹ ਇਹਨਾਂ ਪਲਾਂ ਦੇ ਆਸਰੇ ਨਾਲ ਹੀ ਜੀਅ ਲਵੇਗੀ,

"ਤੁਸੀਂ ਹੁੰਗਾਰਾ ਭਰਿਆਂ ਤਾਂ ਮੇਰੀ ਕਹਾਣੀ ਮੁੱਕ ਗਈ ਹੈ, ਬਸ ਇਹੀ ਕੁਝ ਪਲ ਦੀ ਜ਼ਿੰਦਗੀ ਮੇਰੀ ਬਾਕੀ ਦੀ ਰਹਿੰਦੀ ਜ਼ਿੰਦਗੀ ਤੱਕ ਮੇਰੇ ਲਈ ਕਾਫੀ ਹੈ। ਇਸ ਤੋਂ ਅੱਗੇ ਜਾਣਾ ਮੂਰਤੀ ਦੇ ਵੱਸ 'ਚ ਨਹੀ।" (ਪੰਨਾ-21)

ਆਪਣੀ ਜ਼ਿੰਦਗੀ ਵਿੱਚ ਆਪਣੇ ਪਤੀ ਦੀ ਮੌਤ ਤੋਂ ਬਾਅਦ ਅਪਣੀਆਂ ਅਧੂਰੀਆਂ ਖਾਹਿਸ਼ਾ ਨੂੰ ਮਹਿਸੂਸ ਕਰਦਿਆ ਪ੍ਰੀਤਮ ਦੇ ਨੇੜੇ ਆਉਣ ਤੋਂ ਬਾਅਦ ਸ਼ਾਲੂ ਨੂੰ ਇੰਝ ਲੱਗਦਾ ਸੀ ਜਿਵੇਂ ਉਹ ਬੇਜਾਨ ਮੂਰਤੀ ਤੋਂ ਜਿਉਂਦੀ ਅਵਸਥਾ ਵਿੱਚ ਆ ਗਈ ਹੋਵੇ ਪਰ ਯਥਾਰਥ ਦਾ ਸਾਹਮਣਾ ਕਰਨ ਤੇ ਉਹ ਖ਼ੁਦ ਨੂੰ ਬੇਜਾਨ ਮੂਰਤੀ ਬਣ ਗਈ ਮਹਿਸੂਸ ਕਰਦੀ ਹੈ ਜੋ ਬੋਲ ਨਹੀ ਸਕਦੀ। ਕਹਾਣੀ ਮਨੁੱਖੀ ਮੂਲ਼ ਜਜ਼ਬੇ ਪਿਆਰ ਅਤੇ ਚਾਹਤ ਦੀ ਖੂਬਸੂਰਤੀ ਨੂੰ ਪ੍ਰਗਟ ਕਰਦੀ ਹੈ ਜਿਸ ਸਦਕਾ ਜੀਣ ਦੀ ਚਾਹਨਾ ਬਣੀ ਰਹਿੰਦੀ ਹੈ। ਕਹਾਣੀ **'ਸੁਰਖਰੂ'** ਵਿਚਲਾ ਮੁੱਖ ਪਾਤਰ ਆਪਣੇ ਜੀਵਨ ਵਿੱਚ ਕੀਤੀ ਇੱਕ ਗਲ਼ਤੀ ਕਾਰਨ ਆਪਣੇ



ਅੰਦਰਲੇ ਬੰਦੇ ਨਾਲ ਕਈ ਵਾਰ ਸ਼ੰਘਰਸ਼ ਕਰਦਾ ਹੈ ਪਰ ਅੰਤ ਉਹ ਇਕ ਸਭਾ ਵਿੱਚ ਸਾਰਿਆਂ ਦੇ ਸਾਹਮਣੇ ਆਪਣੀ ਗਲਤੀ ਦਾ ਅਹਿਸਾਸ ਕਰਕੇ ਆਪਣਾ ਪਸ਼ਚਾਤਾਪ ਕਰਦਾ ਹੈ ਅਤੇ ਸੁਰਖਰੂ ਹੋਣਾ ਚਾਹੁੰਦਾ ਹੈ। ਪ੍ਰਭਾ ਦੇਵੀ ਇੱਕ ਜ਼ਹੀਨ ਲੜਕੀ ਹੈ ਜਿਸ ਦੇ ਖ਼ਤ ਪੜ੍ਹ ਕੇ ਮੁੱਖ ਪਾਤਰ ਨੂੰ ਉਸ ਨਾਲ ਪਿਆਰ ਹੋ ਜਾਂਦਾ ਹੈ ਪਰ ਸਾਂਵਲੇ ਰੰਗ ਅਤੇ ਛੋਟੇ ਕੱਦ ਦੀ ਪ੍ਰਭਾ ਦੀ ਜ਼ਿਹਨੀ ਖ਼ੂਬਸੂਰਤੀ ਵੱਲ ਕੋਈ ਧਿਆਨ ਨਹੀ ਦਿੰਦਾ ਅਤੇ ਉਹ ਮੁੱਖ ਪਾਤਰ ਦੇ ਪਰਿਵਾਰ ਅਤੇ ਖ਼ੁਦ ਉਸ ਦੇ ਮਨ ਨੂੰ ਵੀ ਨਹੀ ਭਾਉਂਦੀ,

"ਪ੍ਰਭਾ ਦਾ ਜਿਹੜਾ ਵਜੂਦ ਮੇਰੇ ਜ਼ਿਹਨ, ਮੇਰੇ ਮਨ ਤੇ ਛਾਇਆ ਹੋਇਆ ਸੀ, ਕਿੱਥੇ ਗਾਇਬ ਹੋ ਗਿਆ। ਮੈਂ ਤਾਂ ਸਿਰਫ ਸੋਚਿਆ ਸੀ ਕਿ ਉਸਦਾ ਰੰਗ ਪੱਕਾ ਹੋ ਸਕਦਾ, ਪਰ ਉਹ ਉੱਚੀ ਲੰਮੀ ਮੁਟਿਆਰ ਹੋਵੇਗੀ ਸੋਹਣੀ ਫੱਬਦੀ, ਘੱਟੋ ਘੱਟ ਮੇਰੇ ਨਾਲ ਤੁਰਦੀ ਤਾਂ ਚੰਗੀ ਲੱਗੇਗੀ। ਪਰ ਇੱਥੇ ਤਾਂ ਕੁਝ ਵੀ ਨਹੀ ਸੀ।" (ਪੰਨਾ-30)

ਕਈ ਸਾਲ ਬੀਤ ਜਾਣ ਤੋਂ ਬਾਅਦ ਦੋਵੇਂ ਇੱਕ ਪ੍ਰੋਗਰਾਮ ਵਿੱਚ ਇੱਕ ਦੂਸਰੇ ਦੇ ਰੁਬਰੂ ਹੁੰਦੇ ਹਨ ਤਾਂ ਲੋਕਾਂ ਨੂੰ ਜਿਉਣ ਦੀ ਕਲਾ ਦੱਸਣ ਵਾਲਾ ਮੁੱਖ ਪਾਤਰ ਇੱਕ ਵਾਰ ਤਾਂ ਖ਼ੁਦ ਨੂੰ ਡਗਮਗਾਇਆ ਮਹਿਸੂਸ ਕਰਦਾ ਹੈ ਪਰ ਜਲਦੀ ਹੀ ਸੰਭਲ ਜਾਂਦਾ ਹੈ ਅਤੇ ਭਰੀ ਸਭਾ ਵਿੱਚ ਆਪਣੀ ਗਲਤੀ ਦਾ ਅਹਿਸਾਸ ਕਰਦਾ ਹੈ ਅਤੇ ਖ਼ੁਦ ਨੂੰ ਸੁਰਖ਼ਰੂ ਮਹਿਸੂਸ ਕਰਦਾ ਹੈ।ਉਧਰ ਪ੍ਰਭਾ ਦੇਵੀ ਵੀ ਉਸ ਨੂੰ ਉਸਦੇ ਖ਼ਤ ਅਤੇ ਉਸ ਲਈ ਬੁਣਿਆਂ ਸਵੈਟਰ ਦੇ ਕੇ ਖ਼ੁਦ ਨੂੰ ਉਸ ਰਿਸ਼ਤੇ ਤੋਂ ਮੁਕਤ ਕਰਦੀ ਹੈ। ਜਿਸ ਵਿੱਚ ਉਸਨੇ ਖੁਦ ਨੂੰ ਬੰਨ੍ਹੀ ਰੱਖਿਆ।

ਜ਼ਿੰਦਗੀ ਵਿੱਚ ਰਿਸ਼ਤਿਆ ਦੀਆਂ ਸਮੀਕਰਨਾਂ ਨੂੰ ਜਾਣਨਾ ਅਤੇ ਸੁਲਝਾਉਣਾ ਇੰਨਾ ਆਸਾਨ ਵੀ ਨਹੀ ਹੁੰਦਾ ਜਿਨ੍ਹਾਂ ਨਜ਼ਰ ਆਉਂਦਾ ਹੈ। ਕਈ ਵਾਰ ਰਿਸ਼ਤਿਆਂ ਦੀ ਖ਼ੂਬਸੂਰਤੀ ਉਹਨਾਂ ਦੇ ਨਾਵਾਂ ਵਿੱਚ ਨਹੀ ਉਹਨਾਂ ਦੇ ਨਿਭਾ ਵਿੱਚ ਨਜ਼ਰ ਆਉਂਦੀ ਹੈ ਅਤੇ ਅਜਿਹੇ ਰਿਸ਼ਤੇ ਕਿਸੇ ਨਾਂ ਵਿੱਚ ਨਾ ਵੀ ਬੱਝੇ ਹੋਣ ਤਾਂ ਵੀ ਉਹ ਇੱਕ ਦੂਜੇ ਨਾਲ ਇੰਝ ਜੁੜੇ ਹੁੰਦੇ ਹਨ ਕਿ ਉਨ੍ਹਾਂ ਬਿਨਾਂ ਕਿਤੇ ਨਾ ਕਿਤੇ ਅਧੂਰਾਪਣ ਰਹਿੰਦਾ ਹੈ। **'ਕੀ ਹੈ ਇਸ ਰਿਸ਼ਤੇ ਦਾ ਨਾਂ'** ਕਹਾਣੀ ਇੱਕ ਅਜਿਹੀ ਹੀ ਰਿਸ਼ਤਿਆ ਦੀ ਸਮੀਕਰਨ ਹੈ। ਜਿਸ ਵਿੱਚ ਹਰਵੰਤ ਅਤੇ ਜੋਤੀ ਦਾ ਰਿਸ਼ਤਾ ਪਰਿਭਾਸ਼ਿਤ ਨਹੀ ਕੀਤਾ ਜਾ ਸਕਦਾ। ਦਿਲਜੋਤ ਅਤੇ ਹਰਵੰਤ ਭਾਵੇਂ ਆਪੋ ਆਪਣੇ ਘਰ ਪਰਿਵਾਰ ਵਿੱਚ ਖੁਸ਼ ਅਤੇ ਸ਼ੰਤੁਸ਼ਟ ਹਨ ਪਰ ਫਿਰ ਵੀ ਉਨਾਂ ਦੀ ਜ਼ਿੰਦਗੀ ਵਿਚਲਾ ਅਧੂਰਾਪਣ ਜਿਵੇ ਇੱਕ ਦੂਜੇ ਨੂੰ ਮਿਲ ਕੇ ਪੂਰਾ ਹੋਇਆ ਹੋਵੇ। ਇਕ ਗਲਤ ਫਹਿਮੀ ਉਹਨਾਂ ਦੇ ਰਿਸ਼ਤੇ ਵਿੱਚ ਦੂਰੀਆਂ ਪੈਦਾ ਕਰਦੀ ਹੈ ਤਾਂ ਹਰਵੰਤ ਆਪਣੀ ਸਿਆਣਪ ਨਾਲ ਉਸ ਨੂੰ ਸੁਲਝਾ ਲੈਂਦਾ ਹੈ ।ਦੋਵੇ ਆਪਣੇ ਰਿਸ਼ਤੇ ਨੂੰ ਪਰਿਭਾਸ਼ਿਤ ਨਹੀ ਕਰ ਪਾਉਂਦੇ ਪਰ ਇਹ ਰਿਸ਼ਤਾ ਉਹਨਾਂ ਨੂੰ ਇੱਕ ਦੂਸਰੇ ਪ੍ਰਤੀ ਸਮਰਪਣ ਦਾ ਅਹਿਸਾਸ ਜ਼ਰੂਰ ਕਰਵਾ ਦਿੰਦਾ ਹੈ।

ਰਾਜਨੀਤੀ ਵਿੱਚ ਦੋਸਤੀ ਅਤੇ ਦੁਸ਼ਮਣੀ ਦੀ ਪਰਿਭਾਸ਼ਾ ਕਿਸ ਕਦਰ ਬਦਲਦੀ ਰਹਿੰਦੀ ਹੈ ਇਸ ਨੂੰ ਕਹਾਣੀ **'ਤੂੰ ਉੱਥੇ ਦਾ ਉੱਥੇ'** ਵਿੱਚ ਕਹਾਣੀਕਾਰ ਨੇ ਬਾਖੂਬੀ ਪ੍ਰਗਟਾਇਆ ਹੈ। ਕਹਾਣੀ ਵਿੱਚ ਗਰੀਬ ਚੇਤ ਰਾਮ ਆਪਣੀ ਬੇਟੀ ਦੀ ਬੇਪਤੀ ਦਾ ਬਦਲਾ ਲੈਣ ਲਈ ਮੁਲ਼ਖ ਰਾਜ ਦੇ ਕਹਿਣ 'ਤੇ ਕੁਲਦੀਪ ਸਿੰਘ ਦੇ ਖਿਲਾਫ ਚੋਣਾਂ ਵਿੱਚ ਖੜ੍ਹਾ ਹੋ ਜਾਂਦਾ ਹੈ ਪਰ ਹਾਰ ਜਾਂਦਾ ਹੈ ਅਤੇ ਮਹਿਸੂਸ ਕਰਦਾ ਹੈ ਕਿ ਉਸਨੇ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਹੈ। ਕਹਾਣੀ ਰਾਜਨੀਤੀ ਦੇ ਦਾਅ ਪੇਚ ਅਤੇ ਚੋਣਤੰਤਰ ਵਿੱਚ ਵਰਤੇ ਜਾਂਦੇ ਹੱਥ ਕੰਡਿਆਂ ਨੂੰ ਪੇਸ਼ ਕਰਨ ਦੇ ਨਾਲ਼ ਨਾਲ਼ ਤਕੜੇ ਦਾ ਸੱਤੀਂ ਵੀਹੀ ਸੌ ਵਾਲੀ ਕਹਾਵਤ ਸੱਚ ਕਰਦੀ ਨਜ਼ਰ ਆਉਂਦੀ ਹੈ।

**'ਪੂਰਨ ਅਪੂਰਨ'** ਕਹਾਣੀ ਅਜਿਹੀ ਔਰਤ ਦੀ ਕਹਾਣੀ ਹੈ ਜੋ ਆਪਣੇ ਪਤੀ ਦੇ ਹੁੰਦਿਆ ਦੂਸਰੇ ਰਿਸ਼ਤੇ ਵਿੱਚ ਖੁਦ ਨੂੰ ਬੰਨ੍ਹਦੀ ਹੈ ਅਤੇ ਉਸ ਨੂੰ ਆਪਣੀ ਜ਼ਿੰਦਗੀ ਵਿੱਚ ਪੂਰਨਤਾ ਦੇ ਅਹਿਸਾਸ ਵਾਲਾ ਰਿਸ਼ਤਾ ਮੰਨਦੀ ਹੈ ਪਰ ਆਪਣੇ ਪਤੀ ਦੀ ਮੌਤ ਤੋਂ ਬਾਅਦ ਉਸ ਨੂੰ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਉਹ ਇੱਕ

ਛਲਾਵੇ ਭਰੀ ਜ਼ਿੰਦਗੀ ਜਿਉ ਰਹੀ ਹੋਵੇ। ਉਸ ਨੂੰ ਆਪਣਾ ਪਤੀ ਇੱਕ ਸੁਰੱਖਿਆ ਕਵਚ ਦੀ ਤਰਾਂ ਜਾਪਦਾ ਹੈ ਜਿਸਦੇ ਹੁੰਦਿਆ ਉਹ ਹਰ ਤਰਾਂ ਦੀ ਆਜ਼ਾਦੀ ਮਾਣਦੀ ਹੈ ਪਰ ਹੁਣ ਉਹ ਆਪਣੇ ਉਸ ਰਿਸ਼ਤੇ ਤੋਂ ਵੀ ਕਿਨਾਰਾ ਕਰਨਾ ਚਾਹੰਦੀ ਹੈ। ਜਿਸ ਨੂੰ ਉਹ ਆਪਣੀ ਜ਼ਿੰਦਗੀ ਵਿੱਚ ਪੂਰਨ ਮੰਨਦੀ ਹੈ। ਕਹਾਣੀ ਬਦਲਦੇ ਅਹਿਸਾਸਾਂ ਅਤੇ ਗਹਿਰੇ ਜਜ਼ਬਾਤਾਂ ਦੀ ਖੂਬਸੂਰਤ ਪੇਸ਼ਕਾਰੀ ਹੈ। **'ਬਿਗਾਨੀ ਧੀ'** ਦੋਹਰੇ ਕਿਰਦਾਰਾਂ ਨੂੰ ਨਿਭਾਉਂਦੇ ਅਦਾਕਾਰ ਲੋਕਾਂ ਦੀ ਕਹਾਣੀ ਹੈ ਜੋ ਆਪਣੀ ਕਹਿਣੀ ਅਤੇ ਕਰਨੀ ਦੇ ਉਲਟ ਜ਼ਿੰਦਗੀ ਜਿਉਂਦੇ ਹੈ। ਭਾਗ ਸਿੰਘ ਅਤੇ ਉਸਦੇ ਸਾਥੀ ਰੰਗਮੰਚ ਨਾਲ ਜੁੜੇ ਹੋਏ ਹਨ ਲੋਕਾਂ ਨੂੰ ਔਰਤ ਮਰਦ ਸਮਾਨਤਾ ਦੇ ਅਧਿਕਾਰਾਂ ਪ੍ਰਤੀ ਜਾਗੂਰਕ ਕਰਦੇ ਹਨ ਪਰ ਇੱਕ ਘਟਨਾ ਉਹਨਾਂ ਦੇ ਦੋਹਰੇ ਚਰਿੱਤਰ ਤੋਂ ਉਸ ਸਮੇਂ ਪਰਦਾ ਚੁੱਕਿਆ ਜਾਂਦਾ ਹੈ ਜਦੋਂ ਭਾਗ ਸਿੰਘ ਨੂੰ ਆਪਣੀ ਨੂੰਹ ਦੇ ਸੜਨ ਦੀ ਖ਼ਬਰ ਮਿਲਦੀ ਹੈ ਪਰ ਉਹ ਬਹੁਤ ਸਹਿਜ ਨਾਲ ਵਿਚਰਦਾ ਹੈ। ਇਹ ਦੇਖ ਕਿ ਉਹਨਾਂ ਦੀ ਟੋਲੀ ਦੀ ਗੁਰਬਿੰਦਰ ਅਸਹਿਜ ਮਹਿਸੂਸ ਕਰਦੀ ਹੈ, ਉਹ ਭਾਗ ਸਿੰਘ ਨਾਲ ਹਮਦਰਦੀ ਜ਼ਾਹਿਰ ਕਰਨਾ ਚਾਹੰਦੀ ਹੈ ਪਰ ਉਸਦਾ ਵਿਵਹਾਰ ਉਸਨੂੰ ਹੈਰਾਨ ਕਰਦਾ ਹੈ। ਅਚਾਨਕ ਜਦੋਂ ਭਾਗ ਸਿੰਘ ਨੂੰ ਆਪਣੇ ਮੁੰਡੇ ਦੇ ਸੜਨ ਦੀ ਖ਼ਬਰ ਮਿਲਦੀ ਹੈ ਤਾਂ ਉਹ ਫੁੱਟ ਫੁੱਟ ਕੇ ਰੋਣ ਲੱਗਦਾ ਹੈ। ਉਸ ਸਮੇਂ ਗੁਰਬਿੰਦਰ ਨੂੰ ਇੱਦਾ ਲੱਗਦਾ ਹੈ ਜਿਵੇਂ ਉਸ ਦੇ ਸਾਹਮਣੇ ਇੱਕ ਵੱਡੇ ਨਾਟਕ ਦਾ ਪਰਦਾ ਚੁੱਕਿਆ ਗਿਆ ਹੋਵੇ ਅਤੇ ਉਹ ਹੱਸਦਿਆ ਹੋਇਆ ਕਹਿੰਦੀ ਹੈ :

"ਕਿਉਂ ਹੈ ਇਹ ਵਿਤਕਰਾ? ਔਰਤ ਮਰਦ, ਨੂੰਹ ਧੀ ਸਭ ਬਰਾਬਰ ਹਨ। ਕਿੰਨੀ ਕੁ ਦੇਰ ਅਸੀਂ ਇਹ ਨਾਅਰਾ ਦੇਵਾਂਗੇ ਉਤੇ ਮਨ ਵਿੱਚ ਆਪਣੇ ਅਸੀਂ ਕੁਝ ਹੋਰ ਰੱਖੀਂ ਬੈਠੇ ਹਾਂ। ਡਰਾਮੇਬਾਜ਼ੀ ਕਦੋਂ ਅਸਲੀਅਤ ਚ ਬਦਲੇਗੀ ? ਕੌਣ ਕਰੇਗਾ ਇਸ ਦੀ ਪਹਿਲ?" (ਪੰਨਾ-104)

ਕਹਾਣੀ ਸਮਾਜ ਵਿਚਲੇ ਦੋਹਰੇ ਕਿਰਦਾਰਾਂ ਦੀ ਪਹਿਚਾਣ ਕਰਾਉਣ ਦੇ ਨਾਲ ਨਾਲ ਸਮਾਨਤਾ ਦੇ ਨਾਂ ਤੇ ਕੀਤੀ ਜਾਂਦੀ ਡਰਾਮੇਬਾਜ਼ੀ ਨੂੰ ਵੀ ਬਾਖੂਬੀ ਪੇਸ਼ ਕਰਦੀ ਹੈ। **'ਜੀਣ ਮਰਨ'** ਦੀ ਕਸ਼ਮਕਸ਼ ਵਿੱਚ ਫਸਿਆ ਰੂੜ ਸਿੰਘ ਆਰਥਿਕ ਤੰਗੀ ਕਰਕੇ ਖ਼ੁਦ ਨੂੰ ਖ਼ਤਮ ਕਰਨਾ ਚਾਹੁੰਦਾ ਹੈ ਪਰ ਸਰਪੰਚ ਦੁਆਰਾ ਬਚਾ ਲਿਆ ਜਾਂਦਾ ਹੈ ਪਰ ਸਰਪੰਚ ਉਸਨੂੰ ਆਪਣੇ ਕਾਲੇ ਧੰਦਿਆਂ ਵਿੱਚ ਸ਼ਾਮਿਲ ਕਰ ਲੈਂਦਾ ਹੈ । ਸਰਪੰਚ ਦੀ ਜਾਨ ਬਚਾਉਂਦਿਆ ਉਸ ਕੋਲੋਂ ਇੱਕ ਕਤਲ ਹੋ ਜਾਂਦਾ ਹੈ ਪਰ ਸਰਪੰਚ ਦੇ ਹੌਂਸਲੇ ਨਾਲ ਉਹ ਫਾਂਸੀ ਚੜ੍ਹਨ ਲਈ ਵੀ ਤਿਆਰ ਹੋ ਜਾਂਦਾ ਹੈ ਪਰ ਸਰਪੰਚ ਦੇ ਕਤਲ ਕੀਤੇ ਜਾਣ ਦੀ ਖ਼ਬਰ ਸੁਣ ਉਸਨੂੰ ਇੰਞ ਮਹਿਸੂਸ ਹੁੰਦਾ ਹੈ ਜਿਵੇਂ ਉਹ ਹੁਣੇ ਈ ਮਰ ਗਿਆ ਹੋਵੇ, ਕਿਉਂਕਿ ਜਿਹਨਾਂ ਆਰਥਿਕ ਤੰਗੀਆ ਕਰਕੇ ਉਹ ਫਾਂਸੀ ਚੜਨ ਲਈ ਤਿਆਰ ਹੋਇਆ ਸੀ ਉਹ ਫਿਰ ਉਸ ਦੇ ਸਾਹਮਣੇ ਮੂੰਹ ਅੱਡੀ ਖੜੀਆਂ ਹਨ। ਕਹਾਣੀ ਕਿਰਸਾਨੀ ਸਮਾਜ ਅਤੇ ਉਸ ਨਾਲ ਜੁੜੀਆਂ ਆਰਥਕ ਸਮੱਸਿਆਵਾਂ ਦੀ ਅਸਲੀਅਤ ਸਾਹਮਣੇ ਲੈ ਕੇ ਆਉਂਦੀ ਹੈ।

ਸਾਰੀਆਂ ਕਹਾਣੀਆਂ ਦਾ ਸੱਜਰਾਪਣ ਪਾਠਕਾਂ ਦੀ ਰੌਚਿਕਤਾ ਬਣਾਈ ਰੱਖਦਾ ਹੈ ਅਤੇ ਕਹਾਣੀਕਾਰ ਦੀ ਸ਼ੈਲੀ ਉਸ ਦੀਆ ਕਹਾਣੀਆਂ ਵਿੱਚ ਨਵੀਨਤਾ ਦਾ ਅਹਿਸਾਸ ਕਰਾਉਂਦੀ ਹੈ।

**ਸੰਪਰਕ**- 83606-83823

***'ਕਹਾਣੀ ਧਾਰਾ' ਦੇ ਪੁਰਾਣੇ ਅੰਕ ਬਸ ਇਕ ਕਲਿੱਕ ਕਰਕੇ ਪੜ੍ਹੋ***


***'ਕਹਾਣੀ ਧਾਰਾ' ਨੂੰ ਛਪਦਿਆਂ ਪੰਦਰਾਂ ਸਾਲ ਹੋ ਗਏ ਹਨ। ਅਸੀਂ ਹੁਣ ਤੱਕ ਕਹਾਣੀ ਧਾਰਾ ਦੇ 58 ਅੰਕ ਪਾਠਕਾਂ ਲਈ ਪ੍ਰਕਾਸ਼ਤ ਕਰ ਚੁੱਕੇ ਹਾਂ। ਇਸ ਦੇ ਸਾਰੇ ਅੰਕਾਂ ਦੀਆਂ PDF ਤਿਆਰ ਕਰਕੇ ਅਸੀਂ ਇਸ ਦੀ ਵੈਬਸਾਇਟ 'ਤੇ ਪਾ ਦਿੱਤੀਆਂ ਹਨ। ਤੁਸੀਂ ਗੂਗਲ ਸਰਚ ਇੰਜਨ 'ਤੇ ਜਾ ਕੇ : kahani Dhara ਕਲਿੱਕ ਕਰੋ। Parwaz Parkashan ਦੀ ਵੈਬਸਾਇਟ ਨਾਲ 'ਕਹਾਣੀ ਧਾਰਾ' ਦਾ ਵੈਬ ਪੇਜ਼ ਵੀ ਜੁੜਿਆ ਹੋਇਆ ਹੈ। ਤੁਸੀਂ ਪ੍ਰਵਾਜ਼ ਪ੍ਰਕਾਸ਼ਨ ਦੀ ਵੈਬਸਾਇਟ ਖੋਲ੍ਹ ਕੇ ਵੀ 'ਕਹਾਣੀ ਧਾਰਾ' ਦੇ ਪੁਰਾਣੇ ਅੰਕ ਨੰ. 1- 60 ਤੱਕ ਡਾਊਨਲੋਡ ਕਰ ਸਕਦੇ ਹੋ। ਇਸ ਵੈਬਸਾਈਟ 'ਚ ਗਲਪ ਨੂੰ ਸਮਰਪਤ 'ਸੁਰ ਸਾਂਝ' ਦੇ ਪੰਜ ਅੰਕ ਵੀ ਪੜ੍ਹਨ ਨੂੰ ਮਿਲਣਗੇ।***

***-ਸੰਪਾਦਕ***



# ਪਰਤ-ਦਰ-ਪਰਤ ਕਹਾਣੀ-ਉਰਫ ਰੋਸ਼ੀ ਜੱਲਾਦ

**ਡਾ. ਸੁਖਪਾਲ ਕੌਰ ਸਮਰਾਲਾ**




ਜਸਵੀਰ ਰਾਣਾ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਆਪਣੀ ਨਿਵੇਕਲੀ ਪਹਿਚਾਣ ਰੱਖਦਾ ਹੈ। ਉਸ ਦੀ ਇਸ ਨਿਵੇਕਲੀ ਪਹਿਚਾਣ ਦਾ ਕਾਰਨ ਉਸ ਦੀ ਕਥਾ ਸਿਰਜਣਾ ਹੈ ਜਿਸ ਵਿੱਚ ਉਹ ਹਾਸ਼ੀਆਗਤ ਧਿਰਾਂ ਨੂੰ ਕੇਂਦਰਿਤ ਕਰਦਿਆ ਆਪਣੀ ਸੰਘਣੀ ਬਿਰਤਾਂਤਕਾਰੀ ਰਾਹੀ ਉਹਨਾਂ ਦੀਆਂ ਸੱਮਸਿਆਵਾਂ ਨੂੰ ਆਪਣੀਆਂ ਕਹਾਣੀਆਂ ਰਾਹੀ ਪੇਸ਼ ਕਰਦਾ ਹੈ। ਸਰਲ ਸਹਿਜ ਜਾਪਦੀਆਂ ਉਸ ਦੀਆਂ ਕਹਾਣੀਆਂ ਨੂੰ ਫਰੋਲਦਿਆਂ ਕਈ ਤੱਤ ਕਾਰਜਸ਼ੀਲ ਹੁੰਦੇ ਹਨ ਜਿਹੜੇ ਕਿ ਬਾਕਮਾਲ ਕਹਾਣੀ ਸਿਰਜਣਾ ਦਾ ਅਧਾਰ ਬਣਦੇ ਹਨ। ਉਸਦੀ ਹੱਥਲੀ ਪੁਸਤਕ ਵੀ ਅਜਿਹੀਆਂ ਹੀ ਕਹਾਣੀਆਂ ਦਾ ਸੰਗ੍ਰਹਿ ਹੈ ਜਿਹੜੀਆਂ ਕਿ ਪਰਤ-ਦਰ-ਪਰਤ ਖੁੱਲ੍ਹਦੀਆਂ ਹਨ ਅਤੇ ਜਿਨ੍ਹਾਂ ਦੇ ਪਾਤਰ ਆਪਣੇ ਅੰਤਰ ਬਾਹਰੀ ਯੁੱਧ ਵਿੱਚ ਵੀ ਜੀਵਨ ਜੁਗਤਾਂ ਨੂੰ ਈਜਾਦ ਕਰਦੇ ਹੋਏ ਸ਼ੰਘਰਸ਼ਰਤ ਰਹਿੰਦੇ ਹਨ। ਆਪੇ ਨਾਲ ਲੜਨਾ ਸੌਖਾ ਕੰਮ ਨਹੀ ਹੁੰਦਾ ਅਤੇ ਉਸ ਨਾਲ ਲੜਦਿਆ ਜੀਵਨ ਨੂੰ ਊਰਜਾ ਵਿੱਚ ਤਬਦੀਲ ਕਰਨਾ ਸੌਖਾ ਨਹੀਂ ਹੁੰਦਾ ਪਰ ਰਾਣੇ ਦੇ ਪਾਤਰ ਇਹ ਸਭ ਕਰਦੇ ਹੋਏ ਜੀਵਨ ਨੂੰ ਜਿਊਂਦੇ ਹਨ। ਸਮਾਜਕ ਸਰੋਕਾਰਾਂ ਦੇ ਨਾਲ-ਨਾਲ ਉਹ ਅੰਤਰ ਮਨ ਦੇ ਸਰੋਕਾਰਾਂ ਨੂੰ ਵੀ ਮਹੱਤਵ ਦਿੰਦਿਆਂ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ। ਪੰਜ ਕਹਾਣੀਆਂ ਦੇ ਇਸ ਸੰਗ੍ਰਹਿ ਦੀਆਂ ਕਹਾਣੀਆਂ ਨਵੇਂ ਕਥਾ ਵਸਤੂਆਂ ਨਾਲ ਨਵੇਂ ਮਸਲਿਆਂ ਨੂੰ ਆਪਣੀ ਬਿਰਤਾਂਤਕਾਰੀ ਨਾਲ ਪੇਸ਼ ਕਰਦਿਆਂ ਰਾਣੇ ਨੇ ਕਈ ਨਵੇਂ ਅਤੇ ਅਣਛੂਹੇ ਮਸਲਿਆਂ ਨੂੰ ਪਾਠਕਾਂ ਦੇ ਰੂਬਰੂ ਕੀਤਾ ਹੈ। ਗਹਿਰ ਗੰਭੀਰ ਕਥਾ ਸੁਰ ਨਾਲ ਪਰਨਾਏ ਗਏ ਇਹ ਮਸਲੇ ਵੀ ਗੰਭੀਰ ਹਨ ਪਰ ਕਹਾਣੀ ਦੀ ਸਹਿਜਤਾ ਅਤੇ ਸਰਲਤਾ ਰਾਣੇ ਦਾ ਨਿਵੇਕਲਾ ਅੰਦਾਜ ਹੈ, ਜਿਸ ਕਾਰਨ ਕਹਾਣੀਆਂ ਧੁਰ ਅੰਦਰੋਂ ਪਾਠਕ ਨੂੰ ਝੰਜੋੜਦੀਆ ਹਨ।

ਉਸ ਦੇ ਨਵੇਂ ਕਹਾਣੀ ਸੰਗ੍ਰਹਿ **'ਉਰਫ਼ ਰੋਸ਼ੀ ਜਲਾਦ'** (**ਪ੍ਰਕਾਸ਼ਕ: ਆਟਮ ਆਰਟ, ਪਟਿਆਲਾ, ਪੰਨੇ :96, ਮੁੱਲ:** 175) ਦੀ ਪਹਿਲੀ ਕਹਾਣੀ **'ਉਰਫ ਰੋਸ਼ੀ ਜੱਲਾਦ'** ਦੀਆਂ ਪਹਿਲੀਆਂ ਸਤਰਾਂ ਹੀ ਕਹਾਣੀ ਦੀ ਭੂਮਿਕਾ ਅਤੇ ਕਹਾਣੀ ਨੂੰ ਪਾਠਕਾਂ ਦੀ ਨਜਰ ਕਰਦੀਆਂ ਹਨ,

"ਕਿਸ ਕਿਸ ਕਾ ਨਾਮ ਲੂੰ ਮੈਂ, ਮੁਝੇ ਹਰ ਕਿਸੀ ਨੇ ਮਾਰਾ ... ਖਾਲੀ ਕੱਪ ਵੱਲ ਵੇਖਦਿਆਂ ਮੈਂ ਸਿਤਾਰ ਦੀ ਅਧੂਰੀ ਸਤਰ ਪੂਰੀ ਕੀਤੀ, "ਗਿਲਾ ਮੌਤ ਸੇ ਨਹੀਂ ਹੈ ਮੁਝੇ, ਮੁਝੇ ਜ਼ਿੰਦਗੀ ਨੇ ਮਾਰਾ। (ਪੰਨਾ-10)

ਖਾਲੀ ਕੱਪ, ਅਧੂਰੀ ਸਤਰ ਅਤੇ ਜ਼ਿੰਦਗੀ ਨੂੰ ਜਿਸ ਨੇ ਮਾਰਿਆ, ਇਹ ਗੱਲ ਕਰਨ ਵਾਲਾ ਰੋਸ਼ੀ ਉਰਫ ਰੋਸ਼ਨ ਉਹ ਨੌਜਵਾਨ ਸੀ ਜਿਸਨੇ ਇੱਕ ਰੋਸ਼ਨ ਮੁਸਤਕਬਿਲ ਵਾਲੇ ਨੌਜਵਾਨ ਤੋਂ ਰੋਸ਼ੀ ਜੱਲਾਦ ਬਣਨ ਤੱਕ ਦਾ ਸਫ਼ਰ ਤੈਅ ਕੀਤਾ। ਉਸ ਦੇ ਇਸ ਸਫ਼ਰ ਦੇ ਪਿੱਛੇ ਕਈ ਕਾਰਜ ਕਾਰਜਸ਼ੀਲ ਰਹਿੰਦੇ ਹਨ

ਜਿਹੜੇ ਕਿ ਰੌਸ਼ਨ ਨੂੰ ਸਿਰਫ ਰੋਸ਼ੀ ਜੱਲਾਦ ਤੱਕ ਸੀਮਤ ਕਰ ਦਿੰਦੇ ਹਨ। ਛੋਟੀ ਕਿਸਾਨੀ, ਬੇਰੁਜਗਾਰੀ, ਕਰਜੇ ਦੇ ਸਤਾਏ ਕਿਸਾਨਾਂ ਦੀਆਂ ਖੁਦਕਸ਼ੀਆਂ, ਅਮੀਰਾਂ ਦੁਆਰਾ ਕੀਤੀ ਜਾਂਦੀ ਲੁੱਟ, ਵਿਦੇਸ਼ ਜਾਣ ਦੇ ਨਾਂ ਤੇ ਰਿਸ਼ਤਿਆਂ ਵਿੱਚ ਕੀਤੀਆਂ ਜਾਣ ਵਾਲੀਆਂ ਠੱਗੀਆਂ ਹੇਰਾਫੇਰੀਆਂ, ਆਪਣੇ ਰੌਸ਼ਨ ਭਵਿੱਖ ਦੇ ਲਈ ਵੇਖੇ ਜਾਣ ਵਾਲੇ ਸੁਪਨਿਆਂ ਨੂੰ ਆਪਣੇ ਹੱਥੀ ਫਨਾਹ ਹੁੰਦੇ ਦੇਖਣਾ, ਅਜਿਹੀਆਂ ਅਨੇਕਾਂ ਹੀ ਤੰਦਾਂ ਇਸ ਕਹਾਣੀ ਵਿੱਚ ਜੁੜੀਆਂ ਨਜ਼ਰ ਆਉਦੀਆਂ ਹਨ। ਕਹਾਣੀ ਵਿੱਚ ਇੱਕ ਪਾਸੇ ਨਿਸ਼ਾਂਨ ਵਰਗੇ ਸਰਮਾਏਦਾਰ ਹਨ ਜਿਹੜੇ ਕਿ ਧੋਖਾਧੜੀ ਕਰਕੇ ਆਪਣੇ ਆਪ ਨੂੰ ਬਚਾਉਣ ਲਈ ਦੂਸਰਿਆਂ ਦੀ ਜਾਨ ਲੈਣ ਤੋਂ ਵੀ ਨਹੀਂ ਝਿਜਕਦੇ ਅਤੇ ਦੂਸਰੇ ਪਾਸੇ ਰੌਸ਼ਨ ਜਿਹੜਾ ਕਿ ਆਪਣੇ ਮਾਂ ਬਾਪ ਦੀ, ਆਪਣੇ ਪਰਿਵਾਰ ਦੀ ਬੇਇਜਤੀ ਦਾ ਬਦਲਾ ਲੈਣ ਲਈ ਆਪਣੇ ਸੁਪਨਿਆਂ ਦੀ ਬਲੀ ਚੜਾਉਂਦਾ ਹੈ। ਆਪਣੇ ਸੁਪਨਿਆਂ ਨੂੰ ਫਾਂਸੀ ਲਾ ਉਹ ਜੱਲਾਦ ਬਣ ਜਾਂਦਾ ਹੈ। ਕਹਾਣੀ 'ਉਰਫ ਰੋਸ਼ੀ ਜੱਲਾਦ' ਦੇ ਪਿਤਾ ਦੁਆਰਾ ਲਏ ਕਰਜ਼ੇ ਅਤੇ ਫਿਰ ਉਸੇ ਦੇ ਕਰਜ਼ੇ ਕਾਰਨ ਨਿਸ਼ਾਨ ਸਿੰਘ ਦੁਆਰਾ ਕੀਤੀ ਉਹਨਾਂ ਦੀ ਬੇਪਤੀ ਕਾਰਨ ਕੀਤੀ ਗਈ ਖੁਦਕਸ਼ੀ ਅਤੇ ਰੋਸ਼ਨ ਦੁਆਰਾ ਨਿਸ਼ਾਨ ਕੋਲੋਂ ਉਹਨਾਂ ਦੀ ਮੌਤ ਦਾ ਬਦਲਾ ਲੈਣ ਲਈ ਨਿਸ਼ਾਨ ਦਾ ਕਤਲ ਅਤੇ ਜੇਲ ਵਿੱਚ ਜਾ ਕੇ ਜੱਲਾਦ ਬਣਨ ਦੇ ਦੁਆਲੇ ਘੁੰਮਦੀ ਹੈ। ਕਹਾਣੀ ਵਿੱਚ ਨਿਸ਼ਾਨ ਬਾਰ-ਬਾਰ ਉਹਨਾਂ ਤਾਕਤਾਂ ਦਾ ਪ੍ਰਤੀਕ ਬਣ ਕੇ ਉੱਭਰਦਾ ਹੈ, ਜਿਹੜੀਆਂ ਕਿ ਸਮਾਜ ਲਈ ਘਾਤਕ ਸਾਬਿਤ ਹੁੰਦੀਆ ਹਨ। ਇਸੇ ਲਈ ਰੋਸ਼ੀ ਉਰਫ ਜੱਲਾਦ ਨੂੰ ਲੱਗਦਾ ਹੈ ਕਿ ਇੱਕ ਵਾਰ ਮਾਰਨ ਤੋਂ ਬਾਅਦ ਉਹ ਬਚ ਗਿਆ ਹੈ,

"ਜਿਸ ਨੂੰ ਫਾਂਸੀ ਲਾਉਣੀ ਸੀ,ਉਹ ਦੁਨੀਆਂ ਦਾ ਨੰਬਰ ਇੱਕ ਅੱਤਵਾਦੀ ਸੀ,... ਜਦ ਮੈਂ ਮਰਨ ਵਾਲੇ ਦੀ ਫੋਟੋ ਵੇਖੀ, ਮੇਰੀਆਂ ਅੱਖਾਂ ਵਿੱਚ ਖੂਨ ਉੱਤਰ ਆਇਆ ਸੀ। ਉਹ ਅੱਤਵਾਦੀ ਬਣ ਫਿਰ ਜਿਊਂਦਾ ਹੋ ਗਿਆ। ਉਸ ਨੂੰ ਫਿਰ ਮਾਰਨਾ ਪੈਣਾ ਸੀ। ਮੈਂ ਹੱਥ ਖੜਾ ਕਰ ਦਿੱਤਾ। ਇਸ ਨੂੰ ਮੈਂ ਫਾਂਸੀ ਦੇਵਾਂਗਾ (ਪੰਨਾ-15)

ਉਸ ਨੂੰ ਫਾਂਸੀ ਦੇਣ ਤੋਂ ਬਆਦ ਭਾਵੇਂ ਰੋਸ਼ੀ ਆਪਣੇ ਅੰਤਰ ਮਨ ਨਾਲ ਯੁੱਧ ਲੜਦਾ ਰਹਿੰਦਾ ਹੈ ਪਰ ਕਿਧਰੇ ਉਸ ਨੂੰ ਆਪਣੇ ਮਾਂ ਬਾਪ ਦੇ ਉਹਨਾਂ ਜ਼ਖ਼ਮਾਂ ਨੂੰ ਠਾਰ ਦੇਣ ਦਾ ਅਹਿਸਾਸ ਵੀ ਹੁੰਦਾ ਹੈ ਜਿਹੜੇ ਕਿ ਨਿਸ਼ਾਨ ਨੇ ਉਹਨਾਂ ਨੂੰ ਦਿੱਤੇ ਸਨ। ਨਿਸ਼ਾਨ ਦੀ ਫਾਈਨਾਂਸ ਕੰਪਨੀ ਤੋਂ ਲਏ ਕਰਜ਼ੇ ਨੇ ਉਸਦੇ ਬਾਪ ਨੂੰ ਕਰਜਾਈ ਜੱਟ ਘੋਸ਼ਿਤ ਕਰ ਦਿੱਤਾ ਜਿਸ ਕਰਕੇ ਉਹ ਖੁਦਕਸੀ ਕਰਨ ਲਈ ਮਜ਼ਬੂਰ ਹੋ ਗਿਆ। ਇਸ ਲਏ ਗਏ ਕਰਜ਼ੇ ਦੇ ਪਿੱਛੇ ਇੱਕ ਹੋਰ ਤੰਦ ਜੁੜਦੀ ਹੈ ਉਹ ਹੈ ਕਰਜ਼ਾ ਲੈ ਕੇ ਆਈਲੈਟਸ ਪਾਸ ਕੁੜੀ ਨਾਲ ਵਿਆਹ ਕਰਕੇ ਬਾਹਰ ਜਾਣ ਦੀ ਜਿਹੜੀ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਭ ਤੋਂ ਅਸਾਨ ਰਸਤਾ ਲਗਦਾ ਹੈ। ਹਰ ਹੀਲਾ ਵਸੀਲਾ ਵਰਤ ਰੌਸ਼ਨ ਦਾ ਭਰਾ ਟੋਨੀ ਬਾਹਰ ਜਾਣਾ ਚਾਹੁੰਦਾ ਹੈ। ਜਿਸ ਕਾਰਨ ਉਸ ਦੇ ਬਾਪ ਨੂੰ ਕਰਜ਼ਾਈ ਹੋਣਾ ਪੈਂਦਾ ਹੈ ਪਰ ਸਵਾਰਥੀ ਰਿਸਤਿਆਂ ਦੀ ਭੇਟ ਚੜਦੇ ਰਿਸ਼ਤੇ ਸਭ ਕੁਝ ਸਵਾਹ ਕਰ ਜਾਂਦੇ ਹਨ। ਬਾਪ ਦੀ ਖੁਦਕਸ਼ੀ, ਭਰਾ ਦੀ ਖੁਦਕਸ਼ੀ ਰੌਸ਼ਨ ਦੇ ਸੁਪਨਿਆਂ ਦੀ ਖੁਦਕਸ਼ੀ ਇਹ ਸਭ ਉਸ ਦੇ ਹੱਥ ਵਿੱਚ ਫਾਂਸੀ ਦਾ ਰੱਸਾ ਫੜਾ ਦਿੰਦੀ ਹੈ। ਇਸ ਲਈ ਇਸ ਸਭ ਦਾ ਬਦਲਾ ਲੈਣ ਲਈ ਉਹ ਕਦੋਂ ਰੋਸ਼ੀ ਜੱਲਾਦ ਵਿੱਚ ਬਦਲ ਜਾਂਦਾ ਹੈ, ਉਸ ਨੂੰ ਪਤਾ ਨਹੀਂ ਲੱਗਦਾ,

"ਤੀਜੀ ਰਾਤ ਜਿਸ ਵਕਤ ਉਹ ਛੁਪਣਗਾਹ ਦਾ ਜਿੰਦਾ ਖੋਲਣ ਲੱਗਾ, ਰਾਤ ਦਾ ਇੱਕ ਵੱਜਾ ਸੀ। ਉਸਨੇ ਚਾਬੀ ਘੁਮਾਈ। ਮੈਂ ਗੱਲ ਵਿੱਚ ਰੱਸੀ ਪਾ ਗੇੜਾ ਦੇ ਦਿੱਤਾ। ਫੰਦੇ ਵਿੱਚੋਂ ਨਿਕਲਣ ਲਈ ਉਹ ਪਿੱਛੇ ਨੂੰ ਘੁੰਮਿਆ। ਰੋਸ਼ੀ ... ਤੂੰ ... ਤੂੰ ... ਤੂੰ ...।"

ਰੋਸ਼ੀ ਨਹੀਂ ਉਰਫ ਰੋਸ਼ੀ ਜੱਲਾਦ। ਮੈਂ ਵਾ- ਵਰੋਲੇ ਵਾਂਗ ਉਸਦੀ ਗਰਦਨ ਪਿੱਛੇ ਜਾ ਕੱਪੜਾ ਨਿਚੋੜਨ ਵਾਂਗ ਰੱਸੀ ਨੂੰ ਵੱਟ ਚਾੜ੍ਹ ਦਿੱਤਾ।

ਮੇਰੇ ਮੱਥੇ ਵਿਚਕਾਰ ਨੱਚਦੀ ਰੋਜ਼ੀ ਨੇ ਤਾੜੀ ਮਾਰੀ। ਨਿਸ਼ਾਨ ਮੇਰੇ ਹੱਥਾਂ ਵਿੱਚ ਝੁਕ ਗਿਆ। ਲਾਸ਼ ਨੂੰ



ਉਸਦੀ ਫਾਇਨਾਂਸ ਕੰਪਨੀ ਦੇ ਦਫ਼ਤਰ ਅੱਗੇ ਟੰਗ ਮੈਂ ਕਰਜ਼ ਮੁਕਤ ਹੋ ਗਿਆ। (ਪੰਨਾ-27)

ਰੋਸੀ ਜੱਲਾਦ ਬਣਨ ਦੇ ਸਫ਼ਰ ਵਾਲੀ ਇਸ ਕਹਾਣੀ ਵਿੱਚ ਕਈ ਸਮਾਜਕ, ਆਰਥਕ ਅਤੇ ਮਾਨਸਕ ਤੰਦਾਂ ਦੀ ਬਾਰੀਕ ਬੁਣਤਰ ਹੈ ਜਿਹਨਾਂ ਨੂੰ ਕਹਾਣੀਕਾਰ ਨੇ ਬਾਖੂਬੀ ਫੜਿਆ ਹੈ।

**'ਕੁਝ ਸ਼ੀਸ਼ੇ ਝੂਠ ਬੋਲਦੇ ਨੇ'** ਵਿੱਚ ਇੱਕ ਵੱਖਰੇ ਵਿਸ਼ੇ ਵਾਲੀ ਕਹਾਣੀ ਹੈ ਜਿਸ ਥਰਡ ਜੈਂਡਰ ਵਰਡ ਦੇ ਵਿੱਚ ਉੱਤਰ ਰਹੀਆਂ ਨਵੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਮਹੰਤ ਗਜ਼ਾਲਾ ਮਾਈ ਹੈ ਜਿਹੜੇ ਕਿ ਛੈਲਾ ਨਾਮੀ ਨੌਜਵਾਨ ਨੂੰ ਪਿਆਰ ਕਰਦੀ ਹੈ ਅਤੇ ਉਸ ਨਾਲ ਮਿਲ ਕੇ ਆਪਣੇ ਆਪ ਨੂੰ ਪੂਰਨ ਸਮਝਣ ਦਾ ਭਰਮ ਪਾਲਦੀ ਹੈ,

"ਮਰ ਜਾਣੀ ਅੱਧੀ ਸਤਰ ਮੈਂ ਬੋਲਦੀ। ਅੱਧੀ ਜਿਊਣ ਜੋਗੀ ਉਹ ਬੋਲਦਾ, ਇਸ਼ਕ ਦੀ ਇੱਕ ਸਤਰ ਪੂਰੀ ਹੋ ਜਾਂਦੀ। (ਪੰਨਾ-31)

ਇਸੇ ਭਰਮ ਵਿੱਚ ਉਹ ਛੈਲੇ ਦੀ ਬੇਵਫਾਈ ਵੀ ਬਰਦਾਸ਼ਤ ਕਰਦੀ ਰਹਿੰਦੀ। ਦੇਹ ਅਤੇ ਦੇਹ ਤੋਂ ਪਾਰ ਦੀਆਂ ਉਲਝਣਾ ਵਿੱਚ ਉਲਝੀ ਇਸ ਕਹਾਣੀ ਦੀ ਤਾਣੀ ਦੀਆਂ ਕਈ ਤੰਦਾਂ ਹਨ ਜਿਹੜੀਆਂ ਆਪਸ ਵਿੱਚ ਜੁੜੀਆਂ ਹੋਈਆਂ ਹਨ। ਥਰਡ ਜੈਂਡਰ ਦੀ ਆਪਣੀ ਹੋਂਦ ਲਈ ਲੜਾਈ, ਕਿੰਨਰਾਂ ਦਾ ਦੇਹ ਵਪਾਰ ਵਿੱਚ ਸ਼ਾਮਿਲ ਹੋਣਾ, ਨਕਲੀ ਅਤੇ ਅਸਲੀ ਕਿੰਨਰਾਂ ਨਾਲ ਟਕਰਾਅ ਅਤੇ ਨਕਲੀ ਕਿੰਨਰਾਂ ਦੇ ਚਲਦੇ ਟਰੇਨਿੰਗ ਸੈਂਟਰ ਇਹ ਸਭ ਇਸ ਬਿਰਤਾਂਤ ਨੂੰ ਸੰਘਣਾ ਬਣਾਉਂਦੀ ਹੈ। ਗਜ਼ਾਲਾ ਮਾਈ ਪੂਰੇ ਰਿਸ਼ਤਿਆਂ ਦੀ ਤਲਾਸ਼ ਵਿੱਚ ਕਿਧਰੇ ਅਧੂਰੀ ਭਟਕਦੀ ਰਹਿੰਦੀ ਹੈ ਤੇ ਇਸਦੀ ਇਹ ਭਟਕਣ ਛੈਲੇ ਨੂੰ ਲੱਭਣ ਦੇ ਰੂਪ ਵਿੱਚ ਕਹਾਣੀ ਵਿੱਚ ਨਿਰੰਤਰ ਦਿਖਾਈ ਦਿੰਦੀ ਹੈ,

"ਮੁੱਕ ਜਾਣੀ ਸਭ ਤੋਂ ਵੱਡੀ ਉਲਝਣ ਦੇਹ ਵਿੱਚ ਸੀ। ਮੈਂ ਸਾਰੀ ਰਾਤ ਜੋੜ ਘਟਾਅ ਕਰਦੀ ਰਹਿੰਦੀ ਤੇ ਕਦੇ ਇੱਕ ਟੋਟਾ ਕੱਟ ਦਿੰਦੀ। ਕਦੇ ਇੱਕ ਟੋਟਾ ਜੋੜ ਲੈਂਦੀ ਪਰ ਉੱਤਰ ਤਿੰਨ ਹੀ ਅਉਂਦਾ।

ਯੈਸ ... ਯੂ ਆਰ ਥਰਡ ਜੈਂਡਰ ... ਜੈ ਵੱਡਾ ਸੁਪਨਾ ਵੀ ਝੂਠ ਨਾ ਬੋਲਦਾ। (ਪੰਨਾ-32)

ਥਰਡ ਜੈਂਡਰ, ਤਿੰਨ, ਇਹ ਸਭ ਕੁੱਝ ਅਧੂਰੇਪਣ ਦੀਆਂ ਨਿਸ਼ਾਨੀਆਂ ਜਿਨਾਂ ਨੂੰ ਛੈਲੇ ਰਾਹੀ ਗਜ਼ਾਲਾ ਪੂਰਾ ਕਰਨ ਦਾ ਸੁਪਨਾ ਦੇਖਦੀ ਹੈ ਤੇ ਉਸ ਰਾਹੀ ਖੁਦ ਨੂੰ ਪੂਰਾ ਕਰਨਾ ਬਾਰੇ ਸੋਚਦੀ ਰਹਿੰਦੀ ਹੈ। ਉਸ ਨੂੰ ਲੱਗਦਾ ਹੈ ਕਿ ਛੈਲੇ ਨੇ ਉਸਨੂੰ ਪੂਰਨਤਾ ਦਿੱਤੀ ਹੈ ਪਰ ਨੇਕੀ ਨੂੰ ਲਗਦਾ ਹੈ ਕਿ ਛੈਲਾ ਅਜਿਹਾ ਸ਼ੀਸ਼ਾ ਹੈ ਜਿਸ ਵਿੱਚੋਂ ਗਜ਼ਾਲਾਂ ਖੁਦ ਨੂੰ ਦੇਖਦੀ ਹੈ। ਇਸ ਲਈ ਉਹ ਗਜਾਲਾ ਨੂੰ ਉਸ ਦੀ ਅਸਲੀਅਤ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ,

"ਮੰਨਿਆ ਕਿ ਤੂੰ ਬਹੁਤ ਸੋਹਣੀ ਹੈ ... ਪਰ ਯਾਦ ਰੱਖੀ ... ਕਝ ਸੀਸ਼ੇ ਝੂਠ ਬੋਲਦੇ ਨੇ। (ਪੰਨਾ-39)

ਨੇਕੀ ਦੇ ਦਿਲ ਵਿੱਚ ਨਕਲੀ ਕਿੰਨਰਾਂ ਪ੍ਰਤੀ ਨਫ਼ਰਤ ਹੈ ਜਿਨ੍ਹਾਂ ਨੇ ਉਸਦੇ ਸਾਥੀ ਨੂੰ ਮਾਰ ਮੁਕਾਇਆ, ਇਸੇ ਲਈ ਉਹ ਬੇਰੁਜ਼ਗਾਰੀ ਦੇ ਭੰਨੇ ਹੋਏ ਨੌਜਵਾਨਾਂ ਜੋ ਨਕਲੀ ਕਿੰਨਰ ਬਣ ਧੰਦਾ ਚਲਾਉਂਦੇ ਹਨ, ਉਹਨਾਂ ਨੂੰ ਆਪਣੀ ਗੋਲੀ ਦਾ ਸ਼ਿਕਾਰ ਬਣਾਉਂਦਾ ਹੈ। ਇਸ ਸਭ ਵਿੱਚ ਗਜ਼ਾਲਾ ਤੇ ਜੀਤਾ ਅਧੂਰੇਪਣ ਦੀ ਪੀੜ ਨੂੰ ਜਰਦੇ ਹਨ, ਉਹ ਮੌਤ ਤੋਂ ਬਾਅਦ ਕਿੰਨਰ ਨੂੰ ਪੂਰਾ ਹੋਇਆ ਮਹਿਸੂਸ ਕਰਦੇ ਨੇ। ਕਹਾਣੀ ਹੋਂਦ ਦੀ ਲੜਾਈ ਜਿਹੜੀ ਕਿ ਥਰਡ ਜ਼ੈਂਡਰ ਲੜ ਰਹੇ ਨੇ। ਅਧੂਰੇਪਣ ਨੂੰ ਪੂਰਨਤਾ ਵਿੱਚ ਤਬਦੀਲ ਕਰਨ ਦੀ ਕਹਾਣੀ ਹੈ ਜਿਹੜੀ ਕਿ ਗਜ਼ਾਲਾ ਛੈਲੇ ਨਾਲ ਮਿਲ ਕੇ ਪੂਰਾ ਕਰਨਾ ਚਾਹੁੰਦੀ ਹੈ।

ਦਰਵਾਜ਼ੇ ਤੋਂ ਅੰਦਰਲਾ **'ਖ਼ੌਫ਼ - 84'** ਦੇ ਸਮਿਆਂ ਦੀ ਦਾਸਤਾਨ ਦੇ ਜਿਹਨ ਵਿੱਚ ਪਲਦੇ ਖ਼ੌਫ਼ ਦੀ ਕਹਾਣੀ ਨੂੰ ਪੇਸ਼ ਕਰਦੀ ਹੈ ਜੋ ਅਚੇਤ ਵਿੱਚ ਪਲਦੇ ਖ਼ੌਫ਼ ਨੂੰ ਮਹਿਸੂਸ ਕਰਦੇ ਗੁਜ਼ਾਰਦੇ ਹਨ। ਦਰਵਾਜੇ ਤੋਂ ਬਾਹਰ ਦੀ ਦੁਨੀਆ ਤੋਂ ਵੱਧ ਉਹ ਆਪਣੇ ਅੰਦਰ ਪਲ ਰਹੇ ਖ਼ੌਫ਼ ਨਾਲ ਖ਼ਫ਼ਜਦਾ ਹਨ ਅਤੇ ਆਪਣੇ ਅੰਦਰ ਹੀ ਸ਼ੰਘਰਸ਼ਸੀਲ ਹਨ। ਸੁਰਤੀ ਆਪਣੀ ਧੀ ਨੂੰ ਦੰਗਾਕਾਰੀਆਂ ਕੋਲੋ ਬਚਾ ਨਹੀਂ ਸਕੀ। ਉਸਦੇ ਪੁੱਤਰ ਦੇ ਜ਼ਿਹਨ ਵਿੱਚ ਤੱਕ ਖ਼ੌਫ਼ ਜੰਮ ਚੁੱਕਾ ਹੈ ਅਤੇ ਸੁਰਤੀ ਖੁਦ ਆਪਣੀ ਸੁਰਤੀ ਮੱਥੇ ਵਿੱਚ ਟਿਕਾਉਣ ਦੀਆਂ


ਨਾਕਾਮ ਕੋਸ਼ਿਸ਼ਾ ਵਿੱਚ ਲੱਗੀ ਰਹਿੰਦੀ ਹੈ। ਇਤਿਹਾਸ ਅਤੇ ਵਰਤਮਾਨ ਦੇ ਸੁਮੇਲ ਦੀ ਇਸ ਕਹਾਣੀ ਵਿੱਚ ਧਰਮ ਨਿਰਪੱਖ ਦੇਸ਼ ਵਿੱਚ ਧਰਮ ਦੇ ਨਾਂ ਤੇ ਹੁੰਦੇ ਕੁਕਰਮਾਂ ਦਾ ਵਰਤਮਾਨ ਅਤੇ ਭਵਿੱਖ ਵਿੱਚ ਸਥਾਨ, ਘੱਟਗਿਣਤੀਆਂ ਦੀ ਹੋਂਦ ਤੇ ਮੰਡਰਾਉਂਦੇ ਖਤਰਿਆਂ ਸੰਬੰਧੀ ਪਾਠਕਾਂ ਅੱਗੇ ਸਵਾਲ ਖੜ੍ਹੇ ਕਰਦੀ ਹੈ।

**'ਇੱਕ ਛੋਟੀ ਜਿਹੀ ਬੇਵਫਾਈ'** ਕਹਾਣੀ ਰਿਸ਼ਤਿਆਂ ਦੀਆਂ ਉਲਝੀਆਂ ਸਮੀਕਰਣਾ ਦੀ ਕਹਾਣੀ ਹੈ। ਜਿਸ ਦੀਆਂ ਗੰਢਾਂ ਬੜੀਆਂ ਪੀਡੀਆਂ ਹਨ। ਉਤਮ ਪੁਰਖੀ ਬਿਰਤਾਂਤ ਵਾਲੀ ਇਸ ਕਹਾਣੀ ਵਿੱਚ ਮੈਂ ਪਾਤਰ ਆਪਣੀ ਭੈਣ ਸਾਹਿਲ ਲਈ ਰਿਸ਼ਤਾ ਲੱਭਦਾ ਹੈ ਜੋ ਆਪਣੇ ਪਸੰਦ ਨਾਲ ਵਿਆਹ ਕਰਨਾ ਚਾਹੁੰਦੀ ਹੈ। ਪਹਿਲਾ ਇੱਕ ਲੜਕਾ ਤੇਜਾਬ ਨਾਲ ਉਸਦਾ ਚਿਹਰਾ ਜਲਾ ਚੁੱਕਾ ਹੈ, ਉਸਦੀ ਮਾਂ ਇਸ ਗਮ ਵਿੱਚ ਦੁਨੀਆ ਤੋਂ ਚਲੀ ਜਾਂਦੀ ਹੈ ਤੇ ਪਿਤਾ ਉਸ ਲੜਕੇ ਨੂੰ ਗੋਲੀ ਮਾਰ ਜੇਲ ਜਾ ਬੈਠਾ ਹੈ। ਦੂਸਰੇ ਪਾਸੇ ਉਸਦੀ ਪਤਨੀ ਹੈ ਜਿਹੜੀ ਕਿ ਆਪਣੇ ਪਤੀ ਨਾਲ ਬੜੇ ਸਹਿਜ ਰਿਸ਼ਤੇ ਵਿੱਚ ਵਿਚਰਦੀ ਨਜ਼ਰੀ ਪੈਂਦੀ ਹੈ। ਉਪਰੋਂ ਸ਼ਾਤ ਇਸ ਰਿਸ਼ਤੇ ਵਿੱਚ ਸਮੁੰਦਰ ਵਾਂਗ ਅੰਦਰ ਬਹੁਤ ਹਲਚਲ ਹੈ। ਇਸ ਹਲਚਲ਼ ਨੂੰ ਮੈਂ ਪਾਤਰ ਕਹਾਣੀ ਦੇ ਅੰਤ ਤੇ ਪੜ੍ਹਨ / ਸਮਝਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਪਤਨੀ ਦੇ ਭਰਾ ਹਰਮੀਤ ਦੀ ਮੌਤ ਤੇ ਉਹ ਡੱਕਾ ਤੋੜ ਤੋੜ ਕੇ ਸਿੱਟਣਾ ਨਹੀਂ ਚਾਹੁੰਦਾ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਇਹ ਉਸ ਨਾਲ ਬੇਵਫਾਈ ਹੋਵੇਗੀ। ਪਰ ਆਪਣੀ ਪਤਨੀ ਦੀ ਆਪਣੀ ਭੈਣ ਦੇ ਵਿਆਹ ਬਾਰੇ ਗੱਲ ਸੁਣ ਕੇ ਉਸ ਨੂੰ ਲੱਗਦਾ ਹੈ ਕਿ ਹਰਮੀਤ ਉਸ ਨਾਲ ਕਿਧਰੇ ਬੇਵਫਾਈ ਕਰ ਗਿਆ ਜਦੋਂ ਉਹ ਆਪਣੇ ਪਤੀ ਨੂੰ ਕਹਿੰਦੀ ਹੈ,

"ਕੁੜੀਆਂ ਦੀ ਪਸੰਦ ਨਾ ਪਸੰਦ ਨੂੰ ਏਨਾ ਮਹੱਤਵ ਨਹੀਂ ਦੇਈਦਾ। ਤੁਸੀਂ ਕੰਮ ਨਿਬੇੜੋ ਪਰੇ ...।
ਨਾ ਧੱਕਾ ਕਿਉਂ ਨਹੀ ਕਰ ਸਕਦੇ।...ਹਰਮੀਤ ਨੇ ਵੀ ਤਾਂ ਕੀਤਾ ਸੀ...
ਮੇਰਾ ਹੱਥ ਫੜ ਕੇ ਹੱਸਣ ਲੱਗੀ ... ਤੁਸੀਂ ਕਿਹੜਾ ਮੈਨੂੰ ਪਸੰਦ ਸੀ।'
ਮੈਂ ਡੱਕਾ ਤੋੜ ਕੇ ਮੂੰਹ ਵਿੱਚ ਪਾ ਪਾਣੀ ਦੀ ਘੁੱਟ ਭਰ ਲਈ। (ਪੰਨਾ-92)

ਸਹਿਜ ਜਿਹੀ ਚਲਦੀ ਜਾਪਦੀ ਇਹ ਕਹਾਣੀ ਉਸਦੀ ਪਤਨੀ ਦੇ ਸ਼ਬਦਾਂ ਨਾਲ ਆਪਣੇ ਸਿਖਰ ਤੇ ਪਹੁੰਚਦੀ ਹੈ ਅਤੇ ਰਿਸ਼ਤਿਆਂ ਦੀਆਂ ਸਮੀਕਰਨਾਂ ਦੀਆਂ ਉਲਝਣਾ ਨੂੰ ਪਾਠਕਾਂ ਦੇ ਸਾਹਮਣੇ ਪੇਸ਼ ਕਰਦੀ ਹੈ ਜਿਨ੍ਹਾਂ ਨੂੰ ਸਮਝਣਾ ਅਤੇ ਸੁਲਝਾਉਣਾ ਮੈਂ ਪਾਤਰ ਲਈ ਪੇਚੀਦਾ ਮਸਲਾ ਜਾਪਦਾ ਹੈ।

ਇਸ ਪਕ੍ਰਾਰ ਇਹਨਾਂ ਸਾਰੀਆਂ ਕਹਾਣੀਆਂ ਦੀ ਚਰਚਾ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਰਾਣੇ ਦੀ ਕਹਾਣੀ ਅਨੇਕਾਂ ਦਿਸਦੇ/ ਅਣਦਿਸਦੇ ਕਾਰਨਾਂ ਦੀ ਨਿਸ਼ਾਨਦੇਹੀ ਵੀ ਕਰਦੀ ਅਤੇ ਨਾਲ ਹੀ ਦਮਿਤ ਅਤੇ ਹਾਸ਼ੀਅਗਤ ਧਿਰਾਂ ਦੇ ਨਾਲ ਨਾਲ ਉਹ ਆਪੇ ਨਾਲ ਜੂਝ ਰਹੇ ਵਿਅਕਤੀ ਦੀ ਗੱਲ ਵੀ ਕਰਦਾ ਹੈ ਜਿਹੜੇ ਕਿ ਜ਼ਿੰਦਗੀ ਨਾਲ ਦਸਤਪੰਜਾ ਲੈਂਦੇ ਹਨ ਪਰ ਜਿਊਣ ਦੀ ਆਸ ਨਹੀ ਛੱਡਦੇ। ਇਹੀ ਉਸਦੀਆਂ ਕਹਾਣੀਆਂ ਦੀ ਸਭ ਤੋਂ ਵੱਡੀ ਖੂਬਸੂਰਤੀ ਹੈ। (**ਸੰਪਰਕ**-83606-83823)



**ਭਗਵੰਤ ਰਸੂਲਪੁਰੀ ਦੀ ਲੋਕ ਨਾਟ ਨਕਲਾਂ ਤੇ ਲਿਖੀ ਖੋਜ ਭਰਪੂਰ ਪੁਸਤਕ**
**ਲੋਕ-ਨਾਟ ਨਕਲਾਂ**
**ਇਤਿਹਾਸ, ਸਿਧਾਂਤ ਤੇ ਮੁਹਾਂਦਰਾ**

**ਪ੍ਰਕਾਸ਼ਕ: ਨੈਸ਼ਨਲ ਬੁੱਕ ਟਰੱਸਟ, ਇੰਡੀਆਂ**
**ਮੁੱਲ: 250 ਰੁਪਏ, ਪੰਨੇ: 254**
**ਸਾਲ: 2020**




# ਸਮਕਾਲੀ ਵਰਤਾਰਿਆਂ ਦੇ ਪੇਸ਼ਕਾਰੀ - ਮੈਲ਼ੀ ਮਿੱਟੀ

**ਡਾ. ਪਰਗਟ ਸਿੰਘ ਟਿਵਾਣਾ**




ਹਰਵਿੰਦਰ ਭੰਡਾਲ ਪੰਜਾਬੀ ਸਾਹਿਤ ਦਾ ਬਹੁ-ਵਿਧਾਵੀਂ ਲੇਖਕ ਹੈ। ਜਿਸ ਨੇ ਕਵਿਤਾ, ਆਲੋਚਨਾ, ਇਤਿਹਾਸ, ਸਫ਼ਰਨਾਮਾ, ਜੀਵਨੀ, ਅਨੁਵਾਦ, ਸੰਪਾਦਨ ਅਤੇ ਸਿੱਖਿਆ ਦੇ ਖੇਤਰ ਵਿੱਚ ਅਨੇਕਾਂ ਬਹੁਮੁੱਲੀਆਂ ਪੁਸਤਕਾਂ ਪਾਠਕਾਂ ਦੀ ਝੋਲੀ 'ਚ ਪਾਈਆਂ ਹਨ। ਇਸੇ ਲੜੀ ਤਹਿਤ ਉਸਨੇ ਪਲੇਠਾ ਨਾਵਲ 'ਮੈਲੀ ਮਿੱਟੀ' ਪਾਠਕਾਂ ਦੀ ਕਚਿਹਰੀ 'ਚ ਪੇਸ਼ ਕੀਤਾ ਹੈ। ਭੰਡਾਲ ਹੁਣ ਦੇ ਸਮੇਂ/ਸਮਕਾਲ ਦਾ ਬੌਧਿਕ ਕਵੀ ਤੇ ਪਰਿਪੱਕ ਵਿਚਾਰਧਾਰਕ ਚਿੰਤਕ ਹੈ, ਜਿਸਨੇ ਹੁਣ ਸਿਰਜਣਾਤਮਕ ਲੇਖਣੀ ਦੇ ਮਾਮਲੇ ਵਿੱਚ ਵੀ ਨਵੀਆਂ ਪੈੜਾਂ ਪਾਈਆਂ ਹਨ।

ਪੰਜਾਬੀ ਨਾਵਲ ਹਰ ਦੌਰ 'ਚ ਆਪਣੇ ਸਮਿਆਂ ਦੀ ਪ੍ਰਸਥਿਤੀਆਂ ਦੇ ਸਨਮੁੱਖ ਹੁੰਦਾ ਰਿਹਾ ਹੈ, ਉੱਥੇ ਪਿਛਲੇ ਕੁੱਝ ਸਮੇਂ ਤੋਂ ਪੰਜਾਬੀ ਨਾਵਲ ਖੜੋਤ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਪ੍ਰਤੀਤ ਹੋ ਰਿਹਾ ਹੈ। ਇਸ ਸਮੇਂ 'ਚ ਜੋ ਵੀ ਨਾਵਲ ਸਾਹਮਣੇ ਆਏ ਹਨ ਜਾਂ ਤਾਂ ਉਹ ਇਤਿਹਾਸ ਦੀ ਪੁਨਰ ਸਿਰਜਣਾ ਕਰਦੇ ਪ੍ਰਤੀਤ ਹੋਏ ਜਾਂ ਸਮਕਾਲ ਦੀ ਕਿਸੇ ਇੱਕ ਸਮੱਸਿਆ ਨੂੰ ਮੁਖ਼ਾਤਿਬ ਹੁੰਦੇ ਹੋਏ, ਉਸ ਬਿੰਦੂ ਤੇ ਫੋਕਸ ਕਰ ਇੱਕ ਖਾਸ ਵਰਤਾਰੇ ਤੱਕ ਸਿਮਟਦੇ ਰਹੇ ਪਰ ਅਜਿਹੇ ਸਮੇਂ 'ਚ ਹਰਵਿੰਦਰ ਭੰਡਾਲ ਦਾ ਨਾਵਲ **'ਮੈਲ਼ੀ ਮਿੱਟੀ' (ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ, ਜਲੰਧਰ, ਮੁੱਲ : 160, ਪੰਨੇ :160)** ਬਹੁਤ ਸਾਰੀਆਂ ਅਜੋਕੀਆਂ ਸਮੱਸਿਆਵਾਂ ਦੇ ਸਨਮੁਖ ਹੁੰਦਾ ਹੋਇਆ ਇੱਕ ਵਿਸ਼ਾਲ ਕੈਨਵਸ ਤੇ ਫੈਲਦਾ ਨਾਵਲ ਹੋ ਨਿੱਬੜਦਾ ਹੈ। ਲੇਖਕ ਨਾਵਲ ਦੀ ਸ਼ੁਰੂਆਤ ਉਹਨਾਂ ਦਿਨਾਂ ਤੋਂ ਕਰਦਾ ਹੈ, "ਉਹਨਾਂ ਦਿਨਾਂ 'ਚ ਇਸ ਧਰਤੀ ਤੇ ਹਰਿਆਵਲ ਸੀ। ਅਜੇ ਇਸ ਧਰਤੀ ਉੱਤੇ ਚਿੜੀਆਂ ਜਿਉਂਦੀਆਂ ਸਨ। ਅਜੇ ਬੰਦੇ ਦੇ ਹੱਥਾਂ 'ਚ ਸਦੀਵੀ ਯੰਤਰ ਨਹੀਂ ਸੀ ਠੁਕੇ। ਅਜੇ 'ਚੈਟਿੰਗ' ਸ਼ਬਦ ਮੱਲੋ-ਜ਼ੋਰੀ ਇਸ ਧਰਤੀ 'ਤੇ ਜੰਮਿਆਂ ਦੀਆਂ ਜੀਭਾਂ ਉੱਤੇ ਨਹੀਂ ਸੀ ਚਿਪਕਿਆ। ਅਜੇ ਬੰਦਾ, ਬੰਦੇ ਸਾਹਮਣੇ ਬੈਠ ਕੇ ਵੀ ਗੱਲ ਕਰ ਸਕਦਾ ਸੀ।" (ਪੰਨਾ-7)

ਇਸ ਦੌਰ ਤੋਂ ਸ਼ੁਰੂ ਹੋ ਕੇ ਨਾਵਲ ਇਕ ਲੰਮੇ ਕਾਲ-ਕ੍ਰਮਿਕ ਤੱਕ ਫੈਲਦਾ, ਹਰੀ ਕ੍ਰਾਂਤੀ ਤੋਂ ਬਾਅਦ ਦੇ ਪਿੰਡ ਅਤੇ ਵਿਸ਼ਵੀਕਰਣ ਤੋਂ ਬਾਅਦ ਬਦਲਦੇ ਸ਼ਹਿਰ ਤੱਕ ਨੂੰ ਆਪਣੇ ਕਲੇਵਰ ਵਿੱਚ ਸਮੇਟਣ ਦਾ ਯਤਨ ਕਰਦਾ ਹੈ। ਇਸ ਲੰਮੇ ਕਾਲ ਖੰਡ ਦੌਰਾਨ ਬਦਲਦੀਆਂ ਆਰਥਕ, ਰਾਜਨੀਤੀ ਤੇ ਸੱਭਿਆਚਾਰਕ ਪ੍ਰਸਥਿਤੀਆਂ ਨੇ ਬਹੁਤ ਸਾਰੇ ਨਵੇਂ ਸੰਕਟਾਂ ਨੂੰ ਜਨਮ ਦਿੱਤਾ ਹੈ। ਨਾਵਲ ਇਹਨਾਂ ਸਾਰੀਆਂ ਨਵੀਆਂ ਪ੍ਰਸਥਿਤੀਆਂ/ਸੰਕਟਾਂ ਨੂੰ ਆਪਣੇ ਅੰਦਰ ਸਮੇਟਣ ਦਾ ਯਤਨ ਕਰਦਾ ਹੈ ਤੇ ਕਾਫੀ ਹੱਦ ਤੱਕ ਇਸ 'ਚ ਕਾਮਯਾਬ ਵੀ ਰਹਿੰਦਾ ਹੈ।

ਖੁਸ਼ਵੰਤ ਉਸਦੀ ਪਤਨੀ ਕਵਿਤਾ ਅਤੇ ਉਹਨਾਂ ਦੀ ਧੀ ਸਰਘੀ ਦੇ ਆਲੇ-ਦੁਆਲੇ ਬੁਣਿਆ ਇਹ

ਨਾਵਲ ਮੁੱਖ ਤੌਰ ਤੇ ਖੁਸ਼ਵੰਤ ਨੂੰ ਹੀ ਕੇਂਦਰ ਵਿੱਚ ਰੱਖ ਕੇ ਚੱਲਦਾ ਹੈ। ਖੁਸ਼ਵੰਤ ਪੀਰ ਇਨਾਇਤ ਸ਼ਾਹ ਦੀ ਮਿਹਰ ਵਾਲੇ ਪਿੰਡ ਦਾ ਉਹ ਬਸ਼ਿੰਦਾ ਹੈ ਜੋ ਇੱਕ ਦਿਨ ਪਿੰਡ ਛੱਡ ਸ਼ਹਿਰ ਤਾਂ ਚਲਾ ਜਾਂਦਾ ਹੈ ਪਰ ਪਿੰਡ ਦਾ ਮੋਹ ਉਸ ਦੇ ਸਦੀਵੀ ਸਾਥ 'ਚ ਰਹਿੰਦਾ ਹੈ। ਹਰੀ ਕ੍ਰਾਂਤੀ ਤੋਂ ਬਾਅਦ ਪਿੰਡ ਤੋਂ ਉੱਠ ਕੇ ਲੋਕ ਨਵੇਂ ਮੌਕਿਆਂ ਦੀ ਤਲਾਸ਼ ਵਿੱਚ ਸ਼ਹਿਰ ਵੱਲ ਵੱਧਦੇ ਹਨ ਤੇ ਤਰੱਕੀ ਦਾ ਇਹ ਤੇਜ਼ ਤਰਾਰ ਨਵਾਂ ਦੌਰ ਸ਼ੁਰੂ ਹੁੰਦਾ ਹੈ। ਜਿਸ 'ਚ ਬੰਦਾ ਬੌਂਦਲਿਆ ਦਿਖਾਈ ਦਿੰਦਾ ਹੈ ਤੇ ਇਨਾਇਤ ਸ਼ਾਹ ਦੀ ਮਿਹਰ ਅਜਿਹੇ ਸਮਿਆਂ 'ਚ ਪਿੰਡ ਲਈ ਗੈਰ ਪ੍ਰਸੰਗਿਕ ਹੋ ਗਈ ਪ੍ਰਤੀਤ ਹੁੰਦੀ ਹੈ। ਨਾਵਲ ਦੀ ਸ਼ੁਰੂਆਤ ਖੁਸ਼ਵੰਤ ਦੇ ਤਾਪ ਚੜ੍ਹਨ ਤੇ ਘਰ ਦੇ ਬਿਮਾਰੀ ਵਾਲੇ ਮਾਹੌਲ ਤੋਂ ਤੰਗ ਆਈ ਉਸ ਦੀ ਪਤਨੀ ਕਵਿਤਾ ਦੁਆਰਾ ਖੁਸ਼ਵੰਤ ਨੂੰ ਬਾਹਰ ਘੁੰਮਣ ਫਿਰਨ ਲਈ ਭੇਜਣ ਤੋਂ ਸ਼ੁਰੂ ਹੁੰਦੀ ਹੈ। ਇੱਥੋਂ ਹੀ ਨਾਵਲਕਾਰ ਚੇਤਨਾ ਪ੍ਰਵਾਹ ਦੀ ਵਿਧੀ ਅਨੁਸਾਰ ਕਹਾਣੀ ਨੂੰ ਬੁਣਦੇ ਚਲਿਆ ਜਾਂਦਾ ਹੈ। ਪਿਛਲ ਝਾਤ ਮਾਰਿਆਂ ਬਚਪਨ ਤੇ ਇਨਾਇਤ ਸ਼ਾਹ ਦੀ ਮਿਹਰ ਵਾਲੇ ਪਿੰਡ ਦੀਆਂ ਯਾਦਾਂ ਤਾਜ਼ਾ ਹੁੰਦੀਆਂ ਹਨ। ਸਾਥੀਆਂ ਦੀ ਬਚਪਨ 'ਚ ਮਾਣੀ ਮਿੱਤਰਤਾ, ਕੀਤੀਆਂ ਸ਼ਰਾਰਤਾਂ ਅਤੇ ਮੋਹ-ਪਿਆਰ ਦੀਆਂ ਕਈ ਤੰਦਾਂ ਨਾਵਲ ਵਿੱਚ ਉਭਰਦੀਆਂ ਹਨ। ਨਾਵਲਕਾਰ ਦੀ ਖੂਬਸੂਰਤੀ ਇਸ ਗੱਲ 'ਚ ਹੈ ਕਿ ਉਹ ਪਿੰਡ ਦੇ ਮੋਹ ਦਾ ਮਾਰਿਆ ਕੀਤੇ ਵੀ ਸਿਰਫ਼ ਪਿੰਡ ਨੂੰ ਹੀ ਗਲੋਰੀਫਾਈ ਨਹੀਂ ਕਰਦਾ ਸਗੋਂ ਪਿੰਡ 'ਚ ਪਨਪਦੀਆਂ ਗ਼ਲਤ ਕਦਰਾਂ-ਕੀਮਤਾਂ ਤੇ ਵੀ ਉਂਗਲ ਧਰਦਾ ਹੈ। ਪਿੰਡ ਵਿੱਚ ਨਿਮਨ ਜਾਤੀ ਦੇ ਲੋਕਾਂ ਨਾਲ ਹੁੰਦਾ ਵਿਤਕਰਾ ਖੁਸ਼ਵੰਤ ਅਤੇ ਦੇਵੇ ਦੇ ਆਪਸੀ ਵਾਰਤਾਲਾਪ ਵਿੱਚ ਬਾਖ਼ੂਬੀ ਉੱਭਰਦਾ ਹੈ। "ਹਰਪਾਲ ਕੀਆਂ ਮੋਟਰਾਂ ਤੇ ਕੀ ਹੁੰਦਾ, ਸਾਡੇ ਵਿਹੜੇ ਦੀਆਂ ਕੁੜੀਆਂ ਜਨਾਨੀਆਂ ਨਾਲ, ਜਰਾ ਕਦੇ ਗਾਮੇ ਨੂੰ ਪੁੱਛ ਲਿਓ, ਇਹਨਾਂ ਦੇ ਕੰਮੀ ਨੂੰ। ਬਸ ਅਸੀਂ ਬੋਲਣ ਜੋਗੇ ਨ੍ਹੀਂ ਹੈਗੇ ਕੁਝ। ਕਿਉਂਕਿ ਸਾਡੇ ਪੱਲੇ ਕੱਖ ਨ੍ਹੀਂ।" (ਪੰਨਾ-73)

ਲੇਖਕ ਦੀ ਖ਼ੂਬਸੂਰਤੀ ਇਸ ਗੱਲ 'ਚ ਹੈ ਕਿ ਉਹ ਵਰਤਾਰਿਆਂ ਦੇ ਬਿਰਤਾਂਤ ਤੱਕ ਸੀਮਤ ਨਹੀਂ ਰਹਿੰਦਾ ਸਗੋਂ ਉਹਨਾਂ ਇਤਿਹਾਸਕ ਕਾਰਣਾਂ ਦੀ ਪੁਣ-ਛਾਣ ਵੀ ਕਰਦਾ ਜਿਸ ਕਾਰਨ ਇਹ ਵਾਪਰ ਰਿਹਾ ਹੈ। "ਇਸ ਧਰਤੀ ਉੱਤੇ ਜਨਮਿਆਂ ਧਰਮ ਵਿਚਾਰਾਂ ਪੱਖੋਂ ਇਨਕਲਾਬੀ ਹੈ ਪਰ ਲੋਕ ਅਮਲ ਵਿੱਚ ਕਦੇ ਇਨਕਲਾਬੀ ਨਹੀਂ ਬਣੇ। ਇਸ ਲਈ ਇਹ ਧਰਮ ਵੀ ਜਾਤ ਖਤਮ ਨਹੀਂ ਕਰ ਸਕਿਆ।" (ਪੰਨਾ-143)

ਨਾਵਲ ਦਾ ਦੂਜਾ ਅਹਿਮ ਪਹਿਲੂ ਵਰਤਮਾਨ 'ਚ ਪ੍ਰਵਾਸ ਅਤੇ ਇਸ ਨਾਲ ਸਬੰਧਤ ਸੰਕਟਾਂ ਨੂੰ ਉਭਾਰਨਾ ਹੈ। ਪੀਰ ਦੀ ਮਿਹਰ ਵਾਲਾ ਰਸਦਾ-ਵਸਦਾ ਪਿੰਡ ਜਹਾਜ਼ਾਂ ਦੇ ਸੰਗਲ ਫੜ-ਫੜ ਵਲੈਤ ਜਾ ਉੱਤਰਦਾ ਹੈ ਤੇ ਪਿੰਡ ਉਜਾੜ ਲੱਗਣ ਲੱਗ ਪੈਂਦੇ ਹਨ। ਸੁਨਹਿਰੀ ਭਵਿੱਖ ਦੀ ਤਲਾਸ਼ 'ਚ ਜੋ ਵਿਦੇਸ਼ ਗਏ ਸੋ ਗਏ ਜੋ ਰਹਿ ਗਏ ਘੱਟ ਉਹਨਾਂ ਨਾਲ ਵੀ ਨਹੀਂ ਵਾਪਰਦੀ ਨਸ਼ਾ ਪੰਜਾਬ ਦੀ ਜਵਾਨੀ ਦੀਆਂ ਰਗਾਂ ਵਿੱਚ ਉੱਤਰਦਾ ਉੱਤਰਦਾ ਉਹਨਾਂ ਨੂੰ ਆਪਣੇ ਵਿੱਚ ਸਮੋ ਲੈਂਦਾ ਹੈ। ਜਿਸ ਨਾਲ ਪਰਵਾਸ ਕਾਰਣ ਪਹਿਲਾਂ ਹੀ ਵਿਹਲੇ ਹੋਏ ਪਿੰਡ ਹੋਰ ਉਜਾੜ 'ਚ ਬਦਲਣ ਲੱਗਦੇ ਹਨ। ਚੋਰੀਆਂ, ਲੁੱਟਾਂ ਦੀਆਂ ਵਾਰਦਾਤਾਂ ਪੰਜਾਬੀ ਜਨ-ਜੀਵਨ ਦਾ ਵਰਤਾਰਾ ਜਿਹਾ ਬਣ ਜਾਂਦੀਆਂ ਹਨ। ਪਰ ਅਜਿਹੇ ਹਲਾਤਾਂ 'ਚ ਵੀ ਪੰਜਾਬੀ ਮਨੁੱਖ ਦਾ ਉਹ ਸੁਭਾਅ ਜੋ ਉਸ ਨੂੰ ਚਿਖਾ ਚੋਂ ਮੁੜ ਕੁਕਨਸ ਪੈਦਾ ਹੋਣ ਦੀ ਧਾਰਣਾ ਨੂੰ ਪ੍ਰਬਲ ਬਲ ਬਖਸ਼ਦਾ ਹੈ। ਉਸਦਾ ਜ਼ਿਕਰ ਵੀ ਨਾਵਲ ਦਾ ਅਹਿਮ ਪੱਖ ਹੈ।

ਨਵਾਂ ਨਰੋਆ ਸਮਾਜ ਸਿਰਜਣ ਦੇ ਅਹਿਦ ਤਹਿਤ ਸ਼ੁਰੂ ਹੋਈ ਨਕਸਲੀ ਲਹਿਰ ਦੇ ਉਭਾਰ ਤੇ ਪਤਨ ਦਾ ਸੰਖੇਪ ਜ਼ਿਕਰ ਕਰਦਾ ਲੇਖਕ 1984 ਦੇ ਕੁੱਝ ਵਰਤਾਰਿਆਂ ਨੂੰ ਵੀ ਆਪਣੇ ਨਾਵਲ ਵਿੱਚ ਛੋਹਾਂ ਤਾਂ ਜ਼ਰੂਰ ਦਿੰਦਾ ਹੈ ਪਰ ਘਾਟ ਇਹ ਰੜਕਦੀ ਹੈ ਕਿ ਲੇਖਕ ਮਸਲਿਆਂ ਨੂੰ ਛੋਹਦਾਂ ਤਾਂ ਹੈ ਪਰ ਇਹਨਾਂ ਵਰਤਾਰਿਆਂ ਦੇ ਕਾਰਜ-ਕਾਰਣ ਸੰਬੰਧਾਂ ਦੀ ਤਹਿ ਵਿੱਚ ਜਾਣ ਤੋਂ ਗੁਰੇਜ਼ ਕਰਦਾ ਹੈ।

ਤਕਨੋਲਜੀ ਦੇ ਵਿਕਾਸ, ਗਿਆਨ ਦੇ ਪਾਸਾਰ ਤੇ ਪ੍ਰਸਾਰ ਨੇ ਮਨੁੱਖ ਨੂੰ ਬਹੁਤ ਸਾਰੀਆਂ ਬੁਲੰਦੀਆਂ ਤਾਂ ਜ਼ਰੂਰ ਬਖਸ਼ੀਆਂ ਪਰ ਜ਼ਿਹਨੀ ਤੌਰ ਤੇ ਮਨੁੱਖ ਇਹਨਾਂ ਵਸਤਾਂ/ਤਕਨੋਲੋਜੀ ਦਾ ਗੁਲਾਮ ਬਣ ਆਪਣੇ




ਦੁਆਲੇ ਇਕ ਭਰਮ ਜਾਲ ਬੁਣ ਉਸ 'ਚ ਫਸਦਾ ਜਾ ਰਿਹਾ ਹੈ। ਮੋਬਾਈਲ ਦੀ ਅੰਨ੍ਹੇਵਾਹ ਵਰਤੋਂ ਮਨੁੱਖ ਨੂੰ ਮਾਨਸਿਕ ਤੌਰ ਤੇ ਗੁਲਾਮ ਬਣਾਉਂਦੀ ਜਾ ਰਹੀ ਹੈ ਜਿਸ ਤੋਂ ਮਨੁੱਖ ਕਦੇ ਵੀ ਸੁਰਖ਼ਰੂ ਹੋਇਆ ਮਹਿਸੂਸ ਨਹੀਂ ਕਰਦਾ ਸਗੋਂ ਹਰ ਸਮੇਂ ਉਸ ਦੀ ਗ੍ਰਿਫਤ 'ਚ ਮਹਿਸੂਸ ਕਰਦਾ ਹੈ।

ਸਮਕਾਲ 'ਚ ਸਿੱਖਿਆ ਅਤੇ ਸਿਹਤ ਦੋ ਅਹਿਮ ਮਸਲੇ ਹਨ। ਸਿੱਖਿਆ ਜਿੱਥੇ ਇਤਿਹਾਸ 'ਚ ਪੁੰਨ-ਦਾਨ, ਧਰਮ ਦਾ ਕਾਰਜ ਸੀ ਅਤੇ ਗਿਆਨ ਵੰਡਣਾ ਪਰਮਾਰਥ ਦਾ ਕਾਰਜ ਮੰਨਿਆ ਜਾਂਦਾ ਸੀ। ਉੱਥੇ ਅਜੋਕੇ ਸਿੱਖਿਅਤ ਢਾਂਚੇ ਵਿੱਚ ਸਿੱਖਿਆ ਦੇ ਮੁੱਢਲੇ ਨੇਮਾਂ/ਵਿਚਾਰਧਾਰਾ ਤੋਂ ਮਨੁੱਖ ਮੁਨਕਰ ਹੁੰਦਾ ਜਾ ਰਿਹਾ ਹੈ। ਪੈਸਾ ਮੁਖੀ ਸੋਚ ਨੇ ਮਨੁੱਖ ਦੀ ਸੋਚ ਦਾ ਪੱਧਰ ਉਸ ਰਸਾਤਲ ਤੇ ਲੈ ਆਂਦਾ ਹੈ ਜਿੱਥੇ ਪ੍ਰੋਫੈਸਰ ਪੜ੍ਹਾਈ/ਗਿਆਨ ਵੰਡਣ ਦੀ ਬਜਾਏ ਟਿਊਸ਼ਨਾ, ਪ੍ਰਾਪਰਟੀ, ਸ਼ੇਅਰ ਮਾਰਕਿਟ ਦੀਆਂ ਗੱਲਾਂ ਕਰਦੇ ਪੜ੍ਹਨ/ਪੜ੍ਹਾਉਣ ਤੋਂ ਕੋਹਾਂ ਦੂਰ ਹੁੰਦੇ ਜਾ ਰਹੇ ਹਨ। ਦੂਜਾ ਮਸਲਾ ਇਥੇ ਤਰਕਸ਼ੀਲ ਸੋਚ ਦੇ ਮਾਲਕ ਬਣਾਉਣ ਵਾਲੇ ਅਧਿਆਪਕ ਖੁਦ ਪਰੰਪਰਾ ਦੇ ਨਾਮ ਉਤੇ ਕਰਮ ਕਾਂਡਾਂ ਦੇ ਮੱਕੜ ਜਾਲ ਵਿਚ ਫਸੇ ਨਜ਼ਰ ਆਉਂਦੇ ਹਨ। ਅਸਲ ਵਿੱਚ ਰਾਹ ਦਸੇਰੇ ਖੁਦ ਰਾਹ ਤੋਂ ਭਟਕੇ ਦਿਖਾਈ ਦਿੰਦੇ ਹਨ।

ਬਦਲਦੇ ਸਮਾਜਕ ਯਥਾਰਥ ਕਾਰਨ ਅਨੇਕਾਂ ਤਰੇੜਾਂ ਸਮਾਜਕ ਵਰਤਾਰਿਆਂ 'ਚ ਵੱਧਦੀਆਂ ਦਿਖਾਈ ਦਿੰਦੀਆਂ ਹਨ। ਸਮਾਜਕ ਟੁੱਟ-ਭੱਜ ਮਨੁੱਖ ਦੇ ਮਾਨਸਿਕ ਪੱਧਰ ਉਪਰ ਵੀ ਵਾਪਰ ਰਹੀ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਮਨੁੱਖ ਨੇ ਗਿਆਨ / ਵਿਗਿਆਨ ਦੇ ਖੇਤਰ 'ਚ ਨਵੀਆਂ ਬੁਲੰਦੀਆਂ ਨੂੰ ਛੋਹਿਆ ਹੈ ਇਸ ਨਾਲ ਅਨੇਕਾਂ ਆਫਤਾਂ ਵੀ ਮਨੁੱਖ ਦੇ ਇਰਦ-ਗਿਰਦ ਮੰਡਰਾਉਣ ਲੱਗੀਆਂ ਹਨ। ਨਿਰਾਸ਼ਾ ਇਸ ਦੌਰ ਦਾ ਕੇਂਦਰ ਬਿੰਦੂ ਬਣਦਾ ਜਾ ਰਿਹਾ ਹੈ। ਅਜਿਹੇ ਹਲਾਤਾਂ ਵਿਚ ਵੀ ਭੰਡਾਲ ਨਿਸ਼ਾਨ ਅਤੇ ਖੁਸ਼ਵੰਤ ਦੀ ਧੀ ਸਰਘੀ ਜੋ ਯੂਨੀਵਰਸਿਟੀ 'ਚ ਔਰਤ ਹੱਕਾਂ ਲਈ ਆਵਾਜ਼ ਬੁਲੰਦ ਕਰਦੀ ਹੈ, ਰਾਹੀਂ ਵਰਤਮਾਨ ਸੰਦਰਭ 'ਚ ਔਰਤ ਦੀ ਅਹਿਮ ਭੂਮਿਕਾ / ਰੋਲ ਨੂੰ ਵੀ ਬਾਖ਼ੂਬੀ ਚਿਤਰਦਾ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਲੇਖਕ ਪਿਛਲੀ ਲਗਭਗ ਅੱਧੀ ਸਦੀ ਦੌਰਾਨ ਪੰਜਾਬ ਦੀਆਂ ਬਦਲਦੀਆਂ ਪ੍ਰਸਥਿਤੀਆਂ ਤੋਂ ਪੈਦਾ ਹੋਏ ਸੰਕਟਾਂ ਨੂੰ ਇਸ ਨਾਵਲ ਵਿਚ ਛੋਹਣ ਦਾ ਯਤਨ ਕਰਦਾ ਹੈ। ਭਾਵੇਂ ਕੁਝ ਮਸਲਿਆਂ ਬਾਰੇ ਸਿਰਫ ਕੁਝ ਟਿੱਪਣੀਆਂ ਤੱਕ ਹੀ ਸੀਮਤ ਰਹਿ ਜਾਂਦਾ ਹੈ। ਪਰ ਨਾਵਲ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਵਿਸ਼ਾਲ ਕੈਨਵਸ ਦਾ ਇਹ ਨਾਵਲ ਜਿੱਥੇ ਅਨੇਕਾਂ ਵਰਤਾਰਿਆਂ ਨੂੰ ਆਪਣੇ ਵਿਚ ਪਰੋਣ ਦਾ ਯਤਨ ਕਰਦਾ ਹੈ ਉਥੇ ਅਜੋਕੇ ਖਪਤ ਸੱਭਿਆਚਾਰ ਵਿਚ ਵੀ ਨਿਸ਼ਾਨ ਅਤੇ ਸਰਘੀ ਵਰਗੇ ਪਾਤਰਾਂ ਰਾਹੀ ਆਸ ਦੀ ਚਿਣਗ ਮਘਾਈ ਰੱਖਦਾ ਹੈ। ਪ੍ਰੰਪਰਾਗਤ ਲੀਕ ਤੋਂ ਹੱਟ ਕੇ ਨਵੇਂ ਸਮਿਆਂ ਦੀਆਂ ਨਵੀਆਂ ਸਮੱਸਿਆਵਾਂ ਨੂੰ ਮੁਖ਼ਾਤਿਬ ਹੋਣ ਲਈ ਲੇਖਕ ਨੂੰ ਮੁਬਾਰਕਵਾਦ। ਹੋਰ ਵਧੇਰੇ ਚੰਗੇਰੀਆਂ ਰਚਨਾਵਾਂ ਦੀ ਆਸ ਨਾਲ!




**ਸੰਵਾਦ-1**

## ਅਜੋਕੇ ਸਮੇਂ ਦੀ ਕਹਾਣੀ :ਸਿਰਜਣ ਪ੍ਰਕਿਰਿਆ ਅਤੇ ਰੂਪ ਰੇਖਾ

**(ਕਹਾਣੀ ਧਾਰਾ-57-58 ਅੰਕ ਦੀਆਂ ਕਹਾਣੀਆਂ ਦੇ ਸੰਦਰਭ 'ਚ)**

**- ਨਵਜੋਤ ਕੌਰ**

ਬਿਰਤਾਂਤ ਦੀ ਮੁੱਖ ਵਿਧਾ 'ਕਹਾਣੀ' ਨੇ ਪਿੱਛਲੇ ਦੋ-ਢਾਈ ਦਹਾਕਿਆਂ ਤੋਂ ਨਵੀਂ ਕਰਵਟ ਲੈਂਣੀ ਸ਼ੁਰੂ ਕੀਤੀ ਹੈ ਜਿਸ ਕਾਰਨ ਕਹਾਣੀ ਦੀ ਵਿਸ਼ਾਕਾਰੀ ਅਤੇ ਸਥਾਨਕਾਰੀ ਦਾ ਘੇਰਾ ਮੌਕਲਾ ਹੋਇਆ ਹੈ। ਹੁਣ ਤੱਕ ਦੀ ਪੰਜਾਬੀ ਕਹਾਣੀ ਥੀਮਕ ਪ੍ਰਵਾਹ ਅਤੇ ਦ੍ਰਿਸ਼ਟੀਕੋਣ ਪੱਖੋਂ ਆਪਣੇ ਚੌਥੇ ਪੜਾਅ ਨੂੰ ਹੰਢਾਅ ਰਹੀ ਹੈ। ਇਸ ਪੜਾਅ ਦੇ ਕਹਾਣੀਕਾਰਾਂ ਨੇ ਪ੍ਰੰਪਰਕ ਵਿਸ਼ਿਆਂ ਦੇ ਬਦਲਾਅ ਅਤੇ ਤਤਕਾਲੀ ਵਰਤਾਰਿਆਂ ਨੂੰ ਕਥਾ ਸਿਰਜਣਾ ਦਾ ਆਧਾਰ ਬਣਾਉਣ ਦੇ ਸਫ਼ਲ ਯਤਨ ਕੀਤੇ ਹਨ। ਇਹਨਾਂ ਕਥਾਕਾਰਾਂ ਨੇ ਰਚਨਾ ਨੂੰ ਸਹਿਜ ਰੱਖਣ ਅਤੇ ਪੇਚੀਦਾ ਬਿਰਤਾਂਤਕ ਜੁਗਤਾਂ ਦੀ ਥਾਂ ਪਾਤਰਾਂ ਦੇ ਚੇਤਨ ਬੋਲਾਂ ਨੂੰ ਅੰਗੀਕਾਰ ਕੀਤਾ ਹੈ। ਇਸ ਪ੍ਰਸੰਗ ਵਿਚ ਹੱਥਲੇ ਖੋਜ-ਪੱਤਰ ਦਾ ਮਨਸ਼ਾ 'ਕਹਾਣੀ ਧਾਰਾ' ਦੇ ਅਪ੍ਰੈਲ-ਸਤੰਬਰ 2020 ਅੰਕ ਵਿਚ ਛਪੀਆਂ ਅੱਠ ਕਹਾਣੀਆਂ-ਕੋਈ ਵੀ ਤੇ ਨਹੀਂ, ਸੁਪਨੇ ਰਿਸ਼ਤੇ ਅਤੇ ਜ਼ਿੰਦਗੀ, ਜਿਉਂਦਾ ਰਹਿ ਵੇ ਬੱਚੜਿਆ, ਕੀ ਕਿਹਾ ਭਰਜਾਈ, ਬਣਵਾਸ, ਗੋਲਡਨ ਅੱਖਰ, ਹੈਪੀ ਬਰਥਡੇ ਪਾਪਾ ਅਤੇ ਪੈਦਲ ਨੂੰ ਆਧਾਰ ਬਣਾਉਣਾ ਰਿਹਾ ਹੈ। ਨਾਰੀ ਹੋਂਦ, ਔਲਾਦ ਦਾ ਦੁਖਾਂਤ,ਜਾਇਦਾਦ ਦੀ ਵੰਡ ਅਤੇ ਦਲਿਤ ਸਰੋਕਾਰਾਂ ਦੁਆਲੇ ਰੂਪ ਗ੍ਰਹਿਣ ਕਰਦੀਆਂ ਇਹ ਕਹਾਣੀਆਂ, ਤੀਜੇ ਪੜਾਅ ਦੀ ਮੈਂ-ਮੂਲਕ ਸ਼ੈਲੀ ਦੀ ਥਾਂ ਵਧੇਰੇ ਕਰਕੇ ਉਤਮ ਪੁਰਖੀ ਸ਼ੈਲੀ ਨੂੰ ਅਪਣਾਉਂਦੀਆਂ ਹਨ।




ਡਾ.ਧਨਵੰਤ ਕੌਰ ਅਨੁਸਾਰ, "ਅਜੋਕੇ ਪੂੰਜੀਵਾਦੀ ਯੁੱਗ ਬੋਧ ਅਤੇ ਜੀਵਨ ਨੇ ਜਿਸ ਮਾਨਵੀ ਦਬਾਓ, ਦਮਨ, ਥੁੜ, ਬਿਮਾਰ ਜਾਂ ਬੇਗਾਨਗੀ ਦਾ ਮਾਹੌਲ ਸਿਰਜਿਆ ਹੈ, ਸਧਾਰਨ ਮਾਨਵ ਅੰਦਰੋਂ-ਬਾਹਰੋਂ ਨਿਰੰਤਰ ਤੋੜ-ਭੰਨ ਅਤੇ ਅੱਛੇ-ਬੁਰੇ ਦੇ ਉਲਝਵੇਂ ਸਰੋਕਾਰਾਂ ਵਿਚ ਘਿਰਿਆ ਪਿਆ ਹੈ, ਇਸ ਕਰਕੇ ਅੱਜ ਦਾ ਨਾਇਕ ਆਦਰਸ਼ ਮਨੁੱਖ ਨਹੀਂ ਅਤੇ ਨਾ ਹੀ ਨਾਇਕਾ ਪਰੀ ਵਰਗੀ, ਅਛੋਹ ਕੁਆਰੀ ਜਾਂ ਹੁਸਨਮੰਦ ਆਦਰਸ਼ ਦਾ ਮੁਜੱਸਮਾ ਹੈ। ਨਵੀਂ ਕਹਾਣੀ ਵਿਚ ਪਾਤਰ ਦੇ ਫੰਕਸ਼ਨਜ਼ ਬਦਲ ਕੇ ਖਲਤ-ਮਲਤ ਹੋ ਗਏ ਹਨ।[1]"

ਨਾਰੀ ਨੂੰ ਜਨਮ ਤੋਂ ਹੀ ਸਮਾਜਿਕ ਬੰਦਸ਼ਾਂ ਤੇ ਧਾਰਮਿਕ ਰਹੁਰੀਤਾਂ ਦੀ ਤਾਬਿਆਦਾਰ ਰਹਿਣਾ ਸਿਖਾਇਆ ਜਾਂਦਾ ਰਿਹਾ ਹੈ। ਨਾਰੀ ਤ੍ਰਾਸਦੀ ਨੂੰ ਵੱਖਰੇ ਜ਼ਾਵੀਏ ਨਾਲ ਪੇਸ਼ ਕਰਦੀ **'ਗੋਲਡਨ ਅੱਖਰ'** ਕਹਾਣੀ ਵਿਚ ਕਹਾਣੀਕਾਰਾ **ਬਲਬੀਰ ਕੌਰ ਰੀਹਲ** ਨੇ ਨਾਰੀ ਦੇ ਮੌਲਿਕ ਉਚਾਰ ਨੂੰ ਫੜਣ ਦਾ ਯਤਨ ਕੀਤਾ ਹੈ। ਇਸ ਕਹਾਣੀ ਵਿਚ ਨਾਰੀ ਦੇ ਨਾਰੀਤਵ ਨੂੰ ਆਧਾਰ ਬਣਾ ਕੇ ਕਟਾਖ਼ਸ਼ ਕੀਤਾ ਗਿਆ ਹੈ ਕਿ ਇਕ ਪਾਸੇ ਜੇਕਰ ਮਾਸਿਕ ਧਰਮ ਆਉਣ ਨਾਲ ਨਾਰੀ ਧਰਮ ਕਰਮ ਦੀਆਂ ਨਜ਼ਰਾਂ ਵਿਚ ਅਪਵਿੱਤਰ ਮੰਨੀ



ਜਾਂਦੀ ਹੈ ਤਾਂ ਦੂਜੇ ਪਾਸੇ ਵਿਆਹ ਉਪਰੰਤ ਚਾਦਰ ਦਾ ਦਾਗ਼ੀ ਨਾ ਹੋਣਾ ਉਸ ਨੂੰ ਪਤੀ ਦੀ ਨਜ਼ਰ ਵਿਚ ਅਪਵਿੱਤਰ ਬਣਾ ਦਿੰਦਾ ਹੈ।

ਪਹਿਲਾ ਕਾਮਨੀ ਦੀ ਮਾਂ ਉਸ ਦੇ ਪੈਰਾਂ ਵਿਚ ਵਹਿਮਾਂ ਭਰਮਾਂ ਦੀਆਂ ਤਾਕੀਦਾਂ ਦਾ ਰੱਸਾ ਬੰਨ੍ਹ ਦਿੰਦੀ ਹੈ ਅਤੇ ਫਿਰ ਪਤੀ ਸ਼ੱਕ ਦੀ ਕਿੱਲੀ ਉਸ ਦੇ ਹਲਕ ਵਿਚ ਗੱਡ ਦਿੰਦਾ ਹੈ ਜਿਸ ਕਾਰਨ ਉਹ ਇਕ ਬੱਚੀ ਦੀ ਮਾਂ ਬਣ ਕੇ ਵੀ ਪਤੀ ਸਤਿਕਾਰ ਤੋਂ ਵਾਂਝੀ ਰਹਿੰਦੀ ਹੋਈ ਅਸਤਿਤਵੀ ਪੀੜਾ ਨੂੰ ਹੰਡਾਉਂਦੀ ਹੈ। ਪਤੀ ਲਈ ਸਿਰਫ਼ ਵਰਤੋਂ ਦੀ ਵਸਤ ਬਣ ਕੇ ਰਹਿ ਗਈ ਕਾਮਨੀ ਅੰਤਰੀਵੀ ਇਕੱਲ ਨੂੰ ਮਹਿਸੂਸ ਕਰਦੀ ਹੋਈ, ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਧੀ ਦਾ ਮੋਹ ਉਸ ਨੂੰ ਫ਼ੈਸਲਾ ਬਦਲਣ ਲਈ ਮਜ਼ਬੂਰ ਕਰ ਦਿੰਦਾ ਹੈ ਅਤੇ ਉਹ ਸਮਾਜ ਸੇਵਾ ਦਾ ਪ੍ਰਣ ਕਰਦਿਆਂ ਆਪਣੀ ਜ਼ਿੰਦਗੀ ਦਾ ਰੁਖ ਬਦਲਦੀ ਹੋਈ ਅੰਤ ਨੋਬਲ ਪ੍ਰਾਈਜ਼ ਦੀ ਵਿਜੇਤਾ ਬਣ ਜਾਂਦੀ ਹੈ। ਕਹਾਣੀ ਵਿਚ ਅਚਾਨਕ ਆਇਆ ਇਹ ਪਲਟਾ, ਕਹਾਣੀ ਨੂੰ ਵਿਚਾਰਮੁਖੀ ਹੋਣ ਦੀ ਥਾਂ ਹੋਂਦਮੁਖੀ ਬਣਾ ਦਿੰਦਾ ਹੈ।

ਕਾਮਨੀ ਨੇ ਟੇਬਲ 'ਤੇ ਪਿਆ ਲੈਂਪ ਜਗਾਇਆ, ਉਸ ਦੀ ਜ਼ਿੰਦਗੀ ਵਿਚ ਰੋਸ਼ਨੀ ਹੀ ਰੋਸ਼ਨੀ ਹੋ ਗਈ। ਕਾਮਨੀ ਵਿਆਹ ਤੋਂ ਪਹਿਲਾਂ ਇਕ ਐਨ. ਜੀ. ਓ. ਚਲਾਉਂਦੀ ਸੀ। ਉਸ ਨੇ ਆਪਣੀ ਸਹੇਲੀ ਕਾਸਿਨ ਨਾਲ ਮਿਲ ਕੇ ਬੇਸਹਾਰਾ ਔਰਤਾਂ ਲਈ ਸਲੈਫ ਹੈਲਪ ਗਰੁੱਪ ਦੀ ਸ਼ੁਰੂਆਤ ਕੀਤੀ। ਉਸ ਦੁਆਰਾ ਚਲਾਏ ਜਾ ਰਹੇ ਸੈਲਫ਼ ਹੈਲਪ ਗਰੁੱਪ ਨੂੰ ਦੇਸ਼ ਵਿਦੇਸ਼ ਵਿਚ ਮਾਨਤਾ ਮਿਲ ਗਈ ਸੀ। ਬਹੁਤ ਸਾਰੀਆਂ ਬੇਸਹਾਰਾ ਔਰਤਾਂ ਲਈ ਉਹ ਰੱਬ ਤੋਂ ਵੀ ਵੱਧ ਸੀ, ਜਿਨਹਾਂ ਨੂੰ ਉਸ ਨੇ ਰੋਜਗਾਰ ਦਿੱਤਾ ਸੀ।[2]

ਪੂੰਜੀਵਾਦੀ ਉਪਭੋਗੀ ਬਿਰਤੀ ਦੀ ਵੱਧੀ ਲਾਲਸਾ ਕਾਰਨ ਚੁਰਾਹੇ ਖੜ੍ਹੀ ਮੱਧਵਰਗੀ ਜੀਵਨ-ਜਾਂਚ ਨੂੰ ਚੌਥੇ ਪੜਾਅ ਦੀ ਕਹਾਣੀ ਨੇ ਵਿਸ਼ੇਸ਼ ਤੌਰ 'ਤੇ ਸਿਰਜਿਆ ਹੈ। **ਗੁਰਮੀਤ ਬਿਰਦੀ** ਨੇ **"ਹੈਪੀ ਬਰਡੇ ਪਾਪਾ"** ਕਹਾਣੀ ਦੀ ਮੁੱਖ ਟੇਕ ਮੱਧਵਰਗੀ ਦੰਪਤੀ ਰਿਸ਼ਤੇ ਵਿਚਲੀ ਰਵਾਨਗੀ ਦੀ ਅਣਹੋਂਦ ਨੂੰ ਚਿਤਰਨ 'ਤੇ ਰੱਖੀ ਹੈ ਕਿ ਮਾਪੇ ਬਣਨ ਉਪਰੰਤ ਵੀ ਉਹਨਾਂ ਦੇ ਰਿਸ਼ਤੇ ਵਿਚ ਸੰਤੁਲਨ ਨਹੀਂ ਆ ਪਾਉਂਦਾ ਹੈ। ਵਧੇਰੇ ਤਰੱਕੀ ਲਈ ਲੋੜੋਂ ਵੱਧ ਦੌੜ-ਭੱਜ ਕਰਦਾ ਪਤੀ, ਸਿਰਫ਼ ਜਿਊਂਣ ਨਾਲੋਂ ਥੀਣ ਦੇ ਪ੍ਰਕਰਨ ਨੂੰ ਮਹੱਤਵ ਦਿੰਦੀ ਪਤਨੀ ਦੀਆਂ ਰੀਝਾਂ ਦੀ ਬਲੀ ਦਾ ਕਾਰਕ ਬਣਦਾ ਹੈ। ਜਿਸ ਕਾਰਨ ਦੋਵੇਂ ਜੀਅ ਇਸ ਕਦਰ ਮਾਨਸਿਕ ਟੁੱਟ-ਭੱਜ ਦਾ ਸ਼ਿਕਾਰ ਹੁੰਦੇ ਹਨ ਕਿ ਨਾ ਤਾਂ ਨਰਿੰਦਰ ਨੂੰ ਕਦੇ ਆਪਣੇ ਜਨਮ ਦਿਨ ਦਾ ਖ਼ਿਆਲ ਰਹਿੰਦਾ ਹੈ ਅਤੇ ਨਾ ਹੀ ਨੀਲਮਾ ਕਦੇ ਉਸ ਨੂੰ ਚੇਤੇ ਕਰਵਾਉਂਦੀ ਹੈ। ਪਰੰਤੂ ਸਵਰਗੀ ਬੇਟੇ ਵਿਨੋਦ ਦੁਆਰਾ ਫੋਨ ਉੱਤੇ ਲਗਾਇਆ ਜਨਮ ਦਿਨ ਮੁਬਾਰਕ ਦਾ ਸੁਨੇਹਾ, ਨਰਿੰਦਰ ਦੀ ਸੁਰਤੀ ਟਿਕਾਣੇ ਲਿਆਉਣ ਵਿਚ ਸਹਾਇਕ ਹੁੰਦਾ ਹੈ ਅਤੇ ਉਹ ਆਪਣੀ ਗ਼ਲਤੀ ਦਾ ਅਹਿਸਾਸ ਕਰਦਾ ਹੋਇਆ, ਪਹਿਲੀ ਵਾਰ ਘਰ ਸਮੇਂ ਸਿਰ ਪਹੁੰਚ ਜਾਂਦਾ ਹੈ।

"ਨੀਲਮਾ, ਪਤਾ ਨੀ ਕਿਉਂ ਅੱਜ ਮੈਨੂੰ ਇਵੇਂ ਮਹਿਸੂਸ ਹੋ ਰਿਹਾ ਜਿਵੇਂ ਮੇਰਾ ਕਿਸੇ ਨਾਲ ਲਗਾਵ ਜਿਹਾ ਹੋ ਗਿਆ ਤੇ ਉਹ ਮੈਨੂੰ ਇੱਥੇ ਤੱਕ ਖਿੱਚ ਲਿਆਇਆ ਏ।" ਕਹਿੰਦੇ ਹੋਏ ਨਰਿੰਦਰ ਨੇ ਨੀਲਮਾ ਦਾ ਹੱਥ ਆਪਣੇ ਹੱਥਾਂ ਵਿਚ ਫੜ ਲਿਆ। "ਜਨਾਬ, ਇਸਨੂੰ ਪਿਆਰ ਕਹਿੰਦੇ ਨੇ... ਜੋ ਮੈਂ ਤੁਹਾਨੂੰ ਅੱਜ ਵੀ ਕਰਦੀ ਹਾਂ।" ਹੱਸਦੀ ਹੋਈ ਨੀਲਮਾ ਨਰਿੰਦਰ ਦੇ ਸੀਨੇ ਨਾਲ ਲੱਗ ਗਈ। ਨੀਲਮਾ ਨੂੰ ਆਪਣੀਆਂ ਬਾਹਾਂ ਵਿਚ ਲੈਂਦੇ ਹੋਏ ਉਸਨੇ ਵਿਨੋਦ ਦੀ ਤਸਵੀਰ ਵੱਲ ਵੇਖਿਆ, ਥੈਂਕਸ ਯੂ ਬੇਟਾ। ਮੈਨੂੰ ਸੁੱਤੇ ਨੂੰ ਜਗਾਉਣ ਲਈ।[3]

ਔਲਾਦ ਵਿਹੂਣੀ ਔਰਤ ਪਾਤਰ ਸੰਵੇਦਨਾ ਦੇ ਕਈ ਪਾਸਾਰ **"ਕੋਈ ਵੀ ਤੇ ਨਹੀਂ"** ਕਹਾਣੀ ਦੀ ਕਥਾ ਯਾਤਰਾ ਦਾ ਹਿੱਸਾ ਬਣਦੇ ਹਨ। **ਨਿਰੰਜਣ ਬੋਹਾ** ਨੇ ਕਹਾਣੀ ਦਾ ਵਿਸ਼ਾ ਪੰਜਾਬੀ ਕਹਾਣੀ ਖੇਤਰ ਵਿਚ ਅਨੇਕਾਂ ਵਾਰ ਦੁਹਰਾਰੇ ਗਏ ਵਿਸ਼ੇ-'ਘਰ ਦੇ ਵਾਰਿਸ' ਨਾਲ ਮੇਲ ਖਾਂਦਾ ਲਿਆ ਹੈ ਪਰ ਇਸ ਕਹਾਣੀ ਦੀ ਵੱਖਰਤਾ ਦਾ ਆਧਾਰ ਪਤੀ ਦੀ ਥਾਂ ਪਤਨੀ ਵਿਚ ਸਰੀਰਕ ਸਮੱਸਿਆ ਦਾ ਹੋਣਾ ਹੈ। ਜਦੋਂ ਸੱਸ ਵੱਲੋਂ ਦਿੱਤੇ

ਤਾਹਨਿਆਂ ਅਤੇ ਚਿਤਾਵਨੀਆਂ ਨੂੰ ਪਤੀ ਵੀ ਗੌਲਣੋਂ ਹੱਟ ਜਾਂਦਾ ਹੈ ਤਾਂ ਸਹੁਰਿਆਂ ਨੂੰ ਪੋਤੇ ਦਾ ਮੂੰਹ ਦਿਖਾਉਣ ਦੀ ਇੱਛਾ, ਪ੍ਰੀਤੀ ਨੂੰ ਆਪਣੀ ਛੋਟੀ ਭੈਣ ਦਾ ਰਿਸ਼ਤਾ ਲਿਆਉਣ ਲਈ ਲਾਚਾਰ ਕਰ ਦਿੰਦੀ ਹੈ।ਮੁੰਡੇ ਦੀ ਮਾਂ ਬਣੀ ਦਰਾਣੀ ਦੀਆਂ ਜੇਤੂ ਨਜ਼ਰਾਂ ਤੋਂ ਵਿੰਨੀ ਪ੍ਰੀਤੀ ਅੰਤ-"ਬੇਬੇ ਮੈਂ ਪੇਕੇ ਜਾ ਰਹੀ ਹਾਂ- ਬਾਪੂ ਜੀ ਨਾਲ ਸਿਮਰੋ ਦੇ ਰਿਸ਼ਤੇ ਦੀ ਗੱਲ ਕਰਾਂਗੀ-ਜੇ ਉਹ ਮੰਨ ਗਏ ਤਾਂ ਠੀਕ ਹੈ ਨਹੀਂ ਤਾਂ ਕੋਈ ਖੂਹ ਟੋਭਾ ਤਾਂ ਪਨਾਹ ਦੇ ਹੀ ਦੇਊ ਮੈਨੂੰ।"[4] ਕਹਿ ਕੇ ਇਸ ਆਸ ਨਾਲ ਘਰ ਦੀ ਦਹਿਲੀਜ਼ ਟੱਪਦੀ ਹੈ ਕਿ ਕੋਈ ਤਾਂ ਉਸ ਨੂੰ ਜਾਣ ਤੋਂ ਰੋਕ ਲਵੇਗਾ ਪਰ ਪਿੱਛੇ ਝਾਕਣ ਉੱਤੇ ਉਸ ਨੂੰ ਆਪਣੇ ਪਰਛਾਵੇਂ ਤੋਂ ਬਿਨਾਂ ਕੁਝ ਵੀ ਦਿਖਾਈ ਨਹੀਂ ਦਿੰਦਾ ਹੈ।

ਸਮਕਾਲੀ ਯਥਾਰਥ ਦੀ ਫੌਰੀ ਪੇਸ਼ਕਾਰੀ ਨੂੰ ਕਲਾਤਮਕਤਾ ਨਾਲ ਕਹਾਣੀ ਵਿਚ ਢਾਲਣਾ ਇਕ ਚੁਨੌਤੀ ਹੈ। ਚੁਗਿਰਦੇ ਵਿਚ ਵਾਪਰੀ ਘਟਨਾ ਕੋਰਨਾ ਵਾਇਰਸਚ ਉੱਤੇ ਕੇਂਦਰਿਤ **ਗੁਰਮੀਤ ਕੜਿਆਲਵੀ** ਦੀ ਕਹਾਣੀ "**ਜਿਉਂਦਾ ਰਹਿ ਵੇ ਬੱਚੜਿਆ**" ਦੀ ਸੁੱਖੋ ਨੂੰ ਕਰਫਿਊ ਦੇ ਦਿਨਾਂ ਵਿਚ ਹਵੇਲੀ ਦੇ ਕੰਮ ਤੋਂ ਵੀ ਛੁੱਟੀ ਮਿਲ ਜਾਂਦੀ ਹੈ। ਇਕ ਪਾਸੇ ਵੱਡੀ ਧਿਰ ਨਾਲ ਸੀਰੀ ਰਲੇ ਪਤੀ ਦਾ ਕਤਲ ਅਤੇ ਦੂਜੇ ਪਾਸੇ ਬਾਰ੍ਹਾਂ ਵਰ੍ਹਿਆਂ ਤੋਂ ਅਪਾਹਜ ਪੁੱਤ ਨੂੰ ਕੰਧੇੜੇ ਚੁੱਕੀ ਫਿਰਦੀ ਸੁੱਖੋ ਨੇ ਆਪਣੇ ਨਾਂ ਦੇ ਉਲਟ ਪੇਕੇ -ਸਹੁਰੇ ਗ਼ਰੀਬੀ ਦੀ ਸਾੜਸਤੀ ਨੂੰ ਝੱਲਦਿਆਂ ਇਕ ਦਿਨ ਵੀ ਸੁੱਖ ਦਾ ਨਹੀਂ ਦੇਖਿਆ ਸੀ। ਪੈਰ-ਪੈਰ 'ਤੇ ਸਮਾਜਿਕ ਜਬਰ ਦਾ ਨਿਸ਼ਾਨਾ ਬਣੀ ਸੁੱਖੋ ਨੂੰ ਸਰਪੰਚ ਨਾਲ ਖੈਬੜਣ ਕਾਰਨ ਨਾ ਤਾਂ ਸਰਕਾਰੀ ਰਾਸ਼ਨ ਮਿਲਦਾ ਹੈ ਅਤੇ ਨਾ ਹੀ ਉਸਦੀ ਪੈਨਸ਼ਨ ਲੱਗਦੀ ਹੈ।ਆਪਣੇ ਬਿਮਾਰ ਪੁੱਤਰ ਨੂੰ ਤੱਤੀ 'ਵਾ ਤੋਂ ਬਚਾਉਣ ਲਈ ਸੁੱਖੋ ਮੰਦਰ, ਦਰਗਾਹ, ਗੁਰਦੁਆਰੇ ਦੀਆਂ ਤੀਰਥਾਂ ਦਾ ਕਦੇ ਨਾਗਾ ਨਹੀਂ ਪਾਉਂਦੀ ਪਰ ਗ਼ਰੀਬੀ ਅਤੇ ਜਾਤ ਦੀ ਬਿਮਾਰੀ, ਕਰੋਨਾ ਵਾਇਰਸ ਤੋਂ ਵੀ ਭੈੜੀ ਹੋਣ ਕਾਰਨ ਉਸ ਦੀ ਕੋਈ ਪੇਸ਼ ਨਹੀਂ ਜਾਣ ਦਿੰਦੀ ਹੈ।

" ਏਹ ਲਾਗ ਆਲੀ ਬਿਮਾਰੀ ਤਕੜਿਆਂ ਨੂੰ ਈ ਹੁਣ ਚਿੰਮਟੀ ਐ। ਸਾਢੇ ਤਾਂ ਜਨਮ ਲੈਂਦਿਆਂ ਈ ਚਿੰਬੜ ਜਾਂਦੀ ਐ, ਸਾਨੂੰ ਤਾਂ ਗੁਰੂ ਘਰ ਚੌਲ ਲੈਣ ਗਿਆਂ ਨੂੰ ਵੀ ਦੂਰ ਬਹਾ ਦਿੰਦੇ ਸੀਗੇ। [5]

ਸਥਿਤੀ ਦੇ ਤਣਾਓ ਨੂੰ ਹੰਢਾਉਂਦੀ ਕਹਾਣੀਕਾਰ **ਇੱਛੂਪਾਲ** ਦੀ ਕਹਾਣੀ "**ਸੁਪਨੇ ਰਿਸ਼ਤੇ ਅਤੇ ਜ਼ਿੰਦਗੀ**" ਦੀ ਵਿਧਵਾ ਪਾਤਰ ਪ੍ਰੀਤੋ, ਪੁੱਤ ਦੇ ਅਵਾਰਾਪੁਣੇ ਤੋਂ ਸਤੀ ਹੋਈ, ਭੈਣ ਦੀ ਮੌਤ ਤੋਂ ਬਾਅਦ ਭਣੇਵੇ ਦੇ ਕਹਿਣ ਉੱਤੇ ਜੀਜੇ ਘਰ ਰਹਿਣਾ ਸ਼ੁਰੂ ਕਰ ਦਿੰਦੀ ਹੈ। ਭਾਵੇਂ ਕਿ ਉਸ ਨੂੰ ਬਚੀ ਹੋਈ ਜ਼ਿੰਦਗੀ ਲਈ ਨਵੇਂ ਸੁਪਨੇ ਦੇਖਣ ਦੀ ਇਤਲਾਹ ਦਿੱਤੀ ਜਾਂਦੀ ਹੈ ਪਰ ਜਿਉਂਦੇ ਜੀਅ ਜਾਨ ਦਾ ਖੌਅ ਰਹੇ ਪਤੀ ਅਤੇ ਪੁੱਤ ਦੁਆਰਾ ਨਰਕ ਵਿਚ ਗਰਕ ਕਰ ਦਿੱਤੀ ਗਈ ਆਪਣੀ ਜ਼ਿੰਦਗੀ ਦੇ ਬਾਵਜੂਦ ਪ੍ਰੀਤੋ ਦੇ ਧੁਰ ਅਚੇਤ ਤੱਕ ਆਪਣੇ ਘਰ ਦਾ ਸੰਕਲਪ ਹੀ ਘੁੰਮਦਾ ਰਹਿੰਦਾ ਹੈ।

ਮੈਨੂੰ ਇਸ ਗੱਲ ਦਾ ਵੀ ਅਫਸੋਸ ਸੀ ਕਿ ਭੈਣ ਦੀ ਥਾਂ ਤੇ ਮੈਂ ਭਾਵੇਂ ਰਹਿ ਰਹੀ ਸੀ ਪਰ ਮੇਰੇ ਮਨ ਵਿਚਲੀਆਂ ਮਨਬਚਨੀਆਂ ਸਤਵੀਰ ਦੇ ਬਾਪ ਦੇ ਬਣਾਏ ਹੋਏ ਘਰ ਵਿਚ ਹੀ ਬੱਝੀਆਂ ਰਹੀਆਂ।ਉਸ ਘਰ ਦਾ ਸਫ਼ਰ ਮੇਰੀ ਆਤਮਾ ਨੂੰ ਲਹੂ ਲੁਹਾਨ ਕਰਦਾ ਸੀ। ਇੱਥੇ ਰਹਿ ਕੇ ਫਿਰ ਵੀ ਉੱਧਰ ਵੱਲ ਦਾ ਧਿਆਨ ਕਿਉਂ? ਇਹ ਗੱਲ ਮੈਨੂੰ ਬਾਰ-ਬਾਰ ਕਰੇਦਦੀ ਜਾ ਰਹੀ ਸੀ। [6]

ਵਿਧਵਾ ਦੇ ਸੰਕਲਪ ਵਿਚ ਤਬਦੀਲੀ ਹੋਣ ਅਤੇ ਉਸਦਾ ਡਰਿਆ ਸਹਿਮਿਆ ਰੂਪ ਖ਼ਤਮ ਹੋ ਜਾਣ ਕਾਰਨ ਹੁਣ ਉਹ ਹਾਰੜਿਆਂ ਅਤੇ ਤਰਲਿਆਂ ਨਾਲ ਜੀਵਨ ਕੱਟਣ ਵਾਲੀ ਅਬਲਾ ਨਹੀਂ ਰਹੀ ਹੈ। **ਨਰਿੰਦਰ ਕੌਰ ਭੱਚੂ** ਦੀ ਕਹਾਣੀ "**ਕੀ ਕਿਹਾ ਭਰਜਾਈ**" ਵਿਚਲੀ ਨੂੰਹ ਪਤੀ ਦੇ ਰਹਿਤਲ ਫਰਮਾ ਜਾਣ ਉਪਰੰਤ, ਪਿਤਰਕੀ ਤਾਕੀਦਾਂ ਤੋਂ ਇਨਕਾਰੀ ਹੋ ਵਧੇਰੇ ਆਪਹੁਦਰੀਆਂ ਕਰਨੀਆਂ ਸ਼ੁਰੂ ਕਰ ਦਿੰਦੀ ਹੈ।ਸਵੈ ਸਵਾਰਥ ਦੀ ਸਿੱਧੀ ਲਈ ਚਿਹਰੇ ਬਦਲ ਲੈਣਾ, ਅਜੋਕੇ ਮਾਨਵ ਦੀ ਗ਼ੈਰਮਾਮੂਲੀ ਹਰਕਤ ਨਹੀਂ ਹੈ। ਧੀ ਬਣਾ ਕੇ ਰੱਖੀ ਨੂੰਹ ਹੱਥੋਂ ਹੁੰਦੀ ਦੁਰਗਤੀ, ਬਜ਼ੁਰਗ ਸੱਸ-ਸਹੁਰੇ ਦੀ ਉਪਰਾਮਤਾ ਅਤੇ ਇਕੱਲਤਾ ਦੀ



ਜ਼ੁੰਮੇਵਾਰ ਬਣਦੀ ਹੈ। ਦੂਜੇ ਪਾਸੇ ਨਾਰੀ ਮਨੋਵਿਗਿਆਨ ਦੇ ਤਹਿਤ ਵਾਚਦਿਆਂ ਨੂੰਹ ਦਾ, ਪਤੀ ਵਿਛੁਣਾ ਜੀਵਨ ਗੁਜ਼ਾਰਦਿਆਂ, ਇਕਲਾਪਾ ਕੱਟਣ ਲਈ ਗ਼ੈਰ ਮਰਦ ਵੱਲ ਅਗ੍ਰਸਰ ਹੋਣਾ ਅਤੇ ਦੂਜਿਆਂ ਕੋਲੋਂ ਆਪਣੀਆਂ ਲਾਉਣ ਪਾਉਣ ਦੀਆਂ ਰੀਝਾਂ ਪੁਗਾਉਣਾ ਵਾਜਬ ਗੱਲ ਭਾਸਦੀ ਹੈ।

**ਕਰਮਜੀਤ ਸਿੰਘ ਨਡਾਲਾ** ਦੀ ਕਹਾਣੀ "**ਬਣਵਾਸ**" ਵਿਚਲੀ ਘਟਨਾ ਦਾ ਘਟਕ ਜਾਇਦਾਦ ਬਣਦੀ ਹੈ। ਜ਼ਮੀਨੀ ਝਗੜੇ ਪਿੱਛੇ ਭਰਾਵਾਂ ਦੇ ਟੱਬਰ ਤਬਾਹ ਹੋਣ ਦੇ ਆਮ ਬਿਰਤਾਂਤ ਤੋਂ ਉਲਟ ਇਸ ਕਹਾਣੀ ਵਿਚ ਦੋ ਭਰਾਵਾਂ ਦੀ ਥਾਂ, ਭਰਜਾਈ ਤੇ ਭਤੀਜ ਜ਼ਮੀਨੀ ਲਾਲਚ ਦੇ ਵੱਸ ਆ ਕੇ ਇਕ ਭਰਾ ਦੁਆਰਾ ਕੀਤੀ ਆਤਮ ਹੱਤਿਆ ਦਾ ਦੋਸ਼ ਦੂਜੇ ਭਰਾ ਦੇ ਸਿਰ ਮੜ੍ਹ ਦਿੰਦੇ ਹਨ ਜਿਸ ਕਾਰਨ ਦੂਜਾ ਭਰਾ ਬਿਨਾਂ ਕਸੂਰੋਂ ਬਾਰ੍ਹਾਂ ਸਾਲ ਜੇਲ੍ਹ ਕੱਟ ਕੇ ਜਦੋਂ ਘਰ ਨੂੰ ਵਾਪਸੀ ਕਰਦਾ ਹੈ ਤਾਂ ਘਰ ਨੂੰ ਉਜਾੜ ਬਣਿਆ ਸੁਣ ਕੇ ਸਦਮੇ ਵਿਚ ਰੱਬ ਨੂੰ ਪਿਆਰਾ ਹੋ ਜਾਂਦਾ ਹੈ। ਇੰਜ ਇਹ ਕਹਾਣੀ ਪੂਰਵ ਬਿਰਤਾਂਤਾਂ ਤੋਂ ਕੁਝ ਕੁ ਵਿੱਥ ਥਾਪ ਕੇ ਦਰਸਾਈ ਹੋਣ ਕਾਰਨ ਮੌਲਿਕ ਤਸ਼ਬੀਹ ਨੂੰ ਅਪੜਦੀ ਪ੍ਰਤੀਤ ਹੁੰਦੀ ਹੈ।

ਕਹਾਣੀ ਦਾ ਆਰੰਭ ਸੁੱਚਾ ਸਿੰਘ ਦੀ ਜੇਲ੍ਹ ਤੋਂ ਰਿਹਾਈ ਵਾਲੇ ਦਿਨ ਤੋਂ ਸ਼ੁਰੂ ਹੋ ਕੇ ਉਸ ਦੇ ਜੇਲ੍ਹ ਵਿਚ ਜਾਣ ਵਾਲੇ ਦਿਨ ਨਾਲ ਅੱਗੇ ਵਧਦਿਆਂ, ਉਸ ਦੀ ਮੌਤ ਨਾਲ ਸਮਾਪਤੀ ਬਿੰਦੂ ਉੱਤੇ ਪਹੁੰਚਦਾ ਹੈ। ਕਹਾਣੀ ਦੇ ਸਿਖਰ ਬਿੰਦੂ ਉੱਤੇ ਪਹੁੰਚ ਕੇ ਕਹਾਣੀਕਾਰ ਉਸ ਦੀ ਸਿਮਰਤੀ ਦੇ ਪਿਛੋਕੜ ਵਿਚ ਜਾਂਦਾ ਹੋਇਆ, ਉਸ ਦੀ ਵਰਤਮਾਨ ਮਨੋ-ਦਸ਼ਾ ਦੀਆਂ ਜੜ੍ਹਾਂ ਨੂੰ ਉਸਦੇ ਵਿਹਾਰ ਵਿਚੋਂ ਭਾਪਦਾ ਹੋਇਆ ਪਿੱਠਭੂਮੀ ਦੀ ਵਾਰਤਾ ਦਰਸਾਉਂਦਾ ਹੈ ਕਿ ਜ਼ਮੀਨ ਦੀ ਵੰਡ ਨੂੰ ਲੈ ਕੇ ਵਾਰ-ਵਾਰ ਪੰਚਾਇਤੀ ਫ਼ੈਸਲੇ ਨੂੰ ਰੱਦ ਕਰਦੇ, ਘਰਵਾਲੀ ਤੇ ਪੁੱਤ ਦੇ ਨਿਮੋਸ਼ੀ ਵਾਲੇ ਵਤੀਰੇ ਤੋਂ ਅੱਕਿਆ ਸੰਵੇਦਨਸ਼ੀਲ ਰਤਨ ਸਿੰਘ ਮੌਤ ਨੂੰ ਗਲੇ ਲਗਾ ਲੈਂਦਾ ਹੈ ਤਾਂ ਉਸ ਦੀ ਘਰਵਾਲੀ ਕਚਹਿਰੀ ਵਿਚ ਜੇਠ ਸੁੱਚਾ ਸਿੰਘ ਦੇ ਖ਼ਿਲਾਫ਼ ਦੁਸ਼ਣਬਾਜ਼ੀ ਕਰਦੀ ਹੋਈ ਉਸ ਨੂੰ ਕੈਦ ਕਰਵਾ ਦਿੰਦੀ ਹੈ। ਪਤੀ ਦੇ ਜੇਲ੍ਹ ਜਾਣ ਮਗਰੋਂ ਸੁੱਚਾ ਸਿੰਘ ਦੀ ਪਤਨੀ ਗ਼ਮ ਵਿਚ ਹੀ ਮਰ ਮੁੱਕ ਜਾਂਦੀ ਹੈ ਅਤੇ ਪੁੱਤ ਦੇ ਚੋਰੀਆਂ ਅਤੇ ਨਸ਼ਿਆਂ ਦੀ ਅਲਾਮਤ ਵਿਚ ਗਲਤਾਨ ਹੋ ਜਾਣ ਕਾਰਨ ਧੀ ਨਿਤ ਘਰ ਆਉਂਦੇ ਪੁਲਿਸ ਵਾਲਿਆਂ ਦੀ ਰਖੇਲ ਬਣੀ ਆਖ਼ੀਰ ਰੂਪੋਸ਼ ਹੋ ਜਾਂਦੀ ਹੈ। ਅਨਯ ਪੁਰਖੀ ਸਥਲ ਦੀ ਇਹ ਰਚਨਾ ਪਾਤਰ ਦੀਆਂ ਸੋਚਾਂ ਦੇ ਘੇਰੇ ਨੂੰ ਥੋੜ੍ਹਾ ਲਮਕਾਅ ਦੇ ਘੇਰੇ ਵਿਚ ਲੈ ਜਾਂਦੀ ਹੋਣ ਕਾਰਨ ਲੰਮੇ ਬਿਰਤਾਂਤ ਦੇ ਰਵਾਇਤੀ ਕਥਾ ਦੋਸ਼ਾਂ ਦੀ ਧਾਰਨੀ ਵੀ ਬਣਦੀ ਹੈ।

ਦਲਿਤ ਚੇਤਨਾ ਦੀ ਸਿੱਧੜ ਫਾਰਮੂਲਾ ਪੇਸ਼ਕਾਰੀ ਨੂੰ ਤੋੜਦੀ **ਗੁਰਵਿੰਦਰ ਸਿੰਘ** ਦੀ ਕਹਾਣੀ "**ਪੈਦਲ**" ਆਪਣੀ ਨਿਭਾਅ ਸ਼ਕਤੀ ਨੂੰ ਕਈ ਮੈਟਾਫਰਾਂ ਦੁਆਰਾ ਪੇਸ਼ ਕਰਦੀ ਹੈ ਜਿਸ ਨਾਲ ਕਹਾਣੀ ਵਿਚ ਸੰਵਾਦ ਦੀਆਂ ਅਨੇਕਾਂ ਪ੍ਰਤੀਧੁਨੀਆਂ ਉੱਠਦੀਆਂ ਹਨ। ਸੰਬੰਧਿਤ ਕਹਾਣੀ ਵਿਚ ਮੰਦਰ, ਗੁਰਦੁਆਰਿਆਂ ਦੀ ਹਕੀਕਤ ਨੂੰ ਬਿਆਨ ਕੀਤਾ ਗਿਆ ਹੈ ਕਿ ਜਦੋਂ ਇਹਨਾਂ ਧਾਰਮਿਕ ਸੰਸਥਾਵਾਂ ਵਿਚ ਨੀਵੀ ਜਾਤ ਨੂੰ ਬੈਠਣ ਦੀ ਇਜਾਜ਼ਤ ਨਹੀਂ ਮਿਲੀ ਤਾਂ ਉਹਨਾਂ ਡੇਰਿਆਂ ਤੋਂ ਆਸਰਾ ਲੈਣਾ ਸ਼ੁਰੂ ਕਰ ਦਿੱਤਾ ਪਰ ਡੇਰਾਵਾਦ ਦੀ ਲੋਟੂ ਬਿਰਤੀ ਵੀ ਉਹਨਾਂ ਨੂੰ ਸਹਾਰਾ ਦੇਣ ਤੋਂ ਨਾਕਾਮਯਾਬ ਰਹਿੰਦੀ ਹੈ ਤਾਂ ਦਲਿਤ ਵਰਗ ਦੀ ਜ਼ਿੰਦਗੀ ਅਮੁੱਕ ਪੈਦਲ ਯਾਤਰਾ ਬਣ ਕੇ ਰਹਿ ਜਾਂਦੀ ਹੈ। ਕਹਾਣੀ ਵਿਚਲੀ ਪੇਂਡੂ ਦਲਿਤ ਔਰਤ ਚਮੇਲੀ ਦੀ ਹੋਣੀ ਤੇ ਹਸਤੀ, ਦਲਿਤ ਪਛਾਣ ਦਾ ਚਿੰਨ੍ਹ ਬਣ ਕੇ ਪੇਸ਼ ਹੁੰਦੀ ਹੈ ਕਿ ਕਿਵੇਂ ਉਸ ਦੀ ਮਾਨਸਿਕਤਾ ਇਹਨਾਂ ਧਾਰਮਿਕ ਅੱਡਿਆਂ ਦੀ ਸ਼ਿਕਾਰ ਹੋਈ ਅੰਤ ਨਿਰਾਸ਼ਾ ਲੈ ਕੇ ਘਰ ਪਰਤਦੀ ਹੈ।


..ਚਮੇਲੀ ਦੀ ਅੱਖ ਲੱਗੀ। ਮਨ ਤਰੰਗਾਂ ਛੱਡਦਾ ਉਡਾਰੀਆਂ ਲਾਉਣ ਲੱਗਾ। ਉਹ ਉਛਲ-ਉਛਲ ਕੇ ਮੰਦਰ ਦੀਆਂ ਘੰਟੀਆਂ ਵਜਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਘੰਟੀਆਂ ਹਰ ਵਾਰ ਪਹੁੰਚ ਤੋਂ ਉਤਾਂਹ ਹੋ ਜਾਂਦੀਆਂ ਹਨ। ਦੇਗ ਦੀਆਂ ਗੋਲੀਆਂ ਵੀ ਉਸਦੇ ਹੱਥਾਂ 'ਚੋਂ ਉਛਲ-ਉਛਲ ਬਾਹਰ ਡਿੱਗ ਰਹੀਆਂ ਹਨ ਪਰ ਉਹ ਬੁੱਚਣ ਲਈ ਜਦੋ-ਜਹਿਦ ਕਰ ਰਹੀ ਹੈ। ਫਿਰ ਉਹ ਲੌਕਟ ਦੇ ਮਗਰ ਦੌੜਦੀ ਹੈ। ਜਿਓਂ ਹੀ ਲੌਕਟ

ਨੂੰ ਫੜਦੀ ਹੈ। ਉਹ ਸੱਪ ਬਣ ਜਾਂਦਾ ਹੈ। ਉਹ ਵਾਰ-ਵਾਰ ਲੌਂਕਟ ਫੜ ਰਹੀ ਹੈ ਅਤੇ ਸੱਪ ਬਣਨ 'ਤੇ ਹੱਥ ਝਟਕ ਦਿੰਦੀ ਹੈ। ਦੌੜਦੀ ਦੇ ਪੈਰਾਂ ਵਿਚ ਇਕਦਮ ਚੀਸ ਉਠਦੀ ਹੈ। ਅੱਭੜਵਾਹੇ ਉਠ ਉਹ ਜ਼ਖ਼ਮੀ ਪੈਰਾਂ ਨੂੰ ਛੋਹ ਅੱਖਾ ਮੱਲ੍ਹਣ ਲੱਗ ਜਾਂਦੀ ਹੈ।[7]

ਇਸ ਪ੍ਰਕਾਰ ਆਧੁਨਿਕ ਬੋਧ ਦੇ ਪ੍ਰਸੰਗ ਵਿਚ ਜੀਵਨ ਹਕੀਕਤਾਂ ਤੋਂ ਜਾਣੂ ਉਪਰੋਕਤ ਕਹਾਣੀਕਾਰਾਂ ਨੇ ਲੰਮਾਂ ਸਮਾਂ ਜੀਣ ਵਾਲੇ ਥੀਮ ਨੂੰ ਨਿਸ਼ਚਿਤ ਵਿਚਾਰ ਪੱਧਤੀਆਂ ਤੋਂ ਹੱਟ ਕੇ ਸਿਰਜਦਿਆਂ ਲਗਾਤਾਰਤਾ ਤੋਂ ਵੱਖਰਤਾ ਪੈਦਾ ਕੀਤੀ ਹੈ। ਅਟਕਾਅ ਅਤੇ ਦ੍ਰਿਸ਼ ਚਿਤਰਨ ਦੀਆ ਬਿਰਤਾਂਤਕ ਵਿਧੀਆਂ ਨੂੰ ਵਰਤਦੀਆਂ ਇਹ ਕਹਾਣੀਆਂ ਧੀਮੀ ਸੁਰ ਵਾਲੀਆਂ ਹੋਣ ਕਾਰਨ ਇਹਨਾਂ ਵਿਚ ਦਮਨ ਕਰਨ ਅਤੇ ਦਮਨ ਸਹਿਣ ਵਾਲੀਆਂ ਦੋਹਾਂ ਧਿਰਾਂ ਮੌਜੂਦ ਹੋਣ ਦੇ ਬਵਜੂਦ ਇਹਨਾਂ ਵਿਚਲਾ ਟਕਰਾਓ ਸਥਿਰ ਹੋਇਆ ਭਾਸਦਾ ਹੈ। ਇਕੋ ਸਮੇਂ ਭੂਤਕਾਲ ਤੋਂ ਵਰਤਮਾਨ ਤੇ ਵਰਤਮਾਨ ਕਾਲ ਤੋਂ ਭੂਤਕਾਲ ਵਿਚ ਵਿਚਰਦੀਆਂ ਹੋਣ ਕਾਰਨ ਇਹਨਾਂ ਕਹਾਣੀਆਂ ਵਿਚ ਸਮਾਂ ਤੇ ਸਥਾਨ ਸਥਿਰ ਨਾ ਰਹਿੰਦੇ ਹੋਏ ਕਹਾਣੀ ਕਲਾਤਮਕਤਾ ਵਿਚ ਗੁਣਾਤਮਕ ਵਾਧਾ ਕਰਦੇ ਹਨ। (**ਸੰਪਰਕ-96460-11220**)

**ਹਵਾਲੇ ਅਤੇ ਟਿੱਪਣੀਆਂ**


1. ਡਾ.ਧਨਵੰਤ ਕੌਰ,ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ,ਪੰਨਾ 32.
2. ਬਲਵੀਰ ਕੌਰ ਰੀਹਲ,"ਗੋਲਡਨ ਅੱਖਰ",ਕਹਾਣੀ ਧਾਰਾ,ਅਪ੍ਰੈਲ-ਸਤੰਬਰ, 2020,ਪੰਨਾ 62.
3. ਗੁਰਮੀਤ ਬਿਰਦੀ,"ਹੈਪੀ ਬਰਥਡੇ ਪਾਪਾ",ਕਹਾਣੀ ਧਾਰਾ,ਅਪ੍ਰੈਲ-ਸਤੰਬਰ,2020,ਪੰਨਾ 68.
4. ਨਿਰੰਜਣ ਬੋਹਾ,"ਕੋਈਵੀ ਤਾਂਨਹੀਂ",ਕਹਾਣੀ ਧਾਰਾ ,ਅਪ੍ਰੈਲ-ਸਤੰਬਰ, 2020,ਪੰਨਾ 16.
5. ਗੁਰਮੀਤ ਕੜਿਆਲਵੀ,"ਜਿਉਂਦਾ ਰਹਿ ਵੇ ਬੱਚੜਿਆ", ਕਹਾਣੀ ਧਾਰਾ,ਅਪ੍ਰੈਲ-ਸਤੰਬਰ,2020,ਪੰਨਾ 24.
6. ਇੱਛੂਪਾਲ,"ਸੁਪਨੇ ਰਿਸ਼ਤੇ ਅਤੇ ਜ਼ਿੰਦਗੀ",ਕਹਾਣੀ ਧਾਰਾ,ਅਪ੍ਰੈਲ-ਸਤੰਬਰ,2020,ਪੰਨਾ 21.
7. ਗੁਰਵਿੰਦਰ ਸਿੰਘ,"ਪੈਦਲ", ਕਹਾਣੀ ਧਾਰਾ,ਅਪ੍ਰੈਲ-ਸਤੰਬਰ,2020,ਪੰਨਾ 75.





**ਸੰਵਾਦ-2**

## ਪੰਜਾਬੀ ਲੇਖਕ ਦੇ ਅੰਤਰ ਮਨ ਨੂੰ ਫਰੋਲਦੀਆਂ ਸਾਹਿਤਕ ਚਿੱਠੀਆਂ

**(ਕਹਾਣੀ ਧਾਰਾ'-59 ਦੇ 'ਚਿੱਠੀਆਂ ਵਿਸ਼ੇਸ਼ ਅੰਕ' ਦੇ ਬਹਾਨੇ)**

**-ਨਿਰੰਜਣ ਬੋਹਾ**




ਵੀਹਵੀ ਸਦੀ ਦੇ ਆਖਿਰੀ ਦਹਾਕਿਆਂ ਤੱਕ ਸਾਹਿਤਕ ਚਿੱਠੀਆਂ ਲੇਖਕਾਂ ਦੇ ਰੂਹ ਦੀ ਖੁਰਾਕ ਹੁੰਦੀਆਂ ਸਨ ਤੇ ਸਾਹਿਤ ਸਭਿਆਚਾਰ ਦਾ ਜ਼ਰੂਰੀ ਭਾਗ ਬਣ ਕੇ ਸਾਹਿਤ ਸੰਵਾਦ ਨੂੰ ਅੱਗੇ ਤੋਰਨ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਸਨ । ਪਰ ਹੁਣ ਇੰਟਰਨੈਟ ਜੁੱਗ ਨੇ ਇਹਨਾਂ ਨੂੰ ਬੀਤੇ ਵੇਲ੍ਹਿਆਂ ਦੀ ਗੱਲ ਬਣਾ ਦਿੱਤਾ ਹੈ। ਇਹ ਗੱਲ ਨਹੀਂ ਹੈ ਕਿ ਹੁਣ ਲੇਖਕ ਚਿੱਠੀਆਂ ਲਿਖਦੇ ਹੀ ਨਹੀ ਪਰ ਹੁਣ ਸਾਹਿਤਕ ਚਿੱਠੀਆ ਵਿਚ ਸ਼ਬਦਾਂ ਦਾ ਪਹਿਲਾਂ ਵਾਲਾ ਨਿੱਘ ਨਹੀਂ ਰਿਹਾ ਤੇ ਇਹ ਹੁਣ ਮਹਿਜ ਸਾਹਿਤਕ ਸੂਚਨਾਵਾਂ ਦਾ ਅਦਾਨ ਪ੍ਰਦਾਨ ਕਰਨ ਵਰਗੀ ਰਸਮੀ ਜਿਹੀ ਭੂਮਿਕਾ ਨਿਭਾਉਂਦੀਆਂ ਨਜ਼ਰ ਆਉਦੀਆਂ ਹਨ। ਹੁਣ ਇਹਨਾਂ ਸੂਚਨਾਵਾ ਦਾ ਅਦਾਨ ਪ੍ਰਦਾਨ ਵੀ ਮਸ਼ੀਨੀ ਤਕਨੀਕ ਨਾਲ ਜੁੜੇ ਮੁਬਾਇਲ ਫੋਨ ਰਾਹੀਂ ਹੋਣ ਲੱਗ ਪਿਆ ਹੈ, ਇਸ ਲਈ ਮੁਬਾਇਲ ਮੈਸਿਜ਼ਾਂ ਜਾਂ ਈਮੇਲ ਦੇ ਰੂਪ ਵਿਚ ਪਹੁੰਚੀਆਂ ਚਿੱਠੀਆਂ ਦੀ ਭਾਸ਼ਾ ਵੀ ਮਸ਼ੀਨੀ ਜਿਹੀ ਹੋ ਗਈ ਹੈ। ਬਿਜਲਈ ਸਾਧਨ ਲੇਖਕ ਨੂੰ ਉਸ ਤਰਾਂ ਦੀ ਰੂਹਾਨੀ ਖੁਰਾਕ ਦੇਣ ਤੋਂ ਅਸਮਰੱਥ ਹਨ ਜਿਹੋ ਜਿਹੀ ਖੁਰਾਕ ਉਹ ਕਾਗਜ਼ 'ਤੇ ਰੂਹ ਨਾਲ ਲਿਖੀਆਂ ਚਿੱਠੀਆਂ ਪੜ੍ਹ ਕੇ ਹਾਸਿਲ ਕਰਦਾ ਰਿਹਾ ਹੈ। ਅੱਜ ਤੋਂ ਢਾਈ ਤਿੰਨ ਦਹਾਕੇ ਪਹਿਲਾਂ ਲੇਖਕਾਂ ਤੇ ਪਾਠਕਾਂ ਵਿਚਕਾਰ ਸਾਹਿਤਕ ਚਿੱਠੀਆਂ ਦਾ ਜੋ ਅਦਾਨ ਪ੍ਰਦਾਨ ਹੁੰਦਾ ਰਿਹਾ ਹੈ ਉਹ ਦੋਹੇਂ ਧਿਰਾਂ ਦੇ ਵਲ ਛਲ ਰਹਿਤ ਜਜ਼ਬਿਆਂ ਦੀ ਸੱਚੀ ਤੇ ਸੁੱਚੀ ਤਰਜ਼ਮਾਨੀ ਕਰਦਾ ਰਿਹਾ ਹੈ , ਇਸ ਲਈ ਅੱਜ ਦੇ ਸਮੇਂ ਦੇ ਮੁਕਾਬਲੇ ਵਿੱਚ ਲੇਖਕਾਂ ਦੇ ਪਾਠਕਾਂ ਦੀ ਸਾਂਝ ਦੇ ਰੰਗ ਵੀ ਬਹੁਤ ਗੂੜ੍ਹੇ ਸਨ ਤੇ ਪਾਠਕ ਲੇਖਕਾਂ ਨੂੰ ਸਮਾਜ ਦੇ ਰਾਹ ਦਸੇਰਿਆਂ ਦੇ ਰੂਪ ਵਿਚ ਵੇਖਦਾ ਰਿਹਾ ਹੈ। ਭਾਵੇਂ ਪਾਠਕਾਂ ਦੀਆਂ ਨਜ਼ਰਾਂ ਵਿਚ ਲੇਖਕਾਂ ਲਈ ਸਨਮਾਨ ਅਜੇ ਵੀ ਕਾਇਮ ਹੈ ਪਰ ਚਿੱਠੀਆਂ ਰਾਹੀਂ ਹੋਣ ਵਾਲੇ ਸੰਵਾਦ ਕਾਰਨ ਇਸ ਸਨਮਾਨ ਦਾ ਰੰਗ ਉਸ ਵੇਲੇ ਬਹੁਤ ਗੂੜ੍ਹਾ ਰਿਹਾ ਹੈ। ਫੋਨ ਰਾਹੀਂ ਲੇਖਕਾਂ ਤੇ ਪਾਠਕਾਂ ਵਿਚਕਾਰ ਹੁੰਦਾ 'ਆਪਸੀ ਸੰਵਾਦ' ਚਿੱਠੀਆਂ ਰਾਹੀ ਹੁੰਦੇ ਰਹੇ ਸੰਵਾਦ ਦੇ ਮੁਕਾਬਲੇ ਵਿਚ ਬਹੁਤ ਰਸਮੀ ਤੇ ਵਿਵਹਾਰਕ ਜਿਹਾ ਹੁੰਦਾ ਹੈ ਤਾਂ ਸੁਭਾਵਿਕ ਤੌਰ ਤੇ ਇਸਦਾ ਅਸਰ ਲੇਖਕਾਂ ਤੇ ਪਾਠਕਾਂ ਦੇ ਆਪਸੀ ਸਬੰਧਾਂ'ਤੇ ਵੀ ਪੈਂਦਾ ਹੈ।

ਜੇ ਅਸੀਂ ਸਾਹਿਤਕ ਖ਼ਤਾਂ ਦੀ ਸਿਰਜਨਾਤਮਕ ਸ਼ਕਤੀ ਦੀ ਗੱਲ ਕਰੀਏ ਤਾਂ ਕਹਿ ਸਕਦੇ ਹਾਂ ਕਿ ਖ਼ਤ ਲਿਖਣ ਵਾਲਾ, ਜਿੰਨੀ ਰੂਹ ਨਾਲ ਦੂਸਰੇ ਨੂੰ ਖ਼ਤ ਲਿਖਦਾ ਹੈ ਪੜ੍ਹਨ ਵਾਲੇ ਦੀ ਰੂਹ ਤੇ ਦਿਲ ਦਿਮਾਗ 'ਤੇ ਉਸਦੀ ਲਿਖਤ ਉਨਾਂ ਹੀ ਵੱਧ ਅਸਰ ਪੈਂਦਾ ਹੈ। ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਵੱਲੋਂ ਵੱਲੋਂ ਕਾਵਿਕ ਰੂਪ ਵਿੱਚ ਰੂਹ ਨਾਲ ਲਿਖਿਆ ਤੇ 'ਜ਼ਫਰਨਾਮਾ' ਦੇ ਨਾਂ ਨਾਲ ਪ੍ਰਸਿੱਧ ਹੋਇਆ ਇਤਿਹਾਸਕ ਖ਼ਤ ਪੱਥਰ ਦਿਲ ਮੁਗਲ ਬਾਦਸ਼ਾਹ ਔਰੰਗਜੇਬ ਨੂੰ ਵੀ ਰੂਹ ਤੱਕ ਕੰਬਨੀ ਛੇੜ ਗਿਆ ਸੀ। ਗੁਰੂ ਸਾਹਿਬਾਨ ਵੱਲੋਂ ਪ੍ਰਮਾਤਮਾ ਨੂੰ ਮਿੱਤਰ ਪਿਆਰੇ ਦਾ ਦਰਜਾ ਦੇ ਕੇ ਮੁਰੀਦਾ ਦਾ ਹਾਲ ਸੁਣਾਉਣ ਵਾਲਾ ਖ਼ਤ ਹੁਣ ਵੀ ਸਾਡੇ ਹਿਰਦਿਆਂ ਵਿਚ ਧੂਹ ਪੈਦਾ ਕਰਦਾ ਹੈ। ਸ਼੍ਰੀ ਗੁਰੂ ਅਰਜਨ ਦੇਵ ਵੱਲੋਂ ਆਪਣੇ ਗੁਰੂ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਦੇ ਵਿਛੋੜੇ ਦੀ ਤੜਫ ਨੂੰ ਬਿਆਨਦੇ ਖ਼ਤ ਗੁਰਬਾਣੀ ਦੇ ਰੂਪ ਵਿਚ ਸਾਡੇ ਅੰਦਰ ਬੈਰਾਗ ਦੀ ਤੀਬਰ ਭਾਵਨਾ ਪੈਦਾ ਕਰਦੇ ਹਨ। ਮੈਨੂੰ ਬਾਬਾ ਨਾਨਕ ਵੱਲੋਂ ਪ੍ਰਮਾਤਮਾ ਨੂੰ ਸੰਬੋਧਿਤ ਹੋ ਕੇ ਰੱਬ ਨੂੰ ਉਲਾਂਭਾ ਦੇਣ ਵਾਲੀ ਭਾਸ਼ਾ ਵਿਚ ਉਚਾਰੀ ਬਾਣੀ, "ਏਤੀ ਮਾਰ ਪਈ ਕੁਰਲਾਣੈ , ਤੈਂ ਕੀ ਦਰਦ ਨਾ ਆਇਆ ਵੀ ਪ੍ਰਮਾਤਮਾ ਨੂੰ ਲਿਖੇ ਦੁਨੀਆਂ ਦੇ ਸਰਵੋਤਮ 'ਖ਼ਤ' ਵਰਗੀ ਲੱਗਦੀ ਹੈ।

ਜੇ ਅਸੀ ਅੱਜ ਦੇ ਦੁਨੀਆਵੀਂ ਪੱਧਰ 'ਤੇ ਸਾਹਿਤਕ ਚਿੱਠੀਆਂ ਦੀ ਰਚਨਾਤਮਕ ਭੂਮਿਕਾ ਬਾਰੇ ਚਰਚਾ ਕਰੀਏ ਤਾਂ ਵੀ ਇਹਨਾਂ ਵਿਚਲੀ ਰਚਨਾਤਮਕ ਊਰਜ਼ਾ ਦਾ ਵਿਖਿਆਨ ਕਰਨ ਲਈ ਵੀ ਸਾਡੇ ਕੋਲ ਬਹੁਤ ਸਾਰੀਆਂ ਉਦਾਹਰਣਾ ਹਨ। ਸਾਹਿਤਕ ਖ਼ਤਾਂ ਵਿਚਲੀ ਮੁਹਬੱਤੀ ਭਾਸ਼ਾ ਕਿਵੇਂ ਦੋ ਰੂਹਾਂ ਦਾ ਮੇਲ ਕਰਵਾ ਕੇ ਮਨੁੱਖੀ ਸੁਪਨਿਆਂ ਦੇ ਸੰਸਾਰ ਵਿਚ ਨਵੇਂ ਰੰਗ ਭਰਦੀ ਹੈ , ਇਸ ਬਾਰੇ ਚਰਚਾ ਕਰਨ ਲਈ ਉੱਘੇ ਪੰਜਾਬੀ ਲੇਖਕਾਂ ਦੇ ਜੀਵਨ ਵਿਚੋ ਵੀ ਕਈ ਉਦਾਹਰਣਾ ਤਲਾਸ਼ੀਆਂ ਜਾ ਸਕਦੀਆਂ ਹਨ। ਸਿਹਤ ਸਮੱਸਿਆਵਾਂ ਬਾਰੇ ਚਰਚਿਤ ਕਿਤਾਬਾਂ ਲਿਖਣ ਵਾਲੀ ਦਿੱਲੀ ਵਸਨੀਕ ਲੇਖਿਕਾ ਡਾਕਟਰ ਜਸਵੰਤ ਕੌਰ ਗਿੱਲ ਵਲੋਂ ਉੱਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਨੂੰ ਉਨ੍ਹਾਂ ਦੇ ਨਾਵਲ ਪੜ੍ਹ ਕੇ ਲਿੱਖੀਆ, ਸਾਹਿਤਕ ਚਿੱਠੀਆਂ ਹੀ ਉਹਨਾਂ ਦੋਹਾਂ ਦੀ ਪਰਿਵਾਰਕ ਸਾਂਝ ਦਾ ਅਧਾਰ ਬਣੀਆਂ ਤੇ ਡਾਕਟਰ ਗਿੱਲ ਦਿੱਲੀ ਵਿਚ ਆਪਣਾ ਡਾਕਟਰੀ ਦਾ ਚਲਦਾ ਕਾਰੋਬਾਰ ਛੱਡ ਕੇ ਮਾਲਵੇ ਦੇ ਪਿੰਡ ਢੁੱਡੀਕੇ ਆ ਵੱਸੀ। ਪ੍ਰਬੁੱਧ ਗਲਪਕਾਰ ਰਾਮ ਸਰੂਪ ਅਣਖੀ ਦੀਆਂ ਹਿੰਦੀ ਕਹਾਣੀਆਂ ਪੜ੍ਹ ਕੇ ਅਜਮੇਰ (ਰਾਜਸਥਾਨ) ਦੀ ਸ਼ੋਭਾ ਵਲੋਂ ਲਿਖੀਆਂ ਚਿੱਠੀਆਂ ਇਸ ਚੋਟੀ ਦੇ ਗਲਪਕਾਰ ਨੂੰ ਖਿੱਚ ਕੇ ਰਾਜਸਥਾਨ ਵੱਲ ਲੈ ਗਈਆ ਤੇ ਰਾਜਸਥਾਨੀ ਸ਼ੋਭਾ ਨੂੰ ਪੰਜਾਬੀ ਮੁਹਾਂਦਰੇ ਵਾਲੀ ਸ਼ੋਭਾ ਅਣਖੀ ਬਣਾ ਦਿੱਤਾ। ਸਾਡੇ ਨੌਜਵਾਨ ਕਹਾਣੀਕਾਰ ਗੁਰਮੀਤ ਕੜਿਆਲਵੀ ਤੇ ਕਵਿਤਰੀ ਸਿੰਮਰਜੀਤ ਕੌਰ ਸਿੰਮੀ ਦੀ ਮੁਹੱਬਤ ਵੀ ਸਾਹਿਤਕ ਚਿੱਠੀਆਂ ਦੇ ਰਸਤੇ ਵਿਚੋਂ ਲੰਘ ਕੇ ਹੀ ਇਕ ਦੂਜੇ ਦਾ ਜੀਵਨ ਸਾਥ ਪ੍ਰਾਪਤ ਕਰਨ ਦੇ ਜੇਤੂ ਮੁਕਾਮ ਤੱਕ ਪਹੁੰਚੀ ਹੈ।

ਹੁਣ ਸਾਹਿਤਕ ਚਿੱਠਿਆਂ ਲਿਖਣ ਵਾਲੇ ਲੇਖਕ ਬਹੁਤ ਥੋੜ੍ਹੇ ਰਹਿ ਗਏ ਨੇ ਤੇ ਇਹਨਾਂ ਚਿੱਠੀਆਂ ਨੂੰ ਦਸਤਵੇਜ਼ੀ ਰੂਪ ਵਿਚ ਸੰਭਾਲਣ ਵਾਲੇ ਉਸ ਤੋਂ ਵੀ ਥੋੜ੍ਹੇ। ਸਾਹਿਤਕ ਚਿੱਠੀਆਂ ਨੂੰ ਜੀਵਨ ਦੀ ਕੀਮਤੀ ਪੂੰਜੀ ਵਾਂਗ ਸੰਭਾਲ ਕੇ ਰੱਖਣ ਦਾ ਸ਼ੌਂਕ ਹੁਣ ਆਪਣੀ ਉਮਰ ਦੇ ਛੇ ਤੋਂ ਵੱਧ ਦਹਾਕੇ ਪਾਰ ਕਰ ਚੁੱਕੇ ਕੁਝ ਗਿਣਤੀ ਦੇ ਲੇਖਕਾਂ ਨੂੰ ਹੀ ਰਹਿ ਗਿਆ ਹੈ। ਨਵੀਂ ਸਦੀ ਸ਼ੁਰੂ ਹੋਣ ਤੋਂ ਪਹਿਲਾਂ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਪਾਉਣ ਨਵੇਂ ਲੇਖਕ ਪੁਰਾਣੇ ਤੇ ਨਾਮਵਰ ਲੇਖਕਾਂ ਦੀਆਂ ਚਿੱਠੀਆਂ ਨੂੰ ਯੂਨੀਵਰਸਿਟੀਆਂ ਵੱਲੋਂ ਦਿੱਤੇ ਸਰਟੀਫਿਕੇਟਾਂ ਵਾਂਗ ਸੰਭਾਲ ਸੰਭਾਲ ਕੇ ਰੱਖਦੇ ਰਹੇ ਹਨ । ਸੰਨ 1981 ਵਿਚ ਜਦੋਂ ਮੈਂ ਆਪਣੀ ਬਾਘਾ ਪੁਰਾਣਾ( ਮੋਗਾ) ਵਿਚਲੀ ਰਿਹਾਇਸ਼ ਛੱਡ ਕੇ ਬੋਹਾ ਵੱਲ ਆਇਆ ਤਾਂ ਮੈਂ ਵੀ ਹੋਰ ਜ਼ਰੂਰੀ ਸਮਾਨ ਦੇ ਨਾਲ ਨਵੇਂ ਪੁਰਾਣੇ ਲੇਖਕਾਂ ਦੀਆਂ ਸਾਹਿਤਕ ਚਿੱਠੀਆਂ ਦਾ ਵੱਡਾ ਸਾਰਾ ਬੰਡਲ ਆਪਣੇ ਨਾਲ ਸੰਭਾਲ ਕੇ ਲਿਆਇਆ ਸਾਂ। ਕੁਝ ਸਮਾਂ ਮੈਂ ਇਸ ਚਿੱਠੀਆਂ ਦੇ ਸਰਮਾਏ ਨੂੰ ਬੜੀ ਹਿਫਾਜ਼ਤ ਨਾਲ ਸਾਂਭ ਕੇ ਵੀ ਰੱਖਿਆਂ ਸੀ ਪਰ ਬੋਹਾ ਵਿਚ ਤਿੰਨ ਵਾਰ ਆਪਣੀ ਰਿਹਾਇਸ਼ ਬਦਲਣ ਕਰਕੇ ਇਹ ਚਿੱਠੀਆਂ ਇੱਧਰ ਉੱਧਰ ਹੋ ਗਈਆਂ, ਜਿਸ ਦਾ ਮੈਨੂੰ ਹੁਣ ਵੀ ਬਹੁਤ ਅਫਸੋਸ ਹੈ। ਹੁਣ ਵੀ ਕਦੇ ਕਦਾਈ ਕੋਈ ਵਿਚਾਰ ਉਤੇਜਕ ਸਾਹਿਤਕ ਚਿੱਠੀ ਸੰਭਾਲ ਲਈ ਦੀ ਹੈ ਪਰ ਹੁਣ ਇਹਨਾਂ ਦੀ ਸੰਭਾਲ ਵਿਚ ਪਹਿਲਾਂ ਵਰਗਾ ਉਚੇਚ ਨਹੀਂ ਰਿਹਾ।



ਜ਼ਰੂਰੀ ਨਹੀ ਹੈ ਕਿ ਕਿਸੇ ਲੇਖਕ ਦੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕੋਈ ਕਹਾਣੀ ਕਵਿਤਾ ਲਿਖ ਕੇ ਹੀ ਹੋਵੇ । ਪੰਜਾਬੀ ਸਹਿਤਾ ਵਿਚ ਅਜਿਹੇ ਲੇਖਕਾਂ ਦੀ ਬਹੁਤਾਤ ਹੈ ਜਿਹਨਾਂ ਅਖਬਾਰਾਂ, ਸਾਹਿਤਕ ਪਰਚਿਆ ਦੇ ਸੰਪਾਦਕਾਂ ਤੇ ਲੇਖਕਾਂ ਨੂੰ ਸਾਹਿਤਕ ਖ਼ਤ ਲਿਖਣ ਤੋਂ ਬਾਅਦ ਹੀ ਕਹਾਣੀਆਂ ਕਵਿਤਾਵਾਂ ਲਿਖੀਆਂ ਤੇ ਸਾਹਿਤ ਵਿਚ ਆਪਣਾ ਵੱਡਾ ਨਾਂ ਥਾਂ ਬਣਾਇਆ । ਹੁਣ ਤਕ ਪੱਤਰ ਸਾਹਿਤ ਦੀ ਸਭ ਤੋਂ ਵੱਡੀ ਪੁਸਤਕ ਪ੍ਰਕਾਸ਼ਿਤ ਕਰਾਉਣ ਵਾਲਾ ਕੁਲਦੀਪ ਸਿੰਘ ਅਰਸ਼ੀ ਤਾਂ ਐਲਾਨੀਆਂ ਆਖਦਾ ਹੈ ਕਿ ਜੇ ਕਿਸੇ ਨੇ ਲੇਖਕ ਬਨਣਾ ਹੈ ਤਾਂ ਉਹ ਪਹਿਲਾਂ ਚੰਗੀਆਂ ਤੇ ਪਿਆਰੀਆਂ ਚਿੱਠੀਆ ਲਿਖਣਾ ਸਿੱਖੇ। ਲੇਖਕਾਂ ਜਾਂ ਅਖਬਾਰਾਂ? ਮੈਗਜ਼ੀਨਾਂ ਦੇ ਸੰਪਾਦਕਾਂ ਨੂੰ ਸਾਹਿਤਕ ਚਿੱਠੀਆ ਵੀ ਉਹੀ ਲਿਖੇਗਾ ਜਿਸਦਾ ਸਾਹਿਤ ਨਾਲ ਕੋਈ ਲਗਾ? ਹੋਵੇਗਾ ਤੇ ਉਹ ਸਾਹਿਤ ਦੀ ਸਮਾਜ ਉਸਾਰੂ ਭੂਮਿਕਾ ਬਾਰੇ ਆਪਣੀ ਸਮਝ ਵੀ ਰੱਖਦਾ ਹੋਵੇਗਾ। ਸਾਹਿਤ ਪ੍ਰਤੀ ਲਗਾਉ ਤੇ ਮੁੱਢਲੀ ਸਮਝ ਹੀ ਬਾਦ ਵਿੱਚ ਕਿਸੇ ਨੂੰ ਨਾਮਵਰ ਲੇਖਕ ਬਣਾਉਣ ਵਿਚ ਸਫ਼ਲ ਹੁੰਦੀ ਹੈ । ਜਦੋਂ ਸਾਹਿਤਕ ਮੱਸ ਰੱਖਣ ਵਾਲੇ ਕਿਸੇ ਪਾਠਕ ਦੀ ਪਹਿਲੀ ਚਿੱਠੀ ਕਿਸੇ ਪਰਚੇ ਵਿਚ ਛਪਦੀ ਹੈ ਤਾਂ ਉਸਨੂੰ ਉਨੀਂ ਹੀ ਮਾਨਸਿਕ ਖੁਸ਼ੀ ਮਿਲਦੀ ਹੈ, ਜਿਨੀਂ ਕੋਈ ਵੱਡਾ ਲੇਖਕ ਆਪਣੀ ਨਵੀਂ ਕਿਤਾਬ ਛਪਣ ਤੇ ਮਹਿਸੂਸ ਕਰਦਾ ਹੈ। 1980 ਦੇ ਨੇੜ ਤੇੜ ਮੇਰੀ ਪਹਿਲੀ ਚਿੱਠੀ ਉਸ ਵੇਲੇ ਦੇ ਸਿਰਮੋਰ ਪਰਚੇ ਪ੍ਰੀਤਲੜੀ ਵਿਚ ਦਾਰ ਜੀ ( ਗੁਰਬਖਸ਼ ਸਿੰਘ ਪ੍ਰੀਤਲੜੀ) ਦੇ ਜਵਾਬ ਸਮੇਤ ਛਪੀ ਤਾਂ ਮੈਨੂੰ ਏਨੀ ਖੁਸ਼ੀ ਹੋਈ ਮੈਂ ਰਾਤ ਭਰ ਜਾਗਦਾ ਰਿਹਾ ਸਾਂ।

ਸਾਡਾ ਸ਼੍ਰੋਮਣੀ ਲੇਖਕ ਹਰਚੰਦ ਸਿੰਘ ਸਰਹਿੰਦੀ ਸਾਹਿਤ ਪਰਚਿਆਂ ਨੂੰ ਚਿੱਠੀਆਂ ਲਿਖਦਾ ਲਿਖਦਾ ਹੀ ਵੱਡਾ ਵਾਰਤਕ ਲੇਖਕ ਬਣਿਆ ਹੈ। ਪ੍ਰਸਿੱਧ ਵਾਰਤਾਕਾਰ ਤੇ 'ਚਿੱਠੀਆਂ' ਦੀ ਵੱਡ ਅਕਾਰੀ ਪੁਸਤਕ 'ਤੁਹਾਡੇ ਖ਼ਤ ਮਿਲੇ' ਦੇ ਸੰਪਾਦਕ ਹਰਭਜਨ ਸਿੰਘ ਸਿੱਧੂ ਮਾਨਸਾ ਨੇ ਵੀ ਆਪਣੀ ਇਸੇ ਪੁਸਤਕ ਵਿਚ ਆਪਣਾ ਇਕਬਾਲੀਆ ਬਿਆਨ ਦਰਜ ਕਰਵਾਇਆ ਹੈ-

" ਮੇਰੀ ਕਲਮੀ ਸਫ਼ਰ ਦੀ ਸ਼ੁਰੂਆਤ ਖ਼ਤਾਂ ਪੱਤਰਾਂ ਤੇ ਚਿੱਠੀਆ ਨਾਲ ਕੋਈ। ਪਹਿਲਾਂ ਘਰੇਲੂ ਚਿੱਠੀਆਂ ਫਿਰ ਰਿਸ਼ਤੇਦਾਰਾਂ, ਦੋਸਤਾਂ , ਮਿਤਰਾਂ ਤੇ ਸਨੇਹੀਆ ਨੂੰ ਖ਼ਤ ਤੇ ਉਸ ਤੋਂ ਬਾਦ ਹੌਲੀ-ਹੌਲੀ ਅਖਾਬਾਰਾਂ ਪੱਤਰਾਂ ਤੇ ਮੈਗਜੀਨਾ ਦੇ 'ਸੰਪਾਦਕਾਂ ਦੀ ਡਾਕ' ਕਾਲਮਾਂ ਲਈ ਖ਼ਤ ਲਿਖਦਾ ਰਿਹਾ। ਤੇ ਫਿਰ ਛੋਟੇ ਛੋਟੇ ਲੇਖਾਂ, ਕਹਾਣੀਆਂ, ਫੀਚਰਾਂ, ਨਿਬੰਧਾਂ ਤੋਂ ਹੁੰਦਾ ਹੋਇਆ ਕਲਮਕਾਰੀ ਦੀ ਮਿਹਨਤ ਦੇ ਫਲਸਰੂਪ ਛੋਟਾ ਮੋਟਾ ਲਿਖਾਰੀ ਵੀ ਬਣ ਸਕਿਆ।"

ਜੇ ਮੈ ਆਪਣੀ ਗੱਲ ਕਰਾਂ ਤਾਂ ਮੈਂ ਸਮਝਦਾ ਹਾਂ ਕਿ ਜੇ ਪੰਜਾਬੀ ਵਾਰਤਕ ਦੇ ਖੇਤਰ ਵਿਚ ਮੇਰੀ ਮਾੜੀ ਮੋਟੀ ਪਛਾਣ ਹੈ ਤਾਂ ਉਸ ਵਿਚ ਅਲੜ੍ਹ ਉਮਰ ਵਿਚ ਲਿਖੇ ਮੁਹੱਬਤੀ ਖ਼ਤਾਂ ਦਾ ਵੀ ਪੂਰਾ ਯੋਗਦਾਨ ਹੈ। ਮੇਰੇ ਕੁਝ ਦੋਸਤ ਵੀ ਮੇਰੀ ਲਿਖਣ ਦੀ ਯੋਗਤਾ ਦਾ ਲਾਭ ਉਠਾਉਂਦੇ ਰਹੇ ਨੇ । ਉਸ ਵੇਲੇ ਖ਼ਤ ਲਿਖਦਿਆਂ ਮੇਰੀ ਕੋਸ਼ਿਸ਼ ਭਾਵਪੂਰਤ ਤੇ ਖੂਬਸੂਰਤ ਸ਼ਬਦਾਂ ਨੂੰ ਖ਼ਤਾਂ ਵਿਚ ਪਰੋਣ ਦੀ ਰਹੀ ਸੀ ਤੇ ਇਹ ਕੋਸ਼ਿਸ਼ ਕੁਝ ਬਦਲਵੇਂ ਰੂਪ ਵਿਚ ਅਜੇ ਵੀ ਜਾਰੀ ਹੈ। ਫਰਕ ਏਨਾਂ ਕੁ ਵੀ ਪਿਆ ਹੈ ਕਿ ਹੁਣ ਮੇਰੇ ਲਈ ਮਹਿਬੂਬ ਦੇ ਅਰਥ ਲੋਕਤਾ ਵਿਚ ਤਬਦੀਲ ਹੋ ਗਏ ਹਨ।

ਸਾਹਿਤਕ ਚਿੱਠੀਆਂ ਵੀ ਕਿਸੇ ਵੀ ਹੋਰ ਵਿਧਾ ਵਿਚ ਲਿਖੀਆਂ ਸਾਹਿਤਕ ਰਚਨਾਵਾਂ ਵਾਂਗ ਹੀ ਸੰਵਾਦ ਸਿਰਜਕ ਤੇ ਸੰਵਾਦ ਉਤੇਜਕ ਹੁੰਦੀਆਂ ਹਨ । ਹਰਭਜਨ ਸਿੰਘ ਸਿੱਧੂ ਨੂੰ ਲਿਖੇ ਇਕ ਖ਼ਤ ਵਿੱਚ ਮੈਗਜੀਨ 'ਰੂਪਾਂਤਰ' ਦਾ ਸੰਪਾਦਕ ਧਿਆਨ ਸਿੰਘ ਸ਼ਾਹ ਸਿੰਕਦਰ ਸਾਹਿਤਕ ਚਿੱਠੀਆਂ ਦੀ ਸਿਰਜਨਾਤਮਕਤਾ ਨੂੰ ਸਨਮਾਨ ਦੇਦਿਆਂ ਆਖਦਾ ਹੈ-

" ਲੰਮੇ ਨਾ ਸਹੀ, ਛੋਟੇ ਛੋਟੇ ਹੀ ਸਹੀ, ਖ਼ਤਾਂ ਦਾ ਆਪਣਾ ਇਕ ਸਵਾਦ ਹੁੰਦਾ ਹੈ, ਆਪਣੀ ਹੀ ਇਕ ਕਲਾ ਵੀ- ਤੇ ਸਾਂਝਾਂ ਦੀ ਕੜੀ ਵੀ ਖ਼ਤ ਹੀਂ ਹੁੰਦੇ ਹਨ।"

ਕਹਾਣੀਕਾਰ ਦਲਬੀਰ ਚੇਤਨ ਸਾਹਿਤਕ ਖ਼ਤਾਂ ਦੀ ਅਹਿਮੀਅਤ ਨੂੰ ਇਹਨਾਂ ਸ਼ਬਦਾਂ ਵਿਚ ਬਿਆਨਦਾ

ਹੈ-"ਯਕੀਨਨ, ਬਹੁਤੀਆਂ ਕਹਾਣੀਆਂ ਬਾਰੇ ਮੈਂ ਆਪਣੀ ਰਾਇ ਦੋਸਤਾਂ ਮਿੱਤਰਾਂ ਦੇ ਖ਼ਤਾਂ ਤੇ ਪ੍ਰਤੀ ਕਰਮਾਂ ਪੜ੍ਹ ਕੇ ਹੀ ਬਣਾਉਂਦਾ ਹਾਂ।"

ਸਵ: ਸਾਧੂ ਸਿੰਘ ਬੇਦਿਲ ਸਾਹਿਤਕ ਖ਼ਤਾਂ ਨੂੰ ਉਤਮ ਦਰਜ਼ੇ ਦੀ ਕਵਿਤਾ ਮੰਨਦਿਆਂ ਲਿਖਦੇ ਹਨ-

" ਪਰ ਸਾਹਿਤਕ ਖ਼ਤ ਤਾਂ ਇਕ ਰੱਬੀ ਬਾਣੀ ਹੀ ਹੀ ਹੁੰਦੇ ਹਨ। ਬਾਣੀ (ਕਵਿਤਾ) ਤਾਂ ਫਿਰ ਕਿਤੇ ਮਨ ਬਣੇ ਤੋਂ ਹੀ ਲਿਖੀ ਜਾਂਦੀ ਹੈ।"

ਕੁਲਦੀਪ ਸਿੰਘ ਅਰਸ਼ੀ ਸਾਹਿਤਕ ਚਿੱਠੀਆਂ ਦਾ ਸਾਹਿਤਕ ਮੁੱਲ ਪਾਉਂਦਿਆਂ ਆਖਦਾ ਹੈ-

"ਸਾਹਿਤਕ ਚਿੱਠੀਆਂਲਿਖਣਾ ਆਪਣੀ ਲਿਖਤ ਦੁਆਰਾ ਆਪਣੇ ਆਪ ਨੂੰ ਦੂਸਰੇ ਕੋਲ ਭੇਜਣ ਸਮਾਨ ਹੈ। ਇਸ ਨਾਲ ਪੂਰੀ ਮੁਲਾਕਾਤ ਤਾਂ ਨਹੀਂ ਪਰ ਅੱਧੀ ਮੁਲਾਕਾਤ ਜ਼ਰੂਰ ਹੋ ਜਾਂਦੀ ਹੈ। ਲੱਖਾਂ ਕੋਹਾਂ ਤੋਂ ਇਹ ਆਪਣੀ ਚੁੱਪ ਭਾਸ਼ਾ ਵਿਚ ਹਰ ਦੁਖ ਸੁਖ ਫਰੋਲ ਲੈਂਦੀ ਹੈ।"

ਜੇ ਅੱਜ ਮੈਂ ਆਪਣੀ ਜਾਣ ਪਛਾਣ ਦੇ ਸਾਰੇ ਲੇਖਕਾਂ ਵਿਚੋਂ ਹੁਣ ਤੱਕ ਸਭ ਤੋਂ ਵੱਧ ਚਿੱਠੀਆਂ ਲਿਖਣ ਵਾਲੇ ਕਿਸੇ ਇਕ ਲੇਖਕ ਦਾ ਨਾਂ ਲੈਣਾ ਹੋਵੇ ਤਾਂ ਮੈਂ ਕੇਂਦਰੀ ਪੰਜਾਬੀ ਲੇਖਕ ਸਭਾ(ਸੇਖੋਂ ) ਦੇ ਪ੍ਰਧਾਨ ਡਾ : ਤੇਜਵੰਤ ਮਾਨ ਦਾ ਨਾਂ ਹੀ ਲਵਾਂਗਾ ।ਆਪਣੇ 45 ਕੁ ਸਾਲ ਦੇ ਸਾਹਿਤਕ ਜੀਵਨ ਵਿਚ ਮੈਨੂੰ ਵੀ ਸਭ ਤੋਂ ਵੱਧ ਸਾਹਿਤਕ ਚਿੱਠੀਆਂ ਇਸੇ ਲੇਖਕ ਦੀਆਂ ਆਈਆਂ ਹਨ।ਦੂਰ ਦੁਰਾਡੇ ਬੈਠੇ ਲੇਖਕ ਦੋਸਤਾਂ ਦੇ ਦੁਖ ਸੁਖ ਵਿਚ ਸ਼ਾਮਿਲ ਹੋਣ ਲਈ ਅਸੀਂ ਸਾਰੇ ਹੀ ਅਕਸਰ ਫੋਨ ਦੀ ਵਰਤੋ ਕਰਦੇ ਹਾਂ ਪਰ ਡਾ: ਮਾਨ ਅਜੇ ਵੀ ਖ਼ਤ ਲਿਖ ਕੇ ਹੀ ਉਹਨਾਂ ਦੇ ਦੁਖ ਜਾਂ ਖੁਸ਼ੀ ਵਿਚ ਸ਼ਰੀਕ ਹੁੰਦਾ ਹੈ ।ਚਾਹੇ ਉਹ ਪੋਸਟ ਕਾਰਡ ਹੀ ਲਿਖੇ , ਪਰ ਆਪਣੇ ਜਾਣ ਪਛਾਣ ਦੇ ਹਰੇਕ ਲੇਖਕ ਉਹਦੇ ਨਾਲ ਸ਼ਬਦਾਂ ਦੀ ਸਾਂਝ ਜ਼ਰੂਰ ਪਾਉਂਦਾ ਹੈ ।ਉਸਨੂੰ ਕਿਸੇ ਵੀ ਲੇਖਕ ਵੱਲੋਂ ਕੋਈ ਵੀ ਕਿਤਾਬ ਭੇਜੀ ਜਾਵੇ ਉਹ ਖ਼ਤ ਰਾਹੀ ਉਸਨੂੰ ਪਹੁੰਚ ਰਸੀਦ ਵੀ ਲਾਜ਼ਮੀ ਤੌਰ ਤੇ ਭੇਜਦਾ ਹੈ।ਉਹ ਪੰਜਾਬੀ ਭਾਸ਼ਾ ਦਾ ਨਿਰਾਦਰ ਕਰਨ ਵਾਲੇ ਸਰਕਾਰੀ ਅਕਾਦਮਿਕ ਅਦਾਰਿਆਂ ਨੂੰ ਵੀ ਲਗਾਤਾਰ ਖ਼ਤ ਲਿਖਦਾ ਹੈ ਤੇ ਸਾਹਿਤਕ ਪਰਚਿਆਂ ਨੂੰ ਖ਼ਤ ਲਿਖ ਕੇ ਵੱਖ ਵੱਖ ਸਾਹਿਤਕ ਮਸੌਲਿਆ ਬਾਰੇ ਵੀ ਆਪਣੇ ਪ੍ਰਤੀਕਰਮ ਦਰਜ਼ ਕਰਵਾਉਂਦਾ ਹੈ। ਮੇਰਾ ਨਿੱਜੀ ਅਨੁਮਾਨ ਹੈ ਕਿ ਉਹ ਅਜੋਕੇ ਇੰਟਰਨੈਟ ਦੇ ਜੁੱਗ ਵਿਚ ਵੀ ਮਹੀਨੇ ਵਿਚ 100 ਦੇ ਲਗਭਗ ਪੱਤਰ ਜ਼ਰੂਰ ਲਿਖਦਾ ਹੋਵੇਗਾ ।ਉਸ ਆਪ ਲਿਖੇ ਖ਼ਤਾਂ ਦੀਆ ਵੀ ਤਿੰਨ ਚਾਰ ਕਿਤਾਬਾਂ ਛਪਵਾਈਆਂ ਹਨ ਆਪਣੇ ਆਪ ਨੂੰ ਆਏ ਖ਼ਤਾਂ ਨੂੰ ਲੈ ਕੇ ਵੀ ਪੁਸਤਕਾਂ ਸੰਪਾਦਿਤ ਕੀਤੀਆਂ ਹਨ।ਹੁਣ ਉਹ ਆਪਣੀਆ ਨਵੀਆਂ ਅਲੋਚਨਾਤਮਕ ਪੁਸਤਕਾਂ ਵਿੱਚ ਵੀ ਖ਼ਤਾਂ ਲਈ ਕੁਝ ਪੰਨੇ ਰਾਖਵੇਂ ਰੱਖਣ ਲੱਗ ਪਿਆ ਹੈ । ਨਵੇਂ ਲੇਖਕਾਂ ਨੂੰ ਖਤਾਂ ਰਾਹੀ ਉਤਸਾਹਿਤ ਕਰਨ ਵਿਚ ਪ੍ਰਬੁੱਧ ਕਹਾਣੀਕਾਰ ਕਿਰਪਾਲ ਕਜ਼ਾਕ ਦਾ ਵੀ ਕੋਈ ਸਾਨੀ ਨਹੀਂ। ਘਰ ਦੇ ਵੱਡੇ ਬਜ਼ੁਰਗ ਵਾਂਗ ਨਵੇਂ ਲੇਖਕਾਂ ਨੂੰ ਆਪਣੇ ਖਤਾਂ ਰਾਹੀ ਥਾਪੜਾ ਦੇਣਾ ਉਹ ਆਪਣਾ ਨੈਤਿਕ ਫਰਜ਼ ਸਮਝਦਾ ਹੈ। ਭਾਵੇਂ ਸਮੇਂ ਦੇ ਫੇਰ ਨਾਲ ਉਹ ਵੀ ਖ਼ਤ ਲਿਖਣ ਦੀ ਬਜਾਇ ਇਸ ਕਾਰਜ਼ ਲਈ ਫੋਨ ਦੀ ਮੱਦਦ ਲੈਣ ਲੱਗ ਪਿਆ ਹੈ।

ਸਾਹਿਤਕ ਚਿੱਠੀਆਂ ਦੀ ਮਹੱਤਤਾ ਨੂੰ ਪਛਾਣਦਿਆਂ ਕਈ ਲੇਖਕਾਂ ਨੇ ਇਹਨਾਂ ਚਿੱਠੀਆ ਦੇ ਸੰਗ੍ਰਹਿ ਵੀ ਸੰਪਾਦਿਤ ਕੀਤੇ ਹਨ। ਭਾਵੇ ਇਨ੍ਹਾਂ ਵਿਚੋਂ ਵਧੇਰੇ ਚਿੱਠੀਆਂ ਸਾਹਿਤਕ ਸੂਚਨਾਵਾਂ ਦਾ ਅਦਾਨ ਪ੍ਰਦਾਨ ਕਰਨ ਵਾਲੀਆ ਹਨ ਪਰ ਕੁਝ ਚਿੱਠੀਆ ਵੱਖ ਵਖ ਸਾਹਿਤਕ ਮਸੌਲਿਆ, ਮੁੱਦਿਆ ਤੇ ਵਿਚਾਰਧਾਰਕ ਵਖਰੇਵਿਆਂ ਬਾਰੇ ਭਰਵੀ ਚਰਚਾ ਛੇੜ ਕੇ ਕਿਸੇ ਸਾਹਿਤਕ ਗੋਸ਼ਟੀ ਤੋਂ ਵੀ ਵੱਧ ਵਿਚਾਰ ਉਤੇਜਕ ਹੋ ਨਿਬੜੀਆਂਹਨ। ਸਾਹਿਤਕ ਚਿੱਠੀਆਂ ਦੀਆਂ ਸੰਪਾਦਿਤ ਪੁਸਤਕਾਂ ਵਿਚੋਂ ਇਹਨਾਂ ਦੇ ਸੰਪਾਦਕਾਂ ਤੇ ਚਿੱਠੀਆਂ ਲਿਖਣ ਵਾਲੇ ਲੇਖਕਾਂ ਦੇ ਵਿਚਾਰ ਧਾਰਕ ਦ੍ਰਿਸ਼ਟੀਕੋਨ ਨੂੰ ਸਮਝਣ ਵਿਚ ਪੂਰੀ ਮੱਦਦ ਮਿਲਦੀ ਹੈ। ਖਾਸ ਤੌਰ ਤੇ ਡਾ: ਤੇਜਵੰਤ ਮਾਨ ਵੱਲੋਂ ਲਿਖੀਆਂ ਤੇ ਉਸਨੂੰ ਆਈਆਂ ਚਿੱਠੀਆ ਵਿਚੋਂ ਉਸਦੇ ਕੁਝ ਲੇਖਕਾਂ ਨਾਲ ਵਿਚਾਰ ਧਾਰਕ ਮਤਭੇਦਾਂ ਦੀ ਭਰਵੀਂ ਝਲਕ ਮਿਲਦੀ ਹੈ। ਤਿੱਖੇ ਸੁਰ ਦੀਆ ਸੰਵਾਦ



ਉਤੇਜਕ ਚਿੱਠੀਆਂ ਨੂੰ ਹੂ- ਬਹੂ ਪੁਸਤਕ ਵਿਚ ਸਥਾਨ ਦੇਣ ਨਾਲ ਡਾ: ਮਾਨ ਅੰਦਰਲੀ ਸਾਹਿਤਕ ਇਮਾਨਦਾਰੀ ਤੇ ਬੇਬਾਕੀ ਦਾ ਸਿੱਕਾ ਵੀ ਬਹੁਤ ਦਮ ਨਾਲ ਚਲਦਾ ਵਿਖਾਈ ਦੇਂਦਾ ਹੈ।

ਆਮ ਕਰਕੇ ਲੇਖਕ ਵੱਲੋਂ ਆਪਸੀ ਵਿਚਾਰਧਾਰਕ ਵਖਰੇਵਿਆਂ ਨੂੰ ਪ੍ਰਗਟਾਉਣ ਵਾਲੀਆਂ ਚਿੱਠੀਆਂ ਦਾ ਆਪਸੀ ਅਦਾਨ ਪ੍ਰਦਾਨ ਸੰਵਾਦ ਸਿਰਜਕ ਹੀ ਹੁੰਦਾ ਹੈ ਪਰ ਲੇਖਕ ਵੀ ਇਕ ਸਮਾਜਿਕ ਪ੍ਰਾਣੀ ਹੀ ਹੈ ਇਸ ਲਈ ਕਈ ਵਾਰ ਉਹ ਵੀ ਦੂਜੇ ਲੇਖਕਾਂ ਪ੍ਰਤੀ ਆਪਣੇ ਗੁੱਸੇ ਤੇ ਰੋਸੇ ਨੂੰ ਪ੍ਰਗਟ ਕਰਨ ਲਈ ਚਿੱਠੀਆਂ ਦੀ ਮੱਦਦ ਲੈ ਲੈਂਦਾ ਹੈ। ਲੇਖਕਾਂ ਦੀਆਂ ਚਿੱਠੀਆ ਤੋਂ ਪਤਾ ਚਲਦਾ ਹੈ ਕਿ ਭਾਵੇਂ ਉਹ ਆਪਣੇ ਵਿਚਾਰਧਾਰਕ ਤੇ ਨਿਜੀ ਕਿਸਮ ਦੇ ਮਤਭੇਦਾਂ ਨੂੰ ਇਕ ਦੂਜੇ ਤੱਕ ਪੁੱਜਦਾ ਕਰਨ ਲਈ ਤਿੱਖੀ ਤੇ ਗਰਮ ਭਾਸ਼ਾ ਵਿਚ ਇਕ ਦੂਜੇ ਨੂੰ ਚਿੱਠੀਆ ਲਿਖਦੇ ਰਹਿੰਦੇ ਹਨ ਪਰ ਇਹਨਾਂ ਅੰਦਰਲੀ ਵਿਚਾਰਧਾਰਕ ਗਰਮੀ ਥੋੜ੍ਹੇ ਚਿਰ ਦੀ ਹੀ ਹੁੰਦੀ ਹੈ। ਦਿਲ ਦੇ ਨਰਮ ਹੋਣ ਕਾਰਨ ਉਹ ਚਿੱਠੀਆਂ ਰਾਹੀ ਆਪਸੀ ਤਲਖ ਬਹਿਸ ਨੂੰ ਵੀ ਸੰਵਾਦ ਦਾ ਨਾਂ ਦੇ ਕੇ ਆਪਸੀ ਸਮਝੌਤਾ ਕਰਨ ਦੇ ਮੂਡ ਵਿਚ ਬਹੁਤ ਛੇਤੀ ਆ ਜਾਂਦੇ ਹਨ ।ਉਹ ਆਪਸ ਵਿਚ ਰੁੱਸਦੇ ਹਨ ਤੇ ਮਿਹਣੋ ਮੇਹਣੀ ਵੀ ਹੁੰਦੇ ਹਨ ਪਰ ਛੇਤੀ ਹੀ ਦੁਬਾਰਾ ਘਿਉ ਖਿਚੜੀ ਹੋ ਜਾਂਦੇ ਹਨ ।ਭਾਵੇ ਲੇਖਕਾਂ ਵਿਚ ਕਈ ਤਰ੍ਹਾਂ ਦੀਆਂ ਗੁਟਬੰਦੀਆਂ ਹਨ ਤੇ ਉਹ ਵੱਖਰੇ ਵਖਰੇ ਸਾਹਿਤ ਸੰਗਠਨਾ ਨਾਲ ਜੁੜੇ ਹੋਏ ਹਨ ਪਰ ਉਹ ਰਾਜਸੀ ਆਗੂਆ ਵਾਂਗ ਆਪਸੀ ਸੰਬੰਧਾ ਵਿਚਲੀ ਰੱਸੀ ਨੂੰ ਏਨਾਂ ਨਹੀਂ ਖਿਚਦੇ ਕਿ ਇਹ ਟੁੱਟ ਵੀ ਜਾਵੇ। ਦਸੰਬਰ 2014 ਵਿਚ ਪ੍ਰਬੁੱਧ ਲੇਖਕ ਸੰਤੋਖ ਸਿੰਘ ਧੀਰ ਡਾ: ਤੇਜਵੰਤ ਮਾਨ ਨੂੰ ਬਹੁਤ ਗੁੱਸੇ ਵਾਲੀ ਭਾਸ਼ਾ ਵਿਚ ਖ਼ਤ ਲਿਖਦਿਆਂ ਉਸਨੂੰ ਸਦੀਵੀ ਚੌਧਰ ਲਈ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਫੁੱਟ ਪਾਉਣ ਦਾ ਦੋਸ਼ੀ ਹੀ ਨਹੀਂ ਠਹਿਰਾਉਂਦੇ ਸਗੋ ਅਸਿੱਧੇ ਢੰਗ ਨਾਲ ਉਸਨੂੰ ਖਾਲਿਸਤਾਨ ਦਾ ਹਿਮਾਇਤੀ ਵੀ ਕਹਿ ਜਾਂਦੇ ਹਨ ਪਰ ਜਨਵਰੀ 2006 ਦੇ ਖ਼ਤ ਵਿਚ ਉਹ ਡਾ: ਮਾਨ ਤੇ ਆਪਣੇ ਆਪ ਨੂੰ ਇੱਕੋ ਵਿਚਾਰਧਾਰਾ ਦੇ ਧਾਰਨੀ , ਇੱਕੋ ਜਿਹਾ ਉਦੇਸ਼ ਰਖਣ ਵਾਲੇ ਤੇ ਇੱਕੋ ਹੀ ਮੰਜ਼ਲ ਦੇ ਰਾਹੀ ਦੱਸਦੇ ਹਨ। ਸੰਪਾਦਿਤ ਪੁਸਤਕਾਂ ਵਿਚ ਹੋਰ ਵੀ ਬਹੁਤ ਸਾਰੀਆਂਚਿੱਠੀਆਂ ਹਨ ਜੋ ਲੇਖਕਾਂ ਦੇ ਆਪਸੀ ਰੁਸੇਵਿਆਂ ਮਣੇਵਿਆਂ ਨੂੰ ਪ੍ਰਤੀਬਿੰਬਤ ਕਰਦੀਆਂ ਹਨ। ਉਨਾਂ ਦੇ ਅਜਿਹੇ ਖੱਤ ਪੜ੍ਹ ਕੇ ਇਸ ਤਰਾਂ ਮਹਿਸੂਸ ਹੁੰਦਾ ਹੈ ਜਿਵੇਂ ਉਨ੍ਹਾਂ ਤੇ ਮਾਸੂਮ ਬੱਚਿਆ ਵਿਚ ਕੋਈ ਫ਼ਰਕ ਨੀ ਨਾ ਹੋਵੇ।

ਸਾਹਿਤ ਲਿਖਣ ਦੇ ਮੰਤਵ ਦੇ ਭਾਵੇਂ ਅਨੇਕਾਂ ਪਸਾਰ ਹਨ ਪਰ ਇਕ ਗੱਲ ਪੱਕੀ ਹੈ ਕਿ ਭਰਵੇਂ ਪਾਠਕੀ ਹੁੰਗਾਰੇ ਤੋਂ ਬਿਨਾਂ ਲਗਾਤਾਰ ਲਿਖਿਆ ਨਹੀਂ ਜਾ ਸਕਦਾ। ਲੇਖਕ ਨੂੰ ਇਹ ਹੁੰਗਾਰਾ ਉਸਨੂੰ ਮਿਲਦੇ ਪਾਠਕਾਂ ਤੇ ਖ਼ਤਾਂ, ਸੰਪਾਦਕੀ ਡਾਕ ਦੀਆਂ ਚਿੱਠੀਆਂ, ਫੋਨਾਂ ਤੇ ਪਾਠਕਾਂ ਦੇ ਰੂਬਰੂ ਹੋ ਕੇ ਮਿਲਦਾ ਹੈ। ਲੇਖਕ ਭਾਵੇਂ ਛੁਪ ਕੇ ਰਹਿਣ ਤੇ ਛੁਪ ਕੇ ਤੁਰ ਜਾਣ ਦੇ ਕਿੰਨੇ ਵੀ ਅੰਤਰਮੁਖੀ ਦਾਅਵੇ ਕਰੇ ਪਰ ਇਹ ਚਿੱਟੇ ਦਿਨ ਵਰਗੀ ਸਚਾਈ ਹੈ ਕਿ ਜਿਸ ਲੇਖਕ ਨੂੰ ਚਿੱਠੀ ਜਾਂ ਫੋਨ ਦੇ ਰੂਪ ਵਿਚ ਪਾਠਕਾਂ ਤੇ ਸਮਕਾਲੀ ਲੇਖਕਾਂ ਪਾਸੋਂ ਹਾਂ ਪੱਖੀ ਹੁੰਗਾਰਾ ਨਹੀ ਮਿਲਦਾ ਉਹ ਲੇਖਕ ਵਧੇਰੇ ਸਮਾਂ ਲਿਖਦਾ ਨਹੀਂ ਰਹਿ ਸਕਦਾ ।ਹਰ ਲੇਖਕ ਛਪਣ ਤੇ ਪਾਠਕਾਂ ਤਕ ਪਹੁੰਚਣ ਲਈ ਹੀ ਲਿਖਦਾ ਹੈ। ਜਦੋਂ ਮੈਂ ਭਾਈ ਵੀਰ ਸਿੰਘ ਦੀ ਕਵਿਤਾ 'ਮੇਰੀ ਛੁਪੇ ਰਹਿਣ ਦੀ ਚਾਹ ਤੇ ਛੁਪ ਕੇ ਤੁਰ ਜਾਣ ਦੀ' ਪੜ੍ਹਦਾ ਹਾਂ ਤਾਂ ਇਹ ਵੀ ਸੋਚਦਾ ਹਾਂ ਕਿ ਭਾਈ ਸਾਹਿਬ ਨੂੰ ਅਜਿਹੀ ਕਵਿਤਾ ਲਿਖਣ ਕੀ ਲੋੜ ਸੀ ਜਿਸ ਆਪ ਜੱਗ ਜ਼ਾਹਰ ਹੋ ਕੇ ਉਨ੍ਹਾਂ ਨੂੰ ਵੀ ਛੁਪੇ ਨਹੀਂ ਰਹਿਣ ਦਿੱਤਾ। ਲੇਖਕ ਵੱਡਾ ਹੈ ਜਾਂ ਛੋਟਾ ਹਰ ਲੇਖਕ ਨੂੰ ਪਾਠਕਾਂ ਦੀਆਂ ਪ੍ਰਸ਼ੰਸ਼ਾ ਮਈ ਸਾਹਿਤਕ ਚਿੱਠੀਆਂ ਦੀ ਉਡੀਕ ਰਹਿੰਦੀ ਹੈ। ਆਮ ਕਰਕੇ ਲੇਖਕ ਪਾਠਕ ਦਾ ਰਿਸ਼ਤਾ ਵੀ ਪਾਠਕ ਵੱਲੋਂ ਲੇਖਕ ਦੀ ਕਿਸੇ ਲਿਖਤ ਬਾਰੇ ਉਸਨੂੰ ਲਿਖੀ ਚਿੱਠੀ ਰਾਹੀਂ ਹੀ ਜੁੜਦਾ ਹੈ ।ਲੇਖਕ ਪਾਠਕ ਦੀ ਚਿੱਠੀ ਦਾ ਜਵਾਬ ਭਾਵਪੂਰਤ ਸ਼ਬਦਾਂ ਵਿਚ ਦੇਂਦਾ ਹੈ ਤਾਂ ਇਸ ਰਿਸ਼ਤੇ ਤੇ ਰੰਗ ਹੋਰ ਵੀ ਗੂੜ੍ਹੇ ਹੋ ਜਾਂਦੇ ਹਨ।

ਹੁਣ ਭਾਵੇਂ ਸਾਹਿਤਕ ਖਤਾਂ ਦੀ ਲੰਬਾਈ ਲਗਾਤਾਰ ਘੱਟ ਰਹੀ ਹੈ, ਪਰ ਜੇ ਤਿੰਨ ਚਾਰ ਦਹਾਕੇ ਪਿਛੇ ਚਲੇ ਜਾਈਏ ਤਾਂ ਨਾਂ ਲੇਖਕ ਭਾਈਚਾਰਾ ਜਜ਼ਬਿਆ ਦੇ ਵਹਿਣ ਵਿਚ ਵਹਿ ਕੇ ਬਹੁਤ ਲੰਮੇ ਖ਼ਤ ਲਿਖਦਾ

ਰਿਹਾ ਹੈ।ਆਮ ਮਨੁੱਖ ਦੇ ਮੁਕਾਬਲੇ ਲੇਖਕਾਂ ਕੋਲ ਸ਼ਬਦ ਭੰਡਾਰ ਵੀ ਵੱਡਾ ਹੁੰਦਾ ਹੈ ਤੇ ਆਪਣੇ ਦਿਲ ਦੀ ਭਾਸ਼ਾ ਨੂੰ ਸ਼ਬਦਾਂ ਵਿਚ ਢਾਲਣ ਦੀ ਯੋਗਤਾ ਵੀ ਵੱਧ ਹੁੰਦੀ ਹੈ ।ਇਸ ਲਈ ਉਹ ਆਪਣੇ ਨੇੜਲੇ ਦੋਸਤਾਂ ਨੂੰ ਵੀ ਮਹਿਬੂਬ ਨੂੰ ਖ਼ਤ ਲਿਖਣ ਵਾਲੀ ਸ਼ਿੱਦਤ ਨਾਲ ਹੀ ਭਾਵਪੂਰਤ ਖ਼ਤ ਲਿਖਦੇ ਰਹੇ ਹਨ।ਇਕ ਖ਼ਤ ਕਿਸੇ ਵੀ ਤਰਾਂ ਮਨ ਨੂੰ ਮੋਹ ਲੈਣ ਵਾਲੀ ਸਾਹਿਤਕ ਕ੍ਰਿਤ ਤੋਂ ਘੱਟ ਨਹੀਂ ਸਨ ਹੁੰਦੇ।ਮਰਹੂਮ ਕਹਾਣੀਕਾਰ ਹਰਪਾਲਜੀਤ ਪਾਲੀ ਤ੍ਰੈ- ਮਾਸਿਕ ਸਾਹਿਤ ਪਰਚੇ 'ਸਿਰਨਾਵਾਂ' ਦੇ ਜੂਨ 1982 ਦੇ ਅੰਕ ਵਿਚਲੇ ਆਪਣੇ ਲੇਖ "ਖਤਾਂ ਵਿਚਲੇ ਅੱਥਰੇ ਮਨ" ਰਾਹੀਂ ਵਿਚ ਆਪਣੇ ਸਮਕਾਲੀ ਕਹਾਣੀਕਾਰ ਮੂਹਰਜੀਤ ਵੱਲੋਂ ਲਿਖੇ ਜਾਂਦੇ ਰਹੇ ਲੰਮੇ ਖ਼ਤਾਂ ਬਾਰੇ ਬਹੁਤ ਖ਼ੂਬਸੂਰਤ ਟਿੱਪਣੀ ਕਰਦਾ ਹੈ-

" ਨਿੱਕੇ ਨਿਕੇ ਗ਼ਮ ਹੰਡਾਉਂਦਾ ਮੂਹਰਜੀਤ ਕਈ ਵਾਰ ਆਪਣੀ ਕਹਾਣੀ ਵਰਗੇ ਵਧੀਆ ਖ਼ਤ ਲਿਖ ਜਾਂਦਾ ਹੈ। ਮੇਰੀਆਂ ਮਹਿਬੂਬ ਕੁੜੀਆਂ ਚੋਂ ਕਿਸੇ ਨੇ ਵੀ ਏਨੀ ਲੰਬੀ ਤੇ ਭਾਰੀ ਚਿੱਠੀ ਨਹੀਂ ਲਿਖੀ ਜਿਨੀਆਂ ਉਸਨੇ ਮੈਨੂੰ ਲਿਖੀਆਂ ਹਨ।ਮੇਰੀ ਦੂਜੀ ਬੀਵੀ ਭਾਰੀ ਚਿੱਠੀ ਨੂੰ ਆਪਣੀ ਮੂਰਖਤਾ ਅਨੁਸਾਰ ਸ਼ੱਕ ਦੀ ਨਜ਼ਰ ਨਾਲ ਵੇਖਦੀ ਪਰ ਉਸਨੇ ਦੇ ਕਦੇ ਖੋਲ੍ਹ ਕੇ ਪੜ੍ਹੀ ਨਹੀਂ ਸੀ ।ਦਸ ਵੀਹ ਸਫਿਆਂ ਦੇ ਖ਼ਤ ਵਿਚ ਸਾਹਿਤ , ਕਲਾਂ ਤੇ ਜ਼ਿਦਗੀ ਤੋਂ ਛੁੱਟ ਗ਼ਮ, ਇੱਕਲਤਾ ਤੇ ਉਦਾਸੀ ਬਾਰੇ ਵੀ ਬਹੁਤ ਕੁਝ ਲਿਖਿਆ ਹੁੰਦਾ ।"

ਜਿਨਾਂ ਬੇਬਾਕ ਸੱਚ ਲੇਖਕ ਚਿੱਠੀਆਂ ਵਿੱਚ ਬੋਲ ਜਾਂਦੇ ਹਨ, ਪ੍ਰਿੰਟ ਰੂਪ ਵਿਚ ਛਪੀਆਂ ਰਚਨਾਵਾਂ ਵਿਚ ਉਨਾਂ ਸੱਚ ਬੋਲਣਾ ਔਖਾ ਹੁੰਦਾ ਹੈ।ਪੰਜਾਬੀ ਲੇਖਕਾਂ ਬਾਰੇ ਕ੍ਰਾਂਤੀਪਾਲ ਦੀ ਇਹ ਬੇਬਾਕ ਰਾਇ ਪਾਠਕਾ ਸਾਹਮਣੇ ਆਉਣੀ ਉਸ ਵੱਲੋਂ ਡਾਕਟਰ ਤੇਜਵੰਤ ਮਾਨ ਨੂੰ ਲਿਖੇ ਇਸ ਖ਼ਤ? ਰਾਹੀਂ ਹੀ ਸੰਭਵ ਹੋਈ ਹੈ।

" ਪੰਜਾਬੀ ਲੇਖਕ ਬਤੌਰ ਇਨਸਾਨ ਕੋਈ ਵਧੀਆਂ ਇਨਸਾਨ ਨਹੀ ਹਨ ।ਹੋਰ ਬੱਚੇ ਪਤਾ ਨਹੀਂ ਕੀ ਵੇਖਦੇ ਹਨ। ਪਰ ਮੈਂ ਕਿਤਾਬਾ ਤੇ ਲੇਖਕ ਹੀ ਵੇਖੇ ਹਨ। ਪਿਛਲੇ ਚਾਲੀ ਸਾਲਾਂ ਤੋਂ ਮੈਂ ਇਹਨਾਂ ਦੀਆਂ ਕਰਤੂਤਾਂ ਤੋਂ ਜਾਣੂ ਹਾਂ। ਇਹ ਗੱਲ ਤੁਸੀ ਆਪਣੀਆਂ ਰਚਨਾਵਾਂ ਰਾਹੀ ਸਾਫ ਕਰ ਰਹੇ ਹੋ , ਇਸ ਕਰਕੇ ਲੇਖਕ ਤੁਹਾਡੇ ਤੋਂ ਡਰਦੇ ਹਨ।"

ਮੈਂ ਸੋਚਦਾ ਹਾਂ ਕਿ ਜੇ ਕ੍ਰਾਂਤੀਪਾਲ ਨੂੰ ਇਸ ਗੱਲ ਦਾ ਅਨੁਮਾਨ ਹੁੰਦਾ ਹੈ ਕਿ ਉਸ ਵੱਲੋਂ ਲਿਖਿਆ ਨਿੱਜੀ ਖ਼ਤ ਇਕ ਦਿਨ ਡਾ: ਤੇਜਵੰਤ ਮਾਨ ਨੇ ਜਨਤਕ ਕਰ ਦੇਣਾ ਹੈ ਤਾਂ ਸ਼ਾਇਦ ਉਹ ਇਸ ਖ਼ਤ ਦੀ ਭਾਸ਼ਾ ਵਿਚ ਕੁਝ ਸੰਜਮ ਜ਼ਰੂਰ ਵਰਤਦਾ ।

ਖਤਾਂ ਪੱਤਰਾਂ ਰਾਹੀ ਲੇਖਕਾਂ ਵਿਚ ਪੈਦਾ ਹੋਈ ਸਾਹਿਤਕ ਦੋਸਤੀ ਜੇ ਲਗਾਤਾਰ ਨਿਭਦੀ ਰਹੇ ਤਾਂ ਇਹ ਨਿੱਜੀ ਦੋਸਤੀ ਵਿਚ ਤਬਦੀਲ ਹੋ ਜਾਂਦੀ ਹੈ ਤੇ ਉਹ ਇਕ ਦੂਜੇ ਨਾਲ ਆਪਣੀਆਂ ਨਿੱਜੀ ਤੇ ਘਰੇਲੂ ਸਮੱਸਿਆਵਾਂ ਵੀ ਸਾਝੀਆਂ ਕਰ ਲੈਂਦੇ ਹਨ।ਲੇਖਕ ਦੇ ਜੀਵਨ ਵਿਚ ਆਈ ਕੋਈ ਵੀ ਮਨੋ-ਸਮਾਜਿਕ ਸਮੱਸਿਆ ਉਸਦੇ ਲੇਖਣੀ 'ਤੇ ਵੀ ਲਾਜ਼ਮੀ ਤੌਰ ਤੇ ਪ੍ਰਭਾਵ ਪਾਉਂਦੀ ਹੈ। ਇਸ ਲਈ ਕਿਸੇ ਲੇਖਕ ਨੂੰ ਦਰਪੇਸ਼ ਉਸ ਦੀ ਸਮੱਸਿਆਵਾ ਨਿਜੀ ਤੋਂ ਸਮੂਹਿਕ ਬਣ ਜਾਂਦੀ ਹੈ। ਆਪਣਾ ਨੇੜਲਾ ਹਮਦਰਦ ਜਾਣ ਕੇ ਚਮਨਦੀਪ ਦਿਉਲ ਦੀ ਭਾਵੁਕ ਅੰਦਾਜ਼ ਵਿਚ ਲਿਖੀ ਚਿੱਠੀ ਡਾਕਟਰ ਤੇਜਵੰਤ ਮਾਨ ਨੂੰ ਅਪੀਲ ਕਰਦੀ ਹੈ ਕਿ ਉਹ ਉਸਦੇ ਪਿਤਾ ਦਾ ਉਸ ਪ੍ਰਤੀ ਗੁਆਚਿਆ ਵਿਸਵਾਸ਼ ਫਿਰ ਤੋਂ ਹਾਸਿਲ ਕਰਨ ਲਈ ਉਸਦੀ ਮੱਦਦ ਕਰਨ । ਕਹਾਣੀਕਾਰ ਪ੍ਰੀਤ ਨੀਤਪੁਰ, ਕੁਲਦੀਪ ਸਿੰਘ ਅਰਸ਼ੀ ਨੂੰ ਚਿੱਠੀ ਵਿਚ ਆਪਣੇ ਘਰ ਦੀ ਆਰਥਿਕ ਮੰਦਹਾਲੀ ਦਾ ਮਾਰਮਿਕ ਬਿਆਨ ਪੇਸ਼ ਕਰਦਿਆਂ ਲਿਖਦਾ ਹੈ ." ਮੈ ਆਰਥਿਕ ਪੱਖੋ ਏਨਾਂ ਡਾਵਾਂ ਡੋਲ ਹਾਂ ਕਿ ਕਿ ਸਾਹਿਤ ਦੀ ਸਹਾਇਤਾਂ ਕਰਨਾ ਚਾਹੁੰਦਾ ਹੋਇਆ ਵੀ ਨਹੀਂ ਕਰ ਸਕਦਾ।ਮੇਰੇ ਘਰ ਦੀ ਚਾਹ ਪੱਤੀ ਮੁੱਕੀ ਹੋਈ ਹੈ, ਮਿੱਠਾ ਸਿਰ ਤੇ ਚੜ੍ਹਿਆ ਹੋਇਆ ਹੈ। ਤੁਸੀਂ ਆ ਕੇ ਵੇਖੋ ਜੇ ਤੁਹਾਡੀਆਂ ਅੱਖਾ ਵਿਚ ਹੰਝੂ ਨਾ ਆ ਗਏ ਤਾਂ।"

ਪੱਤਰ ਸਾਹਿਤ ਦੀਆਂ ਕੁਝ ਕਿਤਾਬਾਂ ਨੂੰ ਪੜ੍ਹਣ ਤੋਂ ਬਾਅਦ ਮੈਂ ਇਸ ਨਤੀਜੇ ਤੇ ਪੁੱਜਾ ਹਾਂ ਕਿ ਨਵੇਂ



ਲੇਖਕ ਕਿਸੇ ਪਰਚੇ ਦੇ ਸੰਪਾਦਕ ਨੂੰ ਖ਼ਤ ਲਿਖਣ ਵੇਲੇ ਵਿਸ਼ੇਸ਼ ਤੌਰ ਤੇ ਹਲੀਮੀ ਵੀ ਭਾਸ਼ਾ ਵਰਤਦੇ ਹਨ। ਪਰ ਜਿਉਂ ਜਿਉਂ ਉਹ ਪ੍ਰਸਿੱਧੀ ਤੇ ਸਥਾਪਤੀ ਵੱਲ ਵੱਧਦੇ ਜਾਂਦੇ ਹਨ, ਉਹਨਾਂ ਦੀ ਇਹ ਹਲੀਮੀ ਘੱਟਣ ਲੱਗਦੀ ਹੈ।ਸੰਨ 2002 ਵਿਚ ਪ੍ਰਕਾਸ਼ਿਤ ਹੋਈ ਮਾਸਿਕ 'ਰਾਹ ਦਸੇਰਾ' ਦੇ ਸੰਪਾਦਕ ਕੁਲਦੀਪ ਸਿੰਘ ਅਰਸ਼ੀ ਦੀ ਪੱਤਰ ਸਾਹਿਤ ਦੀ ਪੁਸਤਕ 'ਰਿਸ਼ਮਾਂ ਦਾ ਸਿਰਨਾਵਾਂ' ਵਿਚ ਅਜਿਹੇ ਕਈ ਲੇਖਕਾ ਦੇ ਖ਼ਤ ਛਾਪੇ ਹਨ ਜੋ ਉਸ ਸਮੇ ਨਵੇਂ ਜਾਂ ਚਰਚਿਤ ਹੋ ਰਹੇ ਲੇਖਕ ਸਨ ਪਰ ਹੁਣ ਉਹ ਪੰਜਾਬੀ ਭਾਸ਼ਾ ਦੇ ਸਥਾਪਿਤ ਲੇਖਕਾਂ ਵਜੋਂ ਜਾਣੇ ਜਾਂਦੇ ਹਨ।ਉਸ ਸਮੇਂ ਉਨ੍ਹਾਂ ਲੇਖਕਾਂ ਵੱਲੋਂ ਲਿਖੇ ਖ਼ਤਾਂ ਦੀ ਭਾਸ਼ਾ ਵਿਚਲੀ ਹਲੀਮੀ ਵੇਖ ਕੇ ਇਹ ਲੱਗਦਾ ਹੀ ਨਹੀ ਕਿ ਇਹ ਖ਼ਤਾਂ ਇਹਨਾਂ ਹੀ ਦੇ ਲਿਖੇ ਹੋਏ ਹਨ। ਗ਼ਜ਼ਲਗੋ ਠਾਕੁਰ ਭਾਰਤੀ ਵਰਗਾ ਕੋਈ ਅਸਲੋਂ ਹੀ ਬੇਬਾਕ ਲੇਖਕ ਹੀ ਕਿਸੇ ਪਰਚੇ ਦੇ ਸੰਪਾਦਕ ਨੂੰ ਏਨਾ ਮੂੰਹ ਫੱਟ ਖ਼ਤ ਲਿਖ ਸਕਦਾ ਹੈ-

" ਕਾਕਾ ਜੀ ਮੇਰਾ ਮਸ਼ਵਰਾਂ ਇਹ ਹੈ ਕਿ ਤੁਸੀਂ ਆਪਣੇ ਆਪ ਨੂੰ ਐਡੀਟਰ ਬਨਣ ਦੇ ਕਾਬਿਲ ਬਣਾਉ ।ਕਵਿਤਾ ਕਿਸ ਨੂੰ ਕਹਿੰਦੇ ਹਨ ? ਇਹ ਕਿਵੇਂ ਲਿਖੀ ਜਾਂਦੀ ਹੈ, ਕਿਵੇਂ ਪਰਖੀ ਜਾਂਦੀ ਹੈ? ਕਵੀ ਇਸ ਵਿਚ ਕੀ ਪਾਉਂਦਾ ਹੈ, ਜੋ ਮਨਾਂ ਨੂੰ ਟੁੰਬਦਾਂ ਹੈ, ਇਹਨਾਂ ਸਵਾਲਾਂ ਦੇ ਜਵਾਬ ਲੱਭਣ ਲਈ ਪੁਸਤਕਾਂ ਪੜ੍ਹੋ, ਉਸਤਾਦ ਕਵੀਆ ਨੂੰ ਮਿਲੋ , ਉਹਨਾ ਤੋਂ ਸਿੱਖਿਆ ਲਵੋ ।"

ਸਾਹਿਤਕ ਚਿੱਠੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਹੁਤ ਵੱਡੀ ਹੈ ਤੇ ਕਈ ਵਾਰ ਸੰਪਾਦਕ ਦੀ ਡਾਕ ਵਿਚ ਆਈਆਂ ਚਿੱਠੀਆਂ ਕਿਸੇ ਸਾਹਿਤਕ ਮੁੱਦੇ ਤੇ ਹੋਈ ਸਫ਼ਲ ਗੋਸ਼ਟੀ ਤੋਂ ਵੀ ਵੱਧ ਸੰਵਾਦ ਸਿਰਜਕ ਹੋ ਨਿਬੜਦੀਆਂ ਹਨ ।ਸੰਨ 1979 ਵਿਚ ਮੈਂ ਸਾਹਿਤਕ ਸਭਾ ਬਾਘਾ ਪੁਰਣਾ ਦਾ ਜਨਰਲ ਸਕੱਤਰ ਸਾਂ ਤਾਂ ਉਸ ਵੇਲੇ ਸਭਾ ਵੱਲੋਂ ਕਰਵਾਏ ਇਕ ਸਮਾਗਮ ਵਿਚ ਡਾ: ਤੇਜਵੰਤ ਮਾਨ ਨੇ 'ਗੁਰਦਿਆਲ ਸਿੰਘ ਨਾਵਲਾਂ ਦਾ ਨਾਇਕ' ਵਿਸ਼ੇ ਤੇ ਆਪਣਾ ਖੋਜ ਪੱਤਰ ਪੜ੍ਹਿਆ। ਡਾ: ਮਾਨ ਨੇ ਪੰਜਾਬੀ ਦੇ ਵੱਡੇ ਨਾਵਲਕਾਰ ਗੁਰਦਿਆਲ ਸਿੰਘ ਦੇ ਨਾਵਲਾਂ ਨੂੰ ਆਪਣੇ ਵੱਲੋਂ ਨਾਇਕ ਵਿਹੂਣਾ ਸਿੱਧ ਕਰਨ ਕੀ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਪਹਿਲਾਂ ਇਸ ਪੇਪਰ ਤੇ ਗੋਸ਼ਟੀ ਵਿਚ ਵੀ ਭਖਵੀਂ ਬਹਿਸ ਹੋਈ ਪਰ ਜਦੋਂ ਇਹ ਪੇਪਰ ਉਸ ਸਮੇਂ ਦੇ ਚਰਚਿਤ ਆਲੋਚਨਾਤਕ ਪਰਚੇ 'ਸੇਧ' ਵਿੱਚ ਛਪਿਆ ਤਾਂ ਇਸ ਦੇ ਹੱਕ ਤੇ ਵਿਰੋਧ ਵਿਚ ਪਹੁੰਚਣ ਵਾਲੀਆਂ ਚਿੱਠੀਆਂ ਦਾ ਹੜ੍ਹ ਹੀ ਆ ਗਿਆ । ਕਈ ਕਈ ਸਫਿਆਂ ਦੀਆਂ ਇਹ ਲੰਮੀਆ ਚਿੱਠੀਆਂ ਸਾਲ ਭਰ ਤੋਂ ਵੱਧ ਸਮਾਂ 'ਸੇਧ' ਵਿਚ ਛਪਦੀਆਂ ਰਹੀਆਂ। ਬਾਅਦ ਵਿਚ ਇਹ ਸਾਰੀਆਂ ਚਿੱਠੀਆਂ ਡਾਕਟਰ ਤੇਜਵੰਤ ਮਾਨ ਨੇ ਆਪਣੀ ਆਲੋਚਨਾਂ ਦੀ ਪਹਿਲੀ ਪੁਸਤਕ 'ਪ੍ਰਤਿਕ੍ਰਮ' ਵਿਚ ਵੀ ਛਾਪੀਆਂ।

ਸਾਹਿਤਕ ਚਿੱਠੀਆਂ ਲਿਖਣ ਦਾ ਰੁਝਾਣ ਘਟਿਆ ਜ਼ਰੂਰ ਹੈ ਪਰ ਲੇਖਕਾਂ ਨੇ ਸਾਹਿਤ ਸੰਵਾਦ ਦੇ ਇਸ ਸਰੋਤ ਨੂੰ ਅਜੇ ਪੂਰੀ ਤਰ੍ਹਾ ਤਿਆਗਿਆ ਨਹੀਂ ਹੈ ।ਪਰ ਜਿਸ ਤਰ੍ਹਾ ਦਾ ਸਮਾਂ ਅੱਗੇ ਆ ਰਿਹਾ ਹੈ ਉਸ ਤੋਂ ਲੱਗਦਾ ਹੈ ਡਾਕੀਆਂ ਤੇ ਸਾਹਿਤਕ ਚਿੱਠੀਆਂ ਦੀ ਉਡੀਕ ਆਉਂਦੇ ਦਹਾਕਿਆਂ ਵਿਚ ਬਿਲਕੁਲ ਹੀ ਖਤਮ ਹੋ ਜਾਵੇਗੀ ਤੇ ਸਾਡਾ ਲੇਖਕ ਭਾਈਚਾਰਾ ਕੇਵਲ ਸਾਹਿਤਕ ਗਤੀਵਿਧੀਆਂ ਬਾਰੇ ਰਸਮੀ ਤੇ ਭਾਵ ਰਹਿਤ ਸੂਚਨਾਵਾਂ ਦੇਣ ਵਾਲੇ ਈ ਮੇਲ , ਵਾਟਸਐਪ ਤੇ ਮਸੰਜ਼ਰ ਵਰਗੀਆਂ ਮਸ਼ੀਨੀ ਐਪਾਂ 'ਤੇ ਨਿਰਭਰ ਹੋ ਜਾਵੇਗਾ । ਇਹ ਸਾਹਿਤ ਤੇ ਸਾਹਿਤਕਾਰ ਦੋਹਾਂ ਲਈ ਘਾਟੇ ਵਾਲੀ ਗੱਲ ਹੈ। 'ਕਹਾਣੀ ਧਾਰਾ' ਨੇ ਸਾਹਿਤਕ ਚਿੱਠੀਆਂ ਬਾਰੇ ਵਿਸ਼ੇਸ਼ ਅੰਕ ਕੱਢ ਕੇ ਸਾਹਿਤ ਖ਼ਤਾਂ ਰਾਹੀ ਰਾਹੀ ਵਿਅਕਤ ਹੋਣ ਵਾਲੀ ਲੇਖਕੀ ਸੰਵੇਦਨਾਂ ਨੂੰ ਸੰਭਾਲਣ ਦਾ ਯਤਨ ਕੀਤਾ ਹੈ ਤਾਂ ਇਸਦਾ ਸਾਨੂੰ ਸਾਰਿਆ ਨੂੰ ਸਵਾਗਤ ਕਰਨਾ ਚਾਹੀਦਾ ਹੈ।

(ਸੰਪਰਕ- 89682-82700 )

# ਜਨ ਬੋਧ

## ਗਲਪ ਦਾ ਅਨੁਵਾਦ / - ਡਾ. ਗੁਰਬਖ਼ਸ ਸਿੰਘ 'ਫਰੈਂਕ'

***(ਪੰਜਾਬੀ ਵਿਚ ਅਸੀਂ ਕਲਾਸਿਕ ਸਾਹਿਤ ਅਨੁਵਾਦ ਰਾਹੀਂ ਪੜ੍ਹਦੇ ਹਾਂ। ਰੂਸੀ ਸਾਹਿਤ ਸਾਡੇ ਕੋਲ ਅਨੁਵਾਦ ਰਾਹੀਂ ਪਹੁੰਚਿਆ ਏ। ਫਰੈਂਕ ਹੁਰਾਂ ਦਾ ਕੀਤਾ 'ਮੇਰਾ ਦਗਿਸਤਾਨ' ਕਮਾਲ ਦਾ ਅਨੁਵਾਦ ਅਸੀਂ ਕਦੇ ਵੀ ਭੁੱਲ ਨਹੀਂ ਸਕਦੇ। ਕਈ ਵਾਰੀ ਅਨਾੜੀ ਅਨੁਵਾਦਕ ਮੂਲ ਰਚਨਾ ਦੀ ਜੜ੍ਹ ਪੁੱਟ ਦਿੰਦਾ ਏ। ਚੰਗੀ ਕਿਤਾਬ ਦਾ ਕੀਤਾ ਮਾੜਾ ਅਨੁਵਾਦ ਪਾਠਕਾਂ ਨੂੰ ਉਹਦੇ ਤੋਂ ਦੂਰ ਵੀ ਲੈ ਜਾਂਦਾ ਏ। ਗਲਪ ਦੇ ਅਨੁਵਾਦ ਦੇ ਮਸਲੇ ਨੂੰ ਸਮਝਣ ਲਈ ਇਸ ਵਾਰ 'ਜਨ ਬੋਧ' 'ਚ ਅਸੀਂ ਫਰੈਂਕ ਤੇ ਗੁਰਮੁੱਖ ਸਿੰਘ ਜੀਤ ਦੇ ਲੇਖ ਛਾਪ ਰਹੇ ਹਾਂ। - ਸੰਪਾਦਕ)***

ਪੰਜਾਬੀ ਵਿਚ ਵੈਸੇ ਤਾਂ ਗਲਪ ਦੀ ਕੀ, ਕਿਸੇ ਵੀ ਅਨੁਵਾਦ ਦੀ ਕੋਈ ਸਮੱਸਿਆ ਨਹੀਂ, ਕਿਉਂਕਿ ਅਨੁਵਾਦ ਨੂੰ ਵਿਸ਼ੇਸ਼ੱਗਤਾ ਦਾ ਖੇਤਰ ਨਹੀਂ ਮੰਨਿਆ ਜਾਂਦਾ। ਕਈ ਵਾਰੀ ਤਾਂ ਇੰਝ ਲਗਦਾ ਹੈ ਕਿ ਦੋ ਵੱਖ-ਵੱਖ ਭਾਸ਼ਾਵਾਂ ਦੇ ਅੱਖਰ ਉਠਾਲਣ ਦੀ ਯੋਗਤਾ ਇਕੋ ਇਕ ਯੋਗਤਾ ਹੈ, ਜਿਹੜੀ ਪੰਜਾਬੀ ਵਿਚ ਅਨੁਵਾਦ ਕਰਨ ਵਾਲੇ ਲਈ ਜ਼ਰੂਰੀ ਹੈ। ਇਸੇ ਲਈ ਪੰਜਾਬੀ ਅਨੁਵਾਦ ਵਿਚੋਂ ਅਰਥਾਂ ਦੇ ਅਨਰਥਾਂ ਦਾ ਸੰਗ੍ਰਹਿ ਕਰਨ ਦਾ ਖੋਰੀ ਜਿਹਾ ਮਨਪ੍ਰਚਾਵਾ ਬੜਾ ਉਪਜਾਊ ਸਿੱਧ ਹੋ ਸਕਦਾ ਹੈ ਅਤੇ ਕਿਉਂਕਿ ਅਨੁਵਾਦ ਨੂੰ ਵਿਸ਼ੇਸ਼ੱਗਤਾ ਦਾ ਖੇਤਰ ਨਹੀਂ ਮੰਨਿਆਂ ਜਾਂਦਾ, ਇਸ ਲਈ ਅਨੁਵਾਦਕ ਦਾ ਵੀ ਬੁੱਧੀਜੀਵੀ ਕਾਮਿਆਂ ਵਿਚ ਉਹ ਰੁਤਬਾ ਨਹੀਂ ਮੰਨਿਆਂ ਜਾਂਦਾ, ਜਿਹੜਾ ਦੂਜੇ ਵਿਕਸਤ ਸਾਹਿਤਾਂ ਵਿਚ ਮੰਨਿਆਂ ਜਾਂਦਾ ਹੈ, ਜਿਹੜੇ ਅਨੁਵਾਦਕਾਂ ਨੂੰ ਸਭਿਆਚਾਰਾਂ ਦੇ ਰਾਜਦੂਤ ਸਭਿਆਚਾਰਕ ਪੁਲਾਂ ਦੇ ਉਸਰਈਏ ਮੰਨਦੇ ਹਨ।

ਇਥੇ ਮੈਂ ਅਨੁਵਾਦ ਦੀ ਮਹੱਤਤਾ ਦੀ ਵਿਆਖਿਆ ਨਹੀਂ ਕਰਨਾ ਚਾਹੁੰਦਾ, ਸਿਰਫ ਇਸ ਗੱਲ ਉੱਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਅਨੁਵਾਦ ਨੂੰ ਵਿਸ਼ੇਸ਼ੱਗਤਾ ਵਜੋਂ ਲੈਣ ਨਾਲ ਹੀ ਅਸੀਂ ਇਸ ਖੇਤਰ ਦੀਆਂ ਸਮੱਸਿਆਵਾਂ ਤੋਂ ਚੇਤੰਨ ਹੁੰਦੇ ਹਾਂ ਅਤੇ ਉਹਨਾਂ ਦੇ ਸਮਾਧਾਨ ਵੱਲ ਵਧਦੇ ਹਾਂ। ਨਹੀਂ ਤਾਂ ਵੱਖ ਵੱਖ ਭਾਸ਼ਾਵਾਂ ਦੇ ਸ਼ਬਦਕੋਸ਼ਾਂ ਦੀ ਮੌਜੂਦਗੀ ਸਾਡੀ ਸੰਤੁਸ਼ਟਤਾ ਦਾ ਸਾਧਨ ਅਤੇ ਅਨੁਵਾਦਕ ਵਜੋਂ ਕੰਮ ਦਾ ਇਕੋ ਇਕ ਔਜ਼ਾਰ ਬਣ ਜਾਂਦੀ ਹੈ। ਸ਼ਬਦਕੋਸ਼ ਚੰਗੇ ਅਨੁਵਾਦਕ ਲਈ ਲਾਜ਼ਮੀ ਸਾਥੀ ਤਾਂ ਜ਼ਰੂਰ ਹਨ, ਪਰ ਸਭ ਕੁਝ ਨਹੀਂ। ਚੰਗੇ ਤੋਂ ਚੰਗੇ ਸ਼ਬਦਕੋਸ਼ ਦੀ ਸ਼ਾਬਦਿਕ ਪੱਧਰ ਉੱਤੇ ਸਮੱਸਿਆ ਦੇ ਸਮਾਧਾਨ ਦਾ ਰਾਹ ਦਸਦੇ ਹਨ, ਸਮਾਧਾਨ ਨਹੀਂ। ਇਹ ਗੱਲ ਗਲਪ ਦੇ ਅਨੁਵਾਦ ਉੱਤੇ ਸਭ ਤੋਂ ਵੱਧ ਢੁਕਦੀ ਹੈ, ਭਾਵੇਂ ਕਿਸੇ ਨਾ ਕਿਸੇ ਹੱਦ ਤਕ ਹਰ ਤਰ੍ਹਾਂ ਦੇ ਅਨੁਵਾਦ ਲਈ ਠੀਕ ਹੈ।

ਅਨੁਵਾਦ ਦੀ ਸਿੱਧੀ ਅਤੇ ਸੌਖੀ ਪਰਿਭਾਸ਼ਾ ਇਹ ਦਿੱਤੀ ਜਾ ਸਕਦੀ ਹੈ ਕਿ ਇਹ ਇਕ ਭਾਸ਼ਾ (ਜਿਸਨੂੰ ਮੂਲ-ਭਾਸ਼ਾ ਜਾਂ ਵਧੇਰੇ ਟੈਕਨੀਕਲ ਸ਼ਬਦਾਂ ਵਿਚ, ਸਰੋਤ-ਭਾਸ਼ਾ ਕਿਹਾ ਜਾਂਦਾ ਹੈ) ਵਿਚਲੇ ਪਾਠ (ਟੈਕਸਟ) ਨੂੰ ਅਰਥਾਂ ਦੇ ਘੱਟ ਤੋਂ ਘੱਟ ਵਿਗਾੜ ਜਾਂ ਨੁਕਸਾਨ (ਅਰਥ-ਅਲੋਪਣ) ਨਾਲ ਦੂਜੀ ਭਾਸ਼ਾ ਵਿਚ (ਜਿਸ ਨੂੰ ਟੈਕਨੀਕਲ ਸ਼ਬਦਾਂ ਵਿਚ Target ਭਾਸ਼ਾ, ਜਾਂ ਅਨੁਵਾਦ-ਭਾਸ਼ਾ ਕਿਹਾ ਜਾਂਦਾ ਹੈ) ਪੇਸ਼ ਕਰਨ ਦੀ ਕਲਾ ਹੈ। ਇਸ ਪਰਿਭਾਸ਼ਾ ਵਿਚ ਹੀ ਇਹ ਗੱਲ ਮੰਨ ਲਈ ਗਈ ਹੈ ਕਿ ਕਿਸੇ ਵੀ ਪਾਠ ਨੂੰ, ਉਸਦਾ ਰੂਪ, ਅਰਥ ਅਤੇ ਪ੍ਰਭਾਵ ਸੌ ਫ਼ੀ ਸਦੀ ਕਾਇਮ ਰਖਦਿਆਂ, ਮੂਲ ਭਾਸ਼ਾ ਤੋਂ ਕਿਸੇ ਹੋਰ ਭਾਸ਼ਾ ਵਿਚ ਪੇਸ਼ ਕਰ ਸਕਣਾ ਅਸੰਭਵ ਹੈ। ਇਸ ਤਰ੍ਹਾਂ ਦੀ ਪੇਸ਼ਕਾਰੀ ਐਸੇ ਪਾਠਾਂ ਵਿਚ ਵੀ ਸੌ ਫੀ ਸਦੀ ਸੰਭਵ ਨਹੀਂ, ਜਿਨ੍ਹਾਂ ਵਿਚਲੇ ਸ਼ਬਦਾਂ ਦਾ ਅਰਥ-ਘੇਰਾ ਬੇਹੱਦ ਸੀਮਿਤ ਹੁੰਦਾ ਹੈ ਜਾਂ ਇਕ ਅਰਥ ਤਕ ਹੀ ਸੀਮਿਤ ਹੁੰਦਾ ਹੈ। ਇਹ ਸਮਰੂਪਤਾ ਪ੍ਰਾਪਤ ਕਰ ਸਕਣਾ ਗਲਪ ਲਈ ਸਭ ਤੋਂ ਵਧ ਮੁਸ਼ਕਲ ਹੈ।



ਇਸੇ ਕਰਕੇ ਹੋਰ ਕਿਸੇ ਵੀ ਰੂਪਾਕਾਰ ਨਾਲੋਂ ਗਲਪ ਦਾ ਅਨੁਵਾਦ ਕਰ ਸਕਣਾ ਵਧੇਰੇ ਮੁਸ਼ਕਲ ਹੈ। (ਅਤੇ ਇਥੇ ਅਸੀਂ ਗਲਪ ਵਿਚ ਨਾਵਲ ਤੋਂ ਛੁੱਟ ਨਿੱਕੀ ਕਹਾਣੀ ਅਤੇ ਨਾਟਕ ਨੂੰ ਵੀ ਸ਼ਾਮਲ ਕਰ ਸਕਦੇ ਹਾਂ।)

ਅਨੁਵਾਦ ਨੂੰ ਆਮ ਕਰਕੇ ਅੰਤਰ-ਭਾਸ਼ਾਈ ਸ਼ਾਬਦਿਕ ਕਲਾ ਮੰਨਿਆਂ ਜਾਂਦਾ ਹੈ। ਇਸ ਵਿਚ ਦੋਹਾਂ ਭਾਸ਼ਾਵਾਂ ਦੇ ਚਲਾਊ ਜਿਹੇ ਗਿਆਨ ਨਾਲ ਗੁਜ਼ਾਰਾ ਨਹੀਂ ਚਲੇਗਾ। ਇਸ ਵਾਸਤੇ ਜ਼ਰੂਰੀ ਹੈ ਕਿ ਸਰੋਤ-ਭਾਸ਼ਾ ਦਾ ਗਿਆਨ ਇਕੋ ਮਾਹਰ ਦੀ ਪੱਧਰ ਦਾ ਹੋਵੇ ਅਤੇ ਅਨੁਵਾਦ-ਭਾਸ਼ਾ ਦਾ ਗਿਆਨ ਏਨਾ ਕੁ ਹੋਵੇ ਕਿ ਅਨੁਵਾਦਕ ਆਪਣੇ ਪ੍ਰਗਟਾਅ ਲਈ ਉਸਦੀ ਰਚਨੇਈ ਵਰਤੋਂ ਕਰ ਸਕੇ। ਇਸ ਦਾ ਅਰਥ ਹੈ ਕਿ ਪਹਿਲੀ ਥਾਂ ਉਤੇ ਸਰੋਤ-ਭਾਸ਼ਾ ਦਾ ਗਿਆਨ ਸ਼ਬਦਾਂ ਦੀ ਪੱਧਰ ਉੱਤੇ ਵੀ ਅਤੇ ਵਿਆਕਰਣ ਦੀ ਪੱਧਰ ਉਤੇ ਵੀ ਠੀਕ ਹੋਵੇ ਅਤੇ ਅਨੁਵਾਦ-ਭਾਸ਼ਾ ਦਾ ਗਿਆਨ ਏਨਾ ਕੁ ਹੋਵੇ ਕਿ ਅਨੁਵਾਦ ਉਸ ਭਾਸ਼ਾ ਵਿਚ ਇਕ ਕੁਦਰਤੀ ਪਾਠ ਬਣ ਕੇ ਪੇਸ਼ ਹੋਵੇ। ਅਨੁਵਾਦ-ਭਾਸ਼ਾ ਵਿਚ ਭੈੜੇ ਤੇ ਓਪਰੇ ਪਾਠ ਨੂੰ ਅਸੀਂ ਸਿਰਫ ਇਸ ਲਈ ਬਰਦਾਸ਼ਤ ਨਹੀਂ ਕਰ ਸਕਦੇ ਕਿ ਇਹ ਅਨੁਵਾਦ ਹੈ, ਮੌਲਿਕ ਰਚਨਾ ਨਹੀਂ ਅਤੇ ਉਪਰ ਅਸੀਂ ਜਦੋਂ ਸ਼ਬਦਾਂ ਦੀ ਪੱਧਰ ਉੱਤੇ ਠੀਕ ਗਿਆਨ ਦੀ ਗੱਲ ਕਰਦੇ ਹਾਂ ਤਾਂ ਉਸ ਵਿਚ ਸ਼ਬਦਾਂ ਦਾ ਇਤਿਹਾਸ ਵੀ ਸ਼ਾਮਲ ਹੁੰਦਾ ਹੈ, ਵਿਆਕਰਣਕ ਰੂਪਾਂ ਦਾ ਵਿਕਾਸ ਵੀ।

ਇਹ ਸਾਰਾ ਕੁਝ ਜ਼ਰੂਰੀ ਇਸ ਕਰਕੇ ਹੈ ਕਿ ਭਾਸ਼ਾ ਸਿਰਫ ਸ਼ਬਦਾਂ ਦਾ ਸੰਗ੍ਰਹਿ ਨਹੀਂ ਹੁੰਦੀ, ਸਗੋਂ ਇਹ ਆਪਣੇ ਸਭਿਆਚਾਰ ਦਾ ਮੁਹਾਫ਼ਜ਼ਖਾਨਾ ਵੀ ਹੁੰਦੀ ਹੈ ਅਤੇ ਪ੍ਰਤਿਬਿੰਬ ਵੀ। ਹਰ ਸ਼ਬਦ ਦੀ ਸਾਮਿਅਕ ਵਰਤੋਂ ਆਪਣਾ ਇਕ ਇਤਿਹਾਸ ਰਖਦੀ ਹੈ ਅਤੇ ਇਹਨਾਂ ਦੋਹਾਂ ਦਾ ਹੀ ਸਭਿਆਚਾਰ ਦੇ ਇਤਿਹਾਸ ਨਾਲ ਸਬੰਧ ਹੈ। ਸਰੋਤ-ਭਾਸ਼ਾ ਦੇ ਸਭਿਆਚਾਰ ਦੇ ਗਿਆਨ ਤੋਂ ਬਿਨਾਂ ਉਸ ਬਾਰੇ ਸਰਬੰਗੀ ਜਾਣਕਾਰੀ ਦਾ ਦਾਅਵਾ ਕਰਨਾ ਨਿਰਮੂਲ ਹੈ। ਇਹੀ ਗੱਲ ਅਨੁਵਾਦ ਭਾਸ਼ਾ ਦੇ ਸਭਿਆਚਾਰ ਲਈ ਵੀ ਜ਼ਰੂਰੀ ਹੈ। ਅਤੇ ਜੇ ਅਨੁਵਾਦ ਭਾਸ਼ਾ ਆਪਣੀ ਮਾਤ ਭਾਸ਼ਾ ਹੋਵੇ, ਤਾਂ ਇਹ ਗਿਆਨ ਹੋਰ ਵੀ ਜ਼ਰੂਰੀ ਹੈ, ਕਿਉਂਕਿ ਆਪਣੇ ਸਭਿਆਚਾਰ ਬਾਰੇ ਸੁਚੇਤ ਤੌਰ ਉੱਤੇ ਅਸੀਂ ਬਹੁਤ ਘੱਟ ਜਾਣਦੇ ਹੁੰਦੇ ਹਾਂ।

ਇਥੋਂ ਤਕ ਜੋ ਕੁਝ ਕਿਹਾ ਗਿਆ ਹੈ, ਉਹ ਲਗਭਗ ਹਰ ਤਰ੍ਹਾਂ ਦੇ ਅਨੁਵਾਦ ਉਪਰ ਲਾਗੂ ਹੁੰਦਾ ਹੈ। ਪਰ ਗਿਆਨ ਦਿੰਦੇ ਸਾਹਿਤ ਨਾਲੋਂ ਰਚਨੇਈ ਸਾਹਿਤ ਦਾ ਫਰਕ ਸਿਰਫ ਇਹ ਹੁੰਦਾ ਹੈ ਕਿ ਪਹਿਲੀ ਤਰ੍ਹਾਂ ਦੇ ਸਾਹਿਤ ਵਿਚ ਸ਼ਬਦ ਦਾ ਅਰਥ-ਘੇਰਾ ਸੀਮਿਤ ਹੁੰਦਾ ਹੈ ਅਤੇ ਹਰ ਸ਼ਬਦ ਆਪਣੇ ਗਿਆਨ-ਖੇਤਰ ਦੇ ਘੇਰੇ ਦੇ ਅੰਦਰ ਵਧੇਰੇ ਕਰਕੇ ਇਕ ਚੀਜ਼ ਵਲ ਸੰਕੇਤ ਕਰ ਰਿਹਾ ਹੁੰਦਾ ਹੈ, ਜਿਸ ਦੇ ਹਵਾਲੇ ਨਾਲ ਉਸਦਾ ਅਰਥ ਕਢਿਆ ਜਾਂਦਾ ਹੈ। ਪਰ ਰਚਨੇਈ ਸਾਹਿਤ ਵਿਚ ਖਾਸ ਕਰਕੇ ਗਲਪ ਵਿਚ, ਬਹੁਤ ਸਾਰੀਆਂ ਚੀਜ਼ਾ ਦੇ ਹਵਾਲੇ ਨਾਲ ਸ਼ਬਦ ਦੇ ਅਰਥ ਨਿਸ਼ਚਿਤ ਹੁੰਦੇ ਹਨ। ਇਹਨਾਂ ਬਹੁਤ ਸਾਰੀਆਂ ਚੀਜ਼ਾਂ ਵਿਚੋਂ ਕੁਝ ਇਕ ਨੂੰ ਇਸ ਤਰ੍ਹਾਂ ਗਿਣਵਾਇਆ ਜਾ ਸਕਦਾ ਹੈ-

1. ਸਭਿਆਚਾਰਕ ਪੱਧਰ ਉੱਤੇ, ਅਰਥ ਨਿਰਧਾਰਨ ਅਤੇ ਸੰਚਾਰਨ ਦੀ ਸਮੱਸਿਆ ਇਕੋ ਮੂਲ ਦੇ ਸਭਿਆਚਾਰਾਂ ਵਿਚ ਘੱਟ ਹੋਵੇਗੀ, ਵੱਖ-ਵੱਖ ਮੂਲ ਦੇ ਸਭਿਆਚਾਰਾਂ ਵਿਚ ਵਧੇਰੇ ਹੋਵੇਗੀ। ਉਦਾਹਰਣ ਵਜੋਂ ਭਾਰਤੀ ਭਾਸ਼ਾਵਾਂ ਵਿਚਲੇ ਪ੍ਰਸਪਰ ਅਨੁਵਾਦਾਂ ਵਿਚ ਇਹ ਸਮੱਸਿਆ ਸੌਖੀ ਤਰ੍ਹਾਂ ਹਲ ਹੋ ਜਾਏਗੀ, ਪਰ ਭਾਰਤੀ ਅਤੇ ਬਦੇਸ਼ੀ ਭਾਸ਼ਾਵਾਂ ਵਿਚ ਇਹ ਸਮੱਸਿਆ ਪੂਰੀ ਜਟਿਲਤਾ ਨਾਲ ਸਾਹਮਣੇ ਆਏਗੀ ਅਤੇ ਲੇਖਕ ਵਲੋਂ ਪੂਰਨ ਸੂਝ ਅਤੇ ਰਚਨਾਤਮਿਕਤਾ ਦੀ ਮੰਗ ਕਰੇਗੀ। ਜੇ ਸਿਰਫ ਇਕ ਉਦਾਹਰਣ ਹੀ ਲੈਣੀ ਹੋਵੇ ਤਾਂ ਨਵਯੁਗ ਪਬਲਿਸ਼ਰਜ਼ ਵਲੋਂ 1972 ਵਿਚ ਪ੍ਰਕਾਸ਼ਿਤ ਪੁਸ਼ਕਿਨ ਦੀਆਂ ਕਹਾਣੀਆਂ ਵਿਚ ਅੰਗਰੇਜ਼ੀ ਦੇ ਸ਼ਬਦ 'ਅੰਡਰਟੇਕਰ' ਦਾ ਅਨੁਵਾਦ "ਮੁਰਦਿਆਂ ਦਾ ਠੇਕੇਦਾਰ" ਕੀਤਾ ਗਿਆ ਹੈ। ਪਰ 'ਅੰਡਰਟੇਕਰ' ਮੁਰਦੇ ਬਣਾਉਂਦਾ / ਖਰੀਦਦਾ / ਵੇਚਦਾ ਜਾਂ ਕਿਰਾਏ ਉੱਤੇ ਨਹੀਂ ਦੇਂਦਾ / ਲੈਂਦਾ, ਜਾਂ ਮੁਰਦਿਆਂ ਲਈ ਕੰਮ ਨਹੀਂ ਕਰਦਾ, ਜੋ ਕਿ ਠੇਕੇਦਾਰ ਦੇ ਅਰਥ ਲਏ ਜਾ ਸਕਦੇ ਹਨ, ਸਗੋਂ ਸਿਰਫ

ਮੁਰਦਿਆਂ ਲਈ ਤਾਬੂਤ ਤਿਆਰ ਕਰਦਾ ਹੈ। ਇਸ ਕਹਾਣੀ ਵਿਚ 'ਅੰਡਰਟੇਕਰ' ਕਹਾਣੀ ਦਾ ਸਿਰਲੇਖ ਵੀ ਹੈ, ਅਤੇ ਮੁੱਖ ਪਾਤਰ ਦਾ ਕਿੱਤਾ ਵੀ, ਇਸ ਲਈ ਇਸ ਅਰਥ ਦਾ ਪਰਛਾਵਾਂ ਸਮੁੱਚੀ ਕਹਾਣੀ ਦੇ ਅਨੁਵਾਦ ਉੱਤੇ ਪਿਆ ਮਿਲਦਾ ਹੈ। ਇਸ 'ਅਰਥ-ਨਿਰਧਾਰਨ' ਦਾ ਮੁਢ ਸਭਿਆਚਾਰਾਂ ਦੇ ਮੂਲ ਫਰਕ ਵਿਚ ਹੈ।

2. ਗਲਪ ਵਿਚ ਹਰ ਸ਼ਬਦ ਗਲਪਕਾਰ ਦੇ ਹਵਾਲੇ ਨਾਲ ਵੀ ਅਰਥ ਰਖਦਾ ਹੈ। ਹਰ ਲੇਖਕ ਦਾ ਆਪਣਾ ਜੀਵਨ-ਫ਼ਲਸਫ਼ਾ ਹੁੰਦਾ ਹੈ, ਆਪਣਾ ਦ੍ਰਿਸ਼ਟੀਕੋਣ ਹੁੰਦਾ ਹੈ, ਆਪਣੀ ਸ਼ੈਲੀ ਹੁੰਦੀ ਹੈ। ਫ਼ਲਸਫ਼ਾ ਅਤੇ ਦ੍ਰਿਸ਼ਟੀਕੋਣ ਸ਼ੈਲੀ ਨੂੰ ਨਿਰਧਾਰਿਤ ਕਰਦੇ ਹਨ ਅਤੇ ਸ਼ੈਲੀ ਸ਼ਬਦਾਂ ਰਾਹੀਂ ਸਾਹਮਣੇ ਆਉਂਦੀ ਹੈ। ਇਸ ਲਈ ਲੇਖਕ ਦੇ ਹਵਾਲੇ ਨਾਲ ਸ਼ਬਦ ਦੇ ਅਰਥ ਨਿਸ਼ਚਿਤ ਕਰਨ ਦਾ ਮਤਲਬ ਇਹਨਾਂ ਤਿੰਨਾਂ ਪੱਖਾਂ ਦੇ ਹਵਾਲੇ ਨਾਲ ਅਰਥ ਕੱਢਣਾ ਹੈ ਜੋ ਕਿ ਹਰ ਲੇਖਕ ਦੀ ਸੂਰਤ ਵਿਚ ਵੱਖ ਵੱਖ ਹੋਣਗੇ।

3. ਹਰ ਗਲਪ ਵਿਚ ਆਪਣੇ ਪਾਤਰ ਹੁੰਦੇ ਹਨ। ਹਰ ਪਾਤਰ ਆਪਣੀ ਕਹਾਣੀ ਵਿਚ ਲੇਖਕ ਜਿੰਨਾ ਹੀ ਸਜੀਵ ਹੁੰਦਾ ਹੈ। ਹਰ ਪਾਤਰ ਦੀ ਕਹਿਣੀ ਅਤੇ ਕਰਨੀ ਨੂੰ ਗਲਪ ਦੀ ਸਮੁਚੀ ਸੰਰਚਨਾ ਵਿਚ ਉਸ ਦੇ ਰੋਲ ਦੇ ਪਿਛੋਕੜ ਵਿਚ ਉਸ ਦੇ ਜੀਵਨ-ਫ਼ਲਸਫ਼ੇ ਅਤੇ ਦ੍ਰਿਸ਼ਟੀਕੋਣ ਦੇ ਹਵਾਲੇ ਨਾਲ ਸਮਝਣਾ ਜ਼ਰੂਰੀ ਹੁੰਦਾ ਹੈ। ਜੇ ਲੇਖਕ ਦੀ ਸੂਰਤ ਵਿਚ ਇਹ ਫ਼ਰਕ ਮੁੱਖ ਤੌਰ ਉੱਤੇ ਮੂਲ-ਸਭਿਆਚਾਰਕ ਅਤੇ ਕੇਂਦਰੀ ਭਾਸ਼ਾਈ ਹੋਣਗੇ, ਤਾਂ ਪਾਤਰ ਦੀ ਸੂਰਤ ਵਿਚ ਇਹ ਫਰਕ ਉਪਭਾਸ਼ਾਈ ਅਤੇ ਉਪ-ਸਭਿਆਚਾਰਕ ਪੱਧਰ ਤਕ ਵੀ ਜਾ ਸਕਦੇ ਹਨ, ਸਗੋਂ ਅਕਸਰ ਜਾਂਦੇ ਹਨ। ਉਪ-ਸਭਿਆਚਾਰਕ ਪੱਖੋਂ ਇਹ ਫਰਕ ਜੇ ਨਿੱਜੀ ਸਨਕਾਂ ਤਕ ਵੀ ਜਾ ਸਕਦੇ ਹਨ, ਤਾਂ ਉਪਭਾਸ਼ਾ ਦੀ ਪੱਧਰ ਉੱਤੇ ਇਹ ਫਰਕ ਨਿੱਜੀ ਭਾਸ਼ਾ ਤਕ ਦੇ ਹੋ ਸਕਦੇ ਹਨ। ਇਹਨਾਂ ਸਾਰੇ ਪੱਖਾਂ ਨੂੰ ਸਮਝਣਾ ਤਾਂ ਸ਼ਬਦ ਦੇ ਅਰਥ ਤਕ ਪਹੁੰਚਣ ਲਈ ਜ਼ਰੂਰੀ ਹੈ ਹੀ, ਪਰ ਇਸ ਪ੍ਰਾਪਤ ਅਰਥ ਨੂੰ ਅਨੁਵਾਦ ਭਾਸ਼ਾ ਵਿਚ ਪ੍ਰਗਟ ਕਰਨਾ ਵੀ ਸਿਖਰ ਦੀ ਰਚਨਾਤਮਿਕਤਾ ਮੰਗਦਾ ਹੈ, ਕਿਉਂਕਿ ਸਰੋਤ ਅਤੇ ਅਨੁਵਾਦ ਵਿਚ ਭਾਸ਼ਾਈ ਪੱਧਰ ਉੱਤੇ ਇਕ ਇਕ ਦੀ ਤਨਾਸਬ ਕਈ ਵੀ ਨਹੀਂ ਮਿਲੇਗੀ।

4. ਉਪਰੋਕਤ ਤਿੰਨਾਂ ਚੀਜ਼ਾਂ ਨੂੰ ਹੀ ਸਮੇਂ ਦੇ ਸਮਾਜ ਵਿਚ ਵਾਪਰਦੇ ਅਮਲ ਨਿਰਧਾਰਿਤ ਕਰ ਰਹੇ ਹੁੰਦੇ ਹਨ, ਜਿਸ ਕਰਕੇ ਇਹਨਾਂ ਅਮਲਾਂ ਦਾ ਗਿਆਨ ਵੀ ਜ਼ਰੂਰੀ ਹੋ ਜਾਂਦਾ ਹੈ। ਕਈ ਵਾਰੀ ਸ਼ਬਦ ਸਿਰਫ਼ ਸਮੇਂ ਦੇ ਸੰਦਰਭ ਵਿਚ ਹੀ ਅਰਥ ਪਾਉਂਦੇ ਹਨ।

5. ਇਸ ਸਭ ਦੇ ਹੁੰਦਿਆਂ ਵੀ, ਫ਼ਲਸਫ਼ੇ ਦਾ ਗਿਆਨ ਅਨੁਵਾਦਕ ਨੂੰ ਉਪਰੋਕਤ ਸਭ ਕਾਸੇ ਦੀ ਤਹਿ ਤਕ ਪਹੁੰਚਣ ਵਿਚ ਸਹਾਈ ਹੁੰਦਾ ਹੈ ਜਦ ਕਿ ਮੰਤਕ ਵਿਚਲੀ ਮੁਹਾਰਤ ਪਾਠ ਦੀ ਅੰਦਰਲੀ ਸੰਰਚਨਾ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ, ਖਾਸ ਕਰਕੇ ਜਦੋਂ ਪਾਠ ਜਟਿਲ ਹੋਵੇ, ਜਾਂ ਉਸ ਵਿਚ ਵਿਰੋਧ ਦਿਖਾਈ ਦਿੰਦੇ ਹੋਣ। ਮੰਤਵ ਦਾ ਸਬੰਧ ਚਿੰਤਨ ਦੇ ਅਮਲ ਨਾਲ ਹੋਣ ਕਰਕੇ ਇਸਦਾ ਪ੍ਰਗਟਾਅ ਵਧੇਰੇ ਕਰਕੇ ਵਿਆਕਰਣ ਵਿਚ ਹੁੰਦਾ ਹੈ, ਜਦ ਕਿ ਦਾਰਸ਼ਨਿਕ ਪਹਿਲੂ ਦਾ ਵਧੇਰੇ ਕਰਕੇ ਸ਼ਬਦ-ਚੋਣ ਨਾਲ ਸਬੰਧ ਮੰਨਿਆਂ ਜਾਂਦਾ ਹੈ।

ਸੋ ਸਰੋਤ-ਭਾਸ਼ਾ ਦੇ ਸ਼ਬਦ ਨੂੰ ਉਪਰੋਕਤ ਪੰਜ ਕੋਨਾਂ ਤੋਂ ਵਿਚਾਰ ਕੇ ਹੀ ਅਨੁਵਾਦ-ਭਾਸ਼ਾ ਵਿਚ ਉਸਦਾ ਨਿਕਟ-ਰੂਪੀ ਜਾਂ ਸਮਰੂਪੀ (ਜੇ ਸਭਿਆਚਾਰਕ ਪਿਛੋਕੜ ਇਕ ਹੋਵੇ ਜਾਂ ਰਲਦਾ-ਮਿਲਦਾ ਹੋਵੇ ਤਾਂ) ਸ਼ਬਦ ਲਭਿਆ ਜਾ ਸਕਦਾ ਹੈ।

ਅਨੁਵਾਦ ਦੇ ਅੰਤਮ-ਸਿੱਟੇ ਨੂੰ ਪ੍ਰਭਾਵਤ ਕਰਨ ਵਾਲੇ ਤੱਥ ਅਨੁਵਾਦਕ ਦੀ ਸ਼ਖ਼ਸੀਅਤ ਦੀ ਬਣਤਰ ਨਾਲ ਸਬੰਧ ਰਖਦੇ ਹਨ, ਖਾਸ ਕਰਕੇ ਉਸਦਾ ਸਭਿਆਚਾਰਕ ਪੱਧਰ, ਸਬੰਧਤ ਖੇਤਰ ਦਾ ਗਿਆਨ, ਭਾਸ਼ਾ ਅਤੇ ਵਿਆਕਰਣ ਦੀ ਪੱਧਰ ਉੱਤੇ ਨਿੱਜੀ ਸਨਕਾਂ, ਮੋਹ ਅਤੇ ਤਰਜੀਹਾਂ ਆਦਿ। ਅਨੁਵਾਦਕ ਦੀ ਸ਼ਖ਼ਸੀਅਤ ਨਾਲ ਸਬੰਧਿਤ ਉਪਰੋਕਤ ਕਿਸਮ ਦੇ ਉਲਾਰ ਤੋਂ ਪੈਦਾ ਹੁੰਦੇ ਅਰਥ-ਅਲੋਪਣ ਅਤੇ ਅਰਥ-



ਵਿਗਾੜ ਨਿਰੋਲ ਗਿਆਨ ਦਿੰਦੇ ਸਾਹਿਤ ਵਿਚ ਬੜੀ ਛੇਤੀ ਪਛਾਣੇ ਜਾਂਦੇ ਹਨ, ਖਾਸ ਕਰਕੇ ਇਸ ਲਈ ਕਿ ਉਹ ਸੰਦਰਭ ਅਤੇ ਮੰਤਵ ਦੀ ਉਲੰਘਣਾ ਕਰ ਰਹੇ ਹੁੰਦੇ ਹਨ, ਅਤੇ ਇਸ ਉਲੰਘਣਾ ਨਾਲ ਗਿਆਨ ਦਿੰਦਾ ਸਾਹਿਤ ਅਰਥਹੀਣ ਹੋ ਜਾਂਦਾ ਹੈ। ਪਰ ਗਲਪ ਵਿਚ ਇਹ ਅਕਸਰ ਰਚਮਿਚ ਜਾਂਦਾ ਹਨ ਜੇ ਭਾਸ਼ਾ ਅਤੇ ਵਿਆਕਰਣ ਦੀ ਪੱਧਰ ਉੱਤੇ ਇਹ ਬਹੁਤਾ ਓਪਰੇਵਾਂ ਪੈਦਾ ਨਾ ਕਰਨ। ਗਲਪ ਵਿਚ ਇਸ ਤਰ੍ਹਾਂ ਦੇ ਵਿਗਾੜ ਲੱਭਣ ਲਈ ਕਈ ਵਾਰੀ ਉਚੇਚਾ ਯਤਨ ਕਰਨਾ ਪੈਂਦਾ ਹੈ ਅਤੇ ਸਾਧਾਰਨ ਪਾਠਕ ਲਈ ਇਹ ਬਹੁਤੀ ਮਹੱਤਤਾ ਵੀ ਨਹੀਂ ਰਖਦੇ, ਕਿਉਂਕਿ ਉਸਦੀ ਰੁਚੀ ਸਾਹਿਤ ਮਾਣਨ ਦੀ ਹੁੰਦੀ ਹੈ, ਉਸਦੇ ਠੀਕ ਜਾਂ ਗ਼ਲਤ ਹੋਣ ਬਾਰੇ ਜਾਣਨ ਦੀ ਨਹੀਂ। ਪਰ ਇਸ ਤੱਥ ਕਾਰਨ ਅਸੀਂ ਸਰੋਤ-ਪਾਠ ਵੱਲ ਵਫਾਦਾਰੀ ਨੂੰ ਨਹੀਂ ਤਿਆਗ ਸਕਦੇ, ਜੋ ਕਿ ਅੰਤਮ ਵਿਸ਼ਲੇਸ਼ਣ ਵਿਚ ਫਿਰ ਵੀ ਉੱਚਾ ਮੁੱਲ ਰੱਖੇਗੀ।

ਉਪ੍ਰੋਕਤ ਸਾਰੀ ਬਹਿਸ ਦੀ ਵਿਵਹਾਰਕ ਪੱਧਰ ਉੱਤੇ ਵਿਆਖਿਆ ਲਈ ਅਸੀਂ ਚੈਖਵ ਦੇ ਨਾਵਲੈੱਟ 'ਤਿੰਨ ਵਰ੍ਹੇ' ਵਿਚੋਂ ਇਕ ਪੈਰਾ ਲਵਾਂਗੇ। ਇਹ ਪੈਰਾ ਚੁਣਨ ਦਾ ਕਾਰਨ ਸਿਰਫ਼ ਇਹ ਹੈ ਕਿ ਇਹ ਸਹਿਜੇ ਹੱਥ ਲੱਗ ਗਿਆ ਹੈ, ਕੋਈ ਖਾਸ ਉਚੇਚ ਨਾਲ ਨਹੀਂ ਚੁਣਿਆ ਗਿਆ, ਨਾ ਹੀ ਇਸ ਪੈਰੇ ਦੇ ਵਿਸ਼ਲੇਸ਼ਣ ਤੋਂ ਨਿਕਲਦੇ ਸਿੱਟੇ ਇਸਦੇ ਅਨੁਵਾਦਕ ਦਾ ਸਮੁੱਚਾ ਮੁਲਾਂਕਣ ਸਮਝੇ ਜਾਣੇ ਚਾਹੀਦੇ ਹਨ। ਇਹ ਪੈਰਾ ਇਸ ਪ੍ਰਕਾਰ ਹੈ-

*"ਉਹਨੂੰ ਉਡੀਕਦਿਆਂ ਘੰਟੇ ਤੋਂ ਵੱਧ ਹੋ ਗਿਆ ਸੀ ਤੇ ਉਹਦੀਆਂ ਸੋਚਾਂ ਆਪਣੇ ਮਾਸਕੋ ਦੇ ਫਲੈਟ, ਆਪਣੇ ਮਾਸਕੋ ਦੇ ਦੋਸਤਾਂ, ਆਪਣੇ ਨੌਕਰ ਪਿਉਤਰ ਤੇ ਆਪਣੇ ਲਿਖਣ-ਪੜ੍ਹਨ ਦੇ ਕਮਰੇ ਦੇ ਮੇਜ਼ ਵੱਲ ਪਰਤ ਗਈਆਂ ਸਨ। ਉਹਨੇ ਹਨੇਰੇ ਅਹਿੱਲ ਰੁੱਖਾਂ ਵੱਲ ਨੀਝ ਲਾ ਤੱਕਿਆ, ਇਹ ਸੋਚਦਿਆਂ ਕਿ ਕਿੱਡੀ ਅਜੀਬ ਗੱਲ ਸੀ, ਸਕੋਲਨਿਕੀ ਵਿਚ ਕੋਈ ਹੁਨਾਲ ਘਰ ਕਿਰਾਏ ਉਤੇ ਲੈਣ ਦੀ ਥਾਂ ਉਹ ਇਕ ਸੂਬਾਈ ਸ਼ਹਿਰ ਵਿਚ ਰਹਿ ਰਿਹਾ ਸੀ, ਜਿੱਥੇ ਸਵੇਰੇ ਸ਼ਾਮ ਸਿੰਗਾਂ ਦੀ ਆਵਾਜ਼ ਸੁਣ ਲੰਘਦੇ ਡੰਗਰ ਧੂੜ ਦੇ ਬੱਦਲ ਉਡਾਉਂਦੇ ਸਨ। ਉਹਦੀਆਂ ਸੋਚਾਂ ਮਾਸਕੋ ਦੇ ਦੋਸਤਾਂ ਨਾਲ ਇਸ ਅਮੁਕਵੀਂ ਬਹਿਸ ਵੱਲ ਪਰਤ ਗਈਆਂ ਸਨ ਕਿ ਕੀ ਪਿਆਰ ਤੋਂ ਬਿਨਾਂ ਜੀਵਿਆ ਜਾ ਸਕਦਾ ਸੀ ਜਾਂ ਨਹੀਂ, ਕੀ ਪਿਆਰ ਕੋਈ ਮਾਨਸਕ ਰੋਗ ਸੀ ਤੇ ਅਖੀਰ ਇਹ ਕਿ ਕੀ ਪਿਆਰ ਨਾਂ ਦੀ ਚੀਜ਼ ਹੀ ਕੋਈ ਨਹੀਂ ਸੀ, ਸਿਰਫ਼ ਲਿੰਗਾਂ ਦੀ ਸਰੀਰਕ ਖਿੱਚ ਸੀ ਇਤਿਆਦਿ। ਤੇ ਉਹਨੇ ਉਦਾਸੀ ਨਾਲ ਸੋਚਿਆ, ਜੇ ਹੁਣ ਕੋਈ ਉਹਨੂੰ ਪਿਆਰ ਬਾਰੇ ਪੁੱਛੇ, ਉਹਨੂੰ ਕਹਿਣ ਨੂੰ ਕੁਝ ਨਹੀਂ ਅਹੁੜਨ ਲੱਗਾ।*

*(ਅ. ਪਾ. ਚੈਖਵ, ਤਿੰਨ ਵਰ੍ਹੇ, ਨਵਯੁਗ, ਦਿੱਲੀ, 1974, ਸ.)*

ਜਿਵੇਂ ਕਿ ਅਸੀਂ ਉਪਰ ਕਿਹਾ ਹੈ, ਅਨੁਵਾਦ ਸਭ ਤੋਂ ਪਹਿਲੀ ਥਾਂ ਅਨੁਵਾਦ-ਭਾਸ਼ਾ ਦੇ ਸੁਭਾਅ ਦੇ ਅਨੁਕੂਲ ਹੋਣਾ ਚਾਹੀਦਾ ਹੈ। ਸਮੁੱਚੀ ਸ਼ਬਦਾਵਲੀ ਨਿਰੋਲ ਪੰਜਾਬੀ ਹੋਣ ਦੇ ਬਾਵਜੂਦ ਉਪਰੋਕਤ ਪੈਰਾ ਪਹਿਲੀ ਨਜ਼ਰੇ ਹੀ ਕੁਝ ਅੱਖੜਦਾ ਹੈ, ਅਤੇ ਜੇ ਗਹੁ ਨਾਲ ਵੇਖੀਏ ਤਾਂ ਇਸ ਵਿਚ ਬਹੁਤ ਕੁਝ ਐਸਾ ਨਿਕਲ ਆਏਗਾ ਜਿਹੜਾ ਪੰਜਾਬੀ ਲਈ ਲੁਭਾਵਕ ਨਹੀਂ। ਸ਼ਬਦਾਂ ਦੀ ਪੱਧਰ ਉੱਤੇ ਬਿਲਕੁਲ ਪਹਿਲਾ ਸ਼ਬਦ 'ਉਹਨੂੰ ਅਸਪਸ਼ਟ ਪੜਨਾਂਵ ਹੈ, ਜਿਹੜਾ ਵਾਕ ਅਨੁਸਾਰ ਕਰਤਾ ਲਈ ਵੀ ਆ ਸਕਦਾ ਹੈ, ਕਰਮ ਲਈ ਵੀ। ਇਹੀ ਅਸ਼ਪਸ਼ਟਤਾ ਵਾਕ ਦੇ ਅਗਲੇ ਹਿੱਸੇ ਵਿਚ ਹੈ, ਜਿਸ ਵਿਚ ਗ਼ਲਤ ਵਿਆਕਰਣ ਵਾਕ-ਬਣਤਰ ਕਾਰਨ ਫਲੈਟ ਅਤੇ ਦੋਸਤ ਮਾਸਕੋ ਦੇ ਹੋ ਗਏ ਹਨ ਅਤੇ ਮਾਸਕੋ ਆਪਣਾ ਹੋ ਗਿਆ ਹੈ। 'ਲਿਖਣ ਪੜ੍ਹਨ ਦੇ ਕਮਰੇ ਦਾ ਮੇਜ਼' ਇਕ ਓਪਰਾ ਵਾਕੰਸ਼ ਹੈ। 'ਨੀਝ ਲਾ ਤੱਕਿਆ' ਵਿਚ ਇਕ ਸਕਤਾ ਹੈ (ਜੇ ਕਾਵਿ-ਆਲੋਚਨਾ ਤੋਂ ਸ਼ਬਦ ਹੁਦਾਰਾ ਲਿਆ ਜਾ ਸਕੇ ਤਾਂ !) ਅਨੁਵਾਦਕ ਸਬੰਧਕ ਨੂੰ ਖਾ ਗਿਆ ਹੈ। ਇਹ ਰੁਚੀ ਅੱਗੇ ਜਾ ਕੇ ਕੁਝ ਹੋਰ ਵਾਕਾਂ ਵਿਚ ਵੀ ਦਿੱਸਦੀ ਹੈ 'ਆਵਾਜ਼ ਸੁਣ ਲੰਘਦੇ' ਜਾਂ ਆਖਰੀ ਵਾਕ ਵਿਚ ਸੰਯੋਜਨ ਗੁੰਮ ਹੈ। ਇਹ ਭਾਸ਼ਾ-ਸੰਜਮ ਲੇਖਕ ਦੀ ਸਨਕ ਦਾ ਸਿੱਟਾ ਹੈ, ਜੋ ਵਾਕਾਂ ਦੀ ਸੁਭਾਵਿਕਤਾ ਨੂੰ ਭੰਗ ਹੀ ਕਰਦਾ ਹੈ, ਜਦ ਕਿ ਅਰਥ ਕੋਈ ਨਹੀਂ ਸਾਰਦਾ। ਸਾਰੇ ਪੈਰੇ ਵਿਚ Driect ਅਤੇ Indirect

Speech ਦੀ ਵਰਤੋਂ ਪੰਜਾਬੀ ਦੇ ਸੁਭਾਅ ਅਨੁਸਾਰ ਨਹੀਂ। 'ਹੁਨਾਲ ਘਰ', 'ਸੂਬਾਈ ਸ਼ਹਿਰ' ਲਫ਼ਜ਼-ਬਲਫਜ਼ ਅਨੁਵਾਦ ਹਨ, ਜਿਹੜੇ ਪੰਜਾਬੀ ਲਈ ਕੋਈ ਅਰਥ ਨਹੀਂ ਰੱਖਦੇ। ਇਹਨਾਂ ਦਾ ਸਬੰਧ ਰੂਸ ਦੇ ਸਮਾਜਕ ਅਤੇ ਪ੍ਰਸ਼ਾਸ਼ਨੀ ਜੀਵਨ ਨਾਲ ਹੈ। 'ਹੁਨਾਲ ਘਰ' ਦੀ ਥਾਂ ਅਨੁਵਾਦ ਵਿਚ ਮੂਲ ਸ਼ਬਦ 'ਦਾਚਾ' ਦੇ ਫੁਟ ਨੋਟ ਵਿਚ ਵਿਆਖਿਆ ਕੀਤੀ ਜਾ ਸਕਦੀ ਸੀ। ਇਸੇ ਤਰ੍ਹਾਂ 'ਸੂਬਾਈ ਸ਼ਹਿਰ' ਰੂਸੀ, ਦੇ ਪ੍ਰੋਵਿਨਸੀਆਲਨੀ ਗੋਰਦ' ਦਾ ਤਰਜਮਾ ਹੈ, ਜਿਸਦਾ ਅਨੁਵਾਦ ਸ਼ਬਦਾਂ ਦੀ ਨੇੜਤਾ ਕਾਰਨ ਅੰਗਰੇਜ਼ੀ ਵਿਚ ਪ੍ਰਾਵਿਨਸ਼ਲ ਟਾਊਨ' ਕਰ ਦਿੱਤਾ ਜਾਂਦਾ ਹੈ, ਪਰ ਪੰਜਾਬੀ ਵਿਚ 'ਸੂਬਾਈ ਸ਼ਹਿਰ' ਦਾ ਕੋਈ ਸੰਕਲਪ ਨਹੀਂ ਜਿਹੜਾ ਮੂਲ ਦੇ ਅਰਥਾਂ ਨਾਲ ਮੇਲ ਖਾਂਦਾ ਹੋਵੇ। ਨੇੜੇ ਤੋਂ ਨੇੜੇ ਦਾ ਸ਼ਬਦ 'ਕਸਬਾ' ਹੈ। 'ਸਿੰਗਾਂ ਦੀ ਆਵਾਜ਼' ਫਿਰ ਅਸਪਸ਼ਟ ਵਾਕੰਸ ਹੈ। ਇਸ ਤੋਂ 'ਸਿੰਗ' ਦਾ ਸੰਕੇਤ ਤਾਂ ਮਿਲਦਾ ਹੈ, ਪਰ ਉਸ ਸਾਜ਼ ਦਾ ਨਹੀਂ, ਜਿਹੜਾ ਇਸਦਾ ਮਤਲਬ ਹੈ। ਉਪਰੋਕਤ ਤਿੰਨਾਂ ਅਰਥ-ਵਿਗਾੜਾਂ ਦੀ ਬੁਨਿਆਦ ਸਭਿਆਚਾਰਕ ਵਖਰੇਵੇਂ ਵਿਚ ਹੈ। 'ਲਿੰਗਾਂ ਦੀ ਸਰੀਰਕ ਖਿੱਚ' ਫਿਰ ਇਕ ਅਰਥਹੀਣ ਵਾਕੰਸ਼ ਹੈ, ਜੋ ਕਿ ਸ਼ਾਬਦਿਕ ਅਨੁਵਾਦ ਦਾ ਸਿੱਟਾ ਹੈ।

ਉਪ੍ਰੋਕਤ ਪੈਰਾ ਕਿਸੇ ਪਾਤਰ ਦੀ ਐਸੀ ਮਨੋਦਿਸ਼ਾ ਨੂੰ ਪੇਸ਼ ਕਰਦਾ ਹੈ ਜਦੋਂ ਉਹ ਕਿਸੇ ਭਾਵਕ ਸੰਕਟ ਵਿਚ ਹੁੰਦਾ ਹੈ ਅਤੇ ਸ੍ਵੈ-ਪਛਾਣ ਦੇ ਅਮਲ ਵਿਚੋਂ ਲੰਘ ਰਿਹਾ ਹੈ। ਇਸ ਅਵਸਥਾ ਦਾ ਅਸਰ ਉਸਦੇ ਸ਼ਬਦਾਂ ਅਤੇ ਅਮਲਾਂ ਉਪਰ ਪ੍ਰਤੱਖ ਹੋਣਾ ਚਾਹੀਦਾ ਹੈ।

ਅਤੇ ਸਭ ਤੋਂ ਵੱਡੀ ਗੱਲ ਕਿ ਮੂਲ-ਪਾਠ ਦਾ ਲੇਖਕ ਚੈਖਵ ਹੈ, ਜਿਹੜਾ ਸਰਲ ਸਾਧਾਰਨ ਭਾਸ਼ਾ ਵਰਤਦਿਆਂ ਮਧਮ ਸੁਰ ਵਿਚ ਪ੍ਰਭਾਵ-ਪੂਰਨ ਵਰਨਣ ਕਰਨ ਦਾ ਮਾਹਰ ਹੈ। ਵਿਅੰਗ ਉਸਦਾ ਹਥਿਆਰ ਹੈ ਪਰ ਨਿਰਦੈਤਾ ਨਹੀਂ ਸਗੋਂ ਮਾਨਵਵਾਦ ਉਸਦੀ ਪਛਾਣ ਹੈ। ਉਹ ਹਲਕਾ ਹਲਕਾ ਮੁਸਕਰਾਉਂਦਾ ਹੋਇਆ ਪਾਤਰਾਂ ਅਤੇ ਘਟਨਾਵਾਂ ਦਾ ਪਾਜ ਉਘਾੜੀ ਜਾਂਦਾ ਹੈ। ਚੈਖਵ ਦੀ ਇਸ ਸ਼ੈਲੀ ਦੇ ਲੱਛਣ ਇਸ ਪੈਰੇ ਵਿਚ ਵੀ ਦਿਸਦੇ ਹਨ, ਪਰ ਅਨੁਵਾਦ ਵਿਚ ਉਹ ਉਚਿਤ ਤਰ੍ਹਾਂ ਪ੍ਰਗਟ ਨਹੀਂ ਹੋ ਸਕੇਗਾ।

ਉਪ੍ਰੋਕਤ ਸਾਰੀਆਂ ਗੱਲਾਂ ਅਨੁਵਾਦ ਵਿਚ ਪੈਦਾ ਹੋਈਆਂ ਕਿਸੇ ਨਾ ਕਿਸੇ ਪੱਧਰ ਦੀਆਂ ਮੰਤਵੀ ਅਜੋੜਤਾਵਾਂ ਹਨ, ਜਿਨ੍ਹਾਂ ਤੋਂ ਬਚਿਆ ਜਾ ਸਕਦਾ ਸੀ।

ਇਹ ਅਨੁਵਾਦ ਮੂਲ ਰੂਸੀ ਤੋਂ ਨਹੀਂ ਸਗੋਂ ਅੰਗਰੇਜ਼ੀ ਤੋਂ ਕੀਤਾ ਗਿਆ ਹੈ ਅਤੇ ਉਪਰੋਕਤ ਅਜੋੜਤਾਵਾਂ ਦਾ ਸੋਮਾ ਵੀ ਕਾਫ਼ੀ ਹੱਦ ਤਕ ਅੰਗਰੇਜ਼ੀ ਪਾਠ ਵਿਚੋਂ ਖਾਸ ਕਰਕੇ ਉਸਦੇ ਸਾਬਦਿਕ ਅਨੁਵਾਦ ਵਿਚੋਂ ਲੱਭਿਆ ਜਾ ਸਕਦਾ ਹੈ।

ਹੁਣ ਜੇ ਇਸ ਪੈਰੇ ਦਾ ਇਸਦੇ ਮੂਲ ਰੂਸੀ ਪਾਠ ਤੋਂ ਅਨੁਵਾਦ ਕੀਤਾ ਜਾਏ ਤਾਂ ਇਹ ਲਗਭਗ ਇਸ ਪ੍ਰਕਾਰ ਹੋਵੇਗਾ-

"ਉਹ ਡੇਢ ਕੁ ਘੰਟੇ ਤੋਂ ਉਥੇ ਬੈਠਾ ਸੀ, ਅਤੇ ਉਸਦੇ ਖਿਆਲਾਂ ਵਿਚ ਉਸ ਵੇਲੇ ਮਾਸਕੋ ਵਿਚਲੇ ਆਪਣੇ ਫਲੈਟ ਦੇ, ਮਾਸਕੋਵਾਸੀ ਮਿੱਤਰਾਂ ਦੇ, ਨੌਕਰ ਪਿਓਤਰ ਦੇ, ਲਿਖਣ ਪੜ੍ਹਨ ਵਾਲੇ ਮੇਜ਼ ਦੇ ਚਿਤ੍ਰ ਘੁੰਮ ਰਹੇ ਸਨ, ਉਹ ਗੁਆਚੀਆਂ ਗੁਆਚੀਆਂ ਨਜ਼ਰਾਂ ਨਾਲ ਹਨੇਰ, ਅਹਿੱਲ ਦਰਖਤਾਂ ਵੱਲ ਦੇਖਣ ਲਗਾ, ਅਤੇ ਉਸਨੂੰ ਇਹ ਗੱਲ ਵਿਚਿਤ੍ਰ ਲੱਗੀ ਕਿ ਉਹ ਇਸੇ ਵੇਲੇ ਸੋਕੋਲਨਿਕੀ ਦੇ ਕਿਸੇ ਦਾਚੇ ਵਿਚ ਨਹੀਂ ਸੀ ਰਹਿ ਰਿਹਾ ਸਗੋਂ ਇਕ ਕਸਬੇ ਵਿਚ ਰਹਿ ਰਿਹਾ ਹੈ, ਐਸੇ ਘਰ ਵਿਚ ਜਿਸਦੇ ਕੋਲੋਂ ਦੀ ਹਰ ਰੋਜ਼ ਸਵੇਰੇ ਅਤੇ ਸ਼ਾਮ ਬਿਗਲ ਵਜਾਉਂਦੇ ਹੋਏ ਆਜੜੀ ਵੱਡੇ ਵੱਡੇ ਇੱਜੜਾਂ ਨੂੰ ਹੱਕ ਕੇ ਲਿਜਾਂਦੇ ਹਨ ਅਤੇ ਇਸ ਤਰ੍ਹਾਂ ਧੂੜ ਦੇ ਭਿਆਨਕ ਬੱਦਲ ਬਣਾ ਦੇਂਦੇ ਹਨ। ਉਸਨੂੰ ਮਾਸਕੋ ਵਿਚਲੀ ਗੱਪ-ਸ਼ੱਪ ਯਾਦ ਆਈ, ਜਿਹੜੀ ਕਿੰਨੀ ਕਿੰਨੀ ਦੇਰ ਤਕ ਚਲਦੀ ਰਹਿੰਦੀ ਸੀ ਅਤੇ ਜਿਸ ਵਿਚ ਅਜੇ ਕੁਝ ਹੀ ਸਮਾਂ ਪਹਿਲਾਂ ਤਕ ਉਹ ਆਪ ਵੀ ਹਿੱਸਾ ਲੈਂਦਾ ਹੁੰਦਾ ਸੀ ਇਹ ਗੱਪ-ਸ਼ਪ ਇਸ ਗੱਲ ਬਾਰੇ ਹੁੰਦੀ ਸੀ, ਮੁਹੱਬਤ ਤੋਂ ਬਿਨਾਂ ਵੀ ਜੀਵਿਆ ਜਾ ਸਕਦਾ ਹੈ ਕਿ ਤੀਬਰ ਪਿਆਰ ਇਕ ਪਾਗਲਪਨ ਹੈ ਅਤੇ ਆਖਰੀ ਗੱਲ, ਕਿ ਪਿਆਰ ਨਾਂ



ਦੀ ਕੋਈ ਚੀਜ਼ ਨਹੀਂ ਅਤੇ ਜੇ ਕੁਝ ਹੈ ਤਾਂ ਉਹ ਹੈ ਸਿਰਫ ਔਰਤ-ਮਰਦ ਦੀ ਸਰੀਰਕ ਖਿੱਚ, ਵਗੈਰਾ ਵਗੈਰਾ।

ਉਸਨੂੰ ਇਹ ਸਭ ਕੁਝ ਯਾਦ ਆਇਆ ਅਤੇ ਉਦਾਸ ਹੋ ਕੇ ਉਹ ਸੋਚਣ ਲਗ ਪਿਆ ਕਿ ਜੇ ਕਿਤੇ ਉਸਨੂੰ ਹੁਣ ਪੁੱਛ ਲਵੇ ਕਿ ਪਿਆਰ ਕੀ ਹੁੰਦਾ ਹੈ, ਤਾਂ ਉਸਨੂੰ ਕੁਝ ਨਾ ਅਹੁੜੇ ਕਿ ਕੀ ਜਵਾਬ ਦੇਣਾ ਹੈ।"

ਭਾਸ਼ਾ-ਸੰਜਮ ਅਤੇ ਵਿਸਥਾਰ ਉਪਰੋਕਤ ਅਨੁਵਾਦ ਵਿਚ ਵੀ ਲਿਆਂਦਾ ਗਿਆ ਹੈ, ਪਰ ਮੂਲ-ਭਾਸ਼ਾ ਦੇ ਅਰਥਾਂ ਅਤੇ ਅਨੁਵਾਦ ਭਾਸ਼ਾ ਦੇ ਸੁਭਾਅ ਦੀ ਕੀਮਤ ਉੱਤੇ ਨਹੀਂ, ਸਗੋਂ ਉਹਨਾਂ ਦੀ ਖਾਤਰ। ਇਸ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਅਨੁਵਾਦ ਜਿੰਨਾਂ ਮੂਲ-ਪਾਠ ਤੋਂ ਦੂਰ ਜਾਈ ਜਾਂਦਾ ਹੈ, ਓਨਾ ਹੀ ਉਸ ਵਿਚ ਅਰਥ ਵਿਗਾੜ ਵਧੀ ਜਾਂਦਾ ਹੈ।

ਅਨੁਵਾਦ ਵਿਚਲੇ ਅਰਥ-ਵਿਗਾੜਾਂ ਦੀਆਂ ਅਤੇ ਪੰਜਾਬੀ ਦੇ ਸੁਭਾਅ ਦੇ ਅਨੁਕੂਲ ਨਾ ਹੋਣ ਦੀਆਂ ਮਿਸਾਲਾ ਹੋਰ ਵੀ ਬਹੁਤ ਲਈਆਂ ਜਾ ਸਕਦੀਆਂ ਹਨ, ਅਤੇ ਉਹਨਾਂ ਦਾ ਸੋਮਾ ਵੀ ਸਰੋਤ-ਭਾਸ਼ਾ, ਸਭਿਆਚਾਰ, ਲੇਖਕ ਦੀ ਸ਼ੈਲੀ, ਪਾਤਰਾਂ ਦੀ ਨਿਵੇਕਲਤਾ, ਸਮੇਂ ਤੇ ਸਮਾਜ ਦੇ ਸੰਦਰਭ, ਫ਼ਲਸਫ਼ੇ ਅਤੇ ਮੰਤਵ ਸਬੰਧੀ ਅਧੂਰੇ ਜਾਂ ਗਲਤ ਗਿਆਨ ਵਿਚ ਲਭਿਆ ਜਾ ਸਕਦਾ ਹੈ। ਜੇ ਸਿਰਫ ਇਕ ਹੋਰ ਉਦਾਹਰਣ ਲੈਣੀ ਹੋਵੇ, ਤਾਂ ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਤ ਚਾਰਲਸ ਡਿਕਨਜ਼ ਦੇ ਨਾਵਲ 'ਡੇਵਿਡ ਕਾਪਰਫੀਲਡ' ਦੀ ਲਈ ਜਾ ਸਕਦੀ ਹੈ।

ਪਤਾ ਨਹੀਂ ਕਿੰਨਾਂ ਕੁ ਸੁਭਾਵਕ ਲੱਗੇ ਜੇ ਅਸੀਂ ਪੰਜਾਬੀ ਵਿਚ ਕਿਸੇ ਨੂੰ ਹੇਠ ਲਿਖੇ ਵਾਕ ਬੋਲਦਿਆਂ ਸੁਣੀਏ,

*"ਤਦ ਤੇਰੀ ਕਿਵੇਂ ਜੁਰੱਤ ਪੈ ਸਕਦੀ", ਮੇਰੀ ਮਾਂ ਕਹਿਣ ਲਗੀ, "ਤੂੰ ਜਾਣਦੀ ਹੈਂ ਕਿ ਮੇਰਾ ਇਹ ਭਾਵ ਨਹੀਂ ਕਿ ਪੇਗੋਟੀ ਤੂੰ ਕਿਵੇਂ ਜੁਰੱਤ ਕਰ ਸਕਦੀ ਹੈਂ। ਪਰ ਇਹੋ ਜਿਹੀਆਂ ਕੌੜੀਆਂ ਗੱਲਾਂ ਆਖਣ ਦਾ ਅਤੇ ਮੈਨੂੰ ਏਡਾ ਬੇ ਆਰਾਮਾ ਬਣਾਉਣ ਦਾ ਤੇਰਾ ਦਿਲ ਕਿਵੇਂ ਕੀਤਾ? ਤੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਸ ਥਾਂ ਤੋਂ ਬਾਹਰ ਮੇਰਾ ਕੋਈ ਇਕ ਮਿੱਤਰ ਤਕ ਵੀ ਨਹੀਂ ਜਿਸ ਵੱਲ ਮੈਂ ਜਾਂਦੀ ਹਾਂ?" (ਸ. 25)*

ਜਾਂ ਫਿਰ ਕਿਸੇ ਮਾਂ ਨੂੰ ਆਪਣੇ ਬੱਚੇ ਵੱਲ ਇੰਝ ਸੰਬੋਧਿਤ ਹੁੰਦਿਆਂ ਸੁਣੀਏ-

*"ਤੇ ਮੇਰੇ ਪਿਆਰੇ ਬੱਚੇ," ਮੇਰੀ ਮਾਂ ਆਰਾਮ ਕੁਰਸੀ ਕੋਲ ਆਉਂਦੀ ਹੋਈ ਜਿਸ ਵਿਚ ਮੈਂ ਬੈਠਾ ਹੋਇਆ ਸਾਂ, ਅਤੇ ਮੈਨੂੰ ਪਿਆਰ ਕਰਦਿਆਂ ਹੋਇਆਂ ਕਹਿਣ ਲੱਗੀ, "ਮੇਰਾ ਆਪਣਾ ਨਿੱਕਾ ਜਿਹਾ ਡੇਵੀ" ਕੀ ਮੇਰੇ ਵੱਲ ਇਸ਼ਾਰਾ ਕੀਤਾ ਜਾ ਰਿਹਾ ਹੈ, ਕਿ ਮੇਰਾ ਆਪਣੇ ਪਿਆਰੇ ਖਜ਼ਾਨੇ ਵੱਲ ਪਿਆਰ ਘੱਟ ਹੈ, ਮੇਰਾ ਸਭ ਤੋਂ ਨਿੱਕਾ ਪਿਆਰਾ ਜਿਹਾ ਬੱਚਾ ਜਿਹੜਾ ਕਦੇ ਵੀ ਹੋਇਆ ਹੈ।"*

ਇਹ ਸਾਰਾ ਨਿਰੋਲ ਅਨੁਵਾਦ ਹੈ, ਜਿਸ ਦਾ ਅਨੁਵਾਦ-ਭਾਸ਼ਾ ਦੀ ਸੁਭਾਵਕਤਾ ਨਾਲ ਕੋਈ ਵਾਸਤਾ ਨਹੀਂ। ਇਸ ਤੋਂ ਛੁੱਟ, ਸਰੋਤੇ-ਭਾਸ਼ਾ ਵਿਚਲੇ ਸ਼ਬਦਾਂ ਅਤੇ ਵਾਕੰਸ਼ਾਂ ਦੇ ਅਰਥਾਂ ਨੂੰ ਵੀ ਜਾਂ ਸਮਝਿਆ ਨਹੀਂ ਗਿਆ ਜਾਂ ਮੂਲ-ਪਾਠ ਵਿਚ ਲੁਪਤ ਸੂਖਮ ਅਰਥ-ਭੇਦਾਂ ਨੂੰ ਨਿਖੇੜਿਆ ਨਹੀਂ ਗਿਆ। ਉਦਾਹਰਣ ਵਜੋਂ, out of this place ਦਾ ਅਰਥ 'ਇਸ ਥਾਂ ਤੋਂ ਬਾਹਰ' ਨਹੀਂ ਸਗੋਂ 'ਇਸ ਥਾਂ' ਹੈ, turn to ਦਾ ਅਰਥ (ਕਿਸੇ) ਵੱਲ ਜਾਣਾ ਨਹੀਂ। dearest little fellow ਦਾ 'ਸਭ ਤੋਂ ਨਿੱਕਾ ਪਿਆਰਾ ਬੱਚਾ' ਨਾ ਸਿਰਫ ਮੂਲ ਅਰਥਾਂ ਤੋਂ ਲਾਂਭੇ ਹੀ ਜਾਂਦਾ ਹੈ, ਸਗੋਂ ਹੋਰ ਵੀ 'ਨਿੱਕੇ ਪਿਆਰੇ ਬੱਚੇ' ਹੋਣ ਦੀ ਸੰਭਾਵਨਾ ਵੱਲ ਸੰਕੇਤ ਕਰਦਾ ਹੈ, ਆਦਿ।

ਡਿਕਨਜ਼ ਦਾ ਅਨੁਵਾਦ ਚੈਖਵ ਨਾਲੋਂ ਵੀ ਮੁਸ਼ਕਲ ਹੈ, ਜਿਸਦਾ ਇਕ ਵੱਡਾ ਕਾਰਨ ਉਸ ਵਲੋਂ ਭਾਸ਼ਾ ਦੀ ਨਿਰੋਲ ਨਿੱਜੀ ਵਰਤੋਂ ਹੈ, ਜਿਹੜੀ ਕਈ ਵਾਰੀ ਸਥਾਪਤ ਸ਼ਬਦ-ਅਰਥਾਂ ਅਤੇ ਵਿਆਕਰਣ ਨਿਯਮਾਂ ਤੋਂ ਲਾਂਭੇ ਜਾਂਦੀ ਹੈ। ਸ਼ੈਲੀ, ਪਲਾਟ, ਪਾਤਰ ਉਸਾਰੀ ਦੇ ਪੱਖੋਂ ਉਹ ਇਸ ਤੋਂ ਕੰਮ ਲੈਂਦਾ ਹੈ, ਉਸ ਵੱਲੋਂ ਨਿੱਜੀ ਉਪ-ਭਾਸ਼ਾ ਦੀ ਵਰਤੋਂ ਜਾਂ ਬੋਲ-ਚਾਲ ਦੀ ਭਾਸ਼ਾ ਦੀ ਵਰਤੋਂ ਅੰਗਰੇਜ਼ੀ ਵਿਚ ਸੁਭਾਵਕਤਾ

ਲੈ ਆਉਂਦੀ ਹੈ। ਪਰ ਅਨੁਵਾਦ ਲਈ ਸਮੱਸਿਆ ਖੜ੍ਹੀ ਕਰ ਦਿੰਦੀ ਹੈ। "No body never went and hinted no such a thing," ਦਾ ਪੰਜਾਬੀ ਅਨੁਵਾਦ ਲਗਭਗ ਅਸੰਭਵ ਹੈ।

ਵਿਹਾਰਕ ਪੱਧਰ ਉੱਤੇ ਗਲਪ ਦੇ ਅਨੁਵਾਦ ਵਿਚ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਅਨੁਵਾਦਕ ਵਲੋਂ ਸਮਾਧਾਨ ਦੀ ਮੰਗ ਕਰਦੀਆਂ ਹਨ। ਉਦਾਹਰਣ ਵਜੋਂ, ਜਿਵੇਂ ਉਪਰ ਸੰਕੇਤ ਕੀਤਾ ਗਿਆ ਹੈ, ਮੂਲ-ਪਾਠ ਵਿਚ ਉਪ-ਭਾਸ਼ਾ ਅਤੇ ਨਿੱਜੀ ਭਾਸ਼ਾ ਦੀ ਵਰਤੋਂ ਨੂੰ ਅਨੁਵਾਦ ਵਿਚ ਕਿਵੇਂ ਲਿਆਉਣਾ ਹੈ, ਹਰ ਭਾਸ਼ਾ ਵਿਚ ਬਹੁਤ ਸਾਰੇ ਸ਼ਬਦ ਐਸੇ ਹੁੰਦੇ ਹਨ ਜਿਨ੍ਹਾਂ ਦਾ ਸੰਦਰਭ ਤੋਂ ਬਾਹਰ ਕੋਈ ਅਰਥ ਨਹੀਂ ਹੁੰਦਾ, ਵਾਕ ਵਿਚ ਵੀ ਉਹਨਾਂ ਦੀ ਵਰਤੋਂ ਸਿਰਫ ਬਲ ਦੇਣ ਲਈ ਜਾਂ ਸਕਤਾ ਤੋੜਨ ਲਈ ਜਾਂ ਲਮਕਾਅ ਲਈ ਜਾਂ ਨਿਰੰਤਰਤਾ ਕਾਇਮ ਰੱਖਣ ਲਈ ਕੀਤੀ ਜਾਂਦੀ ਹੈ। ਇਹੋ ਜਿਹੇ ਸ਼ਬਦਾਂ ਦਾ ਕਿਵੇਂ ਅਨੁਵਾਦ ਕੀਤਾ ਜਾਏ? ਹਰ ਭਾਸ਼ਾ ਵਿਚਲੇ ਵਿਸਮਿਕ ਵਾਕਾਂ, ਗਾਲਾਂ, ਲਾਹਣਤਾਂ, ਅਸੀਸਾਂ, ਬਦਸੀਸਾਂ ਦਾ ਅਨੁਵਾਦ ਵੀ ਇਸੇ ਤਰ੍ਹਾਂ ਦੀ ਸਮੱਸਿਆ ਪੇਸ਼ ਕਰਦਾ ਹੈ। ਅਖਾਣ ਅਤੇ ਮੁਹਾਵਰੇ ਹਰ ਸਭਿਆਚਾਰ ਦੀ ਆਪਣੀ ਨਿਵੇਕਲਤਾ ਨੂੰ ਪੇਸ਼ ਕਰਦੇ ਹਨ, ਕੀ ਇਹਨਾਂ ਨੂੰ ਦੂਜੀ ਭਾਸ਼ਾ ਵਿਚ ਲਿਆਉਣਾ ਸੰਭਵ ਅਤੇ ਜ਼ਰੂਰੀ ਹੈ?

ਇਕ ਹੋਰ ਵੱਡੀ ਸਮੱਸਿਆ ਇਹ ਹੈ ਕਿ ਸਰੋਤ ਭਾਸ਼ਾ ਦੇ ਵਿਅਕਤੀਆਂ ਅਤੇ ਥਾਵਾਂ ਦੇ ਨਾਵਾਂ ਨੂੰ ਅਨੁਵਾਦ ਭਾਸ਼ਾ ਵਿਚ ਕਿਵੇਂ ਦਿੱਤਾ ਜਾਏ। ਬੇਸ਼ੱਕ, ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ ਕਿ ਇਹਨਾਂ ਦਾ ਉਚਾਰਨ ਵੱਧ ਤੋਂ ਵੱਧ ਸਰੋਤ ਭਾਸ਼ਾ ਵਿਚਲੇ ਉਚਾਰਨ ਦੇ ਨੇੜੇ ਹੋਵੇ-'ਮਰਡਸਟੋਨ' ਨਹੀਂ, ਮਰਡ' ਸਟਨ, ਪਲਾਈਮਾਊਥ ਨਹੀਂ ਪਲਾਈਮਥ। ਗੈਰ ਅੰਗਰੇਜ਼ੀ ਬਦੇਸ਼ੀ ਖਾਸ ਨਾਵਾਂ ਨਾਲ ਅਸੀਂ ਹੋਰ ਵੀ ਵਧੇਰੇ ਜਿਆਦਤੀ ਕਰਦੇ ਹਾਂ। ਰੂਸੀ ਸਾਹਿਤ ਦੇ ਅਨੁਵਾਦ ਪੰਜਾਬੀ ਵਿਚ ਪਿਛਲੇ ਪੰਜਾਹ ਸਾਲ ਤੋਂ ਵੱਧ ਸਮੇਂ ਤੋਂ ਹੋ ਰਹੇ ਹਨ, ਪਰ ਰੂਸੀ ਖਾਸ ਨਾਵਾਂ ਬਾਰੇ ਸਾਡਾ ਗਿਆਨ ਅਜੇ ਤੱਕ ਅੰਗਰੇਜ਼ੀ ਸ਼ਬਦਜੋੜਾਂ ਦੇ ਉਚਾਰਨ ਉੱਤੇ ਨਿਰਭਰ ਕਰਦਾ ਹੈ। ਈਵਾਨ ਨੂੰ ਆਈਵਨ, ਈਗਰ ਨੂੰ ਆਈਗੋਰ, ਆਂਦਰੇਈ, ਨੂੰ ਐਂਡਰੀ, ਗਲਾਦਕੋਵ ਨੂੰ ਗਲੈਡਕੋਵ, ਆਦਿ ਅਨੇਕਾਂ ਉਦਾਰਹਣਾਂ ਲੱਭੀਆਂ ਜਾ ਸਕਦੀਆਂ ਹਨ। ਫਰਾਂਸੀਸੀ ਅਤੇ ਜਰਮਨ ਸਾਡੇ ਲਈ ਹੋਰ ਵੀ ਦੂਰ ਦੀਆਂ ਭਾਸ਼ਾਵਾਂ ਹਨ। ਇਸ ਤਰ੍ਹਾਂ ਦੀਆਂ ਹੋਰ ਵੀ ਅਨੇਕਾਂ ਸਮੱਸਿਆਵਾਂ ਤੋਂ ਅਨੁਵਾਦਕ ਵਿਵਿਹਾਰ ਵਿਚ ਹੀ ਚੇਤੰਨ ਹੁੰਦਾ ਅਤੇ ਉਹਨਾਂ ਨੂੰ ਹਲ ਕਰਦਾ ਹੈ।

ਸਮੁੱਚੇ ਤੌਰ ਉੱਤੇ ਗਲਪ ਦਾ ਅਨੁਵਾਦ ਆਪਣੇ ਆਪ ਵਿਚ ਬੜੀ ਟੇਢੀ ਖੀਰ ਹੈ। ਇਸ ਬਾਰੇ ਇਹੋ ਜਿਹਾ ਕਥਨ ਕਿ "ਇਹ ਅਨੁਵਾਦ ਤਾਂ ਮੂਲ ਨਾਲੋਂ ਵੀ ਵਧੀਆ ਹੈ।" ਵੀ ਉਨੀ ਹੀ ਨਫੀ ਟਿੱਪਣੀ ਹੈ, ਜਿੰਨੀ ਇਹ ਕਿ "ਇਹ ਅਨੁਵਾਦ ਮੂਲ ਨਾਲੋਂ ਭੈੜਾ ਹੈ।" ਇਸੇ ਤਰ੍ਹਾਂ ਅਨੁਵਾਦ ਕਲਾ ਬਾਰੇ ਸਿਧਾਂਤਕ ਗਿਆਨ ਸਾਨੂੰ ਅਨੁਵਾਦ ਕਰਨਾ ਨਹੀਂ ਸਿਖਾ ਸਕਦਾ। ਇਹ ਸਿਰਫ ਅਨੁਵਾਦ ਦੀਆਂ ਸਮੱਸਿਆਵਾਂ ਸਮਝਣ ਵਿਚ ਸਹਾਇਤਾ ਕਰ ਸਕਦਾ ਅਤੇ ਉਹਨਾਂ ਦੇ ਸੰਭਵ ਸਮਾਧਾਨਾਂ ਵੱਲ ਸੰਕੇਤ ਹੀ ਕਰ ਸਕਦਾ ਹੈ। ਆਪਣੇ ਆਪ ਵਿਚ ਅਨੁਵਾਦ ਅਭਿਆਸ, ਹੋਰ ਅਭਿਆਸ ਅਤੇ ਹੋਰ ਗੰਭੀਰ ਅਭਿਆਸ ਅਤੇ ਵਿਸ਼ੇਸ਼ਗਤਾ ਦੀ ਮੰਗ ਕਰਦਾ ਹੈ। ਅਭਿਆਸ ਦੀ ਘਾਟ ਸਭ ਤੋਂ ਵੱਡੀ ਸਮੱਸਿਆ ਹੈ ਅਤੇ ਗੰਭੀਰ ਅਭਿਆਸ ਅਨੁਵਾਦ ਦੀ ਹਰ ਸਮੱਸਿਆ ਦਾ ਸਮਾਧਾਨ ਹੈ।

## ਗਲਪ ਸਾਹਿਤ ਦੇ ਅਨੁਵਾਦ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵ

**- ਗੁਰਮੁਖ ਸਿੰਘ ਜੀਤ**

ਜਿਉਂ ਜਿਉਂ ਗਿਆਨ ਵਧਦਾ ਜਾਂਦਾ ਹੈ, ਸਾਹਿਤ ਦੀ ਭੁੱਖ ਵੀ ਉਸੇ ਤਨਾਸਬ ਨਾਲ ਵਧ ਰਹੀ ਹੈ। ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਜਿਉਂ ਜਿਉਂ ਵਧੇਰੇ ਤੇ ਚੰਗੇਰਾ ਸਾਹਿਤ ਲੋਕਾਂ ਨੂੰ ਪ੍ਰਾਪਤ ਹੁੰਦਾ ਜਾ ਰਿਹਾ ਹੈ, ਹੋਰ ਪੜ੍ਹਨ ਦੀ ਰੁਚੀ ਉੱਨਤ ਹੋ ਰਹੀ ਹੈ। ਕਿਸੇ ਵਿਅਕਤੀ ਨੂੰ ਕੀ ਪੜ੍ਹਨਾ ਚਾਹੀਦਾ ਹੈ, ਇਹ ਤਾਂ



ਉਸ ਉੱਪਰ ਹੀ ਛੱਡਿਆ ਜਾ ਸਕਦਾ ਹੈ, ਜਾਂ ਇਸ ਸਬੰਧੀ ਲੋਕਾਂ ਵਿਚ ਸ਼ੌਕ ਜਗਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਪਰੇਰਿਆ ਜਾ ਸਕਦਾ ਹੈ। ਪਰ ਮਨੁੱਖੀ ਸਾਹਿਤ ਵਿਚ ਜੋ ਕੁਝ ਅਮੀਰ ਵਿਰਸਾ ਹੈ, ਉਸ ਨੂੰ ਲੋਕਾਂ ਤਕ ਪਹੁੰਚਾਉਣਾ ਜ਼ਰੂਰੀ ਹੈ। ਆਪਣੀ ਜ਼ਬਾਨ ਦਾ ਪੁਰਾਤਨ ਸਾਹਿਤ ਤਾਂ ਲੋਕਾਂ ਨੂੰ ਮਿਲ ਹੀ ਜਾਂਦਾ ਹੈ, ਪਰ ਦੂਜੀਆਂ ਜ਼ਬਾਨਾਂ ਵਿਚ ਜੋ ਕਲਾਸਕੀ ਸਾਹਿਤ ਹੈ, ਸਮੱਸਿਆ ਉਸ ਨੂੰ ਲੋਕਾਂ ਤਕ ਪਹੁੰਚਾਣ ਦੀ ਹੈ।

ਇਥੋਂ ਹੀ ਅਨੁਵਾਦ ਦਾ ਮਸਲਾ ਸ਼ੁਰੂ ਹੁੰਦਾ ਹੈ। ਹਰ ਕਲਾਸਕੀ ਸਾਹਿਤ ਦੀ ਆਪਣੀ ਹੀ ਭਾਸ਼ਾ ਅਤੇ ਸ਼ੈਲੀ ਹੁੰਦੀ ਹੈ, ਜੋ ਸਮਕਾਲੀ ਭਾਸ਼ਾ ਤੇ ਸ਼ੈਲੀ ਨਾਲੋਂ ਅਡਰੀ ਹੁੰਦੀ ਹੈ। ਇਸ ਲਈ ਉਸ ਨੂੰ ਵੀ ਲੋਕਾਂ ਤਕ ਅਪੜਾਉਣ ਲਈ ਵੀ ਕਈ ਵਾਰੀ ਅਨੁਵਾਦ ਦੀ ਲੋੜ ਪੈ ਜਾਂਦੀ ਹੈ। ਮਿਸਾਲ ਵਜੋਂ 'ਵੇਦ ਅਤੇ ਉਸ ਸਮੇਂ ਦਾ ਸੰਸਕ੍ਰਿਤ ਵਿਚ ਰਚਿਆ ਸਾਹਿਤ ਦਰਅਸਲ ਪੰਜਾਬੀ ਸਾਹਿਬ ਹੀ ਹੈ, ਕਿਉਂਕਿ ਉਹ ਪੰਜਾਬ ਦੀ ਧਰਤੀ ਉਪਰ ਰਚਿਆ ਗਿਆ ਹੈ ਅਤੇ ਉਸ ਦੀ ਭਾਸ਼ਾ ਨੂੰ ਪੰਜਾਬੀ ਭਾਸ਼ਾ ਹੀ ਕਿਹਾ ਜਾ ਸਕਦਾ ਹੈ, ਪਰ ਚੂੰਕਿ ਸਦੀਆਂ ਦੇ ਲਾਂਘੇ ਨੂੰ ਉਸ ਵਕਤ ਦੀ ਜ਼ਬਾਨ ਦੇ ਤਾਣੇ ਪੇਟੇ ਨੂੰ ਅਸਲੋਂ ਹੀ ਇੰਨਾ ਬਦਲ ਦਿੱਤਾ ਹੈ ਕਿ ਅੱਜ ਦੀ ਜ਼ਬਾਨ ਦੇ ਟਾਕਰੇ ਤੇ ਉਹ ਵਖਰੀ ਜ਼ਬਾਨ ਲਗਦੀ ਹੈ, ਇਸ ਲਈ ਉਸ ਸਾਹਿਤ ਨੂੰ ਲੋਕਾਂ ਤਕ ਪਹੁੰਚਾਣ ਦਾ ਇਕੋ ਇਕ ਮਾਧਿਅਮ ਅਨੁਵਾਦ ਹੀ ਹੈ।

ਪਰ ਅਸਲੀ ਮਸਲਾ ਤਾਂ, ਦੂਜੀਆਂ ਭਾਸ਼ਾਵਾਂ ਵਿਚੋਂ ਅਨੁਵਾਦ ਕਰਨ ਦਾ ਹੈ, ਸਾਹਿਤ ਦੀ ਜਿਹੜੀ ਵੰਨਗੀ ਲੋਕਾਂ ਨੂੰ ਵਧੇਰੇ ਰੁਚਿਤ ਕਰਦੀ ਹੈ, ਉਹ ਗਲਪ ਹੀ ਹੈ। ਦੁਨੀਆ ਭਰ ਵਿਚ ਸਭ ਤੋਂ ਵਧੇਰੀ ਦਿਲਚਸਪੀ ਨਾਲ ਪੜ੍ਹਿਆ ਜਾਣ ਵਾਲਾ ਸਾਹਿਤ ਨਾਵਲ ਅਤੇ ਕਹਾਣੀ ਹੀ ਮੰਨਿਆਂ ਜਾਂਦਾ ਹੈ। ਇਸ ਲਈ ਇਹ ਹੀ ਸਭ ਤੋਂ ਜ਼ਿਆਦਾ ਅਨੁਵਾਦਿਆ ਜਾਂਦਾ ਹੈ। ਇਸੇ ਦੀ ਮੰਗ ਵਧੇਰੇ ਹੈ ਕਿਉਂਕਿ ਇਸ ਰਾਹੀਂ ਇਕ ਵਖਰਾ ਹੀ ਜੀਵਨ ਪਾਠਕ ਤਕ ਪਹੁੰਚਾਇਆ ਜਾਂਦਾ ਹੈ, ਜਿਸ ਦਾ ਅਧਿਐਨ ਉਹ ਮਨ ਲਾ ਕੇ ਕਰਦਾ ਹੈ।

ਅਸੀਂ ਹੁਣ ਇਥੇ ਗਲਪ ਸਾਹਿਤ ਦੇ ਅਨੁਵਾਦ ਦੀਆਂ ਸਮੱਸਿਆਵਾਂ ਨੂੰ ਹੀ ਲੈਣਾ ਹੈ। ਇਹ ਤਾਂ ਹੋਵੇ, ਅਨੁਵਾਦਕ ਨੂੰ ਉਸ ਭਾਸ਼ਾ ਉਪਰ ਪੂਰਾ ਵਸੀਕਾਰ ਪ੍ਰਾਪਤ ਹੋਣਾ ਚਾਹੀਦਾ ਹੈ। ਇਹ ਹੋਰ ਵੀ ਚੰਗਾ ਹੁੰਦਾ ਹੈ ਜੇਕਰ ਅਨੁਵਾਦਕ ਉਸ ਭਾਸ਼ਾ ਦਾ ਲੇਖਕ ਹੋਵੇ ਅਤੇ ਉਹ ਆਪਣੀ ਭਾਸ਼ਾ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਵਰਤਣ ਦੀ ਕੁਸ਼ਲਤਾ ਰਖਦਾ ਹੋਵੇ। ਪਰ ਇਸ ਦੇ ਨਾਲ ਹੀ ਉਸ ਨੂੰ ਉਸ ਭਾਸ਼ਾ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ ਜਿਸ ਵਿਚੋਂ ਉਸ ਨੇ ਅਨੁਵਾਦ ਕਰਨਾ ਹੁੰਦਾ ਹੈ। ਉਸ ਭਾਸ਼ਾ ਦਾ ਲੇਖਕ ਹੋਣਾ ਜ਼ਰੂਰੀ ਨਹੀਂ, ਪਰ ਉਸ ਦੀਆਂ ਬਾਰੀਕੀਆਂ ਨੂੰ ਸਮਝਣ ਦੀ ਸਮਰਥਾ ਉਸ ਵਿਚ ਜ਼ਰੂਰ ਹੋਣੀ ਚਾਹੀਦੀ ਹੈ। ਤਦ ਹੀ ਤਾਂ ਉਹ ਮੌਲਿਕ ਸਾਹਿਤ ਨਾਲ ਉਸ ਦੀਆਂ ਸਾਰੀਆਂ ਸੂਖਮਤਾਵਾਂ ਅਤੇ ਨਜ਼ਾਕਤਾਂ ਸਮੇਤ ਆਪਣੇ ਪਾਠਕਾਂ ਨੂੰ ਆਨੰਦ ਦੇ ਸਕਦਾ ਹੈ।

ਹੁਣ ਅਸੀਂ ਅਨੁਵਾਦ ਦੀ ਧਰਤੀ ਵੱਲ ਆਈਏ, ਪੰਜਾਬੀ ਵਿਚ ਦੂਜੀਆਂ ਭਾਰਤੀ ਭਾਸ਼ਾਵਾਂ ਵਿਚੋਂ ਗਲਪ ਸਾਹਿਬ ਨੂੰ ਅਨੁਵਾਦ ਕਰਨ ਵਾਸਤੇ ਉਪਰ ਦਸ ਆਏ ਗੁਣ ਹੋਣੇ ਤਾਂ ਲਾਜ਼ਮੀ ਹਨ ਹੀ ਪਰ ਇਸ ਦੇ ਨਾਲ ਜੇਕਰ ਉਸ ਪ੍ਰਦੇਸ਼ ਦੇ ਭੂਗੋਲ ਅਤੇ ਸਭਿਆਚਾਰ ਦਾ ਗਿਆਨ ਵੀ ਅਨੁਵਾਦਕ ਨੂੰ ਹੋਵੇ ਤਾਂ ਇਹ ਸੋਨੇ ਉਪਰ ਸੁਹਾਗੇ ਵਾਲੀ ਗੱਲ ਹੈ। ਹਿੰਦੀ ਵਿਚੋਂ ਅਨੁਵਾਦ ਕਰਨਾ ਤਾਂ ਕਾਫ਼ੀ ਸਰਲ ਹੁੰਦਾ ਹੈ ਕਿਉਂਕਿ ਹਿੰਦੀ ਦੀ ਵਾਕ ਬਣਤਰ ਵੀ ਲਗ ਭਗ ਪੰਜਾਬੀ ਦੀ ਵਾਕ ਬਣਤਰ ਵਾਂਗ ਹੈ। ਦੋਹਾਂ ਭਾਸ਼ਾਵਾਂ ਦਾ ਚੰਗਾ ਗਿਆਨ ਰੱਖਣ ਵਾਲਾ ਅਨੁਵਾਦਕ ਕੋਈ ਵਧੇਰੇ ਕਠਨਾਈ ਮਹਿਸੂਸ ਨਹੀਂ ਕਰੇਗਾ। ਇਸੇ ਤਰ੍ਹਾਂ ਬੰਗਾਲੀ, ਅਸਮੀਆਂ, ਮਰਾਠੀ ਅਤੇ ਗੁਜਰਾਤੀ ਵਿਚੋਂ ਵੀ ਅਨੁਵਾਦ ਕਰਨਾ, ਇਨ੍ਹਾਂ ਭਾਸ਼ਾਵਾਂ ਦਾ ਗਿਆਨ ਰੱਖਣ ਵਾਲੇ ਅਨੁਵਾਦਕ ਲਈ ਬਹੁਤ ਜ਼ਿਆਦਾ ਮੁਸ਼ਕਲ ਨਹੀਂ। ਇਹ ਭਾਸ਼ਾਵਾਂ ਵੀ ਸੰਸਕ੍ਰਿਤ ਹਿੰਦੀ ਦੇ ਘੇਰੇ ਦੇ ਆਸ ਪਾਸ ਹੀ ਆਉਂਦੀਆਂ ਹਨ।

ਮਲਯਾਲਮ, ਕੰਨੜ ਅਤੇ ਤੈਲਗੂ ਵਿਚੋਂ ਅਨੁਵਾਦ ਕਰਨਾ ਕਠਨ ਕੰਮ ਹੈ, ਪਰ ਇਨ੍ਹਾਂ ਭਾਸ਼ਾਵਾਂ ਵਿਚ

50 ਤੋਂ 80 ਪਤਿਸ਼ਤ ਸ਼ਬਦ ਸੰਸਕ੍ਰਿਤ ਮੂਲ ਦੇ ਹੋਣ ਕਾਰਨ ਅਨੁਵਾਦਕ ਦਾ ਕੰਮ ਰਤਾ ਕੁ ਸਰਲ ਹੁੰਦਾ ਹੈ, ਜੇਕਰ ਉਸ ਨੂੰ ਸ਼ਬਦਾਂ ਦੇ ਮੂਲ ਤੇ ਵਿਕਾਸ-ਵਿਧੀ ਦਾ ਗਿਆਨ ਹੋਵੇ। ਤਮਿਲ ਹੀ ਇਕ ਇਹੋ ਜਿਹੀ ਦੱਖਣੀ ਭਾਰਤ ਦਾ ਭਾਸ਼ਾ ਹੈ ਜਿਸ ਦਾ ਸਰੋਤ ਦਰਾਵੜ ਸੰਸਕ੍ਰਿਤੀ ਹੈ ਅਤੇ ਇਹ ਸੰਸਕ੍ਰਿਤ ਤੋਂ ਪੂਰਵ ਸਮੇਂ ਹੀ ਹੈ। ਇਸ ਲਈ ਤਮਿਲ ਤੋਂ ਪੰਜਾਬੀ ਵਿਚ ਅਨੁਵਾਦ ਕਰਨਾ ਕਾਫ਼ੀ ਔਕੜਾਂ ਭਰਿਆ ਕੰਮ ਹੈ ਅਤੇ ਉਸ ਦੀਆਂ ਆਪਣੀਆਂ ਸਮੱਸਿਆਵਾਂ ਹਨ।

ਹੁਣ ਅਸੀਂ ਭਾਰਤੀ ਭਾਸ਼ਾਵਾਂ ਨੂੰ ਛਡ ਕੇ ਦੂਜੀਆਂ ਬਦੇਸ਼ੀ ਭਾਸ਼ਾਵਾਂ ਵੱਲ ਆਉਂਦੇ ਹਾਂ ਜਿਨ੍ਹਾਂ ਵਿਚ ਬੜਾ ਅਮੀਰ ਸਾਹਿਤਕ ਵਿਰਸਾ ਹੈ। ਇਹ ਭਾਸ਼ਾਵਾਂ ਹਨ ਅੰਗਰੇਜ਼ੀ, ਫਰਾਂਸੀਸੀ, ਰੂਸੀ, ਜਰਮਨ, ਇਤਾਲਵੀ, ਸਪੇਨਿਸ਼, ਅਰਬੀ, ਫ਼ਾਰਸੀ ਆਦਿ। ਜੇਕਰ ਅਨੁਵਾਦਕ ਇਨ੍ਹਾਂ ਭਾਸ਼ਾਵਾਂ ਦਾ ਚੰਗਾ ਗਿਆਨ ਰੱਖਦਾ ਹੋਵੇ ਤਾਂ ਉਸ ਵਰਗੀ ਕੋਈ ਗੱਲ ਨਹੀਂ। ਇਸ ਨਾਲ ਹੀ ਉਸ ਨੂੰ ਅਨੁਵਾਦ ਕਰਨ ਵਾਲੀ ਪੁਸਤਕ ਦੇ ਸਮੇਂ ਦਾ ਇਤਿਹਾਸਕ ਅਤੇ ਸਮਾਜਕ ਗਿਆਨ ਵੀ ਹੋਣਾ ਚਾਹੀਦਾ ਹੈ। ਪਰ ਇਹ ਮੰਗ ਬਹੁਤੀ ਕਠਨ ਹੈ, ਅਤੇ ਇਸ ਦਾ ਪੂਰਾ ਹੋਣਾ ਬਹੁਤੀਆਂ ਹਾਲਤਾਂ ਵਿਚ ਸੰਭਵ ਨਹੀਂ। ਸਾਡੇ ਕੋਲ ਇਨ੍ਹਾਂ ਭਾਸ਼ਾਵਾਂ ਨੂੰ ਜਾਨਣ ਵਾਲੇ ਬਹੁਤ ਥੋੜੇ ਵਿਅਕਤੀ ਹਨ ਅਤੇ ਉਨ੍ਹਾਂ ਦੀ ਗਿਣਤੀ ਹੋਰ ਵੀ ਥੋੜੀ ਹੈ ਜੋ ਪੰਜਾਬੀ ਨੂੰ ਚੰਗੀ ਤਰ੍ਹਾਂ ਵਰਤ ਸਕਦੇ ਹਨ ਜਾਂ ਉਸ ਵਿਚ ਲਿਖਦੇ ਵੀ ਹਨ। ਇਸ ਲਈ ਅੰਗੇਰਜ਼ੀ ਤੋਂ ਬਿਨਾਂ ਦੂਜੀਆਂ ਭਾਸ਼ਾਵਾਂ ਵਿਚੋਂ ਅਨੁਵਾਦ ਕਰ ਸਕਣ ਵਾਲੇ ਲੋਕ ਅਸਲੋਂ ਹੀ ਉਂਗਲੀਆਂ ਉਪਰ ਗਿਣੇ ਜਾ ਸਕਦੇ ਹਨ, ਜੇਕਰ ਉਹ ਹਨ ਵੀ ਤਾਂ।

ਪਰ ਇਹ ਸਮੱਸਿਆ ਕੇਵਲ ਪੰਜਾਬੀ ਵਿਚ ਅਨੁਵਾਦ ਕਰਨ ਦੀ ਹੀ ਨਹੀਂ, ਸਗੋਂ ਲਗ ਭਗ ਹਰ ਭਾਸ਼ਾ ਨੂੰ ਇਸ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕੋਲ ਵੀ ਇਸ ਦਾ ਕੋਈ ਹੱਲ ਨਹੀਂ ਜਦ ਤੱਕ ਕਿ ਇਸ ਸਬੰਧੀ ਵਿਸ਼ੇਸ਼ ਪ੍ਰਬੰਧ ਕਰਕੇ ਰੁਚੀ ਰੱਖਣ ਵਾਲੇ ਵਿਅਕਤੀਆਂ ਨੂੰ ਸਿੱਖਿਆ ਨਾ ਦਿੱਤੀ ਜਾਵੇ। ਇਹ ਇਕ ਚੰਗਾ ਲੰਮਾ ਤੇ ਗੁੰਝਲਦਾਰ ਅਮਲ ਹੈ ਜਿਸਦਾ ਅਧਿਐਨ ਇਸ ਵੇਲੇ ਇਕ ਪਾਸੇ ਰੱਖਿਆ ਜਾ ਸਕਦਾ ਹੈ।

ਪਰ ਇਸ ਸਥਿਤੀ ਦਾ ਦੂਜਾ ਬਦਲ ਮੌਜੂਦ ਹੈ। ਅੰਗਰੇਜ਼ੀ ਵਿਚ ਲਗ ਭਗ ਸਾਰੀਆਂ ਭਾਸ਼ਾਵਾਂ ਵਿਚੋਂ ਕਲਾਸਕੀ ਸਾਹਿਤ ਅਨੁਵਾਦ ਹੋਇਆ ਮਿਲਦਾ ਹੈ ਅਤੇ ਇਸ ਭਾਸ਼ਾ ਨੂੰ ਜਾਨਣ ਵਾਲੇ ਬਹੁਤ ਸਾਰੇ ਵਿਅਕਤੀ ਹਨ ਜੋ ਪੰਜਾਬੀ ਜ਼ਬਾਨ ਦੀ ਮੁਹਾਰਤ ਰੱਖਦੇ ਹਨ। ਇਸ ਲਈ ਬਹੁਤ ਸਾਰੀਆਂ ਭਾਸ਼ਾਵਾਂ ਵਾਂਗ ਸਾਨੂੰ ਵੀ ਅੰਗਰੇਜ਼ੀ ਦੀ ਹੀ ਟੇਕ ਲੈਣੀ ਪੈਂਦੀ ਹੈ ਅਤੇ ਅਨੁਵਾਦ ਕਰਨ ਯੋਗ ਵਸਤੂ ਅਤੇ ਅਨੁਵਾਦ ਕਰਨ ਵਾਲੀ ਕੁਸ਼ਲਤਾ ਪ੍ਰਾਪਤ ਹੈ।

ਹੁਣ ਅਸੀਂ ਅਨੁਵਾਦ ਦਾ ਇਕ ਵੱਖਰਾ ਹੀ ਪੱਖ ਲੈਂਦੇ ਹਾਂ। ਉਹ ਹੈ ਵਾਤਾਵਰਨ ਤੇ ਸ਼ੈਲੀ ਦਾ ਹਰ ਅਨੁਵਾਦ ਕਰਨ ਵਾਲੀ ਪੁਸਤਕ ਦਾ ਮੂਲ ਲੇਖਕ ਦੇ ਸਮੇਂ ਅਨੁਕੂਲ ਵਾਤਾਵਰਨ ਅਤੇ ਉਸਦੀ ਵਿਸ਼ੇਸ਼ ਸ਼ੈਲੀ ਹੁੰਦੀ ਹੈ। ਅਨੁਵਾਦਕ ਵਿਚ ਉਸ ਮੂਲ ਵਾਤਾਵਰਨ ਨੂੰ ਜੀਵਤ ਨਾ ਰੱਖਿਆ ਜਾ ਸਕੇ ਤਾਂ ਸਾਰਾ ਆਨੰਦ ਮਾਰਿਆ ਜਾਂਦਾ ਹੈ। ਇਸੇ ਤਰ੍ਹਾਂ ਜੇਕਰ ਮੂਲ ਲੇਖਕ ਦੀ ਸ਼ੈਲੀ ਨੂੰ ਤੋੜ ਮੋੜ ਦਿੱਤਾ ਜਾਵੇ ਤਦ ਵੀ ਇਹ ਉਸ ਨਾਲ ਅਨਰਥ ਦੇ ਬਰਾਬਰ ਹੈ। ਵੈਸੇ ਵੀ ਅਨੁਵਾਦ ਵਿਚੋਂ ਮੂਲ ਸਾਹਿਤ ਦੀ ਸੁਗੰਧ ਆਉਣੀ ਚਾਹੀਦੀ ਹੈ, ਤਦ ਹੀ ਪਾਠਕ ਉਸ ਵੱਲ ਰੁਚਿਤ ਹੋ ਸਕੇਗਾ। ਜੇਕਰ ਅਨੁਵਾਦਕ ਮੂਲ ਸ਼ੈਲੀ ਤੋਂ ਸਤੰਤਰ ਅਨੁਵਾਦ ਕਰਦਾ ਹੈ ਤਾਂ ਉਹ ਸਾਰਾ ਮਜ਼ਾ ਹੀ ਕਿਰਕਰਾ ਕਰ ਲੈਂਦਾ ਹੈ।

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਨੁਵਾਦਕ ਮੂਲ ਲੇਖਕ ਦੀ ਸ਼ੈਲੀ ਦੇ ਨੇੜੇ ਤੇੜੇ ਰਹੇ ਅਤੇ ਉਸ ਨਾਲ ਬਹੁਤ ਖੁੱਲ੍ਹ ਨਾ ਲਵੇ। ਚੂੰਕਿ ਬਹੁਤੀਆਂ ਭਾਸ਼ਾਵਾਂ ਦੀ ਵਾਕ-ਬਣਤਰ ਵਿਚ ਫ਼ਰਕ ਹੁੰਦਾ ਹੈ, ਕਿਧਰੇ ਕਿਧਰੇ ਇਹ ਨੇੜਤਾ ਕਾਇਮ ਨਹੀਂ ਰੱਖੀ ਜਾ ਸਕਦੀ, ਤਕ ਵੀ ਇਸ ਸਬੰਧੀ ਯਤਨ ਕਰਦੇ ਰਹਿਣਾ ਚਾਹੀਦਾ ਹੈ।

ਵਾਤਾਵਰਣ ਦੇ ਪੱਖ ਤੋਂ ਸਪਸ਼ਟ ਕਰਨ ਲਈ ਮੈਂ ਇਕ ਉਦਾਹਰਣ ਦੇਵਾਂਗਾ ਕੁਝ ਸਾਲ ਹੋਏ ਮੈਂ



ਚਾਰਲਿਸ ਡਿਕਨਜ਼ ਦਾ ਕਲਾਸਿਕ ਨਾਵਲ 'ਡੈਵਿਡ ਕਾਪਰਫੀਲਡ' ਦੋ ਜਿਲਦਾਂ ਵਿਚ ਅਨੁਵਾਦ ਕੀਤਾ ਸੀ। ਡਿਕਨਜ਼ ਦੀ ਸ਼ੈਲੀ ਦੀ ਇਕ ਆਪਣੀ ਵੱਖਰੀ ਸੁਗੰਧ ਹੈ। ਇਕ ਤਾਂ ਉਹ ਉਨ੍ਹੀਵੀਂ ਸਦੀ ਦੀ ਭਾਸ਼ਾ ਵਰਤਦਾ ਹੈ ਜਿਹੜੀ ਹੁਣ ਨਹੀਂ ਵਰਤੀ ਜਾਂਦੀ। ਦੂਜੇ ਉਹ ਮਿਕਾਬਰ ਦੇ ਪਾਤਰ ਰਾਹੀਂ ਜਿਸ ਸਟਾਈਲ ਨੂੰ ਅਪਣਾਉਂਦਾ ਹੈ, ਉਸ ਨੂੰ ਇੰਨ ਬਿੰਨ ਪੰਜਾਬੀ ਵਿਚ ਉਤਾਰਨਾ ਕਾਫ਼ੀ ਕਠਨ ਹੈ। ਇਹੋ ਜਿਹੀ ਉਲਝੀ ਹੋਈ ਭਾਸ਼ਾ ਨੂੰ ਅੰਗਰੇਜ਼ੀ ਵਿਚ ਮਿਕਾਬਰੀ ਭਾਸ਼ਾ ਦਾ ਨਾਂ ਦਿੱਤਾ ਗਿਆ ਹੈ। ਉਸ ਦੇ ਵਾਕ ਕਈ ਵਾਰੀ ਬੇਥਵੇ ਲਗਦੇ ਹਨ, ਜਿਸਦਾ ਕਾਰਨ ਇਹ ਹੈ ਕਿ ਉਸ ਦਾ ਪਾਤਰ ਮਿਕਾਬਰ ਆਪ ਹੀ ਇਹੋ ਜਿਹਾ ਸੀ। ਉਹ ਸਜੀ ਸਵਾਰੀ ਭਾਸ਼ਾ ਨਹੀਂ ਸੀ ਵਰਤ ਸਕਦਾ ਕਿਉਂਕਿ ਪਾਤਰ ਦੀ ਸਮਰੱਥਾ ਹੀ ਇਹੋ ਜਿਹੀ ਨਹੀਂ ਸੀ। ਇਸੇ ਤਰ੍ਹਾਂ ਡਿਕਨਜ਼ ਦੇ ਕਈ ਕਈ ਫ਼ਿਕਰੇ ਪੂਰੇ ਪੂਰੇ ਪੰਨੇ ਜੇਡੇ ਲੰਮੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਉਸੇ ਸ਼ੈਲੀ ਵਿਚ ਰਖਕੇ ਹੀ ਅਨੁਵਾਦ ਸ਼ਕਤੀ-ਸ਼ਾਲੀ ਹੋ ਸਕਦਾ ਹੈ ਜੋ ਪਾਤਰਾਂ ਦੇ ਚਿਤਰ ਦਾ ਪ੍ਰਤਿਬਿੰਬ ਹੋਵੇ। ਇਸ ਵਿਚ ਖੁੱਲ੍ਹ ਲੈਣੀ ਜਾਂ ਛੋਟੇ ਛੋਟੇ, ਆਪਣੀ ਮਰਜ਼ੀ ਦੇ, ਵਾਕ ਅੰਸ਼ ਬਣਾਉਣ ਨਾਲ ਮੂਲ ਲੇਖਕ ਨਾਲ ਅਨਿਆਂ ਹੋ ਜਾਂਦਾ ਹੈ। ਮੈਂ ਇਹ ਮਿਸਾਲ ਇਨ੍ਹਾਂ ਸਮੱਸਿਆਵਾਂ ਨੂੰ ਸਮਝਣ ਲਈ ਦਿੱਤੀ ਹੈ।

ਇਕ ਉਦਾਹਰਨ ਮੈਂ ਹੋਰ ਦੇਵਾਂਗਾ। ਫਰਾਸੀਸੀ ਲੇਖਕ ਐਮਿਲੀ ਜ਼ੋਲਾ ਦਾ ਸੰਸਾਰ-ਪ੍ਰਸਿੱਧ ਨਾਵਲ 'ਜਰਮੀਨਲ' ਦਾ ਅਨੁਵਾਦ ਮੈਂ 'ਅੰਕੁਰ' ਦੇ ਨਾਂ ਹੇਠ ਕੀਤਾ ਸੀ। ਇਸ ਕੰਮ ਨੂੰ ਸਿਰੇ ਚੜ੍ਹਾਉਣ ਵਿਚ ਜੋ ਸਮੱਸਿਆਵਾਂ ਮੈਨੂੰ ਪੇਸ਼ ਆਈਆਂ, ਉਨ੍ਹਾਂ ਨੂੰ ਸਾਂਝਿਆਂ ਕਰਨ ਨਾਲ ਹੀ ਚੰਗੀ ਤਰ੍ਹਾਂ ਗੱਲ ਕਹੀ ਜਾ ਸਕੇਗੀ। 'ਜਰਮੀਨਲ' ਵਿਚ ਲੇਖਕ ਨੇ ਕੋਲੇ ਦੀਆਂ ਖਾਣਾਂ ਵਿਚ ਕੰਮ ਕਰਦੇ ਮਜ਼ਦੂਰ ਵਰਗ ਦੇ ਜੀਵਨ ਨੂੰ ਬੜੀ ਪ੍ਰਬੀਨਤਾ ਤੇ ਕੁਸ਼ਲਤਾ ਨਾਲ ਚਿਤਰਿਆ ਹੈ ਅਤੇ ਉਨ੍ਹਾਂ ਦੇ ਦੁੱਖਾਂ ਦਰਦਾਂ, ਗ਼ਰੀਬੀ, ਸੰਕਟ, ਭੁੱਖ ਮਰੀਆਂ, ਕੰਮ ਕਰਨ ਦੀਆਂ ਮਨੁੱਖੀ ਪੱਧਰ ਤੋਂ ਹੇਠਲੀਆਂ ਪ੍ਰਸਥਿਤੀਆਂ ਉਨ੍ਹਾਂ ਦਾ ਸ਼ੋਸ਼ਣ, 'ਬੁਰਜ਼ਵਾ' ਦਾ ਉਨ੍ਹਾਂ ਵੱਲ ਵਿਵਹਾਰ ਆਦਿ ਬਹੁਤ ਦਿਲ ਖਿਚਵੇਂ ਢੰਗ ਨਾਲ ਪੇਸ਼ ਕੀਤਾ ਹੈ। ਹੁਣ ਪੰਜਾਬ ਵਿਚ ਕੋਲੇ ਦੀਆਂ ਖਾਣਾ ਨਾ ਹੋਣ ਕਾਰਨ ਸਾਡੀ ਭਾਸ਼ਾ ਵਿਚ ਇਸ ਕਿੱਤੇ ਨਾਲ ਸਬੰਧਤ ਸ਼ਬਦ ਪ੍ਰਚਲਤ ਨਹੀਂ ਹਨ। ਇਸ ਲਈ ਮੈਂ ਬਿਹਾਰ ਦੀਆਂ ਖਾਣਾਂ ਵਿਚ ਧਰਤੀ ਹੇਠਾਂ ਕੰਮ ਕਰ ਚੁੱਕੇ ਆਦਮੀਆਂ ਨੂੰ ਮਿਲ ਕੇ ਉਨ੍ਹਾਂ ਦੇ ਜੀਵਨ ਵਿਚੋਂ ਸਮਅਰਥੀ ਸ਼ਬਦ ਲਏ, ਤਾਂ ਜਾ ਕੇ ਮੈਂ ਵਾਤਾਵਰਨ ਨੂੰ ਈਮਾਨਦਾਰੀ ਨਾਲ ਪੇਸ਼ ਕਰ ਸਕਿਆ।


ਇਸੇ ਤਰ੍ਹਾਂ ਇਹ ਨਾਵਲ ਫ਼ਰਾਸੀਸੀ ਜੀਵਨ ਦਾ ਪ੍ਰਤਿਬਿੰਬ ਹੈ ਅਤੇ ਇਸਦੇ ਅੰਗਰੇਜ਼ੀ ਵਰਣਨ ਵਿਚ ਹੀ ਅਣਗਿਣਤ ਸ਼ਬਦ ਫ਼ਰਾਂਸੀਸੀ ਭਾਸ਼ਾ ਦੇ ਹਨ। ਉਨ੍ਹਾਂ ਸ਼ਬਦਾਂ ਦਾ ਸਹੀ ਉਚਾਰਣ ਦੇਣ ਲਈ ਮੈਨੂੰ ਕਈ ਫ਼ਰਾਂਸੀਸੀ ਜਾਣਦੇ ਮਿੱਤਰਾਂ ਤੋਂ ਸਹਾਇਤਾਂ ਲੈਣੀ ਪਈ। ਮੈਂ ਇਸ ਗੱਲ ਤੋਂ ਚੇਤੰਨ ਸਾਂ ਕਿ ਇਹ ਉਚਾਰਣ ਕਈ ਪਾਠਕਾਂ ਨੂੰ ਓਪਰੇ ਲੱਗਣਗੇ, ਕਿਉਂਕਿ ਉਹ ਕੇਵਲ ਅੰਗਰੇਜ਼ੀ ਜਾਣਦੇ ਹਨ ਅਤੇ ਉਨ੍ਹਾਂ ਦਾ ਗਿਆਨ ਇਸ ਭਾਸ਼ਾ ਉੱਪਰ ਹੀ ਆਧਾਰਤ ਹੈ। ਪਰ ਇਹ ਸ਼ਬਦ ਫਰਾਂਸੀਸੀ ਦੇ ਹਨ, ਅੰਗਰੇਜ਼ੀ ਦੇ ਨਹੀਂ। ਇਸ ਲਈ ਇਹ ਉਚਾਰਣ ਵੀ ਵੱਖਰੇ ਹਨ। ਇਸ ਮਜ਼ਬੂਰੀ ਨੂੰ ਅਨੁਵਾਦਕ ਨੇ ਸਹਾਰਨਾ ਹੁੰਦਾ ਹੈ।

ਜੇਕਰ ਕੋਈ ਨਾਵਲ ਜਾਂ ਕਹਾਣੀ ਸਮੁੰਦਰ, ਸਮੁੰਦਰੀ ਜ਼ਹਾਜ਼, ਸਾਗਰ ਦਾ ਕੰਢਾ, ਮਲਾਹ ਆਦਿ ਨਾਲ ਸਬੰਧਤ ਹੋਵੇ, ਤਾਂ ਇਨ੍ਹਾਂ ਸਭ ਦਾ ਗਿਆਨ ਹੋਣਾ ਲਾਜ਼ਮੀ ਹੈ। ਔਕੜ ਇਸ ਲਈ ਪੇਸ਼ ਆਉਂਦੀ ਹੈ ਕਿ ਪੰਜਾਬ ਤੋਂ ਸਾਗਰ ਬਹੁਤ ਦੂਰ ਹੈ ਅਤੇ ਅਸੀਂ ਉਸ ਨਾਲ ਸਬੰਧਤ ਸ਼ਬਦਾਵਲੀ ਅਤੇ ਮਨੋਭਾਵਾਂ ਤੋਂ ਜਾਣੂ ਨਹੀਂ ਹਾਂ, ਜਾਂ ਘਟ ਜਾਣੂ ਹਾਂ। ਅਨੁਵਾਦਕ ਨੂੰ ਇਸ ਤਰ੍ਹਾਂ ਦੀਆਂ ਸਥਿਤੀਆਂ ਬਾਰੇ ਚੇਤੰਨ ਹੋਣਾ ਲਾਜ਼ਮੀ ਹੈ। ਹਰ ਅਨੁਵਾਦ ਇਕ ਵਖਰਾ ਅਨੁਭਵ ਹੈ, ਇਕ ਵੱਖਰਾ ਆਨੰਦ ਹੈ। ਇਸ ਵਿਚੋਂ ਲੰਘਦਿਆਂ ਹੋਇਆਂ ਇਕ ਵੱਖਰੇ ਜੀਵਨ ਦੀ ਝਲਕ ਮਿਲਦੀ ਹੈ ਅਤੇ ਅਨੁਵਾਦਕ ਨੂੰ ਸਮੱਸਿਆਵਾਂ ਦੀ ਵੱਖਰੀ ਹੀ ਖੇਪ ਦਾ ਸਾਹਮਣਾ ਕਰਨਾ ਪੈਂਦਾ ਹੈ। ਓੜਕ ਉਸ ਨੂੰ ਸਥਿਤੀ ਅਨੁਸਾਦ ਆਪ ਹੀ ਉਨ੍ਹਾਂ ਨੂੰ ਸੁਲਝਾਉਣਾ ਪੈਂਦਾ ਹੈ ਤਾਂ ਜਾ ਕੇ ਉਹ ਮੂਲ ਰਚਨਾ ਨਾਲ ਵਫ਼ਾਦਾਰ ਰਹਿ ਸਕਦਾ ਹੈ।

### *ਜਗਜੀਤ ਸਿੰਘ ਆਨੰਦ ਜਨਮ ਸ਼ਤਾਬਦੀ 'ਤੇ ਵਿਸ਼ੇਸ਼*

# ਲੋੜ ਡਾ. ਅੰਬੇਡਕਰ ਦੀ ਸੋਚ ਤੇ ਪਹੁੰਚ ਨੂੰ ਪਛਾਨਣ ਦੀ

**- ਜਗਜੀਤ ਸਿੰਘ ਆਨੰਦ**




*(ਸੰਨ 2021 ਜਗਜੀਤ ਸਿੰਘ ਆਨੰਦ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਕਾਮਰੇਡ ਆਨੰਦ ਹੁਰਾਂ ਨੇ ਨੌਂ ਦਹਾਕਿਆਂ ਦੀ ਜ਼ਿੰਦਗੀ ਬਤੀਤ ਕਰਕੇ 19 ਜੂਨ, 2015 'ਚ ਸੰਸਾਰ ਨੂੰ ਅਲਵਿਦਾ ਆਖ ਦਿੱਤੀ ਸੀ। ਖੱਬੇ ਪੱਖੀ ਰਾਜਨੀਤੀ ਦੇ ਉਹ ਵੱਡਾ ਨਾਉਂ ਸਨ। 1974 ਤੋਂ ਲੈ ਕੇ 1980 ਤੱਕ ਉਹ ਰਾਜ ਸਭਾ ਦੇ ਮੈਂਬਰ ਰਹੇ। ਉਨ੍ਹਾਂ ਦੀਆਂ ਲਿਖਤਾਂ ਦੀ ਆਪਣੀ ਨਿਵੇਕਲੀ ਸ਼ੈਲੀ ਹੁੰਦੀ ਏ। ਉਹ ਆਪਣੀਆਂ ਲਿਖਤਾਂ ਵਿਚ ਅਨੇਕ ਨਵੇਂ ਸ਼ਬਦ ਲੈ ਕੇ ਆਏ। ਪੱਤਰਕਾਰੀ ਦੇ ਖੇਤਰ ਵਿਚ ਉਨ੍ਹਾਂ ਮੁੱਲਵਾਨ ਕਾਰਜ ਕੀਤੇ। ਇਕ ਅਨੁਵਾਦਕ ਵਜੋਂ ਵੀ ਕਾਮਰੇਡ ਆਨੰਦ ਹੁਰਾਂ ਆਪਣੀ ਪਛਾਣ ਬਣਾਈ। 'ਗੇਜੀ ਦੀ ਕਹਾਣੀ' (ਮੁਰਾਸਾਕੀ ਸ਼ਿਕਿਬੂ), 'ਫ਼ਾਂਸੀ ਦੇ ਤਖ਼ਤੇ ਤੋਂ' (ਜੂਲੀਅਸ ਫੂਚਿਕ), 'ਸਤਰੰਗੀ ਪੀਂਘ' (ਵਾਂਦਾ ਆਇਉਲਾਸਕਾਯਾ), 'ਬਘਿਆੜਾ ਦੇ ਵੱਸ' ਉਨ੍ਹਾਂ ਦੇ ਚਰਚਿਤ ਅਨੁਵਾਦ ਹਨ। 'ਸੂਝ ਦਾ ਸਫ਼ਰ', 'ਕਿਰਨਾਂ ਦਾ ਕਾਫ਼ਲਾ', 'ਸੂਝ ਸੰਚਾਰ', 'ਚੇਤੇ ਦੀ ਚੰਗੇਰ ਚੋਂ ਉਸ ਦੀਆਂ ਵਾਰਤਿਕ ਪੁਸਤਕਾਂ ਹਨ। ਪੰਜਾਬ ਦੀ ਤਰਾਸਦੀ ਅਤੇ ਪੰਜਾਬ ਸਮੱਸਿਆ ਦੇ ਸਨਮੁਖ ਉਸ ਵਲੋਂ ਤਿਆਰ ਕੀਤੀਆਂ ਮੁੱਲਵਾਨ ਪੁਸਤਕਾਂ ਨੇ। 1965 ਵਿੱਚ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ 1974 ਵਿੱਚ 'ਸ਼੍ਰੋਮਣੀ ਪੱਤਰਕਾਰ' ਪੁਰਸਕਾਰ ਨਾਲ ਸਨਮਾਨਤ ਹੋਏ ਨੇ। 'ਨਵਾਂ ਜ਼ਮਾਨਾਂ' ਵਿਚ ਉਹ ਸਮਕਾਲੀ ਰਾਜਨੀਤਿਕ ਮੁੱਦਿਆਂ ਬਾਰੇ ਨਿਰੰਤਰ ਲਿਖਦੇ ਰਹੇ। ਡਾ. ਰਜਨੀਸ਼ ਬਹਾਦਰ ਹੁਰਾਂ ਨੇ ਉਨ੍ਹਾਂ 'ਤੇ ਇਕ ਮੁੱਲਵਾਨ ਕਿਤਾਬ 'ਲੰਮੇ ਪੈਂਡਿਆਂ ਦਾ ਪਾਂਧੀ -ਜਗਜੀਤ ਸਿੰਘ ਆਨੰਦ' ਸੰਪਾਦਕ ਕੀਤੀ ਏ। ਉਨ੍ਹਾਂ ਦੇ ਜਨਮ ਸਤਾਬਦੀ ਵਰ੍ਹੇ ਤੇ ਅਸੀਂ ਉਨ੍ਹਾਂ ਦਾ ਇਕ ਲੇਖ ਅਤੇ ਉਨ੍ਹਾਂ 'ਤੇ ਲਿਖਿਆ ਸ਼ਬਦ ਚਿੱਤਰ ਬਲਬੀਰ ਪਰਵਾਨਾ ਦਾ ਛਾਪ ਰਹੇ ਹਾਂ।- ਸੰਪਾਦਕ)*

ਚੁਰਾਸੀ ਸਿਆਲ ਹੁਨਾਲ ਹੰਢਾਅ ਲਏ ਹਨ ਇਸ ਨਿਮਾਣੀ ਦੇਹ ਨੇ। ਇਨ੍ਹਾਂ ਵਿੱਚੋਂ ਜਿੰਨੇ ਵੀ ਸੂਝ ਵਾਲੇ ਹਨ, ਇੱਕੋ ਸੋਚ ਤੇ ਇੱਕੋ ਪਾਰਟੀ ਨੂੰ ਪ੍ਰਣਾਏ ਰਹੇ। ਮਸਾਂ ਕੋਈ ਚੌਦਾਂ-ਪੰਦਰਾਂ ਸਾਲਾਂ ਦਾ ਹੋਵਾਂਗਾ, ਜਦੋਂ ਪਹਿਲੀ ਪਲਾਤੀ ਸਮਝ ਪਈ ਸਮਾਜੀ ਆਲੇ-ਦੁਆਲੇ ਦੀ। ਪੋਖਾ ਭਾਵੇਂ ਗੜਗੱਜ ਹੁਰਾਂ ਦਾ ਹੀ ਪਿਆ ਹੋਵੇ ਉਨ੍ਹਾਂ ਪਹਿਲ-ਪਲੱਕੜੇ ਦਿਨਾਂ ਵਿੱਚ, ਪ੍ਰਭਾਵਿਤ ਕੀਤਾ ਬਾਬਾ ਸ਼ੇਰ ਸਿੰਘ ਵੇਈਂਪੂਈਂ ਤੇ ਸੰਤ






ਬਾਬਾ ਵਿਸਾਖਾ ਸਿੰਘ ਦਦੇਹਰ ਦੇ ਬਚਨਾਂ ਨੇ। ਪਰਿਵਾਰ, ਕਿਉਂਕਿ ਧਾਰਮਿਕ ਰੰਗਣ ਵਿੱਚ ਰੰਗਿਆ ਹੋਇਆ ਸੀ, ਗੁਰਬਾਣੀ ਦੀ ਇਹ ਤੁਕ ਕਿ "ਬਹੁਤ ਜਨਮ ਵਿਛੜੇ ਥੇ ਮਾਧੋ, ਇਹ ਜਨਮ ਤੁਮਹਾਰੇ ਲੇਖੇ" ਮਨ ਵਸਾਅ ਲਈ, ਪਰ ਢਾਲ ਇਸ ਨੂੰ ਇਸ ਤਰ੍ਹਾਂ ਲਿਆ ਕਿ ਮਾਧੋ ਮਜ਼ਦੂਰ ਜਮਾਤ ਨੂੰ ਬਣਾ ਲਿਆ।


ਸਾਰੀ ਉਮਰ ਇੱਕੋ ਪਾਰਟੀ ਤੇ ਇੱਕੋ ਝੰਡੇ ਹੇਠ ਲੰਘਾਈ ਹੈ, ਸੀ.ਪੀ.ਆਈ. ਦੇ। ਮਾਰਕਸਵਾਦ ਪੜ੍ਹਿਆ ਵੀ ਤੇ ਸਿੱਖਿਆ ਵੀ। ਜੇਲ੍ਹਾਂ ਦੀਆਂ ਕੋਠੜੀਆਂ ਉਸ ਮਹਾਨ ਚਿੰਤਕਾਂ ਦੀਆਂ ਲਿਖਤਾਂ ਸੰਗ ਗੁਜ਼ਾਰੀਆਂ, ਜਿੰਨਾ ਕੁ ਵਿੱਤ ਸੀ ਉਨ੍ਹਾਂ ਨੂੰ ਸਮਝਣ ਲੇਖੇ ਲਾਇਆ।

ਜਿਸ ਲਹਿਰ ਨਾਲ ਜੁੜਿਆ ਰਿਹਾ ਹਾਂ, ਉਸ ਦੇ ਝੰਡੇ ਹੇਠ ਕੁਰਬਾਨੀਆਂ ਵੀ ਮਣਾਂ-ਮੂੰਹੀਂ ਹੋਈਆਂ। ਗ਼ਦਰੀ ਬਾਬਿਆਂ, ਅਕਾਲੀਆਂ, ਬੱਬਰ ਅਕਾਲੀਆਂ ਤੋਂ ਤੁਰਦੇ ਹੋਏ ਵੀਹਵੀਂ ਸਦੀ ਦੀਆਂ ਸਾਰੀਆਂ ਲਹਿਰਾਂ ਦੇ ਯੋਧਿਆਂ ਨੇ ਅੱਗੇ ਜਾ ਕੇ ਇਸ ਝੰਡੇ ਦੀ ਸ਼ਰਨ ਲਈ। ਲੋਕ ਸੰਘਰਸ਼ ਵੀ ਬਹੁਤ ਛਿੜੇ, ਉਨ੍ਹਾਂ ਵਿੱਚ ਆਹੂਤੀਆਂ ਪਾਉਣ ਵਾਲੇ ਵੀ ਪਿੱਛੇ ਨਾ ਰਹੇ। ਤਦ ਵੀ ਸਾਡੀ ਲਹਿਰ ਪਾਰ ਕਿਉਂ ਨਾ ਲੱਗੀ? ਇਨਕਲਾਬ ਮ੍ਰਿਗ ਛਲੀ ਵਾਂਗ ਝਕਾਨੀਆਂ ਹੀ ਦਿੰਦਾ ਰਿਹਾ।

ਇਹ ਸਭ ਬਹੁਤ ਤਿੱਖੀ ਤਰ੍ਹਾਂ ਮੇਰੇ ਮਨ ਦੀ ਸਲੇਟ ਉੱਤੇ ਉੱਘੜ ਰਿਹਾ ਹੈ, ਇੱਕ ਅਜਿਹੀ ਕਿਤਾਬ ਨੂੰ ਇੱਕ ਵਾਰ ਨਹੀਂ, ਦੋ ਵਾਰ ਪੜ੍ਹਨ-ਚਿਤਵਣ ਪਿੱਛੋਂ। ਧੰਨਵਾਦ ਕਰਨਾ ਪੈਂਦਾ ਹੈ ਸਾਊ ਸੁਭਾਅ ਮਿੱਤਰ ਲਾਹੌਰੀ ਰਾਮ ਬਾਲੀ ਦਾ, ਜਿਸ ਨੇ ਉਚੇਚ ਕਰਕੇ ਇਹ ਮੇਰੇ ਤੱਕ ਪੁਚਾਈ ਅਤੇ ਆਖਿਆ ਕਿ ਮਨ ਇਕਾਗਰ ਕਰਕੇ ਇਸ ਨੂੰ ਪੜ੍ਹਾਂ, ਸਮਝਾਂ ਤੇ ਇਸ ਦਾ ਪ੍ਰਤੀਕਰਮ ਪੇਸ਼ ਕਰਾਂ।

ਡਾ. ਭੀਮ ਰਾਓ ਅੰਬੇਡਕਰ ਦੀ ਲਿਖੀ ਹੋਈ ਹੈ ਇਹ ਕਿਤਾਬ ਅੱਜ ਤੋਂ ਸੱਤਰ ਸਾਲ ਪਹਿਲਾਂ ਦੀ। 1936 ਵਿੱਚ ਭਲੀ ਸੋਚ ਵਾਲੇ 'ਜਾਤ-ਪਾਤ ਤੋੜਕ ਮੰਡਲ' ਲਾਹੌਰ ਦੇ ਸ੍ਰੀ ਸੰਤ ਰਾਮ, ਸ੍ਰੀ ਹਰਭਗਵਾਨ ਤੇ ਉਨ੍ਹਾਂ ਦੇ ਸਾਥੀਆਂ ਨੇ ਡਾ. ਅੰਬੇਡਕਰ ਨੂੰ ਲਾਹੌਰ ਸੱਦਿਆ ਸੀ ਆਪਣੀ ਕਾਨਫਰੰਸ ਦੀ ਪ੍ਰਧਾਨਗੀ ਕਰਨ ਲਈ। ਡਾਕਟਰ ਸਾਹਿਬ ਨੇ ਪ੍ਰਧਾਨਗੀ ਭਾਸ਼ਣ ਵਜੋਂ ਜੋ ਲਿਖਤ ਤਿਆਰ ਕੀਤੀ ਸੀ, ਉਸ ਦੀ ਪ੍ਰਧਾਨਗੀ ਦੀ ਨੌਬਤ ਤਾਂ ਅੰਤ ਨੂੰ ਨਾ ਆਈ, ਪਰ 'ਜਾਤ-ਪਾਤ ਨੂੰ ਜੜ੍ਹੋਂ ਪੁੱਟੋ' ਦੇ ਨਾਂਅ ਹੇਠ ਇੱਕ ਕਿਤਾਬਚੇ ਦੇ ਰੂਪ ਵਿੱਚ ਉਹ ਛਪ ਗਈ। ਡਾ. ਸਾਹਿਬ ਨੇ ਆਪ ਇਸ ਨੂੰ ਨਾਂਅ ਦਿੱਤਾ ਸੀ, "ਤਕਰੀਰ ਜੋ ਤਿਆਰ ਤਾਂ ਹੋਈ, ਪਰ ਪੇਸ਼ ਨਾ ਕੀਤੀ ਜਾ ਸਕੀ।" ਛੇਤੀ ਪਿਛੋਂ ਹੀ ਛਾਪ ਦਿੱਤਾ। ਇਸ ਬਾਰੇ ਉਨ੍ਹਾ ਲਿਖਿਆ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਪਹਿਲੀ ਵਾਰ ਹਿੰਦੂਆਂ ਨੇ ਉਨ੍ਹਾਂ ਨੂੰ ਆਪਣੀ ਕਾਨਫਰੰਸ ਦੀ ਪ੍ਰਧਾਨਗੀ ਵਾਸਤੇ ਸੱਦਿਆ ਸੀ, ਪਰ ਸੱਦੇ ਦਾ ਅੰਤ ਦੁਖਾਂਤ ਵਿੱਚ ਹੋਇਆ। ਉਹ ਹੈ ਸਨ ਭਾਵੇਂ ਸੁਧਾਰਕ ਵਿਚਾਰਾਂ ਵਾਲੇ, ਪਰ ਉਹ ਕੱਟੜ ਹਿੰਦੂਆਂ ਦੀ ਤਾਬ ਨਾ ਝੱਲ ਸਕੇ।

ਇਸ ਕਿਤਾਬਚੇ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ ਹੈ, ਇਸ ਵਿਚਲੀ ਸੋਚ ਨੇ ਵੀ ਤੇ ਦਲੀਲਾਂ ਨੇ ਵੀ। ਇਹ ਸਾਨੂੰ ਉਨ੍ਹਾਂ ਨੂੰ ਵੀ ਅਰਸ਼ ਤੋਂ ਫਰਸ਼ ਉੱਤੇ ਲਿਆਉਣ ਵਾਲੀਆਂ ਹਨ, ਜਿਹੜੇ ਇਨਕਲਾਬ ਦੀ ਤਾਂਘ ਤੇ ਉਸ ਲਈ ਕੁਰਬਾਨੀ ਦੇ ਪੱਖੋਂ ਤਾਂ ਊਣੇ-ਪੌਣੇ ਨਹੀਂ, ਪਰ ਉਨ੍ਹਾਂ ਜਿੰਨਾ ਜ਼ੋਰ ਮਾਰਕਸੀ ਪੱਖ ਤੋਂ ਸਮਾਜ ਵਿਗਿਆਨ ਨੂੰ ਸਮਝਣ ਉਤੇ ਅਤੇ ਉਸ ਮੁਤਾਬਿਕ ਯੁੱਗ ਪਲਟੇ ਦਾ ਰਾਹ ਪਛਾਣਨ ਉਤੇ ਲਾਇਆ, ਆਪਣੇ ਦੇਸ਼ ਭਾਰਤ ਦੀਆਂ ਜ਼ਮੀਨੀ ਹਕੀਕਤਾਂ ਨੂੰ ਗ੍ਰਹਿਣ ਕਰਨ ਉਤੇ ਉਸ ਦਾ ਦਸਵਾਂ




ਹਿੱਸਾ ਵੀ ਨਾ ਲਾਇਆ। ਆਖਰ ਭਾਰਤ ਸੰਸਾਰ ਦਾ ਇੱਕੋ-ਇੱਕ ਦੇਸ਼ ਹੈ, ਜਿਸ ਵਿੱਚ ਮਨੁੱਖ ਦੀ ਪਛਾਣ ਉਸ ਦੀ ਜਾਤ ਤੋਂ ਹੁੰਦੀ ਹੈ, ਜਿਸ ਵਿੱਚ ਉਸ ਦਾ ਪੇਸ਼ਾ ਵੀ ਉਸ ਦੀ ਜੰਮਣ ਘੜੀ ਹੀ ਨਿਸ਼ਚਿਤ ਕਰ ਦਿੱਤਾ ਜਾਂਦਾ ਹੈ ਅਤੇ ਸਾਰੀ ਉਮਰ ਉਸ ਦਾ ਪਿੱਛਾ ਨਹੀਂ ਛੱਡਦਾ।

ਡਾ. ਅੰਬੇਡਕਰ ਬਾਰੇ ਮੈਂ ਪਹਿਲਾਂ-ਪਹਿਲ ਇਹੋ ਸਮਝਿਆ-ਜਾਣਿਆ ਕਿ ਉਹ ਮੁੰਬਈ ਦੀ ਸ਼ਕਤੀਸ਼ਾਲੀ ਲਾਲ ਝੰਡੇ ਵਾਲੀ 'ਕਾਮਾਗਾਰ ਯੂਨੀਅਨ' ਦੇ ਖ਼ਿਲਾਫ਼ ਮੁਹਾਰਾਂ ਤੇ ਹੋਰ ਅਛੂਤਾਂ ਦੀ ਵੱਖਰੀ ਯੂਨੀਅਨ ਬਣਾ ਕੇ ਮਜ਼ਦੂਰ ਏਕਤਾ ਵਿੱਚ ਫੁੱਟ ਪਾਉਂਦਾ ਹੈ ਅਤੇ ਅੰਗਰੇਜ਼ਾਂ ਨੂੰ ਕੱਢਣ ਦੀ ਬੇਕਿਰਕ ਲੜਾਈ ਵਿੱਚ ਸਾਥ ਨਹੀਂ ਦੇ ਰਿਹਾ। ਪੂਨਾ ਪੈਕਟ ਵੇਲੇ ਗਾਂਧੀ ਜੀ ਦੇ ਮਰਨ ਵਰਤ ਨੇ ਡਾ. ਅੰਬੇਡਕਰ ਦੀ ਅਹਿਮੀਅਤ ਤਾਂ ਸਾਹਮਣੇ ਲਿਆਂਦੀ, ਉਸ ਦੀ ਸੋਚ-ਧਾਰਾ ਨਾਲ ਪਛਾਣ ਨਾ ਪੁਆਈ।

ਇਸੇ ਤੁਅਸਬ ਨੇ ਮਨ ਮੱਲੀ ਰੱਖਿਆ ਕਿ ਉਹ ਅੰਗਰੇਜ਼ ਵਾਇਸਰਾਏ ਨੂੰ ਸਹਿਯੋਗ ਦੇਣਾ ਤਾਂ ਠੀਕ ਸਮਝਦਾ ਹੈ, ਪਰ ਆਜ਼ਾਦੀ ਦੀ ਲੜਾਈ ਦਾ ਸਾਂਝਾ ਪਿੜ ਉਸਾਰਨ ਵਿੱਚ ਭਾਈਵਾਲ ਬਣਨ ਨੂੰ ਨਹੀਂ। ਪਰ ਇਹ ਸਮਝ ਵੇਲਾ ਵਿਹਾ ਕੇ ਪਈ ਕਿ ਸਮਾਜੀ ਇਨਕਲਾਬ ਨੂੰ ਸਿਆਸੀ ਇਨਕਲਾਬ ਨਾਲੋਂ ਪਹਿਲ ਦੇਣ ਦੀ ਉਸ ਦੀ ਧਾਰਨਾ ਵਿੱਚ ਕਿੰਨੀ ਵੱਡੀ ਸੱਚਿਆਈ ਸੀ।

ਆਖਰ ਜਿਹੜੇ ਦੇਸ਼ ਦੀ ਕੋਈ ਚੋਖਾ ਹਿੱਸਾ ਆਬਾਦੀ ਨਾਲੋਂ ਏਨਾ ਸਖਤ ਵਿਤਕਰਾ ਕੀਤਾ ਜਾਏ ਕਿ ਉਸ ਦੇ ਜੀਆਂ ਦਾ ਪਰਛਾਵਾਂ ਪੈਣਾ ਵੀ ਨਾ ਸਹਾਰਿਆ ਜਾਏ, ਜਾਤ ਵੱਲੋਂ ਅਛੂਤ ਸਮਝੇ ਜਾਂਦੇ ਲੋਕਾਂ ਨੂੰ ਖੂਹਾਂ ਉਤੇ ਚੜ੍ਹਨਾ ਤਾਂ ਕੀ, ਸੜਕਾਂ ਉਤੇ ਚੱਲਣਾ ਵੀ ਜਾਤ ਅਭਿਮਾਨੀਆਂ ਵੱਲੋਂ ਏਨਾ ਮਾੜਾ ਸਮਝਿਆ ਜਾਏ ਕਿ ਉਨ੍ਹਾਂ ਨੂੰ ਲੱਕ ਨਾਲ ਟੱਲ ਬੰਨ੍ਹ ਕੇ ਤੁਰਨਾ ਪਏ, ਉਸ ਵਿੱਚ ਇਹਨਾਂ ਹਕੀਕਤਾਂ ਨਾਲ ਦੋ-ਚਾਰ ਹੋਏ ਬਗੈਰ ਮਜ਼ਦੂਰ ਦੀ ਸਰਮਾਏਦਾਰ ਹੱਥੋਂ ਲੁੱਟ-ਖਸੁੱਟ ਤੇ ਜਮਾਤੀ ਸੰਘਰਸ਼ ਉੱਤੇ ਹੀ ਸਮੁੱਚਾ ਧਿਆਨ ਕੇਂਦਰਤ ਕਰਕੇ ਦੇਸ਼ ਦੀ ਇਨਕਲਾਬੀ ਲਹਿਰ ਕਿੰਨਾ ਕੁ ਪੈਂਡਾ ਮਾਰ ਲੈਂਦੀ?

ਕਿਹੜਾ ਹੋਰ ਦੇਸ਼ ਹੈ ਜਿਸ ਵਿੱਚ ਧਰਮ ਦੇ ਨਾਂਅ ਉਤੇ ਅਜਿਹੇ ਆਦੇਸ਼ ਜਾਰੀ ਕੀਤੇ ਗਏ ਹੋਣ ਕਿ ਵੇਦ ਬਾਣੀ ਉਹ ਅੰਮ੍ਰਿਤ ਹੈ, ਜਿਸ ਦੀ ਇੱਕ ਬੂੰਦ ਵੀ ਕਿਸੇ ਮਲੀਨ ਜਾਤੀ ਦੇ ਬੰਦੇ ਦੇ ਕੰਨਾਂ ਵਿੱਚ ਨਹੀਂ ਪੈਣੀ ਚਾਹੀਦੀ, ਇਸ ਲਈ ਅਛੂਤਾਂ ਦੇ ਕੰਨਾਂ ਵਿੱਚ ਸਿੱਕਾ ਪਿਘਲਾ ਕੇ ਪਾ ਦਿਓ? ਕਿਹੜਾ ਹੋਰ ਦੇਸ਼ ਹੈ ਜਿਸ ਵਿੱਚ ਮਲੀਨਾਂ ਨਾਲ ਰੋਟੀ ਦੀ ਵੀ ਤੇ ਬੇਟੀ ਦੀ ਵੀ ਸਾਂਝ ਵਰਜਿਤ ਹੈ? ਅਜਿਹੀਆਂ ਪਾਬੰਦੀਆਂ ਨਾਲ ਏਨੀਆਂ ਵੱਡੀਆਂ ਕੰਧਾਂ ਉਸਾਰ ਦਿੱਤੀਆਂ ਗਈਆਂ ਕਿ "ਜਦੋਂ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਵਾਲੀ ਗੱਲ ਹੀ ਨਾ ਰਹੀ, "ਮਜ਼ਦੂਰ ਜਮਾਤ ਏਕ ਹੋ" ਦਾ ਬੇਲਾ ਅਮਲ ਵਿੱਚ ਲਿਆਉਣਾ ਕਿਵੇਂ ਸੰਭਵ ਹੋ ਜਾਂਦਾ?

ਸਾਰਿਆਂ ਸੋਸ਼ਲਿਸਟ ਵਿਚਾਰਾਂ ਵਾਲੇ ਆਗੂਆਂ ਦੀ ਮੈਂ ਗੱਲ ਨਹੀਂ ਕਰਦਾ। ਪਰ ਜਾਤ ਵੰਡ ਨੇ ਕਿੰਨਾ ਕਹਿਰ ਢਾਹਿਆ ਹੈ ਸਾਡੇ ਦੇਸ਼ ਦੀ ਅਬਾਦੀ ਦੇ ਇੱਕ ਵੱਡੇ ਹਿੱਸੇ ਨੇ, ਉਸ ਦੀ ਤਿੱਖੀ ਪਛਾਣ ਮਰਾਠੀ ਸਾਹਿਤਕਾਰ ਸ਼ਰਣ ਕੁਮਾਰ ਲਿੰਬਾਲੇ ਦੀ ਲਿਖੀ ਨਾਵਲ ਢੰਗ ਦੀ ਸਵੈ ਜੀਵਨੀ 'ਅੱਕਰਮਾਸ਼ੀ' ਤੋਂ ਪਈ। ਓਮ ਪ੍ਰਕਾਸ਼ ਬਾਲਮੀਕਿ ਦੀ "ਜੂਠਣ" ਨੇ ਵੀ ਚੋਖਾ ਹਿੱਸਾ ਪਾਇਆ। ਜਦੋਂ ਬਲਬੀਰ ਮਾਧੋਪੁਰੀ ਦੀ ਸਵੈ ਜੀਵਨੀ ਉਤੇ ਧਿਆਨ ਕੇਂਦਰਤ ਕੀਤਾ ਤਾਂ ਸਮਝ ਪਈ ਕਿ ਸਿੱਖ ਗੁਰੂਆਂ ਦੀ ਦੇਣ ਤੇ ਆਰੀਆ ਸਮਾਜ



ਲਹਿਰ ਦੇ ਪ੍ਰਭਾਵ ਦੇ ਬਾਵਜੂਦ ਸਾਡੇ ਪੰਜਾਬ ਵਿੱਚ ਵੀ ਜਾਤ-ਪਾਤ ਹੱਥੋਂ ਵਿਹੜੇ ਵਾਲਿਆਂ ਦਾ ਪਿਸਣਾ ਕੋਈ ਘੱਟ ਸ਼ਿਦਤ ਵਾਲਾ ਨਹੀਂ।

ਪੰਜਾਬ ਵਿੱਚ ਛੂਤ-ਛਾਤ ਦੀ ਸ਼ਿਕਾਰ ਵਸੋਂ ਕੋਈ ਇੱਕ ਤਿਹਾਈ ਹੈ ਦੇਸ਼ ਦੇ ਬਹੁਤੇ ਹਿੱਸਿਆਂ ਨਾਲੋਂ ਕਿਤੇ ਵੱਧ। ਇਸ ਵਿੱਚ ਚਮਾਰ ਵੀ ਆਉਂਦੇ ਹਨ ਤੇ ਚੂੜ੍ਹੇ ਵੀ, ਭਾਵੇਂ ਕੋਈ ਆਪਣੇ-ਆਪ ਨੂੰ ਆਦਿ-ਧਰਮੀ ਆਖ ਕੇ ਜਾਂ ਮਜ਼੍ਹਬੀ ਸਿੰਘ ਆਦਰ ਭਾਵਨਾ ਦਾ ਸਹਾਰਾ ਲਏ, ਪਰ ਜਾਤ-ਪਾਤ ਦੇ ਕਹਿਰ ਤੋਂ ਮੁਕਤ ਉਹੋ ਹਨ, ਜਿਹੜੇ ਰਿਜ਼ਰਵੇਸ਼ਨ ਦੇ ਸਹਾਰੇ ਉਤਲੀਆਂ ਪੌੜੀਆਂ ਚੜ੍ਹ ਗਏ ਹਨ ਤੇ ਆਰਥਿਕ ਪੱਖੋਂ ਛੂਤ-ਛਾਤ ਦੀ ਸ਼ਿਕਾਰ ਜਨਤਾ ਦੇ ਦੁੱਖਾਂ, ਭੁੱਖਾਂ ਤੋਂ ਨਵਿਰਤ ਹੋ ਕੇ ਸਮਾਜ ਵਿੱਚ ਆਪਣੀ ਤਕੜੀ ਪਛਾਣ ਬਣਾ ਗਏ ਹਨ। ਪੱਛੜੀਆਂ ਜਾਤੀਆਂ ਵਿੱਚੋਂ ਜਿਹੜੇ ਇੰਗਲੈਂਡ ਜਾਂ ਫਿਰ ਕਨੇਡਾ, ਅਮਰੀਕਾ ਤੁਰ ਗਏ ਹਨ, ਉਨ੍ਹਾਂ ਨੂੰ ਤਾਂ ਨਵੀਂ ਦੁਨੀਆ ਵਿੱਚ ਆਲੇ-ਦੁਆਲੇ ਤੋਂ ਤ੍ਰਿਸਕਾਰ ਦੀ ਭਾਵਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ, ਨਾ ਆਰਥਿਕ ਪੱਖੋਂ ਪਹਿਲਾਂ ਵਾਲੀ ਮਾਰ ਝੱਲਣੀ ਪੈਂਦੀ ਹੈ। 'ਸਭ ਤੋਂ ਬੜਾ ਰੁਪਈਆ' ਚਮਤਕਾਰ ਦਿਖਾਈ ਜਾਂਦਾ ਹੈ ਅਤੇ ਨਿੱਤ ਦਿਹਾੜੇ ਦੀ ਘ੍ਰਿਣਾ ਦੀ ਬੁਛਾੜ ਸਹਿਣੀ ਨਹੀਂ ਪੈਂਦੀ। ਤਦ ਵੀ, ਉਹ ਆਦਿ-ਧਰਮੀ ਹੋਣ ਜਾਂ ਬਾਲਮੀਕਿ ਆਪਣੀ ਜਨਮ ਭੋਇੰ ਵਿੱਚ ਸਹੇ ਵਰਤਾਰੇ ਨੂੰ ਚਲੰਤ ਪੀੜ੍ਹੀ ਵਿੱਚ ਉੱਕਾ ਹੀ ਅੱਖੋਂ-ਪਰੋਖਾ ਨਹੀਂ ਕਰ ਸਕਦੇ। ਇਹ ਸਭ ਕੁਝ ਆਖਣਾ/ਲਿਖਣਾ ਇਸ ਲਈ ਪੈ ਰਿਹਾ ਹੈ ਕਿ ਅਸੀਂ ਜਿਹੜੇ ਆਪਣੇ ਦੇਸ਼ ਵਿੱਚ ਇਨਕਲਾਬੀ ਲਹਿਰ ਨੂੰ ਸਮਰਪਿਤ ਹੋਣ ਦੀ ਭਾਵਨਾ ਰੱਖਦੇ ਹਾਂ, ਇਹ ਕਦਾਚਿਤ ਨਾ ਭੁਲਾਈਏ ਕਿ ਸਮਾਜ ਇਨਕਲਾਬ ਦੀ ਲੋੜ ਵੱਲੋਂ ਬੇਪਛਾਣ ਹੋ ਕੇ ਆਪਣਾ ਲੋਕ ਲਹਿਰਾਂ ਨੂੰ ਉਸਾਰਨ ਤੇ ਉਨ੍ਹਾਂ ਵਿੱਚ ਯੋਗਦਾਨ ਦੇਣ ਦਾ ਕਿਰਦਾਰ ਨਹੀਂ ਨਿਭਾਅ ਸਕਦੇ।

ਵੰਡ ਤੋਂ ਪਹਿਲਾਂ ਆਪਣੀਆਂ ਪਾਰਟੀ ਤੇ ਜਨਤਕ ਜਥੇਬੰਦੀਆਂ ਦੀਆਂ ਕਾਨਫਰੰਸਾਂ ਵਿੱਚ ਅਸੀਂ ਤਕਰੀਰਾਂ ਤੇ ਮਤਿਆਂ ਦਾ ਬਹੁਤਾ ਕੰਮ ਨਿਭਾਅ ਕੇ ਇਕੱਠ ਵਿਛੜਨ ਤੋਂ ਪਹਿਲਾਂ ਮਾੜਾ-ਮੋਟਾ ਮਤਾ ਵਿਹੜਿਆਂ ਵਾਲਿਆਂ ਦੀਆਂ ਮੰਗਾਂ-ਉਮੰਗਾਂ ਦਾ ਪਾਸ ਕਰਕੇ ਹੀ ਗੁਜ਼ਾਰਾ ਕਰ ਲੈਂਦੇ ਸਾਂ। ਵੰਡ ਪਿੱਛੋਂ ਪਹਿਲੇ ਯਤਨ ਹੋਏ ਪੇਂਡੂ ਮਜ਼ਦੂਰ ਸਭਾ ਆਦਿ ਬਣਾਉਣ ਦੇ ਜ਼ਿਲ੍ਹਾ ਅੰਮ੍ਰਿਤਸਰ 'ਚ ਕਾਮਰੇਡ ਸੋਹਣ ਸਿੰਘ ਜੋਸ਼ ਦੀ ਅਗਵਾਈ ਹੇਠ। ਉਨ੍ਹੀਂ ਦਿਨੀਂ ਗੁਰੂ ਕੇ ਬਾਗ ਦਾ ਸਾਥੀ ਨਰਾਇਣ ਸਿੰਘ ਖੱਦਰ ਦੇ ਚਿੱਟੇ ਕੱਪੜੇ ਪਾ ਕੇ ਖੁੱਲ੍ਹੀ ਧੌਲੀ ਦਾੜ੍ਹੀ ਸੰਵਾਰ ਕੇ ਰਾਤਾਂ ਵਿਹੜਿਆਂ ਵਿੱਚ ਗੁਜ਼ਾਰਨ ਦੀ ਥਾਂ ਜੱਟਾਂ ਦੇ ਘਰਾਂ ਨੂੰ ਹੀ ਤਰਜੀਹ ਦੇਂਦਾ। ਜੋਸ਼ ਜੀ ਦੀ ਮਿੱਠੀ ਝਾੜ-ਝੰਬ ਵੀ ਠੱਠੀਆਂ ਵੱਲ ਮੂੰਹ ਨਾ ਕਰ ਸਕੀ। ਕਿਤੇ 1955 ਵਿੱਚ ਜਾ ਕੇ ਮਾਸਟਰ ਹਰੀ ਸਿੰਘ ਹੁਰਾਂ ਦੀ ਪਹਿਲ ਉਤੇ ਖੇਤ ਮਜ਼ਦੂਰ ਸਭਾ ਦੀ ਵੱਖਰੀ ਜਥੇਬੰਦੀ ਉਸਾਰਨ ਦੇ ਕੰਮ ਨੂੰ ਗੰਭੀਰਤਾ ਨਾਲ ਲਿਆ। ਕਾ. ਰੁਲਦੂ ਖਾਨ ਉਸ ਦੇ ਸਰਗਰਮ ਜਨਰਲ ਸਕੱਤਰ ਹੁੰਦੇ ਸਨ ਅਤੇ ਮੈਨੂੰ ਵੀ ਸੰਗਰੂਰ ਜ਼ਿਲ੍ਹੇ ਦੀ ਇੰਚਾਰਜੀ ਤੋਂ ਹਟਾ ਕੇ ਉਸੇ ਦੀ ਵਰਕਿੰਗ ਕਮੇਟੀ 'ਚ ਫਿੱਟ ਕਰ ਦਿੱਤਾ ਗਿਆ।

ਖੇਤ ਮਜ਼ਦੂਰਾਂ ਦੇ ਮਸਲਿਆਂ ਦੁਆਲੇ ਹੀ ਸਮੁੱਚੀ ਸਰਗਰਮੀ ਕੇਂਦਰਿਤ ਕਰਨ ਦਾ ਇਹ ਪਹਿਲਾ ਯਤਨ ਸੀ। ਉਸ ਦੌਰਾਨ ਹੀ ਸਮਝ ਪਈ ਕਿ ਜਿਹੜੇ ਪੇਸ਼ੇ ਵੱਲੋਂ ਖੇਤ ਮਜ਼ਦੂਰ ਹਨ, ਜਾਤ ਵੱਲੋਂ ਇੱਕ ਜਾਂ ਦੂਜੀ ਰਕਮ ਦੇ ਅਛੂਤ ਹੀ ਸਨ। ਬਿਹਾਰ ਵਿੱਚ ਤਾਂ ਉਨ੍ਹਾਂ ਦੀ ਗਿਣਤੀ ਅੱਠ-ਨੌਂ ਫ਼ੀਸਦੀ ਸੀ,ਪਰ ਪੰਜਾਬ 'ਚ 28 ਫ਼ੀਸਦੀ ਤੋਂ ਵਧ ਕੇ ਸਾਡੀਆਂ ਅੱਖੀਆਂ ਸਾਹਵੇਂ 33 ਫ਼ੀਸਦੀ ਦੇ ਨੇੜੇ ਆਣ ਢੁੱਕੀ ਹੈ। ਹੈਰਾਨੀ ਹੁੰਦੀ ਹੈ ਕਿ ਅਸਾਂ ਪੰਜਾਬ ਦੇ ਕਮਿਊਨਿਸਟਾਂ ਨੇ ਇਹ ਹਕੀਕਤ ਕਿਉਂ ਨਾ ਪਛਾਣੀ ਕਿ ਜਾਤ ਨੂੰ ਜੜ੍ਹੋਂ ਪੁੱਟੇ ਬਗੈਰ ਜਮਾਤ ਵਿੱਚ ਏਕਤਾ ਤੇ ਸਾਂਝਾ ਸੰਘਰਸ਼ ਕਿਵੇਂ ਆਪਣੀਆਂ ਉਚਾਣਾਂ ਛੋਹ ਸਕੇਗਾ। ਹੋਰ ਦੇਸ਼ ਵਿੱਚ ਬੰਦਾ ਆਪਣਾ ਮਨਮਰਜ਼ੀ ਦਾ ਕਿੱਤਾ ਭਾਲ ਸਕਦਾ ਹੈ। ਪਰ ਸਾਡੇ ਦੇਸ਼ ਵਿੱਚ ਭਾਰੀ ਬਹੁਗਿਣਤੀ ਜਿਸ ਜਾਤ ਵਿੱਚ ਜੰਮੀ, ਉਸੇ ਦੀ ਹੋ ਕੇ ਰਹਿ ਗਈ। ਅਸਾਂ ਇਹ ਹਕੀਕਤ ਵੀ ਨਾ ਪਛਾਣੀ ਕਿ ਜਾਤੀ ਪ੍ਰਣਾਲੀ ਸਿਰਫ ਕਿਰਤ ਦੀ ਵੰਡ ਨਹੀਂ ਕਰਦੀ ਹੈ। ਇਹ ਇੱਕ ਅਜਿਹੀ ਗੈਰ-ਕੁਦਰਤੀ ਤੇ ਪਹਿਲਾਂ ਤੋਂ ਠੋਸੀ ਹੋਈ

ਵੰਡ ਹੈ, ਜਿਸ ਦਾ ਕਿਸੇ ਦੂਜੇ ਦੇਸ਼ ਦੇ ਕਿਰਤੀਆਂ ਨੂੰ ਸਾਹਮਣਾ ਨਹੀਂ ਕਰਨਾ ਪੈਂਦਾ। ਸਾਡੇ ਸਮਾਜ ਵਿੱਚ ਜਮਾਤੀ ਵੰਡੀ ਗਰੀਬੀ ਦੇ ਸੰਤਾਪ ਨੂੰ ਜਨਮ ਹੀ ਨਹੀਂ ਦਿੰਦੀ, ਇਹ ਮਿਹਨਤੀ ਨੂੰ ਮਜਬੂਰ ਕਰਦੀ ਹੈ ਕਿ ਉਹ ਮਿਹਨਤ ਵੇਚਣ ਵੇਲੇ ਵੀ ਆਪਣੀ ਮਰਜ਼ੀ ਦਾ ਕਿੱਤਾ ਨਾ ਚੁਣ ਸਕੇ। ਛੂਤ-ਛਾਤ ਦਾ ਟਿੱਕਾ ਉਸ ਦੇ ਮੱਥੇ 'ਤੇ ਹੀ ਨਹੀਂ ਲੱਗਾ ਰਹਿੰਦਾ, ਉਸ ਦੀ ਆਪਣੀ ਮਰਜ਼ੀ ਨਾਲ ਮਿਹਨਤ ਵੇਚਣ ਉਤੇ ਵੀ ਪਾਬੰਦੀ ਲਾਉਂਦਾ ਹੈ। ਮੈਨੂੰ ਮਹਾਰਾਜ ਨੇ ਸਾਡੇ ਸਮਾਜ ਨੂੰ ਏਨਾ ਸਰਾਪ ਦਿੱਤਾ ਕਿ ਸਾਡੀ ਵਸੋਂ ਦਾ ਇੱਕ ਤਕੜਾ ਹਿੱਸਾ ਹਮੇਸ਼ਾ ਲਈ ਦੋਹਰੀ ਗੁਲਾਮੀ ਦਾ ਸ਼ਿਕਾਰ ਹੋ ਕੇ ਰਹਿ ਗਿਆ। ਡਾ. ਅੰਬੇਡਕਰ ਹਿੰਦੂ ਸਮਾਜ ਦੇ ਸਭ ਜ਼ੁਲਮਾਂ ਦੇ ਬਾਵਜੂਦ ਧਰਮ ਨਾਲ ਆਢਾ ਲੈਣ ਨਹੀਂ ਸੀ ਤੁਰਿਆ। ਉਸ ਨੇ ਜਦੋਂ ਦੇਖਿਆ ਕਿ ਹਿੰਦੂ ਧਰਮ ਅਛੂਤਾਂ ਨੂੰ ਮਨੁੱਖ ਸਮਝਣ ਲਈ ਤਿਆਰ ਨਹੀਂ, ਉਹ ਸਿੱਖ ਧਰਮ ਵੱਲ ਵੀ ਮੁੜਿਆ ਅਤੇ ਅੰਮ੍ਰਿਤਸਰ ਜਾ ਪਹੁੰਚਾ। ਕੇਰਲਾ ਦੇ ਕੁਝ ਅਛੂਤਾਂ ਨੇ ਉਸ ਦੇ ਪ੍ਰਭਾਵ ਹੇਠ ਸਿੱਖ ਧਰਮ ਗ੍ਰਹਿਣ ਵੀ ਕਰ ਲਿਆ। ਪਹਿਲਾਂ ਪਹਿਲ ਸਿੱਖ ਲੀਡਰਾਂ ਕੱਛਾਂ ਵੀ ਬਹੁਤ ਵਜਾਈਆਂ ਕਿ ਜੇ ਅੱਠ ਕਰੋੜ ਅਛੂਤ ਸਿੱਖ ਧਰਮ ਅਪਣਾ ਲੈਣਗੇ ਤਾਂ ਸਾਡੀ ਸਾਰੇ ਦੇਸ਼ ਵਿੱਚ ਬੱਲੇ-ਬੱਲੇ ਹੋ ਜਾਏਗੀ।

ਪਰ ਅਮਲ 'ਚ ਇਹ ਹਕੀਕਤ ਸਾਹਮਣੇ ਆ ਗਈ ਕਿ ਸਿੱਖ ਲੀਡਰ ਉਨ੍ਹਾਂ ਨੂੰ ਸੰਗਤ ਵਿੱਚ ਵੀ ਬਿਠਾਉਣ ਲਈ ਤਿਆਰ ਹਨ ਤੇ ਪੰਗਤ ਵਿੱਚ ਵੀ। ਰੋਟੀ ਦੀ ਸਾਂਝ ਤਾਂ ਲੰਗਰ ਦੀ ਪ੍ਰਥਾ ਕਾਰਨ ਨਿਭਾਅ ਸਕਦੇ ਹਨ, ਪਰ ਜਾਤਾਂ ਦੇ ਤੁਅੱਸਬ ਤੋਂ ਉੱਪਰ ਨਹੀਂ ਉੱਠ ਸਕਦੇ। ਜਾਤ ਪ੍ਰਥਾ ਤਾਂ ਸਾਂਝੇ ਲੰਗਰ ਨਾਲ ਨਹੀਂ ਟੁੱਟਦੀ। ਅੰਤਰਜਾਤੀ ਵਿਆਹ ਨੂੰ ਤਨੋਂ-ਮਨੋਂ ਅਪਨਾਉਣਾ ਇਸ ਨੂੰ ਤੋੜਨ ਦੀ ਪਹਿਲੀ ਸ਼ਰਤ ਹੈ। ਇਤਿਹਾਸਕ ਤੇ ਸੱਭਿਆਚਾਰਕ ਕਾਰਨਾਂ ਕਰਕੇ ਹਮਲਾਵਰਾਂ ਦੇ ਲਾਂਘੇ ਉਤੇ ਵਸੇ ਪੰਜਾਬ ਵਿੱਚ ਇਸਤਰੀਆਂ ਦੀ ਥੁੜ੍ਹੋਂ ਦੀ ਹਕੀਕਤ ਸਾਹਮਣੇ ਆਈ। ਗੁਰੂਆਂ ਦੀ ਇਸ ਸਿੱਖਿਆ ਨੂੰ ਅਮਲ ਵਿੱਚ ਪ੍ਰਣਾਇਆ ਨਹੀਂ ਸੀ ਗਿਆ। ਕਿ "ਕੁੜੀਮਾਰ ਨੜੀਮਾਰ ਗੁਰੂ ਕਾ ਸਿੱਖ ਨਾਹੇ।"

ਨਤੀਜਾ ਕੀ ਹੋਇਆ ਪੇਂਡੂ ਭਾਈਚਾਰੇ ਦੇ ਲੋਕ 'ਪੂਰਬਣਾਂ' ਨੂੰ ਵੀ ਘਰ ਵਸਾਉਣ ਲਈ ਲਿਆਉਣ ਲੱਗੇ ਅਤੇ ਦੂਰ-ਦੁਰਾਡੇ ਦੀਆਂ ਨੀਵੀਆਂ ਜਾਤਾਂ ਵਾਲੀਆਂ ਹੋਰ ਇਸਤਰੀਆਂ ਨੂੰ ਵੀ। ਪਰ ਕੀ ਕਦੇ ਇਹ 'ਕੁਦੇਸਣਾਂ' ਕਹਾਉਣ ਤੋਂ ਉੱਪਰ ਉੱਠ ਸਕੀਆਂ? ਕੀ ਜਾਤ-ਪਾਤ ਤੇ ਸੱਭਿਆਚਾਰਕ ਵਖਰੇਵੇਂ ਤੋਂ ਸਿੱਖ ਭਾਈਚਾਰਾ ਬੁਲੰਦ ਹੋ ਸਕਿਆ।


ਢੇਰ ਚਿਰ ਪਹਿਲਾਂ ਡਾ. ਅੰਬੇਡਕਰ ਨੇ ਕਿਹਾ ਸੀ, "ਤੁਸੀਂ ਕੋਈ ਸਿਆਸੀ ਸੁਧਾਰ ਨਹੀਂ ਕਰ ਸਕਦੇ, ਆਰਥਿਕ ਸੁਧਾਰ ਨਹੀਂ ਕਰ ਸਕਦੇ, ਜਿੰਨਾ ਚਿਰ ਤੁਸੀਂ ਜਾਤ ਦੇ ਦੈਂਤ ਨੂੰ ਚਿੱਤ ਨਹੀਂ ਕਰ ਦਿੰਦੇ।" ਇਸ ਸਚਿਆਈ ਨੂੰ ਜੇ ਅਸੀਂ ਵੇਲੇ ਸਿਰ ਪਛਾਣ ਲਿਆ ਹੁੰਦਾ, ਅੰਬੇਡਕਰ ਦੇ ਉਮਰ ਭਰ ਦੇ ਯਤਨਾਂ ਪਿੱਛੇ ਛੁਪੀ ਵੇਦਨਾ ਨੂੰ ਆਪਣੀ ਸਮਝ ਦਾ ਹਿੱਸਾ ਬਣਾ ਲਿਆ ਹੁੰਦਾ, ਜੇ ਜਨਤਕ ਜਥੇਬੰਦੀਆਂ ਉਸਾਰਨ ਦੇ ਕਾਰਜ ਦੇ ਬਰਾਬਰ ਰੱਖ ਕੇ ਜਾਤ-ਪਾਤ ਤੋੜਕ ਹੀਲਿਆਂ ਨੂੰ ਨੇਪਰੇ ਚਾੜ੍ਹਨ ਲਈ ਵੀ ਬਰਾਬਰ ਦਾ ਤਾਣ ਲਾਉਂਦੇ ਤਾਂ ਪੰਜਾਬ ਵਿੱਚ ਸਾਡੀ ਪਾਰਟੀ ਦੀ ਪਹੁੰਚ ਤੇ ਅਸਰ-ਰਸੂਖ ਅਣਕਿਆਸੀਆਂ ਸਿਖਰਾਂ ਛੋਹ ਜਾਂਦੇ। ਇਹ ਸਭ ਤੇ ਹੋਰ ਬਹੁਤ ਕੁਝ ਉੱਸਲਵੱਟੇ ਭੰਨ ਰਿਹਾ ਹੈ, ਇਹ ਸਤਰਾਂ ਲਿਖਣ ਵੇਲੇ। ਹੁਣ ਵੀ ਜੇ ਲਾਲ ਝੰਡੇ ਦੀ ਲਹਿਰ ਮਜ਼੍ਹਬੀਆਂ, ਰਾਏ ਸਿੱਖਾਂ, ਆਦਿਧਰਮੀਆਂ ਵਿਚਲੀ ਜਮਾਤੀ ਹੀਣਤਾ ਵਿਰੁੱਧ ਉਸੇ ਦ੍ਰਿੜ੍ਹਤਾ ਨਾਲ ਸੰਘਰਸ਼ ਕਰੇ, ਜਿਸ ਨਾਲ ਉਹ ਮਜ਼ਦੂਰਾਂ, ਕਿਰਤੀਆਂ, ਹਲ ਵਾਹਕਾਂ ਦੇ ਹੱਕਾਂ ਲਈ ਅਮਲ ਵਿੱਚ ਭਾਵੇਂ ਘਾਟ ਹੋਵੇ, ਚੇਤਨਾ ਵਿੱਚ ਪ੍ਰਬਲ ਰੁਚੀ ਰੱਖਦੀ ਹੈ ਤਾਂ ਸਾਡੀ ਲਹਿਰ ਦਾ ਪਿੜ ਵੀ ਕਿਤੇ ਵਿਸ਼ਾਲ ਹੋ ਸਕਦਾ ਹੈ ਅਤੇ ਸਾਡਾ ਪ੍ਰਾਂਤ ਵੀ ਸਹੀ ਦਿਸ਼ਾ ਵਿੱਚ ਤੇਜ਼ ਪੁਲਾਂਘਾਂ ਪੁੱਟ ਸਕਦਾ ਹੈ।

ਅੰਤ ਵਿੱਚ ਉਨ੍ਹਾਂ ਸਭਨਾਂ ਬੁੱਧੀਜੀਵੀਆਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਲੁੱਟ-ਚੋਖ ਦੇ ਸ਼ਿਕਾਰ ਲੋਕਾਂ ਦੇ ਸੰਘਰਸ਼ ਨੂੰ ਵਰਸਾਏ ਹੋਏ ਸੱਜਣਾਂ ਨੂੰ ਆਖਾਂਗਾ ਕਿ ਅੰਬੇਡਕਰ ਦੀ ਸੋਚ ਤੇ ਪਹੁੰਚ ਵੱਲ ਵੀ ਧਿਆਨ ਦੇਣ। (7 ਮਈ, 2006) ✪



# ਮੇਰਾ ਬੌਸ, ਮੇਰਾ ਸਾਥੀ, ਮੇਰਾ ਯਾਰ


## - ਬਲਬੀਰ ਪਰਵਾਨਾ




28 ਦਸੰਬਰ 2011 ਦਾ ਦਿਨ। ਪਿੰਡ ਮੰਡ ਮੌੜ ਵਿਖੇ ਜਸ ਮੰਡ ਦੇ ਘਰ ਦਾ ਧੁੱਪ ਵਾਲਾ ਵਿਹੜਾ। ਸੁਕੀਰਤ ਨੇ ਕਾਮਰੇਡ ਆਨੰਦ ਜੀ ਦਾ ਨੱਬੇਵਾਂ ਜਨਮ ਦਿਨ ਪਿੰਡ ਮੰਡ ਦੇ ਇਸ ਧੁੱਪ ਭਰੇ ਵਿਹੜੇ'ਚ ਮਨਾਉਣ ਦਾ ਪ੍ਰਬੰਧ ਕੀਤਾ ਹੋਇਆ ਸੀ। ਬਹੁਤ ਹੀ ਗਿਣਵੇਂ-ਚੋਣਵੇਂ ਪਰਵਾਰਕ ਦੋਸਤ ਸ਼ਾਮਲ ਸਨ ਇਸ ਵਿੱਚ। ਜਰਮਨੀ ਵਾਲਾ ਵਿਸਾਖਾ ਸਿੰਘ ਸੀ, ਅਮਰੀਕਾ ਵਾਲਾ ਵਾਸਦੇਵ ਸਿੰਘ ਪਰਹਾਰ, ਯੂ ਕੇ ਵਾਲਾ ਸਰਵਣ ਜ਼ਫ਼ਰ, ਕੈਨੇਡਾ ਵਾਲਾ ਡਾਕਟਰ ਸਾਧੂ ਸਿੰਘ, ਸ਼ੁਗਲੀ ਪਰਵਾਰ, ਪ੍ਰੀਤ ਨਗਰ ਤੋਂ ਪ੍ਰੀਤਲੜੀ ਪਰਿਵਾਰ, ਚਿੱਤਰਕਾਰ ਸੁਰਜੀਤ ਕੌਰ, ਰਜਨੀਸ਼ ਬਹਾਦਰ ਸਿੰਘ ਤੇ ਮੈਂ। ਸਾਰੇ ਹੀ ਪਰਵਾਰਾਂ ਸਮੇਤ। ਮੰਡ ਹੁਰਾਂ ਤਾਂ ਸ਼ਾਮਲ ਹੋਣਾ ਹੀ ਸੀ। ਦਿੱਲੀ ਤੋਂ ਸੁਅੰਗਨਾ ਵੀ ਪਰਵਾਰ ਸਮੇਤ ਹਾਜ਼ਰ ਸੀ। ਵਿਹੜੇ'ਚ ਰੱਖ ਕੇ ਕੇਕ ਕੱਟਿਆ ਗਿਆ। ਚਾਹ-ਕੌਫ਼ੀ ਪੀਂਦਿਆਂ, ਖਾਣਾ ਖਾਂਦਿਆਂ ਨਾਲ ਗੱਪ ਸ਼ੱਪ ਵੀ ਚੱਲਦੀ ਰਹੀ। ਸਵੇਰੇ ਗਿਆਰਾਂ ਕੁ ਵਜੇ ਸ਼ੁਰੂ ਹੋਇਆ ਇਹ ਸਮਾਗਮ, ਸ਼ਾਮੀਂ ਚਾਰ ਵਜੇ ਤੱਕ ਚੱਲਦਾ ਰਿਹਾ, ਜਦੋਂ ਤੱਕ ਵਿਹੜੇ ਵਿੱਚ ਧੁੱਪ ਰਹੀ। ਆਨੰਦ ਜੀ ਕੇਕ ਕੱਟ ਕੇ ਇੱਕ ਪਾਸੇ ਕੁਰਸੀ 'ਤੇ ਬਹਿ ਗਏ, ਜਿੱਥੇ ਸਿੱਧੀ ਧੁੱਪ ਪੈਂਦੀ ਸੀ। ਨਾਲ ਹੀ ਉਰਮਿਲਾ ਜੀ ਵੀ। ਸਾਰੇ ਇਕੱਠੇ ਹੋਏ ਆਨੰਦ ਜੀ ਦੇ ਸਾਥੀ ਵੀ ਸਨ ਤੇ ਸ਼ਰਧਾਲੂ ਵੀ। ਉਹਨਾਂ ਲਾਗੇ ਦੋ ਕੁਰਸੀਆਂ ਖਾਲੀ ਪਈਆਂ ਹੋਈਆਂ ਸਨ। ਮੈਂ ਕੋਲ ਜਾ ਕੇ ਉਹਨਾਂ ਦੇ ਗੋਡੇ ਘੁਟਦਿਆਂ ਕਿਹਾ, 'ਲੱਗਦਾ, ਤੁਸੀਂ ਬੁੜ੍ਹੇ ਹੋ ਗਏ ਹੋ ਕਿ ਅਜੇ ਨਹੀਂ!' ਚਿਹਰੇ ਤੋਂ ਕਮਜ਼ੋਰੀ ਤੇ ਕੁਝ ਥਕੇ-ਥੱਕੇ ਹੋਣ ਦੇ ਪ੍ਰਭਾਵਾਂ ਦੇ ਬਾਵਜੂਦ, ਉਹ ਪੂਰੇ ਬਣੇ-ਤਣੇ ਹੋਏ ਸਨ। ਉਹਨਾਂ ਦਾ ਜਵਾਬ ਮੇਰੀ ਆਸ ਤੋਂ ਬਿਲਕੁੱਲ ਉਲਟ ਸੀ, "ਇੱਕ ਦਿਨ ਹੋਣਾ ਹੀ ਹੁੰਦਾ ਹਰ ਇੱਕ ਨੇ।" ਮੈਨੂੰ ਲੱਗਿਆ ਉਹ ਆਨੰਦ ਜੀ ਕਿਤੇ ਗੁਆਚ ਗਏ ਹਨ ਜਿਹੜੇ ਹਰ ਪਲ ਜਵਾਨ, ਹਰ ਪਲ ਰੁਝੇ ਹੋਏ ਤੇ ਅਗਲੇ ਦੀ ਗੱਲ ਦਾ ਸਵਾਇਆ ਜਵਾਬ ਦਿੰਦੇ ਸਨ। ਉਹਨਾ ਨੇ ਮੇਰੀ ਵੱਲ ਕੁਝ ਪਲ ਦੇ ਖਿਆ, ਬਸ ਕੁਝ ਹੀ ਪਲ ਤੇ ਫਿਰ ਆਪਣੇ ਹੱਥਾਂ ਵੱਲ ਦੇਖਣ ਲੱਗ ਪਏ। ਝੁਰੜੀਆਂ ਭਰੇ ਹੱਥ। ਉਹਨਾਂ ਦੀ ਦੋਹਤੀ ਨਿੱਘੀ ਕੇਕ ਖਾਂਦੀ ਹੋਈ ਆਈ ਤੇ ਆਪਣੀ ਪਲੇਟ 'ਚੋਂ ਇੱਕ ਛੋਟਾ ਜਿਹਾ ਟੁਕੜਾ ਉਸਨੇ ਪਿਆਰ ਨਾਲ ਆਨੰਦ ਜੀ ਵੱਲ ਕੀਤਾ, ਜਿਹੜਾ ਉਹਨਾ ਨੇ ਖਾ ਲਿਆ। ਮੈਂ ਕੁਝ ਪਲ ਉਹਨਾਂ ਵੱਲ ਦੇਖਦਾ ਰਿਹਾ ਤੇ ਫਿਰ ਗਲ ਤੋਰਨ ਲਈ ਕਿਹਾ, "ਤੁਸੀਂ ਕਦੀ ਕਦੀ ਆਪਣੀ ਕੋਈ ਯਾਦ ਲਿਖ ਦਿਆ ਕਰੋ...ਭਾਵੇਂ ਛੋਟੀ ਹੀ!"

"ਮੇਰਾ ਚੇਤਾ ਚੋਰ ਲੈ ਗਏ ਹਨ।" ਤੇ ਬਸ। ਉਹ ਆਪਣੇ ਪੁੱਠੇ ਹੱਥਾਂ ਵੱਲ ਦੇਖ ਦੇ ਰਹੇ। ਮੈਂ ਹੋਰ ਕੀ ਗਲ ਕਰਦਾ? ਇੱਕ-ਅੱਧੀ ਹੋਰ ਗੱਲ ਕੀਤੀ ਕਿ ਪਰਹਾਰ ਸਾਹਿਬ ਨੂੰ ਆਇਆਂ ਦੇਖ ਮੈਂ ਕੁਰਸੀ ਤੋਂ ਉੱਠ ਪਿਆ। ਤੇ ਉਸ ਇਕੱਠ ਕੋਲ ਆ ਬੈਠਾ, ਜਿਹੜਾ ਘਰ ਦੇ ਬਰਾਂਡੇ ਮੂਹਰੇ ਕੁਰਸੀਆਂ ਦਾ ਗੋਲ ਦਾਇਰਾ ਬਣਾਈ ਰਾਜਨੀਤੀ ਦੇ ਬਣਦੇ-ਟੁੱਟਦੇ ਗੱਠ ਜੋੜਾਂ ਬਾਰੇ ਗਹਿ ਗੱਚ ਚਰਚਾ 'ਚ ਰੁਝਾ ਹੋਇਆ ਸੀ। ਰਾਜਨੀਤਕ ਸਮੀਕਰਨਾਂ ਦੀ ਚਰਚਾ... ਕੌਣ ਪੰਜਾਬ ਦੀ ਗੱਦੀ 'ਤੇ ਕਾਬਜ਼ ਹੋਵੇਗਾ? ਸੱਤਾਧਾਰੀ ਤੇ ਵਿਰੋਧੀ ਧਿਰ ਦੇ

ਹਾਂ-ਪੱਖੀ ਤੇ ਨਾਂਹ-ਪੱਖੀ ਪਹਿਲੂਆਂ ਦੀ ਚਰਚਾ ਤੇ ਜਲੰਧਰ ਦੇ ਸੰਭਾਵਿਤ ਉਮੀਦਵਾਰਾਂ ਬਾਰੇ ਕਿਆਸ-ਅਰਾਈਆਂ ਵੀ। ਇਸ ਸਾਰੀ ਚਰਚਾ ਤੋਂ ਹਟਵੇਂ ਬੈਠੇ ਆਨੰਦ ਜੀ ਆਪਣੇ ਆਪ 'ਚ ਮਸਤ ਸਨ, ਪਤਾ ਨਹੀਂ ਕੀ ਸੋਚਦੇ ਹੋਏ! ਮੇਰੇ ਵਾਂਗ ਹਰ ਕੋਈ ਉਹਨਾਂ ਕੋਲ ਜਾਂਦਾ, ਪਰ ਪੰਜ-ਸੱਤ ਮਿੰਟ ਤੋਂ ਬਾਅਦ ਕੋਈ ਵੀ ਗੱਲ ਨਾ ਹੁੰਦੀ ਅਗਾਂਹ ਤੋਰਨ ਲਈ।




ਇਹ ਉਹੀ ਆਨੰਦ ਜੀ ਸਨ ਜਿਹੜੇ ਹਰ ਮਹਿਫ਼ਲ ਦਾ ਕੇਂਦਰ ਹੁੰਦੇ ਸਨ। ਤੇ ਭਾਵੇਂ ਉਹਨਾਂ ਦੇ ਵਿਚਾਰਾਂ ਨਾਲ ਸਾਰੇ ਹੀ ਮਤ ਭੇਦ ਰੱਖਣ ਵਾਲੇ ਕਿਉਂ ਨਾ ਹੋਣ, ਉਹ ਕਿਸੇ ਨੂੰ ਬੋਲਣ ਦਾ ਮੌਕਾ ਘੱਟ ਹੀ ਦਿੰਦੇ ਤੇ ਫਿਰ ਆਪਣੀ ਗੱਲ ਤੋਂ ਰਤਾ ਵੀ ਇੱਧਰ-ਉਧਰ ਨਾ ਹੁੰਦੇ, ਨਾ ਥਿੜਕਦੇ।


ਮੈਂ ਭਾਵੇਂ ਦੋਸਤਾਂ ਦੇ ਗਰੁੱਪ 'ਚ ਬੈਠਾ, ਉਹਨਾਂ ਦੀ ਚਰਚਾ 'ਚ ਸ਼ਾਮਲ ਵੀ ਰਿਹਾ, ਪਰ ਮੇਰਾ ਜ਼ਿਹਨ ਆਨੰਦ ਜੀ ਬਾਰੇ ਹੀ ਸੋਚਦਾ ਰਿਹਾ ਕਿ ਉਮਰ ਦੇ ਪੜਾਅ ਵੀ ਬੰਦੇ ਨੂੰ ਕਿਵੇਂ ਬਦਲ ਜਾਂਦੇ ਹਨ! ਮੇਰੇ ਜ਼ਿਹਨ 'ਚ ਆਨੰਦ ਜੀ ਦੇ ਕਈ ਰੂਪ ਆਉਂਦੇ ਰਹੇ...

ਕਾਮਰੇਡ ਜਗਜੀਤ ਸਿੰਘ ਆਨੰਦ ਦੇ ਨਾਂਅ ਨਾਲ ਕਦੋਂ ਪਹਿਲੀ ਵਾਰ ਵਾਕਫ ਹੋਇਆ, ਯਾਦ ਨਹੀਂ। ਜੇ ਯਾਦ ਹੈ ਤਾਂ ਸਿਰਫ ਏਨਾ ਕਿ ਇਹ ਮੇਰੇ ਸਕੂਲੀ ਪੜ੍ਹਨ ਦੇ ਦਿਨ ਸਨ। ਗੌਰਮਿੰਟ ਹਾਈ ਸਕੂਲ ਜੰਡਵਾਲ, ਜਿੱਥੋਂ ਮੈਂ ਦਸਵੀਂ ਕੀਤੀ, ਇੱਥੇ ਨਾ ਕੇਵਲ 'ਪ੍ਰੀਤਲੜੀ' ਆਉਂਦੀ ਹੀ ਸੀ, ਸਗੋਂ 1957-58 ਤੋਂ ਲੈ ਕੇ ਇਸ ਦੇ ਬਹੁਤ ਸਾਰੇ ਅੰਕਾਂ ਦੀਆਂ, ਸਾਲ ਦਰ ਸਾਲ ਦੀਆਂ ਜਿਲਦਾਂ ਬੰਨ੍ਹਵਾ ਕੇ ਵੀ ਸਾਂਭੀਆਂ ਹੋਈਆਂ ਸਨ। ਗੁਰਬਖਸ਼ ਸਿੰਘ 'ਪ੍ਰੀਤਲੜੀ' ਦੇ ਕਾਲਮ 'ਮੇਰੇ ਝਰੋਖੇ 'ਚੋਂ', ਨਵਤੇਜ ਦੇ ਕਾਲਮ 'ਮੇਰੀ ਧਰਤੀ ਮੇਰੇ ਲੋਕ', ਸਾਥੀ ਲੁਧਿਆਣਵੀ ਦੇ ਕਾਲਮ 'ਸਮੁੰਦਰੋਂ ਪਾਰ' ਤੇ ਕੁਝ ਹੋਰ ਸਥਾਈ ਕਾਲਮਾਂ ਤੇ ਲੇਖਾਂ ਨੇ ਪੜ੍ਹਨ ਦਾ ਅਜਿਹਾ ਚਸਕਾ ਲਾਇਆ ਕਿ ਫਿਰ ਇਸ ਦੀਆਂ ਲਾਇਬਰੇਰੀ 'ਚ ਮੌਜੂਦ ਸਾਰੀਆਂ ਪੁਰਾਣੀਆਂ ਫਾਈਲਾਂ ਕਢਾ-ਕਢਾ ਕੇ ਪੜ੍ਹੀਆਂ। ਇਹਨਾਂ 'ਚ ਕਿਤੇ-ਕਿਤੇ ਆਨੰਦ ਜੀ ਦੇ ਲੇਖ ਵੀ ਹੁੰਦੇ ਪਰ ਬਹੁਤੇ ਰਾਜਨੀਤਕ ਸੁਰ-ਸੇਧ ਵਾਲੇ ਹੀ। ਕਾਲਜ ਜਾ ਕੇ ਸਾਹਿਤ ਪੜ੍ਹਨ ਦਾ ਚਸਕਾ ਲੱਗ ਗਿਆ ਤੇ ਆਪ ਵੀ ਕਵਿਤਾਵਾਂ ਕਹਾਣੀਆਂ ਨੂੰ ਮੂੰਹ ਮਾਰਨ ਲੱਗਾ ਇਹ ਲਿਖ ਕੇ ਅਖਬਾਰਾਂ ਨੂੰ ਭੇਜ ਛੱਡਦਾ। ਕੁਝ ਛਪ ਜਾਂਦੀਆਂ, ਕੁਝ ਰਹਿ ਵੀ ਜਾਂਦੀਆਂ ਪਰ ਇਸ ਕਰਕੇ ਅਖਬਾਰਾਂ ਦੇ ਸਪਤਾਹਿਕ ਅੰਕ ਨਿਰੰਤਰ ਤੌਰ 'ਤੇ ਦੇਖਣ ਲੱਗਾ। ਹੌਲੀ-ਹੌਲੀ 'ਨਵਾਂ ਜ਼ਮਾਨਾ' ਦਾ ਇਹ ਅੰਕ, ਮੇਰਾ ਹਰਮਨ-ਪਿਆਰਾ ਅੰਕ ਬਣ ਗਿਆ। ਇਸ ਵਿੱਚ ਆਨੰਦ ਜੀ ਦਾ ਚਲੰਤ ਰਾਜਨੀਤੀ ਬਾਰੇ ਲੇਖ ਲੱਗ ਭੱਗ ਹਰ ਅੰਕ 'ਚ ਹੀ ਹੁੰਦੇ। ਰਾਜਨੀਤੀ 'ਚ ਵਧੀ ਦਿਲਚਸਪੀ ਕਰਕੇ ਮੈਂ ਇਸ ਨੂੰ ਉਚੇਚ ਨਾਲ ਪੜ੍ਹਨ ਲੱਗਾ। ਇਹ ਸੀ ਆਨੰਦ ਜੀ ਦੀਆਂ ਰਾਜਨੀਤਕ ਲਿਖਤਾਂ ਨਾਲ ਮੇਰੀ ਪਹਿਲੀ ਪਛਾਣ।

1981 ਤੋਂ 83 ਤੱਕ ਮੈਂ ਜਲੰਧਰ 'ਲੋਕ ਲਹਿਰ' 'ਚ ਸਬ-ਐਡੀਟਰ ਰਿਹਾ ਕਦੀ-ਕਦੀ 'ਨਵਾਂ ਜ਼ਮਾਨਾ' 'ਚ ਲਖਵਿੰਦਰ ਜੌਹਲ, ਰੇਸ਼ਮ, ਬਲਦੇਵ ਬਾਜਵਾ ਜਾਂ ਜਗਜੀਤ ਨੂੰ ਮਿਲਣ ਵੀ ਆ ਜਾਂਦਾ। ਇਹਨਾਂ ਦਿਨਾਂ 'ਚ ਜ਼ੀਰਵੀ ਜੀ ਨਾਲ ਤਾਂ ਮੇਲ ਹੋ ਗਿਆ, ਉਹਨਾ ਦਾ ਹਾਸਾ ਨਿਊਜ਼ -ਟੇਬਲ 'ਤੇ ਗੂੰਜਦਾ ਰਹਿੰਦਾ ਸੀ ਪਰ ਆਨੰਦ ਦੀ ਇਸ ਸਮੇਂ ਦੌਰਾਨ ਵੀ ਨਾ ਮਿਲੇ। ਉਹ ਉਦੋਂ ਪੰਜਾਬ ਦੀ ਪਾਰਟੀ ਦੇ ਵੱਡੇ ਆਗੂਆਂ 'ਚੋਂ ਸਨ ਤੇ ਰਾਜਨੀਤਕ ਸਰਗਰਮੀਆਂ 'ਚ ਸ਼ਾਇਦ ਬਹੁਤਾ ਬਾਹਰ ਹੀ ਰਹਿੰਦੇ ਸਨ। ਇਸ ਦੌਰ 'ਚ ਮੈਂ ਆਨੰਦ ਜੀ ਦੀਆਂ ਅਨੁਵਾਦ ਕੀਤੀਆਂ ਕਿਤਾਬਾਂ ਜ਼ਰੂਰ ਪੜ੍ਹ ਲਈਆਂ। 'ਓਲੇਬੀਨਕੋਪ',



'ਬਘਿਆੜਾਂ ਦੇ ਵੱਸ', 'ਸਤਰੰਗੀ ਪੀਂਘ' ਤੇ ਇੱਕ ਦੋ ਹੋਰ ਵੀ। ਮੈਨੂੰ ਉਹਨਾਂ ਦੀ ਅਨੁਵਾਦ ਸ਼ੈਲੀ ਨੇ ਪ੍ਰਭਾਵਿਤ ਕੀਤਾ ਸੀ। ਤੇ ਉਹਨਾਂ ਦੇ ਇੱਕ ਰਾਜਨੀਤਕ ਆਗੂ ਤੇ ਰਾਜਨੀਤਕ ਸੁਰ ਵਾਲੇ ਪੱਤਰਕਾਰ ਦੇ ਨਾਲ-ਨਾਲ ਅਨੁਵਾਦ ਕਦੀ ਪਛਾਣ ਵੀ ਮੇਰੇ ਮਨ 'ਚ ਸ਼ਾਮਲ ਹੋ ਗਈ।




ਫਿਰ ਮੈਂ ਪਿੰਡ ਚਲਿਆ ਗਿਆ ਤੇ ਮਈ 1989 'ਚ, 'ਨਵਾਂ ਜ਼ਮਾਨਾ' 'ਚ ਆਉਣ ਤੱਕ ਪਿੰਡ ਹੀ ਰਿਹਾ। ਇਸ ਦੌਰ 'ਚ ਆਨੰਦ ਜੀ ਦੀ ਕੋਈ ਲਿਖਤ ਉਚੇਚ ਨਾਲ ਸ਼ਾਇਦ ਨਾ ਵੀ ਪ੍ਰਾਪਤ ਕੀਤੀ ਹੋਵੇ, ਪਰ ਇਹ ਵੀ ਨਹੀਂ ਹੋਇਆ ਕਿ ਸਾਹਮਣੇ ਆਉਣ 'ਤੇ ਉਸਨੂੰ ਅਣਗੌਲਿਆਂ ਕਰ ਪੰਨਾ ਪਲਟ ਲਿਆ ਹੋਵੇ, ਉਹਨਾਂ ਦੀ ਸ਼ੈਲੀ ਮੈਨੂੰ ਚੰਗੀ ਲੱਗਦੀ ਸੀ, ਭਾਵੇਂ ਰਾਜਨੀਤਕ ਲੇਖਾਂ 'ਚ ਉਨ੍ਹਾ ਦੀ ਕਾਂਗਰਸ ਪ੍ਰਤੀ ਹਮਦਰਦੀ ਵਾਲੀ ਪਹੁੰਚ ਮੇਰੇ ਸੰਘੋਂ ਨਾ ਲੰਘਦੀ, ਫਿਰ 'ਨਵਾਂ ਜ਼ਮਾਨਾ' 'ਚ ਗਿਆ ਤਾਂ ਵੀ ਕਈ ਮਹੀਨੇ ਆਨੰਦ ਜੀ ਨਾਲ ਮੁਲਾਕਾਤ ਦਾ ਮੌਕਾ ਨਾ ਬਣਿਆ। ਅੱਤਵਾਦ ਦੇ ਕਹਿਰ ਵਾਲੇ ਦਿਨ ਸਨ। ਉਹ ਬਹੁਤਾ ਬਾਹਰ ਪਾਰਟੀ ਮੀਟਿੰਗਾਂ, ਰੈਲੀਆਂ 'ਚ ਰੁੱਝੇ ਰਹਿੰਦੇ ਤੇ ਜਦੋਂ ਦਫ਼ਤਰ ਆਉਂਦੇ ਤਾਂ ਸਿੱਧੇ ਸਿਰੇ 'ਤੇ ਜਾ ਕੇ ਆਪਣੇ ਕਮਰੇ 'ਚ ਜਾ ਬੈਠਦੇ, ਜਿੱਥੇ ਬਾਬਾ ਬੰਨੋਆਣਾ ਤੇ ਕਾਮਰੇਡ ਮਨੋਹਰ ਲਾਲ ਵੀ ਬੈਠਦੇ ਸਨ। ਅਕਸਰ ਜ਼ੀਰਵੀ ਜੀ ਨੂੰ ਵੀ ਉਹ ਉੱਥੇ ਹੀ ਸੱਦ ਲੈਂਦੇ ਤੇ ਅਖਬਾਰ ਬਾਰੇ ਜਾਂ ਮੌਜੂਦਾ ਰਾਜਸੀ ਸਥਿਤੀ ਬਾਰੇ ਜਾਂ ਸੰਪਾਦਕੀ ਲਿਖਣ ਬਾਰੇ ਵਿਚਾਰਾਂ ਕਰਦੇ ਇਹ ਵਿਚਾਰ-ਚਰਚਾ ਕਈ ਵਾਰ ਏਨੀ ਉਤੇਜਿਤ ਤੇ ਗਰਮ ਬਹਿਸ ਬਾਜ਼ੀ 'ਚ ਬਦਲ ਜਾਂਦੀ ਕਿ ਇਸ ਦੀ ਆਵਾਜ਼ ਸਾਡੇ ਨਿਊਜ਼ ਟੇਬਲ ਤੱਕ ਵੀ ਪੁੱਜ ਜਾਂਦੀ, ਜਿਹੜਾ ਵਿਚਾਲੇ ਇੱਕ ਕਮਰਾ ਛੱਡ ਕੇ ਸੀ। ਕਈ ਵਾਰ ਉਹ ਨਿਊਜ਼-ਟੇਬਲ 'ਤੇ ਵੀ ਆ ਜਾਂਦੇ, ਪਰ ਇੱਥੇ ਬੈਠਦੇ ਘੱਟ ਹੀ ਸਨ। ਜ਼ੀਰਵੀ ਜੀ ਨਾਲ ਕਿਸੇ ਖਬਰ ਬਾਰੇ ਜਾਂ ਕਿਸੇ ਲੇਖ ਬਾਰੇ ਗੱਲਾਂ ਕਰਦੇ ਕਈ ਵਾਰ ਉਹ ਅੱਧਾ-ਅੱਧਾ ਘੰਟਾ ਵੀ ਲਾ ਦਿੰਦੇ ਪਰ ਰਹਿੰਦੇ ਖੜ੍ਹੇ ਹੀ। ਮੇਰਾ ਕਈ ਵਾਰ ਜੀਅ ਕਰਦਾ ਉਹਨਾ ਨਾਲ ਗੱਲ ਕਰਨ ਨੂੰ, ਉਹਨਾਂ ਨਾਲ ਹੱਥ ਮਿਲਾਉਣ ਨੂੰ ਪਰ ਉਹ ਰਾਜਨੀਤਕ ਮਾਮਲਿਆਂ 'ਚ ਇੰਨੇ ਖਚਤ- ਪਚਤ ਰਹਿੰਦੇ ਕਿ ਉਹਨਾਂ ਨੂੰ ਸ਼ਾਇਦ ਹੋਰ ਕੁਝ ਜਾਨਣ / ਸੋਚਣ ਦੀ ਵਿਹਲ ਹੀ ਨਹੀਂ ਸੀ। ਕੁਝ ਉਹ ਦਿਨ ਵੀ ਇਹੋ ਜਿਹੇ ਸਨ! ਕਮਿਊਨਿਸਟ ਲਹਿਰ ਦੇ ਅਨਮੁੱਲੇ ਨਾਇਕ ਅੱਤਵਾਦੀਆਂ ਵੱਲੋਂ ਸ਼ਹੀਦ ਕੀਤੇ ਜਾ ਰਹੇ ਸਨ। ਪੁਲਸ ਤੇ ਪ੍ਰਸ਼ਾਸਨ ਨਾਕਾਮ ਹੁੰਦਾ ਜਾ ਰਿਹਾ ਸੀ।

ਮੇਰੀ ਉਹਨਾਂ ਨਾਲ ਰਸਮੀ ਮੁਲਾਕਾਤ ਹੋਈ 'ਨਵਾਂ ਜ਼ਮਾਨਾ' 'ਚ ਆਉਣ ਤੋਂ ਸੱਤ-ਅੱਠ ਮਹੀਨੇ ਬਾਅਦ ਉਦੋਂ, ਜਦੋਂ ਆਰਥਕ ਕਾਰਨਾਂ ਕਰਕੇ ਪਾਰਟੀ ਨੇ ਅਖਬਾਰ ਚਲਾਉਣ ਤੋਂ ਅਸਮਰੱਥਾ ਪ੍ਰਗਟਾਈ ਤੇ ਆਨੰਦ ਜੀ ਦੀ ਅਗਵਾਈ 'ਚ ਟਰੱਸਟ ਨੇ ਨਿੱਜੀ ਯਤਨਾਂ ਨਾਲ ਇਸਨੂੰ ਚਲਾਉਣ ਦਾ ਫ਼ੈਸਲਾ ਕਰ ਲਿਆ। ਇਸ ਅਹਿਮ ਮੋੜ 'ਤੇ ਸੰਪਾਦਕੀ ਸਟਾਫ ਦੀ ਹੋਈ ਪਹਿਲੀ ਮੀਟਿੰਗ 'ਚ, ਪਾਠਕਾਂ ਦਾ ਘੇਰਾ ਮੋਕਲਾ ਕਰਨ ਤੇ ਆਰਥਕ ਵਸੀਲੇ ਜੁਟਾਉਣ ਲਈ ਨਵੀਆਂ ਤਰਕੀਬਾਂ ਵਿਚਾਰੀਆਂ ਗਈਆਂ। ਸ਼ਹਿਰਾਂ, ਕਸਬਿਆਂ 'ਚ ਪੱਤਰਕਾਰ ਰੱਖਣ, ਸਪਲੀਮੈਂਟ ਕੱਢਣ ਬਾਰੇ ਯੋਜਨਾਵਾਂ ਉਲੀਕੀਆਂ ਗਈਆਂ। ਇਸ ਯੋਜਨਾ ਬੰਦੀ ਦੌਰਾਨ ਹੀ ਜਦੋਂ ਸਾਰਿਆਂ ਤੋਂ ਰਾਇ ਪੁੱਛੀ ਜਾਣ ਲੱਗੀ ਤਾਂ ਮੇਰੇ ਬੋਲਣ ਤੋਂ ਪਹਿਲਾਂ ਸਤਨਾਮ ਚਾਨੇ ਨੇ ਮੇਰੀ ਜਾਣ-ਪਛਾਣ ਆਨੰਦ ਜੀ ਨੂੰ ਦੱਸੀ। ਉਹਨਾ ਦਾ ਫੌਰੀ ਪ੍ਰਤੀ ਕਰਮ ਸੀ, "ਤੂੰ ਕਵਿਤਾਵਾਂ ਤਾਂ ਬੜੀਆਂ ਵਧੀਆ ਲਿਖਦਾਂ, ਪਰ ਸਾਡਾ ਸਪਤਾਹਿਕ ਅੰਕ ਏਨਾ ਮਾੜਾ ਕਿਉਂ ਹੈ?" ਮੈਂ

ਕੀ ਜਵਾਬ ਦਿੰਦਾ, ਕਿਉਂਕਿ ਮੈਂ ਉਦੋਂ ਨਿਊਜ਼ ਵਾਲੇ ਪਾਸੇ ਸਾਂ। ਫਿਰ ਹਫ਼ਤੇ ਦਸ ਦਿਨਾਂ ਬਾਅਦ, ਜਦੋਂ ਵੀ ਆਨੰਦ ਜੀ ਨੂੰ ਚੇਤਾ ਆ ਜਾਂਦਾ, ਉਹ ਇਹ ਜ਼ਰੂਰ ਕਹਿੰਦੇ, "ਸਪਤਾਹਿਕ ਅੰਕ 'ਚ ਅਜੇ ਕੋਈ ਸੁਧਾਰ ਨਹੀਂ ਆਇਆ...ਇਸ ਬਾਰੇ ਹੋਰ ਮਿਹਨਤ ਕਰ।" ਮੈਂ ਇੱਕ ਦੋ ਵਾਰ ਕਿਹਾ ਵੀ ਕਿ ਇਹ ਮੈਂ ਨਹੀਂ ਦੇਖਦਾ, ਮੈਂ ਤਾਂ ਨਿਊਜ਼ ਵਾਲੇ ਪਾਸੇ ਹਾਂ, ਪਰ ਅਗਲੀ ਵਾਰ ਤੱਕ ਉਨਾਂ ਨੂੰ ਇਹ ਚੇਤਾ ਭੁਲਿਆ ਹੁੰਦਾ ਤੇ ਫਿਰ ਉਹੋ ਹੀ ਪ੍ਰਤੀਕਿਰਿਆ। ਛੇ-ਸੱਤ ਮਹੀਨੇ ਹੋਰ ਇੰਜ ਹੀ ਲੰਘ ਗਏ ਕਿ ਉਹਨਾਂ ਨੇ ਇਸਦੀ ਵਿਸਥਾਰ 'ਚ ਯੋਜਨਾ ਉਲੀਕਣ ਲਈ ਮੈਨੂੰ ਤੇ ਸਤਨਾਮ ਚਾਨੇ ਨੂੰ ਆਪਣੇ ਕਮਰੇ 'ਚ ਸੱਦ ਲਿਆ। ਮੈਂ ਜਦੋਂ ਇਹ ਅੰਕ ਤਰਸੇਮ ਕਲੇਰ ਕੋਲ ਹੋਣ ਬਾਰੇ ਦੱਸਿਆ ਤਾਂ ਉਹਨਾਂ ਨੇ ਤੁਰੰਤ ਫੈਸਲਾ ਲੈ ਲਿਆ, "ਅੱਜ ਤੋਂ ਇਹ ਤੂੰ ਦੇਖੇਂਗਾ!"

"ਪਰ ਜੀ, ਮੈਂ ਦੇਖਾਂਗਾ ਕਦੋਂ? ਮੇਰੀ ਤਾਂ ਨਿਊਜ਼ 'ਤੇ ਡਿਊਟੀ ਹੈ।"

"ਤੈਨੂੰ ਦੋ ਘੰਟਿਆਂ ਦੀ ਉਧਰੋਂ ਛੁੱਟੀ... ਤੂੰ ਦੋ ਵਜੇ ਆਉਂਦਾ ਹੈਂ ਨਾ! ਦੋ ਤੋਂ ਚਾਰ ਇਹ ਦੇਖਿਆ ਕਰ।" ਇਸ ਮੁਲਾਕਾਤ ਤੋਂ ਬਾਅਦ ਫਿਰ ਮੈਂ ਉਹਨਾਂ ਦੇ ਹੋਰ ਤੋਂ ਹੋਰ ਨੇੜੇ ਹੁੰਦਾ ਗਿਆ। ਲੱਗ ਭੱਗ ਹਰ ਹਫਤੇ ਦੇ ਸ਼ੁਰੂ 'ਚ, ਉਸ ਹਫਤੇ ਛਪਣ ਵਾਲੇ ਮੈਟਰ ਬਾਰੇ ਚਰਚਾ ਹੁੰਦੀ। ਕੁਝ ਵੱਡੇ ਨਾਵਾਂ ਦੇ ਆਏ ਰਾਜਨੀਤਕ ਲੇਖ, ਜਿਹੜੇ ਕਿ ਉਹਨਾਂ ਦੇ ਨਾਂਅ 'ਤੇ ਆਉਂਦੇ ਸਨ, ਉਹਨਾਂ ਦਾ ਕਹਿਣਾ ਹੁੰਦਾ ਕਿ ਇਹਨਾਂ ਨੂੰ ਸਪਤਾਹਿਕ ਅੰਕ 'ਚ ਛਾਪਿਆ ਜਾਵੇ। ਆਉਣ ਵਾਲੀਆਂ ਸਾਹਿਤਕ ਰਚਨਾਵਾਂ ਵੀ ਅਕਸਰ ਬਹੁਤੀਆਂ ਵੱਡੇ ਸਾਹਿਤਕਾਰਾਂ ਦੀਆਂ ਹੁੰਦੀਆਂ, ਪਰ ਜਿਹੜੀਆਂ ਪਹਿਲਾਂ ਹੀ ਕਿਤੇ ਨਾ ਕਿਤੇ ਹੋਰ ਸਾਹਿਤਕ ਪੇਪਰ 'ਚ ਛਪੀਆਂ ਵੀ ਹੁੰਦੀਆਂ। ਉਸ ਛਪੇ ਹੋਏ ਦੀ ਫੋਟੋ ਕਾਪੀ ਉਹ 'ਨਵਾਂ ਜ਼ਮਾਨਾ' ਲਈ ਭੇਜ ਦਿੰਦੇ ਸਨ। ਜਦੋਂ ਸਪਤਾਹਿਕ ਅੰਕ ਤੇ ਸਾਹਿਤਕ ਪੱਤਰਕਾਰੀ ਨੂੰ ਕੁਝ ਸਮਝਣ ਲੱਗ ਪਿਆ ਤਾਂ ਮੈਂ ਉਹਨਾਂ ਨੂੰ ਕਿਹਾ, "ਸਾਨੂੰ ਪਹਿਲਾਂ ਕਿਤੇ ਹੋਰ ਛਪੀਆਂ ਰਚਨਾਵਾਂ ਨੂੰ ਮੁੜ ਤੋਂ ਛਾਪਣਾ ਬੰਦ ਕਰ ਦੇਣਾ ਚਾਹੀਦਾ ਹੈ। ਸਪਤਾਹਿਕ ਅੰਕ 'ਚ।"

"ਕਿਉਂ?" ਉਹਨਾ ਦਾ ਹਾਕਮਾਨਾ ਪ੍ਰਤੀਕਰਮ ਸੀ।

"ਕਿਉਂਕਿ ਜਿਸ ਪਾਠਕ ਨੇ ਉਹ ਪਹਿਲਾਂ ਹੀ ਪੜ੍ਹੀਆਂ ਹੋਣਗੀਆਂ, ਉਹ ਮੁੜ 'ਨਵਾਂ ਜ਼ਮਾਨਾ' 'ਚ ਇਹ ਕਿਉਂ ਪੜ੍ਹੇਗਾ...ਤੇ ਫਿਰ ਕਿਉਂ ਖਰੀਦੇਗਾ ਅਖ਼ਬਾਰ?"

"ਹਰ ਪਰਚੇ ਦੇ ਪਾਠਕਾਂ ਦਾ ਘੇਰਾ ਆਪਣਾ-ਆਪਣਾ ਹੁੰਦਾ ਹੈ!"

"ਪਰ ਕੁਝ ਸਾਂਝਾ ਵੀ ਹੁੰਦਾ ਹੈ ਤੇ ਉਹਨਾਂ ਦਾ ਕੀ ਕਸੂਰ ਕਿ ਉਹਨਾਂ ਨੂੰ ਉਹ ਮੈਟਰ ਮੁੜ ਪਰੋਸਿਆ ਜਾਵੇ, ਜਿਹੜਾ ਉਹ ਪਹਿਲਾਂ ਹੀ ਪੜ੍ਹ ਚੁੱਕੇ ਹੁੰਦੇ ਹਨ।"

ਉਹਨਾਂ ਨੂੰ ਤਰਕ ਠੀਕ ਲੱਗਿਆ ਤੇ ਉਹਨਾ ਨੇ ਇੱਕ ਦਮ ਫੈਸਲਾ ਲੈ ਲਿਆ 'ਠੀਕ ਹੈ' ਪਿੱਛੋਂ ਇਸ ਫੈਸਲੇ ਨਾਲ ਬੜਾ ਰੌਲਾ ਪਿਆ ਤੇ ਬਹੁਤੇ ਔਖੇ ਉਹੀ ਸਾਹਿਤਕਾਰ ਸਨ, ਜਿਹੜੇ ਪਾਰਟੀ ਦੇ ਬਹੁਤੇ ਨੇੜੇ ਸਨ। ਇਨ੍ਹਾਂ 'ਚੋਂ ਇੱਕ ਨੇ ਤਾਂ ਤੇਰਾ ਸਿੰਘ ਚੰਨ ਦੇ ਨਾਂਅ ਮੇਰੇ ਖਿਲਾਫ ਲੰਮੀ ਚੌੜੀ ਚਿੱਠੀ ਵੀ ਲਿਖੀ, ਜਿਸ ਦਾ ਸਾਰ ਅੰਸ਼ ਕੁਝ ਇਸ ਤਰ੍ਹਾਂ ਸੀ :

ਕਿ ਬਲਬੀਰ ਪਰਵਾਨਾ ਨਕਸਲੀ ਹੈ। ਉਹ ਨਕਸਲੀ ਨੀਤੀਆਂ ਤੇ ਉਸ ਰਾਜਨੀਤੀ ਨਾਲ ਜੁੜੇ ਲੇਖਕਾਂ ਨੂੰ 'ਨਵਾਂ ਜ਼ਮਾਨਾ' 'ਚ ਬਹੁਤਾ ਉਭਾਰ ਰਿਹਾ ਹੈ। ਉਹ ਨਕਸਲੀਆਂ ਦੇ ਪੇ-ਰੋਲ 'ਤੇ ਹੈ ਵਗੈਰਾ-ਵਗੈਰਾ। ਇਹ ਭਾਸ਼ਾ ਉਹੋ ਜਿਹੀ ਹੀ ਸੀ, ਜਿਹੋ ਜਿਹੀ ਕਮਿਊਨਿਸਟ ਅਕਸਰ ਵਰਤ ਦੇ ਹਨ ਜਦੋਂ ਉਹਨਾਂ ਨੇ ਕਿਸੇ ਵਿਰੋਧੀ 'ਤੇ ਚਿੱਕੜ ਉਛਾਲੀ ਕਰਨੀ ਹੋਵੇ।

ਚੰਨ ਜੀ, ਉਦੋਂ ਪਾਰਟੀ ਦੇ ਸਾਹਿਤਕ ਵਿੰਗ ਦੇ ਇੰਚਾਰਜ ਹੁੰਦੇ ਸਨ। ਕਿਸੇ ਮੀਟਿੰਗ 'ਚ ਚੰਨ ਜੀ ਨੇ ਉਹ ਚਿੱਠੀ ਆਨੰਦ ਜੀ ਨਾਲ ਵਿਚਾਰੀ ਹੋਵੇਗੀ। ਉਹਨਾਂ ਨੇ ਉੱਥੇ ਪਾਰਟੀ ਵਿੰਗ 'ਚ ਕੀ ਜਵਾਬ ਦਿੱਤਾ, ਇਹ ਮੈਨੂੰ ਨਹੀਂ ਪਤਾ। ਪਰ ਪਿੱਛੋਂ ਇੱਕ ਦਿਨ ਉਹਨਾ ਨੇ ਆਪਣੇ ਕਮਰੇ 'ਚ ਸੱਦ ਕੇ ਉਹ ਚਿੱਠੀ ਮੈਨੂੰ



ਪੜ੍ਹਾਈ। ਜਦੋਂ ਮੈਂ ਚਿੱਠੀ ਪੜ੍ਹ ਹਟਿਆ ਤਾਂ ਉਹਨਾਂ ਨੇ ਕਿਹਾ, "ਹੁਣ ਤੂੰ ਇਸ ਚਿੱਠੀ ਨੂੰ ਭੁੱਲ ਜਾ...ਉਸ ਲੇਖਕ ਦੀ ਰਚਨਾ ਬਾਰੇ ਵਿਚਾਰਦਿਆਂ, ਕਦੀ ਇਸ ਚਿੱਠੀ ਦੀ ਚੋਭ ਤੇਰੇ ਮਨ 'ਚ ਨਹੀਂ ਆਉਣੀ ਚਾਹੀਦੀ... ਤੈਨੂੰ ਪੜ੍ਹਾਈ ਤਾਂ ਕਰਕੇ ਹੈ ਕਿ ਬਹੁਤ ਕੁਝ ਏਨਾ ਸੌਖਾ ਨਹੀਂ ਹੁੰਦਾ, ਜਿੰਨਾ ਤੂੰ ਸਮਝਦਾ ਹੈਂ..ਪਰ ਕੈਰੀ ਆਨ... ਮੈਂ ਤੇਰੇ ਨਾਲ ਹਾਂ...।" ਪਿੱਛੋਂ ਉਹਨਾਂ ਦੀ ਇਹ ਗੱਲ ਮੇਰੇ ਬੜੇ ਕੰਮ ਆਈ, ਤੇ ਅੱਜ ਤੱਕ ਆ ਰਹੀ ਹੈ ਕਿ ਕਿਸੇ ਨਾਲ ਤੁਹਾਡੇ ਜਿੰਨੇ ਮਰਜ਼ੀ ਵਿਰੋਧ ਹੋਣ, ਜਿੰਨਾ ਮਰਜ਼ੀ ਪਾੜਾ ਹੋਵੇ ਜਾਂ ਫਿਰ ਦੋਸਤੀ ਵੀ, ਪਰ ਰਚਨਾ ਵਿਚਾਰਨ ਵੇਲੇ ਤੁਹਾਡੇ ਸਾਹਮਣੇ ਸਿਰਫ ਰਚਨਾ ਹੀ ਹੋਣੀ ਚਾਹੀਦੀ ਹੈ, ਆਪਣੀਆਂ ਮਾਨਸਿਕ ਸੰਕੀਰਨਤਾਵਾਂ ਨਹੀਂ।

ਪਰ ਸਾਡੇ ਸੰਬੰਧ ਸਦਾ ਏਨੇ ਸਹਿਜ ਭਾਵੀ ਵੀ ਨਹੀਂ ਰਹੇ। ਇੱਕ ਵਾਰ ਬੜਾ ਤਕਰਾਰ ਵੀ ਹੋ ਗਿਆ। ਕਾਰਨ ਸੀ ਕਿ 'ਐਤਵਾਰਤਾ' ਅੰਕ ਦੇ ਇੱਕ ਲੇਖ 'ਚ, ਪਰੂਫ ਦੀਆਂ ਬਹੁਤ ਵੱਡੀਆਂ ਗਲਤੀਆਂ ਰਹਿ ਗਈਆਂ ਸਨ। ਲੇਖ ਵੀ ਚਲੰਤ ਰਾਜਨੀਤੀ ਬਾਰੇ ਹੋਣ ਕਰਕੇ, ਹਰ ਇੱਕ ਦਾ ਧਿਆਨ ਪਹਿਲਾਂ ਉਸ 'ਤੇ ਹੀ ਗਿਆ ਤੇ ਗਲਤੀਆਂ ਬਾਰੇ ਇੱਕ-ਦੋ ਜਣਿਆਂ ਨੇ ਉਹਨਾਂ ਨੂੰ ਫੋਨ ਵੀ ਕਰ ਦਿੱਤਾ। ਪਹਿਲਾਂ ਕਿਤੇ ਉਹਨਾਂ ਦੀ ਮੀਟਿੰਗ ਸੀ। ਬਾਅਦ ਦੁਪਹਿਰ ਉਹ ਦਫ਼ਤਰ ਆਏ ਤਾਂ ਆਉਂਦਿਆਂ ਹੀ ਮੈਨੂੰ ਆਪਣੇ ਕਮਰੇ 'ਚ ਸੱਦ ਲਿਆ, "ਦੱਸ, ਇਸਦਾ ਕੀ ਜੁਆਬ ਹੈ?" ਉਹ ਗੁੱਸੇ ਨਾਲ ਉੱਬਲੇ ਪਏ ਸਨ। ਉਹਨਾ ਨੇ ਲੇਖ 'ਤੇ ਗਲਤੀਆਂ ਲਾ-ਲਾ ਕੇ ਅਖ਼ਬਾਰ ਦਾ ਉਹ ਪੰਨਾ ਨੀਲਾ ਕੀਤਾ ਹੋਇਆ ਸੀ।

"ਇਹ ਤਾਂ ਤੁਸੀ ਪਰੂਫ-ਰੀਡਰਾਂ ਨੂੰ ਪੁੱਛੋ।"

"ਮੈਂ ਉਹਨਾਂ ਨੂੰ ਕਿਉਂ ਪੁੱਛਾਂ?..ਇੰਚਾਰਜ ਤੂੰ ਹੈਂ।"

"ਇੰਚਾਰਜ ਹਾਂ ਕਿ ਜੇ ਰਚਨਾ 'ਚ ਕੋਈ ਵਿਚਾਰਧਾਰਕ ਗੜਬੜ ਹੈ ਤਾਂ...ਜੇ ਇਹ ਰਚਨਾ ਕਿਸੇ ਹੋਰ ਕਾਰਨ ਕਰਕੇ ਕਮਜ਼ੋਰ ਹੈ ਤਾਂ...?"

"ਮੈਨੂੰ ਕੁਝ ਨਹੀਂ ਪਤਾ...ਅੱਜ ਤੋਂ ਤੂੰ ਆਪਣੇ ਸਫਿਆਂ ਦੇ ਪਰੂਫ ਵੀ ਦੇਖੇਂਗਾ।"

"ਆਨੰਦ ਜੀ, ਮੈਂ ਇੰਨਾ ਕੰਮ ਕਿਵੇਂ ਦੇਖ ਸਕਦਾ ਹਾਂ? ਦਸ ਸਫ਼ਿਆਂ ਦਾ ਮੈਟਰ ਵੀ, ਫਿਰ ਪਰੂਫ ਵੀ..।" 'ਐਤਵਾਰਤਾ' ਦੇ ਛੇ ਸਫ਼ਿਆਂ ਦੇ ਨਾਲ ਵੀਰਵਾਰ ਨੂੰ ਛਪਣ ਵਾਲੇ ਚਾਰ ਸਫੇ 'ਵੀਰਵਾਰਤਾ' ਦੇ ਵੀ ਮੈਂ ਦੇਖਦਾ ਸਾਂ।

"ਘਰ ਲੈ ਜਾਇਆ ਕਰ...ਮੈਂ ਗਲਤੀ ਨਹੀਂ ਟਾਲਰੇਟ ਕਰ ਸਕਦਾ।" ਉਹਨਾਂ ਦਾ ਗੁੱਸਾ ਹੋਰ ਵਧ ਗਿਆ ਸੀ।

"ਘਰ ਮੈਂ ਹੋਰ ਵੀ ਕੁਝ ਪੜ੍ਹਦਾ-ਲਿਖਣਾ ਹੁੰਦਾ ਹੈ...ਜਾਂ ਮੈਂ ਦਫ਼ਤਰ 'ਚ ਹੋਰ ਕਿਸੇ ਨਾਲੋਂ ਘੱਟ ਕੰਮ ਕਰਦਾ ਹਾਂ...।" ਮੈਨੂੰ ਆਪਣਾ ਰੋਸ ਜਾਗਿਆ ਕਿ ਪੂਰਾ ਮਨ ਲਾ ਕੇ ਕੰਮ ਕਰਨ ਦਾ ਇਹ ਸਿਲਾ!

"ਨਹੀਂ, ਇਹ ਤੈਨੂੰ ਦੇਖਣੇ ਹੀ ਪੈਣਗੇ!"

"ਠੀਕ ਹੈ, ਜੇ ਤੁਹਾਨੂੰ ਲੱਗਦਾ ਕਿ ਮੈਂ ਸਹੀ ਕੰਮ ਨਹੀਂ ਕਰ ਰਿਹਾ ਹਾਂ, ਜਾਂ ਘੱਟ ਕੰਮ ਕਰ ਰਿਹਾ ਹਾਂ ਤਾਂ ਤੁਸੀ ਹੋਰ ਬੰਦਾ ਰੱਖ ਲਓ...ਮੈਂ ਅਸਤੀਫ਼ਾ ਦੇ ਦਿੰਦਾ ਹਾਂ...।" ਸਥਿਤੀ ਦਾ ਇਹ ਕਲਾਈਮੈਕਸ ਕੋਈ ਹੋਰ ਮੋੜ ਲੈਂਦਾ, ਇਸ ਤੋਂ ਪਹਿਲਾਂ ਹੀ ਉਹਨਾ ਨੂੰ ਕੁਝ ਮਿਲਣ ਵਾਲੇ ਆ ਗਏ। ਜਿਉਂ ਹੀ ਮਿਲਣ ਵਾਲਿਆਂ ਨੇ ਦਰਵਾਜ਼ਾ ਖੋਲ੍ਹਿਆ, ਉਹਨਾਂ ਮੈਨੂੰ ਕਿਹਾ, "ਤੂੰ ਹੁਣ ਚੱਲ..ਇਸਦੀ ਗੱਲ ਬਾਅਦ 'ਚ ਕਰਦੇ ਹਾਂ!" ਮੈਂ ਉੱਠ ਆਇਆ ਪਰ ਆਪਣੇ ਕੈਬਨ 'ਚ ਆ ਕੇ, ਮੇਰਾ ਕੋਈ ਕੰਮ ਕਰਨ ਨੂੰ ਚਿੱਤ ਨਾ ਕੀਤਾ ਲੱਗਦਾ ਕਿ ਜਿੱਥੇ ਗੱਲ ਪੁੱਜ ਚੁੱਕੀ ਹੈ, ਹੁਣ ਅਸਤੀਫੇ ਤੋਂ ਬਿਨਾਂ ਹੋਰ ਕੋਈ ਬਦਲ ਹੀ ਨਹੀਂ! ਮੈਂ ਉਸ ਦਿਨ ਸਾਢੇ ਪੰਜ ਦੀ ਬਜਾਏ ਛੇ ਵਜੇ ਤੱਕ ਬੈਠਾ ਰਿਹਾ, ਉਨ੍ਹਾ ਦਾ ਬੁਲਾਵਾ ਉਡੀਕਦਾ ਤੇ ਉਦੋਂ ਹੀ ਗਿਆ ਜਦੋਂ ਉਹ ਸੰਪਾਦਕੀ ਲਿਖਾ ਕੇ ਚਲੇ ਗਏ। ਦੂਸਰੇ ਦਿਨ ਦਫ਼ਤਰ ਦੀਆਂ ਪੌੜੀਆਂ ਚੜ੍ਹਦਿਆਂ ਮੈਂ ਇਸ ਗੱਲ ਲਈ ਮਨੋ ਤਿਆਰ ਹੋ ਕੇ ਆਇਆ ਸੀ ਕਿ ਇਹ ਦਿਨ ਸ਼ਾਇਦ ਮੇਰਾ ਦਫ਼ਤਰ 'ਚ ਆਖਰੀ ਦਿਨ ਹੀ ਹੋਵੇ! ਮਨ

ਦੀ ਇਸੇ ਉੱਥਲ-ਪੁੱਥਲ ਕਰਕੇ ਮੈਂ ਆਪਣੀ ਕੁਰਸੀ ’ਤੇ ਆ ਕੇ ਬਹਿ ਤਾਂ ਗਿਆ ਪਰ ਕੋਈ ਕੰਮ ਨਾ ਕੀਤਾ। ਮਨ ਹੀ ਮਨ ਆਉਣ ਵਾਲੇ ਦ੍ਰਿਸ਼ ਕਲਪਦਾ ਰਿਹਾ। ਦਫਤਰ ਆਉਂਦਿਆਂ ਹੀ, ਉਹਨਾ ਨੇ ਮੇਰੇ ਕੈਬਿਨ ਦਾ ਦਰਵਾਜ਼ਾ ਰਤਾ ਕੁ ਖੋਲ੍ਹ ਕੇ ਹੁਕਮ ਵਾਂਗ ਆਖਿਆ, “ਤੂੰ ਮੇਰੇ ਕਮਰੇ ’ਚ ਆ। ” ਆਪਣੇ ਕੈਬਿਨ ’ਚੋਂ ਨਿਕਲਣ ਤੋਂ ਪਹਿਲਾਂ ਮੈਂ ਇੱਕ ਵਾਰ ਸਾਹਮਣੇ ਮੇਜ਼ ’ਤੇ ਪਈਆਂ ਫਾਈਲਾਂ ਤੇ ਕੁਰਸੀ ਨੂੰ ਇੱਕ ਭਰਵੀਂ ਨਜ਼ਰ ਨਾਲ ਦੇਖਿਆ ਤੇ ਫਿਰ ਉਹਨਾ ਦੇ ਕਮਰੇ ਦਾ ਦਰਵਾਜ਼ਾ ਖੋਲ੍ਹ ਅੰਦਰ ਜਾ ਵੜਿਆ, ‘ਹਾਂ ਜੀ !’

“ਕੱਲ੍ਹ ਮੈਂ ਕੁਝ ਜ਼ਿਆਦਾ ਹੀ ਕਹਿ ਗਿਆ... ਅਸਲ ’ਚ ਮੈਂ ਖੁਦ ਆਪਣੀ ਨਿੱਜੀ ਜ਼ਿੰਦਗੀ ਤੇ ਪੱਤਰਕਾਰਤਾ ਜਾਂ ਰਾਜਨੀਤੀ ’ਚ ਕਦੀ ਫਰਕ ਨਹੀਂ ਰੱਖਿਆ। ਖੈਰ...ਤੂੰ ਜਿੰਨਾ ਕੁ ਹੋਰ ਧਿਆਨ ਦੇ ਸਕਦਾ ਹੈਂ, ਦੇ...ਤੇਰੇ ਕੰਮ ਤੋਂ ਮੈਨੂੰ ਕੋਈ ਸ਼ਿਕਾਇਤ ਨਹੀਂ...।” ਉਹਨਾ ਨੇ ਬੜੇ ਸਹਿਜ ਭਾਵੀ ਢੰਗ ਨਾਲ ਕਿਹਾ।

“ਆਨੰਦ ਜੀ...। ” ਮੈਂ ਹੈਰਾਨ ਪਰੇਸ਼ਾਨ ਸਾਂ। ਬਹੁਤਾ ਇਸ ਲਈ ਵੀ ਕਿ ਮੈਂ ਤਾਂ ਬਿਲਕੁੱਲ ਹੀ ਕੁਝ ਹੋਰ ਸੋਚਿਆ-ਕਲਪਿਆ ਹੋਇਆ ਸੀ।’

“ਓ ਕੇ..ਜੇ ਹੋਰ ਕੋਈ ਗੱਲ ਹੋਈ ਤਾਂ ਬਾਅਦ ’ਚ ਕਰ ਲਵਾਂਗੇ...ਫਿਲਹਾਲ ਮੈਂ ਅਖਬਾਰਾਂ ਦੇਖ ਲਵਾਂ...। ”

ਇਸ ਘਟਨਾ ਤੋਂ ਬਾਅਦ ਕਈ ਮੌਕੇ ਅਜਿਹੇ ਵੀ ਆਏ, ਜਦੋਂ ਮੈਨੂੰ ਉਹਨਾ ਦੀ ਕਿਸੇ ਗਲ ਨਾਲ, ਇਕ ਸੌ ਅੱਸੀ ਦਾ ਮਤਭੇਦ ਵੀ ਆਇਆ ਤਾਂ ਵੀ ਪਰ ਮੈਂ ਉਹਨਾ ਦਾ ਬਹੁਤਾ ਮੋੜ ਨਾ ਦਿੱਤਾ। ਬਸ ਗੱਲ ਨੂੰ ਹਲਕੀ ਜਿਹੀ ਟਵਿਸਟ ਦੇ ਕੇ ਛੱਡ ਦਿੱਤਾ, “ਠੀਕ ਹੈ ਜੀ...ਕੱਲ੍ਹ ਨੂੰ ਜੋ ਵੀ ਤੁਸੀ ਮੈਨੂੰ ਹੁਕਮ ਕਰੋਗੇ, ਉਹੀ ਕਰ ਲਵਾਂਗੇ।” ਤੇ ਬਸ...ਦੂਸਰੇ ਦਿਨ ਫਿਰ ਸਾਡੀ ਲੱਗਭੱਗ ਸਹਿਮਤੀ ਬਣ ਜਾਂਦੀ ਸੀ। ‘ਐਤਵਾਰਤਾ’ ਜੇ ਅੱਜ ਪੰਜਾਬੀ ਦੇ ਸਾਹਿਤ, ਸਭਿਆਚਾਰ ਤੇ ਖੱਬੀ ਰਾਜਨੀਤੀ ਦੇ ਹਲਕਿਆਂ ’ਚ ਏਨੀ ਸੰਜੀਦਗੀ ਨਾਲ ਪੜ੍ਹਿਆ, ਵਿਚਾਰਿਆ ਜਾਂਦਾ ਹੈ ਤਾਂ ਇਸ ਪਿੱਛੇ ਉਹਨਾ ਦੀ ਸ਼ਖ਼ਸੀਅਤ ਦੇ ਇਸ ਹਾਂਦਰੂ ਪੱਖ ਦਾ ਬਹੁਤ ਵੱਡਾ ਹੱਥ ਹੈ ਕਿ ਉਹਨਾ ਨੇ ਮੈਨੂੰ ਪੂਰੀ ਖੁੱਲ੍ਹ ਦਿੱਤੀ ਕੰਮ ਕਰਨ ਦੀ ਤੇ ਪਰਚੇ ਦੇ ਮੁੱਖ-ਸੰਪਾਦਕ ਹੁੰਦਿਆਂ ਵੀ ਕਦੀ ਮੇਰੇ ’ਤੇ ਕੁਝ ਠੋਸਿਆ ਨਾ।

ਪਰਚੇ ਤੋਂ ਬਾਹਰ ਨਿੱਜੀ ਜ਼ਿੰਦਗੀ ’ਚ ਵਿਚਰਨ ਦਾ ਮੇਰਾ ਘੇਰਾ ਵੀ ਵੱਖਰਾ ਸੀ, ਤੇ ਰਾਜਨੀਤੀ ਵੀ। ਮੇਰੇ ਉਸ ਘੇਰੇ ’ਚ ਆਨੰਦ ਜੀ ਦੀ ਕਾਂਗਰਸ ਵੱਲ ਪਹੁੰਚ ਦੀ ਸਦਾ ਹੀ ਨੁਕਤਾਚੀਨੀ ਹੁੰਦੀ, ਜਿਸ ਬਾਰੇ ਮੇਰਾ ਅਕਸਰ ਜਵਾਬ ਹੁੰਦਾ “ਉਹ ਮੁੱਖ-ਸੰਪਾਦਕ ਹਨ...ਉਹ ਕੀ ਲਿਖਦੇ ਹਨ, ਤੁਸੀ ਉਹਨਾਂ ਨਾਲ ਗੱਲ ਕਰੋ। ” ਉਂਜ ਭਾਵੇਂ ਅੰਦਰੋਂ ਮੈਂ ਖੁਦ ਵੀ ਉਹਨਾਂ ਦੀ ਗੱਲ ਨਾਲ ਹੀ ਸਹਿਮਤ ਹੁੰਦਾ ਤੇ ਕਈ ਵਾਰ ਮੈਂ ਆਨੰਦ ਜੀ ਨਾਲ ਇਸ ਬਾਰੇ ਚਰਚਾ ਵੀ ਕਰਦਾ। “ਇਹ ਮੇਰੀ ਰਾਜਨੀਤੀ ਹੈ, ਮੇਰਾ ਵਿਸ਼ਵਾਸ ਹੈ...ਤੇਰੇ ਘੇਰੇ ਵਾਲੇ ਬਹੁਤੇ ਜਾਂ ਤਾਂ ਕਿਤਾਬਾਂ ਪੜ੍ਹਨ ਵਾਲੇ ਹਨ ਜਾਂ ਤੱਤੇ ਕਾਮਰੇਡ...।” ਮੈਂ ਚੁੱਪ ਕਰ ਜਾਂਦਾ।

1991 ’ਚ ਉਹਨਾਂ ਦੀ ਕਿਤਾਬ ਛਪੀ ‘ਚੇਤੇ ਦੀ ਚੰਗੇਰ’ ’ਚੋਂ। ਇਹ ਉਹਨਾ ਦੀਆਂ ਕਮਿਊਨਿਸਟ ਲਹਿਰ ਬਾਰੇ ਯਾਦਾਂ ਹਨ। ਇਹ ਕਿਤਾਬ ਬੜੀ ਪਸੰਦ ਕੀਤੀ ਗਈ ਮੈਂ ਉਹਨਾਂ ਨੂੰ ਕਿਹਾ, “ਆਨੰਦ ਜੀ, ਤੁਸੀ ‘ਐਤਵਾਰਤਾ’ ’ਚ ਲਹਿਰ ਬਾਰੇ ਯਾਦਾਂ ਲਿਖਣੀਆਂ ਕਿਉਂ ਨਹੀਂ ਸ਼ੁਰੂ ਕਰਦੇ?” ‘ਚੇਤੇ ਦੀ ਚੰਗੇਰ’ ਵਾਲੇ ਲੱਗਭੱਗ ਬਹੁਤੇ ਲੇਖ ‘ਆਰਸੀ’ ’ਚ ਛਪੇ ਸਨ। ਉਹਨਾ ਨੇ ਇੱਕ ਦੋ ਲਿਖਾਈਆਂ, ਜਿਨ੍ਹਾਂ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਤੇ ਹੌਲੀ-ਹੌਲੀ ਫਿਰ ਉਹ ‘ਐਤਵਾਰਤਾ’ ’ਚ ਇਹ ਯਾਦਾਂ ਦੀਆਂ ਲੜੀਆਂ ਲਿਖਾਉਣ ਲੱਗੇ। ਬਾਕੀ ਦਿਨ ਰਾਜਨੀਤੀ ਬਾਰੇ ਤੇ ‘ਐਤਵਾਰਤਾ’ ’ਚ ਲਹਿਰ ਬਾਰੇ ਯਾਦਾਂ। ਹੁਣ ਜੇ ਮੈਂ ਕਦੀ ਉਹਨਾ ਦੀ ਰਾਜਨੀਤਕ ਪਹੁੰਚ ਬਾਰੇ ਕੋਈ ਗੱਲ ਕਰਦਾ ਤਾਂ ਉਹ ਹੱਸ ਕੇ ਕਹਿੰਦੇ, “ਐਤਵਾਰਤਾ ’ਚ ਤਾਂ ਮੈਂ ਸੋਧਵਾਦ ਨਹੀਂ ਵਾੜ ਰਿਹਾ ਨਾ !” ਉਹ ‘ਸੋਧਵਾਦ’ ’ਤੇ ਜ਼ੋਰ ਦੇ ਕੇ ਕਹਿੰਦੇ, “ਬਾਕੀ ਇਹ ਮੇਰੀ ਪੱਕੀ ਕਨਵਿਕਸ਼ਨ ਹੈ ਕਿ ਕਾਂਗਰਸ ਨਾਲ ਰਲ ਕੇ ਹੀ ਕਮਿਊਨਿਸਟ ਲਹਿਰ ਦਾ ਕੁਝ ਸੰਵਰ ਸਕਦਾ ਹੈ। ਇਹ



ਗੱਲਾਂ ਜਿੰਨਾ ਚਿਰ ਅਸੀ ਨਹੀ ਸਮਝਾਂਗੇ, ਨਾ ਇਸ ਮੁਲਕ ਦਾ ਕੁਝ ਬਣ ਸਕੇਗਾ ਤੇ ਨਾ ਕਮਿਊਨਿਸਟ ਲਹਿਰ ਦਾ। ” ਇਸ ਦੇ ਬਾਵਜੂਦ ਉਹ ਬਹੁਤੀ ਵਾਰ ਸੰਪਾਦਕੀ ਜਾਂ ਕੋਈ ਹੋਰ ਲੇਖ ਲਿਖਾਉਣ ਲੱਗਿਆਂ, ਮੈਨੂੰ ਕੋਲ ਬਹਾ ਲੈਂਦੇ। ਜੇ ਮੈਂ ਕਦੀ ਕਿਹਾ ਕਿ ਆਪਣੀ ਕਿਹੜੀ ਇਸ ਮਸਲੇ ਬਾਰੇ ਰਾਇ ਰਲਣੀ ਹੈ ਤਾਂ ਕਹਿੰਦੇ, “ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਵਿਰੋਧੀ ਦੀ ਰਾਇ ਇਸ ਬਾਰੇ ਕੀ ਹੈ। ” ਸਾਡੇ ’ਚ ਇੱਕ ਅਜਿਹਾ ਵਿਸ਼ਵਾਸ ਬਣ ਗਿਆ ਸੀ ਕਿ ਮੈਂ ਆਪਣੀ ਰਾਇ ਬੇਝਿਜਕ ਉਹਨਾਂ ਨੂੰ ਦੇ ਸਕਦਾ ਹਾਂ। ਕਈ ਵਾਰ ਅਸੀ ਕਿਸੇ ਰਾਜਨੀਤਕ ਮਸਲੇ ਬਾਰੇ ਘੰਟਾ-ਘੰਟਾ ਵੀ ਬਹਿਸਦੇ ਰਹਿੰਦੇ ਪਰ ਉਹਨਾ ਨੇ ਕਦੀ ਇਹ ਨਾ ਆਖਿਆ, “ਤੂੰ ਮੇਰੀ ਗੱਲ ਮੰਨਦਾ ਕਿਉਂ ਨਹੀਂ?” ਕੋਈ ਵੀ ਰਾਇ ਬੇਬਾਕੀ ਨਾਲ ਉਹਨਾਂ ਨੂੰ ਦਿੱਤੀ ਜਾ ਸਕਦੀ ਸੀ, ਭਾਵੇਂ ਇਸ ਆਪਸੀ ਸਮਝਦਾਰੀ ਦਾ, ਮੇਰੀ ਇੱਕ ਬੇਵਕੂਫੀ ਕਰਕੇ ਬੜਾ ਗਲਤ ਦ੍ਰਿਸ਼ ਵੀ ਬਣ ਗਿਆ ਸੀ। ਗੱਲ ਗਦਰੀ ਬਾਬਿਆਂ ਦੇ ਮੇਲੇ ਦੀ ਹੈ ਸੰਨ ਪੱਕਾ ਤਾਂ ਯਾਦ ਨਹੀਂ ਪਰ ਇਹ 2002 ਜਾਂ 2003 ਦੀ ਗੱਲ ਹੋਵੇਗੀ। ਅਸੀ ਦਸ-ਬਾਰਾਂ ਦੋਸਤ ਮੇਲੇ ਦੇ ਪੰਡਾਲ ਦੇ ਮੂਹਰੇ ਖੜ ਸਾਂ। ਵਿੱਚ ਕੁਝ ਲੇਖਕ ਸਨ ਤੇ ਕੁਝ ਕਾਮਰੇਡ ਵੀ, ਪੰਜਾਬ ਦੇ ਵੱਖ-ਵੱਖ ਕੋਨਿਆਂ ’ਚੋਂ ਆਏ ਹੋਏ, ਮੇਰੀ ਮਿੱਤਰ-ਮੰਡਲੀ ਉਧਰੋਂ ਗੇਟ ਵੱਲੋਂ ਆਨੰਦ ਜੀ ਆਏ ਤੇ ਉਹਨਾਂ ਸਾਰਿਆਂ ਨਾਲ ਹੱਥ ਮਿਲਾਉਂਦਿਆਂ ਸੁਭਾਵਿਕ ਹੀ ਮੈਨੂੰ ਪੁੱਛਿਆ, “ਕਿਵੇਂ, ਮੇਰਾ ਅੱਜ ਵਾਲਾ ਲੇਖ ਪੜ੍ਹਿਆ?”

“ਹਾਂ ਜੀ। ”

“ਕਿਵੇਂ ਦਾ ਲੱਗਿਆ ?” ਪਤਾ ਨਹੀਂ ਉਹਨਾ ਨੇ ਕਿਉਂ ਪੁੱਛਿਆ।

“ਕੋਈ ਖਾਸ ਨਹੀਂ ਜੀ...ਤੁਹਾਡੇ ਹਾਣ ਦਾ ਨਹੀਂ ਲੱਗਾ ਇਹ ਲੇਖ।” ਗੱਲ ਮੂੰਹੋਂ ਨਿਕਲ ਗਈ ਪਰ ਉਸੇ ਪਲ ਮੈਨੂੰ ਅਹਿਸਾਸ ਹੋ ਗਿਆ, ਮੈਨੂੰ ਇਹ ਗੱਲ ਇੱਥੇ ਨਹੀਂ ਸੀ ਕਹਿਣੀ ਚਾਹੀਦੀ, ਇਸ ਤਰ੍ਹਾਂ ਖੁਲ੍ਹੇ-ਆਮ, ਪਬਲਿਕ ’ਚ...ਪਰ ਗੱਲ ਤਾਂ ਕਹੀ ਜਾ ਚੁੱਕੀ ਸੀ !

“ਹੋਰ ਪੁੱਛੋ ਜੀ ਇਸ ਨੂੰ !” ਢਾਣੀ ’ਚੋਂ ਕਿਸੇ ਨੇ ਕਿਹਾ।

“ਇਹ ਇਸਦੀ ਰਾਇ ਹੈ...ਮੈਂ ਇੰਜ ਨਹੀਂ ਸਮਝਦਾ।” ਤੇ ਉਹ ਹੱਸ ਕੇ ਪੰਡਾਲ ਵੱਲ ਚਲੇ ਗਏ। ਪਿੱਛੋਂ ਵੀ ਇਹ ਗੱਲ ਕਈ ਵਾਰ ਹੁੰਦੀ ਰਹੀ, ਸਗੋਂ ਹੁਣ ਤੱਕ ਵੀ ਕਿਸੇ ਨਾ ਕਿਸੇ ਰੂਪ ’ਚ ਛਿੜ ਜਾਂਦੀ ਹੈ ਕਿ “ਪਰਵਾਨਾ ਆਨੰਦ ਦੀ ਪਰਵਾਹ ਨਹੀਂ ਕਰਦਾ !” ਜਦੋਂ ਕਿ ਗੱਲ ਇਸਦੇ ਬਿਲਕੁੱਲ ਉਲਟ ਹੈ। ਮੈਂ ਜਿੰਨੀ ਪਰਵਾਹ ਉਹਨਾ ਦੀ ਕਰਦਾ ਸਾਂ ਜਾਂ ਹੁਣ ਵੀ ਕਰਦਾ ਹਾਂ, ਓਨੀ ਮੈਂ ਬਹੁਤ ਘੱਟ ਲੋਕਾਂ ਦੀ ਕੀਤੀ ਹੈ। ਇਹ ਮੈਂ ਹੀ ਨਹੀਂ, ਪੰਜਾਬ ਭਰ ’ਚੋਂ ਤੇ ਬਦੇਸ਼ਾਂ ਤੋਂ ਵੀ ਬਹੁਤ ਸਾਰੇ ਲੇਖਕ, ਕਮਿਊਨਿਸਟ ਕਾਰਕੁੰਨ ਉਹਨਾਂ ਨੂੰ ਇਸੇ ਤਰ੍ਹਾਂ ਮੰਨਦੇ ਹਨ।

ਪਿਛਲੇ ਪੰਜ ਛੇ ਸਾਲਾਂ ਤੋਂ ਸਿਹਤ ਦੇ ਕਾਰਨਾਂ ਕਰਕੇ, ਉਹ ਭਾਵੇਂ ਦਫ਼ਤਰ ਨਹੀਂ ਆਉਂਦੇ, ਪਰ ਦੋ ਚਾਰ ਜਣੇ ਹਰ ਹਫ਼ਤੇ ਜ਼ਰੂਰ ਅਜਿਹੇ ਮਿਲਣ ਵਾਲੇ ਆਉਂਦੇ ਹਨ, ਜਿਹੜੇ ਆਨੰਦ ਜੀ ਦੇ ਸ਼ਰਧਾਲੂ ਹੋਣ ਤੱਕ ਭਗਤ ਹੁੰਦੇ ਹਨ। ਉਹ ਉਹਨਾਂ ਬਾਰੇ ਗੱਲਾਂ ਕਰਦੇ ਹਨ, ਉਹਨਾਂ ਦੀ ਸਿਹਤ ਬਾਰੇ ਪੁੱਛਦੇ ਹਨ। ਇਹ ਸਾਰੇ ਹੀ ਇਉਂ ਗੱਲਾਂ ਕਰਦੇ ਹਨ, ਜਿਵੇਂ ਉਹ ਕਮਿਊਨਿਸਟ ਆਗੂ ਜਾਂ ਸਿਰਮੌਰ ਪੱਤਰਕਾਰ ਨਹੀਂ, ਸਗੋਂ ਉਹਨਾਂ ਦਾ ਕੋਈ ਨੇੜਲਾ ਦੋਸਤ ਹੋਵੇ, ਉਹਨਾਂ ਦਾ ਆਪਣਾ ਯਾਰ। ਤੇ ਮੈਂ....‘ਨਵਾਂ ਜ਼ਮਾਨਾ’ ’ਚ ਪਹਿਲੇ ਚਾਰ ਕੁ ਸਾਲਾਂ ਦਾ ਵਕਫਾ ਛੱਡ ਕੇ, ਲੱਗ ਭੱਗ 1992-93 ਤੋਂ, ਮੈਂ ਉਹਨਾਂ ਨਾਲ ਉਵੇਂ ਵਿਚਰਿਆ ਹਾਂ, ਜਿਵੇਂ ਆਪਣੇ ਦੋਸਤਾਂ ਨਾਲ ਵਿਚਰਦਾ ਹਾਂ, ਉਹ ਮੇਰੇ ਬੌਸ ਵੀ ਹਨ, ਕਾਮਰੇਡ ਸਾਥੀ ਵੀ, ਯਾਰ ਵੀ...ਪਰ ਇਹਨਾਂ ’ਚੋਂ ਜੇ ਕੋਈ ਸੁਰ ਵੱਧ ਭਾਰੂ ਹੈ ਤਾਂ ਉਹ ਅਖੀਰਲੀ ਹੀ, ਕਿ ਮੈਂ ਆਪਣੇ ਕਿਸੇ ਵੀ ਨੇੜਲੇ ਦੋਸਤ ਵਾਂਗ, ਉਹਨਾਂ ਨਾਲ ਕੋਈ ਵੀ ਗੱਲ ਖੁੱਲ੍ਹ ਕੇ ਕਰ ਸਕਦਾ ਹਾਂ।

## ਮੇਰਾ ਸਟੱਡੀ ਟੇਬਲ/ -ਭਗਵੰਤ ਰਸੂਲਪੁਰੀ

ਪਿਛਲੇ ਸਮੇਂ ਦੌਰਾਨ 'ਮੇਰੇ ਸਟੱਡੀ ਟੇਬਲ' ਉੱਤੇ ਅਨੇਕਾ ਕਿਤਾਬਾਂ ਇਕੱਠੀਆਂ ਹੋ ਗਈਆਂ ਨੇ। ਮੈਂ ਉਹ ਕਿਤਾਬਾਂ ਹੀ ਆਪਣੇ ਟੇਬਲ ਉੱਤੇ ਰੱਖਦਾ ਹਾਂ, ਜਿਹੜੀਆਂ ਮੈਂ ਪੜ੍ਹਨੀਆਂ ਹੁੰਦੀਆਂ ਨੇ। ਕੁਝ ਦਿਨ ਉਹ ਕਿਤਾਬਾਂ ਵੀ ਟੇਬਲ 'ਤੇ ਟਿਕਦੀਆਂ ਨੇ ਜਿਨ੍ਹਾਂ ਨੂੰ ਮੈਂ ਓਪਰੀ ਝਾਤ ਮਾਰਨੀ ਹੁੰਦੀ ਏ ਜਾਂ ਕੋਈ ਇਕ ਅੱਧੀ ਰਚਨਾ ਪੜ੍ਹਨੀ ਹੁੰਦੀ ਏ... ਕਿਤਾਬ ਦੀ ਭੂਮਿਕਾ ਜਾਂ ਬੈਕ ਕਵਰ 'ਤੇ ਲਿਖਿਆ ਪੜ੍ਹ ਕੇ ਕਿਤਾਬ ਬਾਰੇ ਆਪਣੀ ਸਮਝ ਬਣਾਉਣੀ ਹੁੰਦੀ ਏ। ਉਂਝ ਬਹੁਤੀਆਂ ਕਿਤਾਬਾਂ ਦੇ ਬੈਕ ਕਵਰ 'ਤੇ ਲਿਖੇ ਸਰਟੀਫਿਕੇਟ ਅਤੇ ਭੂਮਿਕਾਵਾਂ ਬਹੁਤ ਵਧਾ ਚੜ੍ਹਾ ਕੇ ਲਿਖੇ ਹੁੰਦੇ ਨੇ। ਪਰ ਫਿਰ ਵੀ ਕਿਤਾਬ ਦੀ ਮੋਟੀ ਮੋਟੀ ਜਾਣਕਾਰੀ ਮਿਲ ਜਾਂਦੀ ਏ। ਹਲਕੀ ਕਿਤਾਬ ਹਫ਼ਤੇ ਤੱਕ ਟੇਬਲ 'ਤੇ ਟਿਕੀ ਰਹਿੰਦੀ ਏ। ਫਿਰ ਥੱਲੇ ਖਿਸਕ ਜਾਂਦੀ ਏ। ਕੁੱਝ ਮੈਗਜ਼ੀਨ ਹੁੰਦੇ ਨੇ ਜਿਨ੍ਹਾਂ 'ਚੋਂ ਆਪਣੀ ਪਸੰਦ ਦੀ ਕਹਾਣੀ ਜਾਂ ਕੋਈ ਲੇਖ ਪੜ੍ਹਨਾ ਹੁੰਦਾ ਏ। ਐਨਾ ਕੁਝ ਟੇਬਲ ਤੇ ਹਰ ਮਹੀਨੇ ਇਕੱਠਾ ਹੋ ਜਾਂਦਾ ਏ ਕਿ ਚੋਣਵਾਂ ਹੀ ਪੜ੍ਹਨਾ ਪੈਂਦਾ ਏ। ਏਸ ਕਾਲਮ ਵਿਚ ਕੁਝ ਕਿਤਾਬਾਂ ਮੈਂ ਹਿੰਦੀ ਦੀਆਂ ਪੜ੍ਹੀਆਂ ਨੇ ਜਿਨ੍ਹਾਂ ਦਾ ਜ਼ਿਕਰ ਕਰਨਾ ਮੈਂ ਜ਼ਰੂਰੀ ਸਮਝਦਾ ਸਾਂ। ਮੇਰੇ ਟੇਬਲ ਤੇ ਜਿੰਦਰ ਦੀ ਸੰਪੂਰਨ ਸਵੈ ਜੀਵਨੀ 'ਇਕ ਸੀ ਹਰਜਿੰਦਰ', ਰਘਬੀਰ ਸਿੰਘ ਮਾਨ ਦਾ ਨਾਵਲ 'ਰੋਹ ਵਿਦਰੋਹ', ਪਰਗਟ ਸਿੰਘ ਸਤੌਜ ਦਾ ਨਾਵਲ 'ਮੁਹੱਬਤ ਵੇਲਾ' ਵੀ ਪਹੁੰਚ ਗਏ ਨੇ। ਇਹ ਕਿਤਾਬਾਂ ਕਿਸੇ ਆਲੋਚਕ ਦੇ ਹਵਾਲੇ ਕਰ ਦੇਣੀਆਂ ਨੇ।

### ਹਿੰਦੀ ਕਥਾ ਦਾ ਵਿਲੱਖਣ ਨਾਂ ਮਨੋਜ ਰੂਪੜਾ

ਮਨੋਜ ਰੂਪੜਾ ਦੀ ਕਹਾਣੀ ਨਾਲ ਮੇਰੀ ਸਾਂਝ 'ਪਲ ਪ੍ਰਤੀਪਲ' ਵਿਚ ਛਪੀਆਂ ਉਨ੍ਹਾਂ ਦੀਆਂ ਕਹਾਣੀਆਂ ਪੜ੍ਹਨ ਨਾਲ ਹੋਈ ਏ। 'ਉਸ ਦੀ 'ਲਾਇਫ ਲਾਇਨ' ਕਹਾਣੀ ਜਦੋਂ ਮੈਂ ਪੜ੍ਹੀ ਤਾਂ ਮੈਂ ਹਫ਼ਤਾ ਭਰ ਹੋਰ ਕੋਈ ਕਹਾਣੀ ਪੜ੍ਹ ਨਾ ਸਕਿਆ। ਉਹ ਕਹਾਣੀ ਅਜੇ ਵੀ ਮੇਰੇ ਜਿਹਨ ਵਿਚ ਘੁੰਮਦੀ ਰਹਿੰਦੀ ਏ। ਉਸ ਦੀਆਂ ਔਰਤ ਪਾਤਰਾਂ ਮੈਨੂੰ ਅਜੇ ਵੀ ਤੰਗ ਕਰਦੀਆਂ ਨੇ। ਮੈਂ ਉਦੋਂ ਹੀ ਸੋਚ ਲਿਆ ਕਿ ਮਨੋਜ ਨੂੰ ਮੈਂ ਸਾਰੇ ਦਾ ਸਾਰਾ ਪੜ੍ਹਨਾ ਏ। ਅਧਾਰ ਪ੍ਰਕਾਸ਼ਨ ਵਾਲਿਆਂ ਤੋਂ ਮੈਂ ਉਸ ਦੀਆਂ ਸਾਰੀਆਂ ਕਹਾਣੀਆਂ ਦੀ ਕਿਤਾਬਾਂ... ਸਾਜ਼ ਨਾਸਾਜ਼, ਟਾਵਰ ਆਫ਼ ਸਾਇਲੈਂਸ, ਆਮਾਜਗਾਹ







(ਲਕਸ਼ ਸਥਾਨ-ਪਰਮਧਾਮ) ਅਤੇ ਇਕ ਫਿਲਮਾਂ ਦੇ ਕਲਾ ਪੱਖ ਬਾਰੇ ਕਿਤਾਬ 'ਕਲਾ ਕਾ ਆਸਵਾਦ' ਮਨੋਜ ਇਕੀਵੀਂ ਸਦੀ ਦਾ ਹਿੰਦੀ ਕਥਾ ਦਾ ਸਿਰਕੱਢ ਨਾਂ ਏ। ਉਸ ਨੇ ਰਵਾਇਤੀ ਟੂਲਜ਼ ਨਾਲ ਲਿਖੀ ਜਾ ਰਹੀ ਕਹਾਣੀ 'ਤੇ ਆਪਣੀ ਮੌਲਿਕਤਾ ਨਾਲ ਐਸਾ ਕੱਟ ਮਾਰਿਆਂ ਏ ਕਿ ਹਿੰਦੀ ਕਥਾ ਜਗਤ ਹੈਰਾਨ ਰਹਿ ਗਿਆ ਏ। ਰਜਿੰਦਰ ਯਾਦਵ-ਕਮਲੇਸ਼ਵਰ-ਮੋਹਨ ਰਕੇਸ਼ ਤਿੱਕੜੀ ਦਾ ਸਮਾਨੰਤਰ ਕਹਾਣੀ ਦਾ ਯੁੱਗ ਬੀਤ ਗਿਆ ਏ। ਇੱਕੀਵੀਂ ਸਦੀ ਦਾ ਇਹ ਯੁੱਗ ਮਨੋਜ ਰੂਪੜਾ-ਯੋਗਿੰਦਰ ਅਹੂਜਾ-ਓਮਾ ਸ਼ਰਮਾ ਤਿੱਕੜੀ ਦਾ ਏ। ਬਾਹਰਹਾਲ ਮਨੋਜ ਆਪਣੀ ਜਾਨਦਾਰ ਕਹਾਣੀ ਲੈ ਕੇ ਸਿੱਧਾ ਪਾਠਕ ਤੱਕ ਪਹੁੰਚਿਆ। ਮਨੋਜ ਲਕੀਰੀ ਬਿਰਤਾਂਤ ਨੂੰ ਬੁਰੀ ਤਰ੍ਹਾਂ ਕਰੈਸ਼ ਕਰਦਾ ਏ। ਉਹਦੀ ਕਹਾਣੀ ਸਿੱਧੀ, ਸਪਾਟ ਰਹੱਸ ਪੈਦਾ ਕਰਦੀ ਹੋਈ ਅੰਤ ਵਿਚ ਧਮਾਕਾ ਨਹੀਂ ਕਰਦੀ ਬਲਕਿ ਉਹ ਮੈਂ ਪਾਤਰ ਰਾਹੀਂ ਪਾਠਕ ਦੇ ਮਨ ਵਿਚ ਅਜਿਹੀ ਭਾਵਨਾ ਪੈਦਾ ਕਰ ਦਿੰਦਾ ਏ ਕਿ ਪਾਠਕ ਇੰਜ ਮਹਿਸੂਸ ਕਰਨ ਲੱਗ ਪੈਂਦਾ ਏ ਕਿ ਜਿਵੇਂ ਉਹ ਖੁਦ ਕਹਾਣੀ ਵਿਚ ਵੜ ਗਿਆ ਹੋਵੇ। ਮਨੋਜ ਨੇ ਨਿੱਕੀ ਹੁਨਰੀ ਕਹਾਣੀ ਦੇ ਨਿੱਕੀ ਨਿੱਕੇ ਟੁਕੜੇ ਕਰਕੇ ਪਾਠਕ ਦੇ ਜ਼ਿਹਨ ਵਿਚੋਂ ਬਾਹਰ ਵਗਾਹ ਮਾਰੇ ਨੇ। ਉਹ ਤੁਹਾਨੂੰ ਮੁੱਖ ਵਿਸ਼ੇ ਦੇ ਨਾਲ ਨਾਲ ਏਧਰ-ਉਧਰ, ਉਪਰ ਥੱਲੇ ਝਾਕਣ ਦਾ ਖੁੱਲ੍ਹਾ ਮੌਕਾ ਦਿੰਦਾ ਏ। ਉਸ ਦੀ ਕਹਾਣੀ ਕਈ ਪਰਤਾਂ ਵਿਚ ਤੁਹਾਡੇ ਜਿਹਨ ਵਿਚ ਥਾਂ ਬਣਾ ਲੈਂਦੀ ਏ। ਉਸ ਦੀ ਅਨੇਕਾਂ ਕਹਾਣੀਆਂ ਨੇ ਮੇਰੇ ਮਨ ਵਿਚ ਥਾਂ ਬਣਾ ਲਈ ਏ। 'ਸਾਜ਼ ਨਾਸਾਜ਼' ਕਹਾਣੀ ਦੀ ਬਣਤਰ ਓਪਰੀ ਨਜ਼ਰੇ ਜਾਸੂਸੀ ਕਹਾਣੀ ਵਰਗੀ ਲੱਗਦੀ ਏ। ਪਾਠਕ ਇਕ ਜਾਸੂਸ ਵਾਂਗ ਸੱਭਿਆਚਾਰਕ ਉਦਯੋਗ ਦੇ ਉੱਤਰਕਾਲ 'ਚ ਪੈਦਾ ਹੋਣ ਵਾਲੇ ਇਕ ਬੁੱਢੇ ਦਾ ਪਿੱਛਾ ਕਰਦਾ ਏ। ਉਸਦੇ ਰਾਹੀ ਇਹ ਜਾਨਣ ਦੀ ਕੋਸ਼ਿਸ਼ ਵੀ ਕਰਦਾ ਏ ਕਿ ਇਸ ਨਵੇਂ ਯਥਾਰਥ ਨੇ ਬੰਦੇ ਨੂੰ ਉਸਦੀ ਸਾਧਨਾ ਅਤੇ ਉਸ ਅੰਦਰ ਪੈਦਾ ਹੋਣ ਵਾਲੀਆਂ ਵੱਡੀਆਂ ਸੰਭਾਵਨਾਵਾਂ ਨੂੰ ਕਿਵੇਂ ਕਰੈਸ਼ ਕਰ ਦਿੱਤਾ ਏ। ਪਾਠਕ ਇਕ ਵੱਡੀ ਸੱਭਿਆਚਾਰਕ ਸੱਚਾਈ ਦਾ ਪਿੱਛਾ ਕਰਦਾ ਹੋਇਆ ਕਹਾਣੀ ਖਤਮ ਕਰਦਾ ਏ। ਕਹਾਣੀ 'ਚ ਇਕ ਮੁੱਖ ਪਾਤਰ ਬੁੱਢਾ ਮੁੰਬਈ ਦੀ ਫਿਲਮੀ ਇੰਡਸਟਰੀ 'ਚ ਸੈਕਸੋਫ਼ੋਨ ਵਜਾਉਣ ਵਾਲਾ ਇਕ ਕੁਸ਼ਲ ਕਲਾਕਾਰ ਏ। ਜਿਸ ਨੂੰ ਕੰਮ ਮਿਲਣਾ ਬੰਦ ਹੋ ਜਾਂਦਾ ਏ। ਕਿਉਂਕਿ ਉਸਦੀ ਥਾਂ ਅਤਿਅਧੁਨਿਕ ਜਾਪਾਨੀ ਸੰਗੀਤ ਕੰਪੋਜ਼ਰ ਲੈ ਲੈਂਦਾ ਏ, ਜਿਹੜਾ ਟੈਕਨੌਲਜ਼ੀ ਨਾਲ ਹਰ ਸਾਜ਼ ਨੂੰ ਨਾਸਾਜ਼ ਕਰ ਦਿੰਦਾ ਏ। ਇਹ ਕਹਾਣੀ ਬੁੱਢੇ ਦੀ ਕਲਾ ਦੀ ਮੌਤ ਤੋਂ ਉਪਜੀ ਤ੍ਰਾਸਦੀ ਦੀ ਕਹਾਣੀ ਏ। ਉਹ ਦੀਆਂ ਕੁਝ ਹੋਰ ਕਹਾਣੀਆਂ ਵੀ ਪੜ੍ਹਨ ਵਾਲੀਆਂ ਨੇ, 'ਪ੍ਰੇਤ ਛਾਇਆ', 'ਦ੍ਰਿਸ਼-ਅਦ੍ਰਿਸ਼', 'ਟਾਵਰ ਆਫ਼ ਸਾਇਲੈਂਸ', 'ਸੈਕੇਂਡ ਲਾਇਫ', 'ਲਾਇਫ਼ ਲਾਇਨ', 'ਆਗ ਔਰ ਰਾਖ਼ ਕੇ ਬੀਚ' ਵਰਗੀਆਂ ਕਹਾਣੀਆਂ ਨੂੰ ਪੜ੍ਹਦਿਆਂ ਮੈਨੂੰ ਅਹਿਸਾਸ ਹੋਇਆ ਕਿ ਪੰਜਾਬੀ ਕਹਾਣੀ ਤਾਂ ਬਹੁਤ ਪੱਛੜੀ ਹੋਈ ਏ। ਪੰਜਾਬੀ ਕਹਾਣੀ ਵਿਚ ਬਹੁਤ ਸਾਰੇ ਵਿਸ਼ੇ ਅਤੇ ਕਹਾਣੀ ਕਹਿਣ ਦੇ ਢੰਗ ਤਰੀਕੇ ਐਨੇ ਘਸ ਗਏ ਨੇ ਕਿ ਉਨ੍ਹਾਂ ਕਹਾਣੀਆਂ ਦਾ ਸਾਲ ਦੋ ਸਾਲ ਬਾਅਦ ਕੋਈ ਵਜ਼ੂਦ ਹੀ ਨਹੀਂ ਬਚਦਾ। ਹੱਡ ਮਾਸ ਦੀ ਕਹਾਣੀ ਸਾਲ-ਦੋ ਸਾਲ ਵਿਚ ਰਾਖ਼ ਬਣ ਜਾਂਦੀ ਏ। ਮਨੋਜ ਦੀ ਕਿਤਾਬ 'ਕਲਾ ਕਾ ਆਸਵਾਦ' ਪੜ੍ਹਦਿਆਂ ਅਹਿਸਾਸ ਹੁੰਦਾ ਏ ਕਿ ਉਹ ਦੀ ਹਿੰਦੀ, ਇੰਗਲਿਸ਼ ਆਰਟ ਫਿਲਮਾਂ 'ਤੇ ਬਹੁਤ ਮਜ਼ਬੂਤ ਪਕੜ੍ਹ ਏ। ਉਹ ਫਿਲਮਾਂ ਦੇ ਵਿਸ਼ਲੇਸ਼ਣ ਆਪਣੀ ਮੌਲਿਕ ਦ੍ਰਿਸ਼ਟੀ ਨਾਲ ਕਰਦਾ ਹੋਇਆ ਆਪਣੀ ਲਿਖਤ ਵਿਚ ਨਵੇਂ ਅਰਥ ਵੀ ਭਰ ਜਾਂਦਾ ਏ। ਇਹ ਵੀ ਅਹਿਸਾਸ ਹੁੰਦਾ ਏ ਕਿ ਉਸ ਦੀ ਸਮਾਜ, ਲੋਕਾਂ ਨੂੰ ਵੇਖਣ ਦੀ ਮੌਲਿਕ ਸਮਝ ਏ ਸ਼ਾਇਦ ਤਾਂ ਹੀ ਉਹ ਐਨੀਆਂ ਜਾਨਦਾਰ ਕਹਾਣੀਆਂ ਲਿਖ ਸਕਿਆ ਏ।

### ਜੋਗਿੰਦਰ ਅਹੂਜਾ ਹਨੇਰੇ ਵਿਚ ਹੱਸ ਰਹੇ ਪਾਤਰਾਂ ਦਾ ਸਿਰਜਕ


ਜੋਗਿੰਦਰ ਅਹੂਜਾ ਇੱਕਵੀਂ ਸਦੀ ਦਾ ਇਕ ਹੋਰ ਮੇਰੀ ਪਸੰਦ ਦਾ ਕਥਾਕਾਰ ਏ। ਉਸ ਦੀਆਂ ਦੋ ਕਿਤਾਬਾਂ ਨੂੰ ਮੈਂ ਪਿਛਲੇ ਦਿਨੀਂ ਪੜ੍ਹਿਆ ਏ। ਉਹ ਵੀ ਸਮਕਾਲ ਦਾ ਬੜਾ ਖਤਰਨਾਕ ਕਥਾਕਾਰ ਏ। ਉਸ




ਦੀ ਇਕ ਕਿਤਾਬ ਦਾ ਨਾਂ ਏ 'ਅੰਧੇਰੇ ਮੇਂ ਹੰਸੀ' ਅਤੇ ਦੂਜੀ ਕਿਤਾਬ ਏ, 'ਲਫ਼ਾਜ਼' ਹਿੰਦੀ ਕਹਾਣੀ ਦੇ ਵੱਡੇ ਕੱਦ ਦੇ ਕਥਾਕਾਰ ਉਦੇ ਪ੍ਰਕਾਸ਼ ਨੇ 'ਵਾਰਨ ਹੇਸਟਿੰਗਜ਼ ਕਾ ਸਾਂਡ' ਰਾਹੀ ਨਵੀਂ ਹਿੰਦੀ ਕਥਾ ਵਿਚ ਪ੍ਰਵੇਸ਼ ਕਰਨ ਦਾ ਰਾਹ ਮੋਕਲਾ ਕੀਤਾ ਫਿਰ 'ਪੀਲੀ ਛਤਰੀ ਵਾਲੀ ਲੜਕੀ' ਨਾਲ ਉਹ ਹਿੰਦੀ ਕਹਾਣੀ ਨੂੰ ਸਿਖਰ ਤੇ ਲੈ ਗਿਆ। ਪਰ ਹੁਣ ਜੋਗਿੰਦਰ ਅਹੂਜਾ ਦੀ ਕਥਾ ਦੀ ਗੱਲ ਕਰਨੀ ਏ। ਉਸ ਦੀ 'ਅੰਧੇਰੇ ਮੇਂ ਹੰਸੀ' ਕਮਾਲ ਦੀ ਬੁਣਤੀ ਵਾਲੀ ਕਹਾਣੀ ਏ। ਜਦੋਂ ਇਤਿਹਾਸ ਦੀ ਮੌਤ ਹੋ ਜਾਂਦੀ ਏ ਤਾਂ ਉਹ ਕਥਾ ਵਿਚ ਢਲ ਜਾਂਦਾ ਏ। ਕਥਾ 'ਚ ਪਿਘਲਣ ਤੋਂ ਉਪਰੰਤ ਇਤਿਹਾਸ ਦਾ ਇਕ ਨਵਾਂ ਜਨਮ ਹੁੰਦਾ ਏ। ਨਵਾਂ ਜਨਮ ਲੈਂਦਿਆਂ ਹੀ ਉਹ ਇਤਿਹਾਸ ਸਮਾਜ ਦੇ ਸਮੂਹਿਕ ਅਵਚੇਤਨ ਦੇ ਅੰਦਰੋਂ ਇਕ ਮਿੱਥ ਦੀ ਸ਼ਕਲ 'ਚ ਪ੍ਰਗਟ ਹੁੰਦਾ ਏ 'ਅੰਧੇਰੇ ਮੇਂ ਹੰਸੀ' ਇਕ ਵੱਡੇ ਕੈਨਵਸ ਦੀ ਕਥਾ ਏ, ਜਿਹੜੀ ਜਿੰਨੀ ਸਤਾ ਦੇ ਉਪਰ ਏ ਓਨੀ ਹੀ ਸਤਾ ਦੇ ਅੰਦਰ ਵੀ ਏ। ਜਿਹੜੀ ਇਤਿਹਾਸ ਦੇ ਮਿੱਥ ਵਿਚ ਬਦਲਣ, ਮਿੱਥ ਦੇ ਕਰਮਕਾਂਡ ਹੋ ਕੇ ਮਰ ਜਾਣ ਅਤੇ ਉਸਦੀ ਮੌਤ ਤੋਂ ਉਪਜੇ ਵਿਰਲਾਪ ਨੂੰ ਹਾਸੇ-ਮਜ਼ਾਕ ਵਿਚ ਦੇਣ ਦੀ ਕੋਸ਼ਿਸ਼ ਕਰਦੀ ਏ। ਕਹਾਣੀ ਦੇ ਵਿਕਾਸ ਦੇ ਭਿੰਨ ਭਿੰਨ ਪੜਾਵਾਂ ਵਾਂਗ ਆਪਣੀ ਬਣਤਰ ਤੇ ਬੁਣਤਰ ਵਿਚ ਗੁੰਨਦੀ ਏ। ਇਹ ਆਪਣੇ ਆਪ ਵਿਚ ਇਕ ਨਵਾਂ ਪ੍ਰਯੋਗ ਏ। ਇਸ ਕਹਾਣੀ 'ਚ ਪਾਤਰ ਮਨਫ਼ੀ ਨੇ ਇਤਿਹਾਸ ਮੁੱਖ ਏ। ਇਸ ਕਹਾਣੀ ਦਾ ਸਮਰੂ ਖੁਦ ਹੱਸਦਾ ਏ। ਅਤੇ ਲੋਕਾਂ ਨੂੰ ਹਸਾਉਂਦਾ ਏ। ਉਹ ਆਪਣੀਆਂ 362 ਤਰ੍ਹਾਂ ਦੇ ਹਾਸੇ ਲੈ ਕੇ ਕਿਤੇ ਗਾਇਬ ਹੋ ਜਾਂਦਾ ਏ। ਹਾਲਾਤ ਅਜਿਹੇ ਬਣ ਜਾਂਦੇ ਨੇ ਕਿ ਕਾਸ਼ੀ, ਅਯੋਧਿਆ ਜਾਂ ਗੋਰਖਪੁਰ ਵਿਚ ਕੋਈ ਹੱਸਦਾ ਹੀ ਨਹੀਂ। ਖਲੀਲਾਬਾਦ ਵਿਚ ਵੀ ਕੋਈ ਨਹੀਂ ਹੱਸਦਾ, ਜਿਥੇ ਕਹਾਣੀ ਦਾ ਮੁੱਖ ਪਾਤਰ ਡਾਕਟਰ ਰਾਮਨਾਥ ਕਟਾਰੀਆਂ ਆਪਣਾ ਹਸਪਤਾਲ ਚਲਾਉਂਦਾ ਏ। ਉਹ ਨਿੱਤ ਮਰੀਜ਼ਾ ਦੀ ਮੌਤ ਤੇ ਜ਼ਿੰਦਗੀ ਵਿਚ ਘਿਰਿਆ ਰਹਿੰਦਾ ਏ। ਉਸ ਦਾ ਪਰਿਵਾਰ ਵੀ ਪੀੜ ਝੱਲਦਾ ਏ। ਇਸ ਦੌਰਾਨ ਸਮਰੂ ਦਾ ਹਾਸਾ ਆਉਂਦਾ ਏ। ਫਿਰ ਬੰਦ ਹੋ ਜਾਂਦਾ ਏ। ਫਿਰ ਯੋਗਾ ਰਾਹੀ ਨਕਲੀ ਹਾਸਾ ਆਉਂਦਾ ਏ। ਕਹਾਣੀ ਦੱਸਦੀ ਏ ਕਿ ਕਿਵੇਂ ਦੂਜੇ ਲੋਕ ਸਮਰੂ ਦੇ ਹਾਸੇ ਨੂੰ ਕਰਮਕਾਂਡ ਵਿਚ ਬਦਲ ਦਿੰਦੇ ਨੇ। ਜਿਵੇਂ ਯੋਗਾ ਸਿਖਾਉਣ ਵਾਲਾ ਇਕ ਪਾਤਰ ਸਵੇਰੇ ਸਵੇਰੇ ਬਹੁਤ ਸਾਰੇ ਲੋਕਾਂ ਨੂੰ ਹੱਸਣਾ ਦੇ ਕਰਮਕਾਂਡ ਸਿਖਾਉਂਦਾ ਏ ਤੇ ਅਨੇਕਾਂ ਸਮੱਸਿਆਵਾਂ ਦੇ ਹੱਲ ਹੋਣ ਦਾ ਦਾਅਵਾ ਕਰਦਾ ਏ। ਦੂਜੇ ਪਾਸੇ ਇਕ ਸੰਮਰੂ ਏ ਜਿਹੜਾ ਫਿੱਕਾ ਹਾਸਾ ਹੱਸਦਾ ਏ। ਕਹਾਣੀ ਕਹਿੰਦੀ ਏ...ਮੁਖਲਿਸਪੁਰ 'ਚ ਸਮਰੂ ਨੂੰ ਆਪਣੇ ਹੀ ਹਾਸੇ ਤੋਂ ਡਰ ਲੱਗਦਾ ਏ, ਕਦੀ ਕਦੀ ਆਪਣੀ ਕੋਠੜੀ ਵਿਚ ਉਹ ਇਕੱਲਾ ਹੱਸਦਾ ਹੈ, ਬਸ ਇਕ ਫਿੱਕਾ ਹਾਸਾ, ਪਰ ਉਸਦੇ ਪਿੱਛੇ ਕੋਈ ਨਹੀਂ ਹੱਸਦਾ, ਅਤੇ ਨਾ ਅਯੋਧਿਆ ਅਤੇ ਖਲੀਲਾਬਾਦ 'ਚ ਹੱਸਦਾ ਏ। ਏਸ ਤੋਂ ਇਲਾਵਾ.. ਸਿਨੇਮਾ-ਸਿਨੇਮਾ, ਲਫ਼ਾਜ਼, ਡਾਗ ਸਟੋਰੀ ਵਰਗੀਆਂ ਕਹਾਣੀਆਂ ਹਿੰਦੀ ਕਥਾ ਨੂੰ ਨਵੀਂ ਦਿਸ਼ਾ ਦਿੰਦੀਆਂ ਨੇ। ਅਹੂਜਾ ਨੇ ਹਿੰਦੀ ਕਹਾਣੀ ਦੇ ਘੜੇ ਘੜਾਏ ਟੂਲਜ਼ ਨੂੰ ਤੋੜਿਆ ਏ। ਉਸ ਦੀ ਕਥਾ ਪੜ੍ਹਦਿਆਂ ਮੈਨੂੰ ਲੱਗਾ ਕਿ ਇਸ ਕੋਲ ਕਹਾਣੀ ਲਿਖਣ ਦੀ ਨਿਵੇਕਲੀ ਬਣਤਰ ਕਿਵੇਂ ਆ ਗਈ। ਜਿਹੜੀ ਉਹਨੂੰ ਹਿੰਦੀ ਕਹਾਣੀ ਤੋਂ ਵੱਖਰਾ ਖੜਾ ਕਰ ਦਿੰਦੀ ਏ।




## ਮੇਰੀ ਜ਼ਿੰਦਗੀ ਮੇਂ ਚੈਖਵ




ਲੀਡਿਆ ਐਵਿਲੋਵ ਨੇ ਇਸ ਕਿਤਾਬ ਦੇ ਬਿਰਤਾਂਤ 'ਚ ਚੈਖਵ ਦੇ ਪ੍ਰੇਮ ਦੀ ਅਧੂਰੀ ਕਹਾਣੀ ਬਿਆਨ ਕੀਤੀ ਏ। ਇਹ ਕਿਤਾਬ ਮੇਰੀ ਕਿਤਾਬਾਂ ਦੀ ਸੈਲਫ 'ਚ ਲੁਕੀ ਹੋਈ ਮੈਂ ਅਚਾਨਿਕ ਵੇਖ ਲਈ ਤਾਂ ਪੜ੍ਹਨ ਲਈ ਟੇਬਲ 'ਤੇ ਰੱਖ ਲਈ। ਇਸ ਕਿਤਾਬ ਦੀ ਲੇਖਿਕ ਲੀਡਿਆ ਪੀਟਰਸਬਰਗ ਦੇ ਇਕ ਅਧਿਕਾਰੀ ਦੀ ਪਤਨੀ ਸੀ ਤੇ ਉਹ ਕਹਾਣੀਕਾਰ ਵੀ ਸੀ। ਆਪਣੀ ਆਤਮ ਕਥਾ ਵਿਚ ਉਸ ਨੇ ਚੈਖਵ ਵਿਚਕਾਰ ਚੱਲੇ ਦੱਸ ਸਾਲ ਦੇ ਪ੍ਰੇਮ ਸਬੰਧਾਂ ਨੂੰ ਵਰਣਨ ਕੀਤਾ ਏ। ਇਹ ਸਮਾਂ ਚੈਖਵ ਦੇ ਬਤੌਰ ਲੇਖਕ ਹੋਣ ਦਾ ਅਹਿਮ ਸਮਾਂ ਏ। ਲੀਡਿਆ, ਚੈਖਵ ਤੋਂ ਚਾਰ ਸਾਲ ਛੋਟੀ ਸੀ। ਚੈਖਵ ਨਾਲ ਆਪਣੇ ਸੰਬੰਧਾਂ ਦਾ ਵਰਨਣ ਉਸ ਦੀ ਮੌਤ ਤੋਂ ਕਈ ਸਾਲਾਂ ਬਾਅਦ 'ਚੈਖਵ ਇਨ ਮਾਈ ਲਾਇਫ਼' ਸਿਰਲੇਖ ਹੇਠ ਛਪਿਆ ਸੀ। ਪੁਸਤਕ 'ਚ ਉਸ ਨੇ ਚੈਖਵ ਨਾਲ ਕੇਵਲ ਆਪਣੀਆਂ ਅੱਠ ਮੁਲਾਕਾਤਾਂ ਦਾ ਵਰਣਨ ਕੀਤਾ ਏ। ਇਸ ਕਿਤਾਬ ਵਿਚ ਚੈਖਵ ਨਾਲ ਸੰਬੰਧਤ ਕਾਫ਼ੀ ਦਿਲਚਸਪ ਸਮੱਗਰੀ ਏ। ਲੀਡਿਆ ਆਪਣੇ ਬੱਚਿਆ ਤੇ ਪਤੀ ਨੂੰ ਓਨਾ ਪਿਆਰ ਕਰਦੀ ਏ ਜਿਨਾ ਚੈਖਵ ਨੂੰ। ਉਹ ਕਿਸੇ ਵੀ ਛੱਡਣਾ ਨਹੀਂ ਚਾਹੁੰਦੀ। ਪ੍ਰੇਮ ਦੀ ਇਹ ਤਿਕੋਣ ਲੀਡਿਆ ਦੀ ਤ੍ਰਾਸਦੀ ਬਿਆਨ ਕਰਦੀ ਏ। ਇਸ ਪੁਸਤਕ ਵਿਚ ਲੀਡਿਆ ਨੇ ਆਪਣੇ ਤੇ ਚੈਖਵ ਵਿਚਕਾਰ ਦੱਸ ਸਾਲ ਚੱਲੇ ਦੁਖਾਂਤ ਵਾਲੇ ਪ੍ਰੇਮ ਸਬੰਧਾਂ ਦਾ ਵਰਣਨ ਕੀਤਾ ਏ। ਹਿੰਦੀ, ਭਾਰਤੀ ਭਾਸ਼ਾ ਜਾਂ ਪੰਜਾਬੀ ਵਿਚ ਸ਼ਾਇਦ ਹੀ ਕਿਸੇ ਪ੍ਰੇਮਕਾ ਨੇ ਆਪਣੇ ਪ੍ਰੇਮੀ ਲੇਖਕ ਦੇ ਪ੍ਰੇਮ ਸਬੰਧਾਂ ਬਾਰੇ ਅਜਿਹਾ ਲਿਖਿਆ ਹੋਵੇ। ਮੈਨੂੰ ਇਹ ਕਾਫੀ ਦਿਲਚਸਪ ਲੱਗੀ ਏ।


## ਰਜਿੰਦਰ ਯਾਦਵ ਨੂੰ ਜਦੋਂ ਮੈਂ 'ਮੁੜ ਮੁੜ ਦੇਖਤਾ ਹੂੰ'




ਰਜਿੰਦਰ ਯਾਦਵ ਮੇਰੀ ਪਸੰਦੀ ਦਾ ਸੰਪਾਦਕ ਤੇ ਲੇਖਕ ਏ। ਮੈਂ ਕਈ ਸਾਲਾਂ ਤੋਂ 'ਹੰਸ' ਇਸ ਲਈ ਨਿਰੰਤਰ ਪੜ੍ਹਦਾ ਸਾਂ ਕਿ ਉਸ ਵਿਚ ਯਾਦਵ ਦੀ ਸੰਪਾਦਕੀ ਹੁੰਦੀ ਸੀ। ਜਦੋਂ ਇਹ ਕਿਤਾਬ ਛਪੀ ਮੈਂ ਪ੍ਰਕਾਸ਼ਕ ਕੋਲੋਂ ਡਾਕ ਰਾਹੀ ਮੰਗਵਾ ਲਈ। ਉਦੋਂ ਪੜ੍ਹ ਕੇ ਰੱਖ ਦਿੱਤੀ। ਅਚਾਨਕ ਫਿਰ ਮੇਰੇ ਹੱਥ ਲੱਗੀ ਮੈਂ ਮੁੜ ਪੜ੍ਹੀ। ਬਹੁਤ ਥੋੜ੍ਹੀਆਂ ਕਿਤਾਬਾਂ ਹੁੰਦੀਆਂ ਨੇ ਜਿਨ੍ਹਾਂ ਨੂੰ ਮੁੜ ਪੜ੍ਹਿਆ ਜਾਂਦਾ ਏ। ਯਾਦਵ ਨੇ ਕਿਤਾਬ ਨੂੰ 'ਆਤਮ ਕਥਾ' ਨਹੀਂ ਲਿਖਿਆ ਬਲਕਿ 'ਲਗਭਗ ਆਤਮ ਕਥਾ' ਲਿਖਿਆ ਏ। ਉਸ ਦਾ ਮੰਨਣਾ ਏ ਕਿ ਆਤਮ ਕਥਾ ਉਹ ਲਿਖਦਾ ਏ ਜਿਹੜਾ ਯਾਦਾਂ ਦੇ ਸਹਾਰੇ ਗੁਜਰੇ ਹੋਏ ਸਮੇਂ ਨੂੰ ਤਰਤੀਬ ਦੇ ਸਕਦਾ ਹੋਵੇ। ਪੁਸਤਕ ਵਿਚ 35 ਸਾਲਾਂ ਦੇ ਲੰਮੇ ਸਮੇਂ ਦੇ ਵਿਚਕਾਰ ਵੱਖ -ਵੱਖ ਸਮੇਂ 'ਚ ਲਿਖੇ ਗਏ ਲੇਖ,

ਭਾਸ਼ਣ, ਅਨੁਭਵਾਂ ਨੂੰ ਜੋੜ ਕੇ ਤਰਤੀਬ ਦਿੱਤੀ ਏ। ਉਸ ਦਾ ਮੰਨਣਾ ਏ ਇਸ ਸਮਾਜ ਵਿਚ ਕੋਈ ਵੀ ਦੁੱਧ ਨਾਲ ਨਹਾਤਾ ਨਹੀਂ ਹੁੰਦਾ। ਯਾਦਵ ਵੀ ਇਸ ਡਰ ਤੋਂ ਪੀੜਤ ਏ। ਉਹ ਪੁਸਤਕ ਵਿਚ ਕਹਿੰਦਾ ਏ... ਇਤਿਹਾਸ ਜਿਨ੍ਹਾਂ ਰਾਹਾਂ ਤੋਂ ਚੁੱਕ ਕੇ ਕਿਸੇ ਨੂੰ ਤਖਤ ਤੇ ਬਿਠਾ ਦਿੰਦਾ ਹੈ, ਉਨ੍ਹਾਂ ਵਿਚੋਂ ਵਧੇਰੇ ਮੈਂ ਖੁਦ ਹੀ ਬੰਦ ਕਰ ਰੱਖੇ ਹਨ। ਲਿਖਣਾ ਬੇਹੱਦ ਨਾਜ਼ੁਕ, ਸੁਤੰਤਰ ਅਤੇ ਪਵਿੱਤਰ ਫੁੱਲਾਂ ਦੇ ਵਾਂਗ ਹੈ। ਅਤੇ ਉਸ ਨੂੰ ਹਰ ਤਰ੍ਹਾਂ ਦਾ ਪ੍ਰਦੂਸ਼ਣ ਜਾਂ ਗਰਮ ਹਵਾ ਤੋਂ ਬਚਾਈ ਰੱਖਣਾ ਹੈ। ਇਸ ਕੁੰਠਾ ਨੇ ਮੈਨੂੰ ਕਿਤੇ ਵੀ ਕੁਝ ਕਰਨ ਨਹੀਂ ਦਿੱਤਾ। ਮੈਂ ਚਾਪਲੂਸੀ ਅਤੇ ਨੌਕਰੀਆਂ ਕਰ ਸਕਦਾ ਸੀ, ਸਨਮਾਨ ਅਤੇ ਐਵਾਰਡ ਲੈ ਸਕਦਾ ਸੀ, ਸਮਝੌਤਾ ਵੀ ਕਰ ਸਕਦਾ ਸੀ।' ਮੈਂ ਇਹ ਕਿਤਾਬ ਏਸ ਲਈ ਪੜ੍ਹੀ ਕਿ ਮੈਂ ਜਾਨਣਾ ਚਾਹੁੰਦਾ ਸਾਂ ਕਿ ਜ਼ਿੰਦਗੀ ਦੇ ਅਨੇਕਾਂ ਪੜ੍ਹਾਵਾਂ 'ਤੇ ਪਹੁੰਚ ਕੇ ਸੰਵੇਦਨਸ਼ੀਲ ਯਾਦਵ ਨੇ ਕਿਹੜੇ ਕਿਹੜੇ ਅਨੁਭਵ ਅਤੇ ਅਹਿਸਾਸ ਪ੍ਰਾਪਤ ਕੀਤੇ ਕਦੋਂ ਉਸਦੇ ਕੋਲ ਖੁਸ਼ੀਆਂ ਤੇ ਗਮੀਆਂ ਆਈਆਂ। ਕਿਤਾਬ ਵਿਚ ਉਹ ਵਾਰ-ਵਾਰ ਇਹ ਲਿਖਦਾ ਏ ਕਿ ਉਸ ਨੂੰ ਮੌਤ ਤੋਂ ਡਰ ਨਹੀਂ ਲੱਗਦਾ। ਇਕ ਚੈਪਟਰ ਇਸ ਸਬੰਧੀ ਏ। ਕਿ ਜੇਕਰ ਉਹ ਨਹੀਂ ਰਹੇ ਤਾਂ ਕੀ ਹੋਵੇਗਾ। ਕੌਣ ਕਿਵੇਂ ਕਿਵੇਂ ਰੋਏਗਾ ਅਤੇ ਕਿਵੇਂ ਆਲੋਚਨਾ ਕਰੇਗਾ। ਇਹ ਮੇਰੇ ਲਈ ਖਾਸ ਦਿਲਚਸਪੀ ਪੈਦਾ ਕਰਨ ਵਾਲਾ ਏ। ਕਿਤਾਬ ਵਿਚ ਯਾਦਵ ਨੇ ਕਿਸੇ ਨੂੰ ਵੀ ਮਾੜਾ-ਚੰਗਾ ਨਹੀਂ ਕਿਹਾ। ਕਿਸੇ ਦਾ ਪੁਰਾਣਾ ਹਿਸਾਬ ਕਿਤਾਬ ਵੀ ਨਹੀਂ ਚੁਕਾਇਆ। ਇਸ ਕਿਤਾਬ ਦੇ ਬਿਰਤਾਂਤ ਬਾਰੇ ਯਾਦਵ ਖੁਦ ਹੀ ਬੁੱਧ ਦਾ ਪ੍ਰਸੰਗ ਦਿੰਦਾ ਏ... ਬੁੱਧ ਦੇ ਅਨੁਸਾਰ ਜ਼ਿੰਦਗੀ 'ਚ ਘਟਦੀਆਂ ਘਟਨਾਵਾਂ ਉਹ ਕਿਸ਼ਤੀਆਂ ਨੇ ਜਿਨ੍ਹਾਂ ਦੇ ਸਹਾਰੇ ਮੈਂ ਜ਼ਿੰਦਗੀ ਦੀਆਂ ਕੁਝ ਨਦੀਆਂ ਪਾਰ ਕੀਤੀਆਂ ਨੇ ਅਤੇ ਸਿਰ ਉੱਤੇ ਲੱਦ ਕੇ ਫਿਰਨ ਦੀ ਬਜਾਏ ਉਨ੍ਹਾਂ ਨੂੰ ਉਥੇ ਹੀ ਛੱਡ ਦਿੱਤਾ। ਇਕ ਥਾਂ ਉਹ ਕਲਕੱਤਾ ਦੀ ਯਾਦਾਂ ਲਿਖਦੇ ਹੋਏ ਕਹਿੰਦੇ ਨੇ... ਦੋ-ਤਿੰਨ ਵਾਰ 'ਗਿਆਨਉਦੇ' ਛੱਡਣ ਦੇ ਪਿੱਛੇ ਕਿਤੇ ਇਹ ਭਾਵਨਾ ਵੀ ਸੀ ਕਿ ਮੈਨੂੰ ਅਜਿਹੀ ਟੁੱਚੀ ਨੌਕਰੀ ਦੀ ਕੀ ਚਿੰਤਾ ਏ... ਕਦੇ ਵੀ ਹੇਮ ਲਤਾ ਜੀ ਦੇ ਸਾਹਮਣੇ ਇਹ ਪ੍ਰਸਤਾਵ ਰੱਖਾਂਗਾ ਅਤੇ ਦੋ ਚਾਰ ਲੱਖ ਲੈ ਕੇ 'ਗਿਆਨਉਦੇ' ਤੋਂ ਵਧੀਆ ਪਰਚਾ ਕੱਢ ਲਵਾਂਗਾ।' ਯਾਦਵ ਦੀ ਬੇਬਾਕ ਸ਼ੈਲੀ ਇਸ ਪੁਸਤਕ ਵਿਚੋਂ ਵੀ ਝਲਕਦੀ ਏ।

## ਨੈਨ ਸੁੱਖ ਤੇ ਧਰਤੀ ਪੰਜ ਦਰਿਆਈ




ਨੈਨ ਸੁੱਖ ਲਹਿੰਦੇ ਪੰਜਾਬ ਦਾ ਸ਼ਾਹਮੁੱਖੀ ਲਿੱਪੀ 'ਚ ਲਿਖਣ ਵਾਲਾ ਗਲਪ ਦਾ ਪ੍ਰਸਿੱਧ ਲੇਖਕ ਏ। ਉਸ ਦੀ ਹੱਥਲੀ ਪੁਸਤਕ ਸਾਂਝੇ ਤੇ ਅਣਵੰਡੇ ਪੰਜਾਬ ਦੀ ਮਹੱਤਵਪੂਰਨ ਕਿਤਾਬ ਏ। ਏਸ ਕਿਤਾਬ ਦਾ ਲਿੱਪੀ-ਵਟਾਂਦਰਾ ਤੇ ਸੰਪਾਦਨ ਪ੍ਰਸਿੱਧ ਵਿਦਵਾਨ ਡਾ. ਪਰਮਜੀਤ ਸਿੰਘ ਮੀਸ਼ਾ ਹੁਰਾਂ ਕੀਤਾ ਏ। ਉਸ ਦੀ ਸ਼ਾਹਮੁੱਖੀ ਲਿੱਪੀ ਤੇ ਬਹੁਤ ਪਕੜ ਏ। ਇਸ ਤੋਂ ਪਹਿਲਾਂ ਵੀ ਉਸ ਦਾ ਕੰਮ ਗੌਲਣਯੋਗ ਏ। ਨੈਨ ਸੁੱਖ ਨੇ ਇਤਿਹਾਸਕ ਹਵਾਲਿਆਂ ਦੀਆਂ ਟੂਕਾਂ ਇਕ ਪਾਸੇ ਰੱਖ ਕੇ ਮੌਲਿਕ ਸਿਰਜਣਾਤਮਿਕ ਲੇਖਣੀ ਨਾਲ ਸਾਂਝੇ ਪੰਜਾਬ ਦਾ ਇਤਿਹਾਸ ਬਿਨਾ ਉਲਾਰ ਹੋਇਆ ਨਿਰਪੱਖਤਾ ਨਾਲ ਲਿਖਿਆ ਏ। ਉਹ ਸਭਿਆਚਾਰਕ ਇਤਿਹਾਸ ਨੂੰ ਆਪਣੇ ਵਲੋਂ ਇਕੱਤਰ ਮੌਖਿਕ ਸਰੋਤਾਂ ਨਾਲ , ਲੋਕ ਨਾਇਕਾਂ ਨਾਲ ਬੜੀ ਦਿਲਚਸਪ ਭਾਸ਼ਾ ਵਿਚ ਬਿਆਨ ਕਰਦਾ ਏ। ਨੈਨ




ਹਾਸ਼ੀਏ ਤੇ ਧੱਕੇ ਨਿਮਨ ਜਾਤੀ ਦੇ ਲੋਕਾਂ ਨੂੰ ਵੀ ਆਪਣੀ ਕਿਤਾਬ ਵਿਚ ਪ੍ਰਮੁੱਖਤਾ ਨਾਲ ਪੇਸ਼ ਕਰਦਾ ਹੋਇਆ ਮੁਸੱਲੀਆਂ, ਪੀਰਾਈਆਂ, ਮੀਰਾਸੀਆਂ ਤੇ ਮਾਛੀਆਂ, ਰੰਡੀਆਂ ਨੂੰ ਥਾਂ ਦਿੰਦਾ ਏ।

ਨੈਨ ਸਪਤ ਸਿੰਧੂ ਤੋਂ ਆਪਣੀ ਇਤਿਹਾਸਕਾਰੀ ਕਰਦਾ ਏ। ਜਿਥੋਂ ਸਾਂਝੇ ਪੰਜਾਬ ਦੀਆਂ ਜੜ੍ਹਾਂ ਫੈਲਣ ਲੱਗਦੀਆਂ ਨੇ। ਉਪਰੰਤ ਆਰੀਆ, ਹਿੰਦੂ ਰਾਜੇ, ਦਰਾਵੜਾ ਦਾ ਉਭਾਰ ਲਿਖਦਾ, ਪੰਚਨਦ, ਗੰਧਾਰ, ਪੰਚਾਲ, ਪੁਰਵਾ, ਪੋਰਸ, ਸਿਕੰਦਰ, ਮਦਰਾ ਵਿਚੋਂ ਲੰਘਦਾ ਏ। ਅੱਗੇ ਉਹ ਪੂਰਨ ਭਗਤ ਤੇ ਗੋਰਖ ਨਾਥ, ਚਰਪਟ ਨਾਥ, ਚੌਰੰਗੀ ਨਾਥ ਦੇ ਹਵਾਲੇ ਨਿਰਉਚੇਚ ਦਿੰਦਾ ਏ। ਸਾਂਝੇ ਪੰਜਾਬ ਵਿਚ ਹਿੰਦੂ ਰਾਜੇ, ਗਜ਼ਨਵੀ ਸੁਲਤਾਨ, ਮੰਗੋਲ, ਗੱਖੜ ਤੇ ਖੋਖਰ ਤੋਂ ਉਪਰੰਤ ਬਾਬਰ, ਸਿੱਖ ਰਾਜ ਤੇ ਅੰਤ ਗੋਰਿਆਂ ਦੇ ਰਾਜ ਦੀ ਇਤਿਹਾਸਕਾਰੀ ਬਿਨ੍ਹਾਂ ਉਲਾਰ ਹੋਇਆ ਕਰਦਾ ਏ। ਇਸ ਦੇ ਨਾਲ ਨਾਲ ਇਸ ਸਮੇਂ ਦੌਰਾਨ ਜਿਹੜੀਆਂ ਲੋਕ ਤੇ ਸੂਫੀ ਲਹਿਰਾਂ ਦਾ ਉਭਾਰ ਹੁੰਦਾ ਏ, ਉਸ ਨੂੰ ਵੀ ਅਹਿਮੀਅਤ ਦਿੰਦਾ ਏ। ਲਾਹੌਰ ਦਾ ਵਰਨਣ ਵੱਖ ਵੱਖ ਵੰਨਗੀਆਂ ਨਾਲ ਕਰਦਾ ਹੋਇਆ ਲੇਖਕ ਸਾਂਝੇ ਪੰਜਾਬ ਦੇ ਲੋਕ ਰੰਗ ਨੂੰ ਨਜ਼ਰ ਅੰਦਾਜ਼ ਨਹੀਂ ਕਰਦਾ। ਲਾਹੌਰ ਅਤੇ ਲਹੌਰ ਸ਼ਹਿਰ ਦਾ ਕੰਜਰ ਮਹੱਲਾ, ਹੀਰਾ ਮੰਡੀ ਅਤੇ ਟਿੱਬੀ ਗਲੀ ਪਾਠਕ ਸਾਹਮਣੇ ਘੁੰਮਣ ਲੱਗਦਾ ਏ। ਇਹ ਭਾਗ ਬੜਾ ਰੋਚਿਕ ਅਤੇ ਦਿਲਚਸਪ ਏ। ਅਫ਼ਗਾਨ ਧਾੜਵੀਆਂ 'ਤੇ ਉਂਗਲ ਰੱਖਦਾ ਹੋਇਆ ਨੈਨ ਨਿਰਪੱਖਤਾ ਦਾ ਸਬੂਤ ਵੀ ਦਿੰਦਾ ਏ। ਲੋਕ ਰੰਗ ਵੀ ਕਿਤਾਬ ਦਾ ਅਹਿਮ ਚੈਪਟਰ ਏ। ਜਿਸ ਵਿਚ ਉਹ ਮਿਰਜਾ ਜੋਗੀ, ਨਾਗੇ ਜੋਗੀ, ਵਰਾਗੀ ਜੋਗੀ, ਕਲੰਧਰ ਦੇ ਕਲਚਰ ਨੂੰ ਬਿਆਨ ਕਰਦਾ ਏ। ਔਰਤਾਂ ਦੀ ਤ੍ਰਾਸ਼ਦੀ ਵੀ ਸੰਖੇਪ ਵਿਚ ਬਿਆਨ ਕਰ ਜਾਂਦਾ ਏ। ਨੈਨ ਸਿਆਲਕੋਟ, ਗੁਜਰਾਤ ਤੇ ਗੁਜਰਾਂਵਾਲਾ 'ਚ ਉਨ੍ਹਾਂ ਬੁੱਢੀਆਂ ਮਾਈਆਂ ਨੂੰ ਮਿਲਦਾ ਏ ਜਿਹੜੀਆਂ ਲਚਾਰੀ ਤੇ ਗਰੀਬੀ ਦੀ ਤ੍ਰਾਸਦੀ ਭੋਗ ਰਹੀਆ ਨੇ। ਅੰਤਲੇ ਭਾਗ ਵਿਚ ਨਿੱਕੀ ਨਿੱਕੀ ਗਲਪੀ ਪ੍ਰਸੰਗ ਵੀ ਪੜ੍ਹਨ ਵਾਲੇ ਨੇ। ਕਿਤਾਬ ਐਨੀ ਰੌਚਿਕ ਏ ਕਿ ਪਾਠਕ ਨੂੰ ਆਪਣੇ ਨਾਲ ਤੋਰ ਲੈਂਦੀ ਏ ਜੋ ਸ਼ਾਹਮੁੱਖੀ ਦੀ ਆਂਚਲਿਕਤਾ ਤੇ ਮੌਲਿਕਤਾ ਦੀ ਮਹਿਕ ਨਾਲ ਭਰੀ ਪਈ ਏ।

## ਬਲਬੀਰ ਪਰਵਾਨਾ ਦੀ 'ਅੱਗ ਦੀ ਉਮਰ'

ਬਲਬੀਰ ਪਰਵਾਨਾ ਕੰਢੀ ਖਿੱਤੇ ਦੇ ਸੱਭਿਆਚਾਰ ਨੂੰ ਚਿਤਰਨ ਵਾਲਾ ਪੰਜਾਬੀ ਦਾ ਪ੍ਰਮੁੱਖ ਨਾਵਲਕਾਰ ਏ। ਮੁਢਲੇ ਦੌਰ ਵਿਚ ਉਸ ਨੇ ਨਾਵਲੈੱਟ ਲਿਖੇ ਜਿਸ ਵਿਚ ਉਸ ਕੰਡੀ ਇਲਾਕੇ ਦੇ ਪੇਂਡੂ ਜੀਵਨ ਨੂੰ ਬਹੁਤ ਬਰੀਕੀ ਨਾਲ ਰੁਮਾਂਸ ਦੀ ਪੁੱਠ ਚਾੜ੍ਹ ਕੇ ਚਿੱਤਰਿਆ ਏ। ਇਸ ਸੰਗ੍ਰਹਿ ਵਿਚ ਉਸ ਦੇ ਆਪਣੇ ਅੱਠ ਨਾਵਲਿੱਟ ਅੱਗ ਦੀ ਉਮਰ, ਬੇਗਾਨੇ ਪਿੰਡ ਦੀ ਜੂਹ, ਜੰਗਲ ਕਦੀ ਸੌਂਦਾ ਨਹੀਂ, ਪਤਝੜ, ਇਕ ਗੁੱਜਰ ਕੁੜੀ, ਜੰਗ ਜਾਰੀ ਹੈ, ਜਦੋਂ ਦੇਸ਼ ਦੇ ਜੱਟ ਸਰਦਾਰ ਹੋਏ ਅਤੇ ਪੰਜਾਬ ਦੀ ਲਲਕਾਰ ਪੜ੍ਹਨ ਨੂੰ ਮਿਲਦੇ ਨੇ।





ਇਨ੍ਹਾਂ ਨਾਵਲਿੱਟ ਦਾ ਰਚਨਾ ਕਾਲ ਅੱਠਵੇਂ ਦਹਾਕੇ ਦੇ ਆਲੇ ਦੁਆਲੇ ਉਸਰਦਾ ਏ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਹਰੀ ਕ੍ਰਾਂਤੀ ਆਪਣੇ ਪੈਰ ਪਸਾਰ ਲੈਂਦੀ ਏ। ਇਨ੍ਹਾਂ ਨਾਵਲਿੱਟ ਵਿਚ ਛੋਟੀ ਕਿਸਾਨੀ ਦੇ ਸੰਕਟ ਨੇ। ਕਿਸਾਨੀ ਪਰਿਵਾਰਾਂ ਦੀ ਔਰਤ ਆਪਣੀਆਂ ਵੇਦਨਾਵਾਂ ਕਿਵੇਂ ਪ੍ਰਗਟ ਕਰਦੀਆਂ ਨੇ। ਨਿਮਨ ਸ੍ਰੇਣੀ ਦੀਆਂ ਔਰਤਾਂ ਦੀ ਕਾਮ ਚੇਸ਼ਟਾ ਕਿਵੇਂ ਪ੍ਰਗਟ ਹੁੰਦੀ ਏ। ਔਰਤ ਤੇ ਮਰਦ ਦੇ ਸੁਪਨੇ ਕਿਸ

ਕਿਸਮ ਦੇ ਨੇ ਜਿਨ੍ਹਾਂ ਨੂੰ ਪਰਵਾਨਾ ਬਹੁਤ ਅਹਿਮੀਅਤ ਦਿੰਦਾ ਏ। ਖਾਸ ਕਰਕੇ ਔਰਤ ਦੇ ਮਨ ਅੰਦਰ ਜਿਹੜੀ ਅੱਗ ਦੱਬੀ ਰਹਿੰਦੀ ਏ। ਜਦੋਂ ਮੌਕਾ ਮਿਲਦਾ ਏ ਕਿਵੇਂ ਨਿਕਲਦੀ ਏ।

'ਅੱਗ ਦੀ ਉਮਰ' 'ਚ ਰੇਸ਼ਮੋ ਦੀਆਂ ਭਾਵਨਾਵਾਂ ਨੂੰ ਪਰਵਾਨਾ ਨੇ ਖੂਬਸੂਰਤੀ ਨਾਲ ਚਿੱਤਰਿਆ ਏ। ਉਹ ਰੇਸ਼ਮੋ ਦੇ ਮਨ ਅੰਦਰ ਦੱਬੇ ਪਏ ਸੁਪਨੇ ਮਰਨ ਨਹੀਂ ਦਿੰਦਾ। 'ਬੇਗਾਨੇ ਪਿੰਡ ਦੀ ਜੂਹ' ਵਿਚ ਪਰਵਾਨੇ ਨੇ ਕੰਢੀ ਦੇ ਬਦਲ ਰਹੇ ਪਿੰਡ ਨੂੰ ਬਹੁਤ ਬਰੀਕੀ ਨਾਲ ਚਿੱਤਰਿਆ ਏ। 'ਜਦੋਂ ਦੇਸ਼ ਦੇ ਜੱਟ ਸਰਦਾਰ ਹੋਏ' ਨਾਵਲਿੱਟ 'ਚ ਲੱਖੀ ਜੰਗਲ ਦੇ ਨੇੜੇ ਵਸੇ ਪਿੰਡ ਰਾਇਪੁਰ ਨੂੰ ਅਧਾਰ ਬਣਾਇਆ ਏ। ਜਿਸ ਵਿਚ ਮੁਗ਼ਲਾਂ ਦਰਮਿਆਨ ਹੋਏ ਗੁਰੀਲਾ ਯੁੱਧ ਦਾ ਚਿੱਤਰਨ ਪੜ੍ਹਨ ਨੂੰ ਮਿਲਦਾ ਏ। 'ਪੰਜਾਬ ਦੀ ਲਲਕਾਰ' ਨਾਵਲਿੱਟ ਇਸੇ ਦੀ ਅਗਲੀ ਕੜੀ ਵਜੋਂ ਪੇਸ਼ ਹੁੰਦਾ ਏ। ਛੰਬ ਵਿਚ ਮੁਗ਼ਲ ਤੇ ਸਿੰਘਾਂ ਦੀ ਜੰਗ ਦਾ ਵਰਣਨ ਏ। ਤਕਰੀਬਨ ਸਾਰੇ ਨਾਵਲਿੱਟਾਂ ਵਿਚ ਪਰਵਾਨਾ ਔਰਤ ਮਰਦ ਦੇ ਰਿਸ਼ਤਿਆਂ ਦੀਆਂ ਤੰਦਾਂ ਨੂੰ ਕਾਵਿਕ ਸ਼ੈਲੀ ਨਾਲ ਪੇਸ਼ ਕਰਦਾ ਏ।

## ਅੰਦਰੇਟੇ ਦਾ ਜੋਗੀ ਪ੍ਰੇਮ ਮਾਨ




ਅਮਰੀਕਾ ਵਿਚ ਰਹਿ ਰਹੇ ਪ੍ਰੇਮ ਮਾਨ ਦੀ ਇਹ ਬੜੀ ਹੀ ਰੌਚਿਕ ਕਿਤਾਬ ਏ। ਉਹ ਇਕੋ ਸਮੇਂ ਅੰਗਰੇਜ਼ੀ ਤੇ ਪੰਜਾਬੀ ਵਿਚ ਕਿਤਾਬਾਂ ਲਿਖਣ ਵਾਲਾ ਪ੍ਰਸਿੱਧ ਲੇਖਕ ਏ। ਯੂਨੀਵਰਸਿਟੀਆਂ ਦੇ ਪੱਧਰ ਦੀਆਂ ਅੰਗਰੇਜ਼ੀ ਵਿਚ ਕਿਤਾਬਾਂ ਲਿਖਣ ਵਾਲਾ ਉਹ ਵੱਡਾ ਨਾਂ ਏ। ਪ੍ਰੇਮ ਮਾਨ ਇਕ ਸੰਜੀਦਾ ਕਹਾਣੀਕਾਰ ਵਜੋਂ ਵੀ ਜਾਣਿਆ ਜਾਂਦਾ ਏ। 'ਅੰਦਰੇਟੇ ਦਾ ਜੋਗੀ' ਪੁਸਤਕ ਵਿਚ ਉਸ ਨੇ ਪੰਜਾਬੀ ਦਾ ਪ੍ਰਸਿੱਧ ਤੇ ਚਰਚਿਤ ਲੇਖਕਾਂ ਦੇ ਸ਼ਬਦ ਚਿੱਤਰ ਲਿਖੇ ਨੇ। ਮਾਨ ਦੀ ਲੇਖਣੀ ਵਿਚ ਐਨੀ ਰੌਚਿਕਤਾ ਏ ਕਿ ਆਪਣੇ ਸ਼ਬਦ ਚਿੱਤਰਾਂ ਵਿਚ ਲੇਖਕ ਨੂੰ ਤੁਹਾਡੇ ਸਾਹਵੇ ਖੜਾ ਕਰ ਦਿੰਦਾ ਏ। ਉਹ ਬੜੇ ਸੰਕੋਚ ਨਾਲ ਸ਼ਬਦਾਂ ਅਤੇ ਵਾਕਾਂ ਦੀ ਚੋਣ ਕਰਦਾ ਏ। ਐਵੇਂ ਵਾਧੂ ਦਾ ਖਿਲਾਰਾ ਨਹੀਂ ਪਾਉਂਦਾ। ਇਸੇ ਕਰਕੇ ਲੇਖਾਂ ਦੀ ਸ਼ੈਲੀ ਪਾਠਕ ਨੂੰ ਆਪਣੇ ਵੱਲ ਖਿੱਚਦੀ ਤੁਰੀ ਜਾਂਦੀ ਏ। ਆਪਣੇ ਇਨ੍ਹਾਂ ਸ਼ਬਦ ਚਿੱਤਰਾਂ ਵਿਚ ਪ੍ਰੇਮ ਲੇਖਕਾਂ ਨਾਲ ਮਿਲਣੀਆਂ ਸਮੇਂ ਸਾਂਝੀਆਂ ਕੀਤੀਆਂ ਗੱਲਾਂ ਅਤੇ ਸੰਵਾਦ ਨੂੰ ਲੈ ਕੇ ਸ਼ਬਦ ਚਿੱਤਰਾਂ ਨੂੰ ਯਥਾਰਥਵਾਦੀ ਬਣਾ ਦਿੰਦਾ ਏ। ਮਿਲਣੀਆਂ ਦੀ ਜੁਗਤ ਉਹ ਆਪਣੇ ਹਰ ਲੇਖ ਵਿਚ ਵਰਤਦਾ ਏ।

ਪੁਸਤਕ ਦੇ ਸਿਰਲੇਖ ਵਾਲੇ ਲੇਖ 'ਅੰਦਰੇਟੇ ਦਾ ਜੋਗੀ' ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ 'ਤੇ ਲਿਖਿਆ ਏ। ਜਿਸ ਵਿਚ ਉਸ ਨੇ 1971 ਦੀ ਪਾਲਮਪੁਰ ਵਿਚ ਇਕ ਮਿਲਣੀ ਦੇ ਪ੍ਰਸੰਗ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ ਏ। ਸੋਭਾ ਸਿੰਘ ਵੱਲੋਂ ਮੁਨਸ਼ੀ ਪ੍ਰੇਮ ਚੰਦ ਤੇ ਨਾਵਲਕਾਰ ਨਾਨਕ ਸਿੰਘ ਤੇ ਪੇਂਟਿੰਗ ਬਾਰੇ ਕੀਤੀਆਂ ਗੱਲਾਂ ਬਹੁਤ ਹੀ ਰੌਚਿਕ ਨੇ। ਲੇਖ ਦੇ ਪ੍ਰਸੰਗ ਇਤਿਹਾਸਕ ਅਹਿਮੀਅਤ ਰੱਖਣ ਵਾਲੇ ਨੇ। ਸੱਠਵਿਆਂ ਦੇ ਚਰਚਿਤ ਲੇਖਕ ਬਾਰੇ ਪ੍ਰੇਮ ਨੇ 'ਵੱਖਰਾ ਅਤੇ ਅੱਥਰਾ ਬਲਬੀਰ ਮੋਮੀ' ਸ਼ਬਦ ਚਿੱਤਰ ਅਜਿਹੀ ਰਵਾਨਗੀ ਵਿਚ ਲਿਖਿਆ ਏ ਕਿ ਸਾਡਿਆਂ ਚੇਤਿਆਂ ਵਿਚ ਮੋਮੀ ਨੂੰ ਜੀਉਂਦਾ ਕਰ ਦਿੰਦਾ ਏ। ਆਪਣੀ ਲਿਖਤ ਵਿਚ ਪ੍ਰੇਮ ਨੇ ਮੋਮੀ ਦੇ ਹਰ ਚੰਗੇ ਮਾੜੇ ਪੱਖ ਨੂੰ ਉਭਾਰਿਆ ਏ। ਦਲਜੀਤ ਮੋਖਾ ਜਿਹੜਾ ਪਰਵਾਸ ਉਪਰੰਤ




ਵੀ ਲਿਖਦਾ ਰਿਹਾ ਏ। ਪ੍ਰੇਮ ਨੇ ਮਿਆਰੀ ਕਵਿਤਾ ਲਿਖਣ ਵਾਲੇ ਮੋਖਾ ਦੀ ਜ਼ਿੰਦਗੀ ਤੇ ਉਸਦੀ ਸੋਚ ਵੀ ਪਾਠਕਾਂ ਸਾਹਵੇਂ ਸਕਾਰ ਕੀਤਾ ਏ। ਪੰਜਾਬੀ ਦੇ ਅਜ਼ੀਮ ਸ਼ਾਇਰ ਡਾ. ਜਗਤਾਰ ਨੂੰ ਪ੍ਰੇਮ ਜੁਗਾੜ-ਬੰਦੀ ਤੋਂ ਉੱਪਰ ਉੱਠ ਕੇ ਲਿਖਣ ਵਾਲਾ ਕਵੀ ਕਹਿੰਦਾ ਏ। ਆਪਣੇ ਇਸ ਲੇਖ ਵਿਚ ਵੀ ਜਗਤਾਰ ਦੇ ਭਿੰਨ ਭਿੰਨ ਪੱਖਾਂ ਨੂੰ ਸਕਾਰ ਕੀਤਾ ਏ।

ਰੌਚਿਕ ਸੁਭਾ ਵਾਲੇ ਕਥਾਕਾਰ ਪ੍ਰੇਮ ਪ੍ਰਕਾਸ਼ ਨਾਲ ਜੁੜੇ ਅਨੇਕਾਂ ਨਵੇਂ ਪਸਾਰ ਇਹ ਲੇਖ ਪੇਸ਼ ਕਰਦਾ ਏ। 'ਗੜ੍ਹਕਦੀ ਅਵਾਜ਼ ਵਾਲਾ ਕਵੀ ਚਰਨ ਸਿੰਘ ਸਫ਼ਰੀ' ਵੀ ਸਟੇਜੀ ਸ਼ਾਇਰ ਸਫ਼ਰੀ ਦੇ ਕਈ ਪੱਖਾਂ ਨੂੰ ਪਾਠਕਾਂ ਸਾਹਵੇਂ ਪੇਸ਼ ਕਰਦਾ ਏ। ਇਸੇ ਤਰ੍ਹਾਂ ਆਪਣੇ ਅਗਲੇ ਸ਼ਬਦ ਚਿੱਤਰਾਂ ਵਿਚ ਚਾਨਣ ਗੋਬਿੰਦਪੁਰੀ ਤੇ ਦੀਪਕ ਜੈਤੋਈ ਬਾਰੇ ਵੀ ਲਿਖਦਾ ਏ। ਪੰਜਾਬੀ ਗ਼ਜ਼ਲ ਦੇ ਦੋਵੇਂ ਪ੍ਰਸਿੱਧ ਸ਼ਾਇਰ ਨੇ। ਪੰਜਾਬੀ ਗ਼ਜ਼ਲ ਦੇ ਨੌਜਵਾਨ ਹਸਤਾਖ਼ਰ ਅਜੇ ਤਨਵੀਰ ਦਾ ਰੇਖਾ ਚਿੱਤਰ ਵੀ ਕਮਾਲ ਦੀ ਰੌਚਿਕਤਾ ਵਾਲਾ ਏ। ਜਿਸ ਵਿਚ ਪ੍ਰੇਮ ਨੇ ਅਜੇ ਦੇ ਸੁਭਾ ਤੇ ਉਸਦੀ ਵਿਲੱਖਣ ਕਿਸਮ ਦੀ ਸ਼ਾਇਰੀ ਬਾਰੇ ਇਮਾਨਦਾਰੀ ਨਾਲ ਲਿਖਿਆ ਏ। ਪੁਸਤਕ ਦੇ ਅੰਤ ਵਿਚ ਪ੍ਰੇਮ ਮਾਨ ਨੇ ਪੁਰਾਣੀਆਂ ਸਾਹਿਤਕ ਯਾਦਾਂ ਨੂੰ ਲਿਖਿਆ ਏ। ਜਿਸ ਵਿਚ ਪੰਜਾਬੀ ਸਾਹਿਤ ਦੇ ਵੱਡੇ ਮਸਲਿਆਂ ਨੂੰ ਚਰਚਾ ਦਾ ਕੇਂਦਰ ਬਣਾਇਆ ਏ।

ਪ੍ਰੇਮ ਮਾਨ ਦੇ ਇਨ੍ਹਾਂ ਸ਼ਬਦ ਚਿੱਤਰਾਂ ਦੀ ਇਹ ਵਿਲੱਖਣਤਾ ਏ ਕਿ ਹਰ ਲੇਖਕ ਬਾਰੇ ਲਿਖਣ ਲੱਗਾ ਉਹ ਕਿਸੇ ਵੀ ਤਰ੍ਹਾਂ ਉਲਾਰ ਨਹੀਂ ਹੁੰਦਾ। ਲੇਖਕ ਦੀ ਜਿਹੋ ਜਿਹੀ ਸ਼ਖ਼ਸੀਅਤ ਉਹ ਵੇਖਦਾ ਤੇ ਮਹਿਸੂਸ ਕਰਦਾ ਏ ਉਹ ਲਿਖਦਾ ਏ। ਨਿੱਕੇ ਨਿੱਕੇ ਘਟਨਾਵੀ ਪ੍ਰਸੰਗ ਉਹਦੀ ਸ਼ੈਲੀ ਦੀ ਵਿਲੱਖਣਤਾ ਏ। ਲਿਖਦਿਆਂ ਉਹ ਕਿਸੇ ਤਰ੍ਹਾਂ ਦਾ ਓਹਲਾ ਵੀ ਨਹੀਂ ਰੱਖਦਾ, ਨਾ ਹੀ ਕੋਈ ਪ੍ਰਸੰਗ ਵਧਾ ਚੜ੍ਹਾ ਕੇ ਲਿਖਦਾ ਏ। ਇਹ ਪੁਸਤਕ ਸੱਚਮੁੱਚ ਵਿਲੱਖਣ ਤੇ ਪੰਜਾਬੀ ਸਾਹਿਤ ਨਾਲ ਜੁੜੇ ਪਾਠਕਾਂ ਦੇ ਪੜ੍ਹਨ ਵਾਲੀ ਏ।

## ਚੇਤੇ ਵਿਚ ਉਕਰੇ ਸ਼ਿਲਾਲੇਖ

'ਚੇਤੇ ਵਿਚ ਉਕਰੇ ਸ਼ਿਲਾਲੇਖ' ਸਾਹਿਤਕ ਰੇਖਾ ਚਿੱਤਰਾਂ ਦੀ ਕਿਤਾਬ ਏ। ਲੇਖਕਾਂ ਦੇ ਚਿੱਤਰ ਮਰਹੂਮ ਡਾ. ਕੁਲਦੀਪ ਸਿੰਘ ਧੀਰ ਨੇ ਲਿਖੇ ਨੇ। ਮੇਰੇ ਨਾਲ ਗੱਲ ਕਰਕੇ ਧੀਰ ਇਕ ਹਫ਼ਤੇ ਬਾਅਦ ਤੁਰ ਗਿਆ। ਇਸ ਕਿਤਾਬ ਵਿਚ ਬੜੇ ਦਿਲਚਸਪ ਰੇਖਾ ਚਿੱਤਰ ਨੇ। ਕਿਉਂਕਿ ਜਿਨ੍ਹਾਂ ਬਾਰੇ ਉਸ ਨੇ ਲਿਖਿਆ ਏ ਉਨ੍ਹਾਂ ਨਾਲ ਉਸ ਦੀ ਲੰਮੀ ਸਾਂਝ ਰਹੀ ਏ। ਹਰਿਭਜਨ ਸਿੰਘ, ਸੰਤ ਸਿੰਘ ਸੇਖੋਂ, ਪ੍ਰੀਤਮ ਸਿੰਘ, ਰੱਬੀ ਸ਼ੇਰਗਿੱਲ, ਧਰਮਪਾਲ ਸਿੰਗਲ, ਪਦਮ, ਸੁਰਜੀਤ ਸਿੰਘ ਭਾਟੀਆ, ਅੰਮ੍ਰਿਤ ਲਾਲ ਪਾਲ, ਸਿਰਦਾਰ ਕਪੂਰ ਸਿੰਘ, ਬਲਦੇਵ ਸਿੰਘ 'ਬੱਧਨ' ਸਮੇਤ ਕੁੱਲ 22 ਲੇਖਕਾਂ ਦੇ ਰੇਖਾ ਚਿੱਤਰ ਪੜ੍ਹ ਕੇ ਉਨ੍ਹਾਂ ਦੀ ਜਾਨਣ ਦਾ ਮੌਕਾ ਮਿਲਦਾ ਏ। ਧੀਰ ਨੇ ਜਿਸ ਬਾਰੇ ਲਿਖਿਆ ਏ ਉਸ ਦੇ ਸੁਭਾਅ, ਸੰਘਰਸ਼, ਪ੍ਰਾਪਤੀਆਂ ਅਤੇ ਗੁਣਾਂ ਦਾ ਖੁੱਲ੍ਹ ਕੇ ਜ਼ਿਕਰ ਕੀਤਾ ਏ। ਉਸ ਦੀ ਸ਼ੈਲੀ ਬਲਵੰਤ ਗਾਰਗੀ ਦੇ ਰੇਖਾ ਚਿੱਤਰਾ ਵਰਗੀ ਨਹੀਂ। ਉਹ ਵੱਡੇ ਕੱਦ ਦੇ ਲੇਖਕਾਂ ਦਾ ਮਜ਼ਾਕ ਜਾਂ ਉਨ੍ਹਾਂ ਦੀ ਹੇਠੀ ਨਹੀਂ ਕਰਦਾ ਬਲਕਿ ਉਨ੍ਹਾਂ ਦੇ ਭਿੰਨ ਭਿੰਨ ਗੁਣਾਂ ਬਾਰੇ ਲਿਖਦਾ ਏ। ਤ੍ਰੈਲੋਚਨ ਬਾਰੇ ਉਸ ਨੇ ਇਸ ਤਰ੍ਹਾਂ ਸ਼ੁਰੂਆਤ ਕੀਤੀ ਏ... ਤ੍ਰੈਲੋਚਨ ਹੁਣ ਖੁਰ ਚੁੱਕਾ ਸ਼ਿਲਾਲੇਖ ਹੈ। ਪਰ ਉਹ ਇਕਦਮ ਨਹੀਂ ਖੁਰਿਆ। ਬਲਦੇਵ 'ਬੱਧਨ' ਦੇ ਰੇਖਾ ਚਿੱਤਰ ਵਿਚ ਉਸ ਨੇ ਉਸ ਦੀ ਜਨਮ ਭੂਮੀ, ਪਿਤਾ ਤੇ ਉਸ ਦੇ ਸੰਘਰਸ ਬਾਰੇ ਸੰਤੁਲਿਤ ਝਾਤ ਮਾਰੀ ਏ। ਧੀਰ ਦੀ ਇਹ ਲੇਖਕਾਂ ਨੂੰ ਸਮਝਣ ਲਈ ਚੰਗੀ ਪੁਸਤਕ ਏ।



## ਖ਼ਿਲਾਫ-ਏ-ਦਸਤੂਰ ਦੀ ਧਾਰਨੀ ਜਯੋਤੀ ਬਾਵਾ




ਜਯੋਤੀ ਬਾਵਾ ਦੀਆਂ ਲਿਖਤਾਂ ਮੈਂ ਪ੍ਰੇਮ ਪ੍ਰਕਾਸ਼ ਵਾਲੇ 'ਲਕੀਰ' ਵਿਚ ਪੜ੍ਹਦਾ ਰਿਹਾ ਹਾਂ। ਉਸ ਨੇ ਨਿੱਜ ਨਾਲ ਪ੍ਰਸੰਗਾਂ ਨੂੰ ਜੋੜ ਕੇ ਨਾਰੀ ਵਾਦੀ ਦ੍ਰਿਸ਼ਟੀ ਤੋਂ ਸਵੈ ਬਿਰਤਾਂਤ ਲਿਖੇ ਨੇ। ਕਿਤਾਬ ਵਿਚਲੇ ਲੇਖ ਏਸ ਲਈ ਅਹਿਮ ਨੇ ਕਿ ਜਯੋਤੀ ਨੇ ਪੰਜਾਬ ਦੀ ਨਾਰੀ ਦੇ ਭਿੰਨ ਭਿੰਨ ਪੱਖਾਂ ਨੂੰ ਛੋਹਿਆ ਏ। ਲਿਖਦੀ ਭਾਵੇਂ ਉਹ ਆਪਣੇ ਆਪ ਨੂੰ ਪਾਤਰ ਬਣਾ ਕੇ ਏ ਪਰ ਗੱਲ ਸਮੁੱਚੀ ਨਾਰੀ ਦੀ ਕਰਦੀ ਏ। ਆਪਣੇ ਆਪ ਨੂੰ ਸਮਝਣ ਲਈ ਉਹ ਖਿੜਕੀ ਵੱਲ ਝਾਕਦੀ ਏ। ਵੀਰ੍ਹਨਾ, ਉਹਲਾ ਅਤੇ ਮੁਹੱਬਤ ਬਾਰੇ ਉਹ ਖੁੱਲ੍ਹ ਕੇ ਲਿਖਦੀ ਏ। 'ਔਰਤ ਦੀ ਜਾਤ ਦਾ ਭੰਵਰ' ਲੇਖ ਵਿਚ ਉਹ ਇਹ ਧਾਰਨਾ ਪੇਸ਼ ਕਰਦੀ ਏ ਕਿ ਵਿਆਹ ਉਪਰੰਤ ਔਰਤ ਨੂੰ ਆਪਣੀ ਜਾਤ ਨਹੀਂ ਬਦਲਣੀ ਚਾਹੀਦੀ। ਅਸਲ ਵਿਚ ਉਹ ਪਿਤਰੀ ਸੱਤਾ ਨੂੰ ਇਸ ਲੇਖ ਵਿਚ ਵੰਗਾਰਦੀ ਏ। ਇਸ ਮਸਲੇ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਨੇ ਕੇਵਲ ਵਿਆਹ ਉਪਰੰਤ ਜਾਤ ਨੂੰ ਕਾਇਮ ਰੱਖ ਕੇ ਔਰਤ ਦੇ ਮਸਲੇ ਹੱਲ ਨਹੀਂ ਹੋਣੇ। ਨਾਰੀ ਦੀ ਸੁਤੰਤਰਤਾ-ਬਦਲਾ ਭਾਵਨਾ ਵਰਗੇ ਮਸਲੇ ਉਹ ਨਾਰੀ ਕਹਾਣੀਆਂ ਦੇ ਹਵਾਲੇ ਨਾਲ ਕਰਦੀ ਏ। ਖ਼ੈਰ ਜੋਯਤੀ ਨੇ ਨਾਰੀ ਸੁਤੰਤਰਤਾ ਦੀ ਗੱਲ ਕੀਤੀ ਏ। ਆਪਣੇ ਅੰਦਾਜ਼ ਵਿਚ ਕੀਤੀ ਏ ਇਹ ਪੁਸਤਕ ਦੀ ਖ਼ੂਬੀ ਏ। ਉਸ ਨੇ ਭਾਰਤੀ ਨਾਰੀ ਦੇ ਪ੍ਰਸੰਗ ਵਿਚ ਆਪਣੀਆਂ ਧਾਰਨਾਵਾਂ ਪੇਸ਼ ਕੀਤੀਆਂ ਨੇ ਜੋ ਰਵਾਇਤੀ ਵੀ ਨੇ ਅਤੇ ਕੁਝ ਕੁਝ ਤਾਜ਼ੀਆਂ ਵੀ।

## ਪੌਣਾਂ ਦੀ ਸਰਗਮ.... ਜਸਪ੍ਰੀਤ





ਪ੍ਰਕ੍ਰਿਤੀ ਨੂੰ ਬਹੁਤ ਬਰੀਕੀ ਨਾਲ ਚਿੱਤਰਣ ਵਾਲੀ ਜਸਪ੍ਰੀਤ ਨੇ ਇਸ ਖ਼ੂਬਸੂਰਤ ਪੁਸਤਕ ਵਿਚ ਆਪਣੀ ਕਵਿਤਾ ਅਤੇ ਫੋਟੋਗ੍ਰਾਫੀ ਰਾਹੀ ਗਹਿਰੇ ਰੰਗ ਭਰੇ ਨੇ। ਪੁਸਤਕ ਗਲੇਜ਼ਡ ਆਰਟ ਪੇਪਰ 'ਤੇ ਰੰਗੀਨ ਤਸਵੀਰਾਂ ਸਮੇਤ ਛਾਪੀ ਗਈ ਏ। ਪੰਜਾਬੀ ਕਵਿਤਾ ਦੇ ਨਾਲ ਨਾਲ ਅੰਗਰੇਜ਼ੀ ਦਾ ਅਨੁਵਾਦ ਵੀ ਦਿੱਤਾ ਗਿਆ ਏ। ਜਸਪ੍ਰੀਤ ਪ੍ਰਕ੍ਰਿਤੀ ਨਾਲ ਪਿਆਰ ਕਰਨ ਵਾਲੀ ਲੇਖਕਾ ਏ। ਉਸ ਅਨੁਸਾਰ ਪ੍ਰਕ੍ਰਿਤੀ ਵਿਚ ਬਹੁਤ ਊਰਜਾ ਏ। ਇਸ ਦੇ ਭਿੰਨ ਭਿੰਨ ਰੰਗਾਂ ਵਿਚ ਕੁਦਰਤ ਵਸਦੀ ਏ। ਸੂਰਜ ਅਤੇ ਧਰਤੀ



ਫੁੱਲਾਂ ਵਿਚ ਅਨੇਕ ਤਰ੍ਹਾਂ ਦੇ ਰੰਗ ਤੇ ਮਹਿਕਾ ਭਰਦਾ ਏ। ਜਿਹੜੀ ਆਪਣੇ ਆਪ ਵਿਚ ਕਵਿਤਾ ਹੋ ਜਾਂਦੀ ਏ। ਜਸਪ੍ਰੀਤ ਦੀ ਪੁਸਤਕ ਵਿਚ ਕਮਾਲ ਦੀ ਫੋਟੋਗ੍ਰਾਫੀ ਵੇਖਣ ਅਤੇ ਮਹਿਸੂਸ ਕਰਨ ਨੂੰ ਮਿਲਦੀ ਏ।

ਬਿਰਖ, ਬੂਟੇ, ਨਦੀਆਂ, ਝਰਨੇ, ਸੂਰਜ, ਚੰਨ, ਤਾਰੇ, ਫੁੱਲਾਂ ਦੇ ਤਰ੍ਹਾਂ ਤਰ੍ਹਾਂ ਦੇ ਰੰਗ ਉਸ ਦੀ ਕਵਿਤਾ ਦਾ ਮੂਲ ਸਰੋਤ ਨੇ। ਕਵਿਤਾ ਕਹਿੰਦੀ ਉਹ ਕੁਦਰਤ ਦੇ ਬਹੁਤ ਨੇੜੇ ਆਪਣੀ ਕਲਮ ਅਤੇ ਕੈਮਰਾ ਲੈ ਕੇ ਚਲੇ ਜਾਂਦੀ ਏ। ਉਸ ਦਾ ਮੰਨਣਾ ਏ ਕਿ ਕੁਦਰਤ ਇਨਸਾਨ ਅੰਦਰ ਮੋਹ, ਮਮਤਾ, ਪਿਆਰ ਤੇ ਮੁਹੱਬਤ ਦੇ ਬੀਜ਼, ਬੀਜ਼ ਦਿੰਦੀ ਏ। ਕਵਿਤਾ ਵਿਚ ਉਹ ਸੁਪਨਿਆਂ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਏ। ਚੜ੍ਹਦੇ ਸੂਰਜ ਨਾਲ ਪ੍ਰਕ੍ਰਿਤੀ ਜਿਹੜੇ ਰੰਗ ਵਿਚ ਰੰਗੀ ਜਾਂਦੀ ਏ ਉਹ ਜਸਪ੍ਰੀਤ ਦੀ ਕਵਿਤਾ ਹੋ ਨਿਬੜਦੀ ਏ। ਜਸਪ੍ਰੀਤ ਦੀ ਪੁਸਤਕ ਵਿਚ ਕੀਤੀ ਫੋਟੋਗ੍ਰਾਫੀ ਮਹਿਸੂਸ ਕਰਨ ਵਾਲੀ ਏ, ਆਪਣੇ ਅੰਦਰ ਜਜ਼ਬ ਕਰਨ ਵਾਲੀ ਏ। ਉਸ ਦੀ ਕਵਿਤਾ ਕੁਦਰਤ ਨਾਲ ਸੰਵਾਦ ਰਚਾਉਣ ਵਾਲੀ ਏ। ਪੁਸਤਕ ਵਿਚ ਜਸਪ੍ਰੀਤ ਦੀ ਕਵਿਤਾ ਦਾ ਅੰਗਰੇਜ਼ੀ ਵਿਚ ਅਨੁਵਾਦ ਡਾ. ਜਗਤਾਰ ਧੀਮਾਨ ਨੇ ਕੀਤਾ ਏ। ਐਨੀ ਖ਼ੂਬਸੂਰਤ ਕਿਤਾਬ ਪਾਠਕਾਂ ਨੂੰ ਦੇਣ ਲਈ ਜਸਪ੍ਰੀਤ ਨੂੰ ਵਧਾਈ।


## ਕਿਸਾਨੀ ਸੰਕਟ : ਪਰਤ ਦਰ ਪਰਤ





'ਕਿਸਾਨੀ ਸੰਕਟ' ਸਮਕਾਲ ਦਾ ਭਖਵਾ ਮੁੱਦਾ ਏ। ਇਸ ਸੰਕਟ ਨਾਲ ਉੱਤਰੀ ਭਾਰਤ ਦੀ ਅਰਥ ਵਿਵਸਥਾ ਹੀ ਨਹੀਂ ਜੁੜੀ ਹੋਈ ਸਗੋਂ ਪੂਰੇ ਵਿਸ਼ਵ ਦੀ ਅਰਥ ਵਿਵਸਥਾ ਜੁੜੀ ਹੋਈ ਏ। ਕਿਉਂਕਿ ਕਿਸਾਨੀ ਸੰਕਟ ਦੀਆਂ ਜੜ੍ਹਾਂ ਪੂਰੇ ਵਿਸ਼ਵ ਵਿਚ ਫੈਲੀਆਂ ਹੋਈਆਂ ਨੇ। ਕਿਤਾਬ ਦੇ ਸੰਪਾਦਕ ਨੇ ਪਿਛਲੇ ਸਮੇਂ ਪ੍ਰਮੁੱਖ ਵਿਦਵਾਨਾ ਵਲੋਂ ਇਸ ਸੰਕਟ ਸਬੰਧੀ ਲਿਖੇ ਵੱਖ-ਵੱਖ ਲੇਖਾਂ ਨੂੰ ਇਸ ਪੁਸਤਕ ਵਿਚ ਸੰਪਾਦਕ ਕਰਕੇ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਏ। ਇਸ ਪੁਸਤਕ ਰਾਹੀਂ ਅਸੀਂ ਕਿਸਾਨੀ ਸੰਕਟ ਦੀਆਂ ਵਿਭਿੰਨ ਪਰਤਾਂ ਨੂੰ ਸਮਝ ਕੇ ਚਿੰਤਨ ਮੰਥਨ ਕਰ ਸਕਦੇ ਹਾਂ। ਪੁਸਤਕ ਵਿਚ ਸ਼ਾਮਿਲ 40 ਦੇ ਕਰੀਬ ਲੇਖਾਂ ਵਿਚ ਵਿਦਵਾਨਾਂ ਨੇ ਕਿਸਾਨੀ ਸੰਕਟ ਦੇ ਅਤੀਤ, ਵਰਤਮਾਨ ਅਤੇ ਭਵਿੱਖ ਵਿਚ ਉਤਪਨ ਹੋਣ ਵਾਲੇ ਇਤਿਹਾਸਕ ਅਤੇ ਸੱਭਿਆਚਾਰਕ ਮੁੱਦਿਆ ਨੂੰ ਉਭਾਰਿਆ ਏ।

ਗੁਰਦੇਵ ਸਿੱਧੂ, ਚਰੰਜੀ ਲਾਲ ਤੇ ਹੋਰਨਾ ਨੇ ਕਿਸਾਨ ਅੰਦੋਲਨ ਦੀ ਵਿਰਾਸਤ ਦੀ ਗੱਲ ਕੀਤੀ ਏ। ਉਪਰੰਤ ਖੇਤੀ ਅੰਦੋਲਨ ਦੇ ਸਮਕਾਲ ਦੇ ਵਰਤਾਰੇ ਨੂੰ ਸਮਝਣ ਲਈ ਸੁੱਚ ਸਿੰਘ ਗਿੱਲ, ਅਨੁਪਮਾ, ਡਾ. ਸੁਖਪਾਲ ਸਿੰਘ, ਸਵਰਾਜਬੀਰ, ਭੰਡਾਲ, ਪੀ. ਸਾਈਨਾਥ ਆਦਿ ਵਿਦਵਾਨਾਂ ਦੇ ਲੇਖ ਸਹਾਇਕ ਹੁੰਦੇ ਨੇ। ਅੰਤ ਵਿਚ ਕਿਸਾਨ ਅੰਦੋਲਨ ਨਾਲ ਜਿਹੜਾ ਉੱਤਰੀ ਭਾਰਤ ਦਾ ਨਵਾਂ ਸਭਿਆਚਾਰ ਉਸਰ ਰਿਹਾ ਏ। ਉਸ ਦੀ ਪਰਖ ਪੜਚੋਲ ਤਸਕੀਨ, ਜਗਵਿੰਦਰ ਜੋਧਾ ਤੇ ਰਾਜਿੰਦਰ ਪਾਲ ਬਰਾੜ ਆਦਿ ਨੇ ਕੀਤੀ ਏ। ਭਵਿੱਖ ਵਿਚ ਇਹ ਕਿਤਾਬ ਇਤਿਹਾਸਕ ਦਸਤਾਵੇਜ਼ ਦੇ ਤੌਰ ਤੇ ਪੜ੍ਹੀ ਤੇ ਵਾਚੀ ਜਾਵੇਗੀ। ਤਕਰੀਬਨ ਸਾਰੇ ਵਿਦਵਾਨਾਂ ਨੇ ਆਪਣੇ ਲੇਖਾਂ ਵਿਚ ਕਿਸਾਨੀ ਅਤੇ ਉਸ ਨਾਲ ਜੁੜੇ ਖੇਤ ਮਜ਼ਦੂਰ, ਕਾਮੇ ਅਤੇ ਹੋਰ ਵਰਗਾਂ ਦੇ ਹਿੱਤਾ ਦੀ ਗੱਲ ਕਰਦਿਆਂ ਹਕੂਮਤ ਤੇ ਸੱਤਾਂ ਨੂੰ ਤਿੱਖੇ ਸਵਾਲਾਂ ਦੇ ਘੇਰੇ ਵਿਚ ਲਿਆਂਦਾ ਏ। ਕਿਤਾਬ ਸਮਕਾਲ ਦੇ ਕਿਸਾਨੀ ਸੰਕਟ ਨੂੰ ਸਮਝਣ ਲਈ ਬੜੀ ਮਹੱਤਪੂਰਨ ਏ। ਕਿਤਾਬ ਨੂੰ ਸੰਪਾਦਤ ਸਟਾਲਿਨਜੀਤ ਸਿੰਘ ਬਰਾੜ ਨੇ ਕੀਤਾ ਏ। *********

## ਪਰਵਾਜ਼ ਪ੍ਰਕਾਸ਼ਨ ਦੀਆਂ ਛਪੀਆਂ ਨਵੀਆਂ ਪੁਸਤਕਾਂ




ਖੌਫ਼ਨਾਕ ਪੈਂਡੇ
(ਯਾਤਰਾ ਬਿਰਤਾਂਤ)
ਨਰਿੰਦਰ ਕੌਰ ਭੱਚੂ
ਮੁੱਲ 200/-




ਵਾਰਿਸ
(ਨਾਵਲ)
ਰਜਿੰਦਰ ਸਿੰਘ ਢੱਡਾ
ਮੁੱਲ 200/-




ਜਦੋਂ ਤੂੰ ਚੁੱਪ ਸੀ
(ਕਵਿਤਾਵਾਂ)
ਮਨਦੀਪ ਰਿਮੀ
ਮੁੱਲ 200/-





ਇੱਕੀਵੀਂ ਸਦੀ ਦੇ ਪੰਜਾਬੀ
ਨਾਵਲ ਵਿੱਚ ਨਾਰੀ ਸਰੋਕਾਰ
(ਆਲੋਚਨਾ)
ਰਮਨੀਤ ਕੌਰ
ਮੁੱਲ 200/-


ਪਰਵਾਜ਼ ਪ੍ਰਕਾਸ਼ਨ
ਪਤਾ ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-144026
ਫੋਨ 94170-64350

Parwaz Parkashan
E.mail:parwazparkashan@gmail.com
Mob. 94170-64350



Year: 16 Issue No. 61 ISSN: 2321-4445
'KAHANI DHARA'(PUNJABI QUARTERLY) April-June., 2021 R.N.I. Regd No. PUN PUN 2006 / 19971


## ਆਪਣੇ ਆਪਣੇ ਮਰਸੀਏ

### (ਕਹਾਣੀ ਸੰਗ੍ਰਹਿ)

ਸਰਘੀ ਨੇ ਆਪਣੇ ਏਸ ਕਹਾਣੀ ਸੰਗ੍ਰਹਿ ਵਿਚ ਸ਼ਾਮਿਲ 9 ਕਹਾਣੀਆਂ ਰਾਹੀਂ 21 ਵੀਂ ਸਦੀ ਦੀ ਓਸ ਨਾਰੀ ਨੂੰ ਪੇਸ਼ ਕੀਤਾ ਹੈ, ਜਿਹੜੀ ਨਾਰੀ 'ਨਿੱਜੀ ਜਾਇਦਾਦ' ਦੀ ਜਕੜ ਤੋਂ ਨਾਬਰੀ ਦੀ ਸੁਰ ਰੱਖਦੀ ਹੈ। 'ਰਾਡ' ਕਹਾਣੀ ਵਿਚ ਉਸ ਨੇ ਔਰਤ ਦੀ ਓਸ ਮਨੋਦਿਸ਼ਾ ਨੂੰ ਬਿਆਨ ਕੀਤਾ ਹੈ, ਜਿਹੜੀ ਮਨੋਦਿਸ਼ਾ ਮੀਡੀਆ ਘੜਦਾ ਹੈ। ਜੋ ਉਸ ਨੂੰ ਮਨੋਰੋਗੀ ਬਣਾ ਦਿੰਦਾ ਹੈ। ਸਰਘੀ 'ਆਪਣੇ ਆਪਣੇ ਮਰਸੀਏ' ਅਤੇ 'ਹੋਲੀਡੇ ਵਾਈਫ' ਕਹਾਣੀਆਂ 'ਚ ਔਰਤ ਦੇ ਸ਼ੋਸ਼ਣ ਦੀਆਂ ਵੱਖ-ਵੱਖ ਪਰਤਾਂ ਨਿੱਕੀਆਂ-ਨਿੱਕੀਆਂ ਛੋਹਾਂ ਨਾਲ ਬਿਆਨ ਕਰਦੀ ਹੈ। ਉਸ ਕੋਲ ਸਮਾਜ ਨੂੰ ਸਮਝਣ ਦਾ ਅਤੇ ਫਿਰ ਕਹਾਣੀ ਕਲਾ ਰਾਹੀਂ ਪੇਸ਼ ਕਰਨ ਦਾ ਵਿਸ਼ਾਲ ਅਨੁਭਵ ਹੈ। ਕਹਾਣੀ ਵਿਚ ਵਰਤੇ ਚਿਹਨ ਅਤੇ ਭਾਸ਼ਾ ਕਹਾਣੀ ਨੂੰ ਗਹਿਰੇ ਅਰਥ ਪ੍ਰਦਾਨ ਕਰਦੇ ਹਨ। 'ਬਰਸੇ ਮੇਘ' ਜਿੱਥੇ ਔਰਤ 'ਹਾਣੀ ਅੰਬਰ' ਲਈ ਤਾਂਘਦੀ ਹੈ, ਉੱਥੇ ਇਹ ਸੁਰ ਵੀ ਬੁਲੰਦ ਕਰਦੀ ਦਿਖਾਈ ਦੇਂਦੀ ਹੈ ਕਿ ਔਰਤ ਕੋਈ ਸ਼ੈਅ ਨਹੀਂ ਹੁੰਦੀ। 'ਰਾਬਾਬੀ' ਕਹਾਣੀ ਅਕਾਦਮਿਕ, ਰਾਜਨੀਤਿਕ, ਧਾਰਮਿਕ ਵਰਤਾਰਿਆਂ ਦੀ ਨੇਰ ਗਰਦੀ ਨੂੰ ਯਥਾਰਥਕ ਢੰਗ ਨਾਲ ਪੇਸ਼ ਕਰਦੀ ਹੈ। ਮਰਦਾਨੇ ਦੀ ਜਾਤੀ ਵਾਲਾ ਗਿਆਨਵਾਨ ਅਧਿਆਪਕ ਪਾਤਰ ਪੈਰ-ਪੈਰ 'ਤੇ ਪੀੜਤ ਤੇ ਜ਼ਲੀਲ ਹੁੰਦਾ ਹੈ। 'ਹੋਟਡ ਹਾਊਸ', 'ਕੁੜੀਆਂ', 'ਜਿਸ ਦਿਹਾੜੇ ਮੇਰਾ ਹਰਿਆ ਨੀ...', 'ਸਭੁ ਦੇਸ ਪਰਾਇਆ' ਅਜੋਕੀ ਜ਼ਿੰਦਗੀ ਦੇ ਵਿਭਿੰਨ ਰੰਗਾਂ ਨੂੰ ਪਕੜਣ ਦੀ ਸਮਰੱਥਾ ਰੱਖਦੀਆਂ ਹਨ। ਪੰਜਾਬੀ ਕਹਾਣੀ ਵਿਚ 'ਆਪਣੇ ਆਪਣੇ ਮਰਸੀਏ' ਦਾ ਸਵਾਗਤ ਹੈ।

**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**

***ਮੁੱਲ: 200 , ਪੰਨੇ:120, ਸਾਲ: 2020***